ਸਿਰਫ਼ ਇਕ ਕਹਾਣੀ ਦੇ ਬਾਰੇ ਲੋਕ ਕੀ ਕਹਿ ਰਹੇ ਹਨ

''ਸਿਰਫ਼ ਇਕ ਕਹਾਣੀ ਬਹੁਤ ਹੀ ਪ੍ਰਭਾਵਸ਼ਾਲੀ ਹੈ ਕਿਉਂਕਿ ਇਸ ਸਾਨੂੰ ਕਹਾਣੀ ਮਹਿਸੂਸ ਕਰਨ ਵਿਚ ਸਹਾਇਤਾ ਕਰਦੀ ਹੈ| ਬਾਈਬਲ ਚੇਤਨਾਪੂਰਨ ਹੁੰਦੇ ਹਨ ਅਤੇ ਹਰੇਕ ਖ਼ਜਾਨਾ ਜੋ ਤੁਸੀਂ ਲੱਭਦੇ ਹੋ ਨਵਾਂ ਅਤੇ ਜਬਰਦਸਤ ਹੁੰਦਾ ਹੈ| ਕਈ ਸਥਾਨਾਂ ਉੱਤੇ ਇਸ ਨੂੰ ਇਸਤੇਮਾਲ ਕਰਨਾ ਮੇਰੇ ਲਈ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਅਤੇ ਇਸ ਦਾ ਪ੍ਰਤੀਉੱਤਰ ਹਮੇਸ਼ਾ ਬਹੁਤ ਹੀ ਆਸ਼ਵਾਦੀ ਰਿਹਾ ਹੈ|"

ਬਾਬੂ ਗੰਟਾ - ਸੰਚਾਰ ਅਧਿਕਾਰੀ, ਬਾਈਬਲ ਸੋਸਾਇਟੀ, ਗਲਫ਼

''30 ਸਾਲਾਂ ਤੋਂ ਮੈਂ ਸੰਸਾਰ ਵਿਚ ਹਾਂ, ਅਤੇ ਮੇਰਾ ਟੀਚਾ ਹਮੇਸ਼ਾ ਹੀ ਸੇਵਾ ਨੂੰ 'ਵਧਾਉਣ' ਦਾ ਰਿਹਾ ਹੈ| ਇਹ ਸੇਵਾ ਵਧਾਉਣ ਦੀ ਸੰਤੁਸ਼ਟੀ ਇਕਦਮ ਹੀ ਇਕ 79 ਸਾਲ ਦੇ ਚੀਨੀ ਬਜੁਰਗ ਕੋਲੋਂ ਆਈ ਜੋ ਕਨੇਡਾ ਵਿਚ ਰਹਿਣ ਲਈ ਚਲਿਆ ਗਿਆ ਹੈ| ਉਸ ਨੇ ਕਿਹਾ:

> ਕਾਸ਼ ਕਿ ਇਹ ਸਿਰਫ ਇਕ ਕਹਾਣੀ (STS) 40 ਸਾਲ ਪਹਿਲਾਂ ਹੁੰਦੀ| ਸਾਡਾ ਮਸੀਹੀ ਜੀਵਨ ਵਿਚ ਬਾਈਬਲ ਉੱਤੇ ਵਿਚਾਰ-ਵਟਾਂਦਰਾ ਕਰਦੇ ਹੋਏ ਪਾਲਨ ਪੋਸ਼ਨ ਨਹੀਂ ਹੋਇਆ| ਹੁਣ, ਬਾਈਬਲ ਮੇਰੇ ਲਈ ਇਕ ਨਵੀਂ ਪੁਸਤਕ ਦੇ ਸਮਾਨ ਹੈ|

'' ਸੇਵਾ ਵਿਚ 'ਪਰਮੇਸ਼ਰ ਦੇ ਵਚਨ ਨੂੰ ਸਹੀ ਤਰੀਕੇ ਨਾਲ ਇਸਤੇਮਾਲ ਕਰਨ ਦੀ' ਰਹੇਕ ਮਸੀਹੀ ਲਈ ਇਕ ਕਮੀਂ ਜਿਹੀ ਰਹੀ ਹੈ, ਇਹ ਸਿਰਫ਼ ਦੇਖਾ ਦੇਖੀ ਹੀ ਹੋ ਰਹੀ ਹੈ| ਸਿਰਫ ਇਕ ਕਹਾਣੀ (STS) ਮਹਾਨ ਆਦੇਸ਼ ਨੂੰ ਪੂਰਾ ਕਰਨ ਲਈ ਇਕ ਮਹੱਤਵਪੂਰਨ ਆਗੂ ਹੈ|"

ਜਿਮ ਥਰਬਰ - ਸੈਮਨਰੀ ਲੈਕਚਰਾਰ/ਮਿਸ਼ਨ ਟ੍ਰੇਨਰ, ਗਲੋਬਲ

''ਸਿਰਫ ਇਕ ਕਹਾਣੀ (STS) ਦੀ ਟ੍ਰੇਨਿੰਗ ਕੁਝ ਸਾਲ ਪਹਿਲਾਂ ਹੀ ਮੇਰੇ ਜੀਵਨ ਵਿਚ ਆਈ ਅਤੇ ਅਸਲ ਸ਼ਬਦਾਂ ਵਿਚ ਹੀ ਇਸ ਨੇ ਮੇਰੀ ਪ੍ਰਾਰਥਨਾ ਦਾ ਉੱਤਰ ਦਿੱਤਾ| ਮੈਂ ਕਈ ਮਹਾਂਦੀਪਾਂ ਵਿਚ ਮਿਸ਼ਨਰੀ ਦੇ ਤੌਰ 'ਤੇ 35 ਸਾਲ ਤੋਂ ਸੰਸਾਰ ਦੇ ਤਿੰਨ ਮੁੱਖ ਗੈਰ ਮਸੀਹੀ ਧਾਰਮਿਕ ਗਰੁੱਪਾਂ ਵਿਚ ਸੇਵਾ ਕਰਦਾ ਆ ਰਿਹਾ ਹਾਂ, ਪਰ ਆਪਣੇ ਵਿਸ਼ਵਾਸ ਨੂੰ ਕੁਦਰਤੀ ਤੌਰ 'ਤੇ ਜਿਸ ਤਰੀਕੇ ਨਾਲ ਪਰਮੇਸ਼ਰ ਨੇ ਮੇਰੇ ਵਿਚ ਫਿੱਟ ਕੀਤਾ ਸੀ ਦੱਸਣ ਤੋਂ ਮੈਂ ਹਮੇਸ਼ਾ ਹੀ ਸੰਘਰਸ਼ ਕਰਦਾ ਆ ਰਿਹਾ ਸੀ|

''ਇਸ ਟ੍ਰੇਨਿੰਗ ਨੇ ਸੱਚਮੁੱਚ ਹੀ ਮੇਰੇ ਜੀਵਨ ਨੂੰ ਬਦਲ ਦਿੱਤਾ ਹੈ ਅਤੇ ਖੁਸ਼ਖ਼ਬਰੀ ਦੇ ਪ੍ਰਚਾਰ ਅਤੇ ਨਾ ਸਿਰਫ਼ ਮੇਰੇ ਲਈ ਸੁਖਾਲਾ ਹੀ ਬਣਾਇਆ ਹੈ ਪਰ ਹੁਣ ਇਹ ਮੇਰੇ ਲਈ ਅਨੰਦ ਬਣ ਗਿਆ ਹੈ! ਹੁਣ ਇਹ 'ਸੌਖਾ' ਅਤੇ ਪਰਮੇਸ਼ਰ ਦੇ ਆਤਮਾ ਨਾਲ ਅਨੰਦਮਈ ਹੋ ਗਿਆ ਹੈ ਅਤੇ ਲਗਾਤਾਰ ਉਸ ਦੇ ਵਚਨ ਨੂੰ ਵੇਖਣਾ ਕਿ ਕਿਸ ਤਰ੍ਹਾਂ ਇਹ ਲੋਕਾਂ ਦੇ ਜੀਵਨਾਂ ਦੀ ਗਹਿਰਾਈ ਤਕ ਜਾਂਦਾ ਹੈ|

ਹੁਣ ਮੈਂ ਚੰਗੀ ਤਰ੍ਹਾਂ ਸੇਵਾ ਵਿਚ ਅਨੰਦ ਮਾਣ ਰਿਹਾ ਹਾਂ ਅਤੇ ਸੇਵਾ ਵਿਚ ਫਲ ਵੇਖ ਰਿਹਾ ਹਾਂ ਜੋ ਪਹਿਲਾਂ ਕਦੀ ਨਹੀਂ ਵੇਖੇ ਸਨ|

ਬ੍ਰੇਨ ਥੋਂਪਸਨ - ਚਰਚ ਪਲਾਂਟਰ/ਮਿਸ਼ਨਰੀ/ਕਥਾਵਾਚਕ/ਸਟੋਰੀ4ਆੱਲ ਨਾਲ ਪੋਡਕਾਸਟਰ, ਯੂ ਕੇ

''ਇਹ 'ਮੌਖਕ ਪ੍ਰੇਰਕ ਬਾਈਬਲ ਅਧਿਐਨ' ਹਰੇਕ ਬਾਈਬਲ ਸਕੂਲ ਅਤੇ ਮਸੀਹੀ ਸੰਸਥਾ ਵਿਚ ਜ਼ਰੂਰੀ ਵਿਸ਼ਾ ਹੋਣਾ ਚਾਹੀਦਾ ਹੈ! ਸਿਰਫ਼ ਇਕ ਕਹਾਣੀ (STS) ਇਕ ਜਬਰਦਸਤ ਸਾਧਨ ਹੈ ਜੋ ਕਿ ਕਿਸੇ ਵੀ ਮਸੀਹੀ ਨੂੰ ਪ੍ਰਭਾਵਸ਼ਾਲੀ ਖੁਸ਼ਖ਼ਬਰੀ ਪ੍ਰਚਾਰਕ ਬਣਾ ਸਕਦਾ ਹੈ|"

ਰੇਗਿਨਾ ਮਾਨਲੇ - ਮੌਖਕ ਸੰਚਾਰ ਮਾਹਿਰ, ਮਿਸ਼ਨ ਏਵਿਏਸ਼ਨ ਫੈਲੋਸ਼ਿਪ, ਗਲੋਬਲ

''ਸਿਰਫ਼ ਇਕ ਕਹਾਣੀ(STS) ਸਾਡੇ ਲਈ ਪ੍ਰਚਾਰ ਕਰਨ ਦਾ ਇਕ ਬਹੁਤ ਚੰਗਾ ਤਰੀਕਾ ਸਾਬਿਤ ਹੋ ਰਿਹਾ ਹੈ, ਜਦ ਤੋਂ ਅਸੀਂ ਸਾਡੀ ਪਹਿਲੀ ਟ੍ਰੇਨਿੰਗ ਪ੍ਰਾਪਤ ਕੀਤੀ ਹੈ| ਇਸ ਤਰੀਕੇ ਨੇ ਸਾਨੂੰ ਚੇਲੇ ਬਣਾਉਣ ਵਿਚ ਚੰਗੀ ਸਹਾਇਤਾ ਕੀਤੀ ਹੈ ਅਤੇ ਪਰਮੇਸ਼ਰ ਦੇ ਵਚਨ ਦੇ ਖ਼ਜਾਨੇ ਦੀ ਨਵੀਂ ਇੱਛਾ ਨੂੰ ਸਾਡੇ ਵਿਚ ਫਿਰ ਤੋਂ ਅਰੰਭ ਕੀਤਾ ਹੈ| ਅਸੀਂ ਬਾਈਬਲ ਦੀਆਂ ਕਹਾਣੀਆਂ ਨੂੰ ਸਿੱਖਿਆ ਅਤੇ ਆਪਣੇ ਹਿਰਦੇ ਵਿਚ ਉਨ੍ਹਾਂ ਨੂੰ ਰੱਖਿਆ| ਸਿਰਫ਼ ਇਕ ਕਹਾਣੀ(STS) ਦੀ ਖੋਜ ਲਈ ਇਸ ਹਸਤ ਪੁਸਤਕ ਨੂੰ ਪੜ੍ਹੋ ਅਤੇ ਅਭਿਆਸਕਾਰ ਬਣਨ ਲਈ ਤਿਆਰ ਹੋ ਜਾਓ| ਪ੍ਰਭੂ ਦੇ ਨਾਲ ਤੁਹਾਡੀ ਆਤਮਿਕ ਯਾਤਰਾ ਫਿਰ ਕਦੀ ਵੀ ਉਸੇ ਹੀ ਤਰ੍ਹਾਂ ਦੀ ਨਾ ਹੋਵੇਗੀ|"

ਰੇਵ. ਅਪੋਲੋਸ ਦਜੀਬੋ - ਡਾਇਰੈਕਟਰ ਫੁਫੁਲਡੇ ਮਨਿਸਟਰੀਜ਼ ਟ੍ਰੇਨਿੰਗ ਸੈਂਟਰ, ਨਿਗੇਰ

''ਸਿਰਫ਼ ਇਕ ਕਹਾਣੀ(STS) ਦੀ ਇਕ ਮਹੱਤਵਪੂਰਨ ਤਾਕਤ ਇਹ ਹੈ ਕਿ ਇਹ ਕਥਾ ਵਾਚਕ ਦੇ ਆਪਣੇ ਸ਼ਬਦਾਂ ਉੱਤੇ ਕਹਾਣੀ ਸੁਣਾਉਣਾ ਨਿਰਭਰ ਕਰਦਾ ਹੈ, ਪਰ ਇਸ ਵਿਚ ਇਕ ਵੱਡੀ ਚੌਕਸੀ ਵੀ ਹੈ ਕਿ ਬਾਈਬਲ ਅੰਸ਼ ਵਿਚ ਨਾ ਕੁਝ ਜੋੜਿਆ ਜਾਵੇ ਅਤੇ ਨਾ ਘਟਾਇਆ ਜਾਵੇ| ਇਕ ਹੋਰ ਮੁੱਖ ਗੱਲ ਇਹ ਹੈ ਕਿ ਕਹਾਣੀ ਪ੍ਰਸ਼ਨਾਂ ਵਿਚ ਸਹਾਇਤਾ ਕਰਦੀ ਹੈ ਕਿ ਪਵਿੱਤਰ ਆਤਮਾ ਵਿਦਿਆਰਥੀਆਂ ਉੱਤੇ ਕਹਾਣੀ ਦੇ ਖ਼ਜਾਨੇ ਅਤੇ ਉਨ੍ਹਾਂ ਦੇ ਆਤਮਿਕ ਪ੍ਰਯੋਗ ਪ੍ਰਗਟ ਕਰੇ| ਵਿਦਿਆਰਥੀਆਂ ਲਈ ਇਹ ਤਰੀਕਾ ਬਹੁਤ ਹੀ ਉਤਸ਼ਾਹਜਨਕ ਹੈ ਅਤੇ ਅਸੀਂ ਉਨ੍ਹਾਂ ਨੂੰ ਮਹਿਸੂਸ ਕਰਾਇਏ ਕਿ ਉਹ ਵੀ ਪਰਮੇਸ਼ਰ ਦੇ ਵਚਨ ਨੂੰ ਦੂਜਿਆਂ ਤਕ ਸਹੀ ਸਹੀ ਪਹੁੰਚਾ ਸਕਦੇ ਹਨ ਅਤੇ ਉਸ ਤਰੀਕੇ ਨਾਲ ਜਿਸ ਵਿਚ ਪਰਮੇਸ਼ਰ ਨੂੰ ਵਡਿਆਈ ਮਿਲੇ| ''ਹੁਣ ਮੌਖਕ ਸਕੂਲ ਦਾ ਕ੍ਰਾਂਤੀਕਾਰੀ ਵਿਚਾਰ ਸਾਰੇ ਸੰਸਾਰ ਦੀ ਕਲੀਸੀਆਂ ਆਗੂਆਂ ਵਿਚ ਬੜੀ ਤੇਜੀ ਨਾਲ ਫੈਲ ਰਿਹਾ ਹੈ|"

ਮਾਇਕ ਹੋਲਮਨ - ਏਮ ਏ ਏਫ ਲਰਨਿੰਗ ਟੈਕਨੋਲੋਜੀਸ, ਗਲੋਬਲ

''ਮੈਂ ਇਕ ਲੋਕ ਪੱਤਰਕਾਰ ਦੀ ਤੌਰ 'ਤੇ ਕੰਮ ਕਰ ਰਿਹਾ ਹਾਂ| ਕਰਨਾਟਕ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਆਗੂ ਤਿਆਰ ਕਰਨ ਲਈ ਮੈਂ STS ਅਤੇ STS ਦੀ ਟੀਮ ਦਾ ਹਿੱਸਾ ਹੋਣ ਲਈ ਪਰਮੇਸ਼ਰ ਦਾ ਧੰਨਵਾਦ ਕਰਦਾ ਹਾਂ| STS ਦੇ ਤਰੀਕੇ ਰਾਹੀਂ ਪਰਮੇਸ਼ਰ ਦਾ ਸਿੱਖਣ ਲਈ ਮੈਨੂੰ

ਅਤੇ ਮੇਰੇ ਪਰਿਵਾਰ ਨੂੰ ਬਹੁਤ ਸਹਾਇਤਾ ਮਿਲੀ ਕਿ ਮੈਂ ਪਰਮੇਸ਼ਰ ਦੇ ਵਚਨ (ਕਹਾਣੀ) ਨੂੰ ਆਪਣੇ ਹਿਰਦੇ ਵਿਚ ਰੱਖਾਂ ਅਤੇ ਜਿਥੇ ਵੀ ਮੈਂ ਜਾਵਾਂ ਲੋਕਾਂ ਦਾ ਵਿਅਕਤੀ ਹੋਣ ਦੇ ਨਾਤੇ ਮੈਂ ਵਚਨ (ਕਹਾਣੀ) ਸੁਣਾਵਾਂ|"

ਏਮ. ਕ੍ਰਿਸ਼ਨਾ, ਏਮ. ਏ. - ਸਿਨੀਅਰ ਪੱਤਰਕਾਰ, ਪਾਲ ਵੋਅਸ ਪਬਲੀਸ਼ਰ, ਵੀ ਜੇ ਪੁਰ, ਕਰਨਾਟਕ, ਇੰਡੀਆ.

''ਮੈਂ ਥਾਈ ਲੋਕਾਂ ਵਿਚਕਾਰ 30 ਸਾਲ ਤੋਂ ਜ਼ਿਆਦਾ ਸਮੇਂ ਤੋਂ ਕੰਮ ਕਰ ਰਿਹਾ ਹਾਂ| ਜਦ ਮੈਂ STS ਨੂੰ ਵੇਖਿਆ ਮੈਂ ਮਹਿਸੂਸ ਕੀਤਾ ਕਿ ਇਹੀ ਉਹ ਤਰੀਕਾ ਸੀ ਜੋ ਸਹੀ ਮੌਖਕ ਤਰੀਕੇ ਨਾਲ ਕੁਦਰਤੀ ਤੌਰ 'ਤੇ ਬੁੱਧ ਧਰਮ ਦੇ ਦੇਸ਼ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ|

''ਇਸ ਦੇਸ਼ ਵਿਚ ਕਲੀਸੀਆ ਤਿਆਰ ਕਰਨ ਦੀ ਬਹੁਤ ਸਖ਼ਤ ਜ਼ਰੂਰਤ ਹੈ, ਇਸ ਦਾ ਅਰਥ ਹੈ ਕਿ ਤੁਰੰਤ ਲਾਗੂ ਹੋਣਵਾਲਾ ਤਰੀਕਾ ਹੋਣਾ ਚਾਹੀਦਾ ਹੈ ਜੋ ਸੰਸਕਰਿਤਕ ਰੂਪ ਵਿਚ ਬਾਈਬਲ ਦੀ ਸਚਿਆਈਆਂ ਨੂੰ ਸਹੀ ਸਹੀ ਦੱਸ ਸਕੇ| ਏਸ਼ੀਆ ਦੇ ਕਈ ਦੇਸ਼ਾਂ ਵਿਚ ਅਤੇ ਥਾਈਲੈਂਡ ਦੇ ਹਰੇਕ ਖੇਤਰ ਵਿਚ STS ਸਿਖਾਉਣ ਤੋਂ ਬਾਦ, ਮੈਂ ਵੇਖਿਆ ਕਿ ਪੇਂਡੂ ਸਮਾਜ ਅਤੇ ਸ਼ਹਿਰੀ ਲੋਕਾਂ ਵਿਚ ਸਮਾਨਅੰਤਰ ਰੂਪ ਵਿਚ ਇਹ ਤਰੀਕਾ ਕਿੰਨਾਂ ਸੌਖਾ ਹੈ|

ਲੈਰੀ ਡਿੰਕਿੰਸ, ਏਮ.ਟੀਏਚ., ਪੀ.ਏਚਡੀ. - ਬਾਈਬਲ ਟੀਚਰ, ਓ ਏਮ ਏਫ ਥਾਈਲੈਂਡ

''ਸਾਡੇ ਕੋਲ 60 ਯਤੀਮ ਬੱਚੇ ਹਨ| ਉਨ੍ਹਾਂ ਨੂੰ ਕਾਬੂ ਕਰਨ ਵਿਚ ਸਾਨੂੰ ਹਰ ਦਿਨ ਪਰੇਸ਼ਾਨੀ ਹੁੰਦੀ ਸੀ ਕਿਉਂਕਿ ਹਰ ਬੱਚਾ ਵੱਖਰੇ ਪਰਿਵਾਰ ਅਤੇ ਵੱਖਰੇ ਸਥਾਨ ਤੋਂ ਆਇਆ ਸੀ| STS ਦੇ ਤਰੀਕੇ ਨੇ ਉਨ੍ਹਾਂ ਪਰਮੇਸ਼ਰ ਦਾ ਵਚਨ ਸਿਖਾਉਣ ਵਿਚ ਸਹਾਇਤਾ ਕੀਤੀ ਅਤੇ ਹੁਣ ਸਾਡੇ ਬੱਚੇ ਪੜ੍ਹਾਈ ਵਿਚ ਬਹੁਤ ਅੱਛੇ ਹਨ ਅਤੇ ਆਤਮਿਕ ਤੌਰ 'ਤੇ ਤਰੱਕੀ ਕਰ ਰਹੇ ਹਨ ਅਤੇ ਪਰਮੇਸ਼ਰ ਦੀ ਕਹਾਣੀਆਂ ਨੂੰ ਆਪਣੇ ਮਿੱਤਰਾਂ ਨੂੰ ਸਕੂਲ ਵਿਚ ਸੁਣਾਉਂਦੇ ਹਨ|"

ਰੇਵ. ਵਿਜੇ ਰਾਜ - ਕਾਰਜਕਾਰੀ ਡਾਇਰੈਕਟਰ ਹੈਪੀ ਹੋਮ, ਕਰਨਾਟਕ, ਇੰਡੀਆ

''ਇਕ ਅਫਰੀਕਨ ਮਿਸ਼ਨਰੀ ਹੋਣ ਦੇ ਨਾਤੇ, ਕਲੀਸੀਆ ਸਥਾਪਕ ਅਤੇ ਮੇਰੇ ਦੇਸ਼ ਵਿਚ ਬਾਈਬਲ ਟੀਚਰ ਨੂੰ ਮੈਂ ਇਸ ਹਸਤ ਪੁਸਤਕ ਮਸੀਹੀ ਸੇਵਾ ਵਿਚ ਇਤੇਮਾਲ ਕਰਨ ਦਾ ਸਮਰਥਨ ਕਰਦਾ ਹਾਂ| ਕਿਸੇ ਵੀ ਵਿਅਕਤੀ ਨੂੰ ਮੌਖਕ ਤੌਰ 'ਤੇ ਕਹਾਣੀ ਦੱਸਣ ਦਾ, ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਇਹ ਇਕ ਲਾਭਕਾਰੀ ਤਰੀਕਾ ਹੈ| ਸਿਰਫ਼ ਇਕ ਕਹਾਣੀ ਮੇਰੇ ਲਈ ਇਸ ਦਾ ਅਰੰਭ ਘਰ ਤੋਂ ਹੁੰਦਾ ਹੈ| ਹਰ ਰਾਤ ਸੌਣ ਤੋਂ ਪਹਿਲਾਂ ਅਸੀਂ ਮਿਲ ਕੇ ਬਾਈਬਲ ਦੀ ਕਹਾਣੀ ਉੱਤੇ ਇਸ ਪੁਸਤਕ ਦੇ ਤਰੀਕਿਆਂ ਦਾ ਇਸਤੇਮਾਲ ਕਰਦੇ ਹੋਏ ਵਿਚਾਰ-ਵਟਾਂਦਰਾ ਕਰਦੇ ਹਾਂ| ਸਾਡਾ ਪਰਿਵਾਰ ਬਿਲਕੁਲ ਬਦਲ ਗਿਆ ਹੈ|"

ਰੇਵ. ਜੇਕਬ ਓਕੀਂਗ ਅਕੋਥ - ਸ਼ਾਵਰਜ ਆਫ ਬਲੈਸਿੰਗਸ ਚਰਚ, ਸੰਸਥਾਪਕ, ਕੇਨੀਆ

''ਡੋਰੋਥੀ ਮਿੱਲਰ ਅਤੇ ਸਿਰਫ਼ ਇਕ ਕਹਾਣੀ ਦੀ ਟੀਮ ਬਾਈਬਲ ਕਥਾਵਾਚਕ ਦੇ ਅੰਦੋਲਨ ਵਿਚ ਇਕ ਅੱਗ ਵਿਚ ਤੇਲ ਦੇ ਵਾਂਗ ਹੈ| ਮੈਂ STS ਵਿਚ ਅਭਿਆਸਕਾਰੀ ਦੇ ਰੂਪ ਵਿਚ ਤਿਆਰ ਕੀਤਾ ਗਿਆ ਅਤੇ ਨਿੱਜੀ ਤੌਰ 'ਤੇ ਵੇਖਿਆ ਕਿ ਬਾਈਬਲ ਦੀਆ ਕਹਾਣੀਆਂ ਸਜੀਵ ਹੋ ਜਾਂਦੀਆਂ ਹਨ ਜਦ STS ਨੂੰ ਪੜ੍ਹੇ ਲਿਖਿਆਂ ਅਤੇ ਮੌਖਕ ਸਿੱਖਣ ਵਾਲਿਆਂ ਵਿਚ ਪੇਸ਼ ਕੀਤਾ ਜਾਂਦਾ ਹੈ|"

ਚਾਰਲਸ ਸਿਬਨੇ - ਸੀ ਈ ਓ, ਮੇਗਾ ਵੋਅਸ, ਗਲੋਬਲ

'' STS ਵਿਚ ਮੈਂ ਇਥੋਪਿਆਂ ਅਤੇ ਇਸ ਤੋਂ ਬਾਹਰ ਸੇਵਾ ਲਈ ਮੈਨੂੰ ਕੋਈ ਗੁਆਚੀ ਹੋਈ ਚੀਜ ਮਿਲ ਗਈ| ਉਨ੍ਹਾਂ ਦੇ ਪਰਮੇਸ਼ਰ ਦੇ ਵਚਨ ਦੇ ਪ੍ਰਤੀ ਸਮਰਪਣ ਨੇ ਸਾਨੂੰ ਇਥੋਪਿਆ ਵਿਚ ਬਾਈਬਲ ਦੀ ਕਹਾਣੀ ਨੂੰ ਦੱਸਣ ਲਈ ਪ੍ਰੇਰਿਤ ਕੀਤਾ| ਕਥਾਵਾਚਕ ਹੁਣ ਲੋਕਾਂ ਨੂੰ ਹੋਰ ਵੀ ਜ਼ਿਆਦਾ ਗਿਣਤੀ ਵਿਚ ਮਸੀਹ ਕੋਲ ਲਿਆ ਰਹੇ ਹਨ| STS ਦਾ ਤਰੀਕਾ ਲੋਕਾਂ ਦੇ ਜੀਵਨਾਂ ਨੂੰ ਬਦਲ ਰਿਹਾ ਹੈ ਜਦ ਕਹਾਣੀ ਵਾਚਕ ਪਰਮੇਸ਼ਰ ਦੇ ਵਚਨ ਨੂੰ ਪਵਿੱਤਰ ਆਤਮਾ ਦੀ ਅਗੁਵਾਈ ਹੇਠ ਉਨ੍ਹਾਂ ਨੂੰ ਸਾਰੀ ਸਚਿਆਈ ਦੱਸਦੇ ਹਨ|"

ਜੂਲੀ ਕੇ ਫੀਲਡ - ਪੈਰਾਕਲੇਟ ਮਿਸ਼ਨ ਗਰੁੱਪ ਏਸੋਸਿਏਟ, ਗਲੋਬਲ

''ਮੈਂ ਹਿਮਾਲਿਆਨ ਕਬੀਲੇ ਵਿਚ ਕੰਮ ਕਰਦਾ ਹਾਂ ਅਤੇ ਕਬੀਲੇ ਦੇ ਲੋਕ ਮੌਖਕ ਰੀਤਾਂ ਦੇ ਅਭਿਆਸ ਉੱਤੇ ਨਿਰਭਰ ਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ ਲਿਖਤੀ ਤੌਰ 'ਤੇ ਕੁਝ ਵੀ ਨਹੀਂ ਹੁੰਦਾ| ਇਸ ਲਈ ਕਬਲੇ ਦੇ ਲੋਕਾਂ ਵਿਚਕਾਰ ਮੌਖਕ ਤੌਰ 'ਤੇ ਕਹਾਣੀਆਂ ਦੇ ਰਾਹੀਂ ਖੁਸ਼ਖ਼ਬਰੀ ਦੱਸਣਾ ਬਹੁਤ ਚੰਗਾ ਤਰੀਕਾ ਹੈ| ਕਹਾਣੀ ਦੱਸਣ (STS) ਰਾਹੀਂ ਪਹਾੜੀ ਲੋਕਾਂ ਵਿਚ ਖਸ਼ੁਖ਼ਬਰੀ ਪੇਸ਼ ਕਰਨ ਦਾ ਬਹੁਤ ਅੱਛਾ ਤਰੀਕਾ ਹੈ|"

ਰੇਵ. ਟਿਨੂਇੰਗਬਾ ਇਮਚੇਨ - ਸਿਨੀਅਰ ਪਾਸਟਰ/ਬਾਈਬਲ ਟੀਚਰ, ਅਰੁਣਾਚਲ ਪ੍ਰਦੇਸ਼, ਇੰਡੀਆ

'' STS ਨੇ ਸਾਨੂੰ ਪਰਮੇਸ਼ਰ ਦੇ ਵਚਨ ਨੂੰ ਅਸਾਨੀ ਨਾਲ ਸਮਝਣ ਵਿਚ ਅਤੇ ਸਾਰੀ ਕਹਾਣੀ ਨੂੰ ਯਾਦ ਕਰਨ ਵਿਚ ਸਹਾਇਤਾ ਕੀਤੀ ਅਤੇ ਉਸ ਨੂੰ ਸਾਡੇ ਹਿਰਦੇ ਵਿਚ ਰੱਖਿਆ| ਇਸ ਨੇ ਸਾਨੂੰ ਸਾਡੇ ਲੋਕਲ ਚਰਚ ਵਿਚ ਅਨਪੜ੍ਹ ਸੇਵਕਾਂ ਨੂੰ ਪਰਮੇਸ਼ਰ ਦਾ ਵਚਨ ਸਿਖਾਉਣ ਵਿਚ ਸਹਾਇਤਾ ਕੀਤੀ ਕਿ ਉਹ ਪੜੋਸ ਦੇ ਪਰਿਵਾਰਾਂ ਅਤੇ ਪਿੰਡਾਂ ਵਿਚ ਵਚਨ ਸਿਖਾਉਣ| STS ਨੇ ਸਾਡੀ ਸਹਾਇਤਾ ਕੀਤੀ ਕੀ ਅਸੀਂ ਪਹਿਲਾਂ ਤੋਂ ਵੱਧ ਕਲੀਸੀਆਂ ਦੀ ਸਥਾਪਨਾ ਕਰੀਏ|"

ਰੇਵ. ਦੇਵਾਸਹਾਯਮ - ਸਿਨੀਅਰ ਪਾਸਟਰ/ਚਰਚ ਸੰਸਥਾਪਕ, ਏਫ ਏਲ ਚਰਚ, ਆਂਧਰਾ ਪ੍ਰਦੇਸ਼, ਇੰਡੀਆ

''ਮੈਂ ਬਾਈਬਲ ਸਬੰਧੀ ਸਹੀਅਤ ਨੂੰ ਲੈ ਕੇ ਹੈਰਾਨ ਸੀ ਕਿ ਉਹ ਸਧਾਰਨ ਕਹਾਣੀ ਦੱਸਣ, ਦੁਬਾਰਾ ਦੱਸਣ ਨੂੰ ਪੁਸ਼ਟ ਕਰ ਕੇ ਰੱਖਿਆ ਸੀ ਅਤੇ ਕਹਾਣੀ ਨੂੰ ਨਿਰੀਖਣ ਅਤੇ ਪ੍ਰਯੋਗ ਲਈ ਉਨ੍ਹਾਂ ਵਿਚ ਲੱਭਣਾ ਹੈ| ਕਿਸੇ ਵੀ ਸਮੇਂ ਕੋਈ ਅਰਥਾਤ ਅਸਰਦਾਰ, ਬੋਲਣ ਦੀ ਕ੍ਰਿਆ ਕੁਝ

ਅਜਿਹਾ ਸਾਮਣੇ ਲਿਆਇਆ ਗਿਆ ਕਿ ਕਥਾਵਾਚਕ ਬੜੇ ਅਰਾਮ ਨਾਲ ਕਹਿ ਸਕੇਗਾ 'ਕੀ ਅਸੀਂ ਇਸ ਕਹਾਣੀ ਵਿਚ ਇਹ ਵੇਖ ਸਕਦੇ ਹਾਂ?' ਉਸੇ ਹੀ ਘੜੀ ਸਾਰਾ ਸਮੂਹ ਵਚਨ ਵੱਲ ਲਿਆਂਦਾ ਜਾਂਦਾ ਹੈ ਅਤੇ ਬੜੀ ਅਸਾਨੀ ਨਾਲ ਸਮਧਾਨ ਕੀਤਾ ਜਾਂਦਾ ਸੀ|"

ਪਾਸਟਰ ਮਾਇਲਸ ਡੇ ਬੇਨੇਡਿਕਟਸ - ਕ੍ਰੋਸ ਕਨੈਕਸ਼ਨ, ਯੂ ਏਸ ਏ

''ਬਾਈਬਲ ਸ਼ਾਸਤਰੀ ਅਤੇ ਗਿਆਨੀ ਹੋਣ ਦੇ ਨਾਤੇ, ਮੈਂ STS ਨੂੰ ਬਾਈਬਲ ਦੀ ਵਿਆਖਿਇਆ ਕਰਨ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਸਾਧਨ ਵੇਖਦਾ ਹਾਂ| ਮੇਰੇ 24 ਸਾਲ ਦੇ ਮੇਰੇ ਚੇਲੇ ਬਣਾਉਣ ਦੀ ਸੇਵਾ ਵਿਚ, ਮੈਂ ਹੁਣੇ ਹੀ ਮਹਿਸੂਸ ਕੀਤਾ ਕਿ ਮੈਂ ਕਦੀ ਵੀ ਅਜਿਹੇ ਵਿਅਕਤੀ ਨੂੰ ਚੇਲਾ ਨਹੀਂ ਬਣਾਇਆ ਜੋ ਪੜ੍ਹ ਲਿਖ ਨਾ ਸਕਦਾ ਹੋਵੇ| ਇਸ STS ਹਸਤ ਪੁਸਤਕ ਵਿਚ ਦੱਸੇ ਗੁਣ ਮੈਨੂੰ ਉਹ ਕੰਮ ਅਰੰਭ ਕਰਨ ਵਿਚ ਸਹਾਇਤਾ ਕੀਤੀ ਜੋ ਬੜਾ ਮਹੱਤਵਪੂਰਨ ਕੰਮ ਸੀ| ਮੈਂ ਇਸ ਦਾ ਹਰੇਕ ਪੰਨਾ ਸਭ ਲੋਕਾਂ ਲਈ ਸਮਰਥਨ ਕਰਦਾ ਹਾਂ, ਖ਼ਾਸਕਰ ਮੇਰੇ ਸਹਿ-ਗਿਆਨੀਆਂ ਨੂੰ|"

ਰੇਵ. ਲੁਵਾਓ - ਜੇਰੁਸਲੇਮ ਨਿਉ ਲਾਈਫ ਪੈਂਟੀਕੋਸਟਲ ਚਰਚ ਇੰਟਰਨੈਸ਼ਨਲ, ਡੀ ਆਰ, ਕੋਂਗੋ

''ਮੈਂ ਦਿ ਗਾਡਸ ਸਟੋਰੀ ਪ੍ਰੋਜੈਕਟ ਇੰਡੀਆ ਦੀ ਤਰੱਕੀ ਨੂੰ ਇਸ ਦੇ ਅਰੰਭ ਤੋਂ ਵੇਖਿਆ ਹੈ| ਅਸੀਂ ਸਧਾਰਨ ਜਿਹੀ ਤਾਕਤ ਦੇ ਰਾਹੀਂ ਅਤੇ ਬਾਈਬਲ ਦੀ ਕਹਾਣੀ ਸੁਣਾਉਣ ਦੇ ਰਾਹੀਂ ਲੋਕਾਂ ਦੇ ਜੀਵਨਾਂ ਨੂੰ ਬਦਲਦੇ ਹੋਏ ਵੇਖਿਆ ਹੈ| ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਜੇਕਰ ਅਸੀਂ ਸਾਡੀ ਅੱਖਾਂ ਦੇ ਸਾਹਮਣੇ ਇਸ ਦੇਸ਼ ਵਿਚ ਪ੍ਰਭੂ ਦਾ ਕੰਮ ਹੁੰਦੇ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਜ਼ਰੂਰਤ ਹੈ ਕਿ ਅਸੀਂ ਲੋਕਾਂ ਨੂੰ ਉਸੇ ਹੀ ਤਰੀਕੇ ਨਾਲ ਤਿਆਰ ਕਰੀਏ ਜਿਸ ਤਰੀਕੇ ਨਾਲ ਉਹ ਸਮਝ ਸਕਦੇ ਹਨ| ਕਲੀਸੀਆ ਸੰਸਥਾਪਕਾਂ ਨੂੰ ਮੈਂ ਬੜੇ ਜੋਰ ਨਾਲ ਸਿਫਾਰਿਸ਼ ਕਰਦਾ ਹਾਂ ਕਿ ਉਹ ਇਸ ਟ੍ਰੇਨਿੰਗ ਨੂੰ ਉਹ ਲੈਣ ਅਤੇ ਮਸੀਹ ਲਈ ਸਾਡੇ ਦੇਸ਼ ਨੂੰ ਚੇਲਾ ਬਣਾਉਣ ਲਈ ਬਾਈਬਲ ਦੀ ਕਹਾਣੀਆਂ ਦਾ ਇਸਤੇਮਾਲ ਕਰਨ|"

ਰੇਵ. ਡਾ. ਸੈਮ ਅਬ੍ਰਾਹਾਮ - ਡਾਇਰੈਕਟਰ ਹਿਮਾਚਲ ਬਾਈਬਲ ਕਾਲੇਜ, ਬਰਾਕਾ ਮਨਿਸਟਰੀਜ, ਇੰਡੀਆ

ਸਿਰਫ ਇਕ ਕਹਾਣੀ

ਪ੍ਰੇਰਣਾ ਦੇਣ ਵਾਲਾ ਬਾਈਬਲ ਅਧਿਐਨ ''ਮੰਥਕ ਤਰੀਕਾ''

STS ਹਸਤਪ੍ਰਸਤਿਕਾ

ਪਵਿੱਤਰ ਸ਼ਾਸਤਰ ਦੀ ਵਿਚਾਰ ਵਟਾਂਦਰੇ ਰਾਹੀਂ ਵਿਆਖਿਆ

ਸੁਣਨਾ ਅਤੇ ਪ੍ਰਤੀਉੱਤਰ ਦੇਣਾ

ਡੋਰੋਥੀ ਏ. ਮਿੱਲਰ

ਦਿ ਗਾੱਡ'ਸ ਸਟੋਰੀ ਪ੍ਰੋਜੈਕਟ

ਸਿਰਫ ਇਕ ਕਹਾਣੀ STS ਹਸਤਪੁਸਤਿਕਾ, 5ਵਾਂ ਸੰਸਕਰਣ

©2006, 2012 ਦਿ ਗਾੱਡ'ਸ ਸਟੋਰੀ ਪ੍ਰੋਜੈਕਟ

ਦਿ ਗਾੱਡ'ਸ ਸਟੋਰੀ ਪ੍ਰੋਜੈਕਟ ਦੇ ਦੁਆਰਾ ਪ੍ਰਕਾਸ਼ਤ
ਪੋਸਟ ਬਾਕਸ 187, ਹੇਮੇਟ, ਕੈਲੀਫੋਰਨਿਆਂ 92546
(951) 658-1619
info@SimplyTheStory.org | info@Gods–Story.org
www.SimplyTheStory.org | www.Gods–Story.org
ਵੱਖ ਵੱਖ ਭਾਸ਼ਾਵਾਂ ਵਿਚ ਦੱਸੀ ਗਈ ਸਜੀਵ ਕਹਾਣੀਆਂ ਸੁਣੋ
ਭਾਰਤ ਵਿਚ ਪਤਾ: ਟੀ. ਜੀ. ਏਸ. ਪੀ.-ਇੰਡੀਆ, ਪੋਸਟ ਬਕਸ ਨੰ: 3, ਸਿੱਧਾਰਥ ਨਗਰ, ਮੈਸੂਰ-570011. ਸਾਊਥ ਇੰਡੀਆ

ਸਾਰੇ ਹੱਕ ਰਾਖਵੇਂ ਹਨ| ਇਸ ਹਸਤ ਪੁਸਤਕ ਦਾ ਕੋਈ ਵੀ ਹਿੱਸਾ ਛਾਪਣਾ, ਕਿਸੇ ਵੀ ਸਿਸਟਮ ਵਿਚ ਸਟੋਰ ਕਰਨਾ, ਜਾਂ ਕਿਸੇ ਹੋਰ ਸਾਧਨ ਵਿਚ ਤਬਦੀਲ ਕਰਨਾ ਜਿਵੇਂ ਇਲੈਕਟਰੋਨਿਕ, ਮਕੈਨਿਕਲ, ਫੋਟੋ ਕੋਪੀ, ਰਿਕਾਰਡਿੰਗ ਜਾਂ ਕੋਈ ਹੋਰ ਪ੍ਰਕਾਸ਼ਕ ਦੀ ਇਜਾਜ਼ਤ ਤੋਂ ਬਿਨਾਂ ਕਰਨਾ ਮਨ੍ਹਾ ਹੈ ਪਰ ਛੋਟੇ ਅੰਸ਼ ਹਵਾਲਾ ਦੇ ਕੇ ਛਾਪਣ ਦੀ ਛੋਟ ਹੈ

ਸਾਨੂੰ ਦੱਸੋ ਜੇਕਰ ਤੁਸੀਂ ਇਸ ਲਿਖਤੀ ਸਮਗਰੀ ਦਾ ਅਨੁਵਾਦ ਕਰਨਾ ਚਾਹੁੰਦੇ ਹੋ| ਤੁਹਾਡੇ ਨਾਲ ਕੰਮ ਕਰਕੇ ਅਨੁਵਾਦ ਕਰਨ ਦੀ ਇਜਾਜ਼ਤ ਦੇਣ ਲਈ ਸਾਨੂੰ ਬਹੁਤ ਖੁਸ਼ੀ ਹੋਵੇਗੀ ਅਤੇ ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਤੁਹਾਨੂੰ ਸਭ ਤੋਂ ਨਵੀਂ ਸਮਗਰੀ ਮਿਲੇ| ਜਿਹੜੀ ਕਿ **TGSP** ਦੀ ਹਿਦਾਈਤ ਅਧੀਨ ਇਸਤੇਮਾਲ ਕੀਤੀ ਗਈ ਹੈ|

ਡੋਰੋਥੀ ਏ. ਮਿੱਲਰ
ਕਾਰਜਕਾਰੀ ਡਾਏਰੈਕਟਰ, ਦਿ ਗਾੱਡ'ਸ ਸਟੋਰੀ ਪ੍ਰੋਜੈਕਟ

ਤੁਹਾਨੂੰ ਇਸ ਪੁਸਤਕ ਵਿਚ ਇਸਤੇਮਾਲ ਕੀਤੇ ਹਵਾਲਿਆਂ ਨੂੰ ਵੇਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ| ਜੇਕਰ ਤੁਸੀਂ ਬਾਈਬਲ ਦੇ ਵੱਖ ਵੱਖ ਸੰਸਕਰਣ ਵੇਖਦੇ ਹੋ ਅਤੇ ਤੁਹਾਨੂੰ ਲਗਦਾ ਹੈ ਕਿ ਕਹਾਣੀ ਵਿਚ ਥੋੜਾ ਜਿਹਾ ਬਦਲਾਵ ਹੈ, ਉਸ ਕਹਾਣੀ ਨੂੰ ਪੜ੍ਹੋ ਅਤੇ ਪਰਮੇਸ਼ਰ ਅੱਗੇ ਪ੍ਰਾਰਥਨਾ ਕਰੋ ਕਿ ਤੁਹਾਨੂੰ ਨਿਸ਼ਚਾ ਹੋਵੇ ਕਿ ਕਹਾਣੀ ਕਿਸ ਤਰ੍ਹਾਂ ਸਣਾਓਗੇ|

ISBN 978-0-9855206-0-1

ਸੂਚੀ

ਤਰੱਕੀ ਦਾ ਕਦਮ : ਅਫ਼ਰੀਕਾ 10

ਤਰੱਕੀ ਦਾ ਕਦਮ: ਅਮਰੀਕਾ 11

ਅਧਿਆਏ 1: ਮੌਖਿਕ ਤਰੀਕੇ ਦੀ ਜ਼ਰੂਰਤ 13

ਅਧਿਆਏ 2: ਪ੍ਰਸ਼ਨ ਅਤੇ ਕਹਾਣੀਆਂ- ਬਾਈਬਲ ਅਧਾਰਿਤ ਦ੍ਰਿਸ਼ਟਾਂਤ 24

nfXnkJ/ 3L ਸਿਰਫ ਇਕ ਕਹਾਣੀ-ਸੰਖੇਪ ਵਿਵਰਣ .....

..... 31

ਅਧਿਆਏ 4: ਸਿਰਫ ਇਕ ਕਹਾਣੀ ਦੇ ਤਰੀਕੇ ਨਾਲ

ਕਹਾਣੀ ਦੀ ਤਿਆਰੀ ਕਿਸ ਤਰ੍ਹਾਂ ਕੀਤੀ ਜਾਵੇ 32

ਢੰਗ 1: ਆਪਣੀ ਕਹਾਣੀ ਨੂੰ ਕਿਸ ਤਰ੍ਹਾਂ ਚੁਣਨਾ,

ਸਿੱਖਣਾ ਅਤੇ ਚੰਗੀ ਤਰ੍ਹਾਂ ਦੱਸਣਾ ਹੈ 32

ਢੰਗ 2: ਆਪਣੀ ਕਹਾਣੀ ਵਿਚ ਖ਼ਜ਼ਾਨਿਆਂ ਨੂੰ ਕਿਸ ਤਰ੍ਹਾਂ ਭਾਲੀਏ 48

ਖ਼ਜ਼ਾਨੇ ਜਿਨ੍ਹਾਂ ਨੂੰ ''ਆਤਮਿਕ ਨਿਰੀਖਣ" ਕਿਹਾ ਗਿਆ ਹੈ

ਦੀ ਕਿਸ ਤਰ੍ਹਾਂ ਭਾਲ ਕਰੀਏ 49

ਖ਼ਜ਼ਾਨੇ ਜਿਨ੍ਹਾਂ ਨੂੰ ਅਸੀਂ ''ਆਤਮਿਕ ਪ੍ਰਯੋਗ" ਕਹਿੰਦੇ ਹਾਂ

ਦੀ ਕਿਸ ਤਰ੍ਹਾਂ ਭਾਲ ਕਰਨੀ ਹੈ| 55

ਢੰਗ 3: ਆਪਣੇ ਪ੍ਰਸ਼ਨਾਂ ਦੀ ਰਚਨਾ ਕਿਸ ਤਰ੍ਹਾਂ ਕਰੀਏ 63

ਕਹਾਣੀ ਲਈ ਭੂਮਿਕਾ ਨੂੰ ਕਿਸ ਤਰ੍ਹਾਂ ਤਿਆਰ ਕਰਨਾ 68

ਅਧਿਆਏ 5 : ਆਓ ਹੁਣ ਅਸੀਂ ਤਿਆਰੀ ਅਤੇ ਪੇਸ਼ਕਾਰੀ ਲਈ

ਆਪਣੇ ਹੁੱਨਰਾਂ ਦਾ ਇਸਤੇਮਾਲ ਕਰੀਏ 70

ਤਿਆਰੀ: ਆਤਮਿਕ ਖਜਾਨੇ ਦੀ ਭਾਲ ਕਰਨਾ 70

ਪੇਸ਼ਕਾਰੀ ਅਵਸਥਾ 1: ਤਿੰਨ ਵਾਰ ਕਹਾਣੀ ਸੁਣਾਉਣਾ 74

ਪੇਸ਼ਕਾਰੀ ਅਵਸਥਾ 2: ਆਤਮਿਕ ਨਿਰੀਖਣਾਂ ਦਾ ਵਿਚਾਰ ਵਟਾਂਦਰਾ 84

ਪੇਸ਼ਕਾਰੀ ਅਵਸਥਾ 2: ਆਤਮਿਕ ਪ੍ਰਯੋਗ ਉੱਤੇ ਵਿਚਾਰ ਵਟਾਂਦਰਾ 94

ਅਧਿਆਏ 6: ਵਿਚਾਰ ਵੰਟਾਂਦਰੇ ਨੂੰ ਚਲਾਉਣ ਲਈ ਆਮ ਸੁਝਾਓ 100

ਅਧਿਆਏ 7: ਸਹੀ ਸਹੀ ਲਾਗੂ ਕਰਨਾ ਜਾਂ

ਪ੍ਰਯੋਗ ਅਰਥਾਤ ਹਾਥੀ ਦੀ ਖੋਜ ਕਰਨਾ 113

ਅਧਿਆਏ 8: ਅਨਪੜ੍ਹ ਅਤੇ ਮੌਖਕ ਬਾਈਬਲ ਸਕੂਲ 121

ਅਧਿਆਏ 9:ਕੰਡਿਆਂ ਨੂੰ ਬਾਹਰ ਕੱਢਣਾ - ਵਿਚਾਰ

ਵਿਚ ਪਰੀਵਰਤਨ ਦਾ ਉਦਾਹਰਨ 129

ਅਧਿਆਏ 10: ਸਿਰਫ ਇਕ ਕਹਾਣੀ ਦੇ ਕਹਾਣੀਵਾਚਕਾਂ ਦਾ ਵਰਗੀਕਰਨ 152

ਅਧਿਆਏ 11: ਇਸਤੇਮਾਲ ਕਰਨ ਲਈ ਸਥਾਨ - STS ਨੂੰ

ਸਿੱਖਣ ਅਤੇ ਵਿਸਥਾਰ ਕਰਨ ਦੇ ਤਰੀਕੇ 157

ਪੂਰਕ ਭਾਗ ਉ: ਪਰਿੱਖਣ ਸਮੀਖਿਆ ਫਾਰਮ 165

ਪੂਰਕ ਭਾਗ ਅ: ਕਹਾਣੀ ਦੇ ਨਮੂਨੇ ਰਾਹੀਂ ਇਕ ਸਫਰ: 170

ਪੂਰਕ ਭਾਗ ਈ: ਵਿਅਕਤੀਗਤ ਪ੍ਰਭਾਵਸ਼ਾਲੀ

ਰਿਪੋਰਟ - ਤਿਆਰ ਕਰਨਾ ਅਤੇ ਵਧਣਾ 195

ਪੂਰਕ ਭਾਗ ਸ: ਇਕ ਆਗੂ ਦੀ ਖੋਜ 200

ਗਾਡ'ਸ ਸਟੋਰੀ : ਸਰੀਸ਼ਟੀ ਤੋਂ ਅਨੰਤਕਾਲ ਤਕ 204

ਸੰਪਰਕ ਸੂਚੀ 206

ਤਰੱਕੀ ਦਾ ਕਦਮ: ਅਫ਼ਰੀਕਾ

ਕੁਝ ਸਾਲ ਪਹਿਲਾਂ ਮੈਂ ਗਲਫ਼ ਵਿਚ ਹੋ ਰਹੀ ਖ਼ਾਸ ਵਿਚਾਰ ਵਟਾਂਦਰੇ ਦੀ ਸਭਾ ਵਿਚ ਮੈਂ ਡੋਰੋਥੀ ਮਿੱਲਰ ਨੂੰ ਮਿਲਿਆ| ਉਥੇ ਉਸ ਨੇ ਮੈਨੂੰ ਅਤੇ ਮੇਰੀ ਪਤਨੀ ਨੂੰ ਪਰਮੇਸ਼ਰ ਦੀ ਕਹਾਣੀ ਦੀ ਮਹਿਮਾ ਦੱਸੀ ਕਿ ਇਹ ਲੋਕਾਂ ਤਕ ਪਹੁੰਚਣ ਦਾ ਇਕ ਅੱਛਾ ਤਰੀਕਾ ਹੈ, ਐਥੋਂ ਤਕ ਕਿ ਉਨ੍ਹਾਂ ਸਥਾਨਾਂ ਉੱਤੇ ਵੀ ਜਿਥੇ ਮਨਾਹੀ ਹੈ| ਅਸੀਂ ਮਾਰਥਾ ਅਤੇ ਮਰੀਯਮ ਦੀ ਇਕ ਸਧਾਰਨ ਕਹਾਣੀ ਦਾ ਅਭਿਆਸ ਕੀਤਾ ਅਤੇ ਇਹ ਵੇਖ ਕੇ ਬਹੁਤ ਹੀ ਹੈਰਾਨੀ ਹੋਈ ਕਿ ਇਸ ਵਿਚ ਕਿੰਨਾ ਵੱਡਾ ਖ਼ਜਾਨਾ ਸੀ|

ਬਾਦ ਵਿਚ, ਮੈਂ ਇਸ ਵਿਚਾਰ ਨੂੰ ਕਬੂਲ ਕੀਤਾ ਅਤੇ ਅਸੀਂ ਇਸ ਨੂੰ ਕੈਲਵਰੀ ਮਨਿਸਟਰੀਜ (CAPRO) ਨਾਈਜੇਰੀਆ ਦੇ ਇਲਾਕੇ ਵਿਚ, ਇਸ ਜਬਰਦਸਤ ਅਸਰ ਦੀ ਰਿਪੋਰਟ ਨਾਲ ਦੱਸਿਆ| ਕੈਲਵਰੀ ਮਨਿਸਟਰੀਜ (CAPRO)ਸਥਾਨਿਕ ਮਿਸ਼ਨ ਅਜੇਂਸੀ ਹੈ ਜੋ ਅਫ਼ਰੀਕਾ ਦੇ 30 ਦੇਸ਼ਾਂ ਦੇ ਅਣ-ਪਹੁੰਚੇ ਕਬੀਲਿਆਂ ਵਿਚ ਕਲੀਸੀਆ ਸਥਾਪਨਾ ਉੱਤੇ ਧਿਆਨ ਕਰ ਰਹੀ ਹੈ| ਸਾਡਾ 65 UPGs ਅਤੇ MUPGs ਵਿਚ ਕਲੀਸੀਆ ਸਥਾਪਨ ਦਾ ਕੰਮ ਚੱਲ ਰਿਹਾ ਹੈ|

ਕੋਈ ਇਸ ਗੱਲ ਨੂੰ ਵੇਖ ਸਕਦਾ ਹੈ ਕਿ, ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ, ਪਰਮੇਸ਼ਰ ਆਪਣੇ ਆਪ ਨੂੰ ਕਈ ਤਰੀਕਿਆਂ ਨਾਲ ਲੋਕਾਂ ਉੱਤੇ ਪ੍ਰਗਟ ਕਰਦਾ ਹੈ| ਅਸੀਂ ਬਾਈਬਲ ਦੀਆਂ ਕਹਾਣੀਆਂ ਵਿਚ ਇਸ ਗੱਲ ਦਾ ਸਬੂਤ ਵੇਖਦੇ ਹਾਂ| ਮਸੀਹ ਵਿਚ ਉਸ ਦਾ ਰੂਪ ਅਤੇ ਪਵਿੱਤਰ ਆਤਮਾ ਮਨੁੱਖਾਂ ਵਿਚ ਉਸ ਦੇ ਪ੍ਰੇਮ ਨੂੰ ਸਾਕਾਰ ਕਰਦਾ ਹੈ ਅਤੇ ਮਨੁੱਖ ਨੂੰ ਇਹ ਖ਼ਜਾਨਾ ਭਾਲਣ ਵਿਚ ਸਹਾਇਤਾ ਕਰਦਾ ਹੈ|

ਸਿਰਫ਼ ਇਕ ਕਹਾਣੀ (STS) ਬਾਈਬਲ ਦੀ ਵਿਆਖਿਆ ਕਰਨ ਦਾ ਇਕ ਵਿਵਸਥਿਤ ਤਰੀਕਾ ਹੈ| ਇਸ ਨਾਲ ਪੜ੍ਹੇ ਲਿਖੇ ਅਤੇ ਅਨਪੜ੍ਹਾਂ ਦੋਹਾਂ ਨੂੰ ਪਰਮੇਸ਼ਰ ਦੇ ਵਚਨ ਵਿਚ ਪ੍ਰੇਰਕ ਤੌਰ 'ਤੇ ਗਹਿਰਾਈ ਨਾਲ ਵਿਆਖਿਆ ਕਰਨ ਦੀ ਸਹਾਇਤਾ ਮਿਲਦੀ ਹੈ|

ਕਹਾਣੀ ਦੱਸਣ ਵਿਚ ਅਫ਼ਰੀਕਨ ਸੰਸਕਰੀਤੀ ਮਨ ਵਿਚ ਬਿਠਾਉਣ ਦੀ ਮਹੱਤਵਤਾ ਲਈ ਅਤੇ ਜੀਵਨ ਲਈ ਲਾਭਕਾਰੀ ਹਿਦਾਇਅਤਾਂ ਦੇਣ ਲਈ ਇਕ ਜਬਰਦਸਤ ਤਰੀਕਾ ਹੈ| ਇਸ ਦੇ ਪਰਿਣਾਮ ਸਰੂਪ, ਸਰੋਤਿਆਂ ਲਈ ਇਕ ਜਾਣਿਆਂ ਪਛਾਣਿਆਂ ਅਧਾਰ ਦਿੰਦੀ ਹੈ, ਖ਼ਾਸਕਰ ਪੇਂਡੂ ਇਲਾਕਿਆਂ ਵਿਚ, ਜਿਥੇ ਜ਼ਿਆਦਾ ਗਿਣਤੀ ਮੌਖਕ ਪ੍ਰਥਾ ਵਿਚ ਜਿਉਂਦੀ ਅਤੇ ਉਸ ਦਾ ਅਨੰਦ ਮਾਣਦੀ ਹੈ|

ਇਸ ਸੁਮੇਲ ਤੋਂ ਪਾਰ, STS ਸਰੋਤਿਆਂ ਨੂੰ ਸੁਤੰਤਰ ਤੌਰ 'ਤੇ ਸਿੱਟ ਉੱਤੇ ਪਹੁੰਚਣ ਲਈ ਸਹਾਇਤਾ ਕਰਦੀ ਹੈ, ਜੋ ਕਿ ਫੈਸਲੇ ਕਰਨ ਦਾ ਅਧਿਕਾਰ ਦਿੰਦੀ ਹੈ ਜਿਹੜੇ ਉਨ੍ਹਾਂ ਦੇ ਵਿਅਕਤੀਗਤ ਖੋਜ ਰਾਹੀਂ ਹੁੰਦੇ ਹਨ| ਅਜਿਹਾ ਹੋਣ ਲਈ ਜ਼ਿਆਦਾਤਰ ਕੌਣ ਸਹਾਇਤਾ ਕਰਦਾ ਹੈ, ਉਹ ਕਹਾਣੀ

ਵਾਚਕ ਦਾ ਤਰੀਕਾ ਹੈ ਅਤੇ ਸਵਾਲਾਂ ਦੀ ਲੜੀ ਜੋ ਸਰੋਤਿਆਂ ਨੂੰ ਹਾਵ ਭਾਵ ਦਿੰਦੀ ਹੈ| ਇਹ ਬਾਈਬਲ ਦੀ ਆਤਮਿਕ ਸਚਿਆਈ ਨੂੰ ਸਹੀ ਤਰੀਕੇ ਨਾਲ ਵੱਖਰੀ ਸੰਸਕਰੀਤੀਆਂ ਵਿਚ ਸੰਚਾਰ ਕਰਦੀਆਂ ਹਨ|

ਸਰੋਤਿਆਂ ਨੂੰ ਸਵਾਲ ਪੁੱਛਣ ਦੀ ਤਿਆਰੀ ਲਈ ਆਤਮਿਕ ਨਿਰੀਖਣ ਅਤੇ ਆਤਮਿਕ ਪ੍ਰਯੋਗ ਖੋਜ ਕਰਨ ਦੇ ਦੋ ਤਰੀਕੇ ਹਨ| ਇਹ ਤਰੀਕਾ ਸਰੋਤਿਆਂ ਨੂੰ ਸਮਝਣ ਦੇ ਯੋਗ ਕਰਦਾ ਹੈ ਅਤੇ ਬਾਈਬਲ ਦੀਆਂ ਸਚਿਆਈਆਂ ਨੂੰ ਕਹਾਣੀਆਂ ਵਿਚ ਜੜਿਆ ਹੋਇਆ ਹੈ ਜੋ ਕਿ ਬਾਈਬਲ ਦੇ ਅਰਥਪੂਰਨ ਰੂਪ ਨੂੰ ਬਣਾਉਂਦਾ ਹੈ|

ਇਸ ਦੇ ਇਲਾਵਾ, STS ਕਹਾਣੀ ਵਾਚਕ ਨੂੰ ਕਹਾਣੀ ਸੁਣਾਉਂਦੇ ਹੋਏ ਆਚਰਣ ਉੱਤੇ ਪੂਰੀ ਤਰ੍ਹਾਂ ਖਬਰਦਾਰ ਕਰਦਾ ਹੈ| ਲੋਕ ਜੋ ਕਹਾਣੀਆਂ ਸੁਣਦੇ ਹਨ ਇਹ ਉਨ੍ਹਾਂ ਦੀ ਖੋਜ, ਵਿਸ਼ੇ ਅਤੇ ਅਰਥ ਨੂੰ ਜਾਣਨ ਦੀ ਲੋੜ ਉੱਤੇ ਜੋਰ ਦਿੰਦਾ ਹੈ|
ਸੰਸਾਰ ਭਰ ਵਿਚ STS ਦੀ ਟ੍ਰੇਨਿੰਗ ਦੇ ਲਾਭਪ੍ਰਾਪਤਾਂ ਦੇ ਦਿਲਕਸ਼ ਬਿਆਨਾਂ ਦੇ ਇਲਾਵਾ, ਇਹ ਪੁਸਤਕ ਸਵਾਲਾਂ ਦੇ ਰੂਪ ਵਿਚ ਬਹੁਤ ਸਾਰੀਆਂ ਸਲਾਹਾਂ ਵੀ ਦਿੰਦੀ ਹੈ ਜਿਹੜੀਆਂ ਕਿ ਵਿਅਕਤੀਗਤ ਤੌਰ 'ਤੇ ਬਾਈਬਲ ਦੀਆਂ ਕਹਾਣੀਆਂ ਦੀ ਖੋਜਬੀਨ ਕਰਨ ਵਿਚ ਮਦਦਗਾਰ ਹੈ| ਉਨ੍ਹਾਂ ਸਭ ਲਈ ਜੋ ਕੌਮਾਂ ਨੂੰ ਚੇਲੇ ਬਣਾਉਣ ਦੀ ਬੁਲਾਹਟ ਰਖਦੇ ਹੈ, ਖ਼ਾਸਕਰ ਮੌਖਕ ਸਮਾਜਾਂ ਵਿਚ ਅਤੇ ਉਹ ਜਿਹੜੇ ਪਰਮੇਸ਼ਰ ਨਾਲ ਵਿਅਕਤੀਗਤ ਸਬੰਧ ਵਿਚ ਬੇਦਾਰੀ ਦੀ ਇੱਛਾ ਰਖਦੇ ਹਨ ਉਨ੍ਹਾ ਲਈ STS ਮੈਨੂੰ ਦੀ ਟ੍ਰੇਨਿੰਗ ਦੀ ਸਿਫਾਰਿਸ਼ ਕਰਨ ਵਿਚ ਕੋਈ ਝਿਝਕ ਨਹੀਂ ਹੈ|
ਅਮੋਸ ਅਡੇਰੋਨਮੁ - ਇੰਟਰਨੈਸ਼ਨਲ ਡਾਇਰੈਕਟਰ, ਕਲਵਰੀ ਮਨੀਸਟਰੀਜ (CAPRO)

ਤਰੱਕੀ ਦਾ ਕਦਮ: ਅਮਰੀਕਾ

ਅਸੀਂ ਡੋਰੇਥੀ ਅਤੇ ਟੋਮ ਮਿੱਲਰ ਨੂੰ ਪਿਛਲੇ 40 ਸਾਲੋਂ ਤੋ ਵੀ ਵੱਧ ਸਮੇਂ ਤੋਂ ਜਾਣਦੇ ਹਾਂ ਅਤੇ ਆਪਸ ਵਿਚ ਮਿੱਤਰ ਹਾਂ| ਪਹਿਲੀ ਫਿਲਮ, ਗਾਡ'ਸ ਸਟੋਰੀ ਦਾ ਜਨਮ ਅਤੇ ਇਸ ਦੀ ਤੇਜੀ ਨਾਲ ਹੋਈ ਹੈ,ਇਹ ਬਹੁਤ ਹੀ ਅਨੋਖੀ ਗਵਾਹੀ ਦਾ ਵਿਸ਼ਾ ਰਿਹਾ ਹੈ, ਅਤੇ ਫਿਰ ਟ੍ਰੇਨਿੰਗ ਅਰਥਾਤ ਸਿਰਫ਼ ਇਕ ਕਹਾਣੀ|

ਸਾਨੂੰ ਇਹ ਵੇਖਦੇ ਹੋਏ ਅਨੰਦ ਹੋ ਰਿਹਾ ਹੈ ਕਿ ਕਿਸ ਤਰ੍ਹਾਂ ਇਹ ਸੇਵਾ ਮਸੀਹੀਆਂ ਦੇ ਤਰੀਕੀਆਂ ਨੂੰ ਬਦਲ ਰਹੀ ਹੈ ਤਾਂ ਜੋ ਮਸੀਹ ਗੁਆਚੇ ਹੋਏ ਲੋਕਾਂ ਉੱਤੇ ਪ੍ਰਗਟ ਹੋਵੇ, ਦੂਜੇ ਲੋਕਾਂ ਨੂੰ ਚੇਲੇ ਬਣਾਉਣਾ ਅਤੇ ਪਰਮੇਸ਼ਰ ਦੇ ਵਚਨ ਦੇ ਰਾਹੀਂ ਚੇਲਾ ਬਣਨਾ|

ਅਸੀਂ ਇਸ ਤਕਨੀਕ ਨੂੰ ਵੇਖ ਕੇ ਬੜੇ ਉਤਸ਼ਾਹਿਤ ਹੁੰਦੇ ਆ ਰਹੇ ਹਾਂ ਕਿ ਇਹ ਪਿੰਡਾਂ ਅਤੇ ਸੰਸਾਰ

ਦੀਆਂ ਕੌਮਾਂ ਵਿਚ ਭਾਰੀ ਕੰਮ ਕਰ ਰਹੀ ਹੈ, ਨਵੀਂ ਪ੍ਰੇਰਨਾ ਲਿਆ ਰਹੀ ਹੈ ਅਤੇ ਪਰਮੇਸ਼ਰ ਦੇ ਵਚਨ ਦੇ ਪ੍ਰਤੀ ਜੋਸ਼ ਪੈਦਾ ਕਰ ਰਿਹਾ ਹੈ| ਕਹਾਣੀ ਸੁਣਾਉਣ ਦਾ ਇਹ ਰੂਪ ਹਰ ਕਿਸੇ ਉੱਤੇ ਅਤੇ ਹਰ ਸਥਾਨ ਉੱਤੇ ਲਾਗੂ ਹੁੰਦਾ ਹੈ|

STS ਦਾ ਪ੍ਰੇਰਕ ਬਾਈਬਲ ਅਧਿਐਨ ਤਰੀਕਾ ਪੂਰੇ ਗਿਆਨ ਦਾ ਅਤੇ ਸਹਿਭਾਗੀਆਂ ਤੋਂ ਨਿਰਦੇਸ਼ ਦਾ ਚਿੱਤਰ ਖਿੱਚਦਾ ਹੈ ਜਿਸ ਦਾ ਨਤੀਜਾ ਬਹੁਤ ਹੀ ਵਧੀਆ ਅਤੇ ਪਵਿੱਤਰ ਸ਼ਾਸਤਰ ਦਾ ਗਹਿਰਾ ਅਨੁਭਵ ਸਧਾਰਨ ਤਰੀਕੇ ਤੋਂ ਵਧ ਕੇ ਹੁੰਦਾ ਹੈ| ਦੇ ਤਰੀਕਿਆਂ ਦਾ ਪ੍ਰਯੋਗ ਲੋਕਾਂ ਤਕ ਪਹੁੰਚਦਾ ਹੈ|

ਅਸਲ ਵਿਚ, ਖੁਸ਼ਖ਼ਬਰੀ ਦੇ ਸੱਚੇ ਉਪਦੇਸ਼ ਨੂੰ ਵੱਡੇ ਪੱਧਰ ਉੱਤ ਲੋਕਾਂ ਵਿਚ ਪਹੁੰਚਾਇਆ ਗਿਆ ਹੈ ਇਸ ਵਿਚ ਉਮਰ, ਦੇਸ਼, ਧਰਮ ਪਿਛੋਕੜ, ਸਿੱਖਿਆ, ਪੜ੍ਹਾਈ ਦਾ ਪੱਧਰ ਜਾਂ ਕਿਸੇ ਹੋਰ ਵਿਚਾਰ ਕੋਈ ਪੱਖ ਨਹੀਂ ਹੈ, ਸਿਰਫ਼ ਇਕ ਕਹਾਣੀ ਪੂਰਨ ਤੌਰ 'ਤੇ ਅਨੋਖੀ ਅਤੇ ਖ਼ਾਸ ਤੌਰ 'ਤੇ ਅਸਰਦਾਰ ਹੈ|

ਇਹ ਸੇਵਾ ਖ਼ਾਸ ਤੌਰ 'ਤੇ ਸਾਡੇ ਹਿਰਦਿਆਂ ਨੂੰ ਸਪਰਸ਼ ਕਰਦੀ ਹੈ ਕਿਉਂਕਿ ਇਹ ਉਨ੍ਹਾਂ ਲੋਕਾਂ ਤਕ ਪਹੁੰਚਦੀ ਹੈ ਜਿਨ੍ਹਾਂ ਨੂੰ ਕਿ ਅਕਸਰ ਇਸ ਨਜ਼ਰਿਏ ਨਾਲ ਛੱਡ ਦਿੱਤਾ ਜਾਂਦਾ ਹੈ ਕਿ ਇਹ ਬਿਨਾਂ ਸਾਧਨ ਦੇ ਹਨ, ਬਿਨਾਂ ਕਿਸੇ ਗੁਣ ਦੇ ਅਤੇ ਅਸਰਹੀਨ ਹਨ| ਇਸ ਦੀ ਜਬਰਦਸਤ ਯੋਗਤਾ ਹੈ, ਪਹੁੰਚਣ ਵਿਚ ਅਤੇ ਕਿਸੇ ਦੀ ਵੀ ਆਤਮਾ ਨੂੰ ਸਪਰਸ਼ ਕਰਨ ਵਿਚ ਚਾਹੇ ਉਹ ਪੜ੍ਹਿਆ ਲਿਖਿਆ ਜਾਂ ਅਨਪੜ੍ਹ ਹੋਵੇ, ਗਰੀਬ ਜਾਂ ਅਮੀਰ, ਚੰਗਾ ਜਾਂ ਮਾੜਾ, ਪਰਮੇਸ਼ਰ ਦੇ ਰਾਜ ਨੂੰ ਤਰੱਕੀਯਾਫਤਾ ਕਰਨ ਲਈ ਇਹ ਬਹੁਤ ਹੀ ਵਧੀਆ ਅਤੇ ਅਸਰਦਾਰ ਸਾਧਨ ਹੈ ਜਿਸ ਨੂੰ ਅਸੀਂ ਇਨ੍ਹਾਂ ਸਾਲਾਂ ਵਿਚ ਸੰਸਾਰ ਭਰ ਵਿਚ ਵੇਖਿਆ ਹੈ|

ਡੋਨ ਅਤੇ ਸੰਡੋਰਾ ਟਿਪਟੋਨ - ਸੰਸਥਾਪਕ ਅਤੇ ਨਿਰਦੇਸ਼ਕ, ਫ੍ਰੈਂਡ ਸ਼ਿਪਸ ਅਨਲਿਮਟਿਡ

''ਪਰਮੇਸ਼ਰ ਦੀਆਂ ਗੂੜ੍ਹੀਆਂ ਸਚਿਆਈਆਂ ਬਾਈਬਲ ਦੀ ਸਧਾਰਨ ਕਹਾਣੀਆਂ ਵਿਚ ਦਰਸ਼ਾਈਆਂ ਗਈਆਂ ਹਨ|"

ਪਰਮੇਸ਼ਰ ਦਾ ਵਚਨ ਸਾਵਧਾਨ ਕਰਦਾ ਹੈ ਕਿ ਸਾਡੇ ਮਨ ''ਮਸੀਹ ਵਿਚ ਜਿਹੜੀ ਸਾਦਗੀ ਹੈ" ਤੋਂ ਦੂਰ ਹੋ ਕੇ ਵਿਗੜ ਸਕਦੇ ਹਨ| 2 ਕੁਰਿੰਥੀਆਂ 11:3

ਪਰਵਾਨਗੀਆਂ

ਬਾਈਬਲ ਵਿਚ, ਸਾਡੇ ਪ੍ਰਭੂ ਨੂੰ ਸਾਡੇ ਉੱਤੇ ਆਪਣੇ ਆਪਨੂੰ ਅਤੇ ਆਪਣੀ ਇੱਛਾ ਨੂੰ ਪ੍ਰਗਟ ਕੀਤਾ| ਅਸੀਂ ਉਸ ਦੇ ਵਚਨ ਲਈ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ| ਪਰਮੇਸ਼ਰ ਸਾਨੂੰ ਆਪਣੀ ਸੇਵਾ ਕਰਨ ਅਤੇ ਉਸ ਦੇ ਵਚਨ ਨੂੰ ਪ੍ਰਚਾਰ ਕਰਨ ਲਈ ਬਣਾਇਆ ਹੈ| ਉਸ ਸਨਮਾਨ ਲਈ ਅਸੀਂ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ ਅਤੇ ਸੇਵਾ ਦੇ ਹਰੇਕ ਅੱਛੇ ਪ੍ਰਭਾਵ ਲਈ ਅਸੀਂ ਉਸ ਨੂੰ ਮਹਿਮਾ ਦਿੰਦੇ ਹਾਂ|

ਪਰਮੇਸ਼ਰ ਨੇ ਗਾਡ'ਸ ਸਟੋਰੀ ਪ੍ਰੋਜੈਕਟ ਨੂੰ ਕਈ ਹਜ਼ਾਰਾਂ ਵਲੰਟੀਅਰ ਸੇਵਕਾਂ ਕੋਲ ਭੇਜਿਆ ਜਿਨ੍ਹਾਂ ਨੇ ਸੈਂਕੜੇ ਭਾਸ਼ਾਵਾਂ ਵਿਚ ਗਾਡ'ਸ ਸਟੋਰੀ ਦੇ ਸੰਸਕਰਣਾਂ ਨੂੰ ਤਿਆਰ ਕੀਤਾ| ਅਸੀਂ ਪਰਮੇਸ਼ਰ ਦਾ ਇਨ੍ਹਾਂ ਸਭ ਲਈ ਧੰਨਵਾਦ ਕਰਦੇ ਹਾਂ ਅਰਥਾਤ ਸੰਗੀਤਕਾਰਾਂ, ਅਨੁਵਾਦਕ, ਵਾਚਕ, ਰਿਕਾਰਡਿਸਟ, ਆਰਥਿਕ ਮਦਦ ਕਰਨ ਵਾਲੇ ਅਤੇ ਗਾਡ'ਸ ਸਟੋਰੀ ਦੇ ਇਸਤੇਮਾਲ ਕਰਨ ਵਾਲਿਆਂ ਦਾ ਜਿਹੜੇ ਮਿਸ਼ਨਰੀ ਸਮਾਜ ਚੋਂ ਆਏ, ਸਥਾਨਿਕ ਵਰਕਰ ਅਤੇ ਉਹ ਅਨੇਖੇ ਲੋਕ ਜਿਹੜੇ ਯਿਸੂ ਨੂੰ ਪਿਆਰ ਕਰਦੇ ਹਨ!

ਸਾਡੇ ਦਫ਼ਤਰ ਦੇ ਵਰਕਰਾਂ ਅਤੇ ਪ੍ਰਬੰਧਕਾਂ ਲਈ ਵੱਖ ਵੱਖ ਦੇਸ਼ਾਂ ਵਿਚ ਹਨ, ਜਿਹੜੇ ਲਕ ਬੰਨ੍ਹ ਕੇ ਸੇਵਾ ਕਰਦੇ ਹਨ ਅਤੇ ਕਦੀ ਕਦੀ ਉਹ ਅਚਾਨਕ ਕਰਦੇ ਹਨ ਪਰਮੇਸ਼ਰ ਜਾਣਦਾ ਹੈ, ਅਸੀਂ ਪਰਮੇਸ਼ਰ ਉਸਤਤ ਕਰਦੇ ਹਾਂ| ਅਸੀਂ ਉਨ੍ਹਾਂ ਦੀ ਮਿਹਨਤ ਨੂੰ ਵੀ ਸ਼ਾਮਿਲ ਕਰਦੇ ਹਾਂ ਜਿਨ੍ਹਾਂ ਦੇ ਵਿਚਾਰ ਅਤੇ ਕਹਾਣੀਆਂ ਇਸ ਹਸਤ ਪੁਸਤਕ ਵਿਚ ਹਨ| ਸਿਰਫ਼ ਇਕ ਕਹਾਣੀ ਦੇ ਮਿਹਨਤੀ

ਨਿਰਦੇਸ਼ਕਾਂ ਅਤੇ ਹਿਦਾਇਤਕਾਰਾਂ ਦਾ ਧੰਨਵਾਦ ਕਰਦੇ ਹਾਂ, ਇਸ ਨਾਲ ਸਾਨੂੰ ਬੜਾ ਅਚੰਭਾ ਹੈ ਅਤੇ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ| ਅਸੀਂ ਸਾਡੀ ਵੱਡੀ ਟੀਮ ਲਈ ਪਰਮੇਸ਼ਰ ਦੀ ਮਹਿਮਾ ਕਰਦੇ ਹਾਂ, ਜੋ ਕਿ ਹੁਣ ਲੱਖਾਂ ਦੀ ਗਿਣਤੀ ਵਿਚ ਹੈ, ਅਸੀਂ ਪਰਮੇਸ਼ਰ ਦੀ ਕਹਾਣੀਆਂ ਨੂੰ ਸਾਰੇ ਸੰਸਾਰ ਵਿਚ ਬਹਾਦਰੀ ਅਤੇ ਨਿਡਰਤਾ ਨਾਲ ਸੁਣ ਰਹੇ ਹਾਂ|

1994 ਵਿਚ, ਚਿੱਤਰਕਾਰ ਨੋਰਮ ਮੈਕਗ੍ਰੇ ਨੇ 10 ਬਾਈਬਲ ਚਿੱਤਰ ਬਣਾਏ| ਉਸ ਨੇ ਆਪਣੇ ਇਹ ਹੁੱਨਰ ਨੂੰ ਯਿਸੂ ਨੂੰ ''ਮੈਂ ਹਾਂ" ਦੇ ਰੂਪ ਵਿਚ ਦਰਸ਼ਾਉਣ ਲਈ ਇਸਤੇਮਾਲ ਕੀਤਾ ਇਸ ਉਮੀਦ ਵਿਚ ਕਿ ਉਸ ਦੀ ਬਜੁਰਗ ਮਾਤਾ ਪ੍ਰਭੂ ਯਿਸੂ ਨੂੰ ਆਪਣਾ ਨਿੱਜੀ ਮੁਕਤੀਦਾਤਾ ਕਬੂਲ ਕਰੇ| ਨੋਰਮ 2012 ਵਿਚ ਆਪਣੇ ਘਰ ਯਿਸੂ ਕੋਲ ਚੱਲਿਆ ਗਿਆ ਅਤੇ ਆਪਣੀ ਮਾਤਾ ਨਾਲ ਉਥੇ ਜਾ ਮਿਲਿਆ| ਉਸ ਦੀ ਚਿੱਤਰਕਾਰੀ ਗਾਡ'ਸ ਸਟੋਰੀ ਬਣ ਗਈ, ਜਿਸ ਨੇ ਸਿਰਫ਼ ਇਕ ਕਹਾਣੀ ਨੂੰ ਵਿਕਸਤ ਹੋਣ ਲਈ ਪ੍ਰੇਰਿਤ ਕੀਤਾ| ਅਸੀਂ ਨੋਰਮ ਦੇ ਸੇਵਕ ਹਿਰਦੇ ਲਈ ਉਸ ਦੀ ਕਦਰ ਕਰਦੇ ਹਾਂ| ਅਸੀਂ ਉਸ ਵਿਅਕਤੀ ਦੇ ਯਿਸੂ ਲਈ ਇਸ ਤਰ੍ਹਾਂ ਦੇ ਪ੍ਰੇਮ ਲਈ ਪਰਮੇਸ਼ਰ ਦੀ ਮਹਿਮਾ ਕਰਦੇ ਹਾਂ ਅਤੇ ਜਿਸ ਦੀ ਇੱਛਾ ਸੀ ਕਿ ਮੁਕਤੀ ਪ੍ਰਾਪਤ ਕਰੇ ਹੁਣ ਸੰਸਾਰ ਵਿਚ ਪ੍ਰਚਾਰ ਲਈ ਭਬਕ ਰਿਹਾ ਹੈ|

ਟੋਮ ਅਤੇ ਡੋਰੇਥੀ ਮਿੱਲਰ
ਦਿ ਗਾਡ'ਸ ਸਟੋਰੀ ਪ੍ਰੋਜੈਕਟ

ਅਧਿਆਏ 1: ਮੌਖਿਕ ਤਰੀਕੇ ਦੀ ਜ਼ਰੂਰਤ

ਪਛਮੀ ਸੰਸਾਰ ਵਿਚ ਗੈਰ-ਮਸੀਹੀ ਅਤੇ ਮਸੀਹੀ ਵਾਤਾਵਰਨ ਵਿਚ ਇਕ ਬਾਈਬਲ ਸਿੱਖਿਅਕ ਹੋਣ ਦੇ ਨਾਤੇ, ਮੇਰੀ ਇੱਛਾ ਸੀ ਕਿ ਬਾਈਬਲ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਇਹ ਸਮਝੀ ਜਾਵੇ ਅਤੇ ਜੀਵਨਾਂ ਨੂੰ ਬਦਲੇ|

ਮੈਂ ਇਹ ਵੇਖਿਆ ਕਿ ਕਾਲਕ੍ਰਮਕ ਪੇਸ਼ਕਾਰੀ ਅਤੇ ਬਾਈਬਲ ਦੀ ਕਹਾਣੀ ਦੇ ਹਿੱਸੇ ਉੱਤੇ ਵਿਚਾਰ ਕਰਨਾ ਉਸ ਇੱਛਾ ਦੀ ਪੂਰਤੀ ਹੈ| ਖ਼ਾਸਕਰ ਜਦ ਲੋਕਾਂ ਨੂੰ ਸਵਾਲਾਂ ਰਾਹੀ ਅਗੁਵਾਈ ਕੀਤੀ ਗਈ ਹੋਵੇ, ਪਰ ਫਿਰ ਵੀ ਉਨ੍ਹਾਂ ਨੂੰ ਆਪਣੇ ਲਈ ਖੋਜਣ ਦਿਤਾ ਹੈ, ਉਹ ਸਮਝ ਗਏ ਅਤੇ ਬਾਈਬਲ ਨੂੰ ਵਿਅਕਤੀਗਤ ਤੌਰ 'ਤੇ ਲਾਗੂ ਕੀਤਾ|

ਪਰਮੇਸ਼ਰ ਨੇ ਮੇਰੇ ਲਈ ਇਕ ਬੂਹਾ ਖੋਲ੍ਹਿਆ ਕਿ ਮੈਂ ਇਕ ਫਿਲਮ ਗਾਡ'ਸ ਸਟੋਰੀ ਅਰਥਾਤ ਸ੍ਰਿਸ਼ਟੀ ਤੋਂ ਲੈ ਕੇ ਅਨੰਤ ਤਕ ਬਣਾਵਾਂ| ਉਸ ਫਿਲਮ ਵਿਚ ਕਾਲਕ੍ਰਮ ਦਾ ਇਸਤੇਮਾਲ ਕੀਤਾ ਗਿਆ, ਕਹਾਣੀ ਸੰਸਾਰ ਲਈ ਬਾਈਬਲ ਔਡੀਓ ਦੇ ਰੂਪ ਵਿਚ ਪੁੱਜੀ| ਅਸੀਂ ਇਸ 80 ਮਿਨਟ ਦੇ ਅਸਰ ਨੂੰ ਵੇਖਿਆ, ਕਹਾਣੀ ਦਾ ਸਾਰ ਸੈਂਕੜੇ ਭਾਸ਼ਾ ਵਿਚ ਹੋ ਗਿਆ| ਉਹ ਫਿਲਮ ਅਤੇ ਉਸ ਦੇ ਵਿਅਰਥ ਜਿਹੇ ਔਡੀਓ ਟ੍ਰੈਕ ਨੇ ਸਾਨੂੰ ਪ੍ਰਚਾਰ ਕਰਨ ਵਿਚ ਅਤੇ ਚੇਲੇ ਬਣਾਉਣ ਵਿਚ ਕਹਾਣੀ ਦੇ ਮੁੱਖ ਸਾਰ ਵਿਚ ਜਾਗਰਤ ਕੀਤਾ|

ਬਾਦ ਵਿਚ, ਅਸੀਂ ਦੂਜੀ ਮਿਸ਼ਨਾਂ ਦੇ ਆਗੂਆਂ ਨਾਲ ਜੁੜੇ ਜੋ ਇਕ ਕਹਾਣੀ ਸੁਣਾਉਣ ਦੇ ਮਹੱਤਵ ਉੱਤੇ ਜੋਰ ਦੇ ਰਹੇ ਸੀ| ਉਨ੍ਹਾਂ ਨੇ ਸੰਸਾਰ ਉਨ੍ਹਾਂ ਲੋਕਾਂ ਵਿਚ ਬਾਈਬਲ ਦੇ ਪੇਸ਼ ਕਰਨ ਦੇ ਉਸ ਤਰੀਕੇ ਨੂੰ ਪਛਾਣ ਲਿਆ ਸੀ ਜਿਨ੍ਹਾਂ ਨੇ ਪੜ੍ਹਨਾ ਨਹੀਂ ਸਿੱਖਿਆ ਸੀ| ਦੂਜੇ ਆਗੂਆਂ ਤੋਂ ਅਸੀਂ ਗਿਆਨ ਪ੍ਰਾਪਤ ਕੀਤਾ ਜਿਸ ਨਾਲ ਸਾਨੂੰ ਇਹ ਸੰਕੇਤ ਮਿਲਿਆ ਕਿ ਇਕੇ ਸਮੇਂ ਵਿਚ ਇਕੋ ਕਹਾਣੀ ਵਿਚ ਰਹਿੰਦੇ ਹੋਏ ਵਿਚਾਰ ਵਟਾਂਦਰੇ ਦੇ ਤਰੀਕੇ ਨਾਲ ਸਿਖਾਇਆ ਜਾਵੇ| ਉਹੀ ਮੇਲਮਿਲਾਪ ਸਿਰਫ਼ ਇਕ ਕਹਾਣੀ (STS) ਬਣ ਗਿਆ|

STS ਸਿਰਫ਼ ਇਕੋ ਕਹਾਣੀ ਵਿਚ ਬਣਿਆਂ ਰਹਿੰਦਾ ਹੈ, ਅਤੇ ਵਚਨ ਦੀ ਗਹਿਰਾਈ ਤਕ ਜਾਂਦਾ ਹੈ| ਮਿਥੇ ਹੋਏ ਵਿਚਾਰ ਵਟਾਂਦਰੇ ਦੇ ਸਵਾਲਾਂ ਦੇ ਰਾਹੀਂ, ਲੋਕ ਆਪਣੇ ਆਪ ਲਈ ਖੋਜ ਕਰਦੇ ਹਨ| ਹੁਣ ਅਸੀਂ ਸਮਝ ਤੋਂ ਅਤੇ ਵਿਅਕਤੀਗਤ ਲਾਗੂ ਕਰਨ ਨੂੰ ਵੇਖਦੇ ਹਾਂ| ਅਸੀਂ ਵੇਖਦੇ ਹਾਂ ਅਰਥਾਤ ਯਾਦ ਕੀਤਾ ਜਾਣਾ!

ਉਹ ਜੋ ਸ਼ਹਿਰ ਜਾਣ ਲਈ ਮੋਟਰ ਚਲਾਉਂਦਾ ਹੈ ਉਹ
ਅਗਲੀ ਵਾਰ ਵਾਪਿਸ ਦੇ ਰਸਤੇ ਨੂੰ ਵੀ ਜਾਣਦਾ ਹੈ|

ਅਤੇ ਐਥੋਂ ਤਕ ਕਿ ਉਨ੍ਹਾਂ ਨਤੀਜਿਆਂ ਤੋਂ ਵੀ ਵਧ ਕੇ, ਅਸੀਂ ਵੇਖਦੇ ਹਾਂ ਕਿ ਲੋਕ ਬਲਵਾਨ ਕੀਤੇ ਗਏ ਹਨ ਅਤੇ ਦੂਜਿਆਂ ਨੂੰ ਦੱਸਣ ਲਈ ਸਾਹਸੀ ਬਣਾਏ ਗਏ ਹਨ|

ਬਾਈਬਲ ਦਾ ਗਿਆਨ ਪੇਸ਼ ਕਰਨ ਵਾਲਿਆਂ ਨੂੰ STS ਕਹਾਣੀਆਂ ਨੂੰ ਉਸ ਤਰੀਕੇ ਨਾਲ ਪੇਸ਼ ਕਰਨ ਲਈ ਉਤਸ਼ਹਿਤ ਕਰਦਾ ਹੈ ਜਿਸ ਤਰ੍ਹਾਂ ਉਨ੍ਹਾਂ ਨੂੰ ਪਰਮੇਸ਼ਰ ਨੇ ਪੂਰੇ ਤੌਰ 'ਤੇ ਦਿੱਤੀ ਹੈ|

ਅਸੀਂ ਜਦ ''ਕਹਾਣੀਆਂ" ਦਾ ਹਵਾਲਾ ਦਿੰਦੇ ਹਾਂ, ਅਸੀਂ ਬਾਈਬਲ ਦੇ ਵੱਖ ਵੱਖ ਹਿੱਸਿਆਂ ਨੂੰ ਸ਼ਾਮਿਲ ਕਰਦੇ ਹਾਂ ਐਥੋਂ ਤਕ ਕਿ ਉਹ ਹਿੱਸਾ ਵੀ ਜੋ ਪਹਿਲਾਂ ਕਹਾਣੀ ਵਿਚ ਨਹੀਂ ਆਉਂਦਾ ਹੈ| ਇਹ ਹਸਤ ਪੁਸਤਕ ਦੱਸਦੀ ਹੈ ਕਿ ਕਹਾਣੀ ਨੂੰ ਦਿਲਚਸਪੀ ਨਾਲ ਅਤੇ ਸਹੀ ਸਹੀ ਕਿਸ ਤਰ੍ਹਾਂ ਸੁਣਾਉਣੀ ਹੈ ਅਤੇ ਉਨ੍ਹਾਂ ਨੂੰ ਸਿਖਾਉਣਾ ਕਿ ਵਿਚਾਰ ਵਟਾਂਦਰਾ ਕਿਸ ਤਰ੍ਹਾਂ ਕਰਨਾ ਹੈ| ਇਸ ਹਸਤ ਪੁਸਤਕ ਦੇ ਇਲਾਵਾ ਅਤੇ ਦੂਜੇ ਮੀਡੀਆ ਸ੍ਰੋਤ, ਅਤੇ STS ਵਰਕਸ਼ਾਪ ਸਿੱਖਿਆ ਲੋਕਾਂ ਨੂੰ ਉਨ੍ਹਾਂ ਦੇ ਹੁੱਨਰ ਨੂੰ ਵਿਕਸਿਤ ਕਰਨ ਵਿਚ ਸਹਾਇਤਾ ਕਰਦੀ ਹੈ|

ਪਵਿੱਤਰ ਸ਼ਾਸਤਰ ਸਿੱਖਣ ਦੇ ਇਸ ਤਰੀਕੇ ਦੀ ਕਿਸ ਨੂੰ ਲੋੜ ਹੈ?

ਇਕ ਵਿਅਕਤੀ ਯੂ ਏਸ ਏ ਵਿਚ ਜਿਹੜਾ STS ਵਰਕਸ਼ਾਪ ਵਿਚ ਆਇਆ, ਉਸ ਨੇ ਦੱਸਿਆ ਕਿ ਉਹ ਵਰਕਸ਼ਾਪ ਵਿਚ ਕਿਉਂ ਆਇਆ ਸੀ:

> ਮੇਰੀ ਪਾਸਟਰੀ ਸੇਵਾ ਦੇ ਪਹਿਲੇ ਸਾਲ ਵਿਚ, ਮੈਂ ਮਹਿਸੂਸ ਕੀਤਾ ਕਿ ਉਥੇ ਇਕ ਸੰਗੀਨ ਸਮੱਸਿਆ ਹੈ| ਚਾਰਲਸਟੋਨ ਸਥਰਨ ਯੂਨੀਵਰਸਿਟੀ ਤੋਂ ਮੈਂ ਚਾਰ ਸਾਲ ਦੀ ਡਿਗਰੀ ਪ੍ਰਾਪਤ ਕੀਤੀ ਸੀ ਅਤੇ ਗਾਰਡੋਨ-ਕੋਨਵੇਲ ਥਿਓਲੋਜਿਕਲ ਸੈਮਨਰੀ ਤੋਂ ਚੰਗੇ ਨੰਬਰਾਂ ਨਾਲ ਮਾਸਟਰ ਡਿਗਰੀ ਹਾਸਿਲ ਕੀਤੀ ਸੀ| ਮੈਂ ਪੜ੍ਹਾਉਣ ਅਤੇ ਸਿਖਾਉਣ ਲਈ ਤਿਆਰ ਸੀ| ਪਰਮੇਸ਼ਰ ਨੇ ਜੋ ਮੈਨੂੰ ਸਥਾਨ ਦਿੱਤਾ ਸੀ ਮੈਂ ਉਸ ਵਿਚ ਮਹਾਨ ਆਦੇਸ਼ ਨੂੰ ਪੂਰਾ ਕਰਨਾ ਚਾਹੁੰਦਾ ਸੀ| ਪੁਲਪਿਟ ਤੋਂ ਸਭ ਕੁਝ ਠੀਕ ਠਾਕ ਹੋ ਰਿਹਾ ਸੀ| ਲੋਕ ਸਹਿਮਤੀ ਨਾਲ ਆਪਣੇ ਸਿਰਾਂ ਨੂੰ ਹਿਲਾਉਂਦੇ ਅਤੇ ਆ ਕੇ ਕਹਿੰਦੇ, ''ਪਾਸਟਰ ਸਾਹਿਬ, ਬਹੁਤ ਵਧੀਆ ਸੰਦੇਸ਼ ਦਿੱਤਾ ਹੈ|"
>
> ਕੁਝ ਹੀ ਮਹੀਨੀਆਂ ਵਿਚ, ਕੁਝ ਨਵੇਂ ਵਿਸ਼ਵਾਸੀ ਸੰਡੇ ਸਕੂਲ ਦੀ ਕਲਾਸ ਵਿਚ ਸਿੱਖਣ ਲਈ ਆਏ| ਉਹ ਵਿਸ਼ਵਾਸ ਲਈ ਆਏ ਸਨ, ਪਰ ਹੁਣ ਉਨ੍ਹਾਂ ਨੂੰ ਹੋਰ ਵੀ ਅੱਗੇ ਤਰੱਕੀ ਕਰਨਾ ਸਿੱਖਣ ਦੀ ਲੋੜ ਸੀ| ਅਸੀਂ ਉਨ੍ਹਾਂ ਨੂੰ ਸਾਡੇ ਸੰਸਥਾ ਦੇ ਪ੍ਰਕਾਸ਼ਨ ਹਾਉਸ 'ਚੋਂ ਲਿਖਿਤ ਸਮਗਰੀ ਦਿੱਤੀ, ''ਚਾਰ ਮਹੀਨੀਆਂ" ਲਈ| ਮੈਂ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ, ''ਘਰ ਜਾਓ ਅਤੇ ਇਸ ਸਮਗਰੀ ਨੂੰ ਪੜ੍ਹੋ| ਜਦ ਤੁਸੀਂ ਵਾਪਿਸ ਆਓਗੇ, ਤਾਂ ਅਸੀਂ ਇਸ ਬਾਰੇ ਗੱਲ ਬਾਤ ਕਰੇਂਗੇ|"
>
> ਹਫਤੇ ਦਰ ਹਫਤੇ ਕਲਾਸ ਵਿਚ ਮੈਂ ਉਨ੍ਹਾਂ ਨੂੰ ਪੁੱਛਦਾ, ''ਜੋ ਤੁਸੀਂ ਪੜ੍ਹਿਆ ਹੈ ਉਸ ਵਿਚੋਂ ਤੁਸੀਂ ਕੀ ਸਿੱਖਿਆ ਹੈ? ਕੀ ਤੁਹਾਡਾ ਕੋਈ ਸਵਾਲ ਹੈ? ਕੀ ਤੁਹਾਨੂੰ ਦਿਲਚਸਪ ਗੱਲ ਮਿਲੀ?" ਜ਼ਿਆਦਾਤਰ ਹਮੇਸ਼ਾ ਹੀ ਉਨ੍ਹਾਂ ਦਾ ਜਵਾਬ ਚੁੱਪ ਵਿਚ ਹੀ ਹੁੰਦਾ ਸੀ|
>
> ਇਹ ਪ੍ਰਗਟ ਹੋ ਗਿਆ ਕਿ ਉਹ ਸਮਗਰੀ ਨੂੰ ਪੜ੍ਹ ਨਹੀਂ ਰਹੇ ਸਨ| ਆਖਿਰਕਾਰ ਇਕ ਹਫਤੇ, ਮੈਂ ਹਾਰ ਕੇ, ਮੈਂ ਉਨ੍ਹਾਂ ਵਿਚੋਂ ਇਕ ਨੂੰ ਉੱਚੀ ਅਵਾਜ਼ ਨਾਲ ਕਲਾਸ ਵਿਚ ਪਾਠ ਪੜ੍ਹਨ ਨੂੰ ਕਿਹਾ| ਇਕ ਲੰਮੀ ਅਤੇ ਬਢੱਬੀ ਇੰਤਜਾਰੀ ਤੋਂ ਬਾਦ, ਇਕ ਵਿਅਕਤੀ ਪੜ੍ਹਨ ਲਈ ਤਿਆਰ ਹੋਇਆ| ਉਸ ਨੇ ਬੜੀ ਮੁਸ਼ਕਿਲ ਨਾਲ ਦੋ ਕੁ ਲਾਈਨਾਂ ਪੜ੍ਹੀਆਂ, ਉਹ ਵੀ ਹੌਲੀ ਹੌਲੀ ਅਤੇ ਅਟਕ ਅਟਕ ਕੇ ਅਤੇ ਸ਼ਬਦ ਵੀ ਗਲਤ ਉੱਚਾਰਨ ਕਰ ਰਿਹਾ ਸੀ| ਤਦ ਮੈਂ ਜਾਣਿਆਂ! ਇਹ ਲੋਕ ਪਾਠ ਪੜ੍ਹਦੇ ਹੀ ਨਹੀਂ ਸੀ ਕਿਉਂਕਿ ਉਹ ਮਾੜਾ ਮੋਟਾ ਹੀ

ਪੜ੍ਹ ਸਕਦੇ ਸੀ|

ਜਿਵੇਂ ਮੈਂ ਇਸ ਵਿਚ ਧਿਆਨ ਕੀਤਾ, ਆਂਕੜਿਆਂ ਨੇ ਸਿੱਧ ਕਰ ਦਿੱਤਾ ਕਿ ਮੈਂ ਕੀ ਵੇਖਿਆ ਸੀ| ਲਗਭਗ ਚਰਚ ਦੇ ਆਸੇ ਪਾਸੇ ਦੇ ਇਕ ਤਿਹਾਈ ਵੱਡੇ ਲੋਕ ਹਾਈ ਸਕੂਲ ਤਕ ਵੀ ਨਹੀਂ ਪੜ੍ਹੇ ਸੀ| ਇਕ ਨਵਾਂ ਪਾਸਟਰ ਹੋਣ ਦੇ ਨਾਤੇ ਮੇਰੇ ਸਾਹਮਣੇ ਇਕ ਵੱਡਾ ਸਵਾਲ ਸੀ: ਅਸੀਂ ਇਨ੍ਹਾਂ ਲੋਕਾਂ ਨੂੰ ਕਿਸ ਤਰ੍ਹਾਂ ਪ੍ਰਚਾਰ ਕਰ ਸਕਦੇ ਅਤੇ ਚੇਲੇ ਬਣਾ ਸਕਦੇ ਹਾਂ ਜਿਹੜੇ ਪੜ੍ਹ ਨਹੀਂ ਸਕਦੇ ਜਾਂ ਪੜ੍ਹਨਾ ਚਾਹੁੰਦੇ ਹਨ?

ਬੜੇ ਦੁੱਖ ਦੀ ਗੱਲ ਹੈ ਕਿ ਮੈਂ ਇਸ ਸਵਾਲ ਦਾ ਉੱਤਰ ਦੇਣ ਦੇ ਅਯੋਗ ਸੀ| ਐਥੋਂ ਤਕ ਕਿ ਦੋ ਸੰਸਥਾਵਾਂ ਵਿਚ ਸੱਤ ਸਾਲ ਦੀ ਪ੍ਰਚਾਰ ਦੀ ਪੜ੍ਹਾਈ ਕਰਨ ਤੋਂ ਬਾਦ ਵੀ, ਮੈਂ ਕਦੀ ਵੀ ਮੌਖਿਕ ਰੂਪ ਨਾਲ ਸਿੱਖਣ ਦੇ ਬਾਰੇ ਨਹੀਂ ਸੁਣਿਆਂ ਸੀ| ਮੇਰੇ ਕੋਲ ਕੋਈ ਵਿਚਾਰ ਨਹੀਂ ਸੀ ਕਿ ਘੱਟ ਪੜ੍ਹੇ ਲੋਕ ਸੇਵਾ ਲਈ ਚੁਨੌਤੀ ਬਣ ਜਾਣਗੇ ਅਤੇ ਇਨ੍ਹਾਂ ਮੌਖਿਕ ਰੂਪ ਵਿਚ ਸਿੱਖਣ ਵਾਲਿਆਂ ਲਈ ਮੇਰੇ ਕੋਲ ਕੋਈ ਸਾਧਨ ਨਹੀਂ ਸੀ ਜਿਸ ਨੂੰ ਪਰਮੇਸ਼ਰ ਨੇ ਪਾਸਟਰ ਹੋਣ ਲਈ ਬੁਲਾਇਆ ਸੀ| ਇਸੇ ਕਾਰਨੇਂ ਮੈਂ ਟ੍ਰੇਨਿੰਗ ਲੈਣ ਲਈ ਆਇਆ|

ਉਹ ਪਾਸਟਰ ਅਤੇ ਹੋਰ ਲੋਕ ਜੋ ਵਰਕਸ਼ਾਪ ਵਿਚ ਆਏ ਸੀ ਤਿੰਨ ਗੱਲਾਂ ਦੱਸਿਆਂ: ਉਨ੍ਹਾਂ ਨੇ ਪਰਮੇਸ਼ਰ ਦੇ ਵਚਨ ਨੂੰ ਇਕੱਠਾ ਕੀਤਾ, ਉਨ੍ਹਾਂ ਕੋਲ ਸਮਝ ਪ੍ਰਾਪਤ ਕਰਨ ਯਾਦ ਕਰਨ ਦੀ ਇੱਛਾ ਸੀ ਅਤੇ ਪਵਿੱਤਰ ਸ਼ਾਸਤਰ ਨੂੰ ਆਪਣੇ ਜੀਵਨਾਂ ਵਿਚ ਲਾਗੂ ਕੀਤਾ ਅਤੇ ਉਹ ਉਨ੍ਹਾਂ ਗੱਲਾਂ ਨੂੰ ਦੂਜਿਆਂ ਦੀ ਜੀਵਨ ਵਿਚ ਲਾਉਣਾ ਚਾਹੁੰਦੇ ਸਨ|

ਮੌਖਿਕ ਸੰਚਾਰ ਦੀ ਜ਼ਰੂਰਤ ਕਿੰਨੀ ਵੱਡੀ ਹੈ?

ਬਾਈਬਲ ਕਹਾਣੀਆਂ ਦੇ ਦੱਸਣ ਦੀ ਕਦਰ ਉਨ੍ਹਾਂ ਵਿਚ ਬਹੁਤ ਵੱਡੀ ਮਹੱਤਤਾ ਹੈ ਜਦ ਅਸੀਂ ਇਹ ਜਾਣ ਜਾਂਦੇ ਹਾਂ ਕਿ ''ਮੂੰਹ ਜੁਬਾਨੀ ਸਿੱਖਾਉਣ" ਦੇ ਅਰਥ ਦਾ ਮਹੱਤਵ ਕੀ ਹੈ ਅਤੇ ਮੂੰਹ ਜੁਬਾਨੀ ਸਿਖਾਉਣ ਵਾਲਾ ਕਿਸ ਤਰ੍ਹਾਂ ਸੂਚਨਾ ਪ੍ਰਾਪਤ ਕਰਦਾ ਹੈ|

ਉਹ ਲੋਕ ਜਿਹੜੇ ਪੜ੍ਹ ਨਹੀਂ ਸਕਦੇ ਹਨ, ਉਹ ਕਦਰਤੀ ਤੌਰ 'ਤੇ ਮੌਖਿਕ ਸਿੱਖਣ ਵਾਲੇ ਹੁੰਦੇ ਹਨ| ਇਕ ਜਾਂਚ ਪੜਤਾਲ ਤੋਂ ਪਤਾ ਲਗਦਾ ਹੈ ਕਿ ਜ਼ਿਆਦਾਤਰ ਦੇਸ਼ ਆਪਣੇ ਸਾਖਰਤਾ ਦੇ ਆਂਕੜਿਆਂ ਉੱਤੇ ਬਹੁਤ ਘੁਮੰਡ ਕਰਦੇ ਹਨ ਜਾਂ ਸਾਖਰਤਾ ਦੇ ਘਟਿਆ ਪੈਮਾਨੇ ਉੱਤੇ ਆਂਕੜੇ ਪ੍ਰਕਾਸ਼ਿਤ ਕਰਦੇ ਹਨ, ਜਿਵੇਂ ਕਿ ''ਜੇਕਰ ਤੁਸੀਂ ਆਪਣੇ ਨਾਮ ਦੇ ਦਸਤਖਤ ਕਰ ਲੈਂਦੇ ਹੋ ਤਾਂ ਤੁਸੀਂ ਪੜ੍ਹੇ ਲਿਖੇ ਆਦਮੀ ਹੋ!"

ਕਈ ਜਾਂਚ ਅਤੇ ਪੜਤਾਲ ਜਿਵੇਂ ਕਿ ਰਾਸ਼ਟਰੀਯ ਪ੍ਰੌੜ ਸਿੱਖਿਆ ਅਧਿਐਨ ਦਰਸ਼ਾਉਂਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਵਿਚ 43 ਪ੍ਰਤੀਸ਼ਤ ਪੜ੍ਹਨ ਵਿਚ ਅਸਮਰਥ ਹਨ ਜਾਂ ਇੰਨਾ ਹੀ ਪੜ੍ਹ ਸਕਦੇ ਹਨ ਕਿ ਬੱਸ ਪਾਠ ਦੇ ਇਕ ਹਿੱਸੇ ਦੇ ਅਰਥ ਨੂੰ ਸਮਝ ਸਕਣ| ਇਸ ਦੇ ਨਾਲ ਹੀ ਨਾਲ ਸੰਯੁਕਤ ਰਾਜ ਅਮਰੀਕਾ ਵਿਚ 44 ਪ੍ਰਤੀਸ਼ਤ ਲੋਕ ਜਾਣਕਾਰੀ ਸੁਣਨ ਅਤੇ ਚਰਚਾ ਕਰਨ ਦੇ ਰਾਹੀਂ ਪ੍ਰਾਪਤ ਕਰਦੇ ਹਨ| ਇਹ ਅਨੇਖੇ ਆਂਕੜੇ ਬਾਕੀ ਤਰੱਕੀਯਾਫਤਾ ਦੇਸਾਂ ਦੇ ਪ੍ਰਤੀ ਸਚਿਆਈ ਰੱਖਦੇ ਹਨ| ਇਸ ਦਾ ਮਤਲਬ ਇਹ ਹੈ ਕਿ ਤਰੱਕੀਯਾਫਤਾ ਦੇਸਾਂ ਵਿਚ ਅਨਪੜ੍ਹ ਜਾਂ ਮੌਖਕ ਤੌਰ 'ਤੇ ਸਿੱਖਣਾ ਪਸੰਦ ਕਰਨ ਵਾਲੇ ਹਨ|

ਤਰੱਕੀਯਾਫਤਾ ਦੇਸਾਂ ਵਿਚ, ਜਿਥੇ ਸਕੂਲ ਜਾਣ ਦੇ ਮੌਕੇ ਸੀਮਤ ਹੁੰਦੇ ਹਨ, ਸਾਖਰਤਾ ਦਰ ਹੋਰ ਵੀ ਹੇਠਾਂ ਹੈ, ਇਸ ਲਈ ਅਨਪੜ੍ਹਾਂ ਦੀ ਦਰ ਜਾਂ ਮੌਖਕ ਤੌਰ 'ਤੇ ਸਿੱਖਣ ਵਾਲਿਆਂ ਦੀ ਗਿਣਤੀ ਉਨ੍ਹਾਂ ਵਿਚ ਹੋਰ ਵੀ ਜ਼ਿਆਦਾ ਹੋਵੇਗੀ|

ਮੌਖਕ ਤੌਰ 'ਤੇ ਸਿੱਖਣ ਵਾਲੇ ਨੋਟਸ ਨਹੀਂ ਬਣਾਉਂਦੇ ਹਨ ਜਾਂ ਨਹੀਂ ਬਣਾ ਸਕਦੇ ਹਨ, ਇਸ ਜਿਸ ਤਰੀਕੇ ਨਾਲ ਉਹ ਗੱਲਾਂ ਯਾਦ ਕਰਦੇ ਹਨ ਉਹ ਕਹਾਣੀ ਦੇ ਰਾਹੀਂ ਹੀ ਕੀਤਾ ਜਾ ਸਕਦਾ ਹੈ| ਜਦ ਕੋਈ ਸਿੱਖਿਆ ਮੌਖਕ ਤੌਰ 'ਤੇ ਸਿੱਖਣ ਵਾਲਿਆਂ ਦੇ ਸਾਹਮਣੇ ਵਿਸ਼ੇ, ਰੂਪ ਰੇਖਾ ਦੀ ਤੌਰ ਤੇ ਪੇਸ਼ ਕੀਤੀ ਜਾਂਦੀ ਹੈ, ਲੋਕਾਂ ਦੇ ਯਾਦ ਰੱਖਣ ਦੀ ਸਮਰੱਥਾ ਘਟ ਜਾਂਦੀ ਹੈ|

ਇਸ ਗੱਲ ਉੱਤੇ ਧਿਆਨ ਦਿਓ ਕਿ ਜਿਸ ਤਰੀਕੇ ਨਾਲ ਉਸ ਨੇ ਬਾਈਬਲ ਨੂੰ ਤਿਆਰ ਕੀਤਾ ਹੈ ਕਹਾਣੀਆਂ ਉੱਤੇ ਪਰਮੇਸ਼ਰ ਜੋਰ ਦਿੰਦਾ ਹੈ| ਪਰਮੇਸ਼ਰ ਦਾ ਵਚਨ ਇਸ ਰੂਪ ਵਿਚ ਲਿਖਿਆ ਗਿਆ ਹੈ:

10% ਵਿਆਖਿਆ ਰੂਪ
15% ਕਾਵੀ ਰੂਪ ਅਤੇ
75% ਕਹਾਣੀ ਦੇ ਰੂਪ ਵਿਚ

ਕੀ ਤੁਸੀਂ ਕਿਸੇ ਨੂੰ ਕੋਈ ਘਟਨਾ ਦੱਸਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਹ ਵਿਅਕਤੀ ਤੁਹਾਨੂੰ ਵਿਚੋਂ ਹੀ ਟੋਕਦਾ ਰਹੇ, ਪ੍ਰਸ਼ਨ ਪੁੱਛੇ ਅਤੇ ਟਿੱਪਣੀਆਂ ਕਰਦਾ ਰਹੇ? ਜਦ ਤਕ ਤੁਸੀਂ ਕਹਾਣੀ ਜਾਂ ਘਟਨਾ ਪੂਰੀ ਕਰੋਂਗੇ, ਜ਼ਿਆਦਾ ਟੋਕਾ ਟਾਕੀ ਦੇ ਕਾਰਨਇਹ ਆਪਣਾ ਅਸਰ ਗੁਆ ਬੈਠਦੀ ਹੈ| ਬਾਈਬਲ ਕਹਾਣੀਆਂ ਵਿਚ ਵੀ ਆਪਣੀ ਸਮਰੱਥ ਹੈ ਜਦ ਸੁਣਾਈਆਂ ਜਾਂਦੀਆਂ ਹਨ ਜਿਸ ਤਰ੍ਹਾਂ ਉਹ ਲਿਖਿਆਂ ਹਨ| ਯਾਦ ਰੱਖੋ: 75 ਪ੍ਰਤੀਸ਼ਤ ਬਾਈਬਲ ਪਰਮੇਸ਼ਰ ਨੇ ਕਹਾਣੀਆਂ ਦੇ ਰੂਪ ਵਿਚ ਦਿੱਤੀ ਹੈ| ਅਸੀਂ ਹੋਣ ਦੇਈਏ ਕਿ ਪਰਮੇਸ਼ਰ ਆਪਣੀ ਸਾਰੀ ਕਹਾਣੀ ਸੁਣਾਏ|

ਵਰਤਮਾਨ ਕਾਲ ਦੇ ਨੁਕਸਾਨ, ਜ਼ਿਆਦਾ ਤੌਰ ਤੇ ਇਸਤੇਮਾਲ ਹੋਣ ਵਾਲੇ ਤਰੀਕੇ:

ਕਲਪਨਾ ਕਰੋ ਕਿ ਇਹ ਤੋਹਫਾ ਸੁੰਦਰ ਲਪੇਟਿਆ ਹੈ ਅਤੇ ਉਸ ਨੂੰ ਇਕ ਮਿੱਤਰ ਨੂੰ ਭੇਜਣਾ ਹੈ ਅਤੇ ਉਹ ਸਾਡੇ ਕੋਲ ਹੀ ਅਣਖੋਲ੍ਹਿਆ ਹੀ ਆ ਜਾਂਦਾ ਹੈ| ਕੀ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਿੱਤਰ ਨੂੰ ਕੋਈ ਲਪੇਟੀ ਹੋਈ ਚੀਜ ਪਸੰਦ ਨਹੀਂ ਹੈ? ਇਹ ਵੀ ਹੋ ਸਕਦਾ ਹੈ ਕਿ ਪ੍ਰਾਪਤਕਰਤਾ ਜਾਣਦਾ ਹੀ ਨਹੀਂ ਹੈ ਕਿ ਉਹ ਲਪੇਟੇ ਹੋਏ ਪੈਕਟ ਨੂੰ ਖੋਲ੍ਹਣਾ ਕਿਸ ਤਰ੍ਹਾਂ ਹੈ? ਜਦ ਅਸੀਂ ਬਾਈਬਲ ਦੀ ਸਚਿਆਈਆਂ ਨੂੰ ਵਿਸ਼ੇਆਤਮਕ ਅਤੇ ਰੂਪ ਰੇਖਾ ਦੇ ਪੈਕਟ ਵਿਚ ਲਪੇਟ ਦਿੰਦੇ ਹਾਂ ਉਹ ਜਿਹੜੇ ਮੌਖਕ ਤੌਰ 'ਤੇ ਸਿੱਖਣ ਵਾਲੇ ਹਨ ਇਸ ਨੂੰ ਖੋਲ੍ਹ ਨਹੀਂ ਸਕਦੇ ਹਨ| ਇਹ ਸਮਾ ਸਾਡੇ ਲਈ ਹੈ ਜੋ ਬਾਈਬਲ ਦੀਆਂ ਸਚਿਆਈਆਂ ਨੂੰ ''ਕਹਾਣੀ" ਦਾ ਬਿਨਾਂ ਕੋਈ ਨੁਕਸਾਨ ਕੀਤੇ ਸੁਣਾਉਣਾ ਚਾਹੁੰਦੇ ਹਨ| ਲੋਕਾਂ ਦੀ ਜ਼ਿਆਦਾ ਗਿਣਤੀ ਜਿਨ੍ਹਾਂ ਨੂੰ ਸੁਸਮਾਚਾਰ ਸੁਣਨ ਦੀ ਲੋੜ ਹੈ ਅਤੇ ਮੌਖਕ ਸੁਣਨ ਵਾਲੇ ਚੇਲੇਪਣ ਦੀ ਲੋੜ ਹੈ| ਜਦ ਅਸੀਂ ਵਾਚਕਾਂ ਦੀ ਤੌਰ 'ਤੇ ਕਹਾਣੀ ਤੋਂ ਬਾਹਰ ਕਦਮ ਰੱਖ ਕੇ ਅਤੇ ਫਿਰ ਤੋਂ ਬਣਾ ਕੇ ਅਤੇ ਸੂਚਨਾ ਨੂੰ ਫਿਰ ਤੋਂ ਗਠਿਤ ਕਰਕੇ ਦੱਸਦੇ ਹਾਂ ਤਾਂ ਮੌਖਕ ਤੌਰ 'ਤੇ ਸਿੱਖਣ ਵਾਲੇ ਨਾ ਸਿਰਫ ਉਹ ਉਨ੍ਹਾਂ ਗੱਲਾਂ ਨੂੰ ਯਾਦ ਹੀ ਕਰ ਸਕਦੇ ਹਨ ਬਲਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਸਮਝਣਗੇ ਹੀ ਨਹੀਂ ਜਿਹੜੀਆਂ ਸਚਿਆਈਆਂ ਅਸੀਂ ਉਨ੍ਹਾਂ ਅੱਗੇ ਪੇਸ਼ ਕੀਤੀਆਂ ਹਨ!

ਸਿਰਫ ਇਕ ਕਹਾਣੀ ਦਾ ਪ੍ਰਯੋਗ ਕਿਉਂ

ਪਰੰਪਰਾਗਤ, ਵਿਸ਼ੇਆਤਮਕ ਤਰੀਕੇ ਨਾਲ ਸਿਖਾਉਣ ਅਤੇ ਇਸ STS ਕਹਾਣੀ ਵਾਚਕ ਦੇ ਤਰੀਕੇ ਨਾਲ ਪ੍ਰੇਰਨਾ ਨਾਲ ਮੌਖਕ ਤੌਰ 'ਤੇ ਸਿਖਾਉਣਾ ਦੋਹਾਂ ਵਿਚ ਇਕ ਬਹੁਤ ਵੱਡਾ ਫਰਕ ਹੈ, ਇਸ ਨੇ ਇਕ ਜ਼ਰੂਰੀ ਪ੍ਰਸ਼ਨ ਦਰਸ਼ਾਇਆ ਹੈ: ਕੌਣ ਜਾਂ ਕੀ ਸਿਖਾਉਣ ਜਾ ਰਹੇ ਹਾਂ? ਆਓ ਅਸੀਂ ਬਾਈਬਲ ਅਧਾਰਿਤ ਸਿੱਖਿਅਕ, ਵਿਦਿਆਰਥੀ, ਪਵਿੱਤਰ ਸ਼ਾਸਤਰ ਅਤੇ ਪਵਿੱਤਰ ਆਤਮਾ ਦੀ ਭੂਮਿਕਾ ਨੂੰ ਵੇਖੀਏ|

ਵਿਸ਼ੇਅਕ ਸਿੱਖਿਆ ਵਿਚ ਸਿਖਾਉਣ ਵਾਲਾ ਪਹਿਲਾਂ ਹੀ ਫੈਸਲਾ ਕਰਦਾ ਹੈ ਕਿ ਉਹ ਕੀ ਸਿਖਾਉਣ ਜਾ ਰਿਹਾ ਹੈ| ਵਚਨ ਜਾਂ ਹਵਾਲੇ ਸਿੱਖਿਅਕ ਦੇ ਰਾਹੀਂ ਪਹਿਲਾਂ ਹੀ ਚੁਣੇ ਜਾਂਦੇ ਹਨ ਅਤੇ ਸਰੋਤਿਆਂ ਨੂੰ ਇਹ ਦੱਸਣ ਅਤੇ ਸਾਬਿਤ ਕਰਨ ਕਿ ਸਿੱਖਿਅਕ ਦੇ ਵਿਚਾਰ ਸਹੀ ਹਨ| ਇਹ ਵਿਧੀ ਠੀਕ ਨਹੀਂ ਹੈ, ਪਰ ਇਹੀ ਸਿਖਾਉਣ ਦਾ ਇਕੋ ਹੀ ਤਰੀਕਾ ਨਹੀਂ ਹੈ|

ਵਿਸ਼ਿਆਤਮਕ ਤੌਰ 'ਤੇ ਸਿਖਾਉਣ ਨਾਲ ਕਹਾਣੀ ਟੁੱਟ ਜਾਂਦੀ ਹੈ, ਕਹਾਣੀ ਨੂੰ ਵਿਚੋਂ ਤੋੜ ਦੇਣਾ ਕਹਾਣੀ ਦੇ ਵਿਸ਼ੇ ਨੂੰ ਯਾਦ ਕਰਨਾ ਹੋਰ ਵੀ ਕਠਿਨ ਹੋ ਜਾਂਦਾ ਹੈ| ਬਾਈਬਲ ਦੀਆ ਕਹਾਣੀਆਂ ਸਾਡੇ ਹਿਰਦੇ, ਪ੍ਰਾਣ ਅਤੇ ਦੇਹ ਨਾਲ ਗੱਲਾ ਕਰਦੀਆਂ ਹਨ| ਸਿੱਖਿਅਕ ਜਿੰਨਾ ਕਹਾਣੀ ਨੂੰ ਹਿੱਸਿਆਂ ਵਿਚ ਵੰਡੇਗਾ ਅਤੇ ਸੂਚਨਾ ਦਾ ਵਰਗੀਕਰਨ ਕਰੇਗਾ ਤਾਂ ਸਾਰੀਆਂ ਗੱਲਾਂ ਸਾਡੇ ਦਿਮਾਗ ਵਿਚ ਜਾਂਦੀਆਂ ਹਨ ਨਾ ਕਿ ਸਾਡੇ ਪ੍ਰਾਣ ਅਤੇ ਆਤਮਾ ਵਿਚ|
ਵਿਸ਼ੇਅਕ ਸਿੱਖਿਆ ਦੇ ਸਮੇ, ਸਿੱਖਿਅਕ ਸਾਰੀ ਬਾਈਬਲ ਵਿਚੋਂ ਕੁਝ ਹਿੱਸੇ ਚੁਣਦਾ ਹੈ ਅਤੇ ਪਹਿਲਾ ਚੁਣੇ ਹੋਈਆਂ ਗੱਲਾਂ ਦੀ ਪੁਸ਼ਟੀ ਕਰਦਾ ਹੈ| ਮੰਡਲੀ ਸੁਣਦੀ ਹੈ ਅਤੇ ਨੋਟਸ ਵੀ ਤਿਆਰ

ਕਰਦੀ ਹੈ| ਪਰ ਇਸ ਤਰੀਕੇ ਨਾਲ ਕੋਈ ਕਹਾਣੀ ਨਹੀਂ ਜਿਸ ਦੀ ਪੈਰਵੀ ਕੀਤੀ ਜਾਵੇ| ਇਸ ਲਈ ਉਨ੍ਹਾਂ ਲਈ ਜਿਹੜੇ ਨੋਟਸ ਨਹੀਂ ਲੈ ਸਕਦੇ ਹਨ ਉਨ੍ਹਾਂ ਲਈ ਸੂਚਨਾ ਵਿਚ ਕੁਝ ਵੀ ਨਹੀਂ ਹੁੰਦਾ ਹੈ| ਉਨ੍ਹਾਂ ਲਈ ਇਹ ਕਿਸੇ ਮਨੁੱਖ ਦੇ ਉਸ ਸਰੀਰ ਜਿਹਾ ਹੈ ਜਿਸ ਵਿਚ ਹੱਡੀਆਂ ਨਾ ਹੋਣ!

ਕਿਉਂਕਿ ਮੂੰਹ ਜੁਬਾਨੀ ਸਿੱਖਣ ਵਾਲੀ ਮੰਡਲੀ ਕੋਲ ਯਾਦ ਰੱਖਣ ਦਾ ਕੋਈ ਤਰੀਕਾ ਨਹੀਂ ਹੁੰਦਾ ਕਿ ਕੀ ਸਿਖਾਇਆ ਗਿਆ ਸੀ, ਉਹ ਕਾਬਿਲ ਨਹੀਂ ਹਨ ਕਿ ਸਾਰੀਆਂ ਗੱਲਾਂ ਉਹ ਦੂਜਿਆਂ ਨੂੰ ਦੱਸਣ| ਕਹਾਣੀ ਨੂੰ ਸਿੱਖੇ ਬਿਨਾਂ, ਕੁਝ ਵੀ ਇਕ ਦੂਜੇ ਨਾਲ ਨਹੀਂ ਜੋੜਦਾ ਹੈ|

ਅਤੇ ਪੜ੍ਹੇ ਲਿਖੇ ਸਿੱਖਣ ਵਾਲਿਆਂ ਦੇ ਬਾਰੇ ਕੀ ਹੈ? ਆਪਣੇ ਨੋਟਸ ਉੱਤੇ ਵਿਚਾਰ ਕੀਤੇ ਬਿਨਾਂ, ਉਨ੍ਹਾਂ ਵਿਚੋਂ ਵੀ ਜ਼ਿਆਦਾਤਰ ਇੰਨੇ ਤਿਆਰ ਨਹੀਂ ਹੋਣਗੇ ਕਿ ਉਹ ਹੋਰਾਂ ਨੂੰ ਦੱਸ ਸਕਣ, ਅਤੇ ਜੇਕਰ ਖੁਲ੍ਹੇ ਹਿਰਦੇ ਨਾਲ ਕਿਹਾ ਜਾਵੇ ਤਾਂ, ਚਰਚ ਵਿਚ ਜਾਣ ਵਾਲੇ ਜ਼ਿਆਦਾਤਰ ਲੋਕ ਬਾਹਰ ਬਜਾਰ ਵਿਚ ਜਾਂਦੇ ਹੋਏ ਆਪਣੇ ਨਾਲ ਨੋਟਸ ਨਹੀਂ ਲੈ ਕੇ ਜਾਂਦੇ| ਇਸ ਤਰ੍ਹਾਂ, ਦੋਹੇਂ ਪ੍ਰਕਾਰ ਦੇ ਸਿੱਖਣ ਵਾਲੇ ਪੜ੍ਹੇ ਲਿਖੇ ਅਤੇ ਮੂੰਹ ਜਬਾਨੀ, ਕੀ ਉਹ ਕੋਈ ਚੰਗੀ ਗਵਾਹੀ ਦੇ ਸਕਣਗੇ ਅਤੇ ਕਹਾਣੀ ਦਾ ਉਦਾਹਰਣ ਦੇ ਸਕਣਗੇ ਜੋ ਉਪਦੇਸ਼ ਦਿੰਦੇ ਸਮੇਂ ਇਸਤੇਮਾਲ ਕੀਤੇ ਸੀ|

ਇਹ ਵੀ ਕਿ ਜ਼ਿਆਦਾਤਰ ਸਰੋਤਿਆਂ ਕੋਲ ਕੋਈ ਤਰੀਕਾ ਨਹੀਂ ਹੁੰਦਾ ਕਿ ਉਹ ਉਨ੍ਹਾਂ ਗੱਲਾਂ ਨੂੰ ਆਪਣੇ ਲਈ ਲੈ ਸਕਣ, ਇਸ ਲਈ ਸਿੱਖਿਅਕ ਉੱਤੇ ਹੀ ਨਿਰਭਰ ਰਹਿਣਾ ਪੈਂਦਾ ਹੈ| ਸੂਚਨਾ ਦੇ ਇਕ ਟੁਕੜੇ ਨੂੰ ਸੁਣਨ ਵਾਲਿਆਂ ਦੇ ਹੱਥੀ ਦਿੱਤਾ ਜਾਂਦਾ ਹੈ ਉਸੇ ਹੀ ਤਰ੍ਹਾਂ ਹੈ ਜਿਵੇਂ ਕਿ ਇਕ ਛੋਟੇ ਪੰਛੀ ਦੀ ਮਾਂ ਭੋਜਨ ਇਕੱਠਾ ਕਰਕੇ ਲਿਆਉਂਦੀ ਹੈ ਅਤੇ ਛੋਟਾ ਪੰਛੀ ਆਪਣੇ ਮੂੰਹ ਖੋਲ੍ਹਦਾ ਹੈ ਅਤੇ ਉਹ ਆਪਣੇ ਉਡੀਕ ਕਰ ਰਹੇ ਬੱਚਿਆਂ ਦੇ ਮੂੰਹ ਵਿਚ ਇਕ ਇਕ ਦਾਣਾ ਪਾ ਦਿੰਦੀ ਹੈ| ਹਰੇਕ ਹਫ਼ਤੇ ਇਹ ਸੁਣਨ ਵਾਲੇ ਆਪਣੇ ਅਗਲੇ ਭੋਜਨ ਦੀ ਉਡੀਕ ਕਰਦੇ ਹਨ| ਬਹੁਤ ਜ਼ਿਆਦਾ ਵਿਸ਼ੇਅਕ ਸਿੱਖਿਆ ਆਲ੍ਹਣੇ ਵਿਚ 50 ਸਾਲ ਦੇ ਪੰਛੀ ਹੀ ਬਣਾਉਂਦੀ ਹੈ!

ਵਿਸ਼ੇਅਕ ਸਿੱਖਿਆ ਦੇ ਜ਼ਿਆਦਾ ਇਸਤੇਮਾਲ ਦਾ ਇਕ ਹੋਰ ਨੁਕਸਾਨ ਇਹ ਹੈ: ਸਿੱਖਿਅਕ ਸਿਖਾਉਣ ਲਈ ਇਕ ਵਿਸ਼ਾ ਚੁਣਦਾ ਹੈ ਉਹ ਸੋਚਦਾ ਹੈ ਕਿ ਲੋਕਾਂ ਨੂੰ ਇਸ ਦੇ ਸੁਣਨ ਦੀ ਜ਼ਰੂਰਤ ਹੈ, ਉਸ ਤੋਂ ਬਾਦ ਉਹ ਕੁਝ ਪਦ ਚੁਣਦੇ ਹਨ ਜਿਨ੍ਹਾਂ ਨੂੰ ਉਹ ਪਹਿਲਾਂ ਹੀ ਬਾਈਬਲ ਵਿਚੋਂ ਜਾਣਦੇ ਹੁੰਦੇ ਹਨ| ਇਹ ਤਰੀਕਾ ਸਿੱਖਿਅਕ ਨੂੰ ਨਵੀਆਂ ਸੂਚਨਾ ਅਤੇ ਗਹਿਰੀਆਂ ਗੱਲਾਂ ਨਹੀਂ ਦਿੰਦਾ ਹੈ ਜਦਕਿ ਸਿੱਖਿਅਕ ਉਨ੍ਹਾਂ ਹੀ ਵਚਨਾਂ ਨੂੰ ਇਸਤੇਮਾਲ ਕਰਦਾ ਹੈ ਜਿਨ੍ਹਾਂ ਨੂੰ ਉਹ ਜਾਣਦਾ ਹੁੰਦਾ ਹੈ|

ਅਕਸਰ ਵਿਸ਼ਵਾਸੀ ਮਸੀਹੀ ਕਾਨਫ੍ਰੈਂਸਾਂ ਵਿਚ ਜਾਂਦੇ ਹਨ| ਇਸ ਤਰ੍ਹਾਂ ਦੇ ਵਿਸ਼ਿਆਂ ਉੱਤੇ ਵਿਚਾਰ ਹੁੰਦਾ ਹੈ ਜਿਵੇਂ ਕਿ ਪ੍ਰਚਾਰ, ਨਾ ਪਹੁੰਚੇ ਲੋਕਾਂ ਕੋਲ ਜਾਣਾ, ਪਰਿਵਾਰ, ਆਰਥਕ ਵਿਸ਼ਾ, ਪਰਹੇਜਗਾਰੀ, ਪ੍ਰਾਰਥਨਾ, ਪਰਮੇਸ਼ਰ ਦੇ ਗੁਣ, ਵਪਾਰ ਵਿਚ ਪਵਿੱਤਰਤਾ ਜਾਂ ਨਬੂਵਤ| ਇਸ ਸਾਰੇ ਵਿਸ਼ੇ ਜ਼ਰੂਰੀ ਹਨ| ਇਹ ਬੜੀ ਦਿਲਚਸਪ ਹੈ, ਅਸੀਂ ਵੇਖਦੇ ਹਾਂ ਕਿ ਇਹ ਸਾਰੇ ਵਿਸ਼ੇ ਕਹਾਣੀਆਂ ਦੇ ਦੱਸਣ ਵਿਚ ਅਤੇ ਵਿਚਾਰ ਵਟਾਂਦਰੇ ਵਿਚ ਵੀ ਸਮਝਾਏ ਜਾਂਦੇ ਹਨ|

ਮੌਖਕ ਤਰੀਕੇ ਨਾਲ ਪ੍ਰੇਰਨਾ ਦੇਣ ਵਾਲੇ ਕਹਾਣੀਵਾਚਕ ਦੇ ਤਰੀਕੇ ਨਾਲ, ਸਿੱਖਿਅਕ ਸਾਰੀ ਕਹਾਣੀ ਦਾ ਇਸਤੇਮਾਲ ਕਰਦਾ ਹੈ ਅਤੇ ਉਸ ਵਿਚੋਂ ਸਿਖਾਉਣ ਲਈ ਵਿਸ਼ਾ ਚੁਣਦਾ ਹੈ ਜੋ ਸਿਖਾਇਆ ਜਾਣਾ ਚਾਹੀਦਾ ਹੈ|
ਜਦ ਸਿੱਖਿਅਕ ਫੈਸਲਾ ਕਰਦੇ ਹਨ ਕਿ ਬਾਈਬਲ ਦਾ ਕਿਹੜਾ ਹਿੱਸਾ ਜਾਂ ਕਿਹੜੀ ਕਹਾਣੀ ਉਨ੍ਹਾਂ ਦੇ ਚੁਣੇ ਹੋਏ ਵਿਸ਼ੇ ਲਈ ਇਸਤੇਮਾਲ ਕਰਨੀ ਹੈ, ਉਸ ਹਿੱਸੇ ਜਾਂ ਕਹਾਣੀ ਦੀ ਬਾਕੀ ਸੂਚਨਾ ਰਹਿ ਜਾਂਦੀ ਹੈ| ਜਦ ਕੋਈ ਕਹਾਣੀ ਪੂਰੀ ਤਰ੍ਹਾਂ ਨਾਲ ਸਮਝਾਈ ਜਾਂਦੀ ਹੈ ਅਤੇ ਉਸ ਵਿਚੋਂ ਪ੍ਰਸ਼ਨ ਅਤੇ ਵਿਚਾਰ ਵਟਾਂਦਰਾ ਤਿਆਰ ਕੀਤੇ ਜਾਂਦੇ ਹਨ ਤਦ ਪਵਿੱਤਰ ਆਤਮਾ ਆ ਕੇ ਉਨ੍ਹਾਂ ਸਿਖਾਉਣ ਵਾਲਿਆਂ ਨੂੰ ਵਿਸ਼ਾ ਦਿੰਦਾ ਹੈ|

ਇਸ ਦੇ ਨਾਲ ਹੀ ਜਦ ਸਿੱਖਿਅਕ ਵਿਸ਼ਿਆਂ ਦੀ ਸੂਚੀ ਬਣਾਉਂਦੇ ਹਨ ਅਤੇ ਫਿਰ ਪਵਿੱਤਰ ਸ਼ਾਸਤਰ ਆਪਣੇ ਵਿਸ਼ੇ ਦੀ ਪੁਸ਼ਟੀ ਕਰਨ ਲਈ ਚੁਣਦੇ ਹਨ, ਤਾਂ ਬਾਈਬਲ ਦੀ ਸੂਚਨਾ ਕਿਸੇ ਵਿਵਸਥਾ ਜਾਂ ਨੇਮ ਦੀ ਤਰ੍ਹਾਂ ਸਰੋਤਿਆਂ ਕੋਲ ਆਉਂਦੀਆਂ ਹਨ| ਜਦ ਕਹਾਣੀਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ, ਤਾਂ ਕਹਾਣੀ ਦਾ ਸੰਪੂਰਨ ਆਤਮਾ ਸਰੋਤਿਆਂ ਨਾਲ ਬੋਲਦਾ ਹੈ|

ਕੁਝ ਸਿੱਖਿਅਕ ਸੋਚਦੇ ਹਨ ਕਿ ਉਹ STS ਦੇ ਤਰੀਕੇ ਦਾ ਇਸਤੇਮਾਲ ਕਰ ਰਹੇ ਹਨ, ਪਰ ਹਕੀਕਤ ਵਿਚ ਉਹ ਇਸ ਦੇ ਕੁਝ ਹਿੱਸੇ ਨੂੰ ਹੀ ਕਰਦੇ ਹਨ ਅਤੇ ਉਸ ਨੂੰ ਛੱਡ ਦਿੰਦੇ ਹਨ ਜੋ ਦੀ ਸਿਖਾਈ ਕਹਾਣੀ ਬਹੁਤ ਸਾਰੇ ਜੀਵਨਾਂ ਨੂੰ ਸਪਰਸ਼ ਕਰਦੀ ਹੈ| ਉਹ ਇਹ ਗਲਤੀ ਕਰਦੇ ਹਨ| ਇਕ ਕਹਾਣੀ ਸੁਣਾਈ ਜਾਵੇਗੀ ਅਤੇ ਫਿਰ ਸਿੱਖਿਅਕ ਕਹਾਣੀ ਨੂੰ ਵਿਸ਼ੇ ਦੇ ਰੂਪ ਵਿਚ ਬੋਲਦਾ ਹੈ, ਉਹ ਕਹਾਣੀ ਹਕੀਕਤ ਵਿਚ ਕੋਈ ਕੰਮ ਨਹੀਂ ਕਰਦੀ ਹੈ|

ਕਹਾਣੀ ਸਿੱਖਿਅਕ ਨੂੰ ਚਲਾਉਣ ਲਈ ਬਣਾਈ ਗਈ ਹੈ ਨਾ ਕਿ ਸਿੱਖਿਅਕ ਕਹਾਣੀ ਨੂੰ ਚਲਾਉਂਦਾ ਹੈ| ਇਕ ਸਹੀ STS, ਤੁਸੀਂ ਕੋਈ ਵੀ ਗਹਿਰੀ ਗੱਲ ਸਿਖਾਓ ਉਸ ਦਾ ਕਹਾਣੀ ਵਿਚੋਂ ਹੋਣ ਜ਼ਰੂਰੀ ਹੈ|

ਜਦ ਸਿੱਖਿਅਕ ਕਹਾਣੀ ਨੂੰ ਇਕ ਮੌਕੇ ਦੇ ਰੂਪ ਵਿਚ ਇਸਤੇਮਾਲ ਕਰਦੇ ਹਨ ਉਹ ਪਹਿਲਾਂ ਹੀ ਜਾਣਦੇ ਅਤੇ ਵਿਸ਼ਵਾਸ ਕਰਦੇ ਹਨ, ਉਹ ਉਸ ਸੁਨਿਹਰੀ ਮੌਕੇ ਨੂੰ ਗੁਆ ਬੈਠਦੇ ਹਨ ਜਿਹੜਾ ਕਿ ਪਵਿੱਤਰ ਆਤਮਾ ਨੇ ਨਵੀਂ ਗੱਲ ਨੂੰ ਸਿਖਾਉਣਾ ਹੈ| ਕਹਾਣੀ ਵਿਚੋ ਖ਼ਜ਼ਾਨੇ ਲੱਭਣ ਸਿੱਖਣਾ ਇਕ ਚਣੋਤੀ ਵਾਲਾ ਕੰਮ ਹੈ| ਬਲਕਿ ਇਕ ਤਰੀਕੇ ਨਾਲ ਇਹ ਕਹਾਣੀਵਾਚਕ ਲਈ ਚਣੋਤੀਵਾਨ ਹੈ ਕਿ ਸਿੱਖਣਾ ਉਹ ਕਿਸ ਤਰ੍ਹਾਂ ਨਰਮੀ ਨਾਲ ਆਪਣੇ ਸੁਣਨਵਾਲਿਆਂ ਨੂੰ ਖ਼ਜ਼ਾਨੇ ਦੇਣ ਲਈ ਪ੍ਰਸ਼ਨ ਤਿਆਰ ਕਰਦਾ ਹੈ|

ਇਕ ਖਾਸ ਫੈਸਲਾ: ਜੇਕਰ ਦੇਸਾਂ ਨੂੰ ਬਾਈਬਲ ਦੀ ਸਚਿਆਈਆਂ ਵਿਚ ਤਰੱਕੀ ਕਰਨ ਲਈ ਸਾਡਾ ਟੀਚਾ ਬਿਲਕੁਲ ਸਾਫ ਹੈ ਅਤੇ ਇਹ ਸਭ ਕਰਦ ਹੋਏ ਅਤੇ 10/40 ਵਿੰਡੋ ਵਿਚ ਲੋਕਾਂ ਤਕ ਅਤੇ ਸੰਸਾਰ ਦੇ ਅਣ ਪਹੁੰਚੇ ਲੋਕਾਂ ਤਕ ਪਹੁੰਚ ਸਕਦੇ ਹਾਂ, ਜਿਸ ਤਰੀਕੇ ਨਾਲ ਅਸੀਂ ਸਾਡੀ

ਸੂਚਨਾ ਨੂੰ ਪੇਸ਼ ਕਰਦੇ ਹਾਂ ਉਸ ਨਾਲ ਇਕ ਅਨੋਖਾ ਬਦਲਾਓ ਜ਼ਰੂਰ ਆਉਣਾ ਚਾਹੀਦਾ ਹੈ| ਕੀ ਅਸੀਂ ਅਜਿਹਾ ਕਰਾਂਗੇ? (ਮੌਖਕ ਤੌਰ 'ਤੇ ਚੇਲੇ ਬਣਾਉਣ ਦੇ ਸਬੰਧਤ ਵਿਚ ਤੁਸੀਂ ਪ੍ਰਿੰਟ ਅਤੇ ਔਡੀਓ ਰੂਪ ਵਿਚ
ਡਾਟਾ ਡਾਉਨਲੋਡ ਕਰ ਸਕਦੇ ਹੋ ਇਸ ਵੇਬ ਸਾਈਟ ਤੋਂ: www.oralbible.com)

ਅਧਿਆਏ 2: ਪ੍ਰਸ਼ਨ ਅਤੇ ਕਹਾਣੀਆਂ- ਬਾਈਬਲ ਅਧਾਰਿਤ ਦ੍ਰਿਸ਼ਟਾਂਤ

ਯਿਸੂ ਸਾਡੇ ਲਈ ਇਕ ਆਦਰਸ਼ ਹੈ: ਕਹਾਣੀ ਦੱਸਣਾ, ਪ੍ਰਸ਼ਨ ਪੁੱਛਣਾ

ਯਿਸੂ ਨੇ ਕਿਸ ਤਰ੍ਹਾਂ ਸਿਖਾਇਆ? 200 ਵਾਰ ਪੁੱਛੇ ਗਏ ਪ੍ਰਸ਼ਨਾਂ ਵਿਚੋਂ, ਉਸ ਤੋਂ ਪੁੱਛੇ ਗਏ ਪ੍ਰਸ਼ਨਾਂ ਦਾ ਉਸ ਨੇ ਸਿੱਧਾ ਉੱਤਰ ਸਿਰਫ ਤਿੰਨ ਵਾਰੀ ਹੀ ਦਿੱਤਾ! ਬਾਕੀ ਸਮਿਆਂ ਵਿਚ ਯਿਸੂ ਨੇ ਉਨ੍ਹਾਂ ਤੋਂ ਪ੍ਰਸ਼ਨ ਪੁੱਛ ਕੇ ਜਾਂ ਕਹਾਣੀ ਜਾਂ ਦ੍ਰਿਸ਼ਟਾਂਤ ਦੱਸ ਕੇ ਉੱਤਰ ਦਿੱਤਾ| ਕੀ ਯਿਸੂ ਨੇ ਕਦੀ ਕਹਾਣੀ ਦੱਸੀ ਅਤੇ ਅੱਗੇ ਤੁਰਦਾ ਹੋਇਆ? ਨਹੀਂ| ਅਕਸਰ, ਕਹਾਣੀ ਦੱਸਣ ਤੋਂ ਬਾਦ ਉਸ ਨੇ ਪ੍ਰਸ਼ਨ ਪੁੱਛਿਆ ਅਤੇ ਉਸ ਉੱਤੇ ਵਿਚਾਰ ਕਰਨ ਲਈ ਬੁਲਾਇਆ|

ਕੀ ਯਿਸੂ ਨੇ ਕਹਾਣੀਆਂ ਦਾ ਇਸਤੇਮਾਲ ਇਸ ਲਈ ਕੀਤਾ ਕਿ ਉਹ ''ਤੋਰਾਹ ਦੇ ਸਕੂਲ" ਨਹੀਂ ਪੜ੍ਹਿਆ ਸੀ, ਜਾਂ ਕਿ ਉਹ ਸਿਰਫ਼ ਇਕ ਤਰਖਾਣ ਸੀ?...ਨਹੀਂ! ਬਿਲਕੁਲ ਨਹੀਂ| ਤਾਂ ਫਿਰ ਇਹ ਹੋ ਸਕਦਾ ਹੈ ਕਿ ਯਿਸੂ ਦੇ ਸਮੇਂ ਦੇ ਲੋਕ ਜ਼ਿਆਦਾ ਪੜ੍ਹੇ ਲਿਖੇ ਨਹੀਂ ਸਨ, ਹੋ ਸਕਦਾ ਹੈ ਕਿ ਜ਼ਿਆਦਾ ਸੇ ਜ਼ਿਆਦਾ 11 ਫੀਸਦ ਹੋਣਗੇ, ਯਿਸੂ ਨੂੰ ਕਹਾਣੀਆਂ ਵਿਚ ਬੋਲਣ ਲਈ ਮਜਬੂਰ ਕੀਤਾ ਗਿਆ ਤਾਂ ਜੋ ਅਨਪੜ੍ਹ ਲੋਕ ਵੀ ਸਮਝ ਸਕਣ? ਹੋ ਸਕਦਾ ਹੈ...ਪਰ ਠਹਿਰੋ| ਯਿਸੂ ਨੇ ਫ਼ਰੀਸੀਆਂ ਨਾਲ ਕਿਸ ਤਰ੍ਹਾਂ ਗੱਲ ਬਾਤ ਕੀਤੀ? ਕੀ ਉਸ ਨੇ ਹਮੇਸ਼ਾ ਹੀ ਕਹਾਣੀਆਂ ਦਾ ਇਸਤੇਮਾਲ ਕੀਤਾ?...ਹਾਂ, ਉਸ ਨੇ ਕੀਤਾ| ਅਤੇ ਉਹ ਉਪਦੇਸ਼ ਨੂੰ ਸਮਝ ਗਏ ਅਤੇ ਕੁਝ ਨੇ ਵਿਸ਼ਵਾਸ ਕੀਤਾ|

ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ, ਕੀ ਯਿਸੂ ਬਹੁਤ ਹੀ ਮਨਮੋਹਕ ਭਾਸ਼ਣ ਦੇ ਸਕਦਾ ਸੀ, ਆਪਣੇ ਸਮੇਂ ਦੀ ਪ੍ਰਭਾਵਸ਼ਾਲੀ ਸ਼ਬਦ ਬੋਲ ਸਕਦਾ ਸੀ?...ਹਾਂ, ਉਹ ਅਜਿਹਾ ਕਰ ਸਕਦਾ ਸੀ| ਪਰ ਯਿਸੂ ਨੇ ਆਪਣੇ ਸਮੇਂ ਦੇ ਆਮ ਸਧਾਰਨ ਲੋਕ ਜਿਹੜੇ ਸ਼ਬਦ ਸਮਝ ਸਕਦੇ ਸੀ ਉਨ੍ਹਾਂ ਨੂੰ ਹੀ ਚੁਣਿਆਂ, ਸਿਰਫ਼ ਉਹ ਸ਼ਬਦ ਨਹੀਂ ਜੇ ਉਸ ਦੇ ਸਮੇਂ ਦੇ ਉੱਚ ਪੜ੍ਹੇ ਲਿਖੇ ਲੋਕ ਸਮਝਦੇ ਸੀ|

ਯਿਸੂ ਸਾਨੂੰ ਇਤਹਾਸ ਸਿਖਾਉਣ ਨਹੀਂ ਆਇਆ; ਉਹ ਆਤਮਿਕ ਸੰਦੇਸ਼ ਲੈ ਕੇ ਆਇਆ ਜਿਸ ਨੂੰ ਸਾਰਿਆਂ ਨੇ ''ਸੁਣਿਆਂ" ਅਤੇ ਸਮਝ ਸਕੇ ਸੀ| STS ਵਿਚ, ਸਿੱਖਣ ਵਾਲੇ ਸਿਖ ਦੇ ਹਨ ਕਿ ਆਤਮਿਕ ਖਜਾਨੇ ਕਿਸ ਤਰ੍ਹਾਂ ਲੱਭਣੇ ਹਨ ਜਿਹੜੇ ਕਿ ਕਹਾਣੀ ਵਿਚ ਹੀ ਹੁੰਦੇ ਹਨ ਅਤੇ ਫਿਰ ਵਿਚਾਰ ਵਟਾਂਦਰੇ ਦੇ ਰੂਪ ਵਿਚ ਪ੍ਰਸ਼ਨ ਕਿਸ ਤਰ੍ਹਾਂ ਪੁੱਛਣੇ ਅਤੇ ਤਿਆਰ ਕਰਨੇ ਹਨ ਜਿਹੜੇ ਕਿ ਸੁਣਨਵਾਲਿਆਂ ਨੂੰ ਉਨ੍ਹਾਂ ਖਜਾਨਿਆਂ ਵੱਲ ਅਗਵਾਈ ਕਰਨਗੇ |

ਕੋਈ ਵੀ ਜੋ STS ਦੀ ਨਿਰਦੇਸ਼ਾਂ ਦੀ ਪੈਰਵੀ ਕਰਦਾ ਹੈ, ਜਿਹੜੇ ਇਸ ਹਸਤਪੁਸਤਕ ਵਿਚ

ਮਿਲਦੇ ਹਨ ਜਾਂ ਜੋ STS ਦੀ ਵਰਕਸ਼ਾਪ ਵਿਚ ਸਿੱਖੇ ਹਨ, ਉਹ ਪ੍ਰਭਾਵਸ਼ਾਲੀ ਅਭਿਆਸਕਾਰ ਬਣ ਸਕਦਾ ਹੈ| ਸਾਡੀ ਪ੍ਰਾਰਥਨਾ ਹੈ ਕਿ ਪਰਮੇਸ਼ਰ ਇਨ੍ਹਾਂ ਅਭਿਆਸਕਾਰਾਂ ਦੇ ਦੁਆਰਾ ਜੋ ਵਚਨ ਜਾਂਦਾ ਹੈ ਉਸ ਨੂੰ ਬਰਕਤਵਾਨ ਕਰੇ|

ਇਨ੍ਹਾਂ ਜੋੜੀਆਂ ਹੋਈਆਂ ਸੂਚਨਾਵਾਂ, ਅਭਿਆਸ ਅਤੇ ਪ੍ਰਬੰਧਨ ਰਾਹੀਂ ਅਭਿਆਸਕਾਰ ਅਸਥਾਈ ਸਿੱਖਅਕ ਬਣ ਸਕਦੇ ਹਨ| ਸਮੇਂ ਦੌਰਾਨ, ਅਸਥਾਈ ਸਿੱਖਅਕ STS ਦੇ ਪ੍ਰਮਾਣਿਤ ਸਿੱਖਅਕ ਬਣ ਸਕਦਾ ਹੈ| ਇਸ ਪੁਸਤਕ ਦੱਸਦੀ ਹੈ ਕਿ ਇਹ ਸਭ ਕਿਸ ਤਰ੍ਹਾਂ ਹੋਵੇਗਾ| ਸਾਨੂੰ ਆਗੂਆਂ ਦੇ ਵੱਧਣ ਦੇ ਸਮੇਂ ਨੂੰ ਵੇਖਣਾ ਚਾਹੁੰਦੇ ਹਾਂ|

ਬਾਈਬਲ ਦੇ ਖ਼ਜ਼ਾਨੇ ਕਿਹੜੇ ਹਨ? ਇਕ ਰਾਹ

ਇਕ ਵਾਰ ਇਕ ਮਨੁੱਖ ਸੀ ਜਿਸ ਨੇ ਆਪਣਾ ਪਿੰਡ ਛੱਡ ਦਿੱਤਾ ਅਤੇ ਕੰਮ ਕਰਨ ਲਈ ਉਹ ਕਿਸੇ ਸ਼ਹਿਰ ਵਿਚ ਚਲਿਆ ਗਿਆ| ਕਈ ਸਾਲ ਤਕ ਉਹ ਓਸ ਸ਼ਹਿਰ ਵਿਚ ਰਿਹਾ ਅਤੇ ਉਸ ਮਨੁੱਖ ਨੇ ਬਹੁਤ ਸਾਰਾ ਪੈਸਾ ਕਮਾਇਆ| ਅੰਤ ਵਿਚ ਉਹ ਆਪਣੇ ਪਿੰਡ ਵਿਚ ਆ ਗਿਆ ਅਤੇ ਸਭ ਨੇ ਉਸ ਦਾ ਇਕ ਅੱਛੇ ਮਿੱਤਰ ਦੇ ਰੂਪ ਵਿਚ ਸੁਆਗਤ ਕੀਤਾ|

ਇਸ ਧਨਵਾਨ ਵਿਅਕਤੀ ਨੇ ਆਪਣਾ ਕੁਝ ਧਨ ਆਪਣੇ ਸੱਚੇ ਮਿੱਤਰਾਂ ਨੂੰ ਸਹਾਇਤਾ ਦੇ ਤੌਰ ਤੇ ਦੇਣਾ ਚਾਹੀਆ| ਇਸ ਲਈ ਉਸ ਨੇ ਇਕ ਤਰਕੀਬ ਸੋਚੀ| ਉਸ ਨੇ ਇਕ ਦਿਨ ਲਈ ਆਪਣੇ ਪਿੰਡ ਨੂੰ ਛੱਡਿਆ ਅਤੇ ਫਿਰ ਵਾਪਿਸ ਆ ਗਿਆ| ਅਤੇ ਜਿਹੜੇ ਉਸ ਨੂੰ ਕਹਿ ਰਹੇ ਸਨ ਕਿ ''ਉਹ ਉਸ ਦੇ ਮਿੱਤਰ ਹਨ" ਸਭ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਸਭ ਉਸ ਨੂੰ ਕੋਲ ਦੀ ਪਹਾੜੀ ਦੇ ਇਕ ਕੋਨੇ ਵਿਚ ਆ ਕੇ ਮਿਲਨ|
ਧਨਵਾਨ ਵਿਅਕਤੀ ਨੇ ਜਿਹੜੇ ਲੋਕ ਇਕੱਠੇ ਹੋਏ ਸਨ ਉਨ੍ਹਾਂ ਨੂੰ ਕਿਹਾ, ''ਜਿਹੜਾ ਇਹ ਰਾਹ ਨਦੀ ਵੱਲ ਜਾਂਦਾ ਹੈ, ਮੈਂ ਇਸ ਉੱਤੇ ਬਹੁਤ ਮਿਹਨਤ ਕੀਤੀ ਹੈ| ਜੇਕਰ ਤੁਸੀਂ ਇਸ ਰਾਹ ਉੱਤੇ ਚੱਲੋਗੇ ਤਾਂ ਤੁਹਾਨੂੰ ਕੁਝ ਜ਼ਰੂਰ ਮਿਲੇਗਾ| ਹੁਣ ਜਾਓ ਅਤੇ ਆਪਣੇ ਲਈ ਕੁਝ ਲੱਭ ਲਓ|
ਇਸ ਤਰ੍ਹਾਂ ਲੋਕ ਚਲੇ ਗਏ ਅਤੇ ਉਸ ਰਾਹ ਉੱਤੇ ਚੱਲਣ ਲੱਗੇ| ਕੁਝ ਲੋਕ ਤਾਂ ਛੋਟੇ ਰਾਹ ਉੱਤੇ ਗਏ, ''ਹੂੰ," ਉਨ੍ਹਾਂ ਨੇ ਕਿਹਾ, ''ਇਹ ਰਾਹ ਠੀਕ ਹੈ| ਆਓ ਅਸੀਂ ਇਸ ਵਿਚ ਵੇਖੀਏ|" ਇਸ ਲਈ ਉਹ ਰੁੱਕ ਗਏ ਅਤੇ ਉਸ ਰਾਹ ਵਿਚੋਂ ਕੁਝ ਰੇਤ ਇਕੱਠੀ ਕੀਤੀ ਅਤੇ ਵੇਖਣ ਲਈ ਘਰ ਲੈ ਗਏ| ਕੁਝ ਨਦੀ ਵੱਲ ਜਾਂਦੇ ਰਾਹ ਵੱਲ ਤੁਰ ਪਏ| ਜਦ ਉਹ ਰਾਹ ਦੇ ਸਿਰੇ ਉੱਤੇ ਪਹੁੰਚੇ ਅਤੇ ਸ਼ਿਕਾਇਤ ਕਰਨ ਲੱਗੇ, ''ਅਸੀਂ ਤਾਂ ਇਸ ਰਾਹ ਨੂੰ ਜਾਣਦੇ ਹੀ ਹਾਂ| ਇਸ ਵਿਚ ਨਵਾਂ ਕੁਝ ਵੀ ਨਹੀਂ ਹੈ| ਅਸੀਂ ਇਸ ਵਿਚ ਕੋਈ ਵੀ ਅਜਿਹੀ ਚੀਜ ਨਹੀਂ ਵੇਖਦੇ ਹਾਂ|"
ਬਾਕੀ ਲੋਕ ਆਪਣੇ ਉਸੇ ਜਾਣੇ ਪਛਾਣੇ ਰਾਹ ਉੱਤੇ ਚੱਲਦੇ ਗਏ| ਜਦ ਉਹ ਸਾਰੇ ਜਾ ਰਹੇ ਸਨ, ਉਨ੍ਹਾਂ ਨੇ ਆਪਸ ਵਿਚ ਕਹਿਣਾ ਅਰੰਭ ਕੀਤਾ, ਅਤੇ ਇਸ ਤਰ੍ਹਾਂ ਕਹਿਣ ਲੱਗੇ, ''ਇਸ ਪੁਰਾਣੇ ਡਿੱਗੇ ਹੋਏ ਦਰਖ਼ਤ ਨੂੰ ਵੇਖੋ| ਸਾਡੇ ਮਿੱਤਰ ਨੇ ਰਾਹ ਸਾਫ ਕਰਨ ਲਈ ਇਸ ਨੂੰ ਇਕ ਪਾਸੇ ਕਰ ਦਿੱਤਾ ਹੈ|" ਬਾਕੀ ਚੱਲਣ ਵਾਲਿਆਂ ਨੇ ਧਿਆਨ ਨਾਲ ਵੇਖਿਆ ਕਿ ਰਾਹ ਨੂੰ ਸੌਖਾ ਕਰਨ ਲਈ ਝਾੜੀਆਂ

ਕੱਟ ਦਿੱਤੀਆਂ ਹਨ|
ਇਸ ਦੇ ਬਜਾਏ ਕਿ ਉਹ ਰਾਹ ਵਿਚ ਚੀਜਾਂ ਲੱਭਣ ਲਈ ਭੱਜੇ, ਇਹ ਲੋਕ ਹੋਰ ਵੀ ਹੌਲੀ ਹੌਲੀ ਚੱਲਣ ਲੱਗੇ| ਉਹ ਆਪਣੇ ਧਨੀ ਮਿੱਤਰ ਰਾਹੀਂ ਉਨ੍ਹਾਂ ਲਈ ਕੀਤੇ ਗਏ ਕੰਮ ਦੇ ਨਤੀਜਿਆਂ ਦਾ ਅਨੰਦ ਮਾਣਨਾ ਚਾਹੁੰਦੇ ਸਨ| ਉਨ੍ਹਾਂ ਨੇ ਮਹਿਸੂਸ ਕੀਤਾ ਕਿ ਰਾਹ ਆਪਣੇ ਆਪ ਵਿਚ ਹੀ ਉਨ੍ਹਾਂ ਲਈ ਮਿੱਤਰ ਵੱਲੋਂ ਇਕ ਤੋਹਫਾ ਸੀ|

ਅਚਾਨਕ ਹੀ, ਇਕ ਰਾਹੀ ਰੁੱਕ ਗਿਆ ਅਤੇ ਕੁਝ ਵੇਖਣ ਲਈ ਸਭ ਨੂੰ ਬੁਲਾਇਆ, ''ਰਾਹ ਦੇ ਇਸ ਪਾਸੇ ਇਸ ਝਾੜੀ ਦੇ ਹੇਠਾਂ ਵੇਖੋ| ਇਥੇ ਤਾਂ ਚੌਲਾਂ ਦੇ ਬੋਰੇ ਰੱਖੇ ਹਨ|" ਤਦ ਹੀ ਇਕ ਹੋਰ ਰਾਹੀ ਨੇ ਜੋਰ ਦੀ ਚੀਕ ਕੇ ਆਖਿਆ, ''ਰਾਹ ਦੇ ਇਸ ਪਾੱਸੇ ਇਨ੍ਹਾਂ ਝਾੜੀਆਂ ਦੇ ਪਿੱਛੇ ਆਓ ਵੇਖੋ ਕੀ ਹੈ! ਮੈਨੂੰ ਬਹੁਤ ਸਾਰੇ ਨਵੇਂ ਬਰਤਨ ਮਿਲੇ ਹਨ|"

ਹੌਲੀ ਹੌਲੀ ਚੱਲਣ ਵਾਲਿਆਂ ਨੇ ਰਾਹ ਵਿਚ ਲੁਕਾ ਕੇ ਰੱਖੀਆਂ ਹੋਇਆਂ ਚੀਜਾਂ ਪ੍ਰਾਪਤ ਕੀਤੀਆਂ| ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਧਨੀ ਮਿੱਤਰ ਨੇ ਉਨ੍ਹਾਂ ਲਈ ਹੀ ਰਾਹ ਵਿਚ ਇਹ ਸਾਰੀਆਂ ਚੀਜਾਂ ਰੱਖੀਆਂ ਹਨ| ਧਨੀ ਮਨੁੱਖ ਜਾਣ ਗਿਆ ਕਿ ਉਸ ਦੇ ਸੱਚੇ ਮਿੱਤਰਾਂ ਨੇ ਉਸ ਉੱਤੇ ਭਰੋਸਾ ਕੀਤਾ ਅਤੇ ਉਸ ਦੇ ਰਾਹ ਦੀ ਸ਼ਲਾਘਾ ਕੀਤੀ ਹੈ, ਇਸ ਲਈ ਉਹੀ ਉਹ ਹਨ ਜਿਹੜੇ ਉਸ ਰਾਹੀਂ ਰੱਖੀਆਂ ਚੀਜਾਂ ਨੂੰ ਲੈ ਸਕਣਗੇ|
ਜਿਹੜੇ ਲੋਕ ਜਲਦੀ ਜਲਦੀ ਉਸ ਰਾਹ ਉੱਤੇ ਚੱਲਦੇ ਗਏ ਜੋ ਧਨੀ ਵਿਅਕਤੀ ਨੇ ਉਨ੍ਹਾਂ ਲਈ ਬੜੇ ਪਿਆਰ ਨਾਲ ਬਣਾਇਆ ਸੀ, ਉਹ ਉਨ੍ਹਾਂ ਸਭ ਚੀਜਾਂ ਨੂੰ ਪ੍ਰਾਪਤ ਕਰਨ ਤੋਂ ਰਹਿ ਗਏ| ਉਹ ਇੰਨਾ ਹੋਲੀ ਨਹੀਂ ਚੱਲੇ ਕਿ ਉਹ ਰਾਹ ਜਾਂ ਰਾਹ ਦੇ ਬਣਾਉਣ ਵਾਲੇ ਦੀ ਸ਼ਲਾਘਾ ਕਰਦੇ| (ਜਿਨ੍ਹਾਂ ਨੇ ਰਾਹ ਦੀ ਰੇਤ ਉੱਤੇ ਵਿਚਾਰ ਕਰਨਾ ਚਾਹਿਆ ਉਹ ਹਾਲੇ ਵੀ ਵਿਚਾਰ ਹੀ ਕਰ ਰਹੇ ਹਨ| ਹਾਲੇ ਵੀ ਉਨ੍ਹਾਂ ਨੇ ਉਸ ਰਾਹ ਉੱਤੇ ਯਾਤਰਾ ਨਹੀਂ ਪੂਰੀ ਕੀਤੀ ਹੈ!)

ਬਾਈਬਲ ਦੀ ਹਰੇਕ ਕਹਾਣੀ ਵਿਚ ਸਾਡੇ ਲਈ ਪਰਮੇਸ਼ਰ ਦੁਆਰਾ ਬਣਾਇਆ ਹੋਇਆ ਇਕ ਰਾਹ ਹੈ| ਜਿਹੜੇ ਬਾਈਬਲ ਦੀ ਕਹਾਣੀ ਦੇ ਰਾਹ ਉੱਤੇ ਹੌਲੀ ਹੌਲੀ ਚੱਲਣਗੇ ਉਹ ਪਰਮੇਸ਼ਰ ਦੇ ਛੁਪੇ ਖਜਾਨੇ ਅਤੇ ਉਸ ਦੀ ਸਚਿਆਈ ਦੇ ਤੋਹਫੇ ਪ੍ਰਾਪਤ ਕਰ ਸਕਣਗੇ|
ਇਹੀ ਅਸੀਂ ਸਿਰਫ ਇਕ ਕਹਾਣੀ ਵਿਚ ਕਰਦੇ ਹਾਂ|

ਨਾਥਾਨ ਦੇ ਨਮੂਨੇ 'ਤੇ ਚੱਲਣਾ

2 ਸ਼ਮੂਏਲ 12: 1-14 ਵਿਚ ਪਰਮੇਸ਼ਰ ਸਾਨੂੰ ਆਤਮਿਕ ਸਚਿਆਈ ਨੂੰ ਕਹਿਣ ਦੇ ਸਿੱਧਾਂਤ ਨੂੰ ਦਿੰਦਾ ਹੈ| ਵਿਭਚਾਰ ਕਰਕੇ ਰਾਜਾ ਦਾਊਦ ਨੇ ਸਾਫ ਤੌਰ ਤੇ ਗੁਨਾਹ ਕੀਤਾ ਅਤੇ ਫਿਰ ਮਿਲਟਰੀ ਅਫਸਰ ਨੂੰ ਮਾਰਨ ਦਾ ਹੁਕਮ ਦੇ ਦਿੱਤਾ ਜੋ ਉਸ ਇਸਤਰੀ ਦਾ ਪਤੀ ਸੀ| ਉਸ ਤੋਂ ਬਾਦ, ਦਾਊਦ ਨੇ ਪਾਪ ਲੁਕਾਉਣ ਦੀ ਕੋਸ਼ਿਸ਼ ਕੀਤੀ|

ਨਾਥਾਨ ਨਬੀ ਦਾਊਦ ਕੋਲ ਆਇਆ ਅਤੇ ਇਕ ਕਹਾਣੀ ਸੁਣਾਈ| ਕਹਾਣੀ ਦੋ ਮਨੁੱਖਾਂ ਦੇ ਬਾਰੇ ਸੀ, ਇਕ ਧਨੀ ਅਤੇ ਦੂਜਾ ਗਰੀਬ| ਧਨਵਾਨ ਮਨੁੱਖ ਕੋਲ ਬਹੁਤ ਸਾਰੇ ਜਾਨਵਰ ਅਤੇ ਭੇਡਾਂ ਸਨ| ਇਕ ਦਿਨ ਜਦ ਇਸ ਧਨਵਾਨ ਦੇ ਘਰ ਕੋਈ ਸਭਾ ਸੀ, ਉਸ ਨੇ ਉਸ ਗਰੀਬ ਦੀ ਪਿਆਰੀ ਉਹੀ ਭੇਡ ਚੁਰਾਈ ਅਤੇ ਉਸ ਨੂੰ ਕੱਟਿਆ ਅਤੇ ਉਸ ਦਾ ਮਾਂਸ ਆਪਣੇ ਮਿਹਮਾਨਾਂ ਨੂੰ ਖੁਆ ਦਿੱਤਾ! ਜਦ ਦਾਉਦ ਨੇ ਨਾਥਾਨ ਦੀ ਕਹਾਣੀ ਨੂੰ ਸੁਣਿਆਂ, ਦਾਊਦ ਬੁਹਤ ਗੁੱਸੇ ਹੋ ਗਿਆ| ਬਾਈਬਲ ਦੀ ਕਹਾਣੀ ਵਿਚ ਦਾਊਦ ਨਾਥਾਨ ਨੂੰ ਕਹਿੰਦਾ ਹੈ, ''ਜਿਉਂਦੇ ਪਰਮੇਸ਼ਰ ਦੀ ਸੌਂਹ, ਜਿਸ ਮਨੁੱਖ ਨੇ ਇਹ ਕੀਤਾ ਹੈ ਉਹ ਵੱਢਿਆ ਜਾਣਾ ਚਾਹੀਦਾ ਹੈ! ਅਤੇ ਉਹ ਉਸ ਭੇਡ ਦਾ ਚੌਗੁਣਾ ਉਸ ਨੂੰ ਦੇਵੇ, ਕਿਉਂਕਿ ਉਸ ਨੇ ਇਹ ਕੀਤਾ ਅਤੇ ਕਿਉਂਕਿ ਉਸ ਵਿਚ ਕੋਈ ਦਇਆ ਨਹੀਂ ਸੀ|" ਤਦ ਨਾਥਾਨ ਨੇ ਦਾਊਦ ਨੂੰ ਕਿਹਾ, ''ਉਹ ਮਨੁੱਖ ਤੂੰ ਹੈਂ|"

ਇਸ ਤੋਂ ਪਹਿਲਾਂ ਕਿ ਦਾਊਦ ਨੇ ਨਾਥਾਨ ਦੀ ਕਹਾਣੀ ਸੁਣੀ, ਕੀ ਦਾਊਦ ਜਾਣਦਾ ਸੀ ਕਿ ਉਸ ਨੇ ਪਾਪ ਕੀਤਾ ਹੈ? ਕੀ ਦਾਉਦ ਨੇ ਆਪਣੇ ਪਾਪ ਨੂੰ ਕਬੂਲ ਕੀਤਾ? ਠੀਕ ਹੈ, ਉਸ ਨੇ ਆਪਣੇ ਪਾਪ ਦਾ ਸਾਹਮਣਾ ਨਹੀਂ ਕੀਤਾ ਸੀ| ਸਧਾਰਨ ਤੌਰ 'ਤੇ ਤੁਸੀਂ ਕੀ ਸੋਚਦੇ ਹੋਵੋਗੇ ਕਿ ਪਰਮੇਸ਼ਰ ਦੇ ਨਬੀ ਨੂੰ ਵਿਭਚਾਰ ਅਤੇ ਕਤਲ ਦੇ ਵਿਰੁੱਧ ਕੀ ਪ੍ਰਚਾਰ ਕੀਤਾ ਹੋਵੇਗਾ? ਬਿਲਕੁਲ ਠੀਕ| ਇਸ ਦੇ ਬਜਾਏ ਕਿ ਉਸ ਦਾਊਦ ਦਾ ਸਿੱਧਾ ਸਾਹਮਣਾ ਕਰਦਾ, ਨਾਥਾਨ ਨੇ ਇਕ ਕਹਾਣੀ ਸੁਣਾਈ|

ਧਿਆਨ ਕਰੋ ਕੀ ਹੋਇਆ| ਦਾਊਦ ਨੇ ਕਿਸ ਤਰ੍ਹਾਂ ਉੱਤਰ ਦਿੱਤਾ? ਦਾਊਦ ਨੇ ਧਨੀ ਦਾ ਇਕ ਅਪਰਾਧੀ ਦੇ ਤੌਰ ਤੇ ਸਹੀ ਨਿਆਂ ਕਿਹਾ ਅਤੇ ਐਥੋਂ ਤਕ ਇਹ ਵੀ ਕਿਹਾ ਕਿ ਧਨੀ ਜੋ ਕੀਤਾ ਉਸ ਦਾ ਉਹ ਕੀ ਹਰਜਾਨਾ ਭਰੇ? ਅਤੇ ਉਹ ਕਿਸ ਦੇ ਲਾਇਕ ਸੀ? ਠੀਕ ਹੈ, ਇਕ ਦੇ ਬਦਲੇ ਚਾਰ ਭੇਡਾਂ ਅਤੇ ਉਹ ਮਨੁੱਖ ਮਾਰਿਆ ਜਾਵੇ! ਦਾਊਦ ਕਹਾਣੀ ਨੂੰ ਮਹਿਸੂਸ ਕਰ ਰਿਹਾ ਸੀ, ਧਨੀ ਮਨੁੱਖ ਦੇ ਪਾਪ ਨੂੰ ਵੇਖਿਆ ਅਤੇ ਫਿਰ ਇਕ ਧਾਰਮਿਕ ਆਤਮਿਕ ਨਿਰੀਖਣ ਕੀਤਾ|

ਮੌਖਕ ਤੌਰ ਤੇ ਜਦ ਦਾਊਦ ਨੇ ਕਬੂਲ ਕੀਤਾ ਕਿ ਸਹੀ ਕੀ ਸੀ, ਤਦ ਨਾਥਾਨ ਨੇ ਦਾਊਦ ਨੂੰ ਕਹਾਣੀ ਵਿਚ ਖਿੱਚ ਲਿਆ ਅਤੇ ਦਾਊਦ ਲਈ ਆਤਮਿਕ ਪ੍ਰਯੋਗ ਕੀਤਾ, ''ਦਾਊਦ ਉਹ ਮਨੁੱਖ ਤੂੰ ਹੈਂ|" ਨਾਥਾਨ ਨੇ ਕੁਝ ਗੱਲਾਂ ਨੂੰ ਜੋੜਿਆ ਕਿ ਕਿਸ ਤਰ੍ਹਾਂ ਦਾਊਦ ਨੇ ਪਰਮੇਸ਼ਰ ਦੇ ਵਿਰੁੱਧ ਪਾਪ ਕੀਤਾ ਹੈ ਅਤੇ ਤਦ ਦਾਊਦ ਨੇ ਨਾਥਾਨ ਨੂੰ ਕਿਹਾ, ''ਮੈਂ ਪਰਮੇਸ਼ਰ ਦੇ ਵਿਰੁੱਧ ਪਾਪ ਕੀਤਾ ਹੈ|" ਅਸੀਂ ਉਸ ਤੋਂ ਬਾਦ ਕਹਾਣੀ ਵਿਚ ਵੇਖਦੇ ਹਾਂ ਕਿ ਕਤਲ ਦੀ ਸਜ਼ਾ (ਜੋ ਦਾਊਦ ਨੇ ਨਾਥਾਨ ਨੂੰ ਉਸ ਧਨੀ ਦੇ ਬਾਰੇ ਕਿਹਾ ਕਿ ਉਸ ਨੂੰ ਹੋਣੀ ਚਾਹੀਦੀ ਸੀ|) ਦਾਊਦ ਦੇ ਆਪਣੇ ਘਰਾਣੇ ਉੱਤੇ ਹੋਈ|

ਬਾਈਬਲ ਦੀ ਕਹਾਣੀ ਸਿਰਫ ਇਕ ਕਹਾਣੀ ਦੀ ਮੁੱਖ ਪੱਛਾਣ ਨੂੰ ਚਿਤਰਿਤ ਕਰਦੀ ਹੈ, ਇਹ ਮੁੱਖ ਹਿੱਸਾ ਹੈ| ਲੋਕਾਂ ਨੂੰ ਬਾਈਬਲ ਦੀ ਕਹਾਣੀ ਸੁਣਨ ਤੋਂ ਬਾਦ, ਉਹ ਉਸ ਨੂੰ ਹਕੀਕਤ ਵਿਚ ਮਹਿਸੂਸ ਕਰਨ, ਉਹ ਇਸ ਦੀ ਗਹਿਰਾਈ ਉੱਤੇ ਵਿਚਾਰ ਕਰਨ ਦੇ ਯੋਗ ਹੋਣ| ਕਹਾਣੀ ਵਿਚ ਗਹਿਰਾਈ ਨਾਲ ਵੇਖਣ ਤੋਂ, ਉਹ ਖੋਜ ਕਰਦੇ ਹਨ ਅਤੇ ਉਸ ਕਹਾਣੀ ਦੇ ਆਤਮਿਕ ਨਿਰੀਖਣਾਂ ਦੇ ਪ੍ਰਤੀ ਮੌਖਕ ਤੌਰ ਤੇ ਸਮਰਪਿਤ ਹੋ ਜਾਂਦੇ ਹਨ| ਅਸੀਂ ਉਨ੍ਹਾਂ ਖੋਜਾਂ ਨੂੰ ''ਆਤਮਿਕ ਨਿਰਿਖਣ" ਕਹਿੰਦੇ ਹਾਂ|

ਸੁਣਨ ਵਾਲਿਆਂ ਦੇ ਉੱਚੀ ਅਵਾਜ਼ ਵਿਚ ਦੱਸਣ ਤੋਂ ਬਾਦ ਕਿ ਉਹ ਕਹਾਣੀ ਦੇ ਚਰਿੱਤਰ ਬਾਰੇ ਕੀ ਵੇਖਦੇ ਹਨ, ਤਦ ਕਹਾਣੀ ਵਾਚਕ ਸੁਣਨ ਵਾਲਿਆਂ ਨੂੰ ਸੱਦਾ ਦੇਵੇਗਾ ਕਿ ਉਹ ਆਪਣੇ ਆਪ ਨੂੰ ਕਹਾਣੀ ਵਿਚ ਰੱਖਣ ਤਾਂ ਕਿ ਉਹ ਇਸ ਵਿਚ ਸ਼ਖਸੀ ਤੌਰ ਤੇ ਸ਼ਾਮਿਲ ਹਨ| ਦਿਲਚਸਪੀ ਦੀ ਗੱਲ ਇਹ ਹੈ ਕਿ ਜਦ ਸੁਣਨ ਵਾਲੇ ਆਤਮਿਕ ਨਿਰਿਖਣਾਂ ਉੱਤੇ ਵਿਚਾਰ ਵੰਟਾਂਦਰਾ ਕਰਦੇ ਹਨ, ਅਕਸਰ ਪਵਿੱਤਰ ਆਤਮਾ ਉਨ੍ਹਾਂ ਨਾਲ ਗੱਲਬਾਤ ਕਰਦਾ ਹੈ| ਉਹ ਪਹਿਲਾਂ ਹੀ ਲੋਕਾਂ ਨੂੰ ਇਹ ਵੇਖਣ ਲਈ ਪ੍ਰੇਰਿਤ ਕਰਦਾ ਹੈ| STS ਵਿਚ ਅਸੀਂ ਇਨ੍ਹਾਂ ਵਿਅਕਤੀਗਤ ਸਚਿਆਈਆਂ ਨੂੰ ''ਆਤਮਿਕ ਪ੍ਰਯੋਗ" ਕਹਿੰਦੇ ਹਾਂ|

ਕਿਹੜਾ ਅਤੇ ਕੌਣ ਇਸ ਕੰਮ ਨੂੰ ਕਰਦਾ ਹੈ?

ਇਸ ਵਿਚ ਕੋਈ ਚਿੰਤਾ ਨਹੀਂ ਕਿ ਕੋਈ ਵਿਅਕਤੀ ਕਿੰਨੇ ਸਮੇ ਤੋਂ ਪ੍ਰਭੂ ਨੂੰ ਨਿੱਜੀ ਤੌਰ 'ਤੇ ਜਾਣਦਾ ਹੈ, ਜਾਂ ਉਹ ਵਿਅਕਤੀ ਨੂੰ ਬਾਈਬਲ ਦਾ ਗਿਆਨ, ਰਸਮੀ ਤੌਰ 'ਤੇ ਜਾਂ ਗੈਰ ਰਸਮੀ ਤੌਰ 'ਤੇ ਕਿੰਨਾ ਹੈ, ਇਕੋ ਹੀ ਤਰੀਕਾ ਹੈ ਜਿਸ ਦੇ ਰਾਹੀਂ ਬਾਈਬਲ ਨੂੰ ਸਮਝਿਆ ਜਾ ਸਕਦਾ ਹੈ| ਸਾਡੇ ਪਰਮੇਸ਼ਰ ਨਾਲ ਸਬੰਧ ਹੋਣਾ ਇਹ ਆਤਮਿਕ ਗੱਲ ਹੈ| ਪਵਿੱਤਰ ਸ਼ਾਸਤਰ ਵਿਚ ਮਨੁੱਖਾਂ ਲਈ ਪਰਮੇਸ਼ਰ ਦੇ ਆਤਮਿਕ ਸੰਦੇਸ਼ ਹਨ, ਇਸ ਲਈ ਜਿਹੜੀਆਂ ਸਚਿਆਈਆਂ ਬਾਈਬਲ ਵਿਚ ਹਨ ਉਹ ਸਿਰਫ ਪਵਿੱਤਰ ਆਤਮਾ ਦੇ ਰਾਹੀਂ ਹੀ ਸਮਝੀਆਂ ਜਾ ਸਕਦੀਆਂ ਹਨ|

ਮਸੀਹ ਦੇ ਬਹੁਤ ਸਾਰੇ ਵਿਸ਼ਵਾਸੀ ਆਪਣੇ ਲਈ ਪਰਮੇਸ਼ਰ ਦਾ ਵਚਨ ਸਿੱਖਣ ਲਈ ਦੂਜਿਆਂ ਉੱਤੇ ਨਿਰਭਰ ਗਏ ਹਨ| ਚਰਚ ਜਾਣ ਵਾਲੇ ਪਾਸਟਰ ਦੀ ਉਡੀਕ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਆਤਮਿਕ ਸਚਿਆਈਆਂ ਦੱਸੇ| ਕੁਝ ਸਿੱਖਣ ਵਾਲੇ ਬਾਈਬਲ ਸਕੂਲ ਜਾਂਦੇ ਹਨ| ਪਾਸਟਰ ਸਿੱਖਣ ਲਈ ਬਾਈਬਲ ਸਕੂਲ ਜਾਂ ਸੈਮਨਰੀ ਜਾਂਦੇ ਹਨ ਅਤੇ ਆਉਣ ਵਾਲੀ ਪ੍ਰੇਰਨਾ ਲਈ ਉਹ ਕਮੈਂਟਰੀਜ਼ ਵੇਖਦੇ ਹਨ ਅਤੇ ਨਵੀਆਂ ਗੱਲਾਂ ਸਿੱਖਣ ਲਈ ਕਾਨਫ੍ਰੈਂਸਾਂ ਵਿਚ ਜਾਂਦੇ ਹਨ| ਸੈਮਨਰੀ ਜਾਣ ਵਾਲੇ ਭੂਤ ਕਾਲ ਦੇ ਲੇਖਕਾਂ ਦਾ ਅਧਿਐਨ ਕਰਕੇ ਆਪਣੇ ਗਿਆਨ ਨੂੰ ਵਧਾਉਂਦੇ ਹਨ|

ਇਨ੍ਹਾਂ ਸਭ ਸਾਧਨਾਂ ਦਾ ਬਹੁਤ ਮੁੱਲ ਹੈ, ਪਰਮੇਸ਼ਰ ਦੇ ਸੰਦੇਸ਼ ਨੂੰ ਸਮਝਣ ਦੇ ਅੱਛੇ ਸਾਧਨ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ! ਇਹ ਸਾਧਨ ਪਰਮੇਸ਼ਰ ਦਾ ਸਾਡੇ ਲਈ ਵਰਦਾਨ ਹੈ| ਉਹ ਸਾਧਨ ਕੀ ਹੈ? ਤਿੰਨ ਸਾਲਾਂ ਤੋਂ ਵੀ ਜ਼ਿਆਦਾ ਸਮੇ ਯਿਸੂ ਕੋਲੋ ਵਿਅਕਤੀਗਤ ਸਿੱਖਿਆਵਾਂ ਸਿੱਖਣ ਤੋਂ ਬਾਦ, ਚੇਲਿਆਂ ਨੇ ਉਸ ਤੋਂ ਸੰਦੇਸ਼ ਦਾ ਅਰੰਭ ਸੁਣਿਆਂ| ਯਿਸੂ ਉਨ੍ਹਾਂ ਨੂੰ ਛੱਡਣ ਵਾਲਾ ਸੀ! ਉਸ ਨੇ ਆਪਣੇ ਚੇਲਿਆਂ ਨੂੰ ਕਿਹਾ, ''ਤੁਹਾਡਾ ਮਨ ਨਾ ਘਬਰਾਵੇ ਨਾ ਹੀ ਡਰੇ|"

ਯਿਸੂ ਨੇ ਕੀ ਕਿਹਾ, ਕੀ ਅਸੀਂ ਉਹ ਜਜ਼ਬਾਤ ਜਾਣ ਸਕਦੇ ਹਾਂ ਜੋ ਚੇਲੇ ਮਹਿਸੂਸ ਕਰ ਰਹੇ ਸਨ? ਹਾਂ| ਉਹ ਡਰੇ ਹੋਏ ਸਨ| ਉਨ੍ਹਾਂ ਦਾ ਅਨੇਖਾ, ਨਿੱਜੀ ਸੱਖਿਅਕ ਹੁਣ ਉਨ੍ਹਾਂ ਨਾਲ ਨਾ ਰਹੇਗਾ| ਕੋਣ ਉਨ੍ਹਾਂ ਨੂੰ ਤੱਸਲੀ ਦੇਵੇਗਾ? ਕੌਣ ਉਨ੍ਹਾਂ ਨੂੰ ਸਿਖਾਵੇਗਾ? ਯਿਸੂ ਵੱਲੋਂ ਚੇਲਿਆਂ ਲਈ ਉਹ ਅੰਤਮ ਸੰਦੇਸ਼ ਸੀ, ਉਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਕੱਲੇ ਨਾ ਰਹਿਣਗੇ| ਯਿਸੂ ਨੇ ਉਨ੍ਹਾਂ ਨੂੰ ਇਕ ਪੱਕੇ ਸਿੱਖਿਅਕ ਦਾ ਵਾਦਾ ਕੀਤਾ| ਉਹ ਸਿੱਖਿਅਕ ਹਰੇਕ ਚੇਲੇ ਦੇ ਸੰਗ ਰਹੇਗਾ, ਰਾਤ ਦਿਨ, ਹਫਤੇ ਦੇ ਸੱਤੇ ਦਿਨ|

''ਪਰ ਉਹ ਸਹਾਇਕ ਅਰਥਾਤ ਪਵਿੱਤ੍ਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲਵੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ|" (ਯੂਹੰਨਾ 14:26)

''ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲਿਆਂ ਗੱਲਾਂ ਤੁਹਾਨੂੰ ਦੱਸੇਗਾ|" (ਯੂਹੰਨਾ 16:13)

ਪਰਮੇਸ਼ਰ ਦੇ ਵਚਨ ਨੂੰ ਸਮਝਣ ਦਾ ਉੱਤਮ ਸਾਧਨ ਪਵਿੱਤਰ ਆਤਮਾ ਹੈ ਅਰਥਾਤ ਜੋ ਵਰਦਾਨ ਯਿਸੂ ਨੇ ਸਾਡੇ ਲਈ ਦਿੱਤਾ ਹੈ|

ਪਰਮੇਸ਼ਰ ਹੋਰ ਵੀ ਵਚਨਾ ਵਿਚ ਵਿਆਖਿਆ ਕਰਦਾ ਹੈ ਕਿ ਪਵਿੱਤਰ ਆਤਮਾ ਕਿਸ ਤਰ੍ਹਾਂ ਆਤਮਿਕ ਸਚਿਆਈ ਨੂੰ ਸਿਖਾਵੇਗਾ|

''ਪਰੰਤੂ ਜਿਵੇਂ ਲਿਖਿਆ ਹੋਇਆ ਹੈ, ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣਿਆਂ, ਨਾ ਇੰਨਸਾਨ ਦੇ ਮਨ ਵਿਚ ਆਈਆਂ, ਜਿਹੜਿਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ| ਉਨ੍ਹਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ| ਮਨੁੱਖ ਦੇ ਆਤਮਾ ਤੋਂ ਬਿਨਾਂ ਜੋ ਉਹ ਦੇ ਅੰਦਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਪ੍ਰਕਾਰ ਪਰਮੇਸ਼ੁਰ ਦੇ ਆਤਮਾ ਤੋਂ ਬਿਨਾਂ ਪਰਮੇਸ਼ੁਰ ਦੀਆਂ ਗੱਲਾ ਕੋਈ ਨਹੀਂ ਜਾਣਦਾ ਹੈ|
ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਆਂ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ| ਅਸੀਂ ਇਨ੍ਹਾਂ ਗੱਲਾਂ ਨੂੰ ਮਾਣਸ ਗਿਆਨ ਦੀਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦੀਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਕ ਗੱਲਾਂ ਆਤਮਕ ਮਨੁੱਖਾਂ ਨੂੰ ਦੱਸਦੇ ਹਾਂ|

ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਉਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸਕਦਾ ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ| ਪਰ ਜਿਹੜਾ ਆਤਮਕ ਹੈ ਉਹ ਤਾਂ ਸਭਨਾ ਗੱਲਾਂ ਦੀ ਜਾਚ ਕਰਦਾ ਹੈ ਪਰ ਆਪ ਕਿਸੇ ਤੋਂ ਜਾਚਿਆ ਨਹੀਂ ਜਾਂਦਾ| ਕਿਉਂ ਜੋ ਪ੍ਰਭੁ ਦੀ ਬੁੱਧੀ ਨੂੰ ਕਿਨ ਜਾਣਿਆ ਹੈ ਭਈ ਉਹ ਸਮਝਾਵੇ? ਪਰ ਮਸੀਹ ਦੀ ਬੁੱਧੀ ਸਾਡੇ ਵਿੱਚ ਹੈ|" (1ਕੁਰਿੰਥੀਆਂ 2:9-16)
ਲੰਮੇ ਸਮੇ ਤੋਂ ਪਵਿੱਤਰ ਆਤਮਾ ਦੀ ਕਲਾਸ ਖਾਲੀ ਪਈ ਹੈ| ਆਓ ਅਸੀਂ ਉਸ ਦੀ ਕਲਾਸ ਵਿਚ

ਜਾਈਏ, ਆਪਣੇ ਹੱਥ ਚੁੱਕੀਏ ਅਤੇ ਪ੍ਰਸ਼ਨ ਪੁੱਛੀਏ| ਜਿਵੇਂ ਜਿਵੇਂ ਅਸੀਂ ਹਰੇਕ ਕਹਾਣੀ ਦਾ ਅਧਿਐਨ ਕਰਦੇ ਹਾਂ, ਅਸੀਂ ਪਰਮੇਸ਼ਰ ਅੱਗੇ ਉਸ ਦੇ ਵਿਸ਼ੇ ਨੂੰ ਸਮਝਣ ਦੀ ਬੁੱਧ ਮੰਗ ਸਕਦੇ ਹਾਂ ਅਤੇ ਵਿਸ਼ਵਾਸ ਕਰਦੇ ਹਾਂ ਕਿ ਉਹ ਸਾਨੂੰ ਉੱਤਰ ਦੇਵੇਗਾ|

nfXnkJ/ 3L ਸਿਰਫ ਇਕ ਕਹਾਣੀ-
ਸੰਖੇਪ ਵਿਵਰਣ

ਤਿਆਰੀ

STS ਦੇ ਢੰਗ ਵਿਚ ਬਾਈਬਲ ਦੀ ਕਹਾਣੀ ਨੂੰ ਅਸਾਨੀ ਨਾਲ ਸਿੱਖਣਾ ਸ਼ਾਮਿਲ ਕਰਦਾ ਹੈ ਅਤੇ ਇਹ ਜਿਹੜੇ ਆਤਮਿਕ ਖਜਾਨੇ ਹਨ ਉਨ੍ਹਾਂ ਦੀ ਭਾਲ ਕਰਦਾ ਹੈ| ਇਸ ਤੋਂ ਬਾਦ ਹਿਦਾਇਤਾਂ ਦੇ ਅਨੁਸਾਰ ਮੌਖਿਕ ਤਰੀਕੇ ਨਾਲ ਪ੍ਰਸ਼ਨ ਬਣਾਏ ਜਾਂਦੇ ਹਨ ਜਿਹੜੇ ਕਹਾਣੀ ਦੇ ਬਾਰੇ ਵਿਚਾਰ ਵਟਾਂਦਰਾ ਕਰਨ ਵਿਚ ਸਹਾਇਕ ਹੋਣਗੇ|

ਪੇਸ਼ਕਾਰੀ

ਦੋ ਹਿੱਸਿਆਂ ਵਾਲੀ ਸਿੱਖਿਆ ਵਿਚ ਸਿਖਾਇਆ ਜਾਂਦਾ ਹੈ: ਪਹਿਲਾ ਕਹਾਣੀ ਦੱਸਣਾ, ਫਿਰ ਦੂਸਰਾ, ਮੂਲ ਸਾਰ ਦੀ ਖੋਜ ਕਰਨਾ|

ਅਵਸਥਾ ਪਹਿਲੀ: ਕਹਾਣੀ ਤਿੰਨ ਵਾਰ ਦੱਸੀ ਜਾਂਦੀ ਹੈ, ਇਸ ਤਰ੍ਹਾਂ ਸੁਣਨਵਾਲੇ ਕਹਾਣੀ ਦੇ ਵਿਸ਼ੇ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਜਾਂਦੇ ਹਨ| ਕਹਾਣੀ ਸੁਣਾਉਣ ਲਈ ਢੰਗ ਜਾਂ ਹੁੱਨਰ ਦੀ ਜ਼ਰੂਰਤ ਹੈ: ਕਹਾਣੀ ਨੂੰ ਚੰਗੀ ਤਰ੍ਹਾਂ ਸੁਣਾਉਣ ਦੀ ਯੋਗਤਾ, ਵਲੰਟੀਅਰਾਂ ਨੂੰ ਉਤਸ਼ਾਹਿਤ ਕਰਨਾ ਅਤੇ ਕਹਾਣੀ ਦੇ ਵਿਸ਼ੇ ਦਾ ਦਿਲਚਸਪੀ ਨਾਲ ਨਿਰੀਖਣ ਕਰਨਾ|

1. ਦੱਸਣਾ: ਕਹਾਣੀ ਵਾਚਕ ਕਹਾਣੀ ਦੱਸਦਾ ਹੈ| (ਪਹਿਲੀ ਵਾਰ ਕਹਾਣੀ ਦੱਸਣ ਨਾਲ ਸੁਣਨ ਵਾਲੇ ਨੂੰ ਕਹਾਣੀ ਦੀ ਰੂਪ ਰੇਖਾ ਅਤੇ ਇਸ ਦੇ ਪ੍ਰਭਾਵ ਨੂੰ ਮਹਿਸੂਸ ਕਰਨ ਵਿਚ ਸਹਾਇਤਾ ਮਿਲਦੀ ਹੈ|)

2. ਵਲੰਟੀਅਰ: ਕਹਾਣੀ ਵਾਚਕ ਇਕ ਵਲੰਟੀਅਰ ਨੂੰ ਕਹਾਣੀ ਦੁਹਰਾਉਣ ਲਈ ਕਹਿੰਦਾ ਹੈ ਜਾਂ ਸੁਣਨ ਵਾਲਿਆਂ ਨੂੰ ਇਕ ਦੂਜੇ ਨੂੰ ਕਹਾਣੀ ਦੁਹਰਾਉਣ ਲਈ ਕਹਿੰਦਾ ਹੈ| (ਸੁਣਨ ਵਾਲੇ ਕਹਾਣੀ ਦੀ ਦੁਹਰਾਈ ਨੂੰ ਆਪਣੇ ਇਸ਼ਾਰਿਆਂ ਨਾਲ ਦੱਸਦੇ ਹਨ ਕਿ ਉਹ ਧਿਆਨ ਨਾਲ ਸੁਣਦੇ ਹਨ, ਇਹ ਉਨ੍ਹਾਂ ਨੂੰ ਕਹਾਣੀ ਨੂੰ ਉਨ੍ਹਾਂ ਦੀ ਯਾਦ ਵਿਚ ਜੋੜਨ ਲਈ ਮਦਦ ਕਰਦੀ ਹੈ|)

3. ਅਗੁਵਾਈ ਕਰਨਾ: ਕਹਾਣੀ ਵਾਚਕ ਸਾਰੇ ਸੁਣਨ ਵਾਲਿਆਂ ਨੂੰ ਤੀਜੀ ਵਾਰ ਕਹਾਣੀ ਦੁਹਰਾਉਣ ਲਈ ਬੁਲਾਉਂਦਾ ਹੈ| (ਇਹ ਤੀਜੀ ਵਾਰ ਦੁਹਰਾਈ, ਕਹਾਣੀ ਵਾਚਕ ਹਰੇਕ ਨੂੰ ਕਹਾਣੀ ਯਾਦ ਕਰਨ ਵਿਚ ਮਦਦ ਕਰਦਾ ਹੈ ਅਤੇ ਹਰੇਕ ਦੀ ਇਕ ਵਾਰ ਫਿਰ ਕਹਾਣੀ ਦੱਸਣ ਵਿਚ ਅਗੁਵਾਈ ਕਰਦਾ ਹੈ|)

ਅਵਸਥਾ ਦੂਜੀ: ਕਹਾਣੀ ਵਾਚਕ ਸੁਣਨ ਵਾਲਿਆਂ ਦੀ ਕਹਾਣੀ ਦੇ ਆਤਮਿਕ ਅਰਥ ਵੱਲ ਅਗੁਵਾਈ ਕਰਦਾ ਹੈ| ਪਰ ਹੁਣ, ਕਹਾਣੀ ਵਾਚਕ ਸੁਣਨਵਾਲਿਆਂ ਨੂੰ ਕਹਾਣੀ ਸੁਣਾਉਣ ਲਈ ਨਹੀਂ ਕਹਿੰਦਾ ਹੈ| ਇਸ ਦੇ ਤੋਂ ਪਹਿਲਾਂ ਕਿ ਉਹ ਹਰੇਕ ਹਿੱਸੇ ਵਿਚ ਖਜਾਨੇ ਦੀ ਭਾਲ ਕਰੇ,

ਕਹਾਣੀ ਵਾਚਕ ਪਹਿਲਾਂ ਵਿਆਖਿਆ ਕਰਨ ਲਈ ਕਹਾਣੀ ਦਾ ਛੋਟਾ ਜਿਹਾ ਹਿੱਸਾ ਦੁਹਰਾਉਂਦਾ ਹੈ|

1. **ਆਤਮਿਕ ਨਿਰੀਖਣ:** ਸਭ ਤੋਂ ਪਹਿਲਾਂ ਕਹਾਣੀ ਵਾਚਕ ਸੁਣਨ ਵਾਲਿਆਂ ਨੂੰ ਪ੍ਰਸ਼ਨਾਂ ਦੇ ਰਾਹੀਂ ਆਤਮਿਕ ਨਿਰੀਖਣ ਵੱਲ ਲੈ ਜਾਂਦਾ ਹੈ| (ਇਹ ਤਦ ਹੁੰਦਾ ਹੈ ਜਦ ਸੁਣਨ ਵਾਲਿਆਂ ਨੂੰ ਕਹਾਣੀ ਵਿਚ ਚਰਿੱਤਰ ਦੀ ਕ੍ਰਿਆਵਾਂ ਨੂੰ ਵੇਖਣ ਲਈ ਬੁਲਾਇਆ ਜਾਂਦਾ ਹੈ| ਤਦ ਪ੍ਰਸ਼ਨਾਂ ਦੇ ਉੱਤਰ ਵਿਚ ਸੁਣਨ ਵਾਲੇ ਦੱਸਦੇ ਹਨ ਕਿ ਇਸ ਕਹਾਣੀ ਵਿਚ ਲੋਕਾਂ ਨਾਲ ਪਰਮੇਸ਼ਰ ਨੇ ਕੀ ਕੀਤਾ, ਇਸ ਦੇ ਬਾਰੇ ਸਿੱਖਦੇ ਹਨ| ਇਨ੍ਹਾਂ ਨੂੰ ਅਸੀਂ 'ਆਤਮਿਕ ਨਿਰੀਖਣ" ਕਹਿੰਦੇ ਹਾਂ|)

2. **ਆਤਮਿਕ ਪ੍ਰਯੋਗ:** ਦੂਜਾ, ਆਤਮਿਕ ਨਿਰੀਖਣਾਂ ਦੇ ਅਧਾਰ ਉੱਤੇ ਜਿਹੜੇ ਕਿ ਲੱਭੇ ਜਾਂਦੇ ਹਨ, ਲੋਕਾਂ ਦੇ ਵਰਤਮਾਨ ਜੀਵਨ ਲਈ ਪ੍ਰਯੋਗ ਭਾਲੇ ਜਾਂਦੇ ਹਨ| (ਤਦ ਕਹਾਣੀ ਵਾਚਕ ਪ੍ਰਸ਼ਨਾਂ ਦਾ ਪ੍ਰਯੋਗ ਕਰਦੇ ਹੋਏ ਸਰੋਤਿਆਂ ਨੂੰ ਭਾਲਣ ਅਤੇ ਦੱਸਣ ਵੱਲ ਅਗੁਵਾਈ ਕਰਦਾ ਹੈ| ਅਸੀਂ ਜਿਨ੍ਹਾਂ ਨੂੰ ਅਸੀਂ ''ਆਤਮਿਕ ਪ੍ਰਯੋਗ" ਕਹਿੰਦੇ ਹਾਂ|)

ਅਧਿਆਏ 4: *ਸਿਰਫ ਇਕ ਕਹਾਣੀ* ਦੇ ਤਰੀਕੇ ਨਾਲ ਕਹਾਣੀ ਦੀ ਤਿਆਰੀ ਕਿਸ ਤਰ੍ਹਾਂ ਕੀਤੀ ਜਾਵੇ

STS ਦੀ ਸ਼ੈਲੀ ਵਿਚ ਸਿਖਾਉਣ ਲਈ ਤਿੰਨ ਤਰੀਕਿਆਂ ਦੀ ਜ਼ਰੂਰਤ ਹੈ:
1. ਆਪਣੀ ਕਹਾਣੀ ਨੂੰ ਕਿਸ ਤਰ੍ਹਾਂ ਚੁਣਨਾ, ਸਿੱਖਣਾ ਅਤੇ ਚੰਗੀ ਤਰ੍ਹਾਂ ਦੱਸਣਾ ਹੈ
2. ਆਪਣੀ ਕਹਾਣੀ ਵਿਚ ਖ਼ਜ਼ਾਨਿਆਂਨੂੰ ਕਿਸ ਤਰ੍ਹਾਂ ਭਾਲੀਏ
3. ਆਪਣੇ ਪ੍ਰਸ਼ਨਾਂ ਦੀ ਰਚਨਾ ਕਿਸ ਤਰ੍ਹਾਂ ਕਰੀਏ ਅਤੇ ਪੁੱਛੀਏ

ਢੰਗ 1: ਆਪਣੀ ਕਹਾਣੀ ਨੂੰ ਕਿਸ ਤਰ੍ਹਾਂ ਚੁਣਨਾ, ਸਿੱਖਣਾ ਅਤੇ ਚੰਗੀ ਤਰ੍ਹਾਂ ਦੱਸਣਾ ਹੈ

ਜਿਵੇਂ ਹੀ ਤੁਸੀਂ ਸਿਰਫ ਇਕ ਕਹਾਣੀ ਦੀ ਪ੍ਰਕ੍ਰਿਆ ਵਿਚ ਦੀ ਜਾਂਦੇ ਹੋ, ਸਭ ਗੱਲਾਂ ਤੋਂ ਵੱਧ ਕੇ ਪਰਮੇਸ਼ਰ ਦੇ ਵਚਨ ਵਿਚ ਵਿਸ਼ਵਾਸ ਕਰਨਾ ਹੈ| ਇਹ ਵਿਸ਼ਵਾਸ ਕਰੋ ਕਿ ਬਾਈਬਲ ਵਿਚ ਕਹਾਣੀਆਂ ਨੂੰ ਅੱਛੇ ਤਰੀਕੇ ਨਾਲ ਦੱਸਿਆ ਗਿਆ ਹੈ ਜਿਸ ਤਰ੍ਹਾਂ ਪਰਮੇਸ਼ਰ ਨੇ ਉਨ੍ਹਾਂ ਨੂੰ ਲਿਖਿਆ ਹੈ| ਜਦ ਤੁਸੀਂ ਬਾਈਬਲ ਦੀ ਕਹਾਣੀ ਦੱਸਦੇ ਹੋ, ਉਸ ਵਿਚ ਕੁਝ ਵੀ ਅਲਗ ਨਾ ਜੋੜੋ, ਉਸ ਵਿਚੋਂ ਕੁਝ ਵੀ ਨਾ ਛੱਡੋ, ਕਹਾਣੀ ਦੱਸਣ ਦੇ ਸਮੇ ਪ੍ਰਚਾਰ ਜਾਂ ਉਸ ਕਹਾਣੀ ਦੀ ਵਿਆਖਿਆ ਨਾ ਕਰੋ|

ਬਾਈਬਲ ਦੀ ਕਹਾਣੀਆਂ ਦੀ ਚੋਣ

ਕੁਝ ਹਾਲਾਤ ਵਿਚ, ਹੋ ਸਕਦਾ ਹੈ ਕਿ ਤੁਹਾਨੂੰ ਆਗੂ ਦੇ ਦੁਆਰਾ ਕੋਈ ਕਹਾਣੀ ਜਾਂ ਬਾਈਬਲ ਦਾ ਕੋਈ ਹਿੱਸਾ ਦਿੱਤਾ ਜਾਵੇ| ਪਰ ਜੇਕਰ ਤੁਸੀਂ ਆਪ ਖੁਦ ਕੋਈ ਕਹਾਣੀ ਦੀ ਚੋਣ ਕਰਦੇ ਹੋ ਤਾਂ ਕੁਝ ਹਿਦਾਇਤਾਂ ਇਸ ਤਰ੍ਹਾਂ ਹਨ|

1. ਜਦ ਕਿਸੇ ਖਾਸ ਗਰੁਪ ਲਈ ਤੁਹਾਡੇ ਕੋਲ ਬਾਈਬਲ ਕਹਾਣੀ ਦੱਸਣ ਦਾ ਸਿਰਫ ਇਕੋ (ਘੱਟ ਮੌਕੇ ਮਿਲਦੇ ਹਨ) ਮੌਕਾ ਮਿਲਦਾ ਹੈ, ਤਦ ਉਨ੍ਹਾਂ ਸੁਣਨ ਵਾਲਿਆਂ ਦੀ ਉਮਰ ਨਾਲ ਮੇਲ ਖਾਂਦੀਆਂ ਕਹਾਣੀਆਂ ਦੀ ਚੋਣ ਕਰੋ ਅਤੇ ਉਸ ਕਹਾਣੀ ਦਾ ਸਮਾ, ਸਮੇ ਦੇ ਹਿਸਾਬ ਨਾਲ ਹੋਣਾ ਚਾਹੀਦਾ ਹੈ| ਪ੍ਰਾਰਥਨਾ ਕਰੋ ਕਿ ਪਵਿੱਤਰ ਆਤਮਾ ਤੁਹਾਨੂੰ ਉਨ੍ਹਾਂ ਕਹਾਣੀਆਂ ਦੀ ਅਗੁਵਾਈ ਕਰੇ ਜਿਨ੍ਹਾਂ ਦੀਆਂ ਸਚਿਆਈਆਂ ਦੀ ''ਸੁਣਨ ਵਾਲਿਆਂ'' ਨੂੰ ਸੁਣਨ ਦੀ ਜ਼ਰੂਰਤ ਹੋਵੇ|

2. ਜਦ ਪਰਮੇਸ਼ਰ ਨੇ ਸਾਨੂੰ ਬਾਈਬਲ ਦਿੱਤੀ, ਉਸ ਕੋਲ ਇਤਹਾਸ ਦੀਆਂ ਅਸੰਖ ਘਟਨਾਵਾਂ ਸਨ ਜਿਨ੍ਹਾਂ ਵਿਚੋਂ ਚੁਣਨਾ ਹੈ| ਬਿਨਾ ਸ਼ਕ, ਪਰਮੇਸ਼ਰ ਨੇ ਆਪਣੀ ਸਮਝ ਵਿਚ ਉਨ੍ਹਾਂ ਨੂੰ ਹੀ ਚੁਣਿਆਂ ਹੈ, ਜਿਹੜੀਆਂ ਮਨੁੱਖ ਲਈ ਜ਼ਰੂਰੀ ਹਨ| ਕਿਉਂਕਿ ਸਾਡਾ ਪਰਮੇਸ਼ਰ ਸਾਰੇ ਲੋਕਾਂ ਦਾ ਰਚਣਹਾਰ ਹੈ, ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਜਾਣਦਾ ਹੈ| ਉਸ ਦੇ ਨਾਲ ਹੀ ਨਾਲ, ਆਪਣੀ ਸਰਬਗਿਆਨਤਾ ਵਿਚ, ਪਰਮੇਸ਼ਰ ਹਰੇਕ ਸੱਭਿਅਤਾ ਅਤੇ ਵਿਸ਼ਵਾਸ ਪ੍ਰਣਾਲੀ ਨੂੰ ਜਾਣਦਾ ਸੀ ਜਿਸ ਵਿਚ ਲੋਕ ਵਿਕਸਿਤ ਹੋਣੇ ਸਨ| ਬਾਈਬਲ ਅਤਿ-ਸੱਭਿਆਚਾਰਕ ਹੈ ਅਰਥਾਤ, ਇਸ ਦਾ ਵਿਸ਼ਾ ਸਭ ਸੱਭਿਅਤਾਵਾਂ ਤੋਂ ਉੱਚਾ ਹੈ| ਅਸੀਂ ਕਹਾਣੀ ਵਾਚਕ ਲਈ ਇਹ ਸਲਾਹ ਦਿੰਦੇ ਹੋਏ ਕਹਿੰਦੇ ਹਾਂ ਕਿ ਪਰਮੇਸ਼ਰ ਨੇ ਹਰੇਕ ਕਹਾਣੀ ਵਿਚ ਸਭ ਲੋਕਾਂ ਲਈ ਕੁਝ ਨਾ ਕੁਝ ਆਤਮਿਕ ਮਹੱਤਵ ਰੱਖਿਆ ਹੈ| ਲੋਕਾਂ ਨੂੰ ਨਾ-ਢੁੱਕਣ ਵਾਲੀ ਕਹਾਣੀ ਦੀ ਚੋਣ ਕਰਨ ਵਿਚ ਬਾਹਲਾ ਉਤਸ਼ਾਹਿਤ ਨਾ ਹੋਵੋ| ਜਦ ਤੁਸੀਂ ਆਪਣੀ ਚੁਣੀ ਹੋਈ ਕਹਾਣੀ ਨੂੰ ਸੁਣਾਉਂਦੇ ਹੋ, ਇਹ ਧਿਆਨ ਵਿਚ ਰੱਖੋ ਕਿ ਪਵਿੱਤਰ ਆਤਮਾ ਹੀ ਉਥੇ ਹਾਜਰ ਲੋਕਾਂ ਨੂੰ ਉਪਦੇਸ਼ ਦੇਵੇਗਾ|

3. STS ਵਿਚ ਅਸੀਂ ਪ੍ਰਚਾਰ ਲਈ ਅਤੇ ਸਿੱਖਿਆ ਲਈ ਪਹਿਲਾਂ ਤੋਂ ਹੀ ਚੁਣੀਆਂ ਹੋਈਆਂ ਕਹਾਣੀਆਂ ਦਾ ਇਸਤੇਮਾਲ ਨਹੀਂ ਕਰਦੇ| ਅਸੀਂ ਇਕ ਸਾਰਤਾ ਨਾਲ STS ਦੇ ਪ੍ਰਯੋਗਾਂ ਵਿਚ ਸਬੂਤ ਵੇਖਦੇ ਹਾਂ ਕਿ ਪਵਿੱਤਰ ਆਤਮਾ ਸਾਰੀਆਂ ਕਹਾਣੀਆਂ ਦੇ ਰਾਹੀਂ ਲੋਕਾਂ ਨੂੰ ਅਨੁਸ਼ਾਸਤ ਅਤੇ ਪਰਮੇਸ਼ਰ ਦੇ ਵਿਸ਼ਵਾਸ ਵਿਚ ਲਿਆ ਸਕਦਾ ਹੈ ਅਤੇ ਲਿਆਉਂਦਾ ਹੈ|

4. ਜੇਕਰ ਤੁਹਾਡੇ ਕੋਲ ਸੁਣਨ ਵਾਲੇ ਉਹੀ ਲੋਕ ਹੋਣ ਅਤੇ ਤੁਹਾਡੇ ਕੋਲ ਕਹਾਣੀ ਸੁਣਾਉਣ ਦੇ ਕਈ ਮੌਕੇ ਹੋਣ, ਤਾਂ ਇਹ ਬਿਹਤਹ ਹੋਵੇਗਾ ਕਿ ਬਾਈਬਲ ਦੇ ਅਰੰਭ ਤੋਂ ਦੱਸਿਆ ਜਾਵੇ| ਜ਼ਿਆਦਾਤਰ ਬਾਈਬਲ ਕਹਾਣੀਆਂ, ਕਹਾਣੀ ਦੀ ਸੂਚਨਾ ਦੇ ਅਧਾਰ ਉੱਤੇ ਬਣੀਆਂ ਹਨ ਜੋ ਪਹਿਲਾਂ ਹੀ ਹੋਈਆਂ ਹਨ, ਇਸ ਲਈ ਜਦ ਵੀ ਸੰਭਵ ਹੋਵੇ ਤਾਂ ਸਮਝਦਾਰੀ ਇਹੀ ਹੈ ਕਿ ਸਮੇ ਦੇ ਕ੍ਰਮ ਅਨੁਸਾਰ ਹੀ ਕਹਾਣੀਆਂ ਦੀ ਚੋਣ ਕੀਤੀ ਜਾਵੇ|

5. ਕਹਾਣੀ ਦੱਸਣ ਵਿਚ, ਅਤੇ ਰਿਕਾਰਡਿੰਗ ਵਿਚ, ਜੇਕਰ ਤੁਸੀਂ ਮਹਿਸੂਸ ਕਰਦੇ ਹੋ ਤਾਂ ਕੁਝ ਕਹਾਣੀਆਂ ਨੂੰ ਛੱਡ ਸਕਦੇ ਹੋ, ਪਰ ਜੇਕਰ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਜਰੂਰ ਹੀ ਉਸ ਕਹਾਣੀ ਦੀ ਭੂਮਿਕਾ ਦੇਣਾ ਚਾਹੋਗੇ ਤਾਂ ਕਿ ਉਸ ਦਾ ਅਗਲੀ ਕਹਾਣੀ ਵਿਚ ਜੋੜ ਹੋ ਸਕੇ| ਚਾਹੇ ਤੁਸੀਂ ਕਿਸੇ ਕਹਾਣੀ ਨੂੰ ਨਾ ਵੀ ਛੱਡੋ, ਉਸ ਸਮੇ ਇਹੀ ਸਮਝਦਾਰੀ ਹੋਵੇਗੀ ਕਿ ਸੁਣਨ ਵਾਲਿਆਂ ਨੂੰ ਅਗਲੀ ਕਹਾਣੀ ਲਈ ਤਿਆਰ ਕਰਨ ਖਾਤਿਰ ਪਿੱਛਲੀ ਕਹਾਣੀ ਵੀ ਦੁਹਾਰਾਈ ਜਾਵੇ ਜੋ ਤੁਸੀਂ ਸੁਣਾਈ ਸੀ| ਦੂਜਿਆਂ ਨੂੰ ਸ਼ਾਮਿਲ ਕਰੋ| ਇਸ ਤਰ੍ਹਾਂ ਹੋਵੇ ਕਿ ਸਿੱਖਣ ਵਾਲੇ ਹੀ ਪਿਛਲੀ ਕਹਾਣੀ ਦੱਸਣ|

6. ਜਦ ਕੋਈ ਕਹਾਣੀ ਲੰਮੀ ਹੋਵੇ, ਹੋ ਸਕਦਾ ਹੈ 25 ਪਦ ਹੋਣ, ਤਾਂ ਤੁਸੀਂ ਕਹਾਣੀ ਨੂੰ ਦੋ ਹਿੱਸਿਆਂ ਵਿਚ ਵੰਡ ਸਕ ਸਕਦੇ ਹੋ| ਇਸ ਤਰ੍ਹਾਂ ਸੁਣਨ ਵਾਲਿਆਂ ਲਈ ਸਿੱਖਣਾ ਅਤੇ ਵਿਚਾਰ ਵਟਾਂਦਰਾ ਕਰਨਾ ਅਸਾਨ ਹੋਵੇਗਾ| ਕਹਾਣੀ ਦੀ ਵੰਡ ਸੁਭਾਵਕ ਤਰੀਕੇ ਨਾਲ ਹੀ ਹੋਵੇ, ਜੋ ਕਿ ਕਿਸੇ ਵੀ ਹਿੱਸੇ ਦੇ ਇਕਦਮ ਵਿਚਕਾਰ ਨਾ ਹੋਵੇ|

ਉਦਾਹਰਣ ਲਈ, STS ਦੀ ਸ਼ੈਲੀ ਵਿਚ ਨਾਮਾਨ ਦੀ ਕਹਾਣੀ ਅਨੇਖੀ ਕਹਾਣੀ ਜੋ ਕਿ 2 ਰਾਜਾ 5:1-27 ਹੈ| ਜੇਕਰ ਵਿਚਾਰਵਟਾਂਦਰੇ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ 3 ਘੰਟੇ ਹਨ| ਅਸਲ ਵਿਚ, ਨਾਮਾਨ ਦੀ ਕਹਾਣੀ ਵਿਚ ਚਾਰ ਹੋਣ ਭਿੰਨ ਕਹਾਣੀਆਂ ਹਨ| ਇਸ ਵੱਡੀ ਕਹਾਣੀ ਨੂੰ ਇਸ ਤਰ੍ਹਾਂ ਕੁਦਰਤੀ ਤੌਰ 'ਤੇ ਤੋੜ ਸਕਦੇ ਹਾਂ: 1-5; 6-14; 15-19 ਅਤੇ 20-27.

7. ਕੁਝ ਕਹਾਣੀਆਂ ਵਿਚ ਲੰਮੀ ਸੂਚੀ ਹੁੰਦੀ ਹੈ, ਹੋ ਸਕਦਾ ਹੈ ਕਿ ਸ਼ਹਿਰਾਂ ਦੇ ਨਾਮ ਹੋਣ| ਜੇਕਰ ਕਹਾਣੀ ਇੰਨੀ ਵੱਡੀ ਹੈ, ਤਾਂ ਸੂਚੀ ਅਰੰਭ ਹੋਣ ਤੋਂ ਪਹਿਲਾਂ ਕਹਾਣੀ ਨੂੰ ਦੋ ਹਿੱਸਿਆਂ ਵਿਚ ਵੰਡ ਲਓ| ਤਦ ਦੂਜੀ ਕਹਾਣੀ ਦੀ ਭੂਮਿਕਾ ਵਿਚ, ਸੂਚੀ ਦਾ ਜਿਕਰ ਕਰੋ| ਇਸ ਤਰ੍ਹਾਂ ਕਹਿ ਸਕਦੇ ਹੋ, ''ਵੱਖ ਵੱਖ 14 ਦੇਸਾਂ ਦੇ ਲੋਕ ਇਕੱਠੇ ਹੋਏ|" ਤਦ ਸੂਚੀ ਤੋਂ ਬਾਦ ਦੂਜੀ ਕਹਾਣੀ ਅਰੰਭ ਕਰੋ|

ਇਸ ਤਰੀਕੇ ਨਾਲ ਸੂਚਨਾਵਾਂ ਨੂੰ ਦੱਸਣ ਨਾਲ, ਤੁਸੀਂ ਬਾਈਬਲ ਦੀਆਂ ਦੋ ਕਹਾਣੀਆਂ ਦੱਸਦੇ ਹੋ ਜੋ ਕਿ ਪਵਿੱਤਰ ਸ਼ਾਸਤਰ ਨਾਲ ਸਹੀ ਹਨ| ਕਹਾਣੀ ਵਾਚਕ ਲਈ ਅਤੇ ਸਿੱਖਣ ਵਾਲੇ ਲਈ, ਕਹਾਣੀ ਨੂੰ ਦੋ ਹਿੱਸਿਆਂ ਵਿਚ ਵੰਡਣ ਨਾਲ ਸਿੱਖਣ ਅਤੇ ਯਾਦ ਕਰਨ ਵਿਚ ਮਦਦ ਹੋਵੇਗੀ| ਕਹਾਣੀ ਵਾਚਕ ਹੋਣ ਦੇ ਨਾਤੇ ਉਨ੍ਹਾਂ ਦੇ ਇਸ ਹੁੱਨਰ ਨੂੰ ਵਧਾਓ, ਇਸ ਤਰ੍ਹਾਂ ਉਹ ਪਿੱਛੇ ਜਾ ਕੇ ਦੋਹਾਂ ਕਹਾਣੀਆਂ ਦਾ ਸਮਾਪਤੀ ਕਰਦੇ ਹਨ ਜਾਂ ਸਾਰੇ ਨਾਮਾਂ ਨੂੰ ਸ਼ਾਮਿਲ ਕਰ ਸਕਦੇ ਹਨ|

ਹੁਣ ਤੁਸੀਂ ਜਾਣ ਗਏ ਹੋ ਕਿ ਇਕ ਕਹਾਣੀ ਦੀ ਚੋਣ ਕਿਸ ਤਰ੍ਹਾਂ ਕਰਨੀ ਹੈ, ਆਓ ਅਸੀਂ ਕਹਾਣੀ ਦੱਸਣ ਦੇ ਕੁਝ ਤਰੀਕੇ ਵੇਖੀਏ|

1. ਕਹਾਣੀ ਨੂੰ ਚੰਗੀ ਤਰ੍ਹਾਂ ਯਾਦ ਕਰਨ ਅਤੇ ਕਹਾਣੀ ਸਮਝਣ ਅਤੇ ਦੂਜਿਆਂ ਨੂੰ ਸਹੀ ਤਰੀਕੇ ਅਤੇ ਜੋਸ਼ ਨਾਲ ਦੱਸਣ ਲਈ **ਪ੍ਰਾਰਥਨਾ ਕਰੋ**|

2. **ਇਕ ਵਾਰ ਫਿਰ ਕਹਾਣੀ ਨੂੰ ਉੱਚੀ ਅਵਾਜ਼ ਵਿਚ ਪੜ੍ਹੋ|** (ਜਾਂ ਜੋ ਕਹਾਣੀ ਸੁਣਾਈ ਗਈ ਜਾਂ ਪੜ੍ਹੀ ਗਈ ਹੈ ਸੁਣੋ). ਜਦ ਤੁਸੀਂ ਕਹਾਣੀ ਪੜ੍ਹਦੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਸ਼ਬਦਾਂ ਵਿਚ

ਬਦਲਾਓ ਕਰਨਾ ਹੋਵੇ| ਆਪਣੀ ਕਹਾਣੀ ਲਈ ਅਜਿਹੇ ਸ਼ਬਦਾਂ ਦੀ ਚੋਣ ਕਰੋ ਕਿ ਤੁਹਾਡੇ ਸੁਣਨ ਵਾਲੇ ਉਨ੍ਹਾਂ ਵਿਚ ਆਪਣੇ ਭਾਵ ਪ੍ਰਗਟ ਕਰ ਸਕਣ| ਮਿਸਾਲ ਦੇ ਤੌਰ 'ਤੇ ਸ਼ਬਦ ਭੈਅ ਦੀ ਬਜਾਏ ਡਰ ਸ਼ਬਦ ਦਾ ਇਸਤੇਮਾਲ ਕਰ ਸਕਦੇ ਹੋ| ਤੁਸੀਂ ਬੋਲਚਾਲ ਦੀ ਭਾਸ਼ਾ ਵਿਚ ਬੋਲਣਾ ਚਾਹੁੰਦੇ ਹੋ| ਪਰ ਇਸ ਗੱਲੋਂ ਚੌਕਸ ਰਹੋ ਕਿ ਕਹਾਣੀ ਦਾ ਸਰੂਪ ਉਹੀ ਰਹੇ ਜਿਸ ਤਰ੍ਹਾਂ ਬਾਈਬਲ ਵਿਚ ਹੈ!

> ਜੇਕਰ ਤੁਸੀਂ ਉਨ੍ਹਾਂ ਖੁਸ਼ਨਸੀਬਾਂ ਵਿਚੋਂ ਹੋਂ ਜੋ ਇਕ ਤੋਂ ਵੱਧ ਭਾਸ਼ਾ ਨੂੰ ਪੜ੍ਹ ਅਤੇ ਬੋਲ ਸਕਦੇ ਹੋ ਤਾਂ ਤੁਹਾਡੇ ਕੋਲ ਉੱਚੀ ਅਵਾਜ਼ ਵਿਚ ਪੜ੍ਹਨ ਦਾ ਅਤੇ ਕਹਾਣੀ ਸਿੱਖਣ ਦਾ ਬਹੁਤ ਚੰਗਾ ਤਰੀਕਾ ਹੈ| ਬਾਈਬਲ ਵਿਚੋਂ ਕਹਾਣੀ ਨੂੰ ਉੱਚੀ ਅਵਾਜ਼ ਵਿਚ ਪੜ੍ਹੋ ਅਤੇ ਫਿਰ ਉਸ ਕਹਾਣੀ ਨੂੰ ਉਸ ਭਾਸ਼ਾ ਵਿਚ ਦੁਹਰਾਓ ਜਿਹੜੀ ਤੁਸੀਂ ਕਹਾਣੀ ਸੁਣਾਉਣ ਵਿਚ ਇਸਤੇਮਾਲ ਕਰਨੀ ਹੈ|
>
> ਉਦਾਹਰਣ ਦੇ ਤੌਰ 'ਤੇ, ਜੇਕਰ ਤੁਸੀਂ ਹਿੰਦੀ ਪੜ੍ਹ ਸਕਦੇ ਹੋ ਅਤੇ ਅੰਗ੍ਰੇਜ਼ੀ ਵਿਚ ਕਹਾਣੀ ਸੁਣਾਉਣਾ ਚਾਹੁੰਦੇ ਹੋ, ਹਿੰਦੀ ਵੱਲ ਵੇਖੋ ਅਤੇ ਅੰਗ੍ਰੇਜ਼ੀ ਵਿਚ ਕਹਾਣੀ ਬੋਲੋ| ਇਸ ਤਰ੍ਹਾਂ ਤੁਸੀਂ ਹੂ ਬ ਹੂ ਸ਼ਬਦਾਂ ਨੂੰ ਯਾਦ ਕਰਨ ਦੀ ਕਰੋਗੇ, ਪਰ ਤੁਹਾਨੂੰ ਕਹਾਣੀ ਯਾਦ ਹੋ ਜਾਵੇਗੀ ਅਤੇ ਕਹਾਣੀ ਨੂੰ ਉਸੇ ਹੀ ਤਰ੍ਹਾਂ ਸੁਣਾਓਗੇ ਜਿਸ ਤਰ੍ਹਾਂ ਉਹ ਹੈ| ਇਸ ਦੇ ਇਲਾਵਾ ਤੁਸੀਂ ਜ਼ਿਆਦਾ ਸੁਭਾਵਕ ਸ਼ਬਦਾਂ ਦਾ ਇਸਤੇਮਾਲ ਕਰੋਗੇ ਜਿਹੜੇ ਕਿ ਗੱਲਬਾਤ ਕਰਨ ਵਾਲੇ ਸ਼ਬਦ ਹੋਣਗੇ|

3. **ਆਪਣੀ ਬਾਈਬਲ ਬੰਦ ਕਰੋ ਅਤੇ ਯਾਦ ਕੀਤੀ ਕਹਾਣੀ ਨੂੰ ਉੱਚੀ ਅਵਾਜ਼ ਵਿਚ ਸੁਣਾਓ**| ਜਿੰਨਾ ਤੁਸੀਂ ਕਰ ਸਕਦੇ ਹੋਂ ਉਨਾ ਹੀ ਯਾਦ ਕਰਕੇ ਕਹਾਣੀ ਨੂੰ ਸੁਣਾਓ| ਜਿਵੇਂ-ਜਿਵੇਂ ਤੁਸੀਂ ਕਹਾਣੀ ਸੁਣਾਉਂਦੇ ਜਾਓਗੇ, ਜੇਕਰ ਤੁਸੀਂ ਕੁਝ ਭੁੱਲ ਜਾਂਦੇ ਹੋ ਤਾਂ ਉਸ ਦੀ ਚਿੰਤਾ ਨਹੀਂ ਕਰਨੀ, ਰੁਕੋ ਨਹੀਂ| ਬੱਸ ਚੱਲਦੇ ਰਹੋ| ਜੇਕਰ ਫਿਰ ਯਾਦ ਆਉਂਦਾ ਹੈ ਤਾਂ ਤੁਸੀਂ ਬਾਦ ਵਿਚ ਜੋੜ ਸਕਦੇ ਹੋ| **ਇਹ ਕਹਾਣੀ ਸੁਣਾਉਣ ਦਾ ਤਰੀਕਾ ਹੈ ਨਾ ਕਿ ਯਾਦ ਕਰਨਾ ਦਾ**|

ਉਦਾਹਰਣ ਦੇ ਤੌਰ 'ਤੇ, ਜੇਕਰ ਬਾਈਬਲ ਹਿੱਸਾ ਇਹ ਕਹਿੰਦਾ ਹੈ, ''ਯਿਸੂ ਨੇ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਲਿਆ...", ਪਰ ਅਚਾਨਕ ਹੀ ਤੁਸੀਂ ਤਿੰਨਾਂ ਦੇ ਨਾਮ ਭੁੱਲ ਜਾਂਦੇ ਹੋ, ਤੁਸੀਂ ਇਸ ਤਰ੍ਹਾਂ ਕਹਿੰਦੇ ਹੋਏ ਕਹਾਣੀ ਨੂੰ ਚਾਲੂ ਰਖ ਸਕਦ ਹੋ, ''ਯਿਸੂ ਨੇ ਆਪਣੇ ਤਿੰਨ ਚੇਲਿਆਂ ਨੂੰ ਆਪਣੇ ਨਾਲ ਲਿਆ..." ਜਦ ਤੁਸੀਂ ਕਹਾਣੀ ਨੂੰ ਚਾਲੂ ਰੱਖਦੇ ਹੋ, ਜੇਕਰ ਤੁਹਾਨੂੰ ਨਾਮ ਯਾਦ ਆ ਜਾਂਦੇ ਹਨ ਤਾਂ ਤੁਸੀਂ ''ਉਹ" ਕਹਿਣ ਦੀ ਬਜਾਏ ਕਹਿ ਸਕਦੇ ਹੋ, ''ਪਤਰਸ, ਯਾਕੂਬ ਅਤੇ ਯੂਹੰਨਾ..." (ਹੁਣ ਤੁਸੀਂ ਕਹਾਣੀ ਨੂੰ ਬਸ ਤਿਆਰ ਕਰ ਰਹੇ ਹੋ|ਜਦ ਦੂਜੀ ਵਾਰ ਤੁਸੀਂ ਕਹਾਣੀ ਦੱਸਦੇ ਹੋ| ਤੁਸੀਂ ਉਨ੍ਹਾਂ ਦੇ ਨਾਮ ਯਾਦ ਰੱਖੋਗੇ ਜਦ ਉਹ ਦੁਬਾਰਾ ਕਹਾਣੀ ਵਿਚ ਆਉਂਦੇ ਹਨ|)

4. ਇਕ ਵਾਰੀ ਫੇਰ ਕਹਾਣੀ ਨੂੰ ਉੱਚੀ ਅਵਾਜ਼ ਵਿਚ ਪੜ੍ਹੋ| ਜਿਵੇਂ ਹੀ ਤੁਸੀਂ ਪੜ੍ਹਦੇ ਹੋ, ਉਸ ਗੱਲ ਨੂੰ ਨੋਟ ਕਰੋ ਜੋ ਤੁਸੀਂ ਜੋੜੀ ਹੈ ਜਾਂ ਛੱਡ ਦਿੱਤੀ ਹੈ| ਇਸ ਤਰ੍ਹਾਂ ਤੁਹਾਨੂੰ ਬੜੀ ਹੈਰਾਨੀ ਹੋਵੇਗੀ ਕਿ ਤੁਸੀਂ ਕਿੰਨੀ ਜ਼ਿਆਦਾ ਕਹਾਣੀ ਯਾਦ ਕਰ ਲਈ ਹੈ|

ਜੇਕਰ ਤੁਹਾਡੀ ਕਹਾਣੀ ਲੰਮੀ ਹੈ (12-15 ਪਦ ਤੋਂ ਵੀ ਜ਼ਿਆਦਾ), ਹੋ ਸਕਦਾ ਹੈ ਤੁਸੀਂ ਕਹਾਣੀ ਨੂੰ ਦੋ ਹਿੱਸਿਆਂ ਵਿਚ ਯਾਦ ਕਰਨਾ ਚਾਹੋਗੇ| ਕਈ ਕਹਾਣੀਆਂ ਦੇ ਕਈ ਕੁਦਰਤੀ ਹਿੱਸੇ ਹੁੰਦੇ ਹਨ| ਹੋ ਸਕਦਾ ਹੈ ਤੁਸੀਂ ਉਸ ਕਹਾਣੀ ਦੇ ਕਿਸੇ ਹਿੱਸੇ ਨੂੰ ਆਪਣੇ ਮਨ ਵਿਚ ਯਾਦ ਕਰਨਾ ਚਾਹੁੰਦੇ ਹੋ| ਤੁਸੀਂ ਉਸ ਦੇ ਸ਼ਬਦਾਂ ਨੂੰ ਨਹੀਂ; **ਤੁਸੀਂ ਕਹਾਣੀ ਦੀ ਤਸਵੀਰ ਨੂੰ ਆਪਣੇ ਮਨ ਵਿਚ ਰੱਖ ਕੇ ਕਹਾਣੀ ਨੂੰ ਯਾਦ ਕਰਦੇ ਹੋ|**

5. **ਫਿਰ ਆਪਣੀ ਬਾਈਬਲ ਬੰਦ ਕਰੋ , ਆਪਣੀਆਂ ਅੱਖਾਂ ਬੰਦ ਕਰੋ ਅਤੇ ਉੱਚੀ ਅਵਾਜ਼ ਵਿਚ ਕਹਾਣੀ ਬੋਲੋ|** ਉੱਚੀ ਅਵਾਜ਼ ਵਿਚ ਪੜ੍ਹਨ ਨਾਲ ਵਿਘਨ ਪਾਉਣ ਵਾਲੀਆਂ ਅਵਾਜ਼ਾਂ ਰੁੱਕ ਜਾਣਗੀਆਂ ਅਤੇ ਕਹਾਣੀ ਤੁਹਾਡੀ ਯਾਦ ਵਿਚ ਖੁੱਬ ਜਾਵੇਗੀ| ਕਹਾਣੀ ਬੋਲਦੇ ਹੋਏ ਅੱਖਾਂ ਬੰਦ ਕਰਨ ਨਾਲ ਤੁਸੀਂ ਕਹਾਣੀ ਨੂੰ ਵੇਖ ਸਕੋਗੇ| ਲੋਕਾਂ ਦੀ ਅਤੇ ਆਲੇ ਦੁਆਲੇ ਦੀਆਂ ਚੀਜਾਂ ਨੂੰ ਦਿਮਾਗ ਵਿਚ ਤਸਵੀਰ ਬਣਾਓ| ਇਸ ਸਮੇਂ ਜਦ ਤੁਸੀਂ ਕਹਾਣੀ ਨੂੰ ਦੁਹਰਾਓਗੇ ਤੁਸੀਂ ਵੇਖੋਗੇ ਕਿ ਤੁਸੀਂ ਕਹਾਣੀ ਨੂੰ ਪਹਿਲਾਂ ਨਾਲੋਂ ਵੱਧ ਕੇ ਯਾਦ ਕਰ ਲਿਆ ਹੈ| ਇਕ ਵਾਰ ਫੇਰ ਕਹਾਣੀ ਨੂੰ ਖੋਲ੍ਹੋ ਅਤੇ ਉੱਚੀ ਅਵਾਜ਼ ਵਿਚ ਪੜ੍ਹੋ ਅਤੇ ਵੇਖੋ ਕਿ ਕੀ ਤੁਸੀਂ ਕੋਈ ਗੱਲ ਛੱਡੀ ਹੈ| ਇਥੋਂ ਤਕ ਕਿ ਛੋਟੀ ਤੋਂ ਛੋਟੀ ਗੱਲ ਨੂੰ ਵੀ ਦਰੁਸਤ ਕਰਨ ਦੀ ਜ਼ਰੂਰਤ ਹੈ| ਕਹਾਣੀ ਦਾ ਹਰ ਹਿੱਸਾ, ਜਿਸ ਤਰ੍ਹਾਂ ਪਰਮੇਸ਼ਰ ਨੇ ਸਾਨੂੰ ਦਿੱਤਾ ਹੈ, ਉਹ ਮਹੱਤਵਪੂਰਨ ਹੈ|

6. **ਕਹਾਣੀ ਦੇ ਅਰੰਭ ਅਤੇ ਅੰਤ ਨੂੰ ਚੁਣੋ|** ਆਪਣੀ ਕਹਾਣੀ ਦੀ ਚਾਲ ਤਿਆਰ ਕਰੋ, ਕਿ ਕਿਥੋਂ ਤੁਸੀਂ ਆਪਣੀ ਕਹਾਣੀ ਨੂੰ ਅਰੰਭ ਕਰੋਗੇ ਅਤੇ ਕਿਥੇ ਸਮਾਪਤ ਕਰੋਗੇ| ਤੁਹਾਡੀ ਚੁਣੀ ਹੋਈ ਕਹਾਣੀ ਹੋ ਸਕਦਾ ਹੈ ਕਿ ਯਾਦ ਕਰਨ ਲਈ ਸੌਖੀ ਹੋਵੇ, ਇਸ ਦਾ ਅਰਥ ਹੈ ਕਿ ਤੁਹਾਡੀ ਕਹਾਣੀ ਦੀ ਅਰੰਭ ਤੋਂ ਲੈ ਕੇ ਅੰਤ ਤਕ ਸਿੱਧੀ ਚਾਲ ਹੈ|

7. **ਦਿਮਾਗੀ ਨਿਸ਼ਾਨ|** ਇਹ ਵੀ ਹੋ ਸਕਦਾ ਹੈ ਕਿ ਤੁਹਾਡੀ ਕਹਾਣੀ ਵਿਚ ਕੁਝ ਮੁਸ਼ਕਿਲ ਸਥਾਨ ਅਤੇ ਜੋੜ ਹੋਣ ਉਹ ਛੁੱਟ ਸਕਦੇ ਹਨ ਜਦ ਤਕ ਕਿ ਤੁਸੀਂ ਉਨ੍ਹਾਂ ਉੱਤੇ ਆਪਣੇ ਦਿਮਾਗ ਵਿਚ ਨਿਸ਼ਾਨ ਨਹੀਂ ਲਗਾ ਲੈਂਦੇ| ਤੁਹਾਡੇ ਦੁਹਾਉਣ ਤੋਂ ਬਾਦ ਜੋ ਕਿ ਦੁਬਾਰਾ ਦੱਸਣ ਅਤੇ ਤੁਹਾਡੇ ਕਈ ਵਾਰੀ ਚੈੱਕ ਕਰਨ ਤੋਂ ਬਾਦ, ਹੋ ਸਕਦਾ ਹੈ ਕਿ ਤੁਸੀਂ ਕੁਝ ਅਜਿਹੇ ਹਿੱਸੇ ਵੇਖੇ ਹੋਣ ਜਿਹੜੇ ਯਾਦ ਕਰਨ ਵਿਚ ਔਖੇ ਹੋਣ| ਜੇਕਰ ਨਾਮ ਜਾਂ ਕੋਈ ਹੋਰ ਹਿੱਸੇ ਕਹਾਣੀ ਵਿਚ ਕਈ ਵਾਰ ਛੁੱਟ ਗਏ ਹਨ, ਤਾਂ ਇਹ ਦਰਸ਼ਾਉਂਦਾ ਹੈ ਕਿ ਤੁਹਾਨੂੰ ਉਨ੍ਹਾਂ ਸਥਾਨਾਂ ਉੱਤੇ ਤੁਹਾਡੀ ਕਹਾਣੀ ਉੱਤੇ ਦਿਮਾਗੀ ਨਿਸ਼ਾਨ ਲਾਉਣ ਦੀ ਜ਼ਰੂਰਤ ਹੈ|

ਉ. ਸ਼ਬਦਾਂ ਲਈ, ਨਾਮ ਜਾਂ ਕਹਾਣੀ ਵਿਚ ਕੋਈ ਵੇਰਵੇ ਹੋਣ ਜਿਹੜੇ ਯਾਦ ਕਰਨ ਵਿਚ ਮੁਸ਼ਿਕਲ ਹੋਣ, ਉਨ੍ਹਾਂ ਦੇ ਬਾਰੇ ਆਪਣੇ ਦਿਮਾਗ ਵਿਚ ਕੋਈ ਚਿੱਤਰ ਬਣਾ ਲਓ| (ਜੈਰੀ ਲੁਕਾਸ ਨੂੰ ਯਾਦਦਾਸ਼ਤ ਤੇ ਡਾਕਟਰ ਦੇ ਨਾਮ ਤੋਂ ਜਾਣਿਆਂ ਜਾਂਦਾ ਹੈ|)

ਉਦਾਹਰਣ ਲਈ, ਯੂਨਾਹ ਦੀ ਕਹਾਣੀ ਦੱਸਦੇ ਹੋਏ ਹੋ ਸਕਦਾ ਹੈ ਤੁਹਾਨੂੰ ਯੂਨਾਹ ਦੇ ਪਿਤਾ ਦਾ ਨਾਮ, ਅਮਿੱਤਈ ਭੁੱਲ ਜਾਏ| ਇਸ ਤਰ੍ਹਾਂ ਦੀ ਸਥਿਤੀ ਵਿਚ ਆਪਣੀ ਭਾਸ਼ਾ ਦੇ ਅਜਿਹੇ ਸ਼ਬਦ ਬਾਰੇ ਸੋਚੋ ਜਿਹੜਾ ਇਸ ਸ਼ਬਦ ਦੇ ਨਾਲ ਮਿਲਦਾ-ਜੁਲਦਾ ਹੋਵੇ, ਜਿਸ ਨੂੰ ਤੁਸੀਂ ਯਾਦ ਕਰਨਾ

ਚਾਹੁੰਦੇ ਹੋ| ਪੰਜਾਬੀ ਭਾਸ਼ਾ ਵਿਚ ਕਹਾਣੀ ਵਾਚਕ ਕੁਝ ਅਜਿਹੀ ਵਿਅਕਤੀ ਦੀ ਕਲਪਨਾ ਕਰ ਕਰ ਸਕਦਾ ਹੈ ਜਿਸ ਦਾ ਨਾਮ ਅਮਿਤ ਹੋਵੇ|

ਅਮਿਤ, ਜਦ ਤੁਸੀਂ ਉਸ ਵਿਅਕਤੀ ਬਾਰੇ ਸੋਚੋਗੇ ਤਾ ਅਮਿੱਤਈ ਨਾਮ ਯਾਦ ਰਹੇਗਾ| ਤੁਸੀਂ ਚਾਹੇ ਕਿਸੇ ਵੀ ਭਾਸ਼ਾ ਵਿਚ ਕਹਾਣੀ ਬੋਲੋ, ਅਜਿਹੇ ਨਾਮ ਜਾਂ ਤਸਵੀਰ ਦਿਮਾਗ ਵਿਚ ਰੱਖੋ ਤਾਂ ਕਿ ਤੁਹਾਡੇ ਵਿਚਾਰਾਂ ਵਿਚ ਉਹ ਨਾਮ ਜਾਂ ਸਥਿਤੀ ਆ ਜਾਵੇ|

ਅ. ਕੁਝ ਜਿਹੜੇ ਕਹਾਣੀ ਵਾਚਕ ਹਨ ਉਹ ਨਾਮਾਂ ਨੂੰ ਯਾਦ ਕਰਨ ਉੱਤੇ ਜ਼ੋਰ ਨਹੀਂ ਦਿੰਦੇ| ਅਸੀਂ ਕਹਾਣੀ ਵਿਚ ਨਾਮ ਬੋਲਣ ਦੇ ਪ੍ਰਤੀ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ, ਬੇਸ਼ਕ ਨਾਮ ਕਹਾਣੀ ਵਿਚ ਯਾਦ ਕਰਨ ਵਾਲੇ ਸਭ ਤੋਂ ਔਖੇ ਹਿੱਸੇ ਹੁੰਦੇ ਹਨ| ਪਰਮੇਸ਼ਰ ਜਾਣਦਾ ਹੈ ਕਿ ਸਾਨੂੰ ਨਾਮ ਯਾਦ ਕਰਨ ਵਿਚ ਔਖਿਆਈ ਹੈ| ਪਰ, ਕਿਉਂਕਿ ਕਈ ਵਾਰ ਪਰਮੇਸ਼ਰ ਨੇ ਸਾਡੇ ਲਈ ਨਾਮਾਂ ਅਤੇ ਕਹਾਣੀ ਵਿਚ ਸਥਾਨਾਂ ਨੂੰ ਚੁਣਿਆਂ ਹੈ, ਅਸੀਂ ਚਾਹੁੰਦੇ ਹਾਂ ਕਿ ਜਦ ਤੁਸੀਂ ਕਹਾਣੀ ਸੁਣਾਓ ਤਾਂ ਇਨ੍ਹਾਂ ਨੂੰ ਉਸ ਵਿਚ ਜ਼ਰੂਰ ਸ਼ਾਮਿਲ ਕਰੋ|

੪. **ਤਦ ਤਕ ਦੱਸਦੇ ਅਤੇ ਨਿਰੀਖਣ ਕਰਦੇ ਰਹੋ ਜਦ ਤਕ ਕਿ ਤੁਸੀਂ ਚੰਗੀ ਤਰ੍ਹਾਂ ਸਿੱਖ ਨਹੀਂ ਜਾਂਦੇ|** ਇਹ ਸਭ ਗੱਲਾਂ ਤਦ ਤਕ ਕਰਦੇ ਰਹੇ ਜਦ ਤਕ ਕਿ ਤੁਸੀਂ ਕਹਾਣੀ ਚੰਗੀ ਤਰ੍ਹਾਂ ਸਿੱਖ ਨਾ ਜਾਓ| ਉੱਚੀ ਅਵਾਜ਼ ਵਿਚ ਕਹਾਣੀ ਬੋਲਣਾ ਜਾਰੀ ਰੱਖੋ, ਅਤੇ ਫਿਰ ਉਸ ਦੀ ਝਲਕ ਲਓ ਅਤੇ ਵੇਖੋ ਕਿ ਤੁਸੀਂ ਕਿੰਨਾ ਯਾਦ ਕਰ ਲਿਆ ਹੈ| ਕਹਾਣੀ ਵਿਚ ਵਾਧੂ ਗੱਲਾਂ ਜੋੜਨ ਤੋਂ ਚੌਕਸ ਰਹੋ, ਹਾਲਾਂਕਿ ਕੁਝ ਗੱਲਾਂ ਬਾਈਬਲ ਦੀ ਕਹਾਣੀ ਦੇ ਸਮਾਨਅੰਤਰ ਲਗਦੀਆਂ ਹਨ! ਪਰਮੇਸ਼ਰ ਨੇ ਕਿਸੇ ਕਹਾਣੀ ਨੂੰ ਇਕ ਤੋਂ ਵੱਧ ਵਾਰ ਸੁਣਾਉਣ ਦਾ ਫੈਸਲਾ ਕੀਤਾ ਹੈ| ਹਰ ਵਾਰ ਕਹਾਣੀ ਸੁਣਾਉਣ ਵਿਚ ਕੁਝ ਭਿੰਨਤਾ ਹੁੰਦੀ ਹੈ| ਜੇਕਰ ਪਰਮੇਸ਼ਰ ਨੇ ਕਹਾਣੀਆਂ ਨੂੰ ਵੱਖਰੇ ਤੌਰ ਤੇ ਚੁਣਿਆਂ ਹੈ, ਇਸ ਲਈ ਅਸੀਂ ਵੀ ਕਰਾਂਗੇ|

ਆਪਣੇ ਅਧਿਐਨ ਨੂੰ ਇਕੋ ਕਹਾਣੀ ਉੱਤੇ ਸੀਮਿਤ ਰੱਖਣ ਨਾਲ ਸਾਨੂੰ ਹੋਰ ਡੂੰਘਿਆਈ ਵਿਚ ਜਾਣ ਦਾ ਕਾਰਨ ਬਣਦਾ ਹੈ| ਸਾਡਾ ਉਹ ਧਿਆਨ ਉਸ ਕਹਾਣੀ ਦੀ ਖ਼ਾਸ ਸਚਿਆਈ ਨੂੰ ਪ੍ਰਗਟ ਕਰਨ ਵਿਚ ਮਦਦ ਕਰਦਾ ਹੈ| ਜਦ ਬਾਦ ਵਿਚ ਸਮਾਨਅੰਤਰ ਕਹਾਣੀਆਂ ਦੀ ਖੋਜ ਕੀਤੀ ਜਾਂਦੀ ਹੈ ਤਾਂ ਉਹ ਸਚਿਆਈਆਂ ਕਿਸ ਤਰ੍ਹਾਂ ਜੁੜਦੀਆਂ ਹਨ ਖੋਜੀਆਂ ਜਾਣਗੀਆਂ|

ਅਗਿਆਤ ਵਿਚ ਕਦਮ ਰੱਖਣਾ

ਜਿਸ ਤਰ੍ਹਾਂ ਕਿ ਅਸੀਂ ਨਵੇਂ ਤਰੀਕਿਆਂ ਨੂੰ ਸਿੱਖਣ ਵਿਚ ਜਤਨ ਕਰਦੇ ਹਾਂ, ਤਾਂ ਸਾਡਾ ਝੁਕਾਓ ਉਨ੍ਹਾਂ ਗੱਲਾਂ ਵੱਲ ਹੀ ਹੋ ਜਾਂਦਾ ਹੈ ਜੋ ਅਸੀਂ ਪਹਿਲਾਂ ਸਿੱਖਿਆ ਹਨ ਅਤੇ ਅਸੀਂ ਉਨ੍ਹਾਂ ਨੂੰ ਜਾਇਜ ਮੰਨਦੇ ਹਾਂ|

ਮੈ ਇਸ ਨੂੰ ਇਸ ਤਰ੍ਹਾਂ ਸਮਝਾਉਣਾ ਚਾਹੁੰਦਾ ਹਾਂ: ਸਾਡੇ ਵਲੰਟੀਅਰ ਸਟਾਫ ਨੇ ਇਹ ਮਤਾ ਕਿਤਾ ਕਿ ਜੋ ਸਮਗਰੀ *ਸਿਰਫ ਇਕ ਕਹਾਣੀ* ਲਈ ਤਿਆਰ ਕੀਤੀ ਜਾ ਰਹੀ ਹੈ ਉਸ ਨੂੰ ਉਹ ਸੁਣਨਗੇ| ਬਲਕਿ ਮੇਰਾ ਇਰਾਦਾ ਤਾਂ ਇਹ ਵੇਖਣਾ ਸੀ ਕਿ ਉਨ੍ਹਾਂ ਵਿਚੋਂ ਕੋਈ ਹਿੱਸਾ ਸਪੱਸ਼ਟ ਹੈ ਜਾਂ ਨਹੀਂ| ਪਰਮੇਸ਼ਰ ਨੇ ਇਸ ਘਟਨਾ ਨੂੰ ਮੈਨੂੰ ਇਕ ਵਧੀਆ ਸਬਕ ਸਿਖਾਉਣ ਲਈ ਇਸਤੇਮਾਲ

ਕੀਤਾ|
ਵਿਸ਼ੇ ਨੂੰ ਸਹੀ ਤਰੀਕੇ ਨਾਲ ਸਮਝਣ ਲਈ, ਉਨ੍ਹਾਂ ਨੂੰ ਕਹਾਣੀ ਨੂੰ ਜਾਣਨਾ ਸੀ, ਤਾਂ ਮੈਂ ਇਨ੍ਹਾਂ ਦੋ ਨੂੰ ਜੋ ਕਿ ਸੰਕੋਚੀ ਸਨ ਕਿਹਾ ਕਿ ਉਹ ਪਹਿਲਾਂ ਕਹਾਣੀ ਨੂੰ ਇਕ ਇਸਤਰੀ ਆਈ, ਜਿਸ ਨੇ STS ਦੀ ਚਾਰ ਵਰਕਸ਼ਾਪਾਂ ਵਿਚ ਪ੍ਰਸ਼ਾਸਨਿਕ ਮਦਦ ਕੀਤੀ| ਇਕ ਹੋਰ ਮਨੁੱਖ ਆਇਆ ਜਿਹੜਾ ਕਿ ਅੱਸੀਆਂ ਸਾਲਾਂ ਦੇ ਲਗਭਗ ਸੀ (ਉਸ ਨੇ ਇਸ ਤਰ੍ਹਾਂ ਕੰਮ ਕੀਤਾ ਜਿਵੇਂ ਕੀ ਉਹ ਕੋਈ 20 ਸਾਲ ਦਾ ਹੋਵੇ), ਇਸ ਸਮੇ ਤਕ, ਕਹਾਣੀ ਸੁਣਾਉਣ ਵਿਚ ਕਤਰਾਉਂਦਾ ਰਿਹਾ|
''ਹਿਦਾਇਤਾਂ ਦੀ ਪਾਲਨਾ ਕਰੋਗੇ," ਮੈਂ ਕਿਹਾ, ''ਤਾਂ ਤੁਸੀਂ ਇਸ 10 ਪਦ ਵਾਲੀ ਕਹਾਣੀ 10 ਮਿਨਟ ਵਿਚ ਸਿੱਖ ਸਕਦੇ ਹੋ|" ਮੈਂ ਉਨ੍ਹਾਂ ਨੂੰ STS ਦੇ ਕਹਾਣੀ ਸਿੱਖਣ ਦੇ ਤਰੀਕਿਆਂ ਨੂੰ ਦੱਸਿਆ| ''ਕਹਾਣੀ ਨੂੰ ਇਕੋ ਵਾਰੀ ਲਗਾਤਾਰ ਉੱਚੀ ਅਵਾਜ਼ ਵਿਚ ਪੜ੍ਹੋ| ਜਿਵੇਂ ਜਿਵੇਂ ਤੁਸੀਂ ਕਹਾਣੀ ਪੜ੍ਹੋਗੇ, ਸਧਾਰਨ ਅਤੇ ਸੌਖੇ ਸ਼ਬਦਾਂ ਵਿਚ ਕਹਾਣੀ ਬੋਲੋ| ਉਦਾਹਰਣ ਦੇ ਤੌਰ 'ਤੇ, ਇਸ ਕਹਾਣੀ ਵਿਚ, 'ਵੇਖੋ' ਕਹਿਣ ਦੀ ਬਜਾਏ ਕਹੋ 'ਸੁਣੋ.' ਆਪਣੇ ਦਿਮਾਗ ਵਿਚ ਵੇਖੋ ਕਿ ਕਹਾਣੀ ਵਿਚ ਕੀ ਹੋ ਰਿਹਾ ਹੈ| ਇਕ ਵਾਰੀ ਕਹਾਣੀ ਪੜ੍ਹਨ ਤੋਂ ਤੁਰੰਤ ਬਾਦ, ਆਪਣੀਆਂ ਅੱਖਾਂ ਬੰਦ ਕਰੋ ਅਤੇ ਜਿੰਨੀ ਤੁਹਾਨੂੰ ਕਹਾਣੀ ਯਾਦ ਹੈ ਉੱਚੀ ਅਵਾਜ਼ ਵਿਚ ਬੋਲੋ| ਇਸ ਤਰ੍ਹਾਂ ਚਾਰ ਵਾਰ ਕਰੋ|

''ਤੁਹਾਡਾ ਉਦੇਸ਼ ਕਹਾਣੀ ਨੂੰ ਸਹੀ ਤਰੀਕੇ ਨਾਲ ਯਾਦ ਕਰਨਾ ਹੈ ਨਾ ਕਿ ਹੂ ਬ ਹੂ ਕਹਾਣੀ| ਤਾਂ ਵਾਪਿਸ ਜਾਓ ਅਤੇ ਕਹਾਣੀ ਨੂੰ ਉੱਚੀ ਅਵਾਜ਼ ਵਿਚ ਪੜ੍ਹੋ| ਤੁਸੀਂ ਜਾਣੋਗੇ ਕਿ ਕਿਹੜੇ ਹਿੱਸੇ ਛੱਡੇ ਹਨ| ਆਪਣੀਆਂ ਅੱਖਾਂ ਬੰਦ ਕਰੋ ਅਤੇ ਕਹਾਣੀ ਨੂੰ ਉੱਚੀ ਅਵਾਜ਼ ਵਿਚ ਦੁਹਰਾਓ| ਇਸ ਤਰ੍ਹਾਂ ਚਾਰ ਵਾਰ ਕਰੋ|"
ਇਨ੍ਹਾਂ ਦੀਨ ਲੋਕਾਂ ਨੇ ਮੇਰੀ ਹਿਦਾਇਤਾਂ ਨੂੰ ਦੁਹਰਾਇਆ| ''ਸਧਾਰਨ ਤਰੀਕੇ ਨਾਲ ਉੱਚੇ ਬੋਲਾਂ ਵਿਚ ਪੜ੍ਹਿਆ, ਬਾਈਬਲ ਨੂੰ ਬੰਦ ਕੀਤਾ ਅਤੇ ਕਹਾਣੀ ਸੁਣਾਈ," ਉਨ੍ਹਾਂ ਨੇ ਬੜੀ ਸ਼ਰਧਾ ਨਾਲ ਇਹ ਕੀਤਾ| ਇਸ ਤਰ੍ਹਾਂ ਉਨ੍ਹਾਂ ਨੇ ਅਰੰਭ ਕੀਤਾ| ਉਨ੍ਹਾਂ ਨੇ ਪੜ੍ਹਿਆ ਪਰ ਖਾਮੋਸ਼ੀ ਨਾਲ! ਕੁਝ ਵੀ ਉੱਚਾ ਨਹੀਂ ਪੜ੍ਹਿਆ| ਮੈਂ ਉਨ੍ਹਾਂ ਵਿਚ ਦਖਲ ਕੀਤਾ, ''ਤੁਹਾਨੂੰ ਇਹ ਕਿਸ ਤਰ੍ਹਾਂ ਪੜ੍ਹਨਾ ਚਾਹੀਦਾ ਹੈ?" ਉਨ੍ਹਾਂ ਦੋਹਾਂ ਨੇ ਉੱਤਰ ਦਿੱਤਾ, ''ਉੱਚੀ ਅਵਾਜ਼ ਵਿਚ|" ''ਪਰ ਮੈਨੂੰ ਤਾਂ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਹੈ," ਮੈਂ ਪੁੱਛਿਆ| ''ਠੀਕ ਹੈ," ਉਸ ਆਦਮੀ ਨੇ ਕਿਹਾ, ''ਮੈਂ ਆਪਣੇ ਮਨ ਵਿਚ ਪੜ੍ਹ ਰਿਹਾ ਹਾਂ|"
''ਪਰ ਤੁਹਾਨੂੰ ਪਹਿਲਾਂ ਹੀ ਕਿਹਾ ਗਿਆ ਸੀ ਕਿ ਉੱਚੀ ਅਵਾਜ਼ ਵਿਚ ਪੜ੍ਹਨਾ ਹੈ, ਤੁਸੀਂ ਤਾਂ ਬੜੇ ਸਹਿਯੋਗੀ ਮਨੁੱਖ ਹੋ ਤੁਸੀਂ ਹਿਦਾਇਤ ਕਿਉਂ ਨਹੀਂ ਮੰਨੀ?" ਮੈਂ ਪੁੱਛਿਆ|
''ਮੈਨੂੰ ਪਤਾ ਨਹੀਂ," ਉਹ ਘਬਰਾ ਗਿਆ, '' ਮੈਂ ਸੋਚਿਆ ਕਿ ਮੈਂ ਇਹ ਕਦੀ ਨਹੀਂ ਕਰ ਸਕਾਂਗਾ|"
''ਅਤੇ ਤੁਸੀਂ," ਮੈਂ ਦੂਜੀ ਇਸਤਰੀ ਵੱਲ ਮੁੜੀ, ''ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਇਸ ਨੂੰ ਉੱਚੀ ਅਵਾਜ਼ ਵਿਚ ਪੜ੍ਹਨਾ ਹੈ?"
''ਹਾਂ|"
''ਮੈਂ ਇਹ ਨਹੀਂ ਸਮਝੀ ਕਿ ਫਿਰ ਤੁਸੀਂ ਉੱਚੀ ਅਵਾਜ਼ ਵਿਚ ਕਿਉਂ ਨਹੀਂ ਪੜ੍ਹਿਆ?" ਉਸ ਨੇ

ਸ਼ਰਮਾਉਂਦੇ ਹੋਏ ਕਿਹਾ, ''ਮੈਂ ਸਚਿਆ ਕਿ ਇਹ ਕਰਨਾ ਤਾਂ ਬੇਕਾਰ ਹੀ ਹੈ|"
ਅਸੀਂ ਸਾਰੇ ਹੱਸ ਪਏ, ਖਾਸਕਰ ਜਦ ਅਸੀਂ ਇਹ ਮਹਿਸੂਸ ਕੀਤਾ ਕਿ ਕਹਾਣੀ ਤਾਂ ਜ਼ੱਕੀ ਦੇ ਬਾਰੇ ਸੀ, ਜਿਹੜਾ ਯਿਸੂ ਨੂੰ ਵੇਖਣ ਦਾ ਇੰਨਾ ਇੱਛੁਕ ਸੀ ਕਿ ਉਸ ਨੇ ਉਹ ਕੀਤਾ ਜਿਸ ਨੂੰ ਮੂਰਖਤਾ ਕਿਹਾ ਜਾ ਸਕਦਾ ਸੀ| ਉਸ ਦੇ ਨਾਲ ਹੀ ਨਾਲ, ਕਹਾਣੀ ਵਿਚ ਇਹ ਸਚਿਆਈ ਸੀ ਕਿ ਜ਼ੱਕੀ ਨੇ ਸਾਰੀ ਹਿਦਾਇਤਾਂ ਦੀ ਪਾਲਨਾ ਕੀਤੀ|
ਅੰਤ ਵਿਚ ਕਾਫੀ ਕੁਝ ਕਹਿਣ ਤੋਂ ਬਾਦ ਉਨ੍ਹਾਂ ਨੇ ਆਪਣੀਆਂ ਰੁਕਾਵਟਾਂ ਤੋੜ ਦਿੱਤੀਆਂ, ''ਇਸ ਤਰ੍ਹਾਂ ਮੈਂ ਕਦੀ ਵੀ ਨਹੀਂ ਕੀਤਾ," ਅਤੇ ''ਮੈਨੂੰ ਮੇਰੀ ਬੇਇਜਤੀ ਹੋਣ ਦਾ ਡਰ ਸੀ|" ਤਦ ਉਨ੍ਹਾਂ ਨੇ ਆਪਣੀ ਕਹਾਣੀ ਨੂੰ ਉੱਚੀ ਅਵਾਜ਼ ਵਿਚ ਪੜ੍ਹਿਆ, ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਜਿੰਨਾ ਉਨ੍ਹਾਂ ਤੋਂ ਹੋ ਸਕਿਆ ਉਨ੍ਹਾਂ ਨੇ ਕਹਾਣੀ ਨੂੰ ਦੁਹਰਾਇਆ|
ਚਾਰ ਵਾਰੀ ਕਰਨ ਤੋਂ ਬਾਦ, ਮੈਂ ਉਨ੍ਹਾਂ ਤੋਂ ਪੁੱਛਿਆ, ''ਕੀ ਹੁਣ ਤੁਸੀਂ ਮੈਨੂੰ ਆਪਣੀ ਕਹਾਣੀ ਸੁਣਾਓਗੇ?" ਹੈਰਾਨੀ ਇਹ ਹੋਈ ਕਿ ਸਿਰਫ ਦਸ ਮਿਨਟ ਤੋਂ ਬਾਦ ਦੋਹਾਂ ਨੇ ਕਹਾਣੀਆਂ ਇਕਦਮ ਸਹੀ ਸੁਣਾ ਦਿੱਤੀਆਂ!
ਇਸ ਲਈ ਮੈਂ ਉਸ ਅੱਸੀ ਸਾਲਾ ਬਜ਼ੁਰਗ ਨੂੰ ਮਜ਼ਾਕ ਵਿਚ ਕਿਹਾ, ''ਕੀ ਤੁਸੀਂ ਸਦਾ 10 ਮਿਨਟ ਵਿਚ 10 ਜਦ ਯਾਦ ਕੀਤੇ ਹਨ?" ਉਹ ਹੱਸ ਪਿਆ|
ਉਹ ਇਸਤਰੀ ਕਹਿ ਉੱਠੀ, ''ਇਸ ਤੋਂ ਪਹਿਲਾਂ ਮੈਂ ਇਸ ਤਰ੍ਹਾਂ ਬਾਈਬਲ ਦੀਆਂ ਕਹਾਣੀਆਂ ਕਦੀ ਵੀ ਯਾਦ ਨਾ ਸਕੀ| ਮੈਂ ਕਰਨਾ ਚਾਹੁੰਦੀ ਸੀ| ਮੈਂ ਜਤਨ ਕੀਤਾ ਪਰ ਮੈਂ ਕਰ ਨਾ ਸਕੀ|"
''ਕੀ ਤੁਸੀਂ ਸਾਰੇ ਨਿਰਦੇਸ਼ਾਂ ਦਾ ਪਾਲਨ ਕੀਤਾ?" ''ਨਹੀਂ," ਉਹ ਮੁਸਕੁਰਾਈ, ''ਹਾਲੇ ਤਕ ਤਾਂ ਨਹੀਂ|"
STS ਦੇ ਹਿੱਸਿਆਂ ਨੂੰ ਪੂਰੀ ਤਰ੍ਹਾ ਸਮਝਾਉਣ ਦੀ ਕੋਸ਼ਿਸ਼ ਕਰਦੇ ਹੋਏ ਤੁਹਾਡੇ ਉਤਸ਼ਾਹ ਲਈ ਅਸੀਂ ਇਹ ਘਟਨਾ ਨੂੰ ਸ਼ਾਮਿਲ ਕੀਤਾ ਹੈ| ਕਿਉਂਕਿ ਹੁਣ ਤੁਸੀਂ ਇਹ ਵਚਨ ਪੜ੍ਹ ਰਹੇ ਹੋ, ਇਹ ਗੱਲ ਤਾਂ ਸਾਫ ਹੈ ਕਿ ਤੁਸੀਂ ਪੜ੍ਹ ਸਕਦੇ ਹੋ| ਵਿਸ਼ਵਾਸ ਨਾਲ, STS ਦੇ ਸਾਰੇ ਤਰੀਕਿਆਂ ਨੂੰ ਸਿੱਖਣ ਦੀ ਕੋਸ਼ਿਸ਼ ਕਰੋ ਜਿਸ ਤਰ੍ਹਾਂ ਉਹ ਬਣਾਏ ਗਏ ਹਨ| ਦਫਤਰ ਵਾਲੀ ਘਟਨਾ ਬਹੁਤ ਹੀ ਮਾਮੂਲੀ ਘਟਨਾ ਹੈ ਅਤੇ ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ STS ਦੀਆਂ ਹਿਦਾਇਤਾਂ ਦਾ ਇਸਤੇਮਾਲ ਕਰਨਾ ਤੁਹਾਡੇ ਅੰਦਰ ਅੰਤਮ ਪਰਿਣਾਮ ਦੀ ਇੱਛਾ ਨਹੀਂ ਦੇਵੇਗਾ| STS ਦੀ ਰੂਪ ਰੇਖਾ ਦੇ ਇਸਤੇਮਾਲ ਤੋਂ ਬਾਦ ਪਰਮੇਸ਼ਰ ਤੁਹਾਨੂੰ ਹੋਰ ਵੀ ਲਾਭਕਾਰੀ ਖੋਜੀ ਗੱਲਾਂ ਨੂੰ ਵਿਖਾਵੇਗਾ ਜੋ ਕਿ ਤੁਹਾਡੇ ਸਿੱਖਣ ਵਿਚ ਅਤੇ STS ਦੀ ਪੇਸ਼ਕਾਰੀ ਵਿਚ ਤਰੱਕੀ ਕਰੇਗਾ|

ਕਹਾਣੀ ਨੂੰ ਦਿਲਚਸਪੀ ਨਾਲ ਸੁਣਨਾ ਅਤੇ ਗਹਿਰਾਈ ਨਾਲ ਅੱਗੇ ਵੱਧਣਾ

1. ਕਹਾਣੀ ਦੇ ਵਿਸ਼ੇ ਬਾਰੇ ਸੋਚੋ| ਉਨ੍ਹਾਂ ਹਵਾਲਿਆਂ ਨੂੰ ਪੜ੍ਹੋ ਜਾਂ ਸੁਣੋ ਜੋ ਕਹਾਣੀ ਵੱਲ ਲੈ ਜਾਂਦੇ ਹਨ| ਆਪਣੀ ਕਹਾਣੀ ਤੋਂ ਪਹਿਲਾਂ ਅਕਸਰ ਇਹ ਜਾਣਨਾ ਕਿ ਬਾਈਬਲ ਵਿਚ ਕੀ ਹੋਇਆ (ਇਤਹਾਸਿਕ ਅਤੇ ਆਤਮਿਕ ਤੌਰ 'ਤੇ) ਤੁਹਾਨੂੰ ਤੁਹਾਡੀ ਕਹਾਣੀ ਹੋਰ ਵੀ ਗਿਆਨ ਪ੍ਰਾਪਤ ਹੋਵੇਗਾ| ਇਸ ਤਿਆਰੀ ਤੋਂ ਬਾਦ, ਤੁਸੀਂ ਸੋਚ ਸਕਦੇ ਹੋ ਕਿ ਤੁਹਾਨੂੰ ਆਪਣੇ ਸੁਣਨ ਵਾਲਿਆਂ ਨੂੰ

ਕਹਾਣੀ ਦੀ ਭੂਮਿਕਾ ਦੱਸਣ ਦੀ ਲੋੜ ਹੈ ਜਾਂ ਨਹੀਂ, ਤਾਂ ਕਿ ਸੁਣਨਵਾਲਿਆਂ ਨੂੰ ਕਹਾਣੀ ਸਮਝਣ ਵਿਚ ਮਦਦ ਹੋ ਸਕੇ| ਅੱਗੇ ਪੁਸਤਕ ਵਿਚ ਅਸੀਂ ਵੇਖਾਂਗੇ ਕਿ ਭੂਮਿਕਾ ਨੂੰ ਕਿਸ ਤਰ੍ਹਾਂ ਤਿਆਰ ਕਰਨਾ ਹੈ|

2. ਸਰਵਨਾਮ ਦੇ ਪ੍ਰਯੋਗ ਤੋਂ ਬਚੋ!!!!! ਸਰੋਤੇ ਬੇਹਤਰ ਤਰੀਕੇ ਨਾਲ ਕਹਾਣੀ ਸਮਝਣਗੇ| ਜੇਕਰ ਤੁਸੀਂ ਇਤਹਾਸ ਵਿਚ ਲੋਕਾਂ ਦੇ ਨਾਮ ਅਤੇ ਖਾਸ ਸਥਾਨ ਜਾਂ ਚੀਜਾਂ ਦੇ ਨਾਮ ਦਾ ਪ੍ਰਯੋਗ ਕਰੋਗੇ ਬਜਾਏ ਇਸ ਦੇ ਕਿ ''ਇਹ," ''ਉਹ," ਤਾਂ ਇਸ ਤਰ੍ਹਾਂ ਸੁਣਨਵਾਲਿਆਂ ਨੂੰ ਕਹਾਣੀ ਸਮਝਣ ਵਿਚ ਮਦਦ ਮਿਲੇਗੀ| ਜਦ ਸੰਭਵ ਹੋਵੇ ਅਜਿਹਾ ਕਰੋ (ਅਤੇ ਜਿਸ ਤਰ੍ਹਾਂ ਭਾਸ਼ਾ ਵਿਚ ਉਚਿਤ ਹੋਵੇ).

3. **ਕਹਾਣੀ ਦੇ ਸਮੇ ਨੂੰ ਧਿਆਨ ਵਿਚ ਰੱਖੋ|** (''ਕਹਾਣੀ ਦੇ ਸਮੇ" ਉੱਤੇ ਧਿਆਨ ਵਿਚ ਰੱਖੋ ਅਤੇ ਅਗਲੀ ਗੱਲ ਹੈ ''ਕਹਾਣੀ ਵਿਚ ਜੋਸ਼ ਹੋਣਾ," ਇਹ ਦੋਹੇਂ ਹੀ ਕਹਾਣੀ ਨੂੰ ਸਮਝਣ ਵਿਚ ਅਤੇ ਉਸ ਨੂੰ ਚੰਗੀ ਤਰ੍ਹਾਂ ਸੁਣਾਉਣ ਵਿਚ ਮੁੱਖ ਗੱਲਾਂ ਹਨ|)

ਉ. ਅਸੀਂ ਸਾਰੇ ਬਾਈਬਲ ਦੀ ਕਹਾਣੀ ਨੂੰ ਤੇਜੀ ਨਾਲ ਘੱਟ ਤੋਂ ਘੱਟ ਸਮੇ ਵਿਚ ਪੜ੍ਹ ਸਕਦੇ ਹਾਂ, ਜਿੰਨਾ ਕਿ ਕਹਾਣੀ ਦਾ ਸਹੀ ਸਮਾ ਹੈ| ਇਸ ਲਈ ਕਹਾਣੀ ਨੂੰ ਪੂਰੀ ਤਰ੍ਹਾਂ ਸਮਝਣ ਲਈ, ਹੌਲੀ ਹੌਲੀ ਪੜ੍ਹੋ| ਕਹਾਣੀ ਦੀ ਚਾਲ ਯਾਦ ਹੈ? ਜਿਹੜੇ ਹੌਲੀ ਚੱਲੇ ਉਨ੍ਹਾਂ ਨੇ ਖਜਾਨੇ ਪ੍ਰਾਪਤ ਕੀਤੇ|

ਅ. ਕਹਾਣੀ ਦੇ ਹਰੇਕ ਦ੍ਰਿਸ਼ ਨੂੰ ਆਪਣੇ ਦਿਮਾਗ ਵਿਚ ਰੱਖੋ| ਕਹਾਣੀ ਦੀ ਸੂਚਨਾ ਦੇ ਅਧਾਰ ਉੱਤੇ, ਕਹਾਣੀ ਦੇ ਹਰੇਕ ਚਰਿੱਤਰ ਦੀ ਮਹਿਸੂਸਿਅਤ ਅਤੇ ਵਿਚਾਰ ਦੀ ਕਲਪਨਾ ਕਰੋ| ਧਿਆਨ ਨਾਲ ਵੇਖੇ ਕਿ ਕਹਾਣੀ ਹਰੇਕ ਚਰਿੱਤਰ ਬਾਰੇ ਕੀ ਵਿਚਾਰ ਅਤੇ ਭਾਵਨਾ ਪ੍ਰਗਟ ਕਰਦੀ ਹੈ|

ਇ. ਇਹ ਧਿਆਨ ਰੱਖੋ ਕਿ ਬੇਸ਼ਕ ਬਾਈਬਲ ਦੀ ਘਟਨਾਵਾਂ ਹਜ਼ਾਰਾਂ ਸਾਲ ਪਹਿਲਾਂ ਹੋਇਆ, ਉਸ ਸਮੇਂ ਦੇ ਲੋਕ ਉਨ੍ਹਾਂ ਘਟਨਾਵਾਂ ਵਿਚ ਹੂ ਬ ਹੂ ਜੀ ਰਹੇ ਸਨ| ਹੋ ਸਕਦਾ ਹੈ ਕਿ ਅਸੀਂ ਪੜ੍ਹਨ ਵਾਲੀ ਕਹਾਣੀ ਨੂੰ ਜਾਣਦੇ ਹੋਈਏ, ਇਸ ਗੱਲ ਦਾ ਧਿਆਨ ਕਰੋ ਕਿ ਕਹਾਣੀ ਵਿਚ ਕੋਈ ਵੀ ਘਟਨਾ ਤੋਂ ਪਹਿਲਾਂ ਨਹੀਂ ਸੀ| ਇਸ ਲਈ ਆਪਣੀ ਕਲਪਨਾ ਵਿਚ ਕਹਾਣੀ ਦੀ ਘਟਨਾ ਦੇ ਨਾਲ ਨਾਲ ਚੱਲੋ ਅਤੇ ਕਹਾਣੀ ਵਿਚ ਅਨੁਭਵ ਹੋਵੇ|

4. ਕਹਾਣੀ ਵਿਚ ਬਣੇ ਰਹੇ| ਇਹ ਧਿਆਨ ਕਰੋ ਕਿ ਹਰੇਕ ਚਰਿੱਤਰ ਕੀ ਕਰਦਾ ਹੈ ਅਤੇ ਕਹਾਣੀ ਵਿਚ ਇਕ ਦੂਜੇ ਨਾਲ ਕਿਸ ਤਰ੍ਹਾਂ ਪ੍ਰਤੀਕ੍ਰਿਆ ਕਰਦਾ ਹੈ| ਜੇਕਰ ਅਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਣੀਏ ਤਾਂ ਦੂਜਿਆਂ ਦੇ ਸ਼ਬਦ ਅਤੇ ਕੰਮ ਸਾਨੂੰ ਆਤਮਿਕ ਤੌਰ 'ਤੇ ਬਹੁਤ ਕੁਝ ਦੱਸਦੇ ਹਨ| ਧਿਆਨ ਨਾਲ ਨਿਰਿਖਣ ਕਰਨ ਨਾਲ, ਕਹਾਣੀ ਵਾਚਕ ਕਹਾਣੀ ਨੂੰ ਸਮਝ ਜਾਂਦੇ ਹਨ ਅਤੇ ਸਹੀ ਹਾਵ-ਭਾਵ ਨਾਲ ਕਹਾਣੀ ਸੁਣਾਉਣ ਦੇ ਕਾਬਿਲ ਹੁੰਦੇ ਹਨ|

ਆਪਣੇ ਆਪ ਵਿਚ ਚੇਤੇ ਰੱਖੋ ਕਿ ਉਹ ਸਾਰੇ ਲੋਕ ਜਿਨ੍ਹਾਂ ਦੇ ਬਾਰੇ ਅਸੀਂ ਬਾਈਬਲ ਵਿਚ ਪੜ੍ਹਦੇ ਹਾਂ, ਐਥੋਂ ਤਕ ਕਿ ਆਗੂ ਅਤੇ ਪਰਮੇਸ਼ਰ ਦੇ ਨਬੀ, ਉਹ ਆਮ ਲੋਕ ਹੀ ਹਨ| ਹਾਲਾਂਕਿ ਬਹੁਤਿਆਂ ਨੇ ਪਰਮੇਸ਼ਰ ਦੀ ਆਗਿਆ ਮੰਨੀ ਅਤੇ ਮੁਸ਼ਕਿਲ ਹਾਲਾਤ ਵਿਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ, **ਹਰੇਕ ਸੂਰਤ ਵਿਚ** ਉਨ੍ਹਾਂ ਨੇ ਵਿਸ਼ਵਾਸ ਅਤੇ ਭਰੋਸਾ ਕਰਨਾ ਚੁਣਿਆ|

5. **ਆਪਣੀ ਕਹਾਣੀ ਵਿਚ ਸਾਰੇ ਹਵਾਲਿਆਂ ਨੂੰ ਦੱਸੋ|** ਜੇਕਰ ਬੋਲਣ ਵਾਲੇ ਦੇ ਜਜ਼ਬਾਤ ਨੂੰ ਕਹਾਣੀ ਵਿਚ ਦੱਸਿਆ ਗਿਆ ਹੈ, ਜਾਂ ਉਸ ਦਾ ਹੋਣਾ ਲਾਜਮੀ ਹੈ, ਤਾਂ ਹਾਵ-ਭਾਵ ਜਾਂ ਜਜ਼ਬਾਤ ਦਾ ਇਸਤੇਮਾਲ ਕਰੋ| ਗੁੱਸਾ, ਉਦਾਸੀ, ਡਰ, ਨਿਰਾਸਾ ਉੱਤੇ ਧਿਆਨ ਦਿਓ| ਜਿੰਨਾ ਹੋ ਸਕੇ ਵਿਅਕਤੀ ਦੇ ਕਹੇ ਅਨੁਸਾਰ ਨਾਟਕੀ ਹੋਣ ਦੀ ਕੋਸ਼ਿਸ ਕਰੋ| ਜਿਸ ਤਰ੍ਹਾਂ ਲੋਕਾਂ (ਜਾਂ ਕੋਈ ਚਰਿੱਤਰ) ਨੇ ਸ਼ਬਦ ਕਹੇ ਹਨ ਉਸੇ ਹੀ ਤਰ੍ਹਾਂ ਬੋਲੋ| ਹਾਵ-ਭਾਵ ਪ੍ਰਗਟ ਕਰੋ ਜਿਸ ਤਰ੍ਹਾਂ ਉਸ ਵਿਅਕਤੀ ਨੇ ਕਿਹਾ ਹੈ, ਇਸ ਤਰ੍ਹਾਂ ਕਰਨ ਨਾਲ ਤੁਸੀਂ ਕਹਾਣੀ ਨੂੰ ਅੱਛੇ ਤਰੀਕੇ ਨਾਲ ਪੇਸ਼ ਕਰਨ ਦੇ ਮੌਕੇ ਦਾ ਇਸਤੇਮਾਲ ਕਰ ਸਕਦੇ ਹੋ|

ਜੇਕਰ ਤੁਹਾਨੂੰ ਬੋਲਣ ਵਾਲੇ ਦੇ ਜਜ਼ਬਾਤ ਦੇ ਬਾਰੇ ਪੂਰਾ ਯਕੀਨ ਨਹੀਂ ਹੈ ਤਾਂ ਉਨ੍ਹਾਂ ਸ਼ਬਦਾਂ ਨੂੰ ਉਸ ਜਜ਼ਬੇ ਵਿਚ ਨਾ ਬੋਲੋ ਜੋ ਤੁਸੀਂ ''ਸੋਚਦੇ" ਹੋ ਕਿ ਬੋਲਣ ਵਾਲੇ ਨੇ ਕਹੇ ਹੋਣਗੇ| ਇਸ ਤਰ੍ਹਾਂ ਕਰਨ ਨਾਲ ਤਾਂ ਅਸੀਂ ਕਹਾਣੀ ਵਿਚ ਵਾਧੂ ਗੱਲਾਂ ਜੋੜਨ ਵਾਲੇ ਹੋਵਾਂਗੇ, ਜਿਸ ਨੂੰ ਬਾਈਬਲ ਵਿਚ ਪਰਮੇਸ਼ਰ ਨੇ ਨਾ ਕਰਨ ਤੋਂ ਸਾਵਧਾਨ ਕੀਤਾ ਹੈ!

''ਜੋ ਹੁਕਮ ਮੈਂ ਤੁਹਾਨੂੰ ਦਿੰਦਾ ਹਾਂ ਉਸ ਦੀ ਪਾਲਨਾ ਕਰਿਓ: ਨਾ ਉਸ ਵਿਚ ਕੁਝ ਵਧਾਇਓ, ਨਾ ਉਸ ਵਿਚੋਂ ਕੁਝ ਘਟਾਇਓ|" ਬਿਵਸਥਾ ਸਾਰ 12:32
''ਪਰਮੇਸ਼ੁਰ ਦਾ ਬਚਨ ਤਾਇਆ ਹੋਇਆ ਹੈ, ਜਿਹੜੇ ਉਹ ਦੀ ਸ਼ਰਨ ਵਿਚ ਆਉਂਦੇ ਹਨ ਉਹ ਓਹਨਾਂ ਦੀ ਢਾਲ ਹੈ| ਤੂੰ ਉਹ ਦੇ ਬਚਨਾਂ ਵਿਚ ਕੁਝ ਨਾ ਵਧਾ, ਕਿਤੇ ਐਉਂ ਨਾ ਹੋਵੇ ਭਈ ਉਹ ਤੈਨੂੰ ਤਾੜੇ ਅਤੇ ਤੂੰ ਝੂਠਾ ਨਿੱਕਲੇਂ|" ਕਹਾਉਤਾਂ 30:5-6

6. **ਕਹਾਣੀ ਨੂੰ ਪ੍ਰਗਟ ਕਰੋ|** ਜਿਸ ਤਰ੍ਹਾਂ ਕਿ ਤੁਸੀਂ ਕਹਾਣੀ ਸੁਣਾਉਣ ਦਾ ਅਭਿਆਸ ਕਰ ਰਹੇ ਹੋ, ਤੁਹਾਡੀ ਅਵਾਜ਼ ਨੂੰ ਕਹਾਣੀ ਦੇ ਹਾਵ-ਭਾਵ ਅਤੇ ਜਜ਼ਬਾਤ ਨੂੰ ਪ੍ਰਗਟ ਕਰਨ ਦੀ ਜ਼ਰੂਰਤ ਹੈ|

ਉ. ਜਦ ਲੋਕ ਪਹਿਲ ਵਾਰ ਕਹਾਣੀ ਸੁਣਾਉਣਾ ਅਰੰਭ ਕਰਦੇ ਹਨ, ਕਦੀ ਕਦੀ ਨਾਟਕੀ ਕੋਸ਼ਿਸ਼ ਹੁੰਦੀ ਹੈ, ਕਹਾਣੀਵਾਚਕ ਬੜੀ ਜੋਸ਼ੀਲੀ ਅਵਾਜ਼ ਵਿਚ ਕਹਾਣੀ ਅਰੰਭ ਕਰਦਾ ਹੈ, ਪਰ ਤਦ ਉਹ ਸਾਰੀ ਕਹਾਣੀ ਵਿਚ ਓਸੇ ਹੀ ਜੋਸ਼ੀਲੀ ਅਵਾਜ਼ ਨੂੰ ਬਣਾਏ ਰੱਖਦਾ ਹੈ! ਉੱਚੀ ਅਤੇ ਜੋਸ਼ੀਲੀ ਅਵਾਜ਼ ਵਿਚ ਲੰਮੇ ਸਮੇ ਤਕ ਬੋਲਣਾ ਸਰੋਤਿਆਂ ਨੂੰ ਤੰਗ ਕਰਦਾ ਹੈ, ਸਰੋਤਿਆਂ ਦੀ ਦਿਲਚਸਪੀ ਨੂੰ ਘੱਟ ਕਰਦਾ ਹੈ| ਹਕੀਕੀ ਜੀਵਨ ਵਿਚ ਕੋਈ ਵੀ ਸਾਰੀ ਕਹਾਣੀ ਦੀ ਪੇਸ਼ਕਸ਼ ਜੋਸ਼ ਨਾਲ ਨਹੀਂ ਜਾ ਸਕੇਗੀ|

ਅ. ਦਰਅਸਲ, ਕਹਾਣੀ ਦੇ ਕੁਝ ਹਿੱਸੇ ਹੋ ਸਕਦਾ ਹੈ ਦੁਖੀ, ਡਰ, ਕਿਰਪਾ, ਨਿਰਾਸਾ ਜਾਂ ਕੁਝ ਜਜ਼ਬਾਤ ਦੇ ਹੋਣ ਤਾਂ ਕਿ ਉਨ੍ਹਾਂ ਨੂੰ ਜੋਸ਼ੀਲੀ ਅਵਾਜ਼ ਪ੍ਰਗਟ ਕੀਤਾ ਜਾਵੇ ਤਾਂ ਜੋਸ਼ੀਲੀ ਅਵਾਜ਼ ਵਿਚ ਲਗਾਤਾਰ ਦੱਸਣਾ ਸਹੀ ਨਹੀਂ ਹੋਵੇਗਾ| ਆਪਣੀ ਅਵਾਜ਼ ਵਿਚ ਭਿੰਨਤਾ ਲਿਆਓ| ਉੱਚਿਆਂ ਬੋਲਕੇ, ਜਾਂ ਧੀਮਾ ਬੋਲ ਕੇ ਜਿੰਨਾ ਕਿ ਸੁਣਿਆਂ ਜਾ ਸਕੇ| ਧੀਮੇ ਬੋਲ ਕੇ ਕਹਾਣੀ ਦੇ ਹਿੱਸੇ ਉੱਤੇ ਜੋਰ ਦਿਓ, ਜਾਂ ਆਪਣੀ ਤੇਜ ਕ੍ਰਿਆ ਨੂੰ ਦਰਸ਼ਾਉਣ ਲਈ ਹੋਰ ਤੇਜੀ ਨਾਲ ਸ਼ਬਦ ਬੋਲਣਾ| ਕਹਾਣੀ ਨੂੰ ਅਵਾਜ਼ ਦੇ ਉਤਾਰ ਚੜ੍ਹਾ ਨਾਲ ਦੱਸੋ ਅਤੇ ਤੁਹਾਡੀ ਅਵਾਜ਼ ਦੇ ਜਜ਼ਬੇ ਦਾ ਪੱਧਰ ਕਹਾਣੀ ਨਾਲ ਫਿੱਟ ਬੈਠ ਜਾਵੇਗਾ| ਇਸ ਦੇ ਨਾਲ ਹੀ ਨਾਲ ਤੁਹਾਡੀ ਅਵਾਜ਼ ਦੇ ਉੱਤਾਰ ਚੜ੍ਹਾ ਕਹਾਣੀ ਦੇ ਜਜ਼ਬਾਤ ਨੂੰ ਪ੍ਰਗਟ ਕਰ ਸਕਦੇ ਹਨ|

ਈ. ਹਰੇਕ ਭਾਸ਼ਾ ਵਿਚ, ਜਦ ਲੋਕ ਗੱਲਬਾਤ ਕਰਦੇ ਹਨ, ਕੁਝ ਅਵਾਜ਼ਾਂ ਅਜਿਹਿਆਂ ਹੁੰਦਿਆਂ ਹਨ ਜੋ ਅਸਲ ਵਿਚ ਸ਼ਬਦ ਨਹੀਂ ਹੁੰਦੇ ਹਨ, ਉਹ ਆਪਣੇ ਆਪ ਹੀ ਬੋਲਚਾਲ ਵਿਚ ਆ ਜਾਂਦੇ ਹਨ| ਇਹ ਅਵਾਜ਼ਾਂ ਹਰ ਭਾਸ਼ਾ ਅਤੇ ਸੱਭਿਅਤਾ ਵਿਚ ਅਨੇਖੀ ਹੋਣਗੀਆਂ|

ਹੋ ਸਕਦਾ ਹੈ ਉਨ੍ਹਾਂ ਦਾ ਹਉਕਾ ਅੰਬਾਅ ਨੂੰ ਪ੍ਰਗਟ ਕਰਦਾ ਹੋਵੇ ਜਾਂ ਲੰਮਾ ਸਾਹ ਉਨ੍ਹਾਂ ਦੀ ਮਾਯੂਸੀ ਨੂੰ ਪ੍ਰਗਟ ਕਰੇ| ਜ਼ਿਆਦਾਤਰ ਸੱਭਿਅਤਾਵਾਂ ਵਿਚ, ਜੀਭ ਦਾ ਲੜਖੜਾਉਣਾ ਭਾਵ ਨੂੰ ਪ੍ਰਗਟ ਕਰਦਾ ਹੈ| ਤੇਜੀ ਨਾਲ ਸਾਹ ਲੈਣਾ ਜਾਂ ਸਾਹ ਅੰਦਰ ਲੈਣਾ ਉਨ੍ਹਾਂ ਦੀ ਹੈਰਾਨੀ ਜਾਂ ਭੈਅ ਨੂੰ ਵਿਖਾਉਂਦਾ ਹੈ| ਹਾਸੀ ਜਾਂ ਇਕੇ ਅਵਾਜ਼ ਦੀ ਪਕੜ ਅਸੀਂ ਜੋ ਮਹਿਸੂਸ ਕਰਦੇ ਹਾਂ ਉਸ ਭਾਵ ਨੂੰ ਦਰਸ਼ਾ ਸਕਦਾ ਹੈ| ਉਹ ਸਾਰੀਆਂ ਅਵਾਜ਼ਾਂ ਅਤੇ ਹੋਰ ਬਹੁਤ ਸਾਰੇ ਅਲਿਖਤ ਬੋਲ ਪਰ ਕੁਝ ਵੀ ਹੋਵੇ ਅਵਾਜ਼ ਵਿਚ ਭਾਸ਼ਾ ਵਜੂਦ ਵਿਚ ਰਹਿੰਦੀ ਹੈ| ਅਸੀਂ ਉਨ੍ਹਾਂ ਅਵਾਜ਼ਾਂ ਨੂੰ ਸਾਡੇ ਆਲੇ ਦੁਆਲੇ ਤੋਂ ਜਿਵੇਂ ਜਿਵੇਂ ਅਸੀਂ ਵੱਡੇ ਹੁੰਦੇ ਹਾਂ ਸਿੱਖਦੇ ਹਾਂ|

ਬਾਈਬਲ ਦੀ ਕਹਾਣੀ ਨੂੰ ਸੁਭਾਵਕ ਅਤੇ ਦਿਲਚਸਪ ਤਰੀਕੇ ਨਾਲ ਸੁਣਾਉਣਾ ਸਿੱਖਣ ਲਈ, ਉਨ੍ਹਾਂ ਅਵਾਜ਼ਾਂ ਨੂੰ ਸੁਣਨਾ ਅਰੰਭ ਕਰੋ ਜਿਵੇਂ ਹੀ ਤੁਸੀਂ ਲੋਕਾਂ ਨਾਲ ਗੱਲਬਾਤ ਕਰਦੇ ਹੋ| ਤਦ, ਜਦ ਤੁਸੀਂ ਉਹ ਅਵਾਜ਼ਾਂ ਨੂੰ ਸੁਣਦੇ ਹੋ ਅਤੇ ਉਨ੍ਹਾਂ ਨੂੰ ਆਪਣੇ ਮਨ ਵਿਚ ਰੱਖਦੇ ਹੋ ਕਿ ਤੁਸੀਂ ਜਾਣ ਬੁੱਝ ਕੇ ਉਨ੍ਹਾਂ ਅਵਾਜ਼ਾਂ ਨੂੰ ਕਹਾਣੀਆਂ ਸੁਣਾਉਣ ਦੇ ਸਮੇ ਇਸਤੇਮਾਲ ਕਰੋ|

ਸ. ਐਥੋਂ ਤਕ ਕਿ ਸ਼ਬਦਾਂ ਦੇ ਵਿਚਕਾਰ ਰੁਕਣ ਜਾਂ ਝਿਜਕ ਇਕ ਬਹੁਤ ਵੱਡਾ ਨਾਟਕ ਜੋੜ ਸਕਦੀ ਹੈ ਅਤੇ ਕਹਾਣੀ ਦੇ ਸੁਣਨ ਦੀ ਦਿਲਚਸਪੀ ਨੂੰ ਵੱਧਾ ਸਕਦੀ ਹੈ| ਉਦਾਹਰਣ ਦੇ ਤੌਰ 'ਤੇ ਕੋੜ੍ਹੀ ਦੀ ਕਹਾਣੀ ਵਿਚ ਕਹਾਣੀ ਵਾਚਕ ਕਹਿੰਦਾ ਹੈ, ''ਯਿਸੂ ਨੇ ਆਪਣਾ ਹੱਥ ਵਧਾਇਆ ਅਤੇ ਕੋੜ੍ਹੀ ਨੂੰ ਛੋਹਿਆ|" ਜੇਕਰ ਕਹਾਣੀ ਵਾਚਕ ਇਨ੍ਹਾਂ ਸ਼ਬਦਾਂ ਨੂੰ ਬਿਨਾਂ ਕਿਸੇ ਝਿਜਕ ਦੇ ਬੋਲਦਾ ਹੈ ਤਾਂ ਬਹੁਤ ਵੱਡਾ ਮੌਕਾ ਹੱਥੋਂ ਗੁਆ ਲਿਆ ਹੈ|

ਕਿਉਂਕਿ ਯਿਸੂ ਲਈ ਇਕ ਕੋੜ੍ਹੀ ਨੂੰ ਛੂਹਣਾ ਇਕ ਹੈਰਾਨ ਕਰਨ ਵਾਲਾ ਹੈ; ਇਹ ਇਕ ਵੱਡੇ ਤਰਸ ਨੂੰ ਦਰਸ਼ਾਉਂਦਾ ਹੈ| ਕਹਾਣੀਵਾਚਕ ਨੂੰ ਸ਼ਬਦਾਂ ਨੂੰ ਯਿਸੂ ਦੇ ਕੋੜ੍ਹੀ ਨੂੰ ਛੂਹਣ ਤਕ ਹਰੇਕ ਕ੍ਰਿਆ ਨੂੰ ਹੌਲੀ ਹੌਲੀ ਅਤੇ ਝਿਜਕ ਨਾਲ ਬੋਲੇ| ਯਿਸੂ ਅਤੇ ਕੋੜ੍ਹੀ ਦੇ ਵਿਚਕਾਰ ਇਕ ਦ੍ਰਿਸ਼ ਵੇਖਿਆ ਅਤੇ ਸੁਣਿਆਂ ਗਿਆ ਹੈ, ਉਸ ਨੂੰ ਮਹਿਸੂਸ ਕਰਦੇ ਹੋਏ ਕਹਾਣੀ ਵਾਚਕ ਹੌਲੀ ਅਤੇ ਹੈਰਾਨੀ ਨਾਲ ਬੋਲਦਾ ਹੈ, ''ਯਿਸੂ. . .ਨੇ ਆਪਣਾ ਹੱਥ ਵਧਾਇਆ . . . ਅਤੇ . . . . . .ਕੋੜ੍ਹੀ ਨੂੰ . .. . .ਛੂਹਿਆ|"

ਹ. ਕਹਾਣੀ ਦੇ ਵਿਚ ਨਾਟਕ ਦੇ ਪਲਾਂ ਨੂੰ ਵੇਖੋ| ਜਦ ਕੋਈ ਚੰਗਿਆਈ ਹੁੰਦੀ ਹੈ, ਜਾਂ ਕੋਈ ਅਨੋਖੀ ਘਟਨਾ ਹੁੰਦੀ ਹੈ ਜਾਂ ਕੋਈ ਜੋਰਦਾਰ ਬਿਆਨ ਕਿਸੇ ਮਨੁੱਖ ਰਾਹੀਂ ਕਹਾਣੀ ਵਿਚ ਹੁੰਦਾ ਹੈ, ਤਾਂ ਝਿਜਕ ਅਤੇ ਵਾਕਾਂ ਵਿਚ ਰੁਕਣ ਤੇ ਵਿਚਾਰ ਕਰੋ| ਇਹ ਕਰਨ ਦੇ ਨਾਲ, ਤੁਸੀਂ ਘਟਨਾ ਨੂੰ ਬੜੇ ਨਾਟਕੀ ਤਰੀਕੇ ਨਾਲ ਦੱਸੋਗੇ ਅਤੇ ਸਰੋਤੇ ਉਸ ਨੂੰ ਮਹਿਸੂਸ ਕਰਨਗੇ|

ਕ. ਜ਼ਿਆਦਾਤਰ ਹਰ ਕਹਾਣੀ ਵਿਚ ਕੁਝ ਸਧਾਰਨ ਵਿਆਖਿਆ ਹੁੰਦੀ ਹੈ ਜੋ ਕਿ ਕਹਾਣੀ ਵਾਚਕ ਦੇ ਸ਼ਬਦਾਂ ਨੂੰ ਕਹਾਣੀ ਨਾਲ ਜੋੜਦੀ ਹੈ| ਉਸ ਤਰ੍ਹਾਂ ਦੇ ਹਿੱਸੇ ਸਧਾਰਨ ਅਵਾਜ਼ ਵਿਚ ਆਖੇ ਜਾ ਸਕਦੇ ਹਨ|

ਖ. ਕਈ ਵਾਰੀ, ਵਿਆਖਿਆਕਾਰ ਦੇ ਸ਼ਬਦ ਕਹਾਣੀ ਵਿਚ ਰੁਚੀ ਪੈਦਾ ਕਰਦੇ ਹਨ| ਵਿਆਖਿਆਕਾਰ ਦੇ ਸ਼ਬਦ ਸਥਾਨ ਦੇ ਬਦਲਾਓ ਨੂੰ ਜਾਂ ਕਹਾਣੀ ਦੇ ਕਿਸੇ ਅਨੋਖੇ ਹਿੱਸੇ ਨੂੰ ਦਰਸ਼ਾ ਸਕਦੇ ਹਨ| ਇਹ ਸ਼ਬਦ ਜਜ਼ਬਾਤੀ ਹੋ ਕੇ ਅਤੇ ਦਿਲਚਸਪੀ ਦੇ ਭਾਵ ਨਾਲ ਬੋਲਣੇ ਚਾਹੀਦੇ ਹਨ| ਇਹ ਇਸ ਤਰ੍ਹਾਂ ਹੈ ਕਿ ਜਿਵੇਂ ਵਿਆਖਿਆਕਾਰ ਸਰੋਤਿਆਂ ਨੂੰ ਕੋਈ ਗਹਿਰੀ ਸੂਚਨਾ ਬੜੇ ਜੋਸ਼ ਨਾਲ ਦੱਸ ਰਿਹਾ ਹੈ, ਇਸ ਲਈ ਸ਼ਬਦ ਉੱਚੀ ਫੁਸਫਸਾਹਟ ਨਾਲ ਬੋਲੀਦੇ ਹਨ|

ਸ਼ਬਦਾਂ ਨੂੰ ਇਸ ਤਰ੍ਹਾਂ ਕਹਿਣ ਨਾਲ ਲੋਕਾਂ ਵਿਚ ਕਹਾਣੀ ਦੀ ਦਿਲਚਸਪੀ ਬਣੀ ਰਹਿੰਦੀ ਹੈ| ਤੁਸੀਂ ਇਹ ਸ਼ਬਦ ''ਉਸ ਦੇ ਦੌਰਾਨ" ਜਾਂ ''ਓਸੇ ਸਮੇ" ਸਧਾਰਨ ਅਵਾਜ਼ ਵਿਚ ਕਹਿ ਸਕਦੇ ਹੋ, ਪਰ ਇਨ੍ਹਾਂ ਨੂੰ ਬੁਝਾਰਤਾਂ ਦੇ ਤਰੀਕੇ ਨਾਲ ਕਹਿਣਾ ਹੈ| ਜਾਂ '' ਉਨ੍ਹਾਂ ਦੇ ਆਉਣ ਤੋਂ ਬਾਦ" ਰੁਚੀ ਪੈਦਾ ਕਰਨ ਲਈ ਸ਼ਬਦ ਬੋਲੇ ਜਾ ਸਕਦੇ ਹਨ| ਤੁਸੀਂ ਰੁੱਕ ਸਕਦੇ ਹੋ ਅਤੇ ਅਵਾਜ਼ ਦਾ ਇਸਤੇਮਾਲ ਕਰ ਸਕਦੇ ਹੋ ਅਤੇ ਸਰੀਰਕ ਹਾਵਭਾਵ ਵੀ ਜਿਹੜੇ ਕਿ ਕੁਝ ਤਰ੍ਹਾਂ ਦੇ ਗੁਪਤ ਗੱਲਾਂ ਦਾ ਸੰਕੇਤ ਕਰਦੇ ਹਨ|

7. **ਹਾਵ-ਭਾਵ ਇਸਤੇਮਾਲ ਕਰੋ, ਕਹਾਣੀ ਦਰਸ਼ਾਓ|** ਹਾਵ-ਭਾਵ ਜੋ ਸਹੀ ਤਰੀਕੇ ਨਾਲ ਕਹਾਣੀ ਵਿਚ ਦਰਸ਼ਾਏ ਹੋਣ ਤਾਂ ਡਰ, ਲਾਲਚ, ਪ੍ਰਚੰਡਤਾ, ਭਾਜੜ, ਹੈਰਾਨੀ, ਵੀਰਤਾ, ਅਕਲਮੰਦੀ, ਨਿਰਾਸਾ ਅਤੇ ਹੋਰ ਵੀ ਭਾਵ ਦਰਸ਼ਾ ਸਕਦੇ ਹਨ| ਹਲਕੇ ਜਿਹੇ ਇਸ਼ਾਰੇ ਨਾਲ ਵੀ ਜਜ਼ਬਾਤ ਪ੍ਰਗਟ ਕੀਤੇ ਜਾ ਸਕਦੇ ਹਨ| ਤੁਹਾਡੇ ਖੜ੍ਹੇ ਹੋਣ ਨਾਲ, ਵੇਖਣਾ ਜਾਂ ਇਸ਼ਾਰਾ ਲੋਕ, ਭੀੜ ਨੂੰ ਤੁਹਾਡੀ ਕਹਾਣੀ ਵਿਚ ਦਰਸ਼ਾ ਸਕਦਾ ਹੈ|

ਜਦ ਤੁਸੀਂ ਕਿਸੇ ਵਿਅਕਤੀ ਦੇ ਹਵਾਲੇ ਨੂੰ ਕਹਿੰਦੇ ਹੋ, ਹਲਕਾ ਜਿਹਾ ਆਪਣੇ ਸਰੀਰ ਨੂੰ ਉਸ ਸਥਾਨ ਵੱਲ ਖਿੱਸਕਾਉਣਾ ਅਤੇ ਸਹੀ ਦਿਸ਼ਾ ਵੱਲ ਵੇਖਣਾ ਵਿਖਾਉਂਦਾ ਹੈ ਕਿ ਉਹ ਵਿਅਕਤੀ ਕਿਥੇ ਹੈ, ਕੀ ਵੇਖ ਰਿਹਾ ਹੋਵੇਗਾ ਜਾਂ ਵਿਅਕਤੀ ਕੀ ਕਰ ਰਿਹਾ ਸੀ| ਉਦਾਹਰਣ ਲਈ, ਬਿਮਾਰੀ ਤੋਂ ਚੰਗੇ ਹੋਏ ਲੋਕ ਹੈਰਾਨੀ ਭਰੇ ਵਿਖਾਈ ਦੇ ਸਕਦੇ ਹਨ ਅਤੇ ਆਪਣੇ ਚੰਗੇ ਹੋਏ ਸਰੀਰ ਨੂੰ ਹਿਲਾ ਸਕਦੇ ਹਨ ਜਾਂ ਉਹ ਜੋਸ਼ ਵਿਚ ਉੱਛਲ ਕੁੱਦ ਸਕਦੇ ਹਨ| ਬੋਲਣ ਵਿਚ ਝਿਜਕ ਅਤੇ ਚੱਲਨਾ-ਫਿਰਨਾ ਕਹਾਣੀ ਵਾਚਕ ਲਈ ਹਕੀਕੀ ਨਾਟਕ ਹੋ ਸਕਦਾ ਹੈ

ਸਾਵਧਾਨ: ਜੇਕਰ ਤੁਸੀਂ ਵੇਖੋ ਕਿ ਕਹਾਣੀ ਸੁਣਾਉਣ ਤੋਂ ਬਾਦ ਸੁਣਨ ਵਾਲੇ ਤੁਹਾਡੇ ਕੋਲ ਆਉਂਦੇ ਹਨ ਅਤੇ ਕਹਿੰਦੇ ਹਨ ਤੁਸੀਂ ਬਹੁਤ ਵੱਡੇ ਕਹਾਣੀ ਵਾਚਕ ਹੋ ਜਾਂ ਤੁਸੀਂ ਤਾਂ ਇਕ ਐਕਟਰ ਹੋ, ਤਦ ਆਪਣੀ ਪੇਸ਼ਕਸ਼ 'ਤੇ ਦੋਬਾਰਾ ਸੋਚੋ| ਕਹਾਣੀ ਵਾਚਕ ਪ੍ਰਧਾਨ ਨਹੀਂ ਹਨ; ਪਰਮੇਸ਼ਰ ਦਾ ਵਚਨ ਪ੍ਰਧਾਨ ਹੈ| ਕਹਾਣੀ ਵਾਚਕ ਦਾ ਬਹੁਤ ਜ਼ਿਆਦਾ ਕਹਾਣੀ ਦੇ ਦੌਰਾਨ ਚੱਲਣਾ ਫਿਰਨਾ ਲੋਕਾਂ ਦੇ ਧਿਆਨ ਨੂੰ ਬੋਲੇ ਗਏ ਸ਼ਬਦਾਂ ਤੋਂ ਹਟਾ ਸਕਦਾ ਹੈ; ਇਸ ਤਰ੍ਹਾਂ ਲੋਕ ਸੁਣਨ ਦੀ ਬਜਾਏ ਜ਼ਿਆਦਾ ਵੇਖਣ ਉੱਤੇ ਧਿਆਨ ਕਰਦੇ ਹਨ| ਚੰਗਾ ਤਾਂ ਇਹ ਹੈ ਕਿ ਚੱਲਨਾ ਫਿਰਨਾ ਘੱਟ ਹੋਵੇ, ਉਸ ਦੇ ਰਾਹੀਂ ਤੁਹਾਡੇ ਕਹੇ ਗਏ ਸ਼ਬਦ ਬਿਆਨ ਹੋਣੇ ਚਾਹੀਦੇ ਹਨ| ਤੁਹਾਨੂੰ ਲੋਕਾਂ ਤੋਂ ਕੀ ਸੁਣਨਾ ਚਾਹੀਦਾ ਹੈ, ''ਇਸ ਕਹਾਣੀ ਨੇ ਮੇਰੇ ਨਾਲ ਗੱਲਬਾਤ ਕੀਤੀ ਹੈ," ਜਾਂ ''ਕਹਾਣੀ ਦਾ ਵਿਅਕਤੀ ਮੈਂ ਹੀ ਹਾਂ|"

8. **ਕਹਾਣੀ ਸੁਣਾਉਣ ਲਈ ਖੜ੍ਹੇ ਹੋਣਾ ਹੈ ਜਾਂ ਬੈਠਣਾ ਹੈ?** ਕਈ ਸੱਭਿਆਚਾਰਾਂ ਅਤੇ ਹਾਲਾਤ ਵਿਚ ਇਹ ਜ਼ਿਆਦਾ ਉਚਿਤ ਹੁੰਦਾ ਹੈ ਕਿ ਕਹਾਣੀ ਵਾਚਕ ਖੜ੍ਹਨ ਦੀ ਬਜਾਏ ਲੋਕਾਂ ਦੇ ਵਿਚਕਾਰ ਹੀ ਬੈਠ ਕੇ ਕਹਾਣ ਸੁਣਾਏ| ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਆਪਣੀ ਕਹਾਣੀ ਖੜ੍ਹੇ ਹੋ ਕੇ ਹੀ ਸੁਣਾਓ| ਤੁਸੀਂ ਖੜ੍ਹੇ ਹੋ ਕੇ ਕਹਾਣੀ ਨੂੰ ਸਰੀਰ ਦੇ ਪੂਰੇ ਹਾਵ-ਭਾਵ ਅਤੇ ਤਰੀਕੇ ਨਾਲ ਸੁਣਾ ਸਕੋਗੇ| ਇਸ ਤਰ੍ਹਾਂ ਜਦ ਤੁਹਾਨੂੰ ਕਿਸੇ ਵੱਡੇ ਗਰੁਪ ਨਾਲ ਜਾਂ ਕਿਸੇ ਹੋਰ ਸਥਿਤੀ ਵਿਚ ਮੌਕਾ ਮਿਲਦਾ ਹੈ ਜਿਥੇ ਤੁਸੀਂ ਖੜ੍ਹੇ ਹੋ ਕੇ ਚੰਗੀ ਤਰ੍ਹਾਂ ਕਹਾਣੀ ਸੁਣਾ ਸਕੋਗੇ, ਤੁਹਾਨੂੰ ਸਾਰੇ ਹਾਵ-ਭਾਵ ਦਾ ਅਭਿਆਸ ਕਰਨਾ ਹੋਵੇਗਾ|

ਅਸੀਂ ਚਾਹੁੰਦੇ ਹਾਂ ਕਿ ਸੁਣਨ ਵਾਲੇ ਜੋ ਕਹਾਣੀ ਉਨ੍ਹਾਂ ਨੂੰ ਅਸੀਂ ਸੁਣਾਉਂਦੇ ਹਾਂ ਉਸ ਨੂੰ ਸਮਝਣ ਅਤੇ ਯਾਦ ਕਰਨ| ਹਾਵ-ਭਾਵ ਅਤੇ ਲਹਿਜੇ ਨਾਲ ਨਾ ਸਿਰਫ ਲੋਕਾਂ ਦੀ ਕਹਾਣੀ ਵਿਚ ਦਿਲਚਸਪੀ ਹੀ ਵਧਦੀ ਹੈ, ਇਸ ਤਰ੍ਹਾਂ ਉਹ ਕਹਾਣੀ ਨੂੰ ਸਮਝਣ ਅਤੇ ਯਾਦ ਕਰਨ ਵਿਚ ਤਰੱਕੀ ਕਰਦੇ ਹਨ| ਬੇਸ਼ਕ ਬੈਠ ਕੇ ਕਹਾਣੀ ਸੁਣਾਉਣਾ ਇਕ ਚੰਗੀ ਚੋਣ ਹੈ, ਕੋਈ ਪਰੇਸ਼ਾਨੀ ਨਹੀਂ ਤੁਸੀਂ ਬੈਠ ਵੀ ਸਕਦੇ ਹੋ| ਪਰ ਜਦ ਕਿ ਤੁਹਾਡੇ ਜ਼ਿਆਦਾਤਰ ਕਹਾਣੀ ਵਾਚਨ ਦੀ ਸੇਵਾ ਬੈਠ ਕੇ ਹੀ ਹੈ ਤਾਂ ਤੁਸੀਂ ਫਿਰ ਵੀ ਆਪਣੇ ਅਭਿਆਸ ਕੀਤੇ ਹੋਏ ਹਾਵ-ਭਾਵ ਦਾ ਇਸਤੇਮਾਲ ਕਰ ਸਕਦੇ ਹੋ|

9. **ਕਹਾਣੀ ਦਾ ਅਰੰਭ ਕਰਨਾ**| ਜਦ ਤੁਸੀਂ ਕਹਾਣੀ ਸੁਣਾਉਣਾ ਅਰੰਭ ਕਰੋ ਤਾਂ ਕਹੋ, ''ਹੁਣ ਕਹਾਣੀ ਇਸ ਤਰ੍ਹਾਂ ਹੈ" ਜਾਂ ''ਬਾਈਬਲ ਦੀ ਕਹਾਣੀ ਇਹ ਹੈ|" ਜਿਵੇਂ ਹੀ ਤੁਸੀਂ ਕਹਾਣੀ ਸੁਣਾਉਣਾ ਅਰੰਭ ਕਰਦੇ ਹੋ, ਆਪਣੇ ਹੱਥ ਵਿਚ ਖੁਲ੍ਹੀ ਬਾਈਬਲ ਰੱਖੋ| ਇਸ ਨਾਲ ਸਰੋਤਿਆਂ ਨੂੰ ਇਹ ਸੰਕੇਤ ਮਿਲਦਾ ਹੈ ਕਿ ਜੋ ਤੁਸੀਂ ਕਹਿ ਰਹੇ ਹੋ ਉਹ ਬਾਈਬਲ ਵਿਚੋਂ ਹੀ ਕਹਿ ਰਹੇ ਹੋ| ਜੇਕਰ ਤੁਹਾਡੀ ਕਹਾਣੀ ਦੀ ਭੂਮਿਕਾ ਹੈ ਤਾਂ ਭੂਮਿਕਾ ਦੱਸਣ ਦੇ ਸਮੇਂ ਬਾਈਬਲ ਬੰਦ ਰੱਖੋ| ਭੂਮਿਕਾ ਤੁਹਾਡੇ ਆਪਣੇ ਸ਼ਬਦ ਹੋਣ, ਕਹਾਣੀ ਨਹੀਂ|

ਕਹਾਣੀ ਸੁਣਾਉਣ ਦੇ ਦੌਰਾਨ ਜੇਕਰ ਤੁਹਾਨੂੰ ਆਪਣੇ ਹੱਥਾਂ ਨਾਲ ਕੋਈ ਹਾਵ-ਭਾਵ ਕਰਨ ਦੀ ਲੋੜ ਹੈ ਕਿ ਕਹਾਣੀ ਵਿਚ ਕੁਝ ਨਾਟਕੀ ਰੂਪ ਆਏ ਤਾਂ ਜਿਵੇਂ ਤੁਸੀਂ ਕਹਿ ਰਹੇ ਹੋ, ਅਰਾਮ ਨਾਲ ਆਪਣੀ ਖੁਲ੍ਹੀ ਬਾਈਬਲ ਨੂੰ ਕੋਲ ਰੱਖੇ ਮੇਜ਼ ਜਾਂ ਕਿਸੇ ਹੋਰ ਉੱਚੇ ਪਲੇਟਫਾਰਮ ਉੱਤੇ ਰੱਖ ਸਕਦੇ ਹੋ| ਜਦ ਤੁਸੀਂ ਬੈਠਦੇ ਹੋ ਤਾਂ ਕਹਾਣੀ ਬੋਲਦੇ ਰਹੋ ਤਾਂ ਕਿ ਸੁਣਨ ਵਾਲੇ ਜਾਣ ਲੈਣ ਕਿ ਤੁਸੀਂ ਹਾਲੇ ਵੀ ਕਹਾਣੀ ਬਾਈਬਲ ਵਿਚੋਂ ਹੀ ਸੁਣਾ ਰਹੇ ਹੋ| ਜਿਵੇਂ ਹੀ ਤੁਸੀਂ ਕਹਾਣੀ ਦੇ ਸਮਾਪਨ ਵੱਲ ਜਾਂਦੇ ਹੋ ਤਾਂ ਕਹਾਣੀ ਬੋਲਦੇ ਬੋਲਦੇ ਆਪਣੀ ਖੁਲ੍ਹੀ ਬਾਈਬਲ ਨੂੰ ਚੁੱਕ ਲਓ|

(ਜੇਕਰ ਤੁਸੀਂ ਕਿਸੇ ਅਜਿਹੇ ਖੇਤਰ ਵਿਚ ਕਹਾਣੀ ਸੁਣਾ ਰਹੇ ਹੋ ਜੋ ਮਸੀਹੀ ਵਿਰੋਧੀ ਹੈ ਤਾਂ ਤੁਹਾਨੂੰ ਬਾਈਬਲ ਹੱਥ ਵਿਚ ਲੈਣ ਦੀ ਜ਼ਰੂਰਤ ਨਹੀਂ ਹੈ ਜਾਂ ਕਿ ਸਰੋਤਿਆਂ ਨੂੰ ਵੀ ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਇਹ ਬਾਈਬਲ ਦੀ ਕਹਾਣੀ ਹੈ| ਅਜਿਹੀ ਸਥਿਤੀ ਵਿਚ, ਬੱਸ ਆਪਣੀ ਕਹਾਣੀ ਸੁਣਾਓ ਅਤੇ ਹੋਣ ਦਿਓ ਕਿ ਕਹਾਣੀ ਬਾਦ ਵਿਚ ਵਿਚਾਰ ਵਟਾਂਦਰੇ ਦੇ ਨਾਲ ਹੀ ਸਰੋਤੇ ਆਤਮਿਕ ਤੌਰ 'ਤੇ ਛੂਹੇ ਜਾਣ|)

10. **ਵਿਚ ਵਿਚਕਾਰ, ਸਭ ਵੱਲ ਵੇਖੋ!** STS ਵਿਚ ਹਾਜਿਰ ਹੋਏ ਵਿਅਕਤੀ ਨੂੰ ਅਸੀਂ ਸਿਖਾਉਂਦੇ ਹਾਂ ਕਿ ਜਦ ਉਹ ਆਪਣੀ ਕਹਾਣੀ ਸੁਣਾਉਣ ਤਾਂ ਉੱਥੇ ਬੈਠੇ ਹਰ ਵਿਅਕਤੀ ਵੱਲ ਵੇਖਣ| ਬੜੀ ਦਿਲਚਸਪ ਗੱਲ ਹੈ, STS ਦੀ ਇਕ ਵਰਕਸ਼ਾਪ (ਸੈਮੀਨਾਰ) ਵਿਚ, ਜਦ ਇਕ ਨਵੇਂ ਕਹਾਣੀ ਵਾਚਕ ਨੇ ਸਾਰੇ ਗਰੁੱਪ ਵਿਚੋਂ ਸਾਰਾ ਸਮਾ ਮੇਰੇ ਵੱਲ ਹੀ ਵੇਖਦਾ ਰਿਹਾ, ਇਕ ਖੋਜ ਕੀਤੀ ਗਈ| ਉਸ ਨੂੰ ਕੁਝ ਵੀ ਕਹਿਣ ਤੋਂ ਪਹਿਲਾਂ ਮੈਂ ਉਸ ਨੂੰ ਪੁੱਛਿਆ ਕੀ ਉਸ ਦੇ ਸੱਭਿਆਚਾਰ ਵਿਚ, ਇਹ ਹੀ ਰੀਤ ਹੈ ਕਿ ਉਹ ਆਪਣੀ ਗੱਲਬਾਤ ਸਿਰਫ ਬਜ਼ੁਰਗ ਜਾਂ ਗਰੁੱਪ ਵਿਚ ਕਿਸੇ ਖਾਸ ਵਿਅਕਤੀ ਨੂੰ ਹੀ ਦੱਸੇ| ਉਸ ਨੇ ਉੱਤਰ ਦਿੱਤਾ, ''ਹਾਂ ਇਹ ਸੱਚ ਹੈ|"

ਬਈ ਨਹੀਂ! ਇਹ ਤਾਂ ਸੱਭਿਆਚਾਰ ਦੀ ਭਿੰਨਤਾ ਹੈ| STS ਵਿਚ ਸਾਡੀ ਇਹ ਇੱਛਾ ਹੁੰਦੀ ਹੈ ਕਿ ਹਰੇਕ ਸਹਿਭਾਗੀ ਨੂੰ ਪ੍ਰੇਰਤ ਕਰਨਾ ਅਤੇ ਇਸ ਲਈ ਉਤਸ਼ਾਹਿਤ ਕਰਨਾ ਕਿ ਪੇਸ਼ਕਾਰੀ ਵਿਚ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਸ਼ਾਮਿਲ ਹੋਣ| ਉਸ ਸ਼ਾਮ ਅਸੀਂ ਇਸ ਸਮੱਸਿਆ ਦੇ ਬਾਰੇ ਸਾਡੇ STS ਨੇਸ਼ਨਲ ਸਿੱਖਿਅਕਾਂ ਨਾਲ ਵਿਚਾਰ ਕੀਤਾ| ਅਸੀਂ ਇਸ ਗੱਲ ਉੱਤੇ ਸਹਿਮਤ ਹੋਏ ਕਿ

ਬੇਸ਼ਕ ਬਜ਼ੁਰਗਾਂ ਅਤੇ ਆਗੂਆਂ ਦਾ ਆਦਰ ਕਰਨਾ ਅੱਛਾ ਹੈ, ਕਿਸੇ ਨੂੰ ਵੀ ਉਨ੍ਹਾਂ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਹੈ|

ਇਹ ਠੀਕ ਹੈ, ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਕਿ ਬਜ਼ੁਰਗਾਂ ਨੂੰ ਧਿਆਨ ਵਿਚ ਰੱਖ ਕੇ ਅਰੰਭ ਕਰਨਾ ਹੈ, ਪਰ ਜਿੰਨਾ ਸੰਭਵ ਹੋ ਸਕੇ, ਕਹਾਣੀ ਵਾਚਕ ਨੂੰ ਲੋਕਾਂ ਦਾ ਸਮਾਜ ਵਿਚ ਔਹੁਦਾ ਜਾਂ ਰਸੂਖ ਤੋਂ ਉੱਪਰ ਉੱਠ ਕੇ ਹਰੇਕ ਨਾਲ ਗੱਲ ਕਰਨ ਦੀ ਜ਼ਰੂਰਤ ਹੈ| ਸਾਰੀ ਕਹਾਣੀ ਵਿਚ ਕਹਾਣੀਵਾਚਕ ਕਹਾਣੀ ਸੁਣਾਉਂਦਾ ਹੋਇਆ ਵੱਡੇ ਲੋਕਾਂ ਨਾਲ ਵੀ ਗੱਲਬਾਤ ਕਰੇਗਾ| ਪਰ ਇਸ ਦੇ ਨਾਲ ਹੀ ਨਾਲ, ਗਰੁੱਪ ਵਿਚ ਸਭ ਉੱਤੇ ਧਿਆਨ ਦੇਵੇਗਾ, ਆਪਣੇ ਇਸ ਪ੍ਰਗਟੀਕਰਨ ਦੇ ਰਾਹੀਂ ਕਹਾਣੀ ਵਾਚਕ ਇਹ ਦਰਸ਼ਾਉਂਦਾ ਹੈ (ਜਿਸ ਤਰ੍ਹਾਂ ਕਿ ਚੰਗੇ ਸਾਮਰੀ ਦੇ ਦ੍ਰਿਸ਼ਟਾਂਤ ਵਿਚ ਹੈ) ਕਿ ਅੱਜ ਕੌਣ ਉਸ ਦਾ ਪੜੋਸੀ ਹੈ|

ਇਸ ਸੰਸਾਰ ਦੇ ਹਾਕਿਮ ਨੇ ਮਨੁੱਖਤਾ ਦੀ ਸੱਭਿਅਤਾ ਦੇ ਮਨ ਵਿਚ ਇਹ ਬੈਠਾ ਦਿੱਤਾ ਹੈ ਕਿ ਤਾਕਤਵਰ ਨੂੰ ਉਭਾਰਨਾ ਅਤੇ ਕਮਜੋਰ ਨੂੰ ਨੀਵਾਂ ਕਰਨਾ| ਪਵਿੱਤਰ ਸ਼ਾਸਤਰ ਵਿਚ ਬਾਈਬਲ ਦਾ ਸਿੱਧਾਂਤ ਹਰੇਕ ਨੂੰ ਆਪਣੇ ਵਿਚ ਜੋੜਨਾ ਹੈ| ਯਿਸੂ ਨੇ ਅਜਿਹਾ ਕੀਤਾ| ਉਸ ਦੀ ਅਕਸਰ ਇਸ ਗੱਲ ਨਾਲ ਅਲੋਚਨਾ ਹੁੰਦੀ ਸੀ ਕਿ ਉਹ ਸਮਾਜ ਦੇ ਨੀਚਲੇ ਲੋਕਾਂ ਉੱਤੇ ਧਿਆਨ ਦਿੰਦਾ ਅਤੇ ਉਨ੍ਹਾਂ ਨਾਲ ਸਮਾ ਗੁਜਾਰਦਾ ਹੈ|
STS ਦੀ ਵਰਕਸ਼ਾਪ (ਸੈਮੀਨਾਰ) ਵਿਚ, ਅਸੀਂ ਸਿਖਾਉਂਦੇ ਹਾਂ ਕਿ ਵਿਸ਼ਵਾਸੀ ਹੋਣ ਦੇ ਨਾਤੇ ਸਾਨੂੰ ਖਾਸਕਰ ਜ਼ਿੰਦਗੀ ਦੇ ਕਿਨਾਰੇ ਉੱਤੇ ਹਨ ਜਿਨ੍ਹਾਂ ਵਿਚ ਇਸਤਰੀਆਂ, ਬੱਚੇ, ਸਧਾਰਨ ਲੋਕ, ਦਲਿਤ ਆਦਿ ਹਨ| ਉਨ੍ਹਾਂ ਨੂੰ ਕਿਸ ਤਰ੍ਹਾਂ ਸ਼ਾਮਿਲ ਕਰਨਾ ਹੈ|

ਜਦ ਪਵਿੱਤਰ ਸ਼ਾਸਤਰ ਨਾਲ ਸੱਭਿਅਤਾ ਦਾ ਟਾੱਕਰਾ ਹੁੰਦਾ ਹੈ ਜਾਂ ਭਿੰਨਤਾ ਹੁੰਦੀ ਹੈ, ਤਾਂ ਵਿਸ਼ਵਾਸੀ ਨੂੰ ਇਕ ਚੋਣ ਕਰਨੀ ਚਾਹੀਦੀ ਹੈ:

ਚਾਹੇ ਤਾਂ ਕੋਈ ਸੱਭਿਅਤਾ ਕਿਸੇ ਨੂੰ ਕੰਮ ਜਾਂ ਵਿਸ਼ਵਾਸ ਲਈ ਚਲਾਵੇ ਜਾਂ ਇਸ ਤ੍ਰਾਂ ਹੋਵੇ ਕਿ ਪਰਮੇਸ਼ਰ ਦਾ ਵਚਨ ਕਿਸੇ ਦੀ ਜ਼ਿੰਦਗੀ ਕੰਮ ਅਤੇ ਵਿਸ਼ਵਾਸ ਉੱਤੇ ਪੱਧਰ ਉੱਤੇ ਪਹੁੰਚਾਵੇ, ਹਰੇਕ ਵਿਸ਼ਵਾਸੀ ਨੂੰ ਇਹ ਫੈਸਲਾ ਕਰਨਾ ਹੈ|

11. **ਕਹਾਣੀ ਦਾ ਅੰਤ ਜਾਂ ਸਮਾਪਤੀ**| ਜਦ ਤੁਸੀਂ ਕਹਾਣੀ ਨੂੰ ਸਮਾਪਤ ਕਰਦੇ ਹੋ, ਸਰੋਤਿਆਂ ਨੂੰ ਕਹੋ, ''ਇਥੇ ਕਹਾਣੀ ਸਮਾਪਤ ਹੁੰਦੀ ਹੈ|" ਅਤੇ ਆਪਣੀ ਬਾਈਬਲ ਨੂੰ ਬੰਦ ਕਰ ਦਿਓ|

12. **ਆਪਣੀ ਚੁਣੀ ਹੋਈ ਕਹਾਣੀ ਨੂੰ ਨਿੱਤ ਸੁਣਾਉਂਦੇ ਰਹੋ**, ਉਸ ਹਰੇਕ ਨੂੰ ਜਿਹੜਾ ਇਸ ਨੂੰ ਸੁਣਦਾ ਹੈ, ਜਦ ਤਕ ਕਿ ਉਹ ਇਸ ਦੀ ਪੈਰਵੀ ਨਾ ਕਰੇ| ਜੇਕਰ ਸੁਣਨ ਵਾਲਾ ਕੋਈ ਵਿਅਕਤੀ ਨਾ ਹੋਵੇ ਤਾਂ ਆਪਣੇ ਨਜਦੀਕ ਦੇ ਕਿਸੇ ਜਾਨਵਰ ਜਾਂ ਦਰਖ਼ਤ ਨੂੰ ਸੁਣਾਓ| ਇਸ ਗੱਲ ਯਾਦ ਰੱਖੋ ਕਿ ਤੁਸੀਂ ਸ਼ਬਦਾਂ ਨੂੰ ਹੂ ਬ ਹੂ ਯਾਦ ਨਹੀਂ ਕਰਨਾ ਹੈ, **ਪਰ ਤੁਹਾਨੂੰ ਸਹੀ ਕਹਾਣੀ ਸੁਣਾਉਣੀ ਹੈ**|

ਦਿਲੇਰ ਰਹੋ| ਵਿਸ਼ਵਾਸ ਰੱਖੋ| ਕਹਾਣੀ ਨੂੰ ਲਿਖਣਾ ਨਹੀਂ ਹੈ!

ਕੀ ਤੁਸੀਂ ਇਹ ਕਲਪਨਾ ਕਰ ਸਕਦੇ ਹੋ ਕਿ ਯਿਸੂ ਪਹਾੜੀ ਉਪਦੇਸ਼ ਦੇਣ ਲਈ ਖੜ੍ਹਾ ਹੋਇਆ, ਪਹਿਲਾਂ ਉਸ ਨੇ ਆਪਣੇ ਸਾਹਮਣੇ ਰਖੇ ਭਾਸ਼ਣ ਡੈਸਕ ਉੱਤੇ ਨੋਟਸ ਠੀਕ ਕਰਕੇ ਰੱਖੇ? ਨਹੀਂ, ਬਿਲਕੁਲ ਨਹੀਂ| ਜਦ ਕੋਈ ਤੁਹਾਨੂੰ ਆਪਣੀ ਗਵਾਹੀ ਦੇਣ ਲਈ ਕਹਿੰਦਾ ਹੈ ਜਾਂ ਤੁਹਾਨੂੰ ਪੁੱਛਦਾ ਹੈ ਕਿ ਤੁਸੀਂ ਆਪਣੇ ਜੀਵਨ ਸਾਥੀ ਨੂੰ ਕਿਵੇਂ ਮਿਲੇ ਜਾਂ ਆਪਣੇ ਜੀਵਨ ਦਾ ਸਭ ਤੋਂ ਖੁਸ਼ੀ ਵਾਲਾ ਅਨੁਭਵ ਦੱਸੋ, ਕੀ ਉਹ ਸਭ ਦੱਸਣ ਲਈ ਤੁਸੀਂ ਕੋਈ ਨੋਟਸ ਭਾਲੋਗੇ? ਕੁਝ ਗੱਲਾਂ ਅਸੀਂ ਬੋਲਦੇ ਹਾਂ, ਅਸੀਂ ਯਾਦ ਰੱਖਦੇ ਹਾਂ| ਅਸੀਂ ਉਨ੍ਹਾਂ ਨੂੰ ਆਪਣੇ ਨਾਲ ਰੱਖਦੇ ਹਾਂ| ਐਥੋਂ ਤਕ ਕਿ ਜਦ ਅਸੀਂ ਆਪਣੇ ਮਿੱਤਰ ਨਾਲ ਦਿਨ ਦੀਆਂ ਗੱਲਾਂ ਕਰਦੇ ਹਾਂ ਤਾਂ ਅਸੀਂ ਉਹ ਸਭ ਆਪਣੀ ਯਾਦਦਾਸ਼ਤ ਵਿਚੋਂ ਹੀ ਕਰਦੇ ਹਾਂ| ਅਸੀਂ ਗੱਲਾਂ ਆਪਣੇ ਅੰਦਰ ਰੱਖਦੇ ਹਾਂ, ਕਿਉਂਕਿ ਇਹ ਕਹਾਣੀ ਹੈ, ਅਸੀਂ ਇਸ ਨੂੰ ਬੜੀ ਅਸਾਨੀ ਨਾਲ ਦੁਹਰਾ ਸਕਦੇ ਹਾਂ|

ਅਸੀਂ ਜਾਣਦੇ ਹਾਂ ਕਿ STS ਦੀ ਜ਼ਰੂਰਤ ਹੈ ਕਿ ਤੁਸੀਂ ਨਵੇਂ ਢੰਗ ਜਾਂ ਹੁਨਰ ਪ੍ਰਾਪਰ ਕਰੋ| ਬੀਤੇ ਸਮੇ ਵਿਚ, ਜੇਕਰ ਤੁਸੀਂ ਪ੍ਰਚਾਰਕ ਜਾਂ ਸਿੱਖਿਅਕ ਰਹੇ ਹੋ ਤਾਂ ਇਸ ਵਿਚ ਕੋਈ ਸ਼ਕ ਨਹੀਂ ਕਿ ਤੁਸੀਂ ਆਪਣੀ ਪੇਸ਼ਕਸ਼ ਤਾਜਾ ਕਰਨ ਲਈ ਲਿਖਤੀ ਨੋਟਸ ਦਾ ਇਤੇਮਾਲ ਕੀਤਾ ਹੋਵੇਗਾ| ਜਦ ਤੁਸੀਂ ਪ੍ਰਚਾਰ ਕਰਦੇ ਹੋ ਜਾਂ ਕੋਈ ਸਿੱਖਣ ਦੀ ਸਮਗਰੀ ਹੈ ਜਿਸ ਵਿਚ ਵਿਸ਼ੇ ਹਨ ਤਾਂ ਨੋਟਸ ਦੀ ਜ਼ਰੂਰਤ ਹੁੰਦੀ ਹੈ| ਪਰ ਕਹਾਣੀ ਲਈ ਤੁਹਾਨੂੰ ਕਿਸੇ ਵੀ ਨੋਟਸ ਦੀ ਜ਼ਰੂਰਤ ਨਹੀਂ ਹੈ|

ਜੇਕਰ ਤੁਸੀਂ ਘਰ ਵਿਚ ਬਣਾਏ ਚੋਕਲੇਟ ਕੇਕ ਦਾ ਸੁਆਦ ਚੱਖਿਆ ਹੈ ਅਤੇ ਇਹ ਤੁਹਾਨੂੰ ਮਜ਼ੇਦਾਰ ਲੱਗਿਆ ਹੈ, ਤੁਸੀਂ ਇਸ ਦੀ ਵਿਧੀ ਜ਼ਰੂਰ ਪੁੱਛੋਗੇ, ਇਸ ਦੀ ਸਮਗਰੀ ਦੇ ਮਿਸ਼ਰਨ ਬਾਰੇ ਜਾਣੋਗੇ| ਜੇਕਰ ਤੁਸੀਂ ਘਰ ਜਾ ਕੇ ਆਪਣੇ ਆਪ ਕੇਕ ਬਣਾਉਂਦੇ ਹੋ, ਕੀ ਇਸ ਦਾ ਕੋਈ ਮਤਲਬ ਬਣੇਗਾ ਕਿ ਤੁਸੀਂ ਚੋਕਲੇਟ ਲਈ ਵਨੀਲਾ ਅਤੇ ਆਟੇ ਲਈ ਚੌਲ ਲੈ ਆਓ? ਨਹੀਂ ਅਜਿਹਾ ਨਹੀਂ ਹੋਵੇਗਾ| ਕੇਕ ਦਾ ਸੁਆਦ ਤਾਂ ਉਸ ਦੀ ਵਿਧੀ ਉੱਤੇ ਨਿਰਭਰ ਹੈ|

ਅਸੀਂ STS ਦੀ ਵਿਧੀਆਂ ਨੂੰ ਮੰਨਣ ਦੀ ਸਲਾਹ ਦਿੰਦੇ ਹਾਂ ਅਤੇ ਵਿਸ਼ਵਾਸ ਕਰਦੇ ਹਾਂ ਕਿ STS ਦੇ ਹਰੇਕ ਕਦਮ ਦਾ ਇਕ ਉਦੇਸ਼ ਹੈ|

ਉਨ੍ਹਾਂ ਲਈ ਜਿਹੜੇ ਬਹੁਤ ਪੜ੍ਹਦੇ ਹਨ, ਇਹ ਅਸੰਭਵ ਵਿਖਾਈ ਦਿੰਦਾ ਹੈ, ਕਿਉਂਕਿ, ਜਿਸ ਤਰ੍ਹਾਂ ਅਸੀਂ ਕਿਹਾ, ਲਗਭਗ ਸਾਰੇ ਪੜ੍ਹਦੇ ਹਨ ਲਿਖਿਆਂ ਹੋਇਆਂ ਨੋਟਸਾਂ ਉੱਤੇ ਨਿਰਭਰ ਹਨ ਕਿ ਗੱਲਾਂ ਨੂੰ ਯਾਦ ਕਰਨ| STS ਦੀ ਪ੍ਰਕ੍ਰਿਆ ਵਿਚ, ਅਸੀਂ ਤੁਹਾਨੂੰ ਕੁਝ ਅਨੋਖਾ ਕਰਨ ਲਈ ਕਹਿੰਦੇ ਹਾਂ| ਅਧਿਐਨ ਅਤੇ ਪਾਠ ਦੀ ਤਿਆਰੀ ਅਤੇ ਲਿਖਣਾ ਕੁਝ ਨਹੀਂ! ਹਾਂ ਅਸੀਂ ਬੜੇ ਗੰਭੀਰ ਹਾਂ . . .

ਕੋਈ ਲਿਖਤੀ ਨੋਟਸ ਨਹੀਂ|

ਅਸੀਂ ਤੁਹਾਨੂੰ ਸਿਰਫ ਇਕ ਕਹਾਣੀ ਦੀ ਇਕ ਵਰਕਸ਼ਾਪ ਕਰਨ ਲਈ ਉਤਸ਼ਾਹਿਤ ਕਰਦੇ ਹਾਂ| ਜਿਥੇ ਤੁਸੀਂ 10 ਮਿਨਟ ਵਿਚ 10 ਬਾਈਬਲ ਪਦ ਨੂੰ ਯਾਦ ਕਰਨ ਦਾ ਅਨੁਭਵ ਪ੍ਰਾਪਤ ਕਰੋਗੇ| ਇਸ ਦੇ ਨਾਲ ਹੀ ਨਾਲ, ਸਿੱਖਿਅਕ ਵਿਅਕਤੀਗਤ ਤੌਰ 'ਤੇ ਇਹ ਸਿੱਖਣ ਵਿਚ ਮਦਦ ਕਰਦੇ ਹਨ ਕਿ ਆਤਮਿਕ ਖ਼ਜ਼ਾਨੇ ਦੀ ਖੋਜ ਕਿਸ ਤਰ੍ਹਾਂ ਕਰਨੀ ਅਤੇ ਪ੍ਰਸ਼ਨ ਕਿਸ ਤਰ੍ਹਾਂ ਤਿਆਰ ਕਰਨੇ ਹਨ| ਇਹ ਸਭ ਤੁਹਾਨੂੰ ਬਿਨਾਂ ਕਿਸੇ ਲਿਖਤੀ ਨੋਟਸ ਦੇ ਕਰਨਾ ਹੋਵੇਗਾ|

ਢੰਗ 2: ਆਪਣੀ ਕਹਾਣੀ ਵਿਚ ਖ਼ਜ਼ਾਨਿਆਂ ਨੂੰ ਕਿਸ ਤਰ੍ਹਾਂ ਭਾਲੀਏ

ਦੂਜਾ ਢੰਗ ਜਾਂ ਹੁੱਨਰ ਤੁਹਾਨੂੰ ਲੈਣ ਦੀ ਜ਼ਰੂਰਤ ਹੈ ਕਿ ਕਿਸ ਤਰ੍ਹਾਂ ਆਪਣੀ ਕਹਾਣੀ ਵਿਚੋ ਜੋ ਤੁਸੀਂ ਸੁਣਾਉਣ ਜਾ ਰਹੇ ਹੋ ਖ਼ਜ਼ਾਨੇ ਦੀ ਭਾਲ ਕਰਨੀ ਹੈ|

ਬਾਈਬਲ ਦੇ ਖ਼ਜ਼ਾਨੇ ਕੀ ਹਨ? ਅਸੀਂ ਆਤਮਿਕ ਸਚਿਆਈਆ ਕਹਿੰਦੇ ਹਾਂ ਕਿ ਜਿਨ੍ਹਾਂ ਨੂੰ ਪਰਮੇਸ਼ਰ ਨੇ ਬਾਈਬਲ ਦੀ ਹਰ ਕਹਾਣੀ ਵਿਚ ਰੱਖਿਆ ਹੈ ''ਖ਼ਜ਼ਾਨੇ|" ਇਹ ਖ਼ਜ਼ਾਨੇ ਆਤਮਿਕ ਨਿਰੀਖਣ ਅਤੇ ਆਤਮਿਕ ਪ੍ਰਯੋਗ ਦਾ ਮਿਸ਼ਰਨ ਜਾਂ ਜੋੜ ਹੈ|

ਆਤਮਿਕ ਨਿਰੀਖਣ ਕਿ ਕਿਸ ਤਰ੍ਹਾਂ ਪਰਮੇਸ਼ਰ ਕਹਾਣੀ ਦੇ ਲੋਕਾਂ ਦੇ ਜੀਵਨ ਵਿਚ ਕੰਮ ਕਰ ਰਿਹਾ ਹੈ|

ਆਤਮਿਕ ਪ੍ਰਯੋਗ ਆਤਮਿਕ ਸਚਿਆਈਆਂ ਹਨ ਜਿਹੜੀਆਂ ਕਿ ਸਾਡੇ ਅੱਜ ਦੇ ਜੀਵਨ ਵਿਚ ਲਾਗੂ ਹੁੰਦੀਆਂ ਹਨ|

ਖੋਜੀਆਂ ਦੀ ਮਦਦ ਕਰਨਾ, ਕੀ ਤੁਹਾਨੂੰ ਫਿਲਿੱਪੁਸ ਅਤੇ ਖੋਜੇ ਦੀ ਕਹਾਣੀ ਯਾਦ ਹੈ? ਰਸੂਲਾਂ ਦੇ ਕਰਤੱਬ ਵਿਚ ਅਸੀਂ ਇਕ ਖਾਸ ਵਿਅਕਤੀ ਦੇ ਬਾਰੇ ਪੜ੍ਹਦੇ ਹਾਂ, ਇਥੋਪੀਆ ਦਾ ਖੋਜਾ, ਜਿਹੜਾ ਕਿ ਆਪਣੇ ਰੱਥ ਉੱਤੇ ਬੈਠਾ ਯਸਾਯਾਹ ਦੀ ਪੁਸਤਕ ਵਿਚੋਂ ਪੜ੍ਹ ਰਿਹਾ ਸੀ| ਪਰਮੇਸ਼ਰ ਨੇ ਫਿਲਿੱਪੁਸ ਨੂੰ ਖੋਜੇ ਕੋਲ ਭੇਜਿਆ ਕਿ ਉਸ ਲਈ ਪੜ੍ਹ ਰਹੇ ਪਵਿੱਤਰ ਸ਼ਾਸਤਰ ਦੀ ਵਿਆਖਿਆ ਕਰੇ| ਕਹਾਣੀ ਸੁਣਨਾ ਚੰਗਾ ਹੈ, ਪਰ ਲੋਕਾਂ ਨੂੰ ਕਹਾਣੀ ਦੇ ਅਰਥ ਨੂੰ ਸਮਝਣ ਵਿਚ ਮਦਦ ਕਰਨਾ, ਜਿਹੜੀ ਉਨ੍ਹਾਂ ਨੇ ਬਾਈਬਲ ਤਰੀਕੇ ਨਾਲ ਸੁਣੀ ਹੈ|

ਖ਼ਜ਼ਾਨੇ ਜਿਨ੍ਹਾਂ ਨੂੰ "ਆਤਮਿਕ ਨਿਰੀਖਣ" ਕਿਹਾ ਗਿਆ ਹੈ ਦੀ ਕਿਸ ਤਰ੍ਹਾਂ ਭਾਲ ਕਰੀਏ

ਤੁਸੀਂ ਸਿਰਫ ਇਤਹਾਸ ਦੇ ਇਕ ਟੁਕੜੇ ਦੇ ਰੂਪ ਵਿਚ ਕਿਸੇ ਕਹਾਣੀ ਦੀ ਛਾਣਬੀਨ ਨਹੀਂ ਕਰ ਰਹੇ ਹੋ, ਤੁਸੀਂ ਇਹ ਵੀ ਖੋਜ ਕਰ ਰਹੇ ਹੋ ਕਿ ਆਤਮਿਕ ਤੌਰ 'ਤੇ ਕੀ ਹੋ ਰਿਹਾ ਹੈ| ਬਾਈਬਲ ਦੀ ਹਰੇਕ ਕਹਾਣੀ ਵਿਚ ਪਰਮੇਸ਼ਰ ਕੋਲ ਹਮੇਸ਼ਾ ਹੀ ਹਰੇਕ ਲਈ ਇਕ ਯੋਜਨਾ ਹੁੰਦੀ ਹੈ| ਉਸ ਕਹਾਣੀ ਵਿਚ ਉਸ ਚਰਿੱਤਰ ਨੇ ਕੀ ਸਿੱਖਿਆ (ਜਾਂ ਨਹੀਂ ਸਿੱਖਿਆ) ਅਸੀਂ ਖੋਜ ਕਰ ਸਕਦੇ ਹਾਂ ਕੀ ਪਰਮੇਸ਼ਰ ਕੀ ਚਾਹੁੰਦਾ ਹੈ ਕਿ ਅਸੀਂ ਸਿੱਖੀਏ| ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਹਿੱਸਿਆਂ ਵਿਚ ਤੁਸੀਂ ਬਾਈਬਲ ਦੀ ਕਹਾਣੀ ਯਾਦ ਕਰਦੇ ਹੋ ਅਤੇ ਸਮਝਦੇ ਹੋ ਕਿ ਬਾਈਬਲ ਦੀ ਕਹਾਣੀ ਵਿਚ ਬਣੇ ਰਹਿਣਾ ਹੈ|

ਜਿਵੇਂ ਕਿ ਤੁਸੀਂ ਸਾਰੀ ਕਹਾਣੀ ਵਿਚ ਬਣੇ ਰਹਿੰਦੇ ਹੋ ਕਿ ਹਰੇਕ ਚਰਿੱਤਰ ਨੇ ਕੀ ਕਿਹਾ ਅਤੇ ਕੀਤਾ, ਇਸ ਉੱਤੇ ਵੀ ਧਿਆਨ ਕਰੋ ਕਿ ਕਹਾਣੀ ਵਿਚ ਪਰਮੇਸ਼ਰ ਕਿਸ ਤਰ੍ਹਾਂ ਕੰਮ ਕਰਦਾ ਹੈ| ਕਹਾਣੀ ਵਿਚ ਬਣੇ ਰਹਿਣ ਨਾਲ ਤੁਹਾਨੂੰ ਕਹਾਣੀ ਦੇ ਖ਼ਜ਼ਾਨਾ ਭਾਲਣ ਵਿਚ ਮਦਦ ਮਿਲਦੀ ਹੈ|

ਇਨ੍ਹਾਂ ਆਤਮਿਕ ਖ਼ਜ਼ਾਨਿਆਂ ਨੂੰ ਭਾਲਣ ਲਈ, ਸਾਰੀ ਕਹਾਣੀ ਪੜ੍ਹੋ ਅਤੇ ਕੁਝ ਸਮਾ ਇਹ ਸੋਚਣ ਲਈ ਬਿਤਾਓ ਕਿ ਹਰੇਕ ਵਿਅਕਤੀ ਜਾਂ ਗਰੁੱਪ ਦੇ ਬਾਰੇ ਕੀ ਕਿਹਾ ਗਿਆ ਹੈ| ਉਨ੍ਹਾਂ ਨੂੰ ਸਿਖਾਉਣ ਲਈ ਕਹਾਣੀ ਵਿਚ ਪਰਮੇਸ਼ਰ ਹਰੇਕ ਵਿਅਕਤੀ ਨਾਲ ਕੰਮ ਕਰ ਰਿਹਾ ਹੋਵੇਗਾ|

ਜੇਕਰ ਤੁਹਾਡੇ ਕੋਲ ਛਪੀ ਹੋਈ ਜਾਂ ਰਿਕਾਰਡਿੰਗ ਦੇ ਰੂਪ ਵਿਚ ਸਮਗਰੀ ਹੈ ਜੋ ਕਿ ਤੁਹਾਡੀ ਕਹਾਣੀ ਦਾ ਸਰੋਤ ਹੈ ਤਾਂ ਉਸ ਨੂੰ ਦੋਬਾਰਾ ਪੜ੍ਹੋ ਜਾਂ ਸੁਣੋ| ਉਨ੍ਹਾਂ ਸਾਰੀਆਂ ਗੱਲਾਂ ਉੱਤੇ ਵਿਚਾਰ ਕਰੋ ਕਿ ਉਹ ਤੁਹਾਡੇ ਸਾਹਮਣੇ ਇਕ ਕਹਾਣੀ ਹੈ| ਕੀ ਉਸ ਵਿਚ ਕੋਈ ਅਜਿਹੀ ਗੱਲ ਹੈ ਜੋ ਤੁਹਾਨੂੰ ਇਹ ਸਮਝਣ ਵਿਚ ਮਦਦ ਕਰੇ ਕਿ ਉਹ ਚਰਿੱਤਰ ਕੌਣ ਹਨ, ਉਹ ਕੀ ਜਾਣਦੇ ਹਨ ਅਤੇ ਉਨ੍ਹਾਂ ਦਾ ਅਨੁਭਵ ਕੀ ਹੈ?

ਆਤਮਿਕ ਨਿਰੀਖਣ ਦੀ ਭਾਲ ਕਰਨ ਵਿਚ ਸੰਖੇਪ ਵਿਵਰਨ: ਸਮਝਦਾਰ ਸਲਾਹਕਾਰ

ਕੁਝ ਪੇਂਡੂ ਲੋਕ ਆਪਸ ਵਿਚ ਖੂਹ ਅਤੇ ਪਾਣੀ ਦੇ ਝਗੜੇ ਨੂੰ ਲੈ ਕੇ ਲੰਮੇ ਸਮੇ ਤੋਂ ਲੜਦੇ ਆ ਰਹੇ ਸਨ, ਇਸ ਲਈ ਉਹ ਇਕ ਸਮਝਦਾਰ ਸਲਾਹਕਾਰ ਕੋਲ ਸਲਾਹ ਲੈਣ ਲਈ ਗਏ| ਲੋਕਾਂ ਦੀ ਸਾਰੀ ਕਹਾਣੀ ਸੁਣਨ ਤੋਂ ਬਾਦ, ਸਲਾਹਕਾਰ ਨੇ ਬਹੁਤ ਸਾਰੇ ਸਵਾਲ ਪੁੱਛੇ, ਕਿਉਂਕਿ ਉਹ ਝਗੜੇ ਨੂੰ ਜੜ੍ਹ ਤੋਂ ਜਾਣਨਾ ਚਾਹੁੰਦਾ ਸੀ ਤਾਂ ਜੋ ਉਹ ਉਨ੍ਹਾਂ ਨੂੰ ਸਹੀ ਸਲਾਹ ਦੇ ਸਕੇ|

ਉਸ ਨੇ ਪਹਿਲਾ ਸਵਾਲ ਪੁੱਛਿਆ, ''ਕੀ ਤੁਸੀਂ ਹਾਲਾਤ ਦਾ ਬਿਓਰਾ ਦੇ ਸਕਦੇ ਹੋ? ਥੋੜੇ ਸ਼ਬਦਾਂ ਵਿਚ, ਤੁਹਾਨੂੰ ਕਿਹੜੀ ਗੱਲ ਦੀ ਪਰੇਸ਼ਾਨੀ ਹੈ?"

ਲੋਕਾਂ ਦੇ ਝਗੜੇ ਦੀ ਸੰਖੇਪ ਕਹਾਣੀ ਨੂੰ ਸੁਣਨ ਤੋਂ ਬਾਦ, ਉਸ ਨੇ ਬੜੀ ਸਮਝਦਾਰੀ ਨਾਲ ਪੁੱਛਿਆ, ''ਇਸ ਝਗੜੇ ਦੇ ਅਰੰਭ ਹੋਣ ਤੋਂ ਪਹਿਲਾਂ ਕੀ ਕੁਝ ਹੋਇਆ ਸੀ ਇਸ ਨਾਲ ਮੈਨੂੰ ਸਮੱਸਿਆ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿਚ ਮਦਦ ਮਿਲੇਗੀ? ਲੋਕਾਂ ਦੇ ਦੱਸਣ ਤੋਂ ਬਾਦ ਕਿ ਝਗੜਾ ਕਿਸ ਤਰ੍ਹਾਂ ਹੋਇਆ, ਸਲਾਹਕਾਰ ਨੇ ਲੋਕਾਂ ਨੂੰ ਓਹੀ ਕਹਾਣੀ ਫਿਰ ਤੋਂ ਦੁਹਰਾਉਣ ਲਈ ਕਿਹਾ, ਪਰ ਇਸ ਸਮੇ ਜ਼ਰਾ ਹੌਲੀ ਹੌਲੀ| ਇਸ ਤਰ੍ਹਾਂ ਲੋਕ ਕਹਾਣੀ ਨੂੰ ਫਿਰ ਤੋਂ ਦੱਸਣ ਲੱਗੇ|

ਜਿਵੇਂ ਹੀ ਲੋਕਾਂ ਨੇ ਆਪਣੀ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸਿਆ, ਸਲਾਹਕਾਰ ਨੇ ਉਨ੍ਹਾਂ ਨੂੰ ਵਿਚਕਾਰ ਹੀ ਰੋਕਿਆ ਅਤੇ ਪੁੱਛਿਆ, ''ਇਸ ਸਮੇ ਮੈਨੂੰ ਹੁਣ ਤੁਹਾਡੇ ਝਗੜੇ ਦੀ ਇਹ ਗੱਲ ਦੱਸੋ, ਕੀ ਤੁਹਾਡੇ ਵਿਚੋਂ ਕਿਸੇ ਨੇ ਕੁਝ ਕਿਹਾ ਜਾਂ ਤੁਸੀਂ ਕੁਝ ਕੀਤਾ, ਕਿਉਂਕਿ ਇਸ ਨਾਲ ਮੈਨੂੰ ਚੰਗੀ ਤਰ੍ਹਾਂ ਸਮਝਣ ਵਿਚ ਮਦਦ ਮਿਲੇਗੀ ਕਿ ਕੀ ਹੋਇਆ ਸੀ?"

ਲੋਕਾਂ ਦੇ ਉੱਤਰ ਤੋਂ ਬਾਦ, ਸਲਾਹਕਾਰ ਇਹ ਵੀ ਪੁੱਛਿਆ, ''ਉਸ ਸਮੇ, ਕੀ ਤੁਹਾਡੇ ਵਿਚੋਂ ਕਿਸੇ ਨੇ ਕੋਈ ਚੋਣ ਕੀਤੀ? ਅਤੇ ਜੇਕਰ ਤੁਸੀਂ ਕੋਈ ਚੋਣ ਕੀਤੀ, ਹੋਰ ਕਿਹੜੀ ਚੋਣ ਸੀ ਜੋ ਤੁਸੀਂ ਕਰ ਸਕਦੇ ਸੀ?" ਜਦ ਵੀ ਚੋਣ ਦੱਸੀ ਗਈ, ਸਲਾਹਕਾਰ ਪੁੱਛਦਾ, ''ਤੁਹਾਡੀ ਉਸ ਚੋਣ ਦਾ ਨਤੀਜਾ ਕੀ ਹੋਇਆ? ਅਤੇ ਉਹ ਸਾਰੇ ਕੌਣ ਸੀ ਜਿਨ੍ਹਾਂ ਉੱਤੇ ਅਸਰ ਹੋਇਆ?"

ਇਸ ਲਈ ਸਲਾਹਕਾਰ ਇਸ ਤਰ੍ਹਾਂ ਪੁੱਛਦਾ ਗਿਆ| ਉਹ ਲੋਕਾਂ ਨੂੰ ਪੁੱਛਦਾ ਕਿ ਆਪਣੀ ਕਹਾਣੀ ਦਾ ਅਗਲਾ ਹਿੱਸਾ ਦੱਸੋ, ਤਦ ਉਹ ਉਨ੍ਹਾਂ ਨੂੰ ਰੋਕ ਦਿੰਦਾ ਅਤੇ ਉਨ੍ਹਾਂ ਤੋਂ ਉਹੀ ਸਵਾਲ ਪੁੱਛਦਾ ਕਿ ਲੋਕਾਂ ਨੇ ਕੀ ਕਿਹਾ ਹੋਵੇਗਾ ਅਤੇ ਕੀਤਾ ਹੋਵੇਗਾ, ਚੋਣਾਂ ਕੀ ਕੀਤੀਆਂ ਹੋਣਗੀਆਂ ਜਾਂ ਹੋ ਸਕਦੀਆਂ ਸਨ ਅਤੇ ਉਨ੍ਹਾਂ ਦੇ ਨਤੀਜੇ ਅਤੇ ਉਨ੍ਹਾਂ ਦੀਆਂ ਚੋਣਾਂ ਦੇ ਲੰਮੇ ਸਮੇ ਹੋਣ ਵਾਲੇ ਪ੍ਰਭਾਵ|

ਆਖੀਰਕਾਰ, ਜਦ ਉਹ ਸਭ ਕੁਝ ਕਹਿ ਚੁੱਕੇ, ਕਿਉਂਕਿ ਉਸ ਸਮਝਦਾਰ ਸਲਾਹਕਾਰ ਨੇ ਲੋਕਾਂ ਦੀ ਉੱਤਰਾਂ ਨੂੰ ਬੜੇ ਧਿਆਨ ਨਾਲ ਸੁਣਿਆਂ, ਉਸ ਨੇ ਸੱਚਮੁੱਚ ਹੀ ਇਸ ਝਗੜੇ ਨੂੰ ਸਮਝ ਲਿਆ ਸੀ ਅਤੇ ਉਹ ਜਾਣ ਗਿਆ ਸੀ ਕਿ ਕਿਸ ਸਹੀ ਸਲਾਹ ਦੇਣੀ ਹੈ|

.

ਸਿਰਫ ਇਕ ਕਹਾਣੀ ਵਿਚ, ਅਸੀਂ ਉਨ੍ਹਾਂ ਕੀਮਤੀ ਗੱਲਾਂ ਦੀ ਖੋਜ ਕਰਨਾ ਚਾਹੁੰਦੇ ਹਾਂ ਜਿਹੜੀਆਂ ਹਰੇਕ ਬਾਈਬਲ ਦੀ ਕਹਾਣੀ ਵਿਚ ਹੁੰਦੀਆਂ ਹਨ| ਇਸ ਖ਼ਜ਼ਾਨੇ ਨੂੰ ਭਾਲਣ ਲਈ, ਅਸੀਂ ਪ੍ਰਸ਼ਨ ਪੁੱਛਦੇ ਹਾਂ, ਵੱਧ ਤੋਂ ਵੱਧ ਪ੍ਰਸ਼ਨ ਜਿਸ ਤਰ੍ਹਾਂ ਉਸ ਸਮਝਦਾਰ ਸਲਾਹਕਾਰ ਨੇ ਪੁੱਛੇ| ਕਹਾਣੀ ਵਿਚ ਜੋ ਹੋਇਆ ਅਸੀਂ ਉਸ ਤੋਂ ਵੀ ਗਹਿਰਾ ਜਾਂਦੇ ਹਾ, ਜੋ ਕਿ ਸਿਰਫ ਇਤਹਾਸ ਹੀ ਹੈ| ਅਸੀਂ ਇਹ

ਵੇਖਣਾ ਚਾਹੁੰਦੇ ਹਾਂ ਕਿ ਆਤਮਿਕ ਤੌਰ 'ਤੇ ਅਸੀਂ ਕੀ ਸਿੱਖ ਸਕਦੇ ਹਾਂ|

ਯਾਦ ਰੱਖੋ, ਉਸ ਸਮਝਦਾਰ ਸਲਾਹਕਾਰ ਨੇ ਲੋਕਾਂ ਤੋਂ ਉਨ੍ਹਾਂ ਦੀ ਸਮੱਸਿਆ ਨੂੰ ਸੰਖੇਪ ਵਿਚ ਪੁੱਛਿਆ, ''ਮੈਨੂੰ ਹਾਲਾਤ ਦਾ ਵੇਰਵਾ ਦਿਓ|" ਅਸੀਂ ਜਾਣਦੇ ਹਾਂ ਕਿ ਬਾਈਬਲ ਦੀ ਕਹਾਣੀਆਂ ਅਤੇ ਹਵਾਲਿਆਂ ਵਿਚ ਵਿਚ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਜਾਂ ਸਮੱਸਿਆਵਾਂ ਹਨ| ਅਸੀਂ ਉਨ੍ਹਾਂ ਨੂੰ 'ਹਾਲਾਤ' ਕਹਿੰਦੇ ਹਾਂ| ਇਸ ਤੋਂ ਪਹਿਲਾਂ ਕਿ ਅਸੀਂ ਬਾਈਬਲ ਦੀ ਕਹਾਣੀ ਵਿਚ ਅੱਗੇ ਵਧਦੇ ਹੋਏ ਆਤਮਿਕ ਨਿਰੀਖਣਾਂ ਨੂੰ ਵੇਖੀਏ, ਪਹਿਲਾਂ ਅਸੀਂ ਹਾਲਾਤ ਨੂੰ ਵੇਖਾਂਗੇ| *ਕੀ ਉਹ ਕਹਾਣੀ ਵਿਚ ਭੁੱਖੇ ਜਾਂ ਖਤਰੇ ਵਿਚ ਹਨ? ਕੀ ਉਹ ਡਰੇ ਹੋਏ ਜਾਂ ਪਰੇਸ਼ਾਨ ਜਾਂ ਹੋ ਸਕਦਾ ਹੈ ਕਿ ਕੋਈ ਅਸਹਿਮਤੀ ਹੋਵੇ?*

ਇਹ ਜਾਣਦੇ ਹੋਏ ਕਿ ਕਹਾਣੀ ਵਿਚ ਲੋਕਾਂ ਦੇ ਹਾਲਾਤ ਸਾਡੇ ਲਈ ਹਕੀਕਤ ਬਣਦੇ ਹਨ| ਅਸੀਂ ਕਹਾਣੀ ਵਿਚ ਜਜ਼ਬਾਤੀ ਹੋ ਜਾਂਦੇ ਹਾਂ ਜਦ ਅਸੀਂ ਆਪਣੇ ਆਪ ਤੋਂ ਪੁੱਛਣਾ ਅਰੰਭ ਕਰਦੇ ਹਾਂ, ''ਇਸ ਤਰ੍ਹਾਂ ਦੇ ਹਾਲਾਤ ਵਿਚ ਲੋਕਾਂ ਦਾ ਅਨੁਭਵ ਕਿਸ ਤਰ੍ਹਾਂ ਦਾ ਰਿਹਾ ਹੋਵੇਗਾ?"

ਇਹ ਵੀ ਕਿ ਲੋਕਾਂ ਦੀ ਕਹਾਣੀ ਸੁਣਨ ਤੋਂ ਪਹਿਲਾਂ, ਉਹ ਸਲਹਾਕਾਰ ਨੇ ਉਨ੍ਹਾਂ ਤੋਂ ਪੁੱਛਿਆ ਕਿ ਇਹ ਦੱਸੋ ਤੁਹਾਡੀ ਸਮੱਸਿਆ ਹੋਣ ਤੋਂ ਪਹਿਲਾਂ ਕੀ ਹੋਇਆ ਸੀ| ਉਸੇ ਹੀ ਤਰ੍ਹਾਂ, ਜਦ ਕਹਾਣੀ ਵਿਚ ਖ਼ਜ਼ਾਨਿਆਂ ਦੀ ਅਸੀਂ ਖੋਜ ਕਰਦੇ ਹਾਂ, ਸਿਥਤੀ ਨੂੰ ਵੇਖਦੇ ਹਾਂ ਜਿਸ ਨੂੰ ਅਸੀਂ ਵਿਸ਼ਾ ਵੀ ਕਹਿੰਦੇ ਹਾਂ|

ਪਰ ਇਸ ਉੱਤੇ ਵੀ ਧਿਆਨ ਦਿਓ| ਭਾਵੇਂ ਕਿ ਬਾਈਬਲ ਦੀ ਕਹਾਣੀ ਦੇ ਇਤਹਾਸਿਕ ਵਿਸ਼ੇ ਲਾਭਕਾਰੀ ਹਨ, ਅਸੀਂ ਇਸ ਤੋਂ ਵੀ ਅੱਗੇ ਜਾਂਦੇ ਹਾਂ, ਉਸ ਤੋਂ ਵੀ ਅੱਗੇ ਜੋ ਸਮਝਦਾਰ ਸਲਾਹਕਾਰ ਨੇ ਕੀਤਾ| ਅਸੀਂ ਆਤਮਿਕ ਵਿਸ਼ੇ ਨੂੰ ਵੀ ਵੇਖਦੇ ਹਾਂ| ਅਸੀਂ ਪਰਮੇਸ਼ਰ ਦੇ ਉਹ ਤਰੀਕੇ ਵੇਖਦੇ ਹਾਂ ਜਿਹੜੇ ਇਨ੍ਹਾਂ ਲੋਕਾਂ ਦੇ ਜੀਵਨ ਵਿਚ ਕੰਮ ਕਰਦੇ ਆ ਰਹੇ ਹਨ| ਅਸੀਂ ਇਹ ਵੀ ਵੇਖਣ ਦਾ ਜਤਨ ਕਰਦੇ ਹਾਂ ਕਿ ਉਹ ਆਪਣੇ ਇਸ ਹਾਲਾਤ ਵਿਚ ਕਿਸ ਤਰ੍ਹਾਂ ਪਹੁੰਚੇ ਜਾਂ ਕਿੰਨੇ ਸਮੇਂ ਤਕ ਉਨ੍ਹਾਂ ਨੇ ਸੰਘਰਸ਼ ਕੀਤਾ, ਜਾਂ ਕੀ ਉਹ ਪਰਮੇਸ਼ਰ ਦੀ ਸੇਵਾ ਕਰਦੇ ਸਨ| ਆਤਮਿਕ ਸਿਥਿਤੀ ਜਾਂ ਵਿਸ਼ੇ ਨੂੰ ਭਾਲਣ ਨਾਲ ਸਾਨੂੰ ਕਹਾਣੀ ਦੇ ਆਤਮਿਕ ਵਿਸ਼ੇ ਦੀ ਵਿਆਖਿਆ ਕਰਨ ਲਈ ਸਮਝਣ ਵਿਚ ਸਹਾਇਆ ਮਿਲਦੀ ਹੈ|

ਯਾਦ ਰੱਖੋ ਕਿ ਉਸ ਸਮਝਦਾਰ ਸਲਾਹਕਾਰ ਨੇ ਲੋਕਾਂ ਨੂੰ ਹੌਲੀ ਹੌਲੀ ਦੱਸਣ ਲਈ ਕਿਹਾ ਅਤੇ ਹਰ ਵਾਰ ਉਸ ਨੇ ਪੁੱਛਿਆ ਕਿ ਲੋਕਾਂ ਨੇ ਕੀ ਕਿਹਾ ਅਤੇ ਕੀਤਾ? ਸਿਰਫ ਇਕ ਕਹਾਣੀ ਵਿਚ, ਅਸੀਂ ਕਹਾਣੀ ਨੂੰ ਮੁੱਢ ਤੋਂ ਅਰੰਭ ਕਰਦੇ ਹਾਂ ਅਤੇ ਹੌਲੀ ਹੌਲੀ ਅਤੇ ਬੜੇ ਧਿਆਨ ਨਾਲ ਉਹ ਹਿੱਸੇ ਨੂੰ ਸੁਣਦੇ ਹਾਂ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਇਹ ਸਾਡੇ ਮਨ ਵਿਚ ਹੁੰਦਾ ਹੈ ਜਦ ਅਸੀਂ ਇਸ ਨੂੰ ਸਿੱਖਦੇ ਹਾਂ| ਅਸੀਂ ਪੁੱਛਦੇ ਹਾਂ, ''ਇਸ ਭਾਵ ਤੋਂ ਅਤੇ ਇਸ ਕਹਾਣੀ ਦੇ ਹਿੱਸੇ ਦੇ ਹਰੇਕ ਵਿਅਕਤੀ ਦੇ ਸ਼ਬਦਾਂ ਤੋਂ ਅਸੀਂ ਕੀ ਸਿੱਖ ਸਕਦੇ ਹਾਂ?" ਭਾਵ ਅਤੇ ਬੋਲੇ ਗਏ ਸ਼ਬਦ ਅਕਸਰ ਉਨ੍ਹਾਂ ਚਰਿੱਤਰਾਂ ਦੇ ਬਾਰੇ ਆਤਮਿਕ ਗੱਲਾ ਪ੍ਰਗਟ ਕਰਦੇ ਹਨ|

ਉਸ ਕਹਾਣੀ ਵਿਚ ਦੱਸੇ ਗਏ ਯਿਸੂ ਅਤੇ ਪਿਤਾ ਪਰਮੇਸ਼ਰ ਦੇ ਬਾਰੇ ਅਸੀਂ ਆਪਣੇ ਆਪ ਤੋਂ ਪੁੱਛਦੇ ਹਾਂ| ਅਸੀਂ ਪੁੱਛਦੇ ਹਾਂ, ''ਕੀ ਕਿਹਾ ਗਿਆ ਅਤੇ ਕੀਤਾ ਗਿਆ ਸੀ, ਕੀ ਚੋਣਾ ਕੀਤੀਆਂ ਗਈਆਂ ਸਨ, ਜਾਂ ਕੀ ਕੀਤੀਆਂ ਜਾ ਸਕਦੀਆਂ ਸਨ ਅਤੇ ਉਨ੍ਹਾਂ ਦੇ ਸਿੱਧੇ ਨਤੀਜੇ ਕੀ ਸਨ ਅਤੇ ਕੌਣ ਪ੍ਰਭਾਵਿਤ ਹੋਏ ਸਨ?" ਉੱਤਰ ਪ੍ਰਗਟ ਕਰਦੇ ਹਨ ਜਿਨ੍ਹਾਂ ਨੂੰ ਅਸੀਂ ''ਆਤਮਿਕ ਨਿਰੀਖਣ" ਕਹਿੰਦੇ ਹਾਂ|

ਉਸ ਕਹਾਣੀ ਵਿਚ ਦੱਸੇ ਗਏ ਯਿਸੂ ਅਤੇ ਪਿਤਾ ਪਰਮੇਸ਼ਰ ਦੇ ਬਾਰੇ ਅਸੀਂ ਆਪਣੇ ਆਪ ਤੋਂ ਪੁੱਛਦੇ ਹਾਂ| ਅਸੀਂ ਪੁੱਛਦੇ ਹਾਂ, ''ਕੀ ਕਿਹਾ ਗਿਆ ਅਤੇ ਕੀਤਾ ਗਿਆ ਸੀ, ਕੀ ਚੋਣਾ ਕੀਤੀਆਂ ਗਈਆਂ ਸਨ, ਜਾਂ ਕੀ ਕੀਤੀਆਂ ਜਾ ਸਕਦੀਆਂ ਸਨ ਅਤੇ ਉਨ੍ਹਾਂ ਦੇ ਸਿੱਧੇ ਨਤੀਜੇ ਕੀ ਸਨ ਅਤੇ ਕੌਣ ਪ੍ਰਭਾਵਿਤ ਹੋਏ ਸਨ?" ਉੱਤਰ ਪ੍ਰਗਟ ਕਰਦੇ ਹਨ ਜਿਨ੍ਹਾਂ ਨੂੰ ਅਸੀਂ ''ਆਤਮਿਕ ਨਿਰੀਖਣ" ਕਹਿੰਦੇ ਹਾਂ|

ਉਸ ਕਹਾਣੀ ਵਿਚ ਦੱਸੇ ਗਏ ਯਿਸੂ ਅਤੇ ਪਿਤਾ ਪਰਮੇਸ਼ਰ ਦੇ ਬਾਰੇ ਅਸੀਂ ਆਪਣੇ ਆਪ ਤੋਂ ਪੁੱਛਦੇ ਹਾਂ| ਅਸੀਂ ਪੁੱਛਦੇ ਹਾਂ, ''ਕੀ ਕਿਹਾ ਗਿਆ ਅਤੇ ਕੀਤਾ ਗਿਆ ਸੀ, ਕੀ ਚੋਣਾ ਕੀਤੀਆਂ ਗਈਆਂ ਸਨ, ਜਾਂ ਕੀ ਕੀਤੀਆਂ ਜਾ ਸਕਦੀਆਂ ਸਨ ਅਤੇ ਉਨ੍ਹਾਂ ਦੇ ਸਿੱਧੇ ਨਤੀਜੇ ਕੀ ਸਨ ਅਤੇ ਕੌਣ ਪ੍ਰਭਾਵਿਤ ਹੋਏ ਸਨ?" ਉੱਤਰ ਪ੍ਰਗਟ ਕਰਦੇ ਹਨ ਜਿਨ੍ਹਾਂ ਨੂੰ ਅਸੀਂ ''ਆਤਮਿਕ ਨਿਰੀਖਣ" ਕਹਿੰਦੇ ਹਾਂ|

ਵਾਸਤਵਿਕ ਲੋਕਾਂ ਨੇ ਕਿਸੇ ਸਮੇਂ ਬਾਈਬਲ ਕਹਾਣੀਆਂ ਵਿਚ ਜੀਵਨ ਬਤੀਤ ਕੀਤਾ ਸੀ

ਉਸ ਦੇ ਬਾਰੇ ਸੋਚਣਾ ਅਰੰਭ ਕਰੋ ਕਿ ਲੋਕਾਂ ਨੇ ਕਿਸ ਤਰ੍ਹਾਂ ਸਮਾ ਬਿਤਾਇਆ ਜਿਨ੍ਹਾਂ ਨੇ ਅਸਲ ਵਿਚ ਉਸ ਹਾਲਤ ਦਾ ਅਨੁਭਵ ਕੀਤਾ ਸੀ| ਮਹਿਸੂਸ ਕਰੋ ਕਿ ਉਨ੍ਹਾਂ ਦੇ ਭਾਵਨਾ ਅਤੇ ਜਜ਼ਬਾਤ ਸਨ, ਜਿਸ ਤਰ੍ਹਾਂ ਕਿ ਤੁਹਾਡੇ ਵੀ ਹਨ| ਕਲਪਨਾ ਕਰੋ ਕਿ ਉਨ੍ਹਾਂ ਲੋਕਾਂ ਨੇ ਉਸ ਸਮੇ ਕੀ ਮਹਿਸੂਸ ਕੀਤਾ ਹੋਇਆ ਹੋਵੇਗਾ, ਜਿਸ ਨੂੰ ਕਿ ਮਹਿਸੂਸ ਕੀਤਾ ਜਾਣਾ ਜ਼ਰੂਰੀ ਨਹੀਂ ਸੀ| ਤਦ ਉਸ ਕਹਾਣੀ ਦੇ ਬਾਰੇ ਹੋਰ ਵੀ ਸਿੱਖੋ, ਸਮੇ ਸਮੇ 'ਤੇ ਕਹਾਣੀ ਦੇ ਹਿੱਸੇ ਵਿਚ ਵੱਖ ਵੱਖ ਚਰਿੱਤਰਾਂ ਨੂੰ ਵੇਖੋ|

ਕਹਾਣੀ ਦੇ ਪਹਿਲੇ ਹਿੱਸੇ ਨੂੰ ਵੇਖੋ, ਧਿਆਨ ਨਾਲ ਨਿਰੀਖਣ ਕਰੋ ਅਤੇ ਸੁਣੋ| ਆਪਣੇ ਆਪ ਤੋਂ ਪੁੱਛੋ . . . ਲੋਕਾਂ ਨੂੰ ਜੋ ਮੈਂ ਕਰਦਾ ਵੇਖਦਾ ਹਾਂ ਅਤੇ ਬੋਲਦੇ ਹੋਏ ਸੁਣਦਾ ਉਨ੍ਹਾਂ ਤੋਂ ਮੈਂ ਕੀ ਸਿੱਖ ਸਕਦਾ ਹਾਂ? ਕੀ ਉਹ ਦਿਲੇਰ ਜਾਂ ਡਰੇ ਹੋਏ ਸਨ, ਦੁਖੀ ਜਾਂ ਖੁਸ਼ ਸਨ, ਕੀ ਮੈਂ ਕੋਈ ਹੋਰ ਜਜ਼ਬਾਤ ਵੇਖ ਸਕਦਾ ਹਾਂ? ਕੀ ਮੈਂ ਵੇਖ ਸਕਦਾ ਹਾਂ ਕਿ ਉਨ੍ਹਾਂ ਇਸ ਤਰ੍ਹਾਂ ਮਹਿਸੂਸ ਕਰਨ ਅਤੇ ਇਸ ਕਰਨ ਦਾ ਕੀ ਕਾਰਨ ਹੈ|

ਉਨ੍ਹਾਂ ਦੀਆਂ ਚੋਣਾਂ ਦੇ ਹਰੇਕ ਹਿੱਸੇ ਨੂੰ ਵੇਖੋ| ਹੋ ਸਕਦਾ ਹੈ ਕਿ ਉਹ ਵਿਅਕਤੀ ਕੋਈ ਹੋਰ ਵੀ ਚੋਣਾਂ ਕਰ ਸਕਦੇ ਸਨ| ਇਹ ਮਹਿਸੂਸ ਕਰੋ ਕਿ ਬਾਈਬਲ ਦੀ ਹਰੇਕ ਕਹਾਣੀ ਵਿਚ ਪਿਤਾ ਪਰਮੇਸ਼ਰ ਅਤੇ ਯਿਸੂ ਹੈ ਅਤੇ ਉਹ ਹੋਰ ਵੀ ਚੋਣਾਂ ਕਰ ਸਕਦੇ ਸੀ|

ਉਨ੍ਹਾਂ ਦੀਆਂ ਚੋਣਾਂ ਦੇ ਹਰੇਕ ਹਿੱਸੇ ਨੂੰ ਵੇਖੋ| ਹੋ ਸਕਦਾ ਹੈ ਕਿ ਉਹ ਵਿਅਕਤੀ ਕੋਈ ਹੋਰ ਵੀ ਚੋਣਾਂ ਕਰ ਸਕਦੇ ਸਨ| ਇਹ ਮਹਿਸੂਸ ਕਰੋ ਕਿ ਬਾਈਬਲ ਦੀ ਹਰੇਕ ਕਹਾਣੀ ਵਿਚ ਪਿਤਾ ਪਰਮੇਸ਼ਰ ਅਤੇ ਯਿਸੂ ਹੈ ਅਤੇ ਉਹ ਹੋਰ ਵੀ ਚੋਣਾਂ ਕਰ ਸਕਦੇ ਸੀ|

ਜ਼ਰਾ ਸੋਚੋ| *ਹੋਰ ਕਿਹੜੀਆਂ ਚੋਣਾ ਹੋ ਸਕਦੀਆਂ ਸਨ ਜਿਹੜੀਆਂ ਇਸ ਤੋਂ ਬਿਹਤਰ ਹੋ ਸਕਦੀਆਂ ਸਨ ਜਾਂ ਐਨੀਆਂ ਸਮਝਦਾਰੀ ਵਾਲੀਆਂ ਨਾ ਹੁੰਦੀਆਂ*|

ਹੋ ਸਕਦਾ ਚੋਣ ਕਰਨ ਦੀ ਚੋਣ ਕਮਜ਼ੋਰ ਸੀ ਅਤੇ ਤੁਸੀਂ ਵੇਖਦੇ ਹੋ ਕਿ ਉਸ ਦੇ ਨਤੀਜੇ ਨਿਰਾਸਾ ਵਾਲੇ ਹੁੰਦੇ ਹਨ ਅਤੇ ਬੁਰੇ ਇਸ ਲਈ ਕਿ ਚੋਣ ਅਜਿਹੀ ਕੀਤੀ ਗਈ ਸੀ| ਹੋ ਸਕਦਾ ਹੈ ਚੋਣ ਠੀਕ ਹੋਵੇ ਅਤੇ ਕੁਝ ਚੰਗਾ ਹੋਇਆ ਹੋਵੇ ਜਾਂ ਅਨੋਖਾ ਹੋਇਆ ਹੋਵੇ, ਜਿਸ ਨੂੰ ਪਹਿਲੀ ਵਾਰ ਵੇਖਣ ਨਾਲ ਨਤੀਜਾ ਮਾੜਾ ਲਗਦਾ ਹੋਵੇ| ਤੁਹਾਨੂੰ ਹੈਰਾਨ ਹੋਣ ਦੀ ਜ਼ਰੂਰਤ ਹੈ| ਇਸ ਕਹਾਣੀ ਦਾ ਹਿੱਸੇ ਹੁੰਦੇ ਹੋਏ ਹੋਰ ਕਿਸ ਉਤੇ ਅਸਰ ਹੋਇਆ ਕਿਉ ਚੋਣ ਅਜਿਹੀ ਕੀਤੀ ਗਈ ਸੀ ਅਤੇ ਕਿਸ ਤਰ੍ਹਾਂ ਉਨ੍ਹਾਂ ਉੱਤੇ ਅਸਰ ਹੋਇਆ?

ਆਪਣੇ ਆਪ ਤੋਂ ਪੁੱਛੋ| *ਮੈਂ ਇਸ ਕਹਾਣੀ ਵਿਚ ਪਰਮੇਸ਼ਰ ਨੂੰ ਕਿਸ ਤਰ੍ਹਾਂ ਵੇਖਦਾ ਹਾਂ? ਜੋ ਉਹ ਕਹਿੰਦਾ ਹੈ ਅਤੇ ਕਰਦਾ ਹੈ ਮੈਂ ਉਸ ਤੋਂ ਕੀ ਸਿੱਖਦਾ ਹਾਂ?*

ਇਸ ਤਰ੍ਹਾਂ ਸਾਨੂੰ ਆਤਮਿਕ ਨਿਰੀਖਣ ਦੀ ਖੋਜ ਕਰਨ ਲਈ ਇਹੀ ਕਰਨਾ ਹੈ| ਅਸੀਂ ਕਹਾਣੀ ਦੇ ਹਰੇਕ ਹਿੱਸੇ ਵਿਚ ਜਾਂਦੇ ਹਾਂ ਅਤੇ ਉਸੇ ਹੀ ਤਰ੍ਹਾਂ ਦੇ ਪ੍ਰਸ਼ਨ ਪੁੱਛਦੇ ਹਾਂ| ਅਸੀਂ ਸ਼ਬਦਾਂ, ਹਾਵ-ਭਾਵ, ਚੋਣ ਜੋ ਕੀਤੀ ਗਈ ਨੂੰ (ਜਾਂ ਜਿਹੜੀ ਕੀਤੀ ਜਾ ਸਕਦੀ ਸੀ) ਵੇਖਦੇ ਹਾਂ ਅਤੇ ਨਤੀਜੇ ਅਤੇ ਚੋਣਾਂ ਦਾ ਦੂਜਿਆਂ ਉੱਤੇ ਹੋਏ ਅਸਰ ਉੱਤੇ ਧਿਆਨ ਦਿਓ| ਅਤੇ ਫਿਰ ਹਮੇਸ਼ਾ ਅਸੀਂ ਇਹ ਪੁੱਛਦੇ ਹਾਂ| ਮੈਂ ਕੀ ਵੇਖਿਆ ਕਿ ਪਰਮੇਸ਼ਰ ਕਰ ਰਿਹਾ ਹੈ ਜਾਂ ਉਨ੍ਹਾਂ ਲੋਕਾਂ ਦੇ ਜੀਵਨ ਵਿਚ ਕੀ ਹੋਣ ਦੇ ਰਿਹਾ ਹੈ?

ਤੁਸੀਂ ਹਰੇਕ ਕਹਾਣੀ ਲਈ ਆਤਮਿਕ ਖ਼ਜ਼ਾਨਿਆਂ ਨੂੰ ਭਾਲਣ ਲਹੀ ਉਸ ਸਮਝਦਾਰ ਸਲਾਹਕਾਰ ਦੇ ਭਿੰਨ ਭਿੰਨ ਹੋ ਸਕਦੇ ਸੀ:

- ਕਹਾਣੀ ਦੇ ਹਰੇਕ ਚਰਿੱਤਰ ਕੀ ਕਰਦਾ ਅਤੇ ਕਹਿੰਦਾ ਹੈ?
- ਉਸ ਵਿਅਕਤੀ ਦੇ ਬਾਰੇ ਇਹ ਮੈਨੂੰ ਕੀ ਦਰਸ਼ਾਉਂਦਾ ਹੈ?
- ਕੀ ਮੈਂ ਜਾਣ ਸਕਦਾ ਹਾਂ ਕਿ ਇਸ ਕਹਾਣੀ ਦਾ ਵਿਅਕਤੀ ਵਿਸ਼ਵਾਸੀ ਹੈ, ਇਕ ਖੋਜੀ, ਸ਼ੱਕ ਕਰਨ ਵਾਲਾ ਹੈ ਜਾਂ ਰੱਦ ਕਰਨ ਵਾਲਾ ਹੈ?

- ਕੀ ਵਿਸ਼ਵਾਸ ਜਾਂ ਸ਼ੱਕ ਦਰਸ਼ਾਇਆ ਗਿਆ ਹੈ?
- ਪਰਮੇਸ਼ਰ ਨੇ ਕਹਾਣੀ ਵਿਚ ਸਾਵਧਾਨ ਕਰਨ ਲਈ, ਸਿਖਾਉਣ ਲਈ ਜਾਂ ਉਤਸ਼ਾਹਿਤ ਕਰਨ ਲਈ ਹਾਲਾਤ ਨੂੰ ਕਿਸ ਤਰ੍ਹਾਂ ਇਸਤੇਮਾਲ ਕੀਤਾ?

ਅੱਗੇ, ਉਨ੍ਹਾਂ ਲਈ ਹੈ ਜਿਹੜੇ ਵੇਰਵੇ ਨਾਲ ਸੂਚਨਾ ਚਾਹੁੰਦੇ ਹਨ, ਪ੍ਰਸ਼ਨਾਂ ਦੀ ਇਕ ਲੰਮੀ ਸੂਚੀ ਹੈ ਜਿਸ ਨੂੰ ਤੁਸੀਂ ਆਤਮਿਕ ਖ਼ਜ਼ਾਨੇ ਭਾਲਣ ਵਿਚ ਇਸਤੇਮਾਲ ਕੀਤਾ ਹੋਵੇਗਾ| ਇਹ ਸਭ ਸਿਰਫ ਸਲਾਹਾਂ ਹੀ ਹਨ ਤੁਹਾਨੂੰ ਇਹ ਵਿਚਾਰ ਦੇਣ ਲਈ ਕਿ ਤੁਸੀਂ ਕਿਸ ਤਰ੍ਹਾਂ ਵੱਖ ਵੱਖ ਤਰੀਕਿਆਂ ਨਾਲ ਉਸ ਕਹਾਣੀ ਵਿਚੋਂ ਖ਼ਜ਼ਾਨੇ ਭਾਲ ਸਕਦੇ ਹੋ|

ਆਪਣੇ ਆਪ ਤੋਂ ਪੁੱਛੋ:

- *ਕੀ ਕਹਾਣੀ ਵਿਚ ਕੁਝ ਅਜਿਹਾ ਹੈ ਜਿਸ ਤੋਂ ਮੈਨੂੰ ਹੈਰਾਨੀ ਹੋਈ: ਪਰਮੇਸ਼ਰ ਦਾ ਕੰਮ, ਜਾਂ ਲੋਕ ਜਾਂ ਲੋਕਾਂ ਦੇ ਵਿਹਾਰ ਦੇ ਨਤੀਜੇ? ਜਿਸ ਤਰ੍ਹਾਂ ਪਰਮੇਸ਼ਰ ਕਹਾਣੀ ਨੂੰ ਬਾਈਬਲ ਵਿਚ ਪੇਸ਼ ਕਰਦਾ ਹੈ ਜੇਕਰ ਤੁਸੀਂ ਉਸੇ ਹੀ ਤਰ੍ਹਾਂ ਉਸ ਨੂੰ ਧਿਆਨ ਨਾਲ ਸੁਣੋ ਤਾਂ ਤੁਸੀਂ ਹੈਰਾਨ ਕਰਨ ਵਾਲੇ ਹਿੱਸਿਆਂ ਦੇ ਕਾਰਨ ਨੂੰ ਖੋਜ ਸਕਦੇ ਹੋ|*
- *ਇਸ ਘਟਨਾ ਦੇ ਹੋਣ ਤੋਂ ਪਹਿਲਾਂ ਕੀ ਹੋਇਆ, ਜਿਸ ਤੋਂ ਮੈਨੂੰ ਇਹ ਪਤਾ ਲੱਗੇ ਕਿ ਉਸ ਵਿਚ ਚਰਿੱਤਰ ਕਿਹੜੇ ਹਨ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਦਾ ਵਿਹਾਰ ਕਿਉਂ ਕੀਤਾ?*
- *ਕੀ ਮੈਂ ਪਰਮੇਸ਼ਰ ਦੇ ਗੁਣਾਂ ਨੂੰ ਵੇਖਦਾ ਹੈ ਜਿਵੇਂ ਕਿ ਸਬਰ, ਸਹਿਨਸ਼ੀਲਤਾ, ਗੁੱਸਾ, ਗਿਆਨ, ਨਿਆਂ, ਕਿਰਪਾ, ਤਰਸ, ਨਿਰਬਲ ਲਈ ਤਰਸ, ਸਭ ਲੋਕਾਂ ਲਈ ਇਕੋ ਜਿਹਾ ਆਦਰ ਜਾਂ ਪ੍ਰੇਮ?*
- *ਇਹ ਗੁਣ ਪਰਮੇਸ਼ਰ ਨੇ ਕਿਸ ਨੂੰ ਵਿਖਾਏ ਅਤੇ ਕੀ ਇਹ ਮੈਨੂੰ ਕੁਝ ਸਿਖਾਉਂਦਾ ਹੈ?*
- *ਕੀ ਮੈਂ ਕਹਾਣੀ ਵਿਚੋਂ ਜਾਣ ਸਕਦਾ ਹਾ ਕਿ ਇਸ ਦੇ ਪਾਤਰ ਵਿਸ਼ਵਾਸੀ ਹਨ ਜਾਂ ਅਵਿਸ਼ਵਾਸੀ?*
- *ਕੀ ਇਸ ਕਹਾਣੀ ਦੇ ਲੋਕ ਵਫਾਦਾਰ ਖੋਜੀ, ਸ਼ੱਕੀ ਜਾਂ ਸਖਤ ਹੋ ਕੇ ਪਰਮੇਸ਼ਰ ਦਾ ਇਨਕਾਰ ਕਰਨ ਵਾਲੇ ਹਨ?*
- *ਕੀ ਇਸ ਕਹਾਣੀ ਵਿਚ ਕਿਸੇਨੂੰ ਕੋਈ ਪਰੇਸ਼ਾਨੀ ਹੈ? ਜੇਕਰ ਹਾਂ ਤਾਂ ਉਹ ਪਰੇਸ਼ਾਨੀ ਕਿੰਨੀ ਵੱਡੀ ਹੈ?*
- *ਲੋਕਾਂ ਨੇ ਆਪਣੀ ਪਰੇਸ਼ਾਨੀ ਦਾ ਕਿਸ ਤਰ੍ਹਾਂ ਹੱਲ ਕਰਨ ਦੀ ਕੋਸ਼ਿਸ਼ ਕੀਤੀ?*
- *ਜੇਕਰ ਉਹ ਵਿਅਕਤੀ ਆਪਣੀ ਪਰੇਸ਼ਾਨੀ ਨੂੰ ਲੈ ਕੇ ਮਦਦ ਲਈ ਪਰਮੇਸ਼ਰ ਕੋਲ ਗਿਆ ਤਾਂ ਉਹ ਵਿਅਕਤੀ ਨੇ ਕਿਸ ਤਰ੍ਹਾਂ ਮਦਦ ਮੰਗੀ?*
- *ਕੀ ਉਹ ਵਿਅਕਤੀ ਪਰਮੇਸ਼ਰ ਕੋਲ ਆਦਰ ਨਾਲ ਜਾਂ ਹੰਕਾਰ ਨਾਲ ਗਿਆ?*

- *ਪਰਮੇਸ਼ਰ ਨੇ ਉਸ ਦਾ ਕਿਸ ਤਰ੍ਹਾਂ ਉੱਤਰ ਦਿੱਤਾ ਅਤੇ ਸਾਨੂੰ ਇਹ ਕੀ ਦਰਸ਼ਾਉਂਦਾ ਹੈ?*
- *ਕੀ ਕਹਾਣੀ ਵਿਚ ਕੋਈ ਆਗੂ ਹੈ ਜੋ ਪਰਮੇਸ਼ਰ ਦਾ ਆਗਿਆਕਾਰੀ ਹੈ ਅਤੇ ਜੇਕਰ ਕੋਈ ਹੈ ਤਾਂ ਆਗਿਆਕਾਰੀ ਦੇ ਕੀ ਨਤੀਜੇ ਹਨ?*
- *ਕੀ ਕਹਾਣੀ ਵਿਚ ਕੋਈ ਆਗੂ ਹੈ ਜੋ ਪਰਮੇਸ਼ਰ ਦੀ ਆਗਿਆ ਨਹੀਂ ਮੰਨਦਾ ਅਤੇ ਜੇਕਰ ਕੋਈ ਹੈ ਤਾਂ ਅਣਆਗਿਆਕਾਰੀ ਦੇ ਕੀ ਨਤੀਜੇ ਹਨ?*
- *ਕੀ ਕਹਾਣੀ ਵਿਚ ਕੋਈ ਆਪਣਾ ਵਿਸ਼ਵਾਸ ਜਾਂ ਵਿਹਾਰ ਬਦਲਦਾ ਹੈ?*
- *ਕੀ ਕਹਾਣੀ ਦੇ ਪਾਤਰ ਵਿਸ਼ਵਾਸ, ਪ੍ਰੇਮ, ਦਇਆ, ਗੁੱਸਾ, ਡਰ, ਆਸ, ਪੱਖਪਾਤ, ਸ਼ੱਕ, ਲਾਲਚ, ਹੜਬੜੀ, ਲਾਪਰਵਾਹੀ, ਅਕਲਮੰਦੀ, ਆਦਰ, ਅਨਾਦਰ, ਭਰਮ ਜਾਂ ਕੋਈ ਹੋਰ ਵਿਵਹਾਰ ਨੂੰ ਦਰਸ਼ਾਉਂਦੇ ਹਨ?*
- *ਪਰਮੇਸ਼ਰ ਉਨ੍ਹਾਂ ਲੋਕਾਂ ਦੇ ਵਿਸ਼ਵਾਸ, ਭਾਵਨਾ, ਸ਼ਬਦਾਂ ਅਤੇ ਕੰਮਾਂ ਦੇ ਕਿਸ ਤਰ੍ਹਾਂ ਉੱਤਰ ਦਿੰਦਾ ਹੈ ਪਰਮੇਸ਼ਰ ਦਾ ਉਹ ਉੱਤਰ ਸਾਨੂੰ ਕੀ ਦਰਸ਼ਾਉਂਦਾ ਹੈ?*
- *ਕੀ ਕਹਾਣੀ ਦੇ ਕੁਝ ਪਾਤਰਾਂ ਨੇ ਆਪਣੇ ਵਿਵਹਾਰ ਵਿਚ ਬਦਲਾਓ ਲਿਆਂਦਾ?*
- *ਕਿਨ੍ਹਾਂ ਕਾਰਨਾਂ ਨੇ ਉਨ੍ਹਾਂ ਵਿਚ ਬਦਲਾਓ ਲਿਆਂਦਾ?*
- *ਕੀ ਹੁੰਦਾ ਹੈ ਜਦ ਉਹ ਬਦਲਾਓ ਲਿਆਉਂਦੇ ਹਨ ਅਤੇ ਇਹ ਸਾਨੂੰ ਕੀ ਸਿਖਾਉਂਦਾ ਹੈ?*
- *ਕੀ ਕਹਾਣੀ ਵਿਚ ਕੋਈ ਚਮਤਕਾਰ ਜਾਂ ਕੋਈ ਅਨੋਖੀ ਘਟਨਾ ਹੋਈ ਹੈ, ਜੇਕਰ ਹਾਂ ਤਾਂ ਕਹਾਣੀ ਵਿਚ ਪਾਤਰਾਂ ਉੱਤੇ ਕੀ ਅਸਰ ਹੋਇਆ?*

ਖ਼ਜ਼ਾਨੇ ਜਿਨ੍ਹਾਂ ਨੂੰ ਅਸੀਂ ''ਆਤਮਿਕ ਪ੍ਰਯੋਗ'' ਕਹਿੰਦੇ ਹਾਂ ਦੀ ਕਿਸ ਤਰ੍ਹਾਂ ਭਾਲ ਕਰਨੀ ਹੈ|

ਆਤਮਿਕ ਪ੍ਰਯੋਗਾਂ ਨੂੰ ਭਾਲਣਾ| ਸਾਡੇ ਕਹਾਣੀ ਨੂੰ ਧਿਆਨ ਨਾਲ ਵੇਖਣ ਤੋਂ ਬਾਦ, ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਅੱਜ ਸਾਡੇ ਲਈ ਇਸ ਕਹਾਣੀ ਦਾ ਅਰਥ ਕੀ ਹੋਵੇਗਾ| ਇਹੀ ਉਹ ਸਮਾ ਜਦ ਅਸੀਂ ''ਆਤਮਿਕ ਪ੍ਰਯੋਗਾਂ'' ਦੀ ਖੋਜ ਕਰਦੇ ਹਾਂ| ਇਸ ਤਰ੍ਹਾਂ ਕਰੋ ਕਿ ਕਹਾਣੀ ਵਿਚ ਜਾਣ ਦੇ ਰਾਹੀਂ ਆਪਣੀਆਂ ਅੱਖਾਂ ਨਾਲ ਉਨ੍ਹਾਂ ਲੋਕਾਂ ਨੂੰ ਧਿਆਨ ਨਾਲ ਵੇਖੋ ਜਿਹੜੇ ਉਸ ਵਿਚ ਸਨ| ਕਹਾਣੀ ਦੇ ਅੰਦਰ, ਉਸ ਦੇ ਹਰੇਕ ਹਿੱਸੇ ਵਿਚ ਜਾਓ ਅਤੇ ਉਸ ਸਮੇ ਆਤਮਿਕ ਨਿਰੀਖਣ ਨੂੰ ਵੇਖੋ ਜੋ ਤੁਸੀਂ ਖੋਜੇ ਹਨ|

STS ਦੇ ਆਤਮਿਕ ਪ੍ਰਯੋਗ ਦੀ ਸਫਲਤਾ ਦੀ ਕੁੰਜੀ ਆਤਮਿਕ ਨਿਰੀਖਣ ਦੇ ਅਧਾਰ ਉੱਤੇ ਹੈ ਜੋ ਕਿ ਤੁਸੀਂ ਕਹਾਣੀ ਵਿਚੋਂ ਖੋਜਦੇ ਹੋ|

ਆਪਣੇ ਆਪ ਤੋਂ ਇਹ ਤਿੰਨ ਪ੍ਰਸ਼ਨ ਪੁੱਛੋ:

1. *ਵਾਹ, ਉਹ ਸਿਥਤੀ ਜੋ ਮੈਂ ਕਹਾਣੀ ਵਿਚ ਵੇਖੀ . . . ਕੀ ਅੱਜ, ਵੀ ਇਸ ਤਰ੍ਹਾਂ ਹੁੰਦਾ ਹੈ?*
2. *ਜੇਕਰ ਅਜਿਹਾ ਹੁੰਦਾ ਹੈ, ਤਾਂ ਉਹ ਕਿਸ ਤਰੀਕੇ ਨਾਲ ਉਸ ਨਾਲ ਮੇਲ ਖਾਂਦਾ ਹੈ ਜਿਹੜਾ ਹੋਇਆ ਸੀ?*
3. *ਕੀ ਇਹ ਕਦੀ ਮੇਰੇ ਨਾਲ ਹੋਇਆ ਹੈ ਜਾਂ ਉਸ ਨਾਲ ਜਿਸ ਨੂੰ ਮੈਂ ਜਾਣਦਾ ਹਾਂ?*
4. *ਕੀ ਇਹ ਅਜੇ ਵੀ ਹੋ ਰਿਹਾ ਹੈ ਅਤੇ ਜੇਕਰ ਹਾਂ, ਤਾਂ ਕਿਸ ਤਰ੍ਹਾਂ ਹੋ ਰਿਹਾ ਹੈ ਅਤੇ ਕਹਾਣੀ ਵਿਚ ਇਹ ਸਾਨੂੰ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ?*

ਇਨ੍ਹਾਂ ਪ੍ਰਸ਼ਨਾਂ ਦਾ ਹੀ ਇਸਤੇਮਾਲ ਕਰਦ ਹੋਏ ਆਤਮਿਕ ਨਿਰੀਖਣਾਂ ਦੀ ਭਾਲ ਕਰੋ ਜੋ ਤੁਹਾਨੂੰ ਆਪਣੇ ਵਿਅਕਤੀਗਤ ਜੀਵਨ ਵਿਚ ਲਾਗੂ ਕਰਨ ਵਿਚ ਮਦਦਗਾਰ ਹੋਣ| ਤੁਸੀਂ ਇਹ ਪ੍ਰਸ਼ਨ ਪੁੱਛ ਸਕਦੇ ਹੋ:

- ਹਾਂ| ਇਹ ਪਹਿਲਾਂ ਮੇਰੇ ਨਾਲ ਹੋਇਆ ਹੋਵੇ| ਮੈਂ ਕੀ ਕਿਹਾ? ਮੈਂ ਕੀ ਕੀਤਾ?
- ਕੀ ਮੇਰੇ ਕੋਲ ਕੋਈ ਚੋਣਾਂ ਹਨ ਅਤੇ ਮੈਂ ਕੀ ਚੋਣ ਕੀਤੀ?
- ਮੈਂ ਕੀਤਾ ਹੁੰਦਾ? ਮੇਰੀ ਚੋਣ ਦਾ ਨਤੀਜਾ ਕੀ ਹੁੰਦਾ?
- ਮੇਰੀ ਚੋਣ ਦਾ ਕਿਨ੍ਹਾਂ ਉੱਤੇ ਅਸਰ ਹੋਇਆ ਅਤੇ ਕਿਸ ਤਰੀਕੇ ਨਾਲ ਉਨ੍ਹਾਂ ਉੱਤੇ ਅਸਰ ਹੋਇਆ?
- ਜੇਕਰ ਮੈਂ ਅੱਜ ਇਸ ਤਰ੍ਹਾਂ ਦੇ ਅਨੁਭਵ ਵਿਚੋਂ ਜਾ ਰਿਹਾ ਹਾਂ, ਮੈਂ ਕਿਸ ਤਰ੍ਹਾਂ ਉੱਤਰ ਦੇ ਰਿਹਾ ਹਾਂ? ਇਸ ਕਹਾਣੀ ਵਿਚ ਜੋ ਹੋਇਆ ਉਸ ਵਿਚੋਂ ਮੈਂ ਕੀ ਸਿੱਖਿਆ ਹੈ ਜੋ ਮੈਨੂੰ ਇਹ ਸਿੱਖਣ ਵਿਚ ਮਦਦ ਕਰੇ ਕਿ ਮੈਨੂੰ ਇਸ ਤਰ੍ਹਾਂ ਦੇ ਹਾਲਾਤ ਵਿਚ ਕੀ ਕਰਨਾ ਚਾਹੀਦਾ ਹੈ?

ਅੰਤ ਵਿਚ, ਕਹਾਣੀ ਵਿਚੋਂ ਆਪਣੇ ਆਪ ਤੋਂ ਪੁੱਛੋ:

- ਮੈਂ ਮੇਰੇ ਹਾਲਾਤ ਵਿਚ ਪਰਮੇਸ਼ਰ ਨੂੰ ਕਿਸ ਤਰ੍ਹਾਂ ਕੰਮ ਕਰਦਾ ਵੇਖ ਰਿਹਾ ਹਾਂ, ਜਾਂ ਕਿਸੇ ਹੋਰ ਦੇ ਜੀਵਨ ਵਿਚ ਜਿਸ ਨੂੰ ਮੈਂ ਜਾਣਦਾ ਹਾਂ, ਇਸ ਸਥਿਤੀ ਵਿਚ ਕੌਣ ਹੈ?
- ਮੈਂ ਕੀ ਸਿੱਖਿਆ, ਜਾਂ ਮੈਨੂੰ ਪਰਮੇਸ਼ਰ ਬਾਰੇ ਅਤੇ ਉਸ ਦੇ ਚਰਿੱਤਰ ਬਾਰੇ ਕੀ ਸਿੱਖਣਾ ਚਾਹੀਦਾ ਹੈ?

ਤੁਸੀਂ ਪਹਿਲਾਂ ਇਹ ਸਾਰੀ ਕਹਾਣੀ ਕਦੋਂ ਪੜ੍ਹੀ, ਕੀ ਇਸ ਕਹਾਣੀ ਦਾ ਵਿਸ਼ਾ ਤੁਹਾਨੂੰ ਕਦੀ ਪਰੇਸ਼ਾਨ ਕਰ ਸਕਦਾ ਹੈ, ਜਦ ਤੁਸੀਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਪਰਮੇਸ਼ਰ ਨੇ ਕਹਾਣੀ ਵਿਚ ਉਸ

ਵਿਅਕਤੀ ਨੂੰ ਇਸ ਤਰ੍ਹਾਂ ਉੱਤਰ ਕਿਉਂ ਦਿੱਤਾ| ਇਹ ਵੀ ਕਿ ਜਦ ਤੁਸੀਂ ਕਹਾਣੀ ਪੜ੍ਹਦੇ ਹੋ ਤਾਂ ਤੁਸੀਂ ਆਪਣੇ ਬਾਰੇ ਵੀ ਸੋਚ ਸਕਦੇ ਹੋ, ''ਇਹ ਚੰਗੀ ਕਹਾਣੀ ਹੈ, ਪਰ ਮੈਨੂੰ ਇਸ ਵਿਚੋਂ ਕੁਝ ਵੀ ਆਤਮਿਕ ਚੀਜ ਨਹੀਂ ਵਿਖਾਈ ਦਿੰਦੀ ਹੈ| ਅਤੇ ਮੈਂ ਇਹ ਵੀ ਨਹੀਂ ਵੇਖ ਪਾ ਰਿਹਾ ਹਾਂ ਕਿ ਇਹ ਮੇਰੇ ਜੀਵਨ ਨਾਲ ਕਿਸ ਤਰ੍ਹਾਂ ਜੁੜਦੀ ਹੈ!"

ਇਹ ਜਾਣੋ: ਬਾਈਬਲ ਦੀ ਹਰੇਕ ਕਹਾਣੀ ਵਿਚ ਅੱਜ ਵੀ ਸਾਡੇ ਲਈ ਕੁਝ ਹੈ| ਵੇਖੋ, ਜੇਕਰ ਤੁਸੀਂ ਖੋਜ ਸਕਦੇ ਹੋ ਕਿ ਹੇਠਾਂ ਲਿਖੇ ਹਵਾਲਿਆਂ ਵਿਚੋਂ ਤੁਸੀਂ ਆਪਣੇ ਲਈ ਕੀ ਸਾਰਥਕਤਾ ਲੱਭ ਸਕਦੇ ਹੋ ਜਿਹੜੀ ਕਿ ਪਰਮੇਸ਼ਰ ਨੇ ਸੰਪੂਰਨ ਬਾਈਬਲ ਵਿਚ ਰੱਖੀ ਹੈ| ਇਹ ਪਰਖ ਤੁਹਾਨੂੰ ਇਹ ਜਾਣਨ ਲਈ ਉਤਸ਼ਾਹਿਤ ਕਰੇਗੀ ਕਿ ਪਰਮੇਸ਼ਰ ਨੇ ਇਸ ਤਰ੍ਹਾਂ ਕਿਉਂ ਕੀਤਾ ਜਿਵੇਂ ਕਿ ਉਹ ਉਸ ਕਹਾਣੀ ਵਿਚ ਹੈ ਹੀ ਨਹੀਂ ਅਤੇ ਇਹ ਕਿ ਉਸ ਵਿਚ ਕੁਝ ਆਤਮਿਕ ਨਿਰੀਖਣ ਹਨ ਅਤੇ ਪ੍ਰਯੋਗ ਹਰੇਕ ਬਾਈਬਲ ਦੀ ਕਹਾਣੀ ਵਿਚ ਵੇਖੇ ਜਾ ਸਕਦੇ ਹਨ|

> ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ: ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ| (2 ਤਿਮੋਥਿਉਸ 3:16-17)
>
> ਸੋ ਇਹ ਗੱਲਾਂ ਉਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ| ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ| ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੇ| (1 ਕੁਰਿੰਥੀਆਂ 10:11-13)

ਇਹ ਵਚਨ ਕਹਿੰਦੇ ਹਨ ਕਿ ਬਾਈਬਲ ਦੇ ਸਾਰੇ ਵਚਨ, ਕਹਾਣੀਆਂ ਦੇ ਵਚਨ ਵੀ ਸ਼ਾਮਿਲ ਕਰਦੇ ਹੋਏ, ਸਾਡੇ ਲਈ ਲਿਖੇ ਗਏ ਹਨ . . . ਅਤੇ ਸਾਡੀ ਖਾਤਿਰ ਲਿਖੇ ਗਏ ਹਨ| ਕਿਉਂਕਿ ਅਸੀਂ ਜਾਣਦੇ ਹਾਂ ਕਿ ਪਰਮੇਸ਼ਰ ਨੇ ਕਹਾਣੀਆਂ ਸਿਰਫ ਕਾਗਜ ਭਰਨ ਲਈ ਇਹ ਵਚਨ ਨਹੀਂ ਲਿਖੀਆਂ ਹਨ ਤਦ ਤਾਂ ਸਾਨੂੰ ਬਾਈਬਲ ਦੀ ਕਹਾਣੀਆਂ ਨੂੰ ਹੋਰ ਵੀ ਧਿਆਨ ਨਾਲ ਵੇਖਣ ਦੀ ਜ਼ਰੂਰਤ ਹੈ ਕਿ ਜੋ ਵੀ ਸੂਚਨਾ ਬਾਈਬਲ ਦੀ ਕਹਾਣੀਆਂ ਵਿਚ ਹਨ ਉਸਦਾ ਅਰਥ ਸਾਡੇ ਲਈ ਹੋਣਾ ਚਾਹੀਦਾ ਹੈ|

ਕਹਾਣੀਵਾਚਕ ਹੋਣ ਅਤੇ ਪ੍ਰਸ਼ਨ ਤਿਆਰ ਕਰਨ ਦੇ ਨਾਤੇ, ਕੁਝ ਅਜਿਹੇ ਕਦਮ ਹਨ ਜੋ ਤੁਹਾਡੇ ਸੁਣਨਵਾਲਿਆਂ ਨੂੰ ਉਨ੍ਹਾਂ ਲਈ ਸਚਿਆਈਆਂ ਭਾਲਣ ਵਿਚ ਮਦਦਗਾਰ ਹੋਣਗੇ|

ਪਰ, ਤੁਸੀਂ ਸੁਣਨਵਾਲਿਆਂ ਨੂੰ ਤਦ ਤਕ ਕਹਾਣੀ ਦੇ ਖ਼ਜ਼ਾਨੇ ਵਿਚ ਨਹੀਂ ਲੈ ਜਾ ਸਕਦੇ ਜਦ ਤਕ ਤੁਸੀਂ ਆਪ ਪਹਿਲਾਂ ਆਪਣੇ ਲਈ ਉਨ੍ਹਾਂ ਦੀ ਖੋਜ ਨਹੀਂ ਕਰ ਲੈਂਦੇਂ!

ਜੇਕਰ ਕਹਾਣੀ ਤਿਆਰ ਕਰਨ ਦੇ ਦੌਰਾਨ, ਤੁਸੀਂ ਇਕ ਕਹਾਣੀਵਾਚਕ ਦੇ ਤੌਰ 'ਤੇ ਤੁਸੀਂ ਕਹਾਣੀ ਰਾਹੀਂ ਆਤਮਿਕ ਰੂਪ ਵਿਚ ਪ੍ਰਭਾਵਿਤ ਨਹੀਂ ਹੋਏ, ਤਾਂ ਤੁਹਾਡੇ ਲਈ ਇਹ ਚੰਗਾ ਸਮਾ ਹੋਵੇਗਾ ਕਿ ਤੁਸੀਂ ਵਾਪਿਸ ਜਾਓ ਅਤੇ ਕਹਾਣੀ ਦੀ ਸਚਿਆਈਆਂ ਲਈ ਪਰਮੇਸ਼ਰ ਅੱਗੇ ਪ੍ਰਾਰਥਨਾ ਕਰੋ| ਜੇਕਰ ਤੁਸੀਂ ਖ਼ਜ਼ਾਨੇ ਭਾਲਣ ਲਈ ਸਾਰਿਆਂ ਹਿਦਾਇਤਾਂ ਦੀ ਪਾਲਨਾ ਕੀਤੀ ਹੈ ਅਤੇ ਫਿਰ ਵੀ ਕਹਾਣੀ ਵਿਚੋਂ ਆਤਮਿਕ ਸਚਿਆਈਆਂ ਭਾਲ ਨਹੀਂ ਸਕੇ ਹੋ, ਤਾਂ ਹਾਲੇ ਤੁਸੀਂ ਦੂਸਰਿਆਂ ਨੂੰ ਦੱਸਣ ਲਈ ਤਿਆਰ ਨਹੀਂ ਹੋ|

ਇਕ ਵਾਰ ਜਦ ਤੁਸੀਂ ਪੂਰੀ ਕਹਾਣੀ ਪੜ੍ਹ ਲਈ ਹੈ ਅਤੇ ਇਸ ਦੇ ਕੁਝ ਪਾਠਾਂ (ਖ਼ਜ਼ਾਨੇ) ਨੂੰ ਖੋਜ ਲਿਆ ਹੈ, ਹੁਣ ਤੁਸੀਂ ਪ੍ਰਸ਼ਨ ਤਿਆਰ ਕਰਨ ਲਈ ਤਿਆਰ ਹੋ ਇਹ ਬੜੇ ਅਰਾਮ ਨਾਲ ਸੁਣਨਵਾਲਿਆਂ ਨੂੰ ਆਪਣੇ ਲਈ ਖ਼ਜ਼ਾਨੇ ਖੋਜ ਕਰਨ ਲਈ ਅਗੂਵਾਈ ਕਰਦਾ ਹੈ|

ਪ੍ਰਸ਼ਨ ਪੁੱਛਣ ਦੀ ਮਹੱਤਵਤਾ

ਜੇਕਰ ਤੁਸੀਂ ਬਾਹਰ ਜਾਂਦੇ ਹੋ ਅਤੇ ਖ਼ਜ਼ਾਨਾ ਖੋਜ ਲੈਂਦੇ ਹੋ, ਤਾਂ ਤੁਸੀਂ ਬੜੇ ਜੋਸ਼ ਵਿਚ ਹੋ ਜਾਂਦੇ ਹੋ! ਜੇਕਰ ਤੁਸੀਂ ਉਹ ਖ਼ਜ਼ਾਨਾ ਆਪਣੇ ਘਰ ਲੈ ਜਾਂਦੇ ਹੋ ਅਤੇ ਉਸ ਨੂੰ ਆਪਣੇ ਮਿੱਤਰਾਂ ਨਾਲ ਸਾਂਝਾ ਕਰਦੇ ਹੋ ਤਾਂ ਉਹ ਉਸ ਨੂੰ ਪ੍ਰਾਪਤ ਕਰਕੇ ਬਹੁਤ ਖ਼ੁਸ਼ ਹੋਣਗੇ| ਪਰ ਉਨ੍ਹਾਂ ਦੀ ਖ਼ੁਸ਼ੀ ਉਨ੍ਹੀਂ ਨਹੀਂ ਹੋਵੇਗੀ ਜਿੰਨੀ ਕਿ ਤੁਹਾਨੂ ਉਸ ਖ਼ਜ਼ਾਨੇ ਨੂੰ ਖੋਜਣ ਵਿਚ ਹੋਈ ਹੈ| ਖੋਜ ਪ੍ਰਾਪਤ ਹੋਣਾ ਆਪਣੇ ਆਪ ਵਿਚ ਇਕ ਜੋਸ਼ ਹੈ|

ਅਸਾਨ ਉੱਤਰ ਇਸਤੇਮਾਲ ਕਰੋ, ਸਿੱਖਿਆ ਦੇਣ ਦੀ ਸ਼ੈਲੀ ਵਿਚ ਵਿਚਾਰ ਵਟਾਂਦਰਾ ਅਰੰਭ ਕਰਨ ਦੇ ਦੌਰਾਨ ਪ੍ਰਸ਼ਨ ਕਰਨਾ| **STS ਦੇ ਬਾਈਬਲ ਅਧਿਐਨ ਦੀ ਧਾਰਨਾ ਦੀ ਇਹ ਇਕ ਜਬਰਦਸਤ ਸਫਲਤਾ ਹੈ|**

ਬਹੁਤ ਸਾਰੇ ਲੋਕ ਇਹ ਨਹੀਂ ਜਾਣਦੇ ਕਿ ਬਾਈਬਲ ਵਿਚ ਆਤਮਿਕ ਸਚਿਆਈਆਂ ਦਾ ਖ਼ਜ਼ਾਨਾ ਹੈ| ਕੁਝ ਜਾਣਦੇ ਹਨ ਕਿ ਬਾਈਬਲ ਦੀ ਕਹਾਣੀਆਂ ਵਿਚ ਬਹੁਤ ਸਾਰੇ ਆਤਮਿਕ ਖ਼ਜ਼ਾਨੇ ਹਨ, ਪਰ ਉਹ ਇਹ ਮਹਿਸੂਸ ਨਹੀਂ ਕਰਦੇ ਹਨ ਕਿ ਉਹ ਉਨ੍ਹਾਂ ਖ਼ਜ਼ਾਨਿਆਂ ਨੂੰ ਲੱਭਣ ਦੇ ਕਾਬਲ ਹਨ| ਜਦ ਲੋਕ ਅਸਾਨ ਪ੍ਰਸ਼ਨਾਂ ਦੇ ਉੱਤਰ ਸਹੀ ਦਿੰਦੇ ਹਨ, ਤਾਂ ਉਹ ਹੋਰ ਉੱਤਰ ਦੇਣ ਲਈ ਉਤਸ਼ਾਹਿਤ ਹੁੰਦੇ ਹਨ|

ਜ਼ਿਆਦਾਤਰ ਵਿਸ਼ਵਾਸੀ ਬਾਈਬਲ ਦੀ ਕਹਾਣੀਆਂ ਵਿਚ ਅਰਥ ਅਤੇ ਸ਼ਬਦਾਂ ਨੂੰ ਧਿਆਨ ਨਾਲ ਸੁਣਨ ਦੇ ਆਦੀ ਨਹੀਂ ਹੁੰਦੇ| ਆਤਮਿਕ ਨਿਰੀਖਣਾਂ ਨੂੰ ਆਪਣੇ ਲਈ ਲੱਭਣ ਲਈ ਸਾਰਥਕ ਪ੍ਰਸ਼ਨਾਂ ਦਾ ਪ੍ਰਯੋਗ (ਚਾਹੇ ਉਨ੍ਹਾਂ ਦਾ ਉੱਤਰ ਹਾਂ ਜਾਂ ਨਾਂ ਹੀ ਹੋਵੇ) ਕੀਤਾ ਜਾਂਦਾ ਹੈ|

STS ਵਿਚ ਅਸੀਂ, ਜਦ ਅਸੀਂ ਨਵੇਂ ਸਿੱਖਿਆਰਥੀਆ ਦੇ ਸਮੂਹ ਨਾਲ ਕੰਮ ਕਰਨਾ ਅਰੰਭ ਕਰਦੇ ਹਾਂ, ਅਸੀਂ ਉਨ੍ਹਾਂ ਨੂੰ ਖਜਾਨਿਆਂ ਵੱਲ ਅਗਵਾਈ ਕਰਦੇ ਹਾਂ ਅਤੇ ਲਗਭਗ ਉਨ੍ਹਾਂ ਦੇ ਹੱਥ ਸਪੁਰਦ ਕਰ ਦਿੰਦੇ ਹਾਂ| ਮਾਹਰ ਸਿੱਖਿਅਕ ਸੁਣਨ ਵਾਲਿਆਂ ਨੂੰ ਬੜੀ ਬਰੀਕੀ ਨਾਲ ਸਿਖਾ ਸਕਦਾ ਹੈ ਤਾਂਜੋ ਉਹ ਸੋਚ ਸਕਣ ਕਿ ਉਨ੍ਹਾਂ ਖੋਜ ਕਰਨ ਲਈ ਹੈ! ਜਦ ਸਿੱਖਣ ਵਾਲੇ ਆਪਣੇ ਆਪ ਖਜਾਨੇ ਦੇ ਛੋਟੇ ਜਿਹੇ ਹਿੱਸੇ ਨੂੰ ਵੀ ਭਾਲ ਲੈਂਦੇ ਹਨ, ਉਨ੍ਹਾਂ ਹੋਰ ਵੀ ਖਜਾਲੇ ਭਾਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ|

ਉਹ ਜਿਹੜੇ ਤਰੱਕੀ-ਯਾਫ਼ਤਾ ਬਾਈਬਲ ਸਕੂਲ ਜਾਂ ਸੈਮਨਰੀ ਵਿਚੋਂ ਪੜ੍ਹੇ ਹੋਏ ਹੋ ਸਕਦਾ ਹੈ ਕਿ ਉਹ ਇਹ ਜਾਣ ਗਏ ਹੋਣ ਕਿ ਕਹਾਣੀ ਨੂੰ ਕਿਸ ਤਰ੍ਹਾਂ ਉਸ ਦੀ ਕਾਟ-ਛਾਂਟ ਜਾਂ ਪਰਖ ਕਰਨੀ ਹੈ, ਪਰ ਹੋ ਸਕਦਾ ਹੈ ਕਿ ਉਹ ਕਹਾਣੀ ਨੂੰ ਸੰਪਰੂਨ ਤੌਰ 'ਤੇ ਸੁਣਨ ਦੇ ਹੁਨਰ ਵਿਚ ਵਿਕਸਿਤ ਨਾ ਹੋਏ ਹੋਣ| STS ਬਾਈਬਲ ਦੀ ਕਹਾਣੀ ਨੂੰ ਇਕੱਠੇ ਕਰਨ ਅਤੇ ਇਸ ਨੂੰ ਸੁਣਨ ਅਤੇ ਇਸ ਦੀ ਸਚਿਆਈ ਨੂੰ ਸਾਬਿਤ ਕਰਦੀ ਹੈ|

ਇਕ ਖੁੱਡ ਵਿਚ ਜਾਣਾ: ਅਕਸਰ ਤੁਸੀਂ ਅਜਿਹੇ ਲੋਕਾਂ ਨੂੰ ਮਿਲਦੇ ਹੋ (ਜਿਨ੍ਹਾਂ ਨੂੰ ਧਾਰਮਿਕ ਸਿੱਖਿਆ ਹੁੰਦੀ ਹੈ ਜਾਂ ਨਹੀਂ ਵੀ ਹੁੰਦੀ) ਉਨ੍ਹਾਂ ਦੀ ਮਦਦ ਲਈ ਤੁਸੀਂ ਉਹ ਪ੍ਰਸ਼ਨ ਇਸਤੇਮਾਲ ਕਰ ਸਕਦੇ ਹੋ ਜਿਹੜੇ ਕਿ ਇਨ੍ਹਾਂ ਘੁਮੰਡੀ ਲੋਕਾਂ ਨੂੰ ਆਪਣੇ ਆਪ ਸਿੱਧੇ ਰਾਹ ਉੱਤੇ ਲੈ ਆਉਣ| ''ਖੁੱਡ" ਕੋਈ ਗਲਤਫਹਮੀ ਹੋ ਸਕਦੀ ਹੈ ਜਿਸਦਾ ਕਹਾਣੀ ਨਾਲ ਕੋਈ ਸਬੰਧ ਨਹੀਂ ਹੈ| ਇਸ ਤਰ੍ਹਾਂ ਦਾ ਪ੍ਰਸ਼ਨ ਪੁੱਛਣਾ ਜਿਸ ਦਾ ਕੋਈ ਸਪੱਸ਼ਟ ਉੱਤਰ ਨਹੀਂ ਹੁੰਦਾ ਹੈ| ਇਹ ਪ੍ਰਸ਼ਨ ਤੁਸੀਂ ਜਾਣਦੇ ਹੋ ਕਿ ਸੁਣਨ ਵਾਲੇ ਨੂੰ ਗਲਤ ਗਿਆਨ ਵੱਲ ਲੈ ਜਾਂਦੇ ਹਨ| ਤੁਸੀਂ ਉਸ ਦਾ ਪ੍ਰਤੀਉੱਤਰ ਦੇ ਸਕਦੇ ਹੋ, ''ਹਾਂ, ਇਹ ਠੀਕ ਹੈ" ਅਤੇ ਫਿਰ ਅੱਗੇ ਵੱਧ ਜਾਓ|

ਜਿਵੇਂ-ਜਿਵੇਂ ਵਿਚਾਰ ਵਟਾਂਦਰਾ ਅੱਗੇ ਵੱਧਦਾ ਹੈ ਅਤੇ ਵਿਚਾਰ ਵਟਾਂਦਰੇ ਦੇ ਦੌਰਾਨ ਸਹੀ ਉੱਤਰ ਲੱਭੇ ਜਾਂਦੇ ਹਨ, ਇਹ ਪ੍ਰਤੀਕ੍ਰਿਆ ਕਰਨ ਵਾਲੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਗਲਤ ਕੀਤੀ ਹੈ| ਉਨ੍ਹਾਂ ਦੀ ਗਲਤੀ ਸਹਿਜੇ ਤੌਰ 'ਤੇ ਇਹ ਸੱਚ ਪ੍ਰਗਟ ਕਰਦੀ ਹੈ ਕਿ ਜਿੰਨਾਂ ਉਹ ਪਹਿਲਾਂ ਸੋਚਦੇ ਸਨ ਓਨਾ ਉਹ ਨਹੀਂ ਜਾਣਦੇ ਹਨ| ਉਸ ਤਰ੍ਹਾਂ ਦੀ ਚਾਲ ਵਿਚ ਫੱਸਣ ਦਾ ਅਨੋਖਾ ਅਨੁਭਵ ਸਿੱਖਣ ਵਾਲਿਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਸੁਣਨ ਅਤੇ ਸਿੱਖਣ ਵਿਚ ਹੋਰ ਵੀ ਦਿਲਚਸਪੀ ਬਣ ਜਾਵੇ|

ਕਈ ਵਾਰ ਲੋਕ ਇਹ ਵੇਖਦੇ ਹਨ ਕਿ ਪਹਿਲਾਂ ਜੋ ਉਨ੍ਹਾਂ ਨੇ ਕਹਾਣੀ ਦੇ ਬਾਰੇ ਸੁਣਿਆਂ ਸੀ (ਅਤੇ ਸੋਚ ਰਹੇ ਸਨ ਕਿ ਉਹ ਸਹੀ ਸੀ) ਉਹ ਸਹੀ ਨਹੀਂ ਸੀ, ਇਹ ਵੀ ਕਿ ਉਨ੍ਹਾਂ ਕਹਾਣੀ ਵਿਚੋਂ ਬਹੁਤ ਕੁਝ ਗੁਆ ਦਿੱਤਾ ਹੈ| ਇਹ ਲੋਕ ਇਹ ਵੀ ਜਾਣ ਜਾਂਦੇ ਹਨ ਕਿ ਉਨ੍ਹਾਂ ਨੂੰ ਕਹਾਣੀ ਨੂੰ ਉਸੇ ਹੀ ਰੂਪ ਵਿਚ ''ਸੁਣਨਾ" ਚਾਹੀਦਾ ਹੈ ਜਿਸ ਤਰ੍ਹਾਂ ਉਹ ਸਹੀ ਰੂਪ ਵਿਚ ਹੈ|

ਪਵਿੱਤਰ ਆਤਮਾ, ਇਕ ਮਹਾਨ ਸਿੱਖਿਅਕ

ਵਿਸ਼ਵਾਸੀ ਹੋਣ ਦੇ ਨਾਤੇ, ਅਵਿਸ਼ਵਾਸੀਆਂ ਨਾਲ ਮਿਲਣ ਉੱਤੇ ਕੀ ਅਸੀਂ ਸਿਰਫ ਯੂਹੰਨਾ 3:16 ਹੀ ਦੱਸਦੇ ਹਾਂ ਅਤੇ ਫਿਰ ਅਸੀਂ ਉਸ ਵਿਅਕਤੀ ਨਾਲ ਅਗਲੇ ਪਦ ਦੇ ਬਾਰੇ ਗੱਲਬਾਤ ਕਰਦੇ ਹਾਂ? ਕੀ ਅਸੀਂ ਪਵਿੱਤਰ ਸ਼ਾਸਤਰ ਉੱਤੇ ਵਿਚਾਰ ਕਰਨ ਤੋਂ ਰੁੱਕ ਜਾਂਦੇ ਹਾਂ ਕਿਉਂਕਿ ਅਸੀਂ ਸੋਚਦੇ ਹਾਂ ਕਿ ਸਿਖਾਉਣਾ ਤਾਂ ਸਿਰਫ ਪਵਿੱਤਰ ਆਤਮਾ ਦਾ ਹੀ ਕੰਮ? ਨਹੀਂ! ਅਸੀਂ ਅਕਸਰ ਉਸ ਵਚਨ ਉੱਤੇ ਵਿਚਾਰ ਕਰਦੇ ਹਾਂ|

ਅਸੀਂ ਜਾਣਦੇ ਹਾਂ ਬਾਈਬਲ ਕਹਿੰਦੀ ਹੈ ਕਿ ਪਵਿੱਤਰ ਆਤਮਾ ਸਾਨੂੰ ਸਾਰੀ ਸਚਿਆਈ ਵਿਚ ਅਗੁਵਾਈ ਕਰੇਗਾ| ਪਰ ਦੁੱਖ ਵਾਲੀ ਗੱਲ ਹੈ, ਜਿਵੇਂ ਅਸੀਂ STS ਨੂੰ ਦੱਸਣ ਲਈ ਸੰਸਾਰ ਭਰ ਵਿਚ ਯਾਤਰਾ ਕਰਦੇ ਹਾਂ ਅਸੀਂ ਲਗਾਤਾਰ ਵੇਖਦੇ ਹਾਂ ਕਿ ਜ਼ਿਆਦਾਤਰ ਵਿਸ਼ਵਾਸੀ ਇਹ ਵੀ ਨਹੀਂ ਜਾਣਦੇ ਕਿ ਬਾਈਬਲ ਦੀ ਕਹਾਣੀਆਂ ਵਿਚ ਖ਼ਜ਼ਾਨੇ ਹਨ, ਸਿਰਫ ਇੰਨਾ ਹੀ ਜਾਣੀਏ ਕਿ ਪਰਮੇਸ਼ਰ ਉਨ੍ਹਾਂ ਨੂੰ ਸਿੱਖਣ ਵਿਚ ਮਦਦ ਕਰੇਗਾ|

ਇਸ ਤਰ੍ਹਾਂ ਪਵਿੱਤਰ ਆਤਮਾ ਸਿਖਾਉਣ ਲਈ ਉਡੀਕ ਕਰਦਾ ਹੈ, ਖਾਲੀ ਕਲਾਸ ਰੂਮ ਦੇ ਸਾਹਮਣੇ ਖੜ੍ਹਾ ਹੈ|

STS ਵਿਚ, ਜਦ ਅਸੀਂ ਕਹਾਣੀ ਤਿਆਰ ਕਰਦੇ ਹਾਂ, ਅਸੀਂ ਪਰਮੇਸ਼ਰ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਕਹਾਣੀ ਵਿਚਲੇ ਖ਼ਜ਼ਾਨੇ ਵਿਖਾਵੇ ਅਤੇ ਅਸੀਂ ਪ੍ਰਸ਼ਨ ਤਿਆਰ ਕਰਨ ਵਿਚ ਉਸ ਦੀ ਮਦਦ ਲੈਂਦੇ ਹਾਂ ਉਹ ਸਾਨੂੰ ਦੂਜਿਆਂ ਨੂੰ ਖ਼ਜ਼ਾਨੇ ਲੱਭਣ ਵਿਚ ਅਗੁਵਾਈ ਕਰਨ ਦੀ ਮਦਦ ਕਰੇਗਾ ਜਿਹੜੇ ਪਹਿਲਾਂ ਅਸੀਂ ਲੱਭੇ ਸਨ| ਜਿਵੇਂ ਜਿਵੇਂ ਅਸੀਂ ਸੁਣਨ ਵਲਿਆਂ ਤੋਂ ਪ੍ਰਸ਼ਨ ਪੁੱਛਦੇ ਹਾਂ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪਵਿੱਤਰ ਆਤਮਾ ਸਾਡੇ ਵਿਚਾਰ ਵਟਾਂਦਰੇ ਲਈ ਅਗੁਵਾਈ ਕਰੇ| ਤਦ, ਸੁਣਨ ਵਾਲਿਆਂ ਦੇ ਰਾਹੀਂ ਖੋਜ ਹੋ ਜਾਂਦੀ ਹੈ, ਅਸੀਂ ਜਾਣ ਲੈਂਦੇ ਹਾਂ ਕਿ ਪਵਿੱਤਰ ਆਤਮਾ ਕਮਰੇ ਵਿਚ ਹਰੇਕ ਦੇ ਦਿਲ ਨਾਲ ਸਾਡੇ ਦਿਲ ਨਾਲ ਵੀ ਗੱਲਬਾਤ ਕਰ ਰਿਹਾ ਹੈ|

STS ਵਿਚ, ਜਦ ਅਸੀਂ ਕਹਾਣੀ ਤਿਆਰ ਕਰਦੇ ਹਾਂ, ਅਸੀਂ ਪਰਮੇਸ਼ਰ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਕਹਾਣੀ ਵਿਚਲੇ ਖ਼ਜ਼ਾਨੇ ਵਿਖਾਵੇ ਅਤੇ ਅਸੀਂ ਪ੍ਰਸ਼ਨ ਤਿਆਰ ਕਰਨ ਵਿਚ ਉਸ ਦੀ ਮਦਦ ਲੈਂਦੇ ਹਾਂ ਉਹ ਸਾਨੂੰ ਦੂਜਿਆਂ ਨੂੰ ਖ਼ਜ਼ਾਨੇ ਲੱਭਣ ਵਿਚ ਅਗੁਵਾਈ ਕਰਨ ਦੀ ਮਦਦ ਕਰੇਗਾ ਜਿਹੜੇ ਪਹਿਲਾਂ ਅਸੀਂ ਲੱਭੇ ਸਨ| ਜਿਵੇਂ ਜਿਵੇਂ ਅਸੀਂ ਸੁਣਨ ਵਲਿਆਂ ਤੋਂ ਪ੍ਰਸ਼ਨ ਪੁੱਛਦੇ ਹਾਂ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪਵਿੱਤਰ ਆਤਮਾ ਸਾਡੇ ਵਿਚਾਰ ਵਟਾਂਦਰੇ ਲਈ ਅਗੁਵਾਈ ਕਰੇ| ਤਦ, ਸੁਣਨ ਵਾਲਿਆਂ ਦੇ ਰਾਹੀਂ ਖੋਜ ਹੋ ਜਾਂਦੀ ਹੈ, ਅਸੀਂ ਜਾਣ ਲੈਂਦੇ ਹਾਂ ਕਿ ਪਵਿੱਤਰ ਆਤਮਾ ਕਮਰੇ ਵਿਚ ਹਰੇਕ ਦੇ ਦਿਲ ਨਾਲ ਸਾਡੇ ਦਿਲ ਨਾਲ ਵੀ ਗੱਲਬਾਤ ਕਰ ਰਿਹਾ ਹੈ|

ਹਾਲੇ ਵੀ ਤੁਹਾਨੂੰ ਸੁਣਨ ਵਾਲਿਆਂ ਨਾਲ ਸੰਵੇਦਨਸ਼ੀਲ ਹੋਣ ਦੀ ਲੋੜ ਹੈ| ਪਵਿੱਤਰ ਆਤਮਾ ਜਾਂ ਇਕ ਵਿਅਕਤੀ ਦੀ ਜਾਣਨ ਦੀ ਇੱਛਾ ਇਹ ਅਣਚਾਹੇ ਪ੍ਰਸ਼ਨਾਂ ਨੂੰ ਖੜ੍ਹਾਕਰਦੀ ਹੈ| ਕਹਾਣੀ ਤੋਂ ਬਾਹਰਲੇ ਪ੍ਰਸ਼ਨਾਂ ਨੂੰ ਸਚਿਆਈ ਦੀ ਖੋਜ ਕਰਨ ਦੇ ਸੁਨਹਰੀ ਮੌਕੇ ਦੇ ਰੂਪ ਵਿਚ ਵੇਖੋ| ਇਸ ਤਰ੍ਹਾਂ ਦੇ ਮੌਕਿਆਂ ਨੂੰ ਕਦੀ ਵੀ ਨਾ ਹੱਥੋਂ ਜਾਣ ਦਿਓ| ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦਿਓ|

ਕਹਾਣੀਵਾਚਕ STS ਦੇ ਇਸ ਵਿਚਾਰ ਵਟਾਂਦਰੇ ਦੇ ਤਰੀਕੇ ਵਿਚ ਪ੍ਰਸ਼ਨਾਂ ਦੇ ਪ੍ਰਤੀ ਜੋ ਇਸਤੇਮਾਲ ਕਰਨੇ ਹਨ ਸੰਵੇਦਨਸ਼ੀਲ ਹੋਣਾ ਸਿੱਖ ਸਕਦੇ ਹਨ| ਇਕ ਸਮਝਦਾਰ ਸਿੱਖਿਅਕ ਜਾਣ ਜਾਂਦਾ ਹੈ ਜਦ ਕਲਾਸ ਰੂਮ ਵਿਚ ਵਿਦਿਆਰਥੀ ਆਪਣੇ ਖ਼ਜ਼ਾਨੇ ਲੱਭਣਾ ਅਰੰਭ ਕਰਦੇ ਹਨ, ਉਹ ਕਹਾਣੀਵਾਚਕ ਜਾਂ ਸਿੱਖਿਅਕ ਕੁਝ ਪ੍ਰਤੱਖ ਸੰਕੇਤਦੇ ਰੂਪ ਵਿਚ ਵਾਪਿਸ ਆ ਸਕਦੇ ਹਨ ਅਤੇ ਉਹ ਹੌਲੀ ਹੌਲੀ ਹੋਰ ਵੀ ਖੋਜ ਕਰਨਗੇ|

ਪ੍ਰੇਮ ਦਰਸ਼ਾਓ

ਜਦ ਅਸੀਂ ਸਿੱਖਿਆ ਸ਼ੈਲੀ ਦੇ ਇਸ ਵਿਚਾਰ ਵਟਾਂਦਰੇ ਨੂੰ ਇਸਤੇਮਾਲ ਕਰਦੇ ਹਾਂ, ਸਾਨੂੰ ਇਕ ਸਸ਼ਕਤ ਸਫਲਤਾ ਦੀ ਕੁੰਜੀ ਨੂੰ ਇਸਤੇਮਾਲ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਕਿ ਅਸੀਂ 1 ਕੁਰਿੰਥੀਆਂ 13:1 ਵਿਚ ਵੇਖਿਆ ਹੈ, ਸਾਨੂੰ ਪ੍ਰੇਮ ਦਰਸ਼ਾਉਣਾ ਜ਼ਰੂਰੀ ਹੈ| ''ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿਚ ਪ੍ਰੇਮ ਨਾ ਹੋਵੇ ਤਾਂ ਠਣ ਠਣ ਕਰਨ ਵਾਲਾ

ਪਿੱਤਲ ਅਥਵਾ ਛਣ ਛਣ ਕਰਨ ਵਾਲੇ ਛੈਣੇ ਬਣਿਆ ਹਾਂ|"

ਇਹ ਜਾਣੋ: ਜ਼ਿਆਦਾਤਰ ਲੋਕ ਘਬਰਾ ਜਾਂਦੇ ਹਨ ਜਦ ਉਹ ਕਿਸੇ ਗਰੁੱਪ ਸਾਹਮਣੇ ਖੜ੍ਹੇ ਹੁੰਦੇ ਹਨ ਅਤੇ ਬੋਲਦੇ ਹਨ, ਇਸ ਲਈ ਤੁਸੀਂ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਰਹੋ|
ਹੋ ਸਕਦਾ ਹੈ ਕਿ ਤੁਸੀਂ ਕਿਸੇ ਸਮੇ ਆਗੂਆਂ ਜਾਂ ਪਾਸਟਰਾਂ ਨੂੰ ਸਿਖਾਓ| ਬੇਸ਼ਕ ਕੋਈ ਸ਼ੱਕ ਦੀ ਗੱਲ ਨਹੀਂ ਲੋਕਾਂ ਦੇ ਸਾਹਮਣੇ ਉਹ ਠੀਕ ਰਹਿੰਦੇ ਹਨ, ਜ਼ਿਆਦਾਤਰ ਉਨ੍ਹਾਂ ਦੀ ਖੁਲ੍ਹੇਆਮ ''ਰੋਕ ਟੋਕ" ਨਾ ਹੋਈ ਹੁੰਦੀ (ਘੱਟੋ ਘੱਟ ਲੰਮੇ ਸਮੇਂ ਤੋਂ ਨਾ ਹੋਈ ਹੋਵੇ!).
ਇਸ ਲਈ ਜਦ ਤੁਸੀਂ ਵਿਚਾਰ ਵਟਾਂਦਰਾ ਇਸਤੇਮਾਲ ਕਰਦੇ ਹੋਏ ਸਿਖਾਉਂਦੇ ਹੋ, ਤਾਂ ਖਾਸਤੌਰ 'ਤੇ ਡਰੇ ਹੋਇਆਂ ਲਈ ਅਤੇ ਉਨ੍ਹਾਂ ਆਗੂਆਂ ਲਈ ਜਿਹੜੇ ਖੁਲ੍ਹੇਆਮ ਰੋਕ ਟੋਕ ਹੋਣ ਦੇ ਆਦੀ ਨਹੀਂ ਹਨ ਉਨ੍ਹਾਂ ਨੂੰ ਉੱਤਰ ਦੇਣ ਵਿਚ ਸੰਵੇਦਨਸ਼ੀਲ ਬਣੋ| ਜਦ ਸੁਣਨ ਵਾਲੇ ਕਹਾਣੀ ਨੂੰ ਦੁਬਾਰਾ ਸੁਣਾਉਣ, ਜਾਂ ਪ੍ਰਸ਼ਨਾਂ ਦੇ ਉੱਤਰ ਦੇਣ ਜਾਂ ਜਦਕਿ ਉਹ ਆਪਣੇ ਨਿਰੀਖਣ ਪੇਸ਼ ਕਰਨ, ਇਹ ਗੱਲ ਯਾਦ ਰੱਖੋ| ਇਸ ਵਿਚ ਕੋਈ ਪਰਵਾਹ ਨਹੀਂ ਕਿ ਲੋਕ ਐਨਾ ਤਸੱਲੀਬਖਸ਼ ਜਵਾਬ ਨਾ ਦੇਣ, ਇਹ ਜ਼ਰੂਰੀ ਹੈ ਕਿ ਕਹਾਣੀਵਾਚਕ ਜਾਂ ਸਿੱਖਿਅਕ ਬਹੁਤ ਨਰਮ ਰਹੇ ਅਤੇ ਜਿਹੜੀ ਵੀ ਦਰੁਸਤੀ ਕੀਤੀ ਜਾਵੇ ਉਸ ਵਿਚ ਮਜਬੂਤ ਰਹਿਣ|

ਹਮੇਸ਼ਾ ਯਾਦ ਰੱਖੋ ਕਿ ਬਜਾਏ ਇਸ ਦੇ ਕਿ ਸਖਤਾਈ ਨਾਲ ਦਰੁਸਤੀ ਕੀਤੀ ਜਾਣ ਨਾਲੋਂ ਨਰਮਾਈ ਨਾਲ ਕੀਤੀ ਦਰੁਸਤੀ ਜਿਹੜੀ ਕਿ ਮੁਸਕਰਾਹਟ ਨਾਲ ਹੁੰਦੀ ਹੈ ਉਹ ਅਸਾਨੀ ਨਾਲ ਕਬੂਲ ਕੀਤੀ ਜਾਂਦੀ ਹੈ| ਕਹਾਣੀਵਾਚਕ ਹੋਣ ਦੇ ਨਾਤੇ ਧਿਆਨ ਵਿਚ ਰੱਖੋ ਕਿ ਗਰੁੱਪ ਦਾ ਮਾਹੋਲ ਬਣਿਆ ਰਹੇ| ਤੁਹਾਡੇ ਕੋਲ ਇਕ ਚੋਣ ਹੈ| ਚਾਹੇ ਤਾਂ ਤੁਸੀਂ ਸੁਣਨਵਾਲਿਆਂ ਨੂੰ ਪੜਤਾਲ ਅਤੇ ਖੋਜ ਕਰਨ ਦੇ ਅਨੁਭਵ ਲਈ ਉਤਸ਼ਾਹਿਤ ਕਰ ਸਕਦੇ ਹੋ ਕਿ ਉਹ ਆਪਣੇ ਵਿਚਾਰਾਂ ਅਤੇ ਖਿਆਲਾਂ ਨੂੰ ਪ੍ਰਗਟ ਕਰਨ ਜਾਂ ਤੁਸੀਂ ਉਨ੍ਹਾਂ ਲਈ ਪਰੇਸ਼ਾਨੀ ਅਤੇ ਨਿਰਾਸਾ ਖੜ੍ਹੀ ਕਰ ਸਕਦੇ ਹੋ ਕਿ ਵਿਦਿਆਰਥੀ ਅਜਿਹਾ ਮਹਿਸੂਸ ਕਰਨ ਕਿ ਉਹ ਵਿਚਾਰ ਵਟਾਂਦਰੇ ਨੂੰ ਇਕ ਇਮਤਿਹਾਨ ਸਮਝਣ ਅਤੇ ਉਹ ਹਮੇਸ਼ਾ ਸਹੀ ਉੱਤਰ ਹੀ ਦੇਣ|

ਜਿਸ ਤਰ੍ਹਾਂ ਕਿ ਤੁਸੀਂ ਆਪਣੀ ਕਹਾਣੀ ਨੂੰ ਯਾਦ ਕਰਨ ਲਈ ਅਤੇ ਪ੍ਰਸ਼ਨ ਪੁੱਛਣ ਲਈ ਬਹੁਤ ਮਿਹਨਤ ਕਰਦੇ ਹੋ, ਉਨ੍ਹਾਂ ਲੋਕਾਂ ਬਾਰੇ ਸੋਚੋ ਜਿਨ੍ਹਾਂ ਦੀ ਤੁਸੀਂ ਅਗੁਵਾਈ ਕਰਨੀ ਹੈ ਉਨ੍ਹਾਂ ਨੂੰ ਉੱਤਰ ਦਿੰਦੇ ਹੋਏ ਪਹਿਲੀ ਗੱਲ ਇਹ ਦਿਮਾਗ ਵਿਚ ਰੱਖੋ ਕਿ ਇਹ ਤੁਹਾਡੀ ਮਹਾਰਤ ਨਹੀਂ ਜਿਹੜੀ ਕਿ ਅਹਿਮੀਅਤ ਰੱਖਦੀ ਹੈ ਪਰ ਇਹ ਤੁਹਾਡਾ ਪ੍ਰੇਮ ਹੈ ਜੋ ਕਿ ਤੁਸੀਂ ਲੋਕਾਂ ਵਿਚ ਆਪਣੀ ਮਹਾਰਤਰ ਇਸਤੇਮਾਲ ਕਰਦੇ ਹੋਏ ਇਸ ਨੂੰ ਪ੍ਰਗਟਾਉਂਦੇ ਹੋ!

ਢੰਗ 3: ਆਪਣੇ ਪ੍ਰਸ਼ਨਾਂ ਦੀ ਰਚਨਾ ਕਿਸ ਤਰ੍ਹਾਂ ਕਰੀਏ

ਬਾਈਬਲ ਦੀ ਕਹਾਣੀਆਂ ਸੁਣਾਉਣ ਦੇ ਉਦੇਸ਼ ਅਤੇ ਫਲ ਅਤੇ ਫਿਰ ਜਿਨ੍ਹਾਂ ਉੱਤੇ ਵਿਚਾਰ ਵਟਾਂਦਰਾ ਕਰਨਾ ਹੈ, ਉਹ ਇਹ ਹਨ:

- ਪਰਮੇਸ਼ਰ ਦੇ ਗੁਣ ਬਾਰੇ ਸਿੱਖਣਾ|
- ਉਹ ਮਨੁੱਖ ਜਾਤ ਲਈ ਅਤੇ ਉਸ ਤੋਂ ਕੀ ਚਾਹੁੰਦਾ ਹੈ ਦੇ ਬਾਰੇ ਸਿੱਖਣਾ|
- ਆਪਣੇ ਬਾਰੇ ਸਚਿਆਈਆਂ ਨੂੰ ਵੇਖਣਾ ਅਤੇ ਕਬੂਲ ਕਰਨਾ|

ਕੀਨੀਆਂ ਵਿਚ STS ਦੀ ਵਰਕਸ਼ਾਪ ਤੋਂ ਬਾਦ, ਇਕ ਕਲੀਸੀਆ ਸਥਾਪਕ ਜੋ ਵਰਕਸ਼ਾਪ ਵਿਚ ਆਇਆ ਅਤੇ ਇਕ ਸਮਝਦਾਰੀ ਵਾਲਾ ਨਿਰੀਖਣ ਦੱਸਿਆ| ਇਹ ਮਨੁੱਖ, ਥਿਓਲੋਜੀ ਟ੍ਰੇਨਿੰਗ ਵਿਚ ਮਜਬੂਤ ਹੈ, ਸਾਰੇ ਸ਼ਹਿਰ ਨੂੰ ਸੇਵਾ ਵਿਚ ਲਾ ਦਿੱਤਾ, ਪਰ ਚਾਰ ਸਾਲਾਂ ਵਿਚ ਉਸ ਨੇ ਵੇਖਿਆ ਕਿ ਪਿੰਡ ਦੀ ਸੇਵਾ ਵਿਚ ਬਹੁਤ ਘੱਟ ਫਲ ਹੈ|

ਇਸ ਵਰਕਸ਼ਾਪ ਵਿਚ ਆਉਣ ਲਈ ਉਸ ਨੇ ਊਠ ਉੱਤੇ ਦੋ ਦਿਨ, ਇਕ ਦਿਨ ਟਰਕ ਉੱਤੇ ਅਤੇ ਇਕ ਦਿਨ ਬੱਸ ਉੱਤੇ ਯਾਤਰਾ ਕੀਤੀ! ਜੋ ਉਸ ਨੇ ਵਰਕਸ਼ਾਪ ਸਿੱਖਿਆ ਉਹ ਉਸ ਨੂੰ ਬਹੁਤ ਚਾਹੁਣ ਲੱਗਾ, ਸ਼ਕਤੀ ਨਾਲ ਭਰਿਆ ਹੋਇਆ ਮਹਿਸੂਸ ਕਰਨ ਲੱਗਾ! ਉਸ ਨੇ ਕਿਹਾ, ''ਮੈਂ ਉਹ ਸਿਖਾ ਰਿਹਾ ਸੀ ਜੋ ਮੈਨੂੰ ਦੂਜਿਆਂ ਨੇ ਸਿਖਾਇਆ ਸੀ, ਪਰ ਇਸ ਟ੍ਰੇਨਿੰਗ ਤਕ ਮੈਂ ਇਹ ਨਹੀਂ ਜਾਣਿਆਂ ਸੀ ਕਿ ਬਾਈਬਲ ਵਿਚੋਂ ਕਿਸ ਤਰ੍ਹਾਂ ਸਿੱਖਣਾ ਹੈ|

''ਹੁਣ ਮੈਂ ਵੇਖਦਾ ਹਾਂ ਕਿ ਮੈਂ ਲੋਕਾਂ ਨੂੰ ਉਸ ਸਥਾਨ ਉੱਤੇ ਨਹੀਂ ਲੈ ਜਾ ਸਕਦਾ ਜਿਥੇ ਮੈਂ ਹਾਲੇ ਤਕ ਆਪ ਨਹੀਂ ਗਿਆ|''

ਇਸ ਲਈ ਅਸੀਂ ਪ੍ਰਸ਼ਨਾਂ ਦਾ ਇਸਤੇਮਾਲ ਕਰਦੇ ਹਾਂ| ਸਭ ਤੋਂ ਪਹਿਲਾਂ ਕਹਾਣੀ ਵਾਚਕ ਪਰਮੇਸ਼ਰ ਦੇ ਵਚਨ ਤੋਂ ਆਪਣੇ ਲਈ ਨਵੀਆਂ ਗੱਲਾਂ ਸਿੱਖਦਾ ਹੈ ਅਤੇ ਫਿਰ ਪ੍ਰਸ਼ਨਾਂ ਦੇ ਰਾਹੀਂ ਕਹਾਣੀ ਵਾਚਕ ਦੂਜਿਆਂ ਦੀ ਕੀਮਤੀ ਸਚਿਆਈਆਂ ਵੱਲ ਅਗੁਵਾਈ ਕਰਦਾ ਹੈ ਜੋ ਉਨ੍ਹਾਂ ਨੇ ਸਿੱਖਿਆਂ ਹਨ|

ਲੋਕ STS ਤੋਂ ਸਿੱਖ ਕੇ ਲੋਕਾਂ ਨੂੰ ਖ਼ਜ਼ਾਨੇ ਵੱਲ ਅਗੁਵਾਈ ਕਰਨ ਲਈ ਅਕਸਰ ਸਿੱਧ ਪ੍ਰਸ਼ਨ ਪੁੱਛਣ ਦੀ ਕੋਸ਼ਿਸ਼ ਕਰਦੇ ਹਨ| ਇਹ ਬਹੁਤ ਘੱਟ ਕੰਮ ਕਰਦਾ ਹੈ| ਤੁਸੀਂ ਇਕ ਰੋਟੀ ਪਿੰਜਰੇ ਦੇ ਸਾਹਮਣੇ ਰੱਖ ਕੇ ਇਹ ਆਸ ਨਹੀਂ ਕਰ ਸਕਦੇ ਕਿ ਪੰਛੀ ਆਪਣੇ ਆਪ ਖਾਵੇਗਾ| ਪੰਛੀ ਨੂੰ ਪਿੰਜਰੇ ਚੋਂ ਬਾਹਰ ਲਿਆਉਣ ਲਈ ਤੁਹਾਨੂੰ ਰੋਟੀ ਦੇ ਚੂਰ ਕਰਕੇ ਪਿੰਜਰੇ ਦੇ ਬਾਹਰ ਖਿਲਾਰਨਾ ਹੋਵੇਗਾ| ਉਸੇ ਹੀ ਤਰ੍ਹਾਂ, ਜਦ ਤੁਸੀਂ ਲੋਕਾਂ ਨੂੰ ਆਤਮਿਕ ਖ਼ਜ਼ਾਨੇ ਲੱਭਣ ਲਈ ਪ੍ਰਸ਼ਨਾਂ ਰਾਹੀਂ ਅਗੁਵਾਈ ਕਰਨਾ ਚਾਹੁੰਦੇ ਹੋ, ਜ਼ਿਆਦਾਤਰ ਤੁਹਾਨੂੰ ਛੋਟੇ ਛੋਟੇ ਪ੍ਰਸ਼ਨਾਂ ਦੀ ਇਕ ਲੜੀ ਦਾ ਇਸਤੇਮਾਲ ਕਰਨ ਦੀ ਜ਼ਰੂਰਤ ਹੈ ਜੋ ਕਿ ਬੜੀ ਅਸਾਨੀ ਨਾਲ ਸੁਣਨਵਾਲਿਆਂ ਨੂੰ ਸਚਿਆਈ ਵੱਲ ਅਗੁਵਾਈ

ਕਰੇਗਾ|

ਕਿਰਪਾ ਕਰਕੇ ਧਿਆਨ ਦਿਓ: ਅਗਲਾ ਅਧਿਆਏ ਅਭਿਆਸ ਕਰਨ ਲਈ ਅਬਰਾਹਾਮ ਅਤੇ ਸਾਰਾਹ ਦੀ ਕਹਾਣੀ ਹੈ| ਇਸ ਵਿਚ, ਅਤੇ ਹੋਰ ਵੀ ਕਹਾਣੀਆਂ ਵਿਚ ਜਿਹੜੀਆਂ ਕਿ ਇਸ ਹਸਤਪੁਸਤਿਕਾ ਵਿਚ ਬਾਦ ਵਿਚ ਆਉਣਗੀਆਂ, ਉਨ੍ਹਾਂ ਵਿਚ ਤੁਹਾਡੇ ਲਈ ਬਹੁਤ ਸਾਰੇ ਨਿਰੀਖਣ, ਪ੍ਰਯੋਗ ਅਤੇ ਪ੍ਰਸ਼ਨ ਲਿਖੇ ਗਏ ਹਨ| ਪਰ ਵਿਚ STS, ਅਸੀਂ ਤੁਹਾਨੂੰ ਸਿਖਾਉਂਦੇ ਹਾ ਕਿ ਕਦੀ ਵੀ ਆਪਣੇ ਪ੍ਰਸ਼ਨ ਨਾ ਲਿਖੋ! ਤੁਹਾਨੂੰ ਇਸ ਦੀ ਜ਼ਰੂਰਤ ਨਹੀਂ ਹੈ ਅਤੇ ਇਹ ਆਪਸੀ ਗੱਲਬਾਤ ਉੱਤੇ ਵਿਘਨ ਪੈਦਾ ਕਰਦਾ ਹੈ| ਅਸੀਂ ਇਸ ਹਸਤਪੁਸਤਿਕਾ ਵਿਚ ਪ੍ਰਸ਼ਨਾਂ ਦੀ ਸੂਚੀ ਦਿੱਤੀ ਹੈ ਸਿਰਫ ਇਸ ਲਈ ਕਿ ਜਿਹੜੇ ਪੜ੍ਹ ਲਿਖੇ ਹਨ ਅਤੇ ਉਹ ਜਿਹੜੇ STS ਦੀ ਵਰਕਸ਼ਾਪ ਵਿਚ ਆਉਣ ਤੋਂ ਅਸਮਰਥ ਹਨ, ਉਹ ਦਿਮਾਗੀ ਤੌਰ 'ਤੇ ਦੀ ਪ੍ਰਕ੍ਰਿਆ ਦੀ ਤਿਆਰੀ ਕਰਨ ਦੇ ਯੋਗ ਹੋ ਜਾਣ| ਇਹ ਤਾਂ ਸਿਰਫ ਨਮੂਨੇ ਲਈ ਪ੍ਰਸ਼ਨ ਹਨ| ਤੁਹਾਡੇ ਆਪਣੇ ਅਧਿਐਨ ਦੇ ਸਮੇ ਅਤੇ ਦੂਜਿਆਂ ਨੂੰ ਸਿਖਾਉਣ ਲਈ ਤੁਸੀਂ ਪ੍ਰਸ਼ਨਾਂ ਨੂੰ ਸੋਚਣ ਦੇ ਹੁੱਨਰ ਨੂੰ ਪ੍ਰਾਪਤ ਕਰੇਗੇ|

ਜਿਵੇਂ ਕਿ ਤੁਸੀਂ ਇਕ ਕਹਾਣੀ ਵਾਚਕ ਹੋ, ਕਹਾਣੀ ਦੇ ਨਾਲ ਚੱਲੋ, ਕੁਝ ਨਿਰੀਖਣ ਅਤੇ ਪ੍ਰਯੋਗ ਹਨ ਜਿਨ੍ਹਾਂ ਦੀ ਅਸੀਂ ਸੂਚੀ ਦਿੱਤੀ ਹੈ ਖੋਜੀ ਜਾਵੇਗੀ ਅਤੇ ਉਨ੍ਹਾਂ ਰਾਹੀਂ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਤੁਸੀਂ ਸਿਖਾਓਗੇ, ਇਥੋਂ ਤਕ ਕਿ ਤੁਸੀਂ ਉਨ੍ਹਾਂ ਪ੍ਰਸ਼ਨਾਂ ਤਕ ਪਹੁੰਚੋ ਜਿਨ੍ਹਾਂ ਨੇ ਕਿ ਉਨ੍ਹਾਂ ਨੂੰ ਖਜਾਨਿਆਂ ਵੱਲ ਅਗਵਾਈ ਕਰਨੀ ਹੈ! ਸਿੱਖਣ ਵਾਲਿਆਂ ਦੇ ਰਾਹੀਂ ਖਜਾਨਿਆਂ ਨੂੰ ਪਹਿਲਾਂ ਭਾਲਣਾ ਬਹੁਤ ਹੀ ਬਹੁਮੁੱਲਾ ਹੈ, ਜਿਵੇਂ ਕਿ ਇਹ ਦਰਸ਼ਾਉਂਦਾ ਹੈ ਕਿ ਲੋਕ ਸਿੱਖ ਰਹੇ ਹਨ ਕਿ ਕਿਸ ਤਰ੍ਹਾਂ ਵਚਨ ਨੂੰ ਗਹਿਰਾਈ ਨਾਲ ਵੇਖਣਾ ਅਤੇ ਆਪਣੇ ਲਈ ਖਜਾਨਿਆਂ ਦੀ ਭਾਲ ਕਰਨਾ ਹੈ

ਦੂਜਿਆਂ ਨੂੰ ਖਜਾਨਿਆਂ ਵੱਲ ਲੈ ਜਾਣ ਲਈ ਪ੍ਰਸ਼ਨਾਂ ਦੀ ਰਚਨਾ ਕਰਨਾ

ਜਿਹੜੇ ਕਿ ਦੂਜਿਆਂ ਨੂੰ ਖਜਾਨੇ ਭਾਲਨ ਵਿਚ ਮਦਦਗਾਰ ਹੁੰਦੇ ਹਨ, ਉਨ੍ਹਾਂ ਪ੍ਰਸ਼ਨਾਂ ਨੂੰ ਤਿਆਰ ਕਰਨ ਲਈ ਵਾਪਿਸ ਕਹਾਣੀ ਦੇ ਅਰੰਭ ਵਿਚ ਜਾਓ| ਆਪਣੇ ਮਨ ਵਿਚ ਸਾਰੀ ਕਹਾਣੀ ਨੂੰ ਦੁਹਰਾਓ, ਜਿਹੜੇ ਆਤਮਿਕ ਨਿਰੀਖਣ ਤੁਸੀਂ ਭਾਲੇ ਹਨ, ਉਨ੍ਹਾਂ ਦੇ ਬਾਰੇ ਸੋਚੋ| ਤੁਹਾਨੂੰ ਯਾਦ ਹੈ ਕਿ ਕਿਸ ਤਰ੍ਹਾਂ ਉਸ ਸਮਝਦਾਰ ਸਲਾਹਕਾਰ ਨੇ ਕਹਾਣੀ ਦੇ ਹਰੇਕ ਹਿੱਸੇ ਵਿਚ ਪ੍ਰਸ਼ਨ ਪੁੱਛਣ ਦੀ ਮਹੱਤਤਾ ਨੂੰ ਦਰਸ਼ਾਇਆ ਸੀ? ਇਸੇ ਤਰ੍ਹਾਂ ਹੀ ਤੁਸੀਂ ਤਹਾਡੇ ਲਈ ਆਤਮਿਕ ਨਿਰੀਖਣਾਂ ਨੂੰ ਭਾਲਦੇ ਹੋ|

ਉਸੇ ਹੀ ਤਰ੍ਹਾਂ, ਤੁਹਾਨੂੰ ਆਪਣੇ ਸੁਣਨ ਵਾਲਿਆਂ ਤੋਂ ਲਗਾਤਾਰ ਪ੍ਰਸ਼ਨ ਪੁੱਛਣ ਦੀ ਜ਼ਰੂਰਤ ਹੈ ਤਾਕਿ
ਜਿਸ ਤਰ੍ਹਾਂ ਤੁਸੀਂ ਭਾਲ ਕੀਤੀ ਸੀ ਉਹ ਵੀ ਕਰਨ| ਸਚਿਆਈ ਇਹ ਹੈ, ਜੇਕਰ ਤੁਸੀਂ ਆਪਣੇ ਲਈ ਭਾਲੇ ਗਏ ਨਿਰੀਖਣਾਂ ਵਾਲੇ ਪ੍ਰਸ਼ਨਾਂ ਨੂੰ ਯਾਦ ਕਰਨ ਲਈ ਸਮਾ ਦੇਵੋਗੇ, ਅਕਸਰ ਤੁਸੀਂ ਉਹੀ ਪ੍ਰਸ਼ਨ ਦੁਬਾਰਾ ਇਸਤੇਮਾਲ ਨਹੀਂ ਕਰ ਸਕਦੇ ਹੋ| ਦੂਜਿਆਂ ਤੋਂ ਉਹੀ ਸਵਾਲ ਪੁੱਛੋ!

ਉਦਾਹਰਣ ਲਈ, ਜੇਕਰ ਤੁਸੀਂ ਉਤਪਤ 12:10-20 ਦੀ ਕਹਾਣੀ ਸੁਣਾ ਰਹੇ ਹੋ, ਤਿਆਰੀ ਕਰਦੇ ਹੋਏ ਤੁਸੀਂ ਬਹੁਤ ਸਾਰੀਆਂ ਗੱਲਾਂ ਨੂੰ ਵੇਖਿਆ ਹੋਵੇਗਾ, ਐਥੋਂ ਤਕ ਕਿ ਪਹਿਲੇ ਕੁਝ ਪਦਾਂ ਵਿਚ|

ਫੇਰ ਉਸ ਦੇਸ ਵਿਚ ਕਾਲ ਪੈ ਗਿਆ ਅਤੇ ਅਬਰਾਮ ਵਾਸ ਕਰਨ ਲਈ ਮਿਸਰ ਨੂੰ ਗਿਆ| ਕਿਉਂਕਿ ਕਾਲ ਧਰਤੀ ਉੱਤੇ ਭਾਰੀ ਸੀ| ਐਉਂ ਹੋਇਆ ਜਦ ਉਹ ਮਿਸਰ ਵਿਚ ਵੜਨ ਲਈ ਨੇੜੇ ਆਇਆ ਤਾਂ ਉਸ ਨੇ ਸਾਰਈ ਆਪਣੀ ਪਤਨੀ ਨੂੰ ਆਖਿਆ ਹੁਣ ਵੇਖ ਮੈਂ ਜਾਣਦਾ ਹਾਂ ਕਿ ਤੂੰ ਰੂਪਵੰਤੀ ਇਸਤਰੀ ਹੈਂ: ਸੋ ਇਉਂ ਹੋਊਗਾ ਜਦ ਮਿਸਰੀ ਤੈਨੂੰ ਵੇਖਣਗੇ ਤਦ ਉਹ ਕਹਿਣਗੇ ਕਿ ਇਹ ਉਸ ਦੀ ਤੀਵੀਂ ਹੈ ਅਤੇ ਉਹ ਮੈਨੂੰ ਮਾਰ ਸੁੱਟਣਗੇ ਪਰ ਤੈਨੂੰ ਜੀਉਂਦੀ ਰੱਖ ਲੈਣਗੇ| ਤੂੰ ਆਖੀਂ ਕਿ ਮੈਂ ਉਹ ਦੀ ਭੈਣ ਹਾਂ ਤਾਂ ਜੋ ਤੇਰੇ ਕਾਰਨ ਮੇਰਾ ਭਲਾ ਹੋਵੇ ਅਤੇ ਮੇਰੀ ਜਾਨ ਤੇਰੇ ਕਾਰਨ ਬਚ ਰਹੇ| (ਉਤਪਤ 12:10-20)

ਹੋ ਸਕਦਾ ਹੈ ਕਿ ਤੁਸੀਂ ਕਹਾਣੀ ਦੇ ਅਰੰਭ ਉੱਤੇ ਧਿਆਨ ਦਿੱਤਾ ਹੋਵੇ, ਅਬਰਾਮ, ਜਿਹੜਾ ਕਿ ਪਰਮੇਸ਼ਰ ਉੱਤੇ ਭਰੋਸਾ ਕਰ ਸਕਦਾ ਸੀ, ਇਸ ਦੇ ਬਜਾਏ ਉਹ ਡਰ ਗਿਆ| ਕਾਲ ਦੇ ਕਾਰਨ ਉਹ ਪ੍ਰਤਿੱਗਿਆ ਦੇ ਦੇਸ ਵਿਚੋਂ ਭੱਜ ਗਿਆ ਅਤੇ ਮਿਸਰ ਚਲਿਆ ਗਿਆ ਅਤੇ ਆਪਣੇ ਬਚਾਉ ਲਈ ਸਾਰਈ ਨੂੰ ਝੂਠ ਬੋਲਣ ਲਈ ਕਿਹਾ| (ਤੁਹਾਨੂੰ ਕਈਆਂ ਨੂੰ ਇਸ ਨਿਰੀਖਣ ਵਿਚ ਆਉਣ ਵਾਲੀ ਘਟਨਾ ਨੂੰ ਲੈ ਕੇ ਕੁਝ ਫਰਕ ਵਿਚਾਰ ਹੋਵੇ ਕਿ ਜਦ ਯਾਕੂਬ ਆਪਣੇ ਪਰਿਵਾਰ ਨਾਲ ਪਰਮੇਸ਼ਰ ਦੀ ਅਗੁਵਾਈ ਨਾਲ ਮਿਸਰ ਵਿਚ ਗਿਆ| ਸਹੀ ਹੈ ਪਰ, ਸ਼ਬਦ ''ਪਰਮੇਸ਼ਰ ਦੀ ਅਗੁਵਾਈ ਨਾਲ" ਇਨ੍ਹਾਂ ਦੋਹਾਂ ਘਟਨਾਂ ਵਿਚ ਫਰਕ ਦੱਸਦਾ ਹੈ|)

ਤਦ ਤੁਸੀਂ ਪਿੱਛੇ ਚਲੇ ਗਏ ਹੋਵੋਗੇ ਅਤੇ ਕੁਝ ਆਤਮਿਕ ਪ੍ਰਯੋਗਾਂ ਨੂੰ ਤਰਤੀਬ ਕਰਕੇ ਵੇਖਿਆ ਹੋਵੇਗਾ ਕਿ ਜਿਨ੍ਹਾਂ ਨਿਰੀਖਣਾਂ ਉੱਤੇ ਤੁਸੀਂ ਆਧਾਰਿਤ ਸੀ| ਤੁਸੀਂ ਵੇਖਿਆ ਹੋਵੇਗਾ ਕਿ ਪਰਮੇਸ਼ਰ ਨੇ ਸਭ ਲੋਕਾਂ ਨੂੰ ਪ੍ਰਤਿੱਗਿਆਵਾਂ ਦਿੱਤੀਆਂ ਹਨ ਉਹ ਸਾਡੇ ਜਾਣ ਅਤੇ ਉਸ ਸਥਾਨ ਉੱਤੇ ਪਵਿੱਤਰ ਸ਼ਾਸਤਰ ਦੇ ਪ੍ਰਤੀ ਆਗਿਆਕਾਰ ਹੋਣ ਉੱਤੇ ਅਧਾਰਿਤ ਹਨ| ਤੁਸੀਂ ਤਦ ਇਕ ਪ੍ਰਯੋਗ ਵੇਖੋਗੇ ਕਿ ਕਸ਼ਟ ਦੇ ਸਮੇ ਕਿਸ ਤਰ੍ਹਾਂ ਗਲਤ ਨਿਆਂ ਹੋ ਸਕਦਾ ਹੈ ਅਤੇ ਸਹਾਇਤਾ ਲਈ ਸੰਸਾਰਕ ਲੋਕਾਂ ਕੋਲ ਜਾਂਦੇ ਹਾਂ ਨਾ ਕਿ ਪਰਮੇਸ਼ਰ ਕੋਲ ਸਲਾਹ ਲੈਣ ਲਈ| ਉਸੇ ਹੀ ਤਰ੍ਹਾਂ ਤੁਸੀਂ ਮਹਿਸੂਸ ਕੀਤਾ ਹੋਵੇਗਾ ਕਿ ਕਮੀਆਂ ਦੇ ਸਮੇ ਅਸੀਂ ਪਾਪ ਕਰਦੇ ਹਾਂ ਜਿਵੇਂ ਕਿ ਛਲ ਕਰਨਾ, ਝੂਠ ਬੋਲਣਾ ਅਤੇ ਉਨ੍ਹਾਂ ਨਾਲ ਮਿਲਨਾ ਜਿਹੜੇ ਸਾਡੇ ਉੱਤੇ ਸਾਡੇ ਪਾਪਾਂ ਨਾਲ ਭਰੋਸਾ ਰੱਖਦੇ ਹਨ|

ਹੁਣ ਆਪਣੇ ਨਿਰੀਖਣਾਂ ਨੂੰ ਪ੍ਰਸ਼ਨਾਂ ਵਿਚ ਬਦਲੋ|

ਕਹਾਣੀ ਵਿਚ ਸਹਾਇਕ ਪ੍ਰਸ਼ਨ: ਜਿਵੇਂ ਤੁਸੀਂ ਆਪਣੇ ਸੁਣਨ ਵਾਲਿਆਂ ਨੂੰ ਖਜਾਨੇ ਭਾਲਣ ਦੀ ਅਗੁਵਾਈ ਕਰਨ ਲਈ ਪ੍ਰਸ਼ਨ ਤਿਆਰ ਕਰਦੇ ਹੋ ਜਿਹੜੇ ਤੁਸੀਂ ਭਾਲੇ ਹਨ, ਕਹਾਣੀ ਵਿਚ ਆਪਣੇ ਪ੍ਰਸ਼ਨਾਂ ਨਾਲ ਸਹਾਰਾ ਦਿਓ|

ਇਥੇ ਕੁਝ ਪ੍ਰਸ਼ਨ ਹਨ ਜਿਹੜੇ ਕਿ ਆਤਮਿਕ ਨਿਰੀਖਣਾਂ ਦੇ ਅਧਾਰ ਉੱਤੇ ਖੋਜ ਕਰਨ ਦਾ ਰਾਹ ਖੋਲ੍ਹ ਸਕਣਗੇ|

1. ਪਿਛਲੇ ਸਮੇ ਜਦ ਅਸੀਂ ਕਹਾਣੀ ਤੋਂ ਸਿੱਖਿਆ ਸੀ ਅਤੇ ਮਿਲਕੇ ਗੱਲਬਾਤ ਕੀਤੀ ਸੀ, ਪਰਮੇਸ਼ਰ ਨੇ ਅਬਰਾਹਾਮ ਨੂੰ ਕਿਥੇ ਜਾਣ ਲਈ ਕਿਹਾ ਅਤੇ ਪਰਮੇਸ਼ਰ ਨੇ ਉਸ ਨੂੰ ਕੀ ਕਿਹਾ ਸੀ ਕਿ ਉਥੇ ਉਹ ਉਸ ਨਾਲ ਕੀ ਕਰੇਗਾ?

2. ਅਸੀਂ ਵੇਖਿਆ ਕਿ ਕਾਲ ਨੇ ਅਬਰਾਮ ਨੂੰ ਪ੍ਰਤਿੱਗਿਆ ਦੇ ਦੇਸ ਨੂੰ ਛੱਡਣ ਲਈ ਭਰਮਾਇਆ ਅਤੇ ਸਹਾਹਿਤਾ ਲਈ ਮਿਸਰ ਚਲਿਆ ਗਿਆ| ਜਦ ਦੇਸ ਵਿਚ ਕਾਲ ਪੈ ਗਿਆ ਸੀ ਅਤੇ ਖਾਣ ਪੀਣ ਦੀ ਘਾਟ ਹੋ ਗਈ ਸੀ ਤਾਂ ਅਬਰਾਮ ਆਪਣਾ ਦੇਸ ਛੱਡਣ ਦੀ ਬਜਾਏ ਹੋਰ ਕੀ ਕਰ ਸਕਦਾ ਸੀ?

3. ਇਸ ਕਹਾਣੀ ਵਿਚ ਅਬਰਾਮ ਨੂੰ ਕਿਸ ਤਰ੍ਹਾਂ ਦੇ ਜਜ਼ਬਾਤ ਨੇ ਨਿਯੰਤਰਿਤ ਕੀਤਾ? ਤੁਸੀਂ ਉਸ ਜਜ਼ਬਾਤ ਨੂੰ ਕਿਸ ਤਰ੍ਹਾਂ ਵੇਖਿਆ ਜਦ ਅਬਰਾਮ ਸਾਰਈ ਨੂੰ ਮਿਸਰ ਵਿਚ ਜਾਣ ਲਈ ਕਹਿੰਦਾ ਹੈ?

4. ਇਸ ਕਹਾਣੀ ਵਿਚ ਪਹਿਲਾਂ ਅਸੀਂ ਮਿਲ ਕੇ ਇਸ ਬਾਰੇ ਗੱਲਬਾਤ ਕੀਤੀ ਸੀ, ਕੀ ਪਰਮੇਸ਼ਰ ਨੇ ਅਬਰਾਮ ਨੂੰ ਕੋਈ ਅਜਿਹੀ ਪ੍ਰਤਿੱਗਿਆਵਾਂ ਦਿੱਤੀਆਂ ਸਨ ਜੋ ਉਸ ਨੂੰ ਨਿਰਭੈ ਹੋਣ ਵਿਚ ਮਦਦ ਕਰ ਸਕਦੀਆਂ ਸਨ? ਉਹ ਕਿਹੜੀਆਂ ਸਨ? ਅਬਰਾਮ ਨੂੰ ਆਪਣਾ ਭਰੋਸਾ ਕਿਸ ਉੱਤੇ ਕੀਤਾ ਸੀ?

5. ਕਿਸ ਨੂੰ ਅਬਰਾਮ ਦੇ ਪਾਪ ਤੋਂ ਠੇਕਰ ਲੱਗੀ? ਖੋਲ੍ਹ ਕੇ ਦੱਸੋ|

ਹੁਣ ਆਤਮਿਕ ਨਿਰੀਖਣ ਦੇ ਅਧਾਰ ਉੱਤੇ ਜੋ ਸੁਣਨ ਵਾਲਿਆਂ ਨੇ ਵਿਚਾਰ ਵੰਟਾਦਰੇ ਦੇ ਰਾਹੀਂ ਖੋਜ ਕੀਤੀ ਹੈ, ਹੇਠਾਂ ਲਿਖੇ ਪ੍ਰਸ਼ਨਾਂ ਦੇ ਨਮੂਨੇ ਉੱਤੇ ਧਿਅਨ ਕਰੋ ਜਿਹੜੇ ਕਿ ਆਤਮਿਕ ਪ੍ਰਯੋਗਾਂ ਦੀ ਖੋਜ ਦਾ ਇਕ ਰਾਹ ਖੋਲ੍ਹ ਸਕਣਗੇ|

1. ਪਰਮੇਸ਼ਰ ਨੇ ਅਬਰਾਮ ਨੂੰ ਇਕ ਸਥਾਨ ਉੱਤੇ ਅਸੀਸ ਲਈ ਨਿਰਦੇਸ਼ ਦਿੱਤੇ| ਕੀ ਅਸੀਂ ਕਿਸੇ ਕਹਾਣੀ ਵਿਚ ਮਿਲ ਕੇ ਵੇਖਿਆ ਹੈ, ਕੀ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਪਰਮੇਸ਼ਰ ਵੱਲੋਂ ਹਿਦਾਇਤ ਮਿਲੀ ਕਿ ਅਸੀਸ ਪ੍ਰਾਪਤ ਕਰਨ ਲਈ ਕਿਸੇ ਇਕ ਸਥਾਨ ਉੱਤੇ ਰਹਿਣ ਦੀ ਜ਼ਰੂਰਤ ਹੈ? ਹੋ

ਸਕਦਾ ਹੈ ਨਾ ਹੋਵੇ| ਪਰ ਕੀ ਅਸੀਂ ਇਸ ਤਰ੍ਹਾਂ ਦਾ ਸਿਧਾਂਤ ਖੋਜ ਸਕਦੇ ਹਾਂ ਕਿ ਪਰਮੇਸ਼ਰ ਕਿਸ ਤਰ੍ਹਾਂ ਸਾਨੂੰ ਬਰਕਤ ਦੇਣਾ ਚਾਹੁੰਦਾ ਹੈ? ਇਸ ਤਰ੍ਹਾਂ ਹੈ ਕੋਈ?

2. ਕੀ ਅੱਜ ਪਰਮੇਸ਼ਰ ਦੇ ਮੰਨਣ ਵਾਲਿਆਂ ਨੂੰ ਜਾਨ ਦੀਆਂ ਧਮਕੀਆਂ ਮਿਲਦੀਆਂ ਹਨ? ਉਹ ਕਿਸ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਕਰਦੇ ਹਨ? ਕੀ ਤੁਸੀਂ ਜਾਂ ਕੋਈ ਹੋਰ ਜਿਸ ਨੂੰ ਤੁਸੀਂ ਜਾਣਦੇ ਹੋ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ? ਕੀ ਅਬਰਾਹਾਮ ਦੀ ਚੋਣ ਵਿਚ ਕੁਝ ਹੋਰ ਵੀ ਵੇਖ ਸਕਦੇ ਹਾਂ ਜਿਹੜੀ ਕਿ ਸਾਡੇ ਮੁਸ਼ਕਿਲ ਹਾਲਾਤ ਵਿਚ ਸਹੀ ਫੈਸਲਾ ਕਰਨ ਵਿਚ ਮਦਦਗਾਰ ਹੋਵੇ?

3. ਅਬਰਾਹਾਮ ਨੇ ਆਪਣੀਆਂ ਭਾਵਨਾਵਾਂ ਨੂੰ ਆਪਣੇ ਜੋਰਾਵਰ ਹੋਣ ਦਿੱਤਾ ਅਤੇ ਵਿਸ਼ਵਾਸ ਦੀ ਘਾਟ ਨੂੰ ਦਰਸ਼ਾਇਆ| ਕੀ ਅੱਜ ਅਜਿਹਾ ਹੁੰਦਾ ਹੈ? ਇਹ ਕਿਸ ਤਰ੍ਹਾਂ ਵਿਖਾਈ ਦਿੰਦਾ ਹੈ? ਜਦ ਲੋਕਾਂ ਦਾ ਵਿਸ਼ਵਾਸ ਘੱਟਦਾ ਹੈ, ਉਹ ਮਦਦ ਲਈ ਪਰਮੇਸ਼ਰ ਨੂੰ ਛੱਡ ਕੇ ਹੋਰ ਥਾਂ ਮਦਦ ਲਈ ਭੱਜਦੇ ਹਨ? ਸਾਨੂੰ ਇਹ ਕਹਾਣੀ ਸਾਡੇ ਮੁਸ਼ਕਿਲ ਸਮਿਆਂ ਵਿਚ ਸਾਵਧਾਨੀ ਨਾਲ ਸੋਚਣ ਵਿਚ ਕਿਸ ਤਰ੍ਹਾਂ ਮਦਦ ਕਰੇਗੀ?

4. ਜਦ ਹਾਲਾਤ ਮੰਦੇ ਵਿਖਾਈ ਦੇਣ ਲੱਗੇ, ਅਬਰਾਹਾਮ ਨੇ ਉਸ ਸਥਾਨ ਨੂੰ ਛੱਡ ਦਿੱਤਾ ਜਿਸ ਵੱਲ ਪਰਮੇਸ਼ਰ ਨੇ ਚਲਾਇਆ ਸੀ| ਕੀ ਅੱਜ ਵੀ ਲੋਕਾਂ ਦੇ ਜੀਵਨਾਂ ਵਿਚ ਇਸ ਤਰ੍ਹਾਂ ਹੁੰਦਾ ਹੈ ਕਿ ਉਹ ਉਸ ਸਥਾਨ ਨੂੰ ਛੱਡਣ ਦੇ ਭਰਮ ਵਿਚ ਪੈ ਜਾਣ ਜਿਸ ਵੱਲ ਪਰਮੇਸ਼ਰ ਨੇ ਜਾਣ ਲਈ ਉਨ੍ਹਾਂ ਨੂੰ ਬੁਲਾਇਆ ਸੀ? ਕੀ ਇਸ ਤਰ੍ਹਾਂ ਤੁਹਾਡੇ ਨਾਲ ਜਾਂ ਤੁਹਾਡੇ ਕਿਸੇ ਜਾਣਕਾਰ ਦੇ ਨਾਲ ਹੋਇਆ ਹੈ?

5. ਜੇਕਰ ਸਾਡੇ ਜੀਵਨ ਵਿਚ ਮੁਸ਼ਕਿਲ ਹਾਲਾਤ ਆ ਜਾਂਦੇ ਹਨ, ਕੀ ਅਸੀਂ ਵੇਖ ਸਕਾਂਗੇ ਕਿ ਅਬਰਾਹਾਮ ਨੇ ਕੀ ਕੀਤਾ ਅਤੇ ਸਾਨੂੰ ਇਹ ਵਿਚਾਰ ਮਿਲ ਸਕਣਗੇ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ ਕਰਨਾ ਚਾਹੀਦਾ ਹੈ? ਇਸੇ ਹੀ ਤਰ੍ਹਾਂ ਕੀ ਹੋ ਸਕਦਾ ਹੈ?

6. ਕੀ ਇਹ ਸਾਡੇ ਸਮੇ ਵਿਚ ਹੁੰਦਾ ਹੈ ਕਿ ਜਦ ਅਸੀਂ ਸਾਡੀਆਂ ਭਾਵਨਾਵਾਂ ਵਿਚ ਹੋ ਕੇ ਗਲਤ ਫੈਸਲੇ ਕਰਦੇ ਹਾਂ? ਕਿਸ ਤਰ੍ਹਾਂ ਦੀਆਂ ਭਾਵਨਾਵਾਂ ਜੋਰਾਵਰ ਹੁੰਦੀਆਂ ਹਨ ਜਦ ਲੋਕ ਆਪਣੇ ਮੁਸ਼ਕਿਲ ਸਮੇਂ 'ਚੋਂ ਦੀ ਨਿਕਲਦੇ ਹਨ? ਕੀ ਤੁਸੀਂ ਜਾਂ ਕੋਈ ਹੋਰ ਜਿਸ ਨੂੰ ਤੁਸੀਂ ਜਾਣਦੇ ਹੋ ਭਾਵਨਾਵਾਂ ਦੇ ਵੱਸ ਪੈ ਕੇ ਗਲਤ ਫੈਸਲੇ ਕੀਤੇ ਹਨ? ਕੀ ਤੁਸੀਂ ਉਹ ਅਨੁਭਵ ਦੱਸੋਗੇ?

7. ਬਾਈਬਲ ਦੀ ਕੋਈ ਵੀ ਕਹਾਣੀ ਜਿਸ ਉੱਤੇ ਅਸੀਂ ਮਿਲ ਕੇ ਵਿਚਾਰ ਕੀਤਾ ਹੈ, ਕੀ ਤੁਸੀਂ ਕੋਈ ਅਜਿਹੀ ਪ੍ਰਤਿੱਗਿਆ ਦੇ ਬਾਰੇ ਸੋਚ ਸਕਦੇ ਹੋ ਜੋ ਪਰਮੇਸ਼ਰ ਨੇ ਕੀਤੀ ਅਤੇ ਲੋਕ ਅੱਜ ਵੀ ਭਰੋਸਾ ਕਰ ਸਕਦੇ ਹਨ?

8. ਯਾਦ ਕਰੋ ਕਿ ਅਬਰਾਹਾਮ ਦੇ ਵਿਸ਼ਵਾਸ ਦੀ ਘਾਟ ਨੇ ਕਿੰਨਿਆਂ ਲੋਕਾਂ ਉੱਤੇ ਅਸਰ ਕੀਤਾ? ਅੱਜ, ਕੀ ਸਾਡੇ ਵਿਸ਼ਵਾਸ ਦੀ ਘਾਟ ਲੋਕਾਂ ਉੱਤੇ ਅਸਰ ਕਰੇਗੀ? ਇਹ ਕਿਸ ਤਰ੍ਹਾਂ ਦੇ

ਵਿਖਾਈ ਦੇਵੇਗਾ? ਕੀ ਇਹ ਤੁਹਾਡੇ ਨਾਲ ਜਾਂ ਕਿਸੇ ਹੋਰ ਨਾਲ ਜਿਸ ਨੂੰ ਤੁਸੀਂ ਜਾਣਦੇ ਹੋ ਹੋਇਆ ਹੈ?

ਇਹ ਸਿਰਫ ਕੁਝ ਨਿਰੀਖਣ ਅਤੇ ਪ੍ਰਯੋਗ ਪ੍ਰਸ਼ਨ ਹਨ ਜਿਹੜੇ ਕਿ ਤੁਸੀਂ ਉਤਪਤ ਵਿਚ ਕਹਾਣੀ ਦੇ ਪਹਿਲੇ ਹਿੱਸੇ ਵਿਚ ਪੁੱਛ ਸਕਦੇ ਹੋ|

ਇਹ ਗੱਲ ਨੋਟ ਕਰੋ: ਬੇਸ਼ਕ ਤੁਸੀਂ ਉਹ ਪ੍ਰਸ਼ਨ ਤਿਆਰ ਕੀਤੇ ਹਨ ਜਿਹੜੇ ਸੁਣਨ ਵਾਲਿਆਂ ਨੂੰ ਖ਼ਜ਼ਾਨਿਆਂ ਵੱਲ ਅਗੁਵਾਈ ਕਰਨਗੇ ਜਿਹੜੇ ਤੁਸੀਂ ਲੱਭੇ ਹਨ, ਤੁਹਾਨੂੰ ਹਮੇਸ਼ਾ ਤੁਹਾਡੇ ਸੁਣਨ ਵਾਲਿਆਂ ਦੇ ਪ੍ਰਸ਼ਨਾਂ, ਨਿਰੀਖਣਾ ਅਤੇ ਉਨ੍ਹਾਂ ਦੇ ਉੱਤਰਾਂ ਦੇ ਪ੍ਰਤੀ ਉਤਸ਼ਾਹਸ਼ੀਲ ਹੋਣਾ ਚਾਹੀਦਾ ਹੈ| ਹੋ ਸਕਦਾ ਹੈ ਕਿ ਉਨ੍ਹਾਂ ਨੇ ਕੋਈ ਹੋਰ ਖ਼ਜ਼ਾਨੇ ਜਾਂ ਕਹਾਣੀ ਦੇ ਜਿਸ ਹਿੱਸੇ ਨੂੰ ਤੁਸੀਂ ਸਮਝਾ ਰਹੇ ਹੋ ਉਸ ਵਿਚੋਂ ਕੁਝ ਹੋਰ ਪ੍ਰਸ਼ਨ ਹੋਣ| ਆਪਣੇ ਪ੍ਰਸ਼ਨ ਪੁੱਛੋ, ਪਰ ਪਵਿੱਤਰ ਆਤਮਾ ਨੂੰ ਸੁਤੰਤਰਤਾ ਦਿਓ ਕਿ ਉਹ ਸੁਣਨ ਵਾਲਿਆਂ ਨਾਲ ਸਿੱਧੇ ਗੱਲਬਾਤ ਕਰੇ ਜਿਸ ਤਰ੍ਹਾਂ ਉਸ ਦੀ ਇੱਛਾ ਕਰਦਾ ਹੈ|

ਕਹਾਣੀ ਲਈ ਭੂਮਿਕਾ ਨੂੰ ਕਿਸ ਤਰ੍ਹਾਂ ਤਿਆਰ ਕਰਨਾ

ਕਹਾਣੀ ਵਿਚ ਤੁਹਾਡੇ ਆਤਮਿਕ ਖਜਾਨਿਆਂ ਦੀ ਭਾਲ ਪੂਰੀ ਹੋਣ ਤੋਂ ਬਾਦ, ਤੁਸੀਂ ਇਹ ਫੈਸਲਾ ਕਰਨ ਲਈ ਤਿਆਰ ਹੋਵੋਗੇ ਕਿ ਕੀ ਤੁਹਾਡੀ ਕਹਾਣੀ ਨੂੰ ਭੂਮਿਕਾ ਦੀ ਲੋੜ ਹੈ| ਅਸੀਂ ਨਿਰੀਖਣ ਅਤੇ ਪ੍ਰਯੋਗਾਂ ਦੀ ਭਾਲ ਕਰਨ ਤੋਂ ਬਾਦ ਭੂਮਿਕਾ ਤਿਆਰ ਕਰਦੇ ਹਾਂ, ਕਿਉਂਕਿ ਇਹ ਤਦ ਤਕ ਨਹੀਂ ਹੋਵੇਗਾ ਜਦ ਤਕ ਕਿ ਕਹਾਣੀ ਦਾ ਅਧਿਐਨ ਪੂਰਾ ਨਾ ਕਰ ਲਈਏ ਜਿਸ ਤੋਂ ਅਸੀਂ ਜਾਣ ਜਾਂਦੇ ਹਾਂ ਕਿ ਭੂਮਿਕਾ ਵਿਚ ਕੀ ਕੁਝ ਜੋੜਨ ਦੀ ਜ਼ਰੂਰਤ ਹੈ|

ਭੂਮਿਕਾ ਸੁਣਨਵਾਲਿਆਂ ਲਈ ਕਹਾਣੀ ਸੁਣਨ ਦੇ ਬਾਰੇ ਪਰਿਸਥਿਤੀ ਅਤੇ ਪਛੋਕੜ ਪ੍ਰਦਾਨ ਕਰਦੀ ਹੈ| ਇਹ ਸੁਣਨਵਾਲਿਆਂ ਨੂੰ ਕਹਾਣੀ ਗ੍ਰਹਿਣ ਕਰਨ ਅਤੇ ਪਵਿੱਤਰ ਸ਼ਾਸਤਰ ਵਿਚ ਆਉਣ ਤੋਂ ਪਹਿਲਾਂ ਇਸ ਦੇ ਸੰਦਰਭ ਨੂੰ ਸਮਝਣ ਲਈ ਤਿਆਰ ਕਰਦੀ ਹੈ|

ਭੂਮਿਕਾ ਵਿਚ ਕੀ ਆਉਂਦਾ ਹੈ?

1. ਜੇਕਰ ਤੁਹਾਨੂੰ ਭੂਮਿਕਾ ਦੀ ਲੋੜ ਹੈ ਤਾਂ ਇਹ ਸਿਰਫ ਥੋੜੇ ਹੀ ਸ਼ਬਦ ਜਾਂ ਵਾਕ ਹੀ ਹੋਣ| ਭੂਮਿਕਾ ਆਪਣੇ ਆਪ ਵਿਚ ਸੁਭਾਵਿਕ ਤੌਰ ਤੇ ਕਹਾਣੀ ਤੋਂ ਜ਼ਿਆਦਾ ਵੇਰਵੇਦਾਰ ਹੁੰਦੀ ਹੈ, ਇਸ ਲਈ ਸੁਣਨ ਵਾਲਿਆਂ ਦੀ ਦਿਲਚਿਸਪੀ ਨੂੰ ਕਾਇਮ ਰੱਖਣ ਲਈ ਭੂਮਿਕਾ ਨੂੰ ਛੋਟਾ ਹੀ ਰੱਖੋ| ਛੋਟਾ ਰੱਖਣਾ ਇਸ ਲਈ ਵੀ ਸਹੀ ਹੈ ਕਿਉਂਕਿ ਵੇਰਵੇ ਦੇ ਤੌਰ ਤੇ ਕਹਾਣੀ ਵਿਚੋਂ

ਜਾਣਕਾਰੀ ਨੂੰ ਯਾਦ ਰੱਖਣਾ ਮੁਸ਼ਕਿਲ ਹੁੰਦਾ ਹੈ| ਇਥੇ ਤਿੰਨ ਕਾਰਨ ਹਨ ਜਿਹੜੇ ਤੁਸੀਂ ਭੂਮਿਕਾ ਵਿਚ ਇਸਤੇਮਾਲ ਕਰ ਸਕਦੇ ਹੋ:

ਉ. ਕਹਾਣੀ ਦੇ ਵੇਰਵੇ ਲਈ ਭੂਮਿਕਾ ਦਾ ਇਸਤੇਮਾਲ ਕਰੋ ਜੇਕਰ ਇਸ ਦੀ ਕਹਾਣੀ ਵਿਚ ਸਮੇ ਜਾਂ ਪਰਿਸਥਿਤੀ ਦੇ ਸੰਦਰਭ ਲਈ ਜ਼ਰੂਰਤ ਹੈ| ਆਪਣੀ ਭੂਮਿਕਾ ਨੂੰ ਨਿਸ਼ਚਿਤ ਬਣਾਉਣਾ ਚੁਣੀ ਹੋਈ ਕਹਾਣੀ ਨੂੰ ਸਮਝਣ ਲਈ ਜ਼ਰੂਰੀ ਹੈ|

ਅ. ਕਈ ਵਾਰ ਕਹਾਣੀ ਦੀ ਸ਼ਬਦਾਵਲੀ ਨਵੀਂ ਹੋਵੇਗੀ ਜਾਂ ਸੁਣਨ ਵਾਲਿਆਂ ਨੂੰ ਪਰੇਸ਼ਾਨ ਕਰਨ ਵਾਲੀ ਹੋਵੇਗੀ| ਕਹਾਣੀ ਦੱਸਣ ਤੋਂ ਪਹਿਲਾਂ ਤੁਸੀਂ ਉਨ੍ਹਾਂ ਸ਼ਬਦਾਂ ਨੂੰ ਭੂਮਿਕਾ ਵਿਚ ਦੱਸ ਸਕਦੇ ਹੋ| ਉਹ ਸ਼ਬਦ ਜਿਨ੍ਹਾਂ ਨੂੰ ਦੱਸੇ ਜਾਣ ਦੀ ਜ਼ਰੂਰਤ ਹੋਵੇਗੀ ਉਹ ਇਹ ਹੋ ਸਕਦੇ ਹਨ ''ਯਹੂਦੀ ਸਮਾਜ", ''ਮਨੁੱਖ ਦਾ ਪੁੱਤਰ", ਜਾਂ ''ਨਬੀ ਦੇ ਪੁੱਤਰ"|
ਇ. ਪ੍ਰਸ਼ਨ ਉੱਤਰ ਦੇ ਸਮੇ ਦੇ ਦੌਰਾਨ ਤੁਸੀਂ ਹੋ ਸਕਦਾ ਹੈ ਚਾਹੋ ਕਿ ਸੁਣਨ ਵਾਲੇ ਕਹਾਣੀ ਦੇ ਮੁੱਖ ਅੰਸ਼ ਦੀ ਖੋਜ ਕਰਨ ਉਹ ਉਨ੍ਹਾਂ ਦੀ ਪੁਰਾਣੇ ਨੇਮ ਜਾਣਨ ਉੱਤੇ ਨਿਰਭਰ ਕਰਦਾ ਹੈ| ਉਦਾਹਰਣ ਦੇ ਤੌਰ 'ਤੇ, ਹੋ ਸਕਦਾ ਹੈ ਕਿ ਤੁਸੀਂ ਯੂਹੰਨਾ ਸੁਸਮਾਚਾਰ ਦੇ ਉਸ ਹਿੱਸੇ ਵਿਚੋਂ ਕਹਾਣੀ ਸੁਣਾ ਰਹੇ ਹੋ ਜਿਥੇ ਯੂਹੰਨਾ ਕਹਿੰਦਾ ਹੈ, ''ਵੇਖੋ, ਪਰਮੇਸ਼ਰ ਦਾ ਮੇਮਣਾ ਜਿਹੜਾ ਸੰਸਾਰ ਦਾ ਪਾਪ ਚੁੱਕ ਲੈ ਜਾਂਦਾ ਹੈ|" ਇਸ ਲਈ, ਭੂਮਿਕਾ ਵਿਚ ਤੁਸੀਂ ਦੱਸ ਸਕਦੇ ਹੋ ਕਿ ਕਈ ਵਾਰ ਪਰਮੇਸ਼ਰ ਨੇ ਬਾਈਬਲ ਵਿਚ ਆਪਣੇ ਵਿਸ਼ਵਾਸੀਆਂ ਨੂੰ ਜਦ ਉਹ ਪਾਪ ਕਰਦੇ ਸਨ ਉਨ੍ਹਾਂ ਨੂੰ ਕੁਰਬਾਨੀ ਲਈ ਇਕ ਮੇਮਣਾ ਲਿਆਉਣ ਦੀ ਹਿਦਾਇਤ ਦਿੱਤੀ|

2. ਤੁਸੀਂ ਜੋ ਵੀ ਸੂਚਨਾ ਚਾਹੁੰਦੇ ਹੋ ਕਿ ਤੁਹਾਡੇ ਸੁਣਨ ਵਾਲਿਆਂ ਨੂੰ ਕਹਾਣੀ ਸਮਝਣ ਲਈ ਜਾਂ ਕਹਾਣੀ ਦੇ ਬਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਜਾਣਨਾ ਚਾਹੀਦਾ ਹੈ, ਉਸ ਨੂੰ ਭੂਮਿਕਾ ਵਿਚ ਜੋੜਨ ਦੀ ਜ਼ਰੂਰਤ ਹੈ| ਇਹ ਦਿਮਾਗ ਵਿਚ ਰੱਖੋ ਕਿ ਕਈ ਵਾਰ ਭੂਮਿਕਾ ਦੀ ਜ਼ਰੂਰਤ ਨਹੀਂ ਵੀ ਹੁੰਦੀ|

3. ਇਹ ਗੱਲ ਦਿਮਾਗ ਵਿਚ ਰੱਖੋ ਕਿ ਕਦੀ ਕਦੀ ਭੂਮਿਕਾ ਦੀ ਜ਼ਰੂਰਤ ਨਹੀਂ ਹੁੰਦੀ|

4. STS ਵਿਚ ਅਸੀਂ ਉਹੀ ਸੂਚਨਾਵਾਂ ਇਸਤੇਮਾਲ ਕਰਦੇ ਹਾਂ ਜੋ ਬਾਈਬਲ ਵਿਚ ਹਨ, ਬਾਈਬਲ ਦੇ ਇਲਾਵਾ ਜਾਂ ਇਬਰਾਨੀ/ਯੂਨਾਨੀ ਸ਼ਬਦ ਦੀ ਪਰਿਭਾਸ਼ਾ ਨਹੀਂ ਕਿਉਂਕਿ ਇਸ ਤਰ੍ਹਾਂ ਦੀ ਸੂਚਨਾ ਕੁਝ ਲੋਕਾਂ ਲਈ ਹੀ ਹੁੰਦੀ ਹੈ| ਅਸੀਂ ਸਾਰੇ ਵਿਸ਼ਵਾਸੀਆਂ ਨੂੰ ਪਵਿੱਤਰ ਸ਼ਾਸਤਰ ਨੂੰ ਦੱਸਣ ਦੇ ਰਾਹੀਂ ਦਿਲੇਰ ਅਤੇ ਬਲਵੰਤ ਕਰਨਾ ਚਾਹੁੰਦੇ ਹਾਂ| ਲੋਕਾਂ ਨੂੰ ਕਹਾਣੀ ਦਾ ਇਸਤੇਮਾਲ ਅਤੇ ਉਸ ਵਿਚ ਭਰੋਸਾ ਕਰਨ ਲਈ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ| ਸਾਨੂੰ ਸਿੱਖਣ ਵਾਲਿਆਂ ਨੂੰ ਉਦਾਹਰਨ ਦੇ ਰਾਹੀਂ ਦਰਸ਼ਾਉਣ ਦੀ ਜ਼ਰੂਰਤ ਹੈ ਕਿ ਵਚਨ ਵਿਚੋਂ ਗਹਿਰੀਆਂ

ਸਚਿਆਈਆਂ ਕਿਸ ਤਰ੍ਹਾਂ ਭਾਲੀਏ| ਉਨ੍ਹਾਂ ਨੂੰ ਕਹਾਣੀ ਵਿਚ ਭਰੋਸਾ ਕਰਨਾ ਸਿਖਾਓ|

5. ਭੂਮਿਕਾ ਵਿਚ ਤੁਸੀਂ ਬਾਈਬਲ ਦੀ ਸੂਚਨਾ ਰੱਖੀ ਹੈ| ਆਪਣੀ ਭੂਮਿਕਾ ਦੇਣ ਤੋਂ ਬਾਦ, ਇਸ ਨੂੰ ਸਪੱਸ਼ਟ ਕਰੋ ਕਿ ਤੁਸੀਂ ਕਹਾਣੀ ਲਈ ਚਾਲ ਤਿਆਰ ਕਰ ਲਈ ਹੈ, ਇਸ ਤਰ੍ਹਾਂ ਕਹਿੰਦੇ ਹੋਏ, ''ਹੁਣ ਕਹਾਣੀ ਇਸ ਤਰ੍ਹਾਂ ਹੈ" ਜਾਂ ''ਬਾਈਬਲ ਦੀ ਕਹਾਣੀ ਇਹ ਹੈ|"

ਅਧਿਆਏ 5: ਆਓ ਹੁਣ ਅਸੀਂ ਤਿਆਰੀ ਅਤੇ ਪੇਸ਼ਕਾਰੀ ਲਈ ਆਪਣੇ ਹੁੱਨਰਾਂ ਦਾ ਇਸਤੇਮਾਲ ਕਰੀਏ

;G s'A gfjbK Bw{B/ ti'A fJj ejkDh f;Zy'.

> ਹੋ ਸਕਦਾ ਹੈ ਤੁਸੀਂ ਪਿੱਛੇ ਜਾ ਕੇ ਢੰਗ 1 ਨੂੰ ਫਿਰ ਤੋਂ ਜਾਂਚਣਾ ਚਾਹੁੰਦੇ ਹੋ ਅਤੇ ਉਸ ਸੂਚਨਾ ਦਾ ਇਸਤੇਮਾਲ ਕਰਦੇ ਹੋਏ ਬਾਈਬਲ ਕਹਾਣੀ ਜੋ ਲੂਕਾ ਵਿਚ ਹੈ ਸਿੱਖੋ|

ਫੇਰ ਜਾਂ ਓਹ ਚੱਲੇ ਜਾਂਦੇ ਸਨ ਤਾਂ ਉਹ ਇੱਕ ਪਿੰਡ ਜਾ ਵੜਿਆ ਅਤੇ ਮਾਰਥਾ ਨਾਉਂ ਦੀ ਇੱਕ ਜਨਾਨੀ ਨੇ ਉਹ ਨੂੰ ਆਪਣੇ ਘਰ ਉਤਾਰਿਆ| ਅਤੇ ਮਰਿਯਮ ਕਰਕੇ ਉਹ ਦੀ ਇੱਕ ਭੈਣ ਸੀ ਜਿਹੜੀ ਪ੍ਰਭੁ ਦੇ ਚਰਨਾਂ ਕੋਲ ਬੈਠ ਕੇ ਉਹ ਦਾ ਬਚਨ ਸੁਣਦੀ ਸੀ| ਪਰ ਮਾਰਥਾ ਵੱਡੀ ਟਹਿਲ ਤੋਂ ਘਬਰਾ ਅਤੇ ਉਹ ਦੇ ਕੋਲ ਆਣ ਕੇ ਬੋਲੀ, ਪ੍ਰਭੁ ਜੀ ਤੈਨੂੰ ਕੁਝ ਚਿੰਤਾ ਨਹੀਂ ਜੋ ਮੇਰੀ ਭੈਣ ਨੇ ਮੈਨੂੰ ਟਹਿਲ ਕਰਨ ਲਈ ਕੱਲੀ ਹੀ ਛੱਡਿਆ ਹੈ? ਸੋ ਉਹ ਨੂੰ ਕਹੁ ਕਿ ਮੇਰੀ ਮੱਦਦ ਕਰੇ| ਪਰ ਪ੍ਰਭੁ ਨੇ ਉਹ ਨੂੰ ਉੱਤਰ ਦਿੱਤਾ, ਮਾਰਥਾ ਮਾਰਥਾ, ਤੂੰ ਬਹੁਤੀਆਂ ਵਸਤਾਂ ਦੀ ਚਿੰਤਾ ਕਰਦੀ ਅਤੇ ਘਬਰਾਉਂਦੀ ਹੈ| ਪਰ ਇੱਕ ਗੱਲ ਦੀ ਲੋੜ ਹੈ| ਮਰਿਯਮ ਨੇ ਤਾਂ ਉਹ ਚੰਗਾ ਹਿੱਸਾ ਪਸੰਦ ਕੀਤਾ ਹੈ ਜੋ ਉਸ ਤੋਂ ਖੋਹਿਆ ਨਾ ਜਾਵੇਗਾ| (ਲੂਕਾ 10:38-42)

ਤਿਆਰੀ: ਆਤਮਿਕ ਖਜਾਨੇ ਦੀ ਭਾਲ ਕਰਨਾ

ਖ਼ਜ਼ਾਨੇ ਦੀ ਭਾਲ 1 - ਆਤਮਿਕ ਨਿਰੀਖਣਾਂ ਦੀ ਭਾਲ ਕਰਨਾ

ਕਹਾਣੀ ਨੂੰ ਸਿੱਖਣ ਦੇ ਸਮੇ ਦੌਰਾਨ, ਹੋ ਸਕਦਾ ਹੈ ਤੁਸੀਂ ਕੁਝ ਬਹੁਮੁੱਲੇ ਖਜਾਨੇ ਵੇਖੇ ਹਨ| ਹੁਣ ਜਦ ਤੁਸੀਂ ਵਾਪਿਸ ਜਾਂਓ ਅਤੇ ਕਹਾਣੀ ਨੂੰ ਵੇਖੋ, ਇਕ ਵਾਰੀ ਇਕ ਹਿੱਸਾ ਹੀ ਵੇਖੋ, ਸਮਝਦਾਰ ਸਲਾਹਕਾਰ ਦੇ ਪ੍ਰਸ਼ਨਾ ਦਾ ਇਸਤੇਮਾਲ ਕਰੋ| ਤੁਸੀਂ ਹੋਰ ਵੀ ਖਜਾਨੇ ਵੇਖੋਗੇ|

ਸਮਝਦਾਰ ਸਲਾਹਕਾਰ ਦੇ ਪ੍ਰਸ਼ਨ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੋ: ਇਸ ਕਹਾਣੀ ਵਿਚ ਸਥਿਤੀ ਕੀ ਹੈ? ਕੀ ਬਾਈਬਲ ਦੀ ਕਹਾਣੀ ਤੋਂ ਪਹਿਲਾਂ ਕੁਝ ਹੋਇਆ ਸੀ (ਇਤਹਾਸਿਕ ਜਾਂ ਆਤਮਿਕ ਤੌਰ 'ਤੇ) ਉਹ ਮੈਨੂੰ ਜ਼ਿਆਦਾ ਸਮਝਣ ਵਿਚ ਮਦਦਗਾਰ ਹੋਵੇਗੀ? ਲੋਕਾਂ ਨੇ ਜੋ ਕਿਹਾ ਅਤੇ ਕੀਤਾ ਉਸ ਵਿਚੋਂ ਮੈਂ ਆਤਮਿਕ ਤੌਰ 'ਤੇ ਕੀ ਸਿੱਖ ਸਕਦਾ ਹਾਂ? ਕੀ ਕੋਈ ਚੋਣਾਂ ਕੀਤੀਆਂ ਗਈਆਂ ਅਤੇ ਜੇਕਰ ਹਾਂ ਤਾਂ ਹੋਰ ਕਿਹੜੀਆਂ ਚੋਣਾਂ ਕੀਤੀਆਂ ਜਾ ਸਕਦੀਆਂ ਸਨ? ਇਨ੍ਹਾਂ ਚੋਣਾ ਤੋਂ ਕੋਈ ਨਤੀਜਾ ਪ੍ਰਾਪਤ ਹੋਇਆ ਅਤੇ ਕਿਨ੍ਹਾਂ ਉੱਤੇ ਇਸ ਦਾ ਅਸਰ ਹੋਇਆ? ਸਲਾਹਕਾਰ ਦੇ ਇਸਤੇਮਾਲ ਕੀਤੇ ਹੋਏ ਤਰੀਕੀਆਂ ਦਾ ਇਸਤੇਮਾਲ ਕਰੋ ਅਰਥਾਤ ਉਸ ਦੇ ਬਹੁਤ ਸਾਰੇ ਪ੍ਰਸ਼ਨ | ਸਲਾਹਕਾਰ ਨੇ ਜੋ ਪੁੱਛਿਆ ਉਸ ਤੋਂ ਵਧ ਕੇ, ਅਸੀਂ ਵੀ ਪੁੱਛਦੇ ਹਾਂ, ਇਸ ਹਾਲਾਤ ਅਤੇ ਲੋਕਾਂ ਦੇ ਜੀਵਨਾਂ ਵਿਚ ਪਰਮੇਸ਼ਰ ਨੂੰ ਕਿਥੇ ਕੰਮ ਕਰਦੇ ਹੋਏ ਵੇਖਦੇ ਹਾਂ?

ਇਹ ਸਾਰੇ ਪ੍ਰਸ਼ਨ ਤੁਹਾਨੂੰ ਆਤਮਿਕ ਨਿਰੀਖਣ ਭਾਲਣ ਵਿਚ ਮਦਦਗਾਰ ਹੋਣਗੇ ਇਨ੍ਹਾਂ ਪ੍ਰਸ਼ਨਾਂ ਦੀ ਤਰ੍ਹਾਂ:

1. ਜਦ ਮਾਰਥਾ ਆਪਣੇ ਆਪ ਨੂੰ ਸੇਵਾ ਕਰਨ ਤੋਂ ਕਮਜੋਰ ਮਹਿਸੂਸ ਕਰਨ ਲੱਗੀ, ਤਾਂ ਉਹ ਕਮਜੋਰ ਫੈਸਲੇ ਕਰਦੀ ਹੈ| ਹਾਲਾਂਕਿ ਉਸੇ ਨੇ ਹੀ ਸੱਦਾ ਦਿੱਤਾ ਸੀ, ਮਾਰਥਾ ਆਪਣੀ ਦੁਰਦਸ਼ ਲਈ ਦੂਜਿਆਂ ਉੱਤੇ ਦੋਸ਼ ਲਾਉਂਦੀ ਹੈ| ਉਹ ਕੰਮ ਨਾ ਕਰਨ ਦਾ ਯਿਸੂ ਉੱਤੇ ਦੋਸ਼ ਲਾਉਂਦੀ ਹੈ| ਉਹ ਯਿਸੂ ਉੱਤੇ ਹੁਕਮ ਚਲਾਉਂਦੀ ਹੈ| ਉਹ ਯਿਸੂ ਤੋਂ ਮਦਦ ਮੰਗਣ ਤੋਂ ਅਸਫਲ ਹੋਈ|
2. ਮਾਰਥਾ ਨੇ ਯਿਸੂ ਨੂੰ ''ਪ੍ਰਭੂ" ਆਖ ਕੇ ਪੁਕਾਰਿਆ, ਪਰ ਉਹ ਬਰਤਾਓ ਇਕ ਹੁਕਮਰਾਨ ਦੀ ਤਰ੍ਹਾਂ ਕਰ ਰਹੀ ਹੈ|
3. ਯਿਸੂ ਨੇ ਮਾਰਥਾ ਦੇ ਇਸ ਅਨਾਦਰ ਦਾ ਉੱਤਰ ਗੁੱਸੇ ਵਿਚ ਨਹੀਂ ਦਿੱਤਾ|
4. ਯਿਸੂ ਨੇ ਬੜੇ ਪਿਆਰ ਨਾਲ ਮਾਰਥਾ ਨੂੰ ਦਰੁਸਤ ਕੀਤਾ|
5. ਮਾਰਥਾ ਸੋਚਦੀ ਸੀ ਕਿ ਉਹ ਜੋ ਕਰ ਰਹੀ ਹੈ ਉਹ ਜ਼ਰੂਰੀ ਸੀ, ਪਰ ਯਿਸੂ ਨੇ ਕਿਹਾ ਮਰਿਯਮ ਨੇ ਉਹ ਗੱਲ ਚੁਣੀ ਹੈ ਜਿਹੜੀ ਜ਼ਰੂਰੀ ਸੀ|
6. ਮਾਰਥਾ ਕੋਲ ਇਹ ਚੋਣ ਸੀ|
7. ਮਰਿਯਮ ਨੇ ਯਿਸੂ ਲਈ ਉਹ ਚੁਣਿਆਂ ਜੋ ਉਸ ਦੀ ਸੱਭਿਅਤਾ ਦੇ ਵਿਰੁੱਧ ਸੀ ਅਤੇ ਲੋਕਾਂ ਨੂੰ ਮਰਿਯਮ ਤੋਂ ਜਿਸ ਦੀ ਆਸ ਸੀ|
8. ਯਿਸੂ ਨੇ ਮਰਿਯਮ ਤੋਂ ਉਹ ਵਾਪਿਸ ਨਹੀਂ ਲਿਆ ਜੋ ਮਰਿਯਮ ਨੇ ਚੁਣਿਆਂ ਸੀ|

ਖ਼ਜ਼ਾਨੇ ਦੀ ਭਾਲ 2 - ਆਤਮਿਕ ਪ੍ਰਯੋਗਾਂ ਦੀ ਭਾਲ ਕਰਨਾ

ਹੁਣ ਇਨ੍ਹਾਂ ਆਤਮਿਕ ਨਿਰੀਖਣਾ ਦੇ ਅਧਾਰ ਉੱਤੇ ਜਿਹੜੇ ਹੁਣੇ ਤੁਸੀਂ ਵੇਖੇ ਹਨ, ਕਹਾਣੀ ਵਿਚ ਵਾਪਿਸ ਜਾਓ ਅਤੇ ਆਤਮਿਕ ਪ੍ਰਯੋਗਾਂ ਦੇ ਖ਼ਜ਼ਾਨਿਆਂ ਦੀ ਭਾਲ ਕਰੋ| ਇਥੇ ਕੁਝ ਹਨ ਜੋ ਤੁਸੀਂ ਭਾਲ ਸਕੋਂਗੇ|

ਸਭ ਤੋਂ ਪਹਿਲਾਂ ਤੁਸੀਂ ਆਤਮਿਕ ਨਿਰੀਖਣਾਂ ਨੂੰ ਪਛਾਣੋ ਜੋ ਤੁਸੀਂ ਲੱਭੇ ਸਨ ਅਤੇ ਫਿਰ ਤੁਸੀਂ ਇਸ ਤਰ੍ਹਾਂ ਦੇ ਮੁੱਖ ਪ੍ਰਸ਼ਨ ਪੁੱਛੋ: ਕੀ ਅੱਜ ਇਸ ਤਰ੍ਹਾਂ ਹੁੰਦਾ ਹੈ? ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਕੀ ਇਹ ਮੇਰੇ ਨਾਲ ਜਾਂ ਉਸ ਨਾਲ ਜਿਸ ਨੂੰ ਮੈਂ ਜਾਣਦਾ ਹਾਂ ਹੋਇਆ ਹੈ? ਜੇਕਰ ਇਹ ਮੇਰੇ ਨਾਲ ਹੁੰਦਾ ਹੈ ਤਾਂ ਮੈਂ ਇਸ ਕਹਾਣੀ ਵਿਚੋਂ ਕਿਸ ਤਰ੍ਹਾਂ ਦੀ ਮਦਦ ਲੈ ਸਕਦਾ ਹਾਂ?

ਇਥੇ ਕੁਝ ਆਤਮਿਕ ਪ੍ਰਯੋਗ ਹਨ ਕਿ ਇਹ ਪ੍ਰਸ਼ਨ ਇਨ੍ਹਾਂ ਨੂੰ ਖੋਜਣ ਵਿਚ ਮਦਦਗਾਰ ਹੋਣਗੇ:

1. ਆਪਣੇ ਉੱਤੇ ਬਹੁਤ ਜ਼ਿਆਦਾ ਕੰਮ ਨਾ ਲਓ ਕਿਤੇ ਤੁਸੀਂ ਆਪਣਾ ਉਹ ਕੀਮਤੀ ਸਮਾ ਗੁਆ ਬੈਠੋ ਜੋ ਤੁਸੀਂ ਪਰਮੇਸ਼ਰ ਦੇ ਵਚਨ ਨੂੰ ਸਿੱਖਣ ਵਿਚ ਗੁਜਾਰਨਾ ਹੈ|

2. ਇਹ ਕਿੰਨੇ ਦੁੱਖ ਦੀ ਗੱਲ ਹੈ, ਜਦ ਸਾਡੇ ਜੀਵਨ ਵਿਚ ਕੋਈ ਸਮੱਸਿਆ ਹੁੰਦੀ ਹੈ, ਪਰਮੇਸ਼ਰ ਨੂੰ ਕਹਿਣਾ, ''ਤੈਨੂੰ ਕੋਈ ਚਿੰਤਾ ਨਹੀਂ?" ਉਸ ਤੋਂ ਮਦਦ ਲੈਣਾ ਅੱਛਾ ਹੈ, ਪਰ ਪਰਮੇਸ਼ਰ ਨੂੰ ਚਿੰਤਾ ਨਾ ਕਰਨ ਲਈ ਦੋਸ਼ ਲਾਉਣਾ ਉਸ ਦੇ ਦਿਲ ਨੂੰ ਤੋੜਦਾ ਹੈ|

3. ਜੋ ਅਸੀਂ ਕਰ ਸਕਦੇ ਹਾਂ ਉਸ ਤੋਂ ਵਧ ਕੇ ਕਰਨ ਦੀ ਚੋਣ ਕਰਦੇ ਹਾਂ, ਤਾਂ ਇਸ ਬਾਰੇ ਪਰਮੇਸ਼ਰ ਉੱਤੇ ਦੋਸ਼ ਲਾਉਣਾ ਤਾਂ ਮੂਰਖਤਾ ਹੈ ਕਿ ਉਹ ਸਾਡੀ ਸਮੱਸਿਆਵਾਂ ਚਿੰਤਾ ਨਹੀਂ ਕਰਦਾ!

4. ਕੀ ਸਾਨੂੰ ਪਰਮੇਸ਼ਰ ਨੂੰ ਦੱਸਣਾ ਚਾਹੀਦਾ ਹੈ ਕਿ ਸਮੱਸਿਆ ਦਾ ਹੱਲ ਕਿਵੇਂ ਹੋਵੇ?

5. ਜੋ ਅਸੀਂ ਕੰਮ ਕਰ ਸਕਦੇ ਹਾਂ ਉਸ ਤੋਂ ਵਧ ਕੇ ਲੈਂਦੇ ਹਾਂ ਜਾਂ ਪਰਮੇਸ਼ਰ ਦਾ ਕੰਮ ਕਰਦੇ ਹਾਂ ਜਿਹੜਾ ਸਾਡੇ ਲਈ ਨਹੀਂ ਹੈ, ਤਾਂ ਕੀ ਇਹ ਚੰਗਾ ਹੈ ਕਿ ਜਿਹੜੇ ਸਾਡੀ ਪਰਮੇਸ਼ਰ ਦੇ ਵਚਨ ਸਿੱਖਣ ਵਿਚ ਮਦਦ ਕਰਦੇ ਹਨ ਸਮਾ ਗੁਜਾਰਦੇ ਹਨ ਉਨ੍ਹਾਂ ਨੂੰ ਦੂਰ ਲੈ ਜਾਈਏ?

6. ਅਸੀਂ ਕਿੰਨੇ ਵਾਰੀ ਪਰਮੇਸ਼ਰ ਤੋਂ ਸਾਡੇ ਪ੍ਰੇਮ ਲਈ ਪ੍ਰਸ਼ਨ ਕੀਤਾ ਹੈ, ਜਦ ਹਾਲਾਤ ਉਸ ਤਰ੍ਹਾਂ ਨਹੀਂ ਹੁੰਦੇ ਜਿਸ ਤਰ੍ਹਾਂ ਅਸੀਂ ਸੋਚਦੇ ਹਾਂ ਕਿ ਹੋਣੇ ਚਾਹੀਦੇ ਹਨ|

7. ਐਥੋਂ ਤਕ ਕਿ ਜਦ ਅਸੀਂ ਪਰਮੇਸ਼ਰ ਨਾਲ ਬੁਰਾ ਵਿਹਾਰ ਕਰਦੇ ਹਾਂ, ਉਹ ਸਾਡੇ ਨਾਲ ਰਹਿਮ ਨਾਲ ਬੋਲਦਾ ਹੈ| ਯਿਸੂ ਸਬਰ ਕਰਦਾ ਅਤੇ ਧੀਰਜ ਰੱਖਦਾ ਹੈ ਜਦ ਉਹ ਸਾਡੇ ਉੱਤੇ ਸਾਡੀਆਂ ਗਲਤੀਆਂ ਦਰਸ਼ਾਉਂਦਾ ਹੈ|

8. ਜਿਸ ਤਰ੍ਹਾਂ ਯਿਸੂ ਦੀ ਹਕੀਕੀ ਚਿੰਤਾ ਅਤੇ ਨਿੱਜੀ ਰਿਸ਼ਤਾ ਮਾਰਥਾ ਨਾਲ ਦਰਸ਼ਾਇਆ ਹੈ ਜਦ ਉਹ ਉਸ ਦਾ ਨਾਮ ਲੈ ਕੇ ਪੁਕਾਰਦਾ ਹੈ, ਉਸੇ ਹੀ ਤਰ੍ਹਾਂ ਪਰਮੇਸ਼ਰ ਸਾਨੂੰ ਸਾਡਾ ਨਾਮ ਲੈ ਕੇ ਨਿੱਜੀ ਤੌਰ ਤੇ ਬੁਲਾਉਂਦਾ ਹੈ|

9. ਰਸੋਈ ਵਿਚ ਕੰਮ ਕਰਨਾ, ਜਾਂ ਸੇਵਾ ਕਰਨਾ, ਜਾਂ ਸੇਵਾ ਦਾ ਕੋਈ ਹੋਰ ਕੰਮ ਕਰਨਾ ਗਲਤ ਹੈ, ਪਰ ਜੇਕਰ ਸਾਡਾ ਕੰਮ ਸਾਨੂੰ ਪਰਮੇਸ਼ਰ ਦੀ ਅਵਾਜ਼ ਸੁਣਨ ਤੋਂ ਦੂਰ ਲੈ ਜਾਵੇ ਤਾਂ ਅਸੀਂ ਉਹ ਚੋਣ ਸਹੀ ਨਹੀਂ ਕੀਤੀ ਹੈ|

10. ਯਿਸੂ ਦਾ ਆਖਿਰੀ ਬਿਆਨ ਮਾਰਥਾ ਦੇ ਸਬੰਧ ਵਿਚ, ਉਹ ਕਹਿੰਦਾ ਹੈ ਕਿ ਮਰਿਯਮ ਨੇ ਉਹ ਹਿੱਸਾ ਚੁਣਿਆਂ ਹੈ ਜੋ ਜ਼ਰੂਰੀ ਹੈ| ਜ਼ਾਹਿਰ ਹੈ ਕਿ ਜਿਸ ਤਰੀਕੇ ਨਾਲ ਮਾਰਥਾ ਮਰਿਯਮ ਨੂੰ ਜੋ ਉਹ ਕਰ ਰਹੀ ਸੀ ਉਸ ਤੋਂ ਹਟਾਉਣਾ ਚਾਹੁੰਦੀ ਸੀ ਅਤੇ ਸੇਵਾ ਕਰਨ ਵਿਚ ਆਪਣੀ ਮਦਦ ਚਾਹੁੰਦੀ ਸੀ, ਮਾਰਥਾ ਸੋਚਦੀ ਸੀ ਕਿ ਜੋ ਉਹ ਕਰ ਰਹੀ ਹੈ ਉਹ ਜ਼ਿਆਦਾ ਜ਼ਰੂਰੀ ਹੈ| ਕਈ ਵਾਰ ਅਸੀਂ ਸੋਚਦੇ ਹਾਂ ਕਿ ਜੋ ਅਸੀਂ ਕਰ ਰਹੇ ਹਾਂ ਉਹ ਬਹੁਤ ਜ਼ਰੂਰੀ ਹੈ, ਜਦ ਕਿ ਪਰਮੇਸ਼ਰ ਉਸ ਨੂੰ ਕਰਨਾ ਜ਼ਰੂਰੀ ਨਹੀਂ ਸਮਝਦਾ ਹੈ ਕਿ ਅਸੀਂ ਕਰੀਏ|

11. ਕਦੀ ਕਦੀ ਅਸੀਂ ਹਾਲਾਤ ਨੂੰ ਆਪਣੇ ਹੱਥ ਵਿਚ ਲੈਂਦੇ ਹਾਂ ਅਤੇ ਪਰਮੇਸ਼ਰ ਤੋਂ ਨਹੀਂ ਪੁੱਛਦੇ ਕਿ ਉਹ ਸਾਡੇ ਕੋਲੋਂ ਕੀ ਕਰਵਾਉਣਾ ਚਾਹੁੰਦਾ ਹੈ| ਅਸੀਂ ਉਹ ਫੈਸਲੇ ਕਰਦੇ ਹਾਂ ਜਿਹੜੇ ਬਹੁਤ ਲਾਜਮੀ ਅਤੇ ਜ਼ਰੂਰੀ ਹਨ, ਐਥੋਂ ਤਕ ਕਿ ਜਿਹੜੇ ਲੋਕ ਪਰਮੇਸ਼ਰ ਨੇ ਕੰਮ ਕਰਨ ਲਈ ਬੁਲਾਏ ਹਨ ਉਨ੍ਹਾਂ ਨੂੰ ਇਕ ਪਾਸੇ ਹਟਾ ਦਿੰਦੇ ਹਾਂ!

12. ਯਿਸੂ ਇਹ ਵੀ ਕਹਿੰਦੇ ਹਨ ਕਿ ਮਰਿਯਮ ਜੋ ਕਰ ਰਹੀ ਹੈ ਉਹ ਠੀਕ ਹੈ ਉਸ ਤੋਂ ਖੋਇਆ ਨਹੀਂ ਜਾ ਸਕਦਾ ਹੈ| ਇਹ ਬਿਆਨ ਸੰਕੇਤ ਕਰਦਾ ਹੈ ਕਿ ਮਾਰਥਾ ਜੋ ਕਰ ਰਹੀ ਹੈ ਉਹ ਲਿਆ ਜਾ ਸਕਦਾ ਹੈ| ਅੰਤਮ ਨਿਆਂ ਵਿਚ, ਜਿਸ ਤਰ੍ਹਾ ਪਰਮੇਸ਼ਰ ਵੇਖਦਾ ਹੈ ਕਿ ਅਸੀਂ ਸਾਡੇ ਜੀਵਨ ਵਿਚ ਕੀ ਕੀਤਾ ਹੈ, ਇਹ ਇਸ ਤਰ੍ਹਾਂ ਹੋ ਸਕਦਾ ਹੈ ਕਿ ਜੋ ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਪਰਮੇਸ਼ਰ ਲਈ ਕਰਾਂਗੇ ਉਹ ਇਕ ਸਹੀ ਚੋਣ ਨਹੀਂ ਸੀ| ਯਿਸੂ ਸਾਨੂੰ ਕਹਾਣੀ ਵਿਚ ਦੱਸਦੇ ਹਨ ਕਿ ਉਸ ਤੋਂ ਸਿੱਖਣਾ ਇਕ ਚੰਗੀ ਚੋਣ ਹੈ|

13. ਬਹੁਤ ਵਾਰ ਸਾਨੂੰ ਸਾਡੇ ਸਮਾਜ ਅਤੇ ਪਰਿਵਾਰ ਦੇ ਵਿਰੁੱਧ ਚੋਣ ਕਰਨੀ ਚਾਹੀਦੀ ਹੈ, ਉਨ੍ਹਾਂ ਲੋਕਾਂ ਦੇ ਵਿਰੁੱਧ ਜੋ ਲੋਕ ਸਾਡੇ ਕੋਲੋ ਆਸ ਕਰਦੇ ਹਨ ਜਦ ਅਸੀਂ ਆਤਮਿਕ ਗੱਲਾਂ ਨੂੰ ਚੁਣਿਏ|

ਹੁਣ ਤੁਸੀਂ ਆਪਣੇ ਲਈ ਖ਼ਜ਼ਾਨਿਆਂ ਨੂੰ ਭਾਲ ਲਿਆ ਹੈ| ਹੁਣ ਸਮਾ ਹੈ ਕਿ ਤੁਸੀਂ ਵਾਪਿਸ ਕਹਾਣੀ ਵਿਚ ਜਾਓ ਅਤੇ ਪ੍ਰਸ਼ਨਾਂ ਨੂੰ ਤਿਆਰ ਕਰੋ ਜਿਹੜੇ ਸੁਣਨ ਵਾਲਿਆਂ ਨੂੰ ਉਨ੍ਹਾਂ ਲਈ ਖ਼ਜ਼ਾਨੇ ਭਾਲਣ ਲਈ ਅਗੁਵਾਈ ਕਰਨਗੇ| ਅਸੀਂ ਅੱਗੇ ਕੀ ਕਰਨ ਜਾ ਰਹੇ ਹਾਂ, ਅਸੀਂ STS ਦੀ ਪੇਸ਼ਕਾਰੀ ਨੂੰ ਵੇਖਣ ਜਾ ਰਹੇ ਹਾਂ ਕਿ ਤੁਸੀਂ ਉਨ੍ਹਾਂ ਪ੍ਰਸ਼ਨਾਂ ਦਾ ਇਸਤੇਮਾਲ ਕਰੋਗੇ ਜਿਹੜੇ ਤਿਆਰ ਕੀਤੇ ਹਨ|

ਆਓ, ਅਸੀਂ ਸਮਿੱਖਿਆ ਕਰੀਏ ਕਿ ਤੁਸੀਂ ਹਕੀਕਤ ਵਿਚ ਕੀ ਕਰਦੇ ਹੋ ਜਦ ਤੁਸੀਂ ਸਹੀ ਲੋਕਾਂ ਨੂੰ ਕਹਾਣੀ ਸੁਣਾਉਂਦੇ ਹੋ...

ਪੇਸ਼ਕਾਰੀ ਅਵਸਥਾ 1:
ਤਿੰਨ ਵਾਰ ਕਹਾਣੀ ਸੁਣਾਉਣਾ

ਸੁਣਨ ਵਾਲਿਆਂ ਨੂੰ ਕਹਾਣੀ ਤਿੰਨ ਵਾਰ ਸੁਣਾਉਣਾ ਉਨ੍ਹਾਂ ਨੂੰ ਕਹਾਣੀ ਨੂੰ ਸਹੀ ਤਰੀਕੇ ਨਾਲ ਜਾਣਨ ਅਤੇ ਪ੍ਰਸ਼ਨਾਂ ਦੇ ਸਹੀ ਉੱਤਰ ਦੇਣ ਵਿਚ ਮਦਦ ਹੁੰਦੀ ਹੈ:

1. **ਤੁਸੀਂ ਕਹਾਣੀ ਦੱਸਦੇ ਹੋ|**
2. **ਤੁਸੀਂ ਵਲੰਟੀਅਰ ਨੂੰ ਕਹਿੰਦੇ ਹੋ ਕਿ ਉਹ ਕਹਾਣੀ ਨੂੰ ਦੁਹਰਾਏ ਅਤੇ**
3. **ਤੁਸੀਂ ਸੰਪੂਰਨ ਕਹਾਣੀ ਵੱਲ ਅਗੁਵਾਈ ਕਰਦੇ ਹੋ** (ਅਸਲ ਵਿਚ ਇਹ ਕਹਾਣੀ ਨੂੰ ਦੋਬਾਰਾ ਦੱਸਣਾ ਹੀ ਹੈ, ਪਰ ਇਸ ਤਰ੍ਹਾਂ ਤੁਸੀਂ ਕਲਾਸ ਦੇ ਇਕ ਸਦੱਸ ਨੂੰ ਕਹਾਣੀ ਦੱਸਣ ਵਿਚ ਮਦਦ ਕਰਦੇ ਹੋ ਜਿਵੇਂ ਜਿਵੇਂ ਸਾਰੀ ਕਹਾਣੀ ਦੱਸਦਾ ਹੈ|)

ਪਹਿਲੀ ਵਾਰ - ਤੁਸੀਂ ਕਹਾਣੀ ਸੁਣਾਉਂਦੇ ਹੋ|

ਜਿੰਨਾ ਸੰਭਵ ਹੋ ਸਕੇ ਕਹਾਣੀ ਨੂੰ ਸਹੀ ਅਤੇ ਦਿਲਚਸਪੀ ਨਾਲ ਸੁਣਾਓ| ਜਦ ਤੁਸੀਂ ਬੋਲਦੇ ਹੋ ਤਾਂ ਕਹਾਣੀ ਦਰਸ਼ਾਉਣ ਲਈ ਸਰੀਰਕ ਹਾਵ ਭਾਵ ਦਾ ਇਸਤੇਮਾਲ ਕਰੋ|

ਦੂਜੀ ਵਾਰ - ਤੁਸੀਂ ਕਿਸੇ ਵਲੰਟੀਅਰ ਨੂੰ ਕਹਾਣੀ ਦੱਸਣ ਲਈ ਕਹੋ|

ਵਲੰਟੀਅਰ ਨੂੰ ਕਹਿਣ ਦਾ **ਮੁੱਖ ਉਦੇਸ਼** ਲੋਕਾਂ ਨੂੰ ਗਰੁੱਪ ਵਿਚ ਉੱਚੀ ਅਵਾਜ਼ ਨਾਲ ਬੋਲਣ ਲਈ ਉਤਸ਼ਾਹਿਤ ਕਰਨਾ ਹੈ| ਇਹ ਵਲੰਟੀਅਰ ਸਮਾਂ ਇਸ ਪ੍ਰਕ੍ਰੀਆ ਵਿਚ ਗਰੁੱਪ ਦਾ ਵਿਅਕਤੀਗਤ ਸ਼ਾਮਿਲ ਹੋਣ ਲਈ ਹੈ| ਜਦ ਵਲੰਟੀਅਰ ਨਾਲ ਪ੍ਰੇਮ ਨਾਲ ਵਿਹਾਰ ਕੀਤਾ ਜਾਂਦਾ ਹੈ ਅਤੇ ਉਸ ਦਾ ਆਦਰ ਕੀਤਾ ਜਾਂਦਾ ਹੈ, ਤਦ ਪੇਸ਼ਕਾਰੀ ਅਰੰਭ ਹੁੰਦੀ ਹੈ, ਨਾ ਸਿਰਫ ਉਹੀ ਵਿਅਕਤੀ ਹੀ ਉੱਚੀ ਅਵਾਜ਼ ਵਿਚ ਕਹਿਣਾ ਚਾਹੇਗਾ ਪਰ ਬਾਕੀ ਦਾ ਗਰੁੱਪ ਵੀ ਉਸ ਪ੍ਰੇਮੀ ਵਿਹਾਰ ਉੱਤੇ ਧਿਆਨ ਦੇਵੇਗਾ| ਇਹ ਪ੍ਰੇਮੀ ਵਿਹਾਰ ਉਨ੍ਹਾਂ ਨੂੰ ਉੱਚੀ ਅਵਾਜ਼ ਵਿਚ ਬੋਲਣ ਲਈ ਸੁਰੱਖਿਅਤ ਮਹਿਸੂਸ ਹੋਵੇਗਾ|

STS ਦੀ ਇਸ ਪ੍ਰਕ੍ਰੀਆ ਦੀ ਇਹ ਹਿੱਸਾ ਉਹ ਨਹੀਂ ਹੈ ਜਿਥੇ ਲੋਕਾਂ ਤੋਂ ਕਹਾਣੀ ਸਿੱਖਣ ਦੀ ਆਸ ਕੀਤੀ ਜਾਂਦੀ ਹੈ| ਇਹ ਹੈ ਤਾਂ ਉਨ੍ਹਾਂ ਨੂੰ ਇਸ ਯੋਗ ਕਰਨਾ ਹੈ ਕਿ ਬਾਦ ਵਿਚ ਉਹ ਸਹੀ ਤੌਰ 'ਤੇ ਕਹਾਣੀ ਸੁਣਾਉਣ|

ਜੇਕਰ ਪੇਸ਼ਕਾਰੀ ਲਈ ਸਮੇ ਦੀ ਕਿੱਲਤ ਹੈ ਤਾਂ ਦੂਜੀ ਵਾਰ ਕਹਾਣੀ ਸੁਣਾਉਣਾ ਛੱਡ ਸਕਦੇ ਹੋ (ਵਲੰਟੀਅਰ ਦੀ ਭੂਮਿਕਾ) ਅਤੇ ਸਿੱਧੇ ਤੀਜੀ ਵਾਰ ਸੁਣਾਉਣ ਲਈ ਜਾ ਸਕਦੇ ਹੋ|

ਵਲੰਟੀਅਰ ਨੂੰ ਬੁਲਾਉਣ ਦੇ ਦੋ ਤਰੀਕੇ ਹਨ|

ਤਰੀਕਾ 1: ਇਸ ਤਰ੍ਹਾਂ ਆਖੋ, “ਆਪਣੇ ਨਾਲ ਦੇ ਵਿਅਕਤੀ ਵੱਲ ਮੁੜੋ ਅਤੇ ਇਕ ਦੂਜੇ ਨੂੰ ਕਹਾਣੀ ਸੁਣਾਓ।” ਦੋਬਾਰਾ ਕਹਾਣੀ ਦੱਸਣ ਵਾਸਤੇ ਵਲੰਟੀਅਰ ਰੱਖਣ ਦਾ ਇਕ ਵੱਡਾ ਮਹੱਤਵ ਇਹ ਹੈ ਕਿ ਲੋਕਾਂ ਨੂੰ ਉੱਚੀ ਅਵਾਜ਼ ਵਿਚ ਬੋਲਣ ਦਾ ਹੌਸਲਾ ਮਿਲਦਾ ਹੈ। ਜ਼ਿਆਦਾਤਰ ਲੋਕ ਲੋਕਾਂ ਵਿਚ ਬੋਲਣ ਤੋਂ ਝਿਜਕਦੇ ਹਨ। ਅਕਸਰ ਲੋਕ ਉਸ ਦੇ ਕੋਲ ਬਹਿੰਦ ਹਨ ਜਿਸਨੂੰ ਜਾਣਦੇ ਹਨ, ਇਸ ਲਈ ਲਗਭਗ ਹਰ ਵਿਅਕਤੀ ਮੁੜ ਕੇ ਦੂਜੇ ਨੂੰ ਕਹਾਣੀ ਸੁਣਾਉਣ ਵਿਚ ਨਿਡਰ ਹੋਵੇਗਾ, ਅਤੇ ਇਕ ਵਿਅਕਤੀ ਦੂਜੇ ਨੂੰ ਕਹਾਣੀ ਦੁਬਾਰਾ ਸੁਣਾਵੇਗਾ।

ਐਥੋਂ ਤਕ ਕਿ ਮਸੀਹੀ ਸਮਾਜ ਵਿਚ ਵੀ ਸਿੱਖਿਆ ਭਾਸ਼ਣ ਦੇ ਰੂਪ ਵਿਚ ਹੀ ਦਿੱਤੀ ਜਾਂਦੀ ਹੈ, ਇਸ ਲਈ ਲੋਕਾਂ ਨੂੰ ਉੱਚੀ ਅਵਾਜ਼ ਵਿਚ ਬੋਲਣ ਅਤੇ ਆਪਣੇ ਵਿਚਾਰ ਰੱਖਣ ਲਈ ਉਤਸ਼ਾਹਿਤ ਕਰੋ। ਜੇਕਰ ਤੁਸੀਂ ਕਿਸੇ ਗਰੁੱਪ ਵਿਚ ਪਹਿਲੀ ਵਾਰ ਕਹਾਣੀ ਸੁਣਾ ਰਹੇ ਹੋ ਤਾਂ ਲੋਕਾਂ ਨੂੰ ਦੋਬਾਰਾ ਕਹਾਣੀ ਦੱਸਣ ਦਾ ਇਹ ਤਰੀਕਾ ਨਾਲ ਦੇ ਵਿਅਕਤੀ ਨੂੰ ਕਹਾਣੀ ਸੁਣਾਉਣਾ ਜੇਕਰ ਕੋਈ ਪਰੇਸ਼ਾਨੀ ਦੇਣ ਵਾਲਾ ਨਹੀਂ ਹੈ ਤਾਂ ਇਹ ਬਹੁਤ ਹੀ **ਸੌਖਾ ਤਰੀਕਾ** ਹੈ।

ਇਥੇ ਇਕ ਤਰੀਕਾ ਹੈ! ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਕਹਾਣੀ ਦੇ ਕਿਸੇ ਹਿੱਸੇ ਨੂੰ ਭੁੱਲ ਗਏ ਹੋ, ਪਹਿਲੇ ਤਰੀਕੇ ਦਾ ਇਸਤੇਮਾਲ ਤੁਹਾਨੂੰ ਕਹਾਣੀ ਨੂੰ ਦੁਬਾਰਾ ਸੁਣਾਉਣ ਲਈ ਉਸ ਦੀ ਜਾਂਚ ਕਰਨ ਦਾ ਮੌਕਾ ਦਿੰਦਾ ਹੈ ਕਿ ਉਹ ਕਿੰਨੀ ਸਹੀ ਹੈ। ਤੁਸੀਂ ਆਪਣੀ ਬਾਈਬਲ ਵਿਚ ਕਹਾਣੀ ਨੂੰ ਵੇਖ ਸਕਦੇ ਹੋ ਜਦ ਲੋਕ ਇਕ ਦੂਜੇ ਨੂੰ ਕਹਾਣੀ ਸੁਣਾਉਂਦੇ ਹਨ ਅਤੇ ਉਹ ਤੁਹਾਡੇ ਵੱਲ ਧਿਆਨ ਬਿਲਕੁਲ ਨਹੀਂ ਦੇਣਗੇ ਕਿਉਂਕਿ ਉਹ ਤਾਂ ਇਕ ਦੂਜੇ ਨੂੰ ਕਹਾਣੀ ਸੁਣਾਉਣ ਵਿਚ ਵਿਅਸਤ ਹਨ!

ਤਰੀਕਾ 2: ਇਸ ਤਰੀਕੇ ਦਾ ਇਸਤੇਮਾਲ ਪਹਿਲੇ ਤਰੀਕੇ ਦੇ ਇਸਤੇਮਾਲ ਤੋਂ ਬਾਦ ਕਰੋ। ਲੋਕ ਵਲੰਟੀਅਰ ਹੋਣ ਲਈ ਨਿਡਰ ਹੋਣਗੇ ਕਿਉਂਕਿ ਉਹ ਦੀ ਕਹਾਣੀ ਮਿਲ ਕੇ ਪਹਿਲਾਂ ਹੀ ਸੁਣਾ ਚੁਕੇ ਹਨ।

ਪੁੱਛੋ ਜੇਕਰ ਕੋਈ ਆਪਣੀ ਇੱਛਾ ਨਾਲ ਦੋਬਾਰਾ ਕਹਾਣੀ ਦੱਸੇ। ਜੇਕਰ ਸੁਣਨ ਵਾਲੇ ਸ਼ਰਮਾਉਂਦੇ ਹਨ ਅਤੇ ਤੁਹਾਡੇ ਕਹਿਣ ਉੱਤੇ ਜਲਦੀ ਜਵਾਬ ਨਹੀਂ ਦਿੰਦੇ, ਤਾਂ ਕਿਸੇ ਨੂੰ ਕਹੋ ਕਿ ਉਹ ਵਲੰਟੀਅਰ ਹੋ ਕੇ ਸਾਰੇ ਗਰੁੱਪ ਦੇ ਸਾਹਮਣੇ ਕਹਾਣੀ ਨੂੰ ਦੁਬਾਰਾ ਦੱਸੇ। ਜੇਕਰ ਸੁਣਨ ਵਾਲੇ ਸ਼ਰਮਾਉਂਦੇ ਹਨ ਅਤੇ ਤੁਹਾਡੇ ਕਹਿਣ ਦਾ ਜਲਦੀ ਜਵਾਬ ਨਹੀਂ ਦਿੰਦੇ ਤਾਂ ਤੁਸੀਂ ਕਹੋ, ''ਬਸ ਓਨੀ ਹੀ ਸੁਣਾਓ ਜਿੰਨੀ ਤੁਹਾਨੂੰ ਯਾਦ ਹੈ।" ਮੁਸਕੁਰਾਓ ਅਤੇ ਗਰੁੱਪ ਨੂੰ ਉਤਸ਼ਾਹਿਤ ਕਰੋ। ਇਕ ਪਾਸੇ ਮੁੜੇ ਅਤੇ ਵਲੰਟੀਅਰ ਨੂੰ ਆਪਣੇ ਸਥਾਨ ਉੱਤੇ ਆਉਣ ਦਾ ਇਸ਼ਾਰਾ ਕਰੋ।
ਜੇਕਰ ਕਹਾਣੀ ਲੰਮੀ ਹੈ ਜਾਂ ਕਿਸੇ ਵੀ ਕਾਰਨੋਂ ਕੋਹੀ ਵੀ ਜਵਾਬ ਨਹੀਂ ਦਿੰਦਾ (ਇਥੋਂ ਤਕ ਕਿ ਕਈ ਵਾਰ ਬੁਲਾਉਣ ਦੇ ਬਾਵਜੂਦ ਵੀ ਅਤੇ ਤੁਸੀਂ ਉਨ੍ਹਾਂ ਨੂੰ ਅੱਗੇ ਆਉਣ ਦਾ ਰੁਕ ਰੁਕ ਦੇ ਮੌਕਾ ਵੀ ਦਿੱਤਾ ਹੈ) ਤਦ ਵਲੰਟੀਅਰ ਨੂੰ ਦੁਬਾਰਾ ਕਹਾਣੀ ਸੁਣਾਉਣ ਲਈ ਸਾਹਸ ਦੇਣ ਦਾ ਇਕ ਤਰੀਕਾ ਹੈ। ਤੁਸੀਂ ਕਹੋ, ''ਮੇਰੇ ਕੋਲ ਇਕ ਤਰੀਕਾ ਹੈ। ਕੀ ਤੁਹਾਡੇ ਵਿਚੋਂ ਕਈ ਲੋਕ ਕਹਾਣੀ ਦੁਬਾਰਾ ਸੁਣਾ ਸਕਦੇ ਹਨ? ਤੁਹਾਡੇ ਵਿਚੋਂ ਇਕ ਅਰੰਭ ਕਰ ਸਕਦਾ ਹੈ, ਤਦ ਕੋਈ ਦੂਜਾ ਵਿਅਕਤੀ ਕਹਾਣੀ ਨੂੰ

ਜਾਰੀ ਰੱਖ ਸਕਦਾ ਹੈ ਅਤੇ ਕੋਈ ਦੂਜਾ ਬਾਕੀ ਕਹਾਣੀ ਨੂੰ ਪੂਰਾ ਕਰਨ ਵਿਚ ਮਦਦ ਕਰ ਸਕਦਾ ਹੈ| ਅਤੇ ਤੁਹਾਨੂੰ ਸਿਰਫ ਇਹੀ ਜ਼ਰੂਰਤ ਹੈ ਕਿ ਤੁਸੀਂ ਜੋ ਕੁਝ ਤੁਹਾਨੂੰ ਯਾਦ ਹੈ ਉਹੀ ਦੱਸੋ|"

ਇਸ ਤਰ੍ਹਾਂ ਕਈ ਲੋਕਾਂ ਨੂੰ ਕਹਾਣੀ ਦੁਬਾਰਾ ਦੱਸਣਾ ਉਨ੍ਹਾਂ ਵਿਚ ਸਾਹਸ ਨੂੰ ਪੈਦਾ ਕਰੇਗਾ|

(25 ਦੇਸ਼ਾਂ ਤੋਂ ਵੀ ਵੱਧ ਕਹਾਣੀ ਸੁਣਾਉਣ ਅਨੁਭਵ ਹੈ ਕਿ, ਕੋਈ ਵਲੰਟੀਅਰ ਹਮੇਸ਼ਾ ਹੀ ਆਉਂਦਾ ਹੈ| ਜੇਕਰ ਕਦੀ ਇਸ ਤਰ੍ਹਾਂ ਹੁੰਦਾ ਹੈ ਕਿ ਕੋਈ ਵੀ ਵਲੰਟੀਅਰ ਨਹੀਂ ਆਉਂਦਾ ਹੈ, ਮੈਂ ਆਪਣੇ ਉੱਤੇ ''ਦੋਸ਼" ਲੈਂਦਾ ਹਾਂ ਅਤੇ ਕਹੋ, ''ਇਸ ਤਰ੍ਹਾਂ ਹੈ ਕਿ ਮੈਂ ਸੋਚਦਾ ਹਾਂ ਕਿ ਮੈਨੂੰ ਕਹਾਣੀ ਦੁਬਾਰਾ ਸਿੱਖਣ ਦੀ ਲੋੜ ਹੈ ਇਸ ਤਰ੍ਹਾਂ ਅਸੀਂ ਇਸ ਨਾਲ ਜ਼ਿਆਦਾ ਸੌਖੇ ਹੋ ਸਕਦੇ ਹਾਂ|" ਤਦ ਮੈਂ ਉਸ ਦੀ ਚੰਗੀ ਤਰ੍ਹਾਂ ਅਗਵਾਈ ਕਰਾਂਗਾ|)

ਜਦ ਤੁਹਾਨੂੰ ਵਲੰਟੀਅਰ ਮਿਲ ਜਾਂਦਾ ਹੈ, ਤਦ ਖੁਸ਼ੀ ਨਾਲ ਉਸ ਵਿਅਕਤੀ ਦਾ ਸੁਆਗਤ ਕਰੋ ਜਿਸਨੇ ਇਹ ਕਰਨ ਦਾ ਜਤਨ ਕੀਤਾ ਹੈ| ਦੁਬਾਰਾ ਫਿਰ ਮੁਸਕੁਰਾਓ ਅਤੇ ਵਲੰਟੀਅਰ ਨੂੰ ਕਹੋ, ''ਤੁਹਾਨੂੰ ਸਿਰਫ ਕਹਾਣੀ ਹੀ ਦੱਸਣ ਦੀ ਲੋੜ ਹੈ ਭੂਮਿਕਾ ਨਹੀਂ| ਜੇਕਰ ਤੁਸੀਂ ਕਹਾਣੀ ਦੇ ਕਿਸੇ ਹਿੱਸੇ ਨੂੰ ਭੁੱਲ ਵੀ ਜਾਂਦੇ ਹੋ ਤਾਂ ਕੋਈ ਗੱਲ ਨਹੀਂ; ਕਿਉਂਕਿ ਤੁਸੀਂ ਇਸ ਨੂੰ ਸਿਰਫ ਇਕ ਵਾਰੀ ਹੀ ਤਾਂ ਸੁਣਿਆ ਹੈ| ਬਸ ਕਹਾਣੀ ਨੂੰ ਇਸ ਤਰ੍ਹਾਂ ਅਰੰਭ ਕਰੋ...," ਤਦ ਤੁਸੀਂ ਕਹਾਣੀ ਦੀ ਪਹਿਲਾ ਵਾਕ ਦੱਸੋ|

ਇਕ ਪਾਸੇ ਖੜ੍ਹੇ ਹੋ ਜਾਓ, ਹੋ ਸਕੇ ਤਾਂ ਵਲੰਟੀਅਰ ਤੋਂ 10 ਫੁੱਟ ਦੂਰ| ਜੇਕਰ ਤੁਸੀਂ ਵਲੰਟੀਅਰ ਦੇ ਕੋਲ ਹੀ ਖੜ੍ਹੇ ਰਹਿੰਦੇ ਹੋ ਤਾਂ ਉਹ ਵਿਅਕਤੀ ਤੁਹਾਡੇ ਵੱਲ ਹੀ ਵੇਖੇਗਾ ਨਾ ਕਿ ਗਰੁੱਪ ਵੱਲ ਅਤੇ ਤੁਹਾਡੀ ਵੱਲ ਹੀ ਤੁਹਾਡੀ ਆਗਿਆ ਹੋਣ ਵੱਲ ਤੱਕਦਾ ਰਹੇਗਾ| ਜੇਕਰ ਤੁਸੀਂ ਜ਼ਿਆਦਾ ਹੀ ਦੂਰ ਹੋ ਗਏ ਤਾਂ ਵਲੰਟੀਅਰ ਆਪਣੇ ਆਪ ਨੂੰ ਇੱਕਲਾ, ਲਾਚਾਰ ਮਹਿਸੂਸ ਕਰਦਾ ਹੈ| ਇਥੋਂ ਤਕ ਕਿ ਜਦ ਤੁਸੀਂ ਇਕ ਪਾਸੇ ਵੀ ਖੜ੍ਹੇ ਹੋ, ਜਦ ਵਲੰਟੀਅਰ ਕਹਾਣੀ ਦੱਸਦਾ ਹੈ ਤਾਂ ਤੁਸੀਂ ਇਸ ਗੱਲ ਨੂੰ ਯਕੀਨੀ ਬਣਾਓ ਕਿ ਤੁਹਾਡੇ ਚਿਹਰੇ ਦੇ ਹਾਵ ਭਾਵ ਅਤੇ ਤੁਹਾਡੇ ਸਰੀਰ ਦੀ ਹਰਕਤ ਤੁਹਾਡੀ ਦਿਲਚਸਪੀ ਅਤੇ ਤੁਹਾਡੀ ਰਜ਼ਾਮੰਦੀ ਨੂੰ ਦਰਸ਼ਾਵੇ|

ਆਪਣੇ ਧਿਆਨ ਨੂੰ ਵਲੰਟੀਅਰ ਉੱਤੇ ਕੇਂਦਰਤ ਕਰੋ| ਇਸ ਸਮੇ ਵਿਚ ਕਿਸੇ ਹੋਰ ਨਾਲ ਗੱਲ ਬਾਤ ਨਾ ਕਰੋ| ਉਹ ਵਲੰਟੀਅਰ ਤੁਹਾਡੇ ਵਿਚ ਭਰੋਸਾ ਰੱਖਦਾ ਹੈ| ਉਸ ਭਰੋਸੇ ਨੂੰ ਸਹੀ ਤਰ੍ਹਾਂ ਸੁਣਨ ਅਤੇ ਸਚੇਤ ਹੋਣ ਦੇ ਨਾਲ ਬਣਾਈ ਰੱਖੋ|

ਉਸ ਤੋਂ ਬਾਦ, ਜੇਕਰ ਕਹਾਣੀ ਚੰਗੀ ਤਰ੍ਹਾਂ ਸੁਣਾਈ ਗਈ ਹੋਵੇ ਤਾਂ ਤੁਹਾਡੇ ਸ਼ਬਦਾਂ ਅਤੇ ਹਾਵ ਭਾਵ ਤੋਂ ਵਲੰਟੀਅਰ ਉੱਤੇ ਇਹ ਪ੍ਰਗਟ ਹੋ ਜਾਵੇ ਕਿ ਤੁਸੀਂ ਉਸ ਦੀ ਦੱਸੀ ਕਹਾਣੀ ਤੋਂ ਕਿੰਨੇ ਪ੍ਰਭਾਵਿਤ ਹੋ| ਆਪਣੀ ਹਾਮੀ ਭਰਨ ਦੇ ਨਾਲ ਅਤੇ ਹਾਵ ਭਾਵ ਨਾਲ ਜਾਂ ਸ਼ਾਬਾਸ਼ੀ ਦੇ ਵਚਨਾਂ ਨਾਲ ਇਹ ਸਿੱਧ ਕਰੋ ਕਿ ਤੁਸੀਂ ਕਹਾਣੀ ਸੁਣ ਰਹੇ ਹੋ|

ਕਦੀ-ਕਦਾਈਂ, ਕਹਾਣੀ ਸੁਣਾਉਣ ਵਾਲਾ ਕਹਾਣੀ ਨੂੰ ਚੰਗੀ ਤਰ੍ਹਾਂ ਯਾਦ ਨਹੀਂ ਰਖੇਗਾ ਜਾਂ ਅਟਕ ਅਟਕ ਕੇ ਦੱਸੇਗਾ| ਜਦ ਇਸ ਤਰ੍ਹਾਂ ਹੁੰਦਾ ਹੈ ਤਾਂ ਕਿਸੇ ਦੂਜੇ ਸੁਣਨ ਵਾਲੇ ਤੋਂ ਉਸ ਦੀ ਦਰੁਸਤੀ ਨਾ ਕਰਾਓ| ਜੇਕਰ ਗਰੁੱਪ, ਇਥੋਂ ਤਕ ਕਿ ਤੁਸੀਂ ਵੀ, ਵਲੰਟੀਅਰ ਨੂੰ ਸਭ ਦੇ ਸਾਹਮਣੇ ਦਰੁਸਤ ਕਰੋਗੇ ਤਾਂ ਹੋ ਸਕਦਾ ਹੈ ਕਿ ਵਲੰਟੀਅਰ ਉਲਝਣ ਮਹਿਸੂਸ ਕਰੇਗਾ|

ਉਸ ਕਹਾਣੀ ਨੂੰ ਸੁਧਾਰਨ ਦਾ ਜਤਨ ਕਰਨਾ ਜਿਹੜੀ ਕਿ ਕਈ ਗਲਤੀਆਂ ਦੇ ਨਾਲ ਦੱਸੀ ਗਈ ਇਹ ਸੁਣਨਵਾਲਿਆਂ ਲਈ ਉਲਝਣ ਪੈਦਾ ਕਰ ਸਕਦਾ ਹੈ| ਇਨ੍ਹਾਂ ਹੀ ਬਿਹਤਰ ਹੋਵੇਗਾ ਕਿ ਵਲੰਟੀਅਰ ਨੂੰ ਜਿਸ ਨੇ ਕਹਾਣੀ ਚੰਗੀ ਤਰ੍ਹਾਂ ਨਹੀਂ ਦੱਸੀ ਇਸ ਤਰ੍ਹਾਂ ਦੇ ਵਾਕਾਂ ਦੇ ਰਾਹੀਂ ਉਤਸ਼ਾਹਿਤ ਕਰੋ| ਉਹ ਵਾਕ ਇਸ ਤਰ੍ਹਾਂ ਦੇ ਹੋ ਸਕਦੇ ਹਨ: ''ਮੈਨੂੰ ਤੁਹਾਡੀ ਦਿਲੇਰੀ ਉੱਤੇ ਮਾਣ ਹੈ," ''ਤੁਸੀਂ ਜੋ ਕੋੜ੍ਹੀ ਬਾਰੇ ਦੱਸਿਆ ਬਹੁਤ ਠੀਕ ਸੀ," ''ਤੁਸੀਂ ਜਿਸ ਤਰ੍ਹਾਂ ਨਾਟਕੀਯ ਢੰਗ ਨਾਲ ਦੱਸਿਆ ਉਹ ਮੈਨੂੰ ਬਹੁਤ ਚੰਗਾ ਲੱਗਿਆ," ਜਾਂ ਕੁਝ ਹੋਰ ਵੀ ਖਾਸ ਉਤਸ਼ਾਹ ਦੇਣ ਵਾਲੇ ਕੁਝ ਹੋਰ ਵੀ ਸ਼ਬਦ ਹੋ ਸਕਦੇ ਹਨ|

ਜੇਕਰ ਵਲੰਟੀਅਰ ਕੁਝ ਗੱਲਾਂ ਜੋੜਦਾ ਹੈ ਜਾਂ ਕਹਾਣੀ ਨੂੰ ਹੋਰ ਵੀ ਸੁੰਦਰ ਬਣਾਉਂਦਾ ਹੈ, ਉਹ ਜੋੜੀਆਂ ਹੋਇਆਂ ਗੱਲਾਂ ਦੱਸਣਾ ਜ਼ਰੂਰੀ ਹੈ| ਸੁਣਨ ਵਾਲੇ ਜੋੜੀਆਂ ਗੱਲਾਂ ਉੱਤੇ ਧਿਆਨ ਕਰਨਗੇ ਅਤੇ ਇੰਤਜਾਰ ਕਰਨਗੇ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਦੱਸਣਾ ਹੈ| ਜੇਕਰ ਤੁਸੀਂ ਸੋਚਦੇ ਹੋ ਕਿ ਉਨ੍ਹਾਂ ਹਾਵ ਭਾਵ ਨੂੰ ਨਜ਼ਰਅੰਦਾਜ ਕੀਤਾ ਜਾਵੇ ਜਿਨ੍ਹਾਂ ਰਾਹੀਂ ਕਹਾਣੀ ਸੁੰਦਰ ਬਣਾਈ ਗਈ ਸੀ, ਤਾਂ ਤੁਸੀਂ ਉਸ ਦਾ ਜਿਕਰ ਨਾ ਕਰਨਾ (ਉਸ ਨੂੰ ਵੀ ਪਿਆਰ ਨਾਲ ਕਹਿਣਾ ਹੈ) ਜਿਹੜੇ ਜੋੜੇ ਗਏ ਸ਼ਬਦ ''ਸਵੀਕਾਰ" ਨਹੀਂ ਸਨ, ਤੁਸੀਂ ਛੇਤੀ ਹੀ ਉਸ ਆਨਾਕਾਨੀ ਉੱਤੇ ਅਫਸੋਸ ਕਰੋਗੇ|

ਆਨਾਕਾਨੀ ਦੇ ਨਤੀਜੇ|ਬਾਈਬਲ ਸ਼ੁੱਧਤਾਵਾਦੀ ਦੇ ਨਿਰਾਸ ਹੋਣ ਦੀ ਆਸ ਰੱਖੋ ਕਿ ਲੋਕਾਂ ਨੂੰ ਪਰਮੇਸ਼ਰ ਵਿਚ ਜੋੜਨ ਦੀ STS ਆਗਿਆ ਦਿੰਦੀ ਹੈ (ਅਤੇ ਅਸੀਂ ਇਸ ਤਰ੍ਹਾਂ ਦੀ ਆਗਿਆ ਦਿੰਦੇ ਨਹੀਂ!) ਅਤੇ ਦੂਜੇ ਇਹ ਵੀ ਕਲਪਣਾ ਕਰਨਗੇ ਕਿ ਜਦ ਉਹ ਕਹਾਣੀ ਸੁਣਾਉਣ ਤਾਂ ਜੋ ਉਹ ਚਾਹੁੰਦੇ ਹਨ ਵਾਕ ਜੋੜ ਸਕਦੇ ਹਨ|

ਦਰਅਸਲ, ਤੁਸੀਂ ਇਹ ਜੋੜੇ ਗਏ ਨੂੰ ਬੜੇ ਪਿਆਰ ਨਾਲ ਦੱਸ ਸਕਦੇ ਹੋ| ਤੁਸੀਂ ਥੋੜਾ ਜਿਹਾ ਮੁਸਕਾਓ ਅਤੇ ਉਤਸ਼ਾਹ ਨਾਲ ਆਖੋ, ''ਤੁਸੀਂ ਬੜੇ ਹੀ ਜੋਸ਼ੀਲੇ ਹੋ! ਤੁਸੀਂ ਤਾਂ ਕੁਝ ਗੱਲਾਂ ਜਿਆਦਾ ਹੀ ਦੱਸ ਦਿੱਤੀਆਂ ਹਨ ਜਿਹੜੀਆਂ ਕਿ ਮੈਂ ਸੋਚਦਾ ਹਾਂ ਕਿ ਉਹ ਕਹਾਣੀ ਵਿਚ ਹੈ ਹੀ ਨਹੀਂ! ਇਹ ਸਾਡੇ ਲਈ ਬਹੁਤ ਹੀ ਚੁਣੋਤੀ ਵਾਲਾ ਕੰਮ ਹੈ ਕਿ ਉਹੀ ਕਹਿਣਾ ਹੈ ਜਿਹੜਾ ਬਾਈਬਲ ਦੀ ਕਹਾਣੀ ਵਿਚ ਹੈ!"

ਬਹੁਤ ਹੀ ਜ਼ਰੂਰੀ ਗੱਲ ਇਹ ਹੈ, ਇਸ ਦੀ ਕੋਈ ਪਰਵਾਹ ਨਹੀਂ ਕਿ ਕਹਾਣੀ ਕਿੰਨੀ ਚੰਗੀ ਤਰ੍ਹਾਂ ਜਾਂ ਬੁਰੀ ਤਰ੍ਹਾਂ ਦੱਸੀ ਗਈ ਹੈ, ਉਸ ਨੂੰ ਉਤਸ਼ਾਹਿਤ ਕਰਨਾ ਯਾਦ ਰੱਖੋ|

ਵਲੰਟੀਅਰ ਨੂੰ ਕਹਿਣਾ ਕਿ ਉਹ ਦੁਬਾਰਾ ਕਹਾਣੀ ਸੁਣਾਏ ਇਸ ਲਈ ਵਿਚ ਕਹਾਣੀ ਵਾਚਕ ਲਈ ਕੋਈ ਸਥਾਨ ਨਹੀਂ ਹੈ ਕਿ ਲੋਕ ਕਹਾਣੀ ਚੰਗੀ ਤਰ੍ਹਾਂ ਸਿੱਖ ਕੇ ਫਿਰ ਕਹਾਣੀ ਨੂੰ ਸਿੱਧ ਰੂਪ ਵਿਚ ਸੁਣਾਉਣ ਦੇ ਕਾਬਿਲ ਹੋਣਗੇ| ਅਸੀਂ ਵਲੰਟੀਅਰ ਰਾਹੀਂ ਸਿਲਸਿਲੇਵਾਰ ਕਹਾਣੀ ਦੁਬਾਰਾ ਸੁਣਾਉਣ ਸਮਰਥਨ ਨਹੀਂ ਕਰਦੇ ਕਿ ਇਸ ਨੂੰ ਕਹਾਣੀ ਸਿੱਖਣ ਦਾ ਤਰੀਕਾ ਬਣਾਇਆ ਜਾਵੇ| ਕਿਉਂਕਿ ਸਰੋਤਿਆਂ ਨੇ ਅਜਿਹੇ ਇਕ ਵਾਰੀ ਹੀ ਕਹਾਣੀ ਨੂੰ ਸੁਣਿਆ ਹੈ, ਪਹਿਲਾ ਵਲੰਟੀਅਰ ਗਲਤੀਆਂ ਕਰੇਗਾ ਹੀ| ਤਦ ਜਿੰਨੇ ਜ਼ਿਆਦਾ ਵਲੰਟੀਅਰ ਕਹਾਣੀ ਸੁਣਾਉਣਗੇ ਓਨੀ ਹੀ ਜ਼ਿਆਦਾ ਗਲਤੀਆਂ ਹੋਣਗੀਆਂ ਅਤੇ ਗਲਤੀਆਂ ਉਹ ਬਣ ਜਾਂਦੀਆਂ ਹਨ ਜਿਨ੍ਹਾਂ ਨੂੰ ਲੋਕ ਯਾਦ ਰੱਖਣਗੇ!

ਜੇਕਰ ਤੁਸੀਂ ਸਿਲਸਿਲੇਵਾਰ ਵਲੰਟੀਅਰ ਰਾਹੀਂ ਕਹਾਣੀ ਸੁਣਾਉਣ ਦਰੁਸਤੀ ਕਰਨ ਦੀ ਕੋਸ਼ਿਸ਼ ਕਰੋਗੇ ਅਤੇ ਵਲੰਟੀਅਰ ਦੀਆਂ ਗਲਤੀਆਂ ਨੂੰ ਸਭ ਦੇ ਸਾਹਮਣੇ ਹੀ ਠੀਕ ਕਰੋਗੇ ਤਾਂ ਲੋਕਾਂ ਦੇ ਅੰਦਰ ਆਤਮਵਿਸ਼ਵਾਸ ਪੈਦਾ ਕਰਨ ਦੇ ਉਦੇਸ਼ ਨੂੰ ਗੁਆ ਬੈਠੋਗੇ| ਫਿਰ ਤਾਂ ਸਿਰਫ ਨਿਡਰ ਲੋਕ ਹੀ ਕਹਾਣੀ ਸੁਣਾਉਣ ਦਾ ਹੌਂਸਲਾ ਕਰਨਗੇ ਅਤੇ ਬਾਕੀ ਲੋਕ ਪਿੱਛੇ ਝਿਜਕੇ ਬੈਠ ਜਾਣਗੇ ਅਤੇ ਉੱਚੀ ਬੋਲ ਕੇ ਉੱਤਰ ਨਹੀਂ ਦੇਣਗੇ ਕਿਉਂਕਿ ਉਨ੍ਹਾਂ ਵਿਚ ਸਭ ਦੇ ਸਾਹਮਣੇ ਬੇਇੱਜਤੀ ਹੋਣ ਦਾ ਡਰ ਭਰ ਜਾਵੇਗਾ|
ਭਾਵੇਂ ਕਿ ਕਹਾਣੀ ਵਾਚਕ ਕਹਾਣੀ ਨੂੰ ਸਹੀ ਕਰਕੇ ਦੁਬਾਰਾ ਦੱਸੇਗਾ, ਅਸੀਂ ਇਸ ਗੱਲ ਦਾ ਸਮਰਥਨ ਨਹੀਂ ਕਰਦੇ ਹਾਂ ਕਿ ਦੂਜਿਆਂ ਦੇ ਰਾਹੀਂ ਵਾਰੀ ਵਾਰੀ ਕਹਾਣੀ ਦੱਸ ਕੇ ਕਹਾਣੀ ਵਾਚਕ ਕਹਾਣੀ ਸਿਖਾਵੇਂ ਭਾਵੇਂ ਕਿ ਇਹ ਤਰੀਕਾ ਵੀ ਕੰਮ ਕਰ ਸਕਦਾ ਪਰ ਇਹ ਕਹਾਣੀ ਸਿੱਖਣ ਦਾ ਕੋਈ ਜੋਸ਼ੀਲਾ ਤਰੀਕਾ ਨਹੀਂ ਹੋ ਸਕਦਾ! ਵਾਰੀ ਵਾਰੀ ਕਹਾਣੀ ਦੁਹਾਰਾਕੇ ਕਹਾਣੀ ਸਿੱਖਣ ਵਿਚ ਕੋਈ ਮਜ਼ਾ ਨਹੀਂ ਆਵੇਗਾ ਅਤੇ ਇਹ ਅਕਾਊ ਬਣ ਸਕਦਾ ਹੈ|

STS ਦੀ ਪ੍ਰਕ੍ਰੀਆ ਵਿਚ ਲੋਕਾਂ ਨੂੰ ਸਿੱਧ ਤੌਰ 'ਤੇ ਕਹਾਣੀ ਸਿਖਾਉਣ ਦਾ ਉਦੇਸ਼ ਨਹੀਂ ਹੈ| ਪਰ ਇਸ ਸਮੇਂ, ਅਸੀਂ ਚਾਹੁੰਦੇ ਹਾਂ ਕਿ ਲੋਕ ਕਹਾਣੀ ਨੂੰ ਚੰਗੀ ਤਰ੍ਹਾਂ ਸਿੱਖਣ ਅਤੇ ਉਸ ਨੂੰ ਸਮਝਣ, ਇਸ ਉੱਤੇ ਵਿਚਾਰ ਵਟਾਂਦਰਾ ਕਰਨ ਅਤੇ ਜੋ ਕੁਝ ਉਨ੍ਹਾਂ ਨੇ ਇਸ ਕਹਾਣੀ ਵਿਚ ਸਿੱਖਿਆ ਹੈ ਉਸ ਨੂੰ ਵਿਅਕਤੀਗਤ ਰੂਪ ਵਿਚ ਲਾਗੂ ਕਰਨ|

STS ਦੀ ਪੇਸ਼ਕਾਰੀ ਦੇ ਇਹ ਸਾਰੇ ਜਤਨ ਕਰਨ ਤੋਂ ਬਾਦ ਅਤੇ ਕਹਾਣੀ ਉੱਤੇ ਚੰਗੀ ਤਰ੍ਹਾਂ ਵਿਚਾਰ ਵਟਾਂਦਰਾ ਹੋ ਚੁੱਕਿਆ ਹੈ, ਇਹੀ ਉਹ ਵਾਜਿਬ ਸਮਾ ਹੋਵੇਗਾ ਕਿ ਅਸੀਂ ਨਿਸ਼ਚਿਤ ਤੌਰ 'ਤੇ ਕਹਾਣੀ ਪੂਰੀ ਤੌਰ 'ਤੇ ਜਾਣੀ ਜਾ ਸਕਦੀ ਹੈ| ਅਸੀਂ ਇਸ ਨੂੰ ''ਰਚਨਾਤਮਕ ਪੁਸ਼ਟੀਕਰਨ" ਕਹਿੰਦੇ ਹਾਂ| ਇਸ ਬਾਰੇ ਹੋਰ ਵੇਰਵਾ ਅਗਲੇ ਅਧਿਆਏ ਵਿਚ ਹੋਵੇਗਾ|

STS ਪ੍ਰਕ੍ਰੀਆ ਸੁਭਾਵਿਕ ਤੌਰ 'ਤੇ ਕਹਾਣੀ ਸਿੱਖਣ ਦੀ ਚੁਣੋਤੀਆਂ ਦਾ ਹੱਲ ਪੇਸ਼ਕਾਰੀ ਦੇ ਅਗਲੇ

ਦੋ ਤਰੀਕੀਆਂ ਵਿਚ ਹੈ| ਦੁਬਾਰਾ ਦੱਸਣ ਦੇ ਰਾਹੀਂ ਅੱਗੇ ਕੀ ਹੋਵੇਗਾ ਦਾ ਵਿਚਾਰ ਲੋਕਾਂ ਦੇ ਮਨਾਂ ਵਿਚ ਆਉਂਦਾ ਹੈ| ਅਤੇ ਇਹ ਵਧ ਕੇ ਜਦ ਕਹਾਣੀ ਵਾਚਕ ਕਹਾਣੀ ਦੇ ਬਾਰੇ ਨਿਰੀਖਣ ਪ੍ਰਸ਼ਨ ਪੁੱਛਦਾ ਹੈ, ਉਹ ਆਪਣੇ ਪ੍ਰਸ਼ਨਾਂ ਨੂੰ ਕਹਾਣੀ ਦੇ ਹਿੱਸੇ ਦੀ ਜਾਂਚ ਕਰਦੇ ਹੋਏ ਪੁੱਛਣਗੇ| ਇਸ ਤਰੀਕੇ ਨਾਲ ਸਰੋਤੇ ਕਹਾਣੀ ਸੁਣਨਗੇ, ਹਿੱਸਾ ਬਾ ਹਿੱਸਾ ਕਰਕੇ, ਇਸ ਨੂੰ ਤਰਤੀਬਵਾਰ ਸਿੱਖਣਗੇ ਜਿਹੜਾ ਕਿ ਇਕ ਵਾਰੀ ਫੇਰ ਕਹਾਣੀ ਦੇ ਵਿਸ਼ੇ ਨੂੰ ਮਜ਼ਬੂਤੀ ਮਿਲੇਗੀ|

ਅਕਸਰ, ਅਸੀਂ ਜਦ ਸੰਸਾਰ ਦੇ ਕਿਸੇ ਹਿੱਸੇ ਵਿਚ ਵਰਕਸ਼ਾਪ ਕਰਨ ਲਈ ਜਾਂਦੇ ਹਾਂ, ਤਾਂ ਉਥੋਂ ਦੇ ਆਗੂ ਸਾਨੂੰ ਇਕ ਪਾਸੇ ਲੈ ਜਾਂਦ ਅਤੇ ਚੁੱਪਚਪੀਤੇ ਸਾਨੂੰ ਕਹਿੰਦੇ, ''ਅਸੀਂ ਤੁਹਾਨੂੰ ਨਿਰਾਸ ਨਹੀਂ ਕਰਨਾ ਚਾਹੁੰਦੇ, ਕਿਉਂਕਿ ਇਹ ਲੋਕ ਤੁਹਾਡੇ ਪ੍ਰਸ਼ਨਾਂ ਦੇ ਉੱਤਰ ਨਹੀਂ ਦੇਣਗੇ|" ਜਦ ਇਸ ਤਰ੍ਹਾਂ ਹੁੰਦਾ ਹੈ, ਅਸੀਂ ਆਗੂ ਦਾ ਧੰਨਵਾਦ ਕਰਦੇ ਹਾਂ ਅਤੇ ਕਹਿੰਦੇ ਹਾਂ, ''ਧੰਨਵਾਦ, ਅਸੀਂ ਵੇਖਾਂਗੇ ਕਿ ਕੀ ਹੋਵੇਗਾ|"

ਹਰੇਕ ਮਾਮਲੇ ਵਿਚ, ਹਰੇਕ ਥਾਂ ਉੱਤੇ (ਪਰ ਲੋਕਲ ਆਗੂਆਂ ਨੂੰ ਬੜੀ ਹੈਰਾਨੀ ਹੋਈ) ਲੋਕਾਂ ਨੇ ਪ੍ਰਸ਼ਨਾਂ ਦੇ ਉੱਤਰ ਦੇਣ ਨਾਲ ਸਮਾਪਨ ਹੋਇਆ ਅਤੇ ਸਾਰਥਕ ਵਿਚਾਰ ਵਟਾਂਦਰੇ ਵਿਚ ਹਿੱਸਾ ਲਿਆ| ਉੱਤਰ ਦੇਣ ਲਈ ਉਨ੍ਹਾਂ ਦੀ ਰਜ਼ਾਮੰਦੀ ਹੌਲੀ ਹੌਲੀ ਇਸ ਸਿਥਤੀ ਤਕ ਪਹੁੰਚੀ ਅਤੇ STS ਦੀ ਪ੍ਰਕ੍ਰੀਆ ਨੂੰ ਪੂਰਾ ਉਤਸ਼ਾਹ ਹੋਇਆ|

ਕੁਝ ਲੋਕ ਬਾਕੀ ਲੋਕਾਂ ਦੀ ਬਜਾਏ ਪ੍ਰਸ਼ਨ ਦੇ ਉੱਤਰ ਦੇਣ ਦੇ ਉਤਸ਼ਾਹ ਵਿਚ ਜ਼ਿਆਦਾ ਤਰੱਕੀ ਬਹੁਤ ਸਮਾ ਲਾਉਂਦੇ ਹਨ| ਹੋ ਸਕਦਾ ਹੈ ਕਿ ਉਨ੍ਹਾਂ ਨੂੰ ਸਿਖਾਇਆ ਗਿਆ ਹੋਵੇ ਕਿ ਮਸੀਹੀ ਸਿੱਖਿਆ ਦੇ ਮਹੌਲ ਵਿਚ ਉੱਚਾ ਨਹੀਂ ਬੋਲਣਾ, ਜਦਕਿ ਦੂਜੇ ਲੋਕ ਡਰਦੇ ਹਨ ਕਿ ਸਭ ਦੇ ਸਾਹਮਣੇ ਗਲਤੀ ਨਾ ਹੋ ਜਾਵੇ| ਬਹੁਤ ਸਾਰੇ ਇਹ ਵਿਸ਼ਵਾਸ ਨਹੀਂ ਕਰਦੇ ਹਨ ਕਿ ਉਨ੍ਹਾਂ ਦੇ ਆਤਮਿਕ ਵਿਚਾਰਾਂ ਦਾ ਕੋਈ ਮੁੱਲ ਵੀ ਹੋਵੇਗਾ| ਦਰਅਸਲ, ਅਸੀਂ ਪਿਛਲੇ ਸਮੇਂ ਵਿਚ ਵੱਖ ਵੱਖ ਹਾਲਾਤ ਨੂੰ ਵੇਖ ਚੁਕੇ ਹਾਂ ਕਿ ਜ਼ਿਆਦਾਤਰ ਲੋਕ ਇ ਹਾਲਤ ਵਿਚ ਰਹੇ ਕਿ ਉਹ ਗਹਿਰਾਈ ਨਾਲ ਨਾ ਹੀ ਸੋਚਣ ਜਾਂ ਵਿਚਾਰ ਕਰਨ ਅਤੇ ਨਵੇਂ ਸੁਝਾਵ ਦੱਸਣ| ਅਸੀਂ ਇਸ ਹਾਲਤ ਦੇ ਉਧੜਨ ਨੂੰ ਵੇਖਣਾ ਚਾਹੁੰਦੇ ਹਾਂ!

ਹਾਲਾਤ ਉਧੜਨ ਦੇ ਕੁਝ ਉਦਾਹਰਨ

STS ਦੇ ਖੁਲਾਸੇ ਦੇ ਪਹਿਲੇ ਦਿਨ ਦੀ ਸਮਾਪਤੀ ਉੱਤੇ, ਇਕ ਪੜ੍ਹੇ ਲਿਖੇ 70 ਸਾਲ ਦੇ ਵਿਅਕਤੀ ਨੇ ਕਿਹਾ, ''ਇਸ ਦੀ ਮੈਨੂੰ 40 ਸਾਲ ਪਹਿਲਾਂ ਲੋੜ ਸੀ| ਅਸੀਂ ਚੀਨਵਾਸੀ ਵਿਚਾਰ ਵਟਾਂਦਰਾ ਨਹੀਂ ਕਰਨਾ ਚਾਹੁੰਦੇ| ਸਾਨੂੰ ਦੱਸਿਆ ਗਿਆ ਕਿ ਸਾਨੂੰ ਕੀ ਕਰਨਾ ਹੈ ਅਤੇ ਕੀ ਵਿਸ਼ਵਾਸ ਕਰਨਾ ਹੈ| ਇਹ ਤਾਂ ਬਹੁਤ ਵੱਡੀ ਗੱਲ ਹੈ| ਅਸੀਂ ਪਹਿਲੀ ਵਾਰ ਆਪਣੇ ਆਪ ਦੀ ਖੋਜ ਕੀਤੀ|"

ਨੇਪਾਲ ਵਿਚ ਇਕ ਪੇਂਡੂ ਅਨਪੜ੍ਹ ਨੇ ਥੋੜਾ ਜਿਹਾ ਸਮਾ ਲਿਆ ਅਤੇ ਵਰਕਸ਼ਾਪ ਵਿਚ ਉੱਚੀ ਬੋਲ ਕੇ ਪ੍ਰਸ਼ਨਾਂ ਦੇ ਉੱਤਰ ਦਿੱਤੇ| ਪਰ ਜਿਵੇਂ ਜਿਵੇਂ ਉਨ੍ਹਾਂ ਦੇ ਉੱਤਰਾਂ ਨੂੰ ਸਮਰਥਨ ਮਿਲਿਆ ਉਹ ਹੋਰ

ਵੀ ਅੱਗੇ ਵਧਣ ਲੱਗੇ| ਅਖੀਰ ਵਿਚ ਸਾਰੇ ਇਕ ਸਾਰਥਕ ਵਿਚਾਰ ਵਟਾਂਦਰੇ ਵਿਚ ਸ਼ਾਮਿਲ ਹੋ ਗਏ| ਇਕ ਅਨਪੜ੍ਹ ਵਿਅਕਤੀ ਨੇ ਆਪਣੇ ਵਿਚਾਰ ਸਾਂਝੇ ਕੀਤੇ, ''ਮੈਂ ਇਹ ਜਾਣਦਾ ਨਹੀਂ ਸੀ ਕਿ ਪਰਮੇਸ਼ਰ ਉਨ੍ਹਾਂ ਨਾਲ ਵੀ ਗੱਲ ਬਾਤ ਕਰਦਾ ਹੈ ਜਿਹੜੇ ਪੜ੍ਹ ਨਹੀਂ ਸਕਦੇ ਹਨ|"

ਥਾਈਲੈਂਡ ਦੇ ਪਿੰਡ ਵਿਚ ਹੋ ਰਹੀ ਵਰਕਸ਼ਾਪ ਵਿਚ ਇਕ ਥਾਈ ਸਿੱਖਿਅਕ ਨੇ ਦੱਸਿਆ, ''ਪਹਿਲੀ ਵਾਰ ਤਾਂ ਔਰਤਾਂ ਬਿਲਕੁਲ ਵੀ ਨਹੀ ਬੋਲਦੀਆਂ| ਇਹ ਜਾਣਨ ਲਈ ਕਾਫੀ ਦਿਨ ਲੱਗੇ ਕਿ ਉਨ੍ਹਾਂ ਨੂੰ ਬੋਲਣ ਦੀ ਆਗਿਆ ਹੈ, ਅਤੇ ਇਹ ਜਾਣਨ ਲਈ ਕਿ ਉਹ ਜੋ ਬੋਲਣਗੀਆਂ ਉਸ ਦਾ ਮੁੱਲ ਹੈ| ਉਸ ਤੋਂ ਬਾਦ, ਅਸੀਂ ਉਨ੍ਹਾਂ ਨੂੰ ਉੱਤਰ ਦੇਣ ਤੋਂ ਰੋਕ ਨਾ ਸਕੇ!"

ਤੀਜੀ ਵਾਰ - ਕਹਾਣੀ ਦੇ ਰਾਹੀਂ ਅਗੁਵਾਈ ਕਰੋ|

ਤੁਸੀਂ ਪਹਿਲਾਂ ਕਹਾਣੀ ਸੁਣਾਈ| ਫਿਰ ਵਲੰਟੀਅਰ ਨੇ ਕਹਾਣੀ ਸੁਣਾਈ| ਹੁਣ ਤੀਜੀ ਵਾਰ ਕਹਾਣੀ ਲਈ ਸਭ ਨੂੰ ਕਹੋ ਕਿ ਉਹ ਤੁਹਾਡੇ ਨਾਲ ਹੀ ਕਹਾਣੀ ਬੋਲਣ|

ਇਹ ਤਰੀਕਾ ਕਹਾਣੀ ਦਾ ਹੈ ਜਿਸ ਵਿਚ ਕਾਫੀ ਝਿਜਕ ਹੁੰਦੀ ਹੈ| ਇਹ ਇਸ ਤਰ੍ਹਾਂ ਹੋਇਆ ਹੈ ਜਿਸ ਤਰ੍ਹਾਂ ਕਹਾਣੀਵਾਚਕ ਨੂੰ ਕਹਾਣੀ ਯਾਦ ਕਰਨ ਵਿਚ ਮਦਦ ਦੀ ਲੋੜ ਹੈ, ਪਰ ਇਹ ਤਾਂ ਸੁਣਨ ਵਾਲਿਆਂ ਲਈ ਇਕ ਪਰਿੱਖਿਆ ਹੈ ਇਹ ਜਾਣਨ ਦੀ ਕਿ ਉਨ੍ਹਾਂ ਨੂੰ ਕਹਾਣੀ ਕਿੰਨੀ ਯਾਦ ਹੈ| ਕਹਾਣੀਵਾਚਕ ਹੋਣ ਦੇ ਨਾਤੇ ਸੁਣਨ ਵਾਲਿਆਂ ਉੱਤੇ ਆਸਾ ਭਰੀ ਨਜਰ ਰੱਖੋ ਜਿਵੇਂ ਕਿ ਤੁਸੀਂ ਆਸ ਕਰ ਰਹੇ ਹੋ ਕਿ ਕੋਈ ਹੋਰ ਵਿਅਕਤੀ ਬਾਕੀ ਦੇ ਸ਼ਬਦ ਬੋਲੇਗਾ| ਯਾਦ ਰੱਖੋ ਕਿ ਇਹ ਸਿਰਫ ਕਹਾਣੀ ਨੂੰ ਇਕ ਵਾਰ ਫਿਰ ਸੁਣਾਉਣਾ ਹੈ| ਕਿਉਂਕਿ ਕੁਝ ਹਿੱਸਿਆਂ ਦੀ ਆਮ ਜਾਂਚ ਨਹੀਂ ਹੈ, ਇਹ ਜ਼ਰੂਰੀ ਹੈ ਕਿ ਤੁਸੀਂ ਹਰੇਕ ਦੀ ਕਹਾਣੀ ਸੁਣਾਉਣ ਵਿਚ ਮਦਦ ਕਰੋ ਕਿ ਉਹ ਸਪੱਸ਼ਟ ਅਤੇ ਸਹੀ ਸੁਣਾ ਸਕਣ|

ਕਹਾਣੀ ਨੂੰ ਇਸ ਤਰ੍ਹਾਂ ਅਰੰਭ ਕਰੋ ਜਿਵੇਂ ਕਿ ਤੁਸੀਂ ਕਹਾਣੀ ਸੁਣਾਉਣ ਜਾ ਰਹੇ ਹੋ, ਹਰੇਕ ਵਾਕ ਜਾਂ ਸ਼ਬਦਾਂ ਦੇ ਇਲਾਵਾ (ਜਾਂ ਕਿ ਕੋਈ ਨਵਾਂ ਵਿਚਾਰ) ਤੁਸੀਂ ਝਿਜਕਦੇ ਹੋਏ ਅਰੰਭ ਕਰੋ| ਸੁਣਨ ਵਾਲਿਆਂ ਨੂੰ ਤੁਹਾਡੇ ਛੱਡੇ ਹੋਏ ਵਾਕ ਜਾਂ ਸ਼ਬਦਾਂ ਨੂੰ ਬੋਲ ਕੇ ਪੂਰਾ ਕਰਨ ਦਿਓ|

ਉਦਾਹਰਣ ਦੇ ਤੌਰ ਤੇ| ਤੁਸੀਂ ਕਹਿ ਸਕਦੇ ਹੋ, ਯਿਸੂ ਅਤੇ ਉਸ ਦੇ ਚੇਲੇ ਕਿਸੇ ਨਗਰ ਵਿਚ ਗਏ ਅਤੇ ਉਥੇ ਇਕ ਇਸਤਰੀ ਨੂੰ ਮਿਲੇ ਜਿਸ ਦਾ ਨਾਮ ਉਂਮ....ਤਦ ਤੁਸੀਂ ਥੋੜਾ ਜਿਹਾ ਰੁਕੋ ਅਤੇ ਇਸ ਤਰ੍ਹਾਂ ਕਰੋ ਕਿ ਤੁਹਾਨੂੰ ਨਾਮ ਜਾਣਨ ਲਈ ਕੁਝ ਮਦਦ ਦੀ ਜ਼ਰੂਰਤ ਹੈ ਅਤੇ ਇਸੇ ਹੀ ਆਸ ਨਾਲ ਵੇਖੋ ਅਤੇ ਇੰਤਜਾਰ ਕਰੋ ਕਿ ਸੁਣਨ ਵਾਲੇ ਉਸ ਖਾਲੀ ਥਾਂ ਨੂੰ ਭਰ ਦੇਣ| ਉਨ੍ਹਾਂ ਦੇ ''ਮਾਰਥਾ" ਕਹਿਣ ਤੋਂ ਬਾਦ ਤੁਸੀਂ ਕਹੋ ''ਠੀਕ ਹੈ" ਜਾਂ ''ਬਹੁਤ ਅੱਛੇ" ਅਤੇ ਕਹਾਣੀ ਜਾਰੀ ਰੱਖੋ|

ਆਮ ਤੌਰ 'ਤੇ ਲੋਕਾਂ ਨੂੰ ਨਾਮ ਅਤੇ ਗਿਣਤੀ ਯਾਦ ਕਰਨ ਵਿਚ ਬੜੀ ਔਖ ਹੁੰਦੀ ਹੈ| ਉਨ੍ਹਾਂ ਨੂੰ ਸੁਖਾਲੇ ਕਰਨ ਲਈ ਅਸੀਂ ਉਨ੍ਹਾਂ ਤੋਂ ਅਕਸਰ ਨਾਮ ਨਹੀਂ ਪੁੱਛਦੇ|

ਨਿਰਣਾ ਕਰਨਾ ਕਿ ਕਦ ਉਨ੍ਹਾਂ ਨੂੰ ਨਾਮ ਯਾਦ ਕਰਨ ਲਈ ਪੁੱਛਿਆ ਜਾਵੇ ਦਿਮਾਗ ਲੜਾਉਣਾ ਪੈਂਦਾ ਹੈ| ਛੋਟੀ ਕਹਾਣੀ ਵਿਚ ਮਾਰਥਾ, ਮਰੀਯਮ ਅਤੇ ਯਿਸੂ ਹੋਰਾਂ ਦੇ ਨਾਮ ਵਾਰ ਵਾਰ ਦੱਸੇ ਗਏ ਹਨ, ਇਸ ਲਈ ਸਰੋਤੇ ਬੜੀ ਅਸਾਨੀ ਨਾਲ ਇਹ ਨਾਮ ਯਾਦ ਰੱਖ ਸਕਣਗੇ| ਇਸ ਵਿਚ ਆਪਣੇ ਦਿਮਾਗ ਦੀ ਵਰਤੋਂ ਕਰੋ| ਉਨ੍ਹਾਂ ਤੋਂ ਸੌਖੇ ਸਵਾਲ ਪੁੱਛੋ ਜਿਹੜੇ ਸਰੋਤਿਆਂ ਨੂੰ ਨਿਡਰ ਹੋਣ ਵਿਚ ਸਹਾਇਤਾ ਕਰਨ| ਤਦ ਉਹ ਤੁਹਾਡੇ ਪ੍ਰਸ਼ਨਾਂ ਦੇ ਉੱਤਰ ਖੁਲ੍ਹ ਕੇ ਦੇ ਸਕਣਗੇ|

ਪੁੱਛੋ, ਤਾਂ ਮਾਰਥਾ ਨੇ ਕਿਸ ਨੂੰ ਆਪਣੇ ਘਰ ਬੁਲਾਇਆ? ਉਨ੍ਹਾਂ ਦੇ ਕਹਿਣ ਤੋਂ ਬਾਦ ''ਮਾਰਥਾ ਨੇ ਯਿਸੂ ਨੂੰ ਆਪਣੇ ਘਰ ਬੁਲਾਇਆ," ਤੁਸੀਂ ਕਹੋ ''ਬਹੁਤ ਅੱਛੇ".

ਕਦੀ ਕਦੀ ਕਹਾਣੀਵਾਚਕ ਕਹਾਣੀ ਵਿਚੋਂ ਹੀ ਰੋਕੇਗਾ ਅਤੇ ਸੁਣਨ ਵਾਲਿਆਂ ਨੂੰ ਬਾਕੀ ਕਹਾਣੀ ਦੱਸਣ ਲਈ ਇਸ ਤਰ੍ਹਾਂ ਕਹੇਗਾ, ''ਮਰਥਾ ਦੀ ਇਕ ਰਿਸ਼ਤੇਦਾਰ ਬਾਰੇ ਵੀ ਕਹਾਣੀ ਦੱਸਦੀ ਹੈ| ਇਹ ਕੌਣ ਹੈ ਅਤੇ ਇਸ ਬਾਰੇ ਅਸੀਂ ਕੀ ਦੱਸਿਆ ਸੀ? ਜਦ ਉਹ ਉੱਤਰ ਦੇਣ, ''ਮਰਿਯਮ ਮਾਰਥਾ ਦੀ ਭੈਣ ਸੀ ਅਤੇ ਮਰਿਯਮ ਯਿਸੂ ਦੇ ਚਰਨੀਂ ਬੈਠ ਕੇ ਉਸ ਦੀ ਸਿੱਖਿਆ ਨੂੰ ਸੁਣਦੀ ਹੈ|" ਤਾਂ ਤਸੀਂ ਕਹੋ, ''ਬਿਲਕੁਲ ਠੀਕ"
ਫਿਰ ਕਹੋ ਕਿ ਮਾਰਥਾ ਨੂੰ ਇਕ ਪਰੇਸ਼ਾਨੀ ਹੋ ਗਈ ਜਾਂ ਉਸ ਨੇ ਕੁਝ ਮਹਿਸੂਸ ਕੀਤਾ ਕਿ ਉਹ ਪਰੇਸ਼ਾਨ ਹੋ ਰਹੀ ਹੈ| ਉਹ ਪਰੇਸ਼ਾਨੀ ਕੀ ਸੀ?

ਸੁਣਨ ਵਾਲਿਆਂ ਵੱਲੋ ਮਦਦ ਦੀ ਆਸ ਕਰੋ ਅਤੇ ਕਹਾਣੀ ਵਿਚ ਅੱਗੇ ਵਧੋ ਇਹ ਕਰਦੇ ਹੋਏ ਕਿ ਤੁਸੀਂ ਕਹਾਣੀ ਭੁੱਲ ਰਹੇ ਹੋ ਅਤੇ ਉਹ ਤੁਹਾਨੂੰ ਯਾਦ ਕਰਾਉਣ, ਖਾਲੀ ਥਾਂ ਛੱਡ ਛੱਡ ਕੇ ਚੱਲੇ ਕਿ ਉਹ ਖਾਲੀ ਥਾਂ ਨੂੰ ਭਰਨ ਜਾਂ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਅਗਲਾ ਹਿੱਸਾ ਦੱਸੋ ਤਾਂ ਕਿ ਸਾਰੇ ਗਰੁੱਪ ਤੁਹਾਡੇ ਲਈ ਕਹਾਣੀ ਯਾਦ ਕਰ ਸਕੇ|

ਜੇਕਰ ਹੁਣ, (ਜਾਂ ਕਿਸੇ ਹੋਰ ਸਮੇ), ਤੁਹਾਡੇ ਰੁਕਣ ਤੋਂ ਬਾਦ ਉਨ੍ਹਾਂ ਨੂੰ ਕਹਾਣੀ ਦਾ ਕੁਝ ਹਿੱਸਾ ਪੂਰਾ ਕਰਨ ਦਿਓ, ਹੌਲੀ ਹੌਲੀ ਬੋਲ ਕੇ ਉੱਤਰ ਦੱਸੋ, ਲੋਕਾਂ ਨੂੰ ਕਹਾਣੀ ਯਾਦ ਕਰਨ ਦਾ ਮੌਕਾ ਦਿਓ ਅਤੇ ਬਾਕੀ ਦੇ ਵਾਕ ਜਾਂ ਵਿਚਾਰ ਪੂਰੇ ਕਰੋ|

ਆਪਣੇ ਪ੍ਰਸ਼ਨਾਂ ਵਿਚ ਮੁੱਖ ਸ਼ਬਦਾਂ ਨੂੰ ਰੱਖਦੇ ਹੋਏ, ਤੁਸੀਂ ਲੋਕਾਂ ਨੂੰ ਕਹਾਣੀ ਦੇ ਅਗਲੇ ਹਿੱਸੇ ਨੂੰ ਯਾਦ ਕਰਵਾ ਸਕਦੇ ਹੋ| ਇਹ ਲਾਜਮੀ ਹੈ ਕਿ ਤੁਹਾਡੇ ਪ੍ਰਸ਼ਨਾਂ ਵਿਚ ਉਹ ਮੁੱਖ ਸ਼ੁਬਦ ਹੋਣ, ਕਿਉਂਕਿ ਉਹ ਸ਼ਬਦ ਉਨ੍ਹਾਂ ਲਈ ਇਕ ਸੰਕੇਤ ਦੇ ਰੂਪ ਵਿਚ ਕੰਮ ਕਰਨਗੇ ਉਹ ਸੁਣਨ ਵਾਲਿਆਂ ਨੂੰ ਕਹਾਣੀ ਦੇ ਅਗਲੇ ਹਿੱਸੇ ਦਾ ਉੱਤਰ ਦੇਣ ਲਈ ਸਹਾਇਤਾ ਕਰਨਗੇ ਕਿ ਕੋਈ ਵੀ ਗੱਲ ਨਾ ਰਹਿ ਜਾਵੇ|

ਮੁੱਖ ਸ਼ਬਦਾਂ ਤੋਂ ਬਿਨਾਂ: ਮਿਸਾਲ ਦੇ ਤੌਰ 'ਤੇ, ਜਿਵੇਂ ਹੀ ਤੁਸੀਂ ਕਹਾਣੀ ਦੁਹਰਾਉਂਦੇ ਹੋ, ਜੇਕਰ ਤੁਸੀਂ ਕਹਿੰਦੇ ਹੋ, ''ਅਤੇ ਮਾਰਥਾ ਨੇ ਕੀ ਕਿਹਾ?" ਕੋਈ ਸੁਣਨ ਵਾਲਾ ਸਹੀ ਜਵਾਬ ਦਿੰਦਾ ਹੈ, ''ਮਾਰਥਾ ਨੇ ਕਿਹਾ, 'ਮਰਿਯਮ ਨੂੰ ਕਹੋ ਕਿ ਆ ਕੇ ਮੇਰੀ ਮਦਦ ਕਰੇ।' " ਇਹ ਤਾਂ ਠੀਕ ਹੈ ਕਿ ਮਾਰਥਾ ਨੇ ਇਹ ਕਿਹਾ ''ਮਰਿਯਮ ਨੂੰ ਕਹਿ ਕਿ ਉਹ ਮੇਰੀ ਮਦਦ ਕਰੇ," ਇਸ ਤਰ੍ਹਾਂ ਸੁਣਨ ਵਾਲੇ ਨੇ ਸਹੀ ਉੱਤਰ ਦਿੱਤਾ। ਪਰ ਮਾਰਥਾ ਨੇ ਪਹਿਲਾਂ ਕਿਹਾ, ''ਮਰਿਯਮ ਨੂੰ ਕਹਿ ਕਿ ਮੇਰੀ ਮਦਦ ਕਰੇ," ਮਾਰਥਾ ਨੇ ਕਿਹਾ ਸੀ, ''ਪ੍ਰਭੂ ਤੈਨੂੰ ਕੋਈ ਚਿੰਤਾ ਨਹੀਂ ਕਿ ਮਰਿਯਮ ਨੇ ਮੈਨੂੰ ਸਾਰਾ ਕੰਮ ਇਕੱਲੀ ਕਰਨ ਲਈ ਛੱਡ ਦਿੱਤਾ ਹੈ।" ਇਸ ਤਰ੍ਹਾਂ ਆਪਣੇ ਪ੍ਰਸ਼ਨਾਂ ਦੇ ਦੁਹਰਾਉਣ ਵਿਚ ਸਧਾਰਨ ਹੀ ਰਹੋ, ਸੁਣਨ ਵਾਲਿਆਂ ਨੂੰ ਕਹਾਣੀ ਦੇ ਅਗਲੇ ਹਿੱਸੇ ਵਿਚ ਜਾਣ ਦਿਓ।

ਮੁੱਖ ਸ਼ਬਦਾਂ ਦੇ ਨਾਲ। ਤੁਸੀਂ ਜਿਹੜੇ ਉੱਤਰ ਸੁਣਨਾ ਚਾਹੁੰਦੇ ਉਸ ਵਿਚ ਉਨ੍ਹਾਂ ਦੀ ਮਦਦ ਕਰੋ, ਤੁਸੀਂ ਉਹ ਪ੍ਰਸ਼ਨ ਸਕਦੇ ਹੋ ਜਿਹੜੇ ਸੁਣਨ ਵਾਲਿਆਂ ਨੂੰ ਕਹਾਣੀ ਯਾਦ ਕਰਾਉਣ। ਇਸ ਦੀ ਇਕ ਮਿਸਾਲ ਇਸ ਤਰ੍ਹਾਂ ਹੋਵੇਗੀ: ''ਮਾਰਥਾ ਨੇ ਯਿਸੂ ਨੂੰ ਕੀ ਕਿਹਾ?" ਸ਼ਬਦ ''ਕਿਹਾ" ਆਪਣੇ ਪ੍ਰਸ਼ਨ ਵਿਚ ਇਸਤੇਮਾਲ ਕਰਦੇ ਹੋਏ ਤੁਸੀਂ ਬੜੇ ਪਿਆਰ ਨਾਲ ਸੁਣਨ ਵਾਲਿਆਂ ਨੂੰ ਅਗੁਵਾਈ ਕਰੋ ਇਹ ਯਾਦ ਕਰਨ ਲਈ ਕਿ ਮਾਰਥਾ ਨੇ ਯਿਸੂ ਨੂੰ ਕੀ ਕਿਹਾ।

ਆਪਣੇ ਸੁਣਨ ਵਾਲਿਆਂ ਨੂੰ ਹੋਰ ਵੀ ਉੱਤਰ ਲੱਭਣ ਵਿਚ ਮਦਦ ਕਰੋ, ਜਿਹੜੇ ਉਨ੍ਹਾਂ ਨੂੰ ਹੋਰ ਵੀ ਖੁਲ੍ਹ ਕੇ ਬੋਲਣ ਲਹੀ ਉਤਸ਼ਾਹਿਤ ਕਰਦੇ ਹੋਣ, ਉਨ੍ਹਾਂ ਨੂੰ ਉਤਸ਼ਾਹੀ ਰੂਪ ਵਿਚ ਉੱਤਰ ਦੇਣ ਦੀ ਕੋਸ਼ਿਸ਼ ਕਰੋ, ਬੇਸ਼ਕ ਉਸ ਵਿਅਕਤੀ ਦਾ ਉੱਤਰ ਸਹੀ ਨਾ ਵੀ ਹੋਵੇ।

ਉਦਾਹਰਣ ਲਈ, ਇਸ ਪ੍ਰਸ਼ਨ ਦਾ ਅਭਿਅਸ ਕਰੋ। ''ਹੁਣ ਮਾਰਥਾ ਨੇ ਯਿਸੂ ਨੂੰ ਬੁਲਾਇਆ; ਉਸ ਨੇ ਕਿਹੜੇ ਸ਼ਬਦ ਇਸਤੇਮਾਲ ਕੀਤੇ?" ਉਹ ਕਹਿਣਗੇ, ''ਸੁਆਮੀ" ਜਾਂ ''ਪ੍ਰਭੂ" ਜੇਕਰ ਉਹ ਉੱਤਰ ''ਪ੍ਰਭੂ" ਦਿੰਦੇ ਹਨ, ਤੁਸੀਂ ਇਹ ਠੀਕ ਹੈ। ਜੇਕਰ ਉਹ ਕਹਿੰਦੇ ਹਨ ਕਿ ''ਸੁਆਮੀ", ਤੁਸੀਂ ਕਹਿ ਸਕਦੇ ਹੋ, ''ਠੀਕ ਹੈ, ਮਾਰਥਾ ਨੇ ਯਿਸੂ ਨੂੰ ਪ੍ਰਭੂ ਕਿਹਾ।" ਭਾਵੇਂ ਕਿ ਸੁਣਨ ਵਾਲੇ ਦਾ ਉੱਤਰ''ਸੁਆਮੀ" ਸਹੀ ਤਰ੍ਹਾਂ ਠੀਕ ਨਹੀਂ ਸੀ, ਪਰ ਉਸ ਦਾ ਵਿਚਾਰ ਸਹੀ ਸੀ। ਤੁਸੀਂ ਉਤਸ਼ਾਹ ਨਾਲ ਉੱਤਰ ਦਿਓ, ਪਰ ਉਸੇ ਸਮੇ ਬੜੀ ਨਰਮਾਈ ਨਾਲ ਸਹੀ ਉੱਤਰ ਵੀ ਦੱਸੋ ਜੋ ਕਹਾਣੀ ਵਿਚ ਸਹੀ ਦੱਸਿਆ ਗਿਆ ਹੈ।

ਜਿਵੇਂ ਜਿਵੇਂ ਤੁਸੀਂ ਕਹਾਣੀ ਦੇ ਅਰੰਭ ਤੋਂ ਅੰਤ ਵੱਲ ਜਾਂਦੇ ਹੋ, ਤੁਸੀਂ ਇਸ ਤਰ੍ਹਾਂ ਪੁੱਛ ਸਕਦੇ ਹੋ, ਕਿਸ ਨੇ ਯਿਸੂ ਨੂੰ ਆਪਣੇ ਘਰ ਬੁਲਾਇਆ? ਮਰਿਯਮ ਕਹਾਣੀ ਵਿਚ ਕੀ ਕਰ ਰਹੀ ਹੈ? ਮਾਰਥਾ ਕੀ ਕਰ ਰਹੀ ਹੈ? ਤਦ ਇਕ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਸਮੱਸਿਆ ਦਾ ਬਿਓਰਾ ਦਿਓ। ਜਦ ਮਾਰਥਾ ਯਿਸੂ ਨਾਲ ਬੋਲਦੀ ਹੈ ਤਾਂ ਉਹ ਯਿਸੂ ਨੂੰ ਕੀ ਕਹਿਕੇ ਪੁਕਾਰਦੀ ਹੈ? ਤਦ ਮਾਰਥਾ ਨੇ ਯਿਸੂ ਨੂੰ ਕੀ ਕਿਹਾ? ਮਾਰਥਾ ਸਮੱਸਿਆ ਨੂੰ ਕਿਸ ਤਰ੍ਹਾਂ ਸੁਲਝਾਉਣਾ ਚਾਹੁੰਦੀ ਸੀ? ਮਾਰਥਾ ਨੂੰ ਯਿਸੂ ਨੇ ਕੀ ਕਿਹਾ ਕਿ ਉਹ ਕਰ ਰਹੀ ਸੀ? ਇਸ ਤਰ੍ਹਾਂ ਯਿਸੂ ਕਹਿੰਦੇ ਹਨ ਕਿ ਉਹ ਮਰਿਯਮ ਨੂੰ

ਮਾਰਥਾ ਦੀ ਮਦਦ ਲਈ ਭੇਜਣਗੇ, ਠੀਕ? ਨਹੀਂ ਤੁਸੀਂ ਠੀਕ ਹੋ| ਤਦ ਯਿਸੂ ਨੇ ਮਰਿਯਮ ਬਾਰੇ ਅਤੇ ਉਸ ਦੀ ਚੋਣ ਦੇ ਬਾਰੇ ਕੀ ਕਿਹਾ?
ਇਹ ਧਿਆਨ ਦਿਓ ਕਿ ਕਹਾਣੀ ਬਾਰੇ ਕੁਝ ਦੱਸਿਆ ਸੀ ਜੋ ਬਿਲਕੁਲ ਗਲਤ ਸੀ| ਜੇਕਰ ਨਾਸਮਝੀ ਨਾਲ ਕੀਤੀ ਹੈ, ਲੋਕ ਤੁਹਾਡੀ ਮਦਦ ਕਰਨਾ ਚਾਹੁਣਗੇ ਅਤੇ ਉਹ ਕਹਾਣੀ ਨੂੰ ਦਰੁਸਤ ਕਰਨਗੇ| ਲੋਕਾਂ ਨੂੰ ਕਹਾਣੀ ਯਾਦ ਕਰਵਾਉਣ ਦਾ ਇਹ ਵੀ ਇਕ ਤਰੀਕਾ ਹੈ ਕਿ ਕਹਾਣੀ ਵਿਚ ਕੁਝ ਗਲਤੀ ਕਰੋ ਸੁਣਨ ਵਾਲੇ ਹੈਰਾਨ ਹੋਣਗੇ ਅਤੇ ਉਹ ਆਪਣੇ ਆਪ ਨੂੰ ਸ਼ਾਮਿਲ ਕਰਨਗੇ, ਇਸ ਦਾ ਇਸਤੇਮਾਲ ਸੰਜਮ ਨਾਲ ਕਰਨਾ|

ਇਸ ਤੀਜੀ ਵਾਰ ਸੁਣਾਉਣ ਦੇ ਸਮੇ, ਕਹਾਣੀ ਸੁਣਨਵਲਿਆਂ ਦੇ ਦਿਮਾਗ ਵਿਚ ਬੈਠ ਗਈ ਹੈ| ਇਸ ਦੇ ਇਲਾਵਾ, ਅਸਾਨ ਪ੍ਰਸ਼ਨ (ਜਿਹੜੇ ਕਿ ਕਹਾਣੀ ਦੇ ਵਿਸ਼ੇ ਨੂੰ ਸਮਝਣ ਲਈ ਹਨ) ਸੁਣਨ ਵਾਲਿਆਂ ਨੂੰ ਕਹਾਣੀ ਵਾਚਕ ਦੇ ਪ੍ਰਸ਼ਨਾਂ ਦੇ ਉੱਤਰ ਉੱਚੀ ਅਵਾਜ਼ ਵਿਚ ਦੇਣ ਲਈ ਉਤਸ਼ਾਹਿਤ ਕਰਦੇ ਹਨ| ਜਦ ਲੋਕ ਇਨ੍ਹਾਂ ਅਸਾਨ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ ਅਤੇ ਪੁਸ਼ਟੀ ਕਰਦੇ ਹਨ ਇਸ ਉਹ ਆਤਮ ਵਿਸ਼ਵਾਸ ਪ੍ਰਾਪਤ ਕਰਦੇ ਹਨ| ਇਹ ਆਤਮ ਵਿਸ਼ਵਾਸ STS ਦੇ ਅਗਲੇ ਦੇ ਹਿੱਸਿਆਂ ਲਈ ਜ਼ਰੂਰੀ ਹੈ ਜਿਹੜੇ ਕਿ ਕੁਝ ਹੋਰ ਵੀ ਚੁਨੌਤੀਪੂਰਨ ਹੋਣਗੇ| ਵਿਚਾਰ ਵਟਾਂਦਰੇ ਦੇ ਦੌਰਾਨ, ਸੁਣਨ ਵਾਲਿਆਂ ਨੂੰ ਕਹਾਣੀ ਦੇ ਖ਼ਜ਼ਾਨਿਆਂ ਨੂੰ ਵੇਖਣ ਦੀ ਲੋੜ ਹੈ ਅਤੇ ਉਨ੍ਹਾਂ ਦੀ ਭਾਲ ਉੱਤੇ ਧਿਆਨ ਦਿਓ|

ਕੀ ਤੁਸੀਂ ਤਿਆਰ ਹੋ? ਆਓ ਅਸੀਂ ਪੇਸ਼ਕਾਰੀ ਲਈ ਆਪਣੇ ਹੁੱਨਰ ਪ੍ਰਯੋਗ ਕਰਨ ਦਾ ਜਤਨ ਕਰੀਏ|

ਪੇਸ਼ਕਾਰੀ ਅਵਸਥਾ 2: ਆਤਮਿਕ ਨਿਰੀਖਣਾਂ ਦਾ ਵਿਚਾਰ ਵਟਾਂਦਰਾ

ਆਤਮਿਕ ਨਿਰੀਖਣ| ਤੁਸੀਂ ਬਹੁਤ ਸਾਰੇ ਖਜਾਨੇ ਲੱਭਦੇ ਹੋ ਜਦ ਅਸੀਂ ਆਤਮਿਕ ਨਿਰੀਖਣਾਂ ਅਤੇ ਆਤਮਿਕ ਪ੍ਰਯੋਗਾਂ ਦੀ ਭਾਲ ਕੀਤੀ| ਇਕ ਹਿੱਸਾ ਜਾਂ ਪੂਰਾ ਹਿੱਸਾ, ਇਹ ਖੋਜਾਂ ਕਹਾਣੀ ਨੂੰ ਸਿਖਾਉਂਦੇ ਹੋਏ ਪੇਸ਼ ਹੋ ਸਕਣਗੀਆਂ| ਇਸ ਵਿਚ ਕੋਈ ਸ਼ਕ ਨਹੀਂ ਕਿ ਹੋਰ ਵੀ ਖਜਾਨੇ ਲੱਭੇ ਜਾ ਸਕਣਗੇ ਜਿਵੇਂ ਜਿਵੇਂ ਪਵਿੱਤਰ ਆਤਮਾ ਤੁਹਾਡੇ ਉੱਤੇ ਪਰਮੇਸ਼ਰ ਦੇ ਵਚਨ ਦੀ ਗਹਿਰਾਈ ਅਤੇ ਅਰਥ ਨੂੰ ਪ੍ਰਗਟ ਕਰਦਾ ਹੈ|

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਨਮੂਨੇ ਤੁਹਾਡੀ ਹੋਰ ਵੀ ਖਜਾਨੇ ਲੱਭਣ ਵਿਚ ਅਗੁਵਾਈ ਕਰਨਗੇ ਜਿਵੇਂ ਕਿ ਮਾਰਥਾ ਅਤੇ ਮਰੀਯਮ ਦੀ ਕਹਾਣੀ ਦੀ ਵਰਕਸ਼ਾਪ ਵਿਚ ਜਿਹੜੀ ਸੰਸਾਰ ਭਰ ਵਿਚ ਕੀਤੀ ਗਈ ਲੱਭੇ ਗਏ| ਅੱਗੇ ਧਿਆਨ ਇਹ ਦਿਓ ਕਿ ਅਸੀਂ ਕਹਾਣੀ ਦੇ ਕ੍ਰਮ ਅਨੁਸਾਰ ਗਏ, ਹਰੇਕ ਨਿਰੀਖਣ ਉੱਤੇ ਵਿਚਾਰ ਵਟਾਂਦਰਾ ਕੀਤਾ ਜਿਵੇਂ ਉਹ ਕਹਾਣੀ ਦੇ ਬਹਾਓ ਵਿਚ ਫਿੱਟ ਹੁੰਦਾ ਗਿਆ|

[ਇਨ੍ਹਾਂ ਨਿਰੀਖਣਾਂ ਦੇ ਹਰੇਕ ਨੰਬਰ ਜੋ ਇਟੈਲਿਕ ਵਿਚ ਹਨ ਇਹ ਉਹ ਸ਼ਬਦ ਹਨ ਜਿਹੜੇ ਕਹਾਣੀ ਵਾਚਕ ਗਰੁੱਪ ਤੋਂ ਪੁੱਛ ਸਕਦਾ ਹੈ| ਜਿਹੜੇ ਸ਼ਬਦ ਇਟੈਲਿਕ ਵਿਚ ਨਹੀਂ ਹਨ ਉਹ ਗਰੁੱਪ ਲਈ ਸੰਭਾਵਿਤ ਉੱਤਰ ਜਾਂ ਖਜਾਨੇ ਹਨ ਜਿਨ੍ਹਾਂ ਨੂੰ ਗਰੁੱਪ ਲੱਭ ਸਕਦਾ ਹੈ ਅਤੇ ਉਹ ਸ਼ਬਦ ਜਿਹੜੇ ਕਹਾਣੀ ਵਾਚਕ ਰਾਹੀਂ ਬੋਲੇ ਗਏ ਹਨ ਉਸ ਨੂੰ ਗਰੁੱਪ ਉੱਚੀ ਅਵਾਜ਼ ਬੋਲ ਸਕਦਾ ਹੈ ਜਿਹੜੇ ਕਿ ਕਹਾਣੀ ਵਾਚਕ ਦੇ ਰਾਹੀਂ ਗਰੁੱਪ ਦੀ ਪੁਸ਼ਟੀ ਲਈ ਬੋਲੇ ਗਏ ਹਨ|]

1.ਕਹਾਣੀ ਵਿਚ, ਅਜਿਹਾ ਲਗਦਾ ਹੈ ਕਿ ਯਿਸੂ ਮਰਿਯਮ ਦੇ ਵਿਹਾਰ ਦੀ ਸ਼ਲਾਘਾ ਕਰ ਰਿਹਾ ਹੈ, ਪਰ ਮਾਰਥਾ ਦੇ ਵਿਹਾਰ ਦੀ ਅਲੋਚਨਾ | ਮੈਂ ਠੀਕ ਕਹਿ ਰਿਹਾ ਹਾਂ?[ਉੱਤਰ ਦੀ ਉਡੀਕ ਕਰੋ]ਹੁਣ ਮੈਂ ਥੋੜਾ ਜਿਹਾ ਪਰੇਸ਼ਾਨ ਹਾਂ! ਕੀ ਸੇਵਾ ਸਤਿਕਾਰ ਚੰਗੀ ਗੱਲ ਹੈ?[ਉੱਤਰ ਦੀ ਉਡੀਕ ਕਰੋ]ਕੀ ਮਿਹਮਾਨ ਲਈ ਭੋਜਨ ਤਿਆਰ ਕਰਨਾ ਚੰਗਾ ਕੰਮ ਹੈ?[ਉੱਤਰ ਦੀ ਉਡੀਕ ਕਰੋ] *ਤਾਂ ਫਿਰ, ਮੈਨੂੰ ਜੋ ਗੱਲ ਉਤਸੁਕ ਕਰਦੀ ਹੈ ਉਹ ਇਹ ਹੈ| ਯਿਸੂ ਮਰਿਯਮ ਨਾਲ ਪ੍ਰਸੰਨ ਹੈ ਅਤੇ ਮਾਰਥਾ ਦੀ ਪ੍ਰਸੰਸਾ ਨਹੀਂ ਕਰਦਾ ਹੈ|*

2.ਜੇਕਰ ਅਸੀਂ ਫੈਸਲਾ ਕਰੀਏ ਕਿ ਇਹ ਕਹਾਣੀ ਸਾਨੂੰ ਦੱਸਦੀ ਹੈ ਕਿ ਭੋਜਨ ਪਕਾਉਣ ਨਾਲੋਂ ਬਾਈਬਲ ਸਟਡੀ ਕਰਨਾ ਚੰਗੀ ਗੱਲ ਹੈ, ਤੁਹਾਡੇ ਲਈ ਭੋਜਨ ਕੌਣ ਪਕਾਉਂਦਾ ਹੈ ਜਨਾਬ?[ਉੱਤਰ ਦੀ ਉਡੀਕ ਕਰੋ]ਜਨਾਬ ਕੀ ਇਹ ਠੀਕ ਹੈ, ਮਿਹਮਾਨ ਆਉਣ ਅਤੇ ਪਤਨੀ ਨੂੰ ਖਾਣਾ ਪਕਾਉਣ ਲਈ ਰਸੋਈ ਵਿਚ ਭੇਜੋ ਜਦ ਕਿ ਉਸ ਦੀ ਬਾਈਬਲ ਸਟਡੀ ਦਾ ਨੁਕਸਾਨ ਹੋ ਰਿਹਾ ਹੋਵੇ ਅਤੇ ਤਦ ਤੁਸੀਂ ਉਨ੍ਹਾਂ ਨੂੰ ਦੱਸਦੇ ਹੋ ਕਿ ਇਹ ਕਹਾਣੀ ਸਿਖਾਉਂਦੀ ਹੈ ਕਿ ਹਲਕੇ ਕੰਮ ਕਰ ਰਹੇ ਹਨ?[ਉੱਤਰ ਦੀ ਉਡੀਕ ਕਰੋ] ਤਾਂ ਫਿਰ ਯਿਸੂ ਮਰਿਯਮ ਨਾਲ ਕਿਉਂ ਖੁਸ਼ ਹੈ ਅਤੇ ਮਾਰਥਾ ਨਾਲ ਨਹੀਂ?

ਅਸੀਂ ਜਾਣਦੇ ਹਾਂ ਕਿ ਯਿਸੂ ਹਮੇਸ਼ਾ ਸੱਚ ਬੋਲਦੇ ਹਨ, ਪਰ ਇਸ ਦੀ ਅਸਲ ਸਚਿਆਈ ਇਹ ਹੈ ਕਿ ਉਹ ਬੋਲ ਰਹੇ ਹਨ? ਕੀ ਇੰਜ ਲਗਦਾ ਹੈ ਕਿ ਸਾਨੂੰ ਕਹਾਣੀ ਨੂੰ ਫਿਰ ਤੋਂ ਵੇਖਣਾ ਚਾਹੀਦਾ ਹੈ?

ਅਸੀਂ ਕੀ ਕਹਿੰਦੇ ਹਾਂ ਯਿਸੂ ਨੂੰ ਕਿਸ ਨੇ ਘਰ ਵਿਚ ਬੁਲਾਇਆ ਸੀ? [ਉੱਤਰ ਦੀ ਉਡੀਕ ਕਰੋ]ਕੀ ਕਹਾਣੀ ਵਿਚ ਕੁਝ ਹੈ ਜੋ ਸਾਨੂੰ ਵਿਖਾ ਸਕੇ ਕਿ ਮਾਰਥਾ ਇਹ ਜਾਣਦੀ ਸੀ ਕਿ ਯਿਸੂ ਬਹੁਤ ਹੀ ਖਾਸ ਮਨੁੱਖ ਸੀ?[ਉੱਤਰ ਦੀ ਉਡੀਕ ਕਰੋ]

ਸੁਣਨ ਵਾਲੇ ਹੋ ਸਕਦਾ ਹੈ ਦੱਸਣ ਕਿ ਮਾਰਥਾ ਨੇ ਯਿਸੂ ਨੂੰ ਆਪਣੇ ਘਰ ਬੁਲਾਇਆ ਸੀ, ਇਹ ਵੀ ਕਿ ਮਾਰਥਾ ਯਿਸੂ ਨੂੰ ''ਪ੍ਰਭੂ" ਕਹਿਕੇ ਬੁਲਾਉਂਦੀ ਹੈ, ਮਰਿਯਮ ਯਿਸੂ ਦੀ ਸਿੱਖਿਆ ਨੂੰ ਸੁਣ ਰਹੀ ਸੀ ਜਾਂ ਜਦ ਮਾਰਥਾ ਯਿਸੂ ਨੂੰ ਮਿਲੀ ਉਸ ਦੇ ਨਾਲ ਚੇਲੇ ਸਨ, ਇਸ ਉਸ ਨੇ ਉਸ ਨੂੰ ਇਕ ਆਮ ਆਦਮੀ ਜਾਣਿਆਂ| ਇਹ ਸਾਰੇ ਉਚਿਤ ਉੱਤਰ ਹਨ|

ਅਸੀਂ ਕਹਾਣੀ ਵਿਚ ਇਹ ਵੀ ਵੇਖਦੇ ਹਾਂ ਕਿ ਮਾਰਥਾ ਦੀ ਭੈਣ ਮਰਿਯਮ ਯਿਸੂ ਦੇ ਚਰਨੀਂ ਬੈਠੀ ਅਤੇ ਉਸ ਦੀ ਸਿੱਖਿਆ ਸੁਣਨ ਲੱਗੀ| ਤੁਹਾਡੇ ਲਈ ''ਚਰਨੀ ਬੈਠਣ" ਦਾ ਅਰਥ ਕੀ ਹੈ? [ਉੱਤਰ ਦੀ ਉਡੀਕ ਕਰੋ]ਕਿਸੇ ਦੇ ਚਰਨੀ ਬੈਠਣਾ ਚੇਲੇ ਅਤੇ ਗੁਰੂ ਦੇ ਸਬੰਧ ਨੂੰ ਦਰਸ਼ਾਉਂਦਾ ਹੈ| ਇਸ ਦੇ ਨਾਲ ਹੀ ਨਾਲ ਇਹ ਵਚਨਬੱਧਤਾ ਅਤੇ ਪਛਾਣ ਨੂੰ ਦਰਸ਼ਾਉਂਦਾ ਹੈ|

1. ਮਾਰਥਾ ਨੇ ਕਿਸ ਤਰ੍ਹਾਂ ਯਿਸੂ ਨੂੰ ਬੁਲਾਇਆ?[ਉੱਤਰ ਦੀ ਉਡੀਕ ਕਰੋ]''ਪ੍ਰਭੂ" ਦਾ ਕੀ ਅਰਥ ਹੈ?[ਉੱਤਰ ਦੀ ਉਡੀਕ ਕਰੋ]ਇਕ ਵਾਰੀ ਫਿਰ ਸਾਨੂੰ ਇਹ ਕੀ ਦੱਸਦਾ ਹੈ ਕਿ ਮਾਰਥਾ ਯਿਸੂ ਬਾਰੇ ਜਾਣਦੀ ਸੀ?[ਉੱਤਰ ਦੀ ਉਡੀਕ ਕਰੋ]ਇਸ ਲਈ ਉਹ ਜਾਣਦੀ ਸੀ ਕਿ ਯਿਸੂ ਕੋਈ ਖਾਸ ਹੈ, ਜਿਸ ਨੂੰ ਉਹ ਸਰੇਸ਼ਠ ਦ੍ਰਿਸ਼ਟੀ ਨਾਲ ਵੇਖੇ| ਉਹ ਕਹਿੰਦੀ ਹੈ, ''ਉਹ ਪ੍ਰਭੂ ਹੈ," ਪਰ ਉਹ ਰਸੋਈ ਵਿਚ ਕੰਮ ਕਰ ਰਹੀ ਹੈ ਅਤੇ ਉਸ ਦੀ ਸੁਣਦੀ ਨਹੀਂ ਹੈ| ਤੁਸੀਂ ਮਾਰਥਾ ਦੇ ਵਿਹਾਰ ਬਾਰੇ ਕੀ ਸੋਚਦੇ ਹੋ?[ਉੱਤਰ ਦੀ ਉਡੀਕ ਕਰੋ]ਕਿਸ ਤਰ੍ਹਾਂ ਉਸ ਦੇ ਸ਼ਬਦ ਅਤੇ ਵਿਹਾਰ ਆਪਸ ਵਿਚ ਮੇਲ ਨਹੀਂ ਖਾ ਰਿਹਾ ਹੈ? *ਤੁਸੀਂ ਉਹ ਕਹਾਣੀ ਦੇ ਇਸ ਹਿੱਸੇ ਨੂੰ ਕਿਸ ਤਰ੍ਹਾਂ ਵੇਖਦੇ ਹੋ?*

   ਕਹਾਣੀ ਦੱਸਦੀ ਹੈ ਕਿ ਮਾਰਥਾ ਉੱਤੇ ਕੰਮ ਦਾ ਭਾਰੀ ਬੋਝ ਸੀ ਅਤੇ ਇਕੱਲੀ ਸੇਵਾ ਕਰ ਰਹੀ ਸੀ| ਕੀ ਅਸੀਂ ਕਹਾਣੀ ਵਿਚੋਂ ਦੱਸ ਸਕਦੇ ਹਾ ਕਿ ਮਾਰਥਾ ਕਿੰਨਾ ਵੱਡਾ ਭੋਜਨ ਤਿਆਰ ਕਰ ਰਹੀ ਸੀ?[ਉੱਤਰ ਦੀ ਉਡੀਕ ਕਰੋ]ਕੀ ਉਹ ਕੋਈ ਸਧਾਰਨ ਭੋਜਨ ਬਣਾ ਰਹੀ ਸੀ, ਕਿ ਉਹ ਮਿਹਮਾਨਾਂ ਨੂੰ ਬਸ ਚਾਹ ਬਿਸਕੁਟ ਦੇ ਰਹੀ ਸੀ, ਜਾਂ ਉਹ ਕੋਈ ਵੱਡਾ ਖਾਣਾ ਤਿਆਰ ਕਰ ਰਹੀ ਸੀ?[ਉੱਤਰ ਦੀ ਉਡੀਕ ਕਰੋ]ਆਪਣੇ ਘਰ ਯਿਸੂ ਨੂੰ ਬੁਲਾਉਣਾ ਦਾ ਵਿਚਾਰ ਕਿਸ ਦਾ ਸੀ?[ਉੱਤਰ ਦੀ ਉਡੀਕ ਕਰੋ]

ਮੇਰੇ ਕੋਲ ਇਕ ਪ੍ਰਸ਼ਨ ਹੈ? ਜੇਕਰ ਮਾਰਥਾ ਸੋਚਦੀ ਕਿ ਯਿਸੂ ਕੋਲ ਅਣਮੁੱਲਿਆਂ ਸਿੱਖਿਆਵਾਂ ਹਨ, ਕੀ ਇਹ ਅਨੇਖੀ ਗੱਲ ਨਹੀਂ ਕਿ ਉਸ ਨੇ ਸਮਾ ਲੱਗਣ ਵਾਲੇ ਵੱਡਾ ਖਾਣਾ ਬਣਾਉਣ ਦੀ ਚੋਣ ਕੀਤੀ? ਤੁਸੀਂ ਉਸ ਦੇ ਫੈਸਲੇ ਬਾਰੇ ਕੀ ਸੋਚਦੇ ਹੋ? [ਉੱਤਰ ਦੀ ਉਡੀਕ ਕਰੋ]ਅਸੀਂ ਵੇਖਦੇ ਹਾਂ ਕਿ ਮਾਰਥਾ ਯਿਸੂ ਅੱਗੇ ਸ਼ਿਕਾਇਤ ਕਰਦੀ ਹੈ ਕਿ ਉਸ ਕੋਲ ਕਰਨ ਲਈ ਬਹੁਤ ਕੰਮ ਹੈ, ਪਰ ਉਹ ਉਹੀ ਸੀ ਜਿਸ ਨੇ ਇਸ ਸਭ ਕਰਨ ਲਈ ਚੁਣਿਆਂ! ਕੀ ਉਹ ਸੋਚਣ ਵਿਚ ਤਰਕਸ਼ੀਲ ਸੀ? [ਉੱਤਰ ਦੀ ਉਡੀਕ ਕਰੋ]

ਇਕ ਹੋਰ ਪ੍ਰਸ਼ਨ ਹੈ| ਮਾਰਥਾ ਨੇ ਯਥਾਰਥ ਵਿਚ ਯਿਸੂ ਤੋਂ ਕੀ ਪੁੱਛਦੀ ਹੈ? [ਉੱਤਰ ਦੀ ਉਡੀਕ ਕਰੋ]ਉਹ ਕਿਸ ਨੂੰ ਕੀ ਕਹਿੰਦੀ ਹੈ? (''ਤੁਹਾਨੂੰ ਕੋਈ ਚਿੰਤਾ ਨਹੀਂ") ਯਿਸੂ ਵਿਚ ਉਸ ਦੇ ਵਿਸ਼ਵਾਸ ਬਾਰੇ ਉਸ ਦੇ ਸ਼ਬਦ ਸਾਨੂੰ ਕੀ ਦਰਸ਼ਾ ਰਹੇ ਹਨ? [ਉੱਤਰ ਦੀ ਉਡੀਕ ਕਰੋ]

ਮਾਰਥਾ ਦੀ ਸਮੱਸਿਆ ਦੇ ਹੱਲ ਦੇ ਬਾਰੇ ਤੁਸੀਂ ਕੀ ਸੋਚਦੇ ਹੋ? ''ਯਿਸੂ, ਤੁਸੀਂ ਮਰਿਯਮ ਨੂੰ ਆਖ ਕਿ ਮੇਰੀ ਮਦਦ ਕਰੇ!" [ਉੱਤਰ ਦੀ ਉਡੀਕ ਕਰੋ]ਹੁਣ ਮਾਰਥਾ ਯਿਸੂ ਨਾਲ ਕਿਸ ਤਰ੍ਹਾਂ ਵਿਹਾਰ ਕਰ ਰਹੀ ਹੈ? ਕੀ ਯਿਸੂ ਜਿਵੇਂ ਪ੍ਰਭੂ ਹੈ? [ਉੱਤਰ ਦੀ ਉਡੀਕ ਕਰੋ]ਤੁਸੀਂ ਠੀਕ ਹੋ| ਉਹ ਇਸ ਤਰ੍ਹਾਂ ਵਿਹਾਰ ਕਰ ਰਹੀ ਹੈ ਜਿਵੇਂ ਕਿ ਉਹ ਯਿਸੂ ਉੱਤੇ ਅਫਸਰ ਹੋਵੇ ਉਹ ਉਸ ਦਾ ਨੌਕਰ! ਮਾਰਥਾ ਕਿਸ ਤਰ੍ਹਾਂ ਦੀ ਆਤਮਿਕ ਬੁੱਧ ਨੂੰ ਪ੍ਰਗਟਾ ਰਹੀ ਹੈ? [ਉੱਤਰ ਦੀ ਉਡੀਕ ਕਰੋ]

2. ਜਿਸ ਤਰ੍ਹਾਂ ਅਸੀਂ ਮਾਰਥਾ ਦੇ ਸ਼ਬਦ ਸੁਣਦੇ ਹਾਂ, ਅਤੇ ਫਿਰ ਧਿਆਨ ਕਰਦੇ ਹਾਂ ਕਿ ਯਿਸੂ ਨੇ ਉਸ ਨੂੰ ਵਾਪਿਸ ਕੀ ਕਿਹਾ, ਕੀ ਤੁਸੀਂ ਕੋਈ ਕਾਰਨ ਵੇਖਦੇ ਹੋ ਕਿ ਕਿਉਂ ਯਿਸੂ ਨੇ ਮਾਰਥਾ ਨੂੰ ਤਾੜਿਆ ਅਤੇ ਮਰਿਯਮ ਦੀ ਸ਼ਲਾਘਾ ਕੀਤੀ? ਯਿਸੂ ਨੇ ਫਿਰ ਇਕੋ ਹੀ ਗੱਲ ਆਖੀ, ਉਹ ਕਿਹੜੀ?[ਉੱਤਰ ਦੀ ਉਡੀਕ ਕਰੋ]

3. ਇਸ ਲਈ ਇਹ ਦੋਹੋਂ ਕੀ ਕਰਦੇ ਹਨ ਕਿ ਮਾਰਥਾ ਜ਼ਿਆਦਾ ਕੰਮ ਦੇ ਬੋਝ ਦੀ ਸ਼ਿਕਾਇਤ ਕਰ ਰਹੀ ਹੈ? [ਉੱਤਰ ਦੀ ਉਡੀਕ ਕਰੋ]ਹਾਂ| ਮਰਿਯਮ ਅਤੇ ਯਿਸੂ! ਮਾਰਥਾ ਉਨ੍ਹਾਂ ਉੱਤੇ ਕਿਸ ਤਰ੍ਹਾਂ ਦੋਸ਼ ਲਾਉਂਦੀ ਹੈ? [ਉੱਤਰ ਦੀ ਉਡੀਕ ਕਰੋ]ਮਾਰਥਾ ਇਸ ਤਰ੍ਹਾਂ ਕਹਿ ਸਕਦੀ ਸੀ ''ਯਿਸੂ, ਤੁਹਾਨੂੰ ਚਿੰਤਾ ਨਹੀਂ ਕਿ ਮਰਿਯਮ ਨੇ ਮੈਨੂੰ ਸਾਰਾ ਕੰਮ ਕਰਨ ਲਈ ਇਕੱਲਾ ਹੀ ਛੱਡ ਦਿੱਤਾ ਹੈ| ਪਰ ਯਾਦ ਰੱਖੋ, ਇਹ ਬੁਲਾਵਾ ਕਿਸ ਨੇ ਦਿੱਤਾ ਸੀ?[ਉੱਤਰ ਦੀ ਉਡੀਕ ਕਰੋ]ਵੱਡਾ ਖਾਣਾ ਬਣਾਉਣ ਦੀ ਚੋਣ ਕਿਸ ਦੀ ਸੀ?[ਉੱਤਰ ਦੀ ਉਡੀਕ ਕਰੋ]

ਇਸ ਕਹਾਣੀ ਵਿਚ, ਕਿਸ ਦਾ ਨਾਮ ਨਹੀਂ ਲਿਆ ਗਿਆ ਇਸ ਭਾਰੀ ਹਾਲਾਤ ਦਾ ਜਿੰਮੇਦਾਰ ਕੋਣ ਹੈ? [ਉੱਤਰ ਦੀ ਉਡੀਕ ਕਰੋ]ਮਾਰਥਾ ਆਪਣੇ ਆਪ ਨੂੰ ਇਹ ਭਾਰੀ ਹਾਲਾਤ ਹੋਣ ਲਈ ਜਿੰਮੇਦਾਰ ਨਹੀਂ ਠਹਿਰਾਉਂਦੀ|

ਧਿਆਨ ਦਿਓ ਕਿ ਨਾ ਸਿਰਫ ਮਾਰਥਾ ਨੇ ਫੈਸਲਾ ਹੀ ਕੀਤਾ ਕਿ ਉਹ ਯਿਸੂ ਤੋਂ ਸਿੱਖਣ ਲਈ ਦੂਰ ਹੋ ਜਾਵੇ, ਪਰ ਜਿਸ ਸਮੱਸਿਆ ਨੂੰ ਖੁਦ ਮਾਰਥਾ ਨੇ ਖੜ੍ਹਾ ਕੀਤਾ ਸੀ ਉਹ ਕਿਸ ਤਰ੍ਹਾਂ ਹੱਲ ਕਰਦੀ ਹੈ ਕਿ ਉਸ ਵਿਚ ਕੋਈ ਦੂਜਾ ਵੀ ਮੁਸ਼ਕਿਲ ਵਿਚ ਪੈ ਜਾਵੇ? [ਉੱਤਰ ਦੀ ਉਡੀਕ ਕਰੋ] ਹਾਂ| ਮਰਿਯਮ ਨੂੰ ਯਿਸੂ ਦੀ ਹਜ਼ੂਰੀ ਤੋਂ ਜਾਣਾ ਸੀ| ਤੁਸੀਂ ਮਾਰਥਾ ਦੇ ਹੱਲ ਦੇ ਬਾਰੇ ਕੀ ਸੋਚਦੇ ਹੋ?[ਉੱਤਰ ਦੀ ਉਡੀਕ ਕਰੋ]

ਮਾਰਥਾ ਯਿਸੂ ਲਈ ਕਿਸ ਤਰ੍ਹਾਂ ਦਾ ਆਦਰ ਪ੍ਰਗਟਾਉਂਦੀ ਹੈ? [ਉੱਤਰ ਦੀ ਉਡੀਕ ਕਰੋ] ਜਿਸ ਤਰੀਕੇ ਨਾਲ ਮਾਰਥਾ ਯਿਸੂ ਨਾਲ ਗੱਲ ਕਰ ਰਹੀ ਹੈ ਉਹ ਅਨਾਦਰ ਹੈ| ਪਹਿਲਾਂ ਉਹ ਯਿਸੂ ਨੂੰ ਦੋਸ਼ੀ ਠਹਿਰਾਉਂਦੀ ਹੈ ਕਿ ਉਸ ਨੂੰ ਉਸ ਦੀ ਪਰੇਸ਼ਾਨੀ ਦੀ ਚਿੰਤਾ ਨਹੀਂ ਹੈ ਅਤੇ ਫਿਰ ਉਸ ਨਾਲ ਇਸ ਤਰ੍ਹਾਂ ਗੱਲ ਕਰਦੀ ਹੈ ਜਿਵੇਂ ਕਿ ਯਿਸੂ ਉਸ ਦਾ ਨੈਕਰ ਹੋਵੇ!

4. ਯਿਸੂ ਮਾਰਥਾ ਨੂੰ ਉੱਤਰ ਦੇ ਵਿਚ ਕਿਸ ਤਰ੍ਹਾਂ ਦੇ ਜਜ਼ਬਾਤ ਨੂੰ ਪ੍ਰਗਟਾਉਂਦਾ ਹੈ? [ਉੱਤਰ ਦੀ ਉਡੀਕ ਕਰੋ] ਬੜੀ ਦਿਲਚਸਪ ਗੱਲ ਹੈ| ਯਿਸੂ ਹੋਰ ਕਿਸ ਤਰ੍ਹਾਂ ਮਾਰਥਾ ਦੇ ਲਾਏ ਇਲਜਾਮਾਂ ਦਾ ਉੱਤਰ ਦੇ ਸਕਦਾ ਸੀ ਅਤੇ ਉਸ ਰਾਹੀਂ ਯਿਸੂ ਨੂੰ ਹੁਕਮ ਦੇਣ ਦਾ ਉਹ ਵੀ ਸਭ ਲੋਕਾਂ ਦੇ ਸਾਹਮਣੇ? [ਉੱਤਰ ਦੀ ਉਡੀਕ ਕਰੋ] ਮੈਂ ਉਹ ਵੀ ਵੇਖਦਾ ਹਾਂ| ਯਿਸੂ ਇਸ ਤਰ੍ਹਾਂ ਦੇ ਵਿਹਾਰ ਉੱਤੇ ਗੁੱਸੇ ਹੋ ਸਕਦੇ ਸੀ, ਪਰ ਇਸ ਤਰ੍ਹਾਂ ਉਨ੍ਹਾਂ ਨੇ ਨਹੀਂ ਕੀਤਾ| ਉਹ ਕਿਸ ਲਹਿਜੇ ਵਿਚ ਮਾਰਥਾ ਨਾਲ ਗੱਲ ਕਰ ਰਹੇ ਹਨ ਬਿਆਨ ਕਰੋ| [ਉੱਤਰ ਦੀ ਉਡੀਕ ਕਰੋ]ਉਸ ਨੇ ਮਾਰਥਾ ਨੂੰ ਬੜੀ ਕਿਰਪਾਲਤਾ ਨਾਲ ਕਿਹਾ ਕਿ ਮਰਿਯਮ ਦੀ ਚੋਣ ਬਿਹਤਰ ਚੋਣ ਹੈ|

ਹੋਰ ਕਿਸ ਤਰ੍ਹਾਂ ਮਾਰਥਾ ਨੇ ਅਨਾਦਰ ਦਰਸ਼ਾਈਆ? [ਉੱਤਰ ਦੀ ਉਡੀਕ ਕਰੋ] ਯਿਸੂ ਇਕ ਆਦਰਯੋਗ ਗੁਰੂ ਸੀ| ਧਿਆਨ ਦਿਓ ਕਿ ਮਾਰਥਾ ਨਾ ਸਿਰਫ ਯਿਸੂ ਦੀ ਅਲੋਚਨਾ ਹੀ ਕਰ ਰਹੀ ਸੀ, ਇਹ ਉਸ ਸਮੇਂ ਕਰ ਰਹੀ ਸੀ ਜਦ ਉਸ ਦੇ ਬਾਕੀ ਪੈਰੋਕਾਰ ਵੀ ਉਸ ਦੇ ਨਾਲ ਸਨ! ਅਜਿਹਾ ਕਰਨ ਦੇ ਰਾਹੀਂ ਮਾਰਥਾ ਨੇ ਫਿਰ ਵੀ ਕੋਈ ਆਦਰ ਨਹੀਂ ਦਰਸ਼ਾਇਆ! ਕੀ ਯਿਸੂ ਮਾਰਥਾ ਨੂੰ ਉੱਤਰ ਦੇਣ ਵਿਚ ਕੋਈ ਹੰਕਾਰ ਜਾਂ ਦੀਨਤਾ ਪ੍ਰਗਟਾਈ? ਆਪਣੇ ਉੱਤਰ ਦਿਓ| [ਉੱਤਰ ਦੀ ਉਡੀਕ ਕਰੋ]

ਯਿਸੂ ਮਾਰਥਾ ਨੂੰ ਕਿਸ ਤਰ੍ਹਾਂ ਪੁਕਾਰਦਾ ਹੈ, ਕੀ ਅਸੀਂ ਦੱਸ ਸਕਦੇ ਹਾਂ ਕਿ ਉਹ ਉਸ ਨੂੰ ਜਾਣਦਾ ਸੀ ਜਾਂ ਨਹੀਂ?[ਉੱਤਰ ਦੀ ਉਡੀਕ ਕਰੋ]ਹਾਂ| ਯਿਸੂ ਨੂੰ ਮਾਰਥਾ ਦੇ ਪ੍ਰਤੀ ਕਿਰਪਾ ਦਰਸ਼ਾਈ ਜਦ ਉਸ ਨੇ ਉਸ ਨੂੰ ਨਾਮ ਲੈ ਕੇ ਬੁਲਾਇਆ| ਯਿਸੂ ਨੇ ਉਸ ਦਾ ਨਾਮ ਇਕ ਵਾਰੀ ਨਹੀਂ ਸਗੋਂ ਦੋ ਵਾਰੀ ਲੈ ਕੇ ਬੁਲਾਇਆ!

ਕੀ ਸਾਨੂੰ ਇਸ ਕਹਾਣੀ ਵਿਚੋਂ ਇਹ ਪਤਾ ਚਲਦਾ ਹੈ ਕਿ ਜਿਸ ਤਰੀਕੇ ਨਾਲ ਮਾਰਥਾ ਵਿਹਾਰ ਕਰ ਰਹੀ ਸੀ ਉਸ ਲਈ ਇਕ ਨਵਾਂ ਅਨੁਭਵ ਸੀ ਜਾਂ ਇਸ ਦਾ ਵਿਹਾਰ ਕਰਨ ਦੀ ਉਸ ਦੀ ਆਦਤ ਸੀ?[ਉੱਤਰ ਦੀ ਉਡੀਕ ਕਰੋ]ਯਿਸੂ ਨੇ ਉਸ ਨੂੰ ਦੱਸਿਆ ਕਿ ਉਹ ਬਹੁਤ ਸਾਰੀਆਂ ਗੱਲਾਂ ਦੀ ਚਿੰਤਾ ਕਰਦੀ ਹੈ, ਇਹ ਉਸ ਦੀ ਆਦਤ ਸੀ|

ਕੀ ਇਸ ਕਹਾਣੀ ਵਿਚ ਅਜਿਹੀ ਕੋਈ ਗੱਲ ਮਿਲਦੀ ਹੈ ਜੋ ਦਰਸ਼ਾਏ ਕਿ ਕੀ ਮਾਰਥਾ ਕੋਲ ਰਸੋਈ ਅਤੇ ਖਾਣਾ ਬਣਾਉਣ ਦੇ ਹਿਲਾਵਾ ਕੋਈ ਹੋਰ ਚੋਣ ਸੀ ਜਾਂ ਉਹ ਯਿਸੂ ਦੇ ਚਰਨੀ ਬੈਠ ਕੇ ਸਿੱਖਦੀ|[ਉੱਤਰ ਦੀ ਉਡੀਕ ਕਰੋ]ਹਾਂ ਤੁਸੀਂ ਠੀਕ ਕਹਿੰਦੇ ਹੋ| ਯਿਸੂ ਸਾਨੂੰ ਦੱਸਦੇ ਹਨ ਕਿ ਮਾਰਥਾ ਕੋਲ ਇਕ ਚੋਣ ਸੀ ਜਦ ਉਹ ਕਹਿੰਦੇ ਹਨ, ''ਮਰਿਯਮ ਨੇ ਉਹ ਹਿੱਸਾ ਚੁਣਿਆਂ ਹੈ ਜਿਹੜਾ ਉੱਤਮ ਹੈ|" ਯਿਸੂ ਦੇ ਉਨ੍ਹਾਂ ਸ਼ਬਦਾਂ ਦੇ ਰਾਹੀਂ ਅਸੀਂ ਕੀ ਵੇਖਦੇ ਹਾਂ ਕਿ ਮਾਰਥਾ ਨੇ ਚੁਣਿਆਂ?[ਉੱਤਰ ਦੀ ਉਡੀਕ ਕਰੋ]ਮਾਰਥਾ ਨੇ ਰਸੋਈ ਵਿਚ ਕੰਮ ਕਰਨਾ ਚੁਣਿਆਂ|

> ਯਿਸੂ ਨੇ ਕਿਹਾ, ''ਮਾਰਥਾ ਮਾਰਥਾ| ਤੂੰ ਬਹੁਤ ਗੱਲਾਂ ਦੀ ਚਿੰਤਾ ਕਰਦੀ ਅਤੇ ਘਬਰਾਉਂਦੀ ਹੈ| ਮਰਿਯਮ ਨੇ ਉਹ ਹਿੱਸਾ ਚੁਣਿਆਂ ਹੈ ਜਿਹੜਾ ਜ਼ਰੂਰੀ ਹੈ|" ਯਿਸੂ ਇਥੇ ਮਾਰਥਾ ਦੀ ਚੋਣ ਬਾਰੇ ਕੀ ਕਹਿ ਰਹੇ ਹਨ ਮਾਰਥਾ ਦੇ ਵੱਡੇ ਖਾਣੇ ਦੀ ਤਿਆਰੀ ਦੀ ਚੋਣ ਅਤੇ ਮਰਿਯਮ ਦੀ ਚੋਣ ਦੀ ਤੁਲਨਾ ਵਿਚ?[ਉੱਤਰ ਦੀ ਉਡੀਕ ਕਰੋ]ਮਰਿਯਮ ਨੇ ਉਹ ਹਿੱਸਾ ਚੁਣਿਆਂ ਜਿਹੜਾ ਜ਼ਰੂਰੀ ਸੀ|

ਕੀ ਮਾਰਥਾ ਸੋਚਦੀ ਹੈ ਕਿ ਉਸ ਦੇ ਕਰਨ ਦੀ ਚੋਣ ਕੀਤੀ ਹੈ ਉਹ ਜ਼ਰੂਰੀ ਹੈ? ਕੀ ਯਿਸੂ ਸੋਚਦੇ ਹਨ ਕਿ ਜੋ ਕਰਨ ਲਈ ਮਾਰਥਾ ਨੇ ਚੁਣਿਆਂ ਹੈ ਉਹ ਜ਼ਰੂਰੀ ਹੈ? [ਉੱਤਰ ਦੀ ਉਡੀਕ ਕਰੋ] ਕੀ ਭੋਜਣ ਖਾਣਾ ਜ਼ਰੂਰੀ ਹੈ?[ਉੱਤਰ ਦੀ ਉਡੀਕ ਕਰੋ] ਕਿਰਪਾ ਕਰਕੇ ਦੱਸੋ ਕਿ ਇਸ ਕਹਾਣੀ ਵਿਚ ਕੀ ਜ਼ਰੂਰੀ ਨਹੀਂ ਸੀ ਅਤੇ ਕੀ ਜ਼ਰੂਰੀ ਸੀ?

ਜਿਸ ਸਮਾਜ ਵਿਚ ਸੇਵਾ ਸਤਿਕਾਰ ਉੱਤੇ ਜੋਰ ਦਿੱਤਾ ਜਾਂਦਾ ਹੈ ਉਹ ਮਰਿਯਮ ਬਾਰੇ ਕੀ ਆਸ ਕਰਦੇ ਹੋਣਗੇ?[ਉੱਤਰ ਦੀ ਉਡੀਕ ਕਰੋ]ਇਸ ਕਹਾਣੀ ਵਿਚ ਮਰਿਯਮ ਨੇ ਕਿਸ ਤਰ੍ਹਾਂ ਦੇ ਕਠਿਨ ਫੈਸਲਾ ਕੀਤਾ? ਮਰਿਯਮ ਨੂੰ ਇਸ ਦੇ ਵਿਰੁੱਧ ਜਾਂ ਆਪਣੀ ਚੋਣ ਲਈ ਕਿਸ ਦੇ ਵਿਰੁੱਧ ਹੋਣਾ ਸੀ? [ਉੱਤਰ ਦੀ ਉਡੀਕ ਕਰੋ]ਹਾਂ| ਉਸ ਦਾ ਸਮਾਜ ਅਤੇ ਉਸ ਦੇ ਪਰਿਵਾਰ ਦੀਆਂ ਉਮੀਦਾਂ|

4. ਅਸੀਂ ਵੇਖਿਆ ਕਿ ਮਾਰਥਾ ਨੇ ਕੀ ਕੀਤਾ ਜਦ ਉਹ ਆਪਣੇ ਆਪ ਨੂੰ ਭਾਰ ਹੇਠਾਂ ਦੱਬੀ ਅਤੇ ਕੰਮ ਨਾ ਕਰਨ ਦੇ ਯੋਗ ਵੇਖਿਆ| ਇਕ ਪਲ ਲਈ ਸੋਚੋ| ਹੋਰ ਉਹ ਕੀ ਕਰ ਸਕਦੀ ਸੀ ਜਦ ਉਹ ਆਪਣੇ ਬੋਝ ਨੂੰ ਨਾ ਸੰਭਾਲ ਸਕਦੀ ਸੀ? [ਉੱਤਰ ਦੀ ਉਡੀਕ ਕਰੋ]ਬਹੁਤ ਸਾਰੇ ਮਸ਼ਵਰੇ ਹੋਣਗੇ| ਲੋਕਾਂ ਨੂੰ ਉਤਸ਼ਾਹਿਤ ਕਰੇ ਕਿ ਉਹ ਸਭ ਗੱਲਾਂ ਸੋਚ ਸਕਣ ਜੋ ਮਾਰਥਾ ਕਰ ਸਕਦੀ ਸੀ ਜਦ ਉਸ ਨੇ ਆਪਣੇ ਆਪ ਨੂੰ ਕੰਮ ਪੂਰਾ ਕਰਨ ਅਯੋਗ ਪਾਇਆ|

ਮਾਰਥਾ ਲਈ ਹੋਰ ਸੰਭਾਵਿਤ ਸਰੋਤ ਕਿਹੜੇ ਸੀ? [ਉੱਤਰ ਦੀ ਉਡੀਕ ਕਰੋ]ਮਾਰਥਾ ਆਪਣੀ ਮਦਦ ਲਈ ਹੋਰ ਕੀ ਕਰ ਸਕਦੀ ਸੀ?[ਉੱਤਰ ਦੀ ਉਡੀਕ ਕਰੋ]ਅਕਸਰ ਅਸੀਂ ਜਦ ਇਕ ਕਹਾਣੀ ਸੁਣਦੇ ਹਾਂ ਅਤੇ ਇਸ ਦੇ ਅਰਥ ਉੱਤੇ ਵਿਚਾਰ ਕਰਦੇ ਹਾਂ, ਸਭ ਤੋਂ ਅਖੀਰਲੀ ਸਲਾਹ ਜੋ ਲੋਕ ਦਿੰਦੇ ਹਨ ਉਹ ਇਹ ਕਿ ਮਾਰਥਾ ਯਿਸੂ ਕੋਲ ਜਾ ਸਕਦੀ ਸੀ ਅਤੇ ਉਸ ਨੂੰ ਕਹਿ ਸਕਦੀ ਸੀ, ''ਹੇ ਪ੍ਰਭੂ ਇੰਨਾ ਭੋਜਨ ਤਿਆਰ ਕਰਨਾ ਅਤੇ ਸੇਵਾ ਕਰਨਾ ਮੇਰੇ ਵੱਸ ਦੀ ਗੱਲ ਨਹੀਂ ਹੈ| ਮੈ ਕੀ ਕਰਾਂ?"

ਕੀ ਮਾਰਥਾ ਯਿਸੂ ਕੋਲ ਨਹੀਂ ਗਈ ਅਤੇ ਮਦਦ ਮੰਗੀ ਕਿਉਂਕਿ ਉਹ ਸ਼ਰਮਾਉਂਦੀ ਸੀ? [ਉੱਤਰ ਦੀ ਉਡੀਕ ਕਰੋ]ਤੁਸੀਂ ਮਾਰਥਾ ਦੇ ਵਿਹਾਰ ਦੇ ਵਿਹਾਰ ਨੂੰ ਕਿਸ ਤਰ੍ਹਾਂ ਦਰਸ਼ਾਓਗੇ?[ਉੱਤਰ ਦੀ ਉਡੀਕ ਕਰੋ] ਉਸ ਦੇ ਵਿਹਾਰ ਦੀ ਤੁਲਨਾ ਇਸ ਕਹਾਣੀ ਵਿਚ ਯਿਸੂ ਦੇ ਵਿਹਾਰ ਨਾਲ ਕਰੋ|

5. ਮਾਰਥਾ ਦੀ ਚੋਣ ਦੀ ਤੁਲਨਾ ਮਰੀਯਮ ਦੀ ਚੋਣ ਨਾਲ ਕਰੋ| ਕੀ ਉਹ ਇਕੋ ਜਿਹੇ ਹਨ ਜਾਂ ਵੱਖਰੇ ਹਨ? [ਉੱਤਰ ਦੀ ਉਡੀਕ ਕਰੋ] ਕਿਹੜੀ ਨਾਰੀ ਯਿਸੂ ਦੇ ਕੋਲ ਹੈ ਅਤੇ ਕਿਹੜੀ ਉਸ ਤੋਂ ਦੂਰ ਹੈ? [ਉੱਤਰ ਦੀ ਉਡੀਕ ਕਰੋ] ਕਿਸ ਦੇ ਕੰਮ ਨੂੰ ਯਿਸੂ ਨੇ ਮਹੱਤਤਾ ਦਿੱਤੀ? [ਉੱਤਰ ਦੀ ਉਡੀਕ ਕਰੋ] ਕੀ ਉਹ ਸਾਨੂੰ ਕੁਝ ਵਿਖਾ ਸਕੇਗਾ? [ਉੱਤਰ ਦੀ ਉਡੀਕ ਕਰੋ]

ਸਾਨੂੰ ਆਸ ਹੈ ਕਿ ਸਰੋਤਿਆਂ ਨੇ ਲੱਭਿਆ ਕਿ ਮਾਰਥਾ ਯਿਸੂ **ਲਈ** ਕੁਝ ਹੋਰ ਕਰ ਰਹੀ ਸੀ ਅਤੇ ਮਰਿਯਮ ਯਿਸੂ **ਤੋਂ** ਕੁਝ ਪ੍ਰਾਪਤ ਕਰ ਰਹੀ ਸੀ| ਯਿਸੂ ਸਮਝਾਉਂਦੇ ਹਨ ਕਿ ਮਾਰਥਾ ਜੋ ਕੰਮ ਕਰ ਰਹੀ ਸੀ ਇਸ ਸਮੇਂ ਉਸ ਦੀ ਲੋੜ ਨਹੀਂ ਸੀ| ਇਸ ਕੰਮ ਅਤੇ ਕਿਰਪਾ ਦੇ ਵਿਚਾਰ ਵਟਾਂਦਰੇ ਨੂੰ ਖੋਲ੍ਹ ਸਕਦਾ ਹੈ!

ਤੁਹਾਡੇ ਪ੍ਰਸ਼ਨ ਤੁਹਾਡੀ ਸਿੱਖਿਆ ਦੇਣ ਦੀ ਸ਼ੈਲੀ ਨੂੰ ਕਿਸ ਤਰ੍ਹਾਂ ਪ੍ਰਗਟ ਕਰਨਗੇ

ਇਸ ਤੋਂ ਪਹਿਲਾਂ ਕਿ ਤੁਸੀਂ ਇਹ ਫੈਸਲਾ ਕਰੋ ਕਿ ਤੁਸੀਂ ਕੁਝ ਪ੍ਰਸ਼ਨਾਂ ਦੀ ਕਰੋਗੇ ਕਿ ਉਹ ਲੋਕਾਂ ਨੂੰ ਅਨੇਖੇ ਨਿਰੀਖਣ ਲੱਭਣ ਵਿਚ ਮਦਦਗਾਰ ਹੋਣ ਜਿਸ ਤੁਸੀਂ ਲੱਭੇ ਸਨ, ਸਾਨੂੰ ਕੁਝ ਪ੍ਰਸ਼ਨ ਪੁੱਛਣ ਦੀ ਸ਼ੈਲੀਆਂ ਨੂੰ ਵੇਖਣ ਦੀ ਜ਼ਰੂਰਤ ਹੈ ਜੋ ਕਿ ਮਾਸਟਰ ਇਸਤੇਮਾਲ ਕਰਦੇ ਹਨ|

ਜਿਸ ਤਰੀਕੇ ਰਾਹੀਂ ਕਹਾਣੀ ਵਾਚਕ ਪ੍ਰਸ਼ਨ ਪੁੱਛਦੇ ਹਨ, ਉਹ ਇਹ ਸਥਾਪਿਤ ਕਰਦੇ ਹਨ ਕਿ ਸਰੋਤੇ ਕਿਸ ਤਰ੍ਹਾਂ ਪੇਸ਼ਕਾਰ ਨੂੰ ਸਮਝਣਗੇ| ਕਹਾਣੀ ਵਾਚਕ ਦੇ ਅਵਾਜ਼, ਹਾਵ ਭਾਵ, ਸਰੀਰਕ ਮੁਦਰਾ ਅਤੇ ਪ੍ਰਸ਼ਨਾਂ ਦੇ ਪੁੱਛਣ ਰਾਹੀਂ, ਇਹ ਭਿੰਨ ਭਿੰਨ ਵਿਅਕਤੀਆਂ ਨੂੰ ਦਰਸ਼ਾ ਸਕਦੇ ਹਨ ਜਿਵੇਂ ਕਿ ਸਖਤ ਸਕੂਲ ਮਾਸਟਰ, ਮਿਹਰਬਾਨ ਪ੍ਰੋਫੈਸਰ ਜਾਂ ਇਕ ਹਮਰਾਹੀ|

ਸਖਤ ਸਕੂਲ ਮਾਸਟਰ ਦੀ ਸ਼ੈਲੀ STS ਨਾਲ ਨਹੀਂ ਫਿੱਟ ਬੈਠਦੀ ਹੈ| ਇਹ ਸਖਤਾਈ

ਸਹਿਭਾਗੀਆਂ ਨੂੰ ਇਹ ਮਹਿਸੂਸ ਕਰਾਉਂਦੀ ਹੈ ਕਿ, ''ਇਕੋ ਹੀ ਸਹੀ ਜਵਾਬ ਹੈ, ਜੇਕਰ ਮੈਂ ਗਲਤ ਜਵਾਬ ਦਿੱਤਾ, ਤਾਂ ਮੇਰੀ ਸਭ ਦੇ ਸਾਹਮਣੇ ਬੇਇੱਜਤੀ ਹੋਵੇਗੀ|" ਇਸ ਲਈ ਲੋਕ ਚੁੱਪ ਰਹਿੰਦੇ ਹਨ ਅਤੇ ਜ਼ਿਆਦਾ ਜਵਾਬ ਨਹੀਂ ਦਿੰਦੇ| ਕਿਉਂਕਿ STS ਦੀ ਸਾਰੀ ਕਿਰਿਆ, ਅਸੀਂ ਲੋਕਾਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਪਰਮੇਸ਼ਰ ਰਾਹੀਂ ਦਿੱਤੀ ਆਪਣੀ ਸੂਝਬੂਝ ਦੀ ਯੋਗਤਾ ਦਾ ਇਸਤੇਮਾਲ ਕਰਨ ਅਤੇ ਪਰਮੇਸ਼ਰ ਦੇ ਵਚਨ ਵਿਚੋਂ ਗਹਿਰੇ ਆਤਮਿਕ ਗਿਆਨ ਦੀ ਭਾਲ ਕਰਨ, ਅਸੀਂ ਇਕ ਸਖਤ ਸਕੂਲ ਮਾਸਟਰ ਦੀ ਤਰ੍ਹਾਂ ਕੰਮ ਨਹੀਂ ਕਰਨਾ ਚਾਹੁੰਦੇ ਹਾਂ!

ਮਿਹਰਬਾਨ ਪ੍ਰੋਫੈਸਰ ਕਿਰਪਾਲੂ ਅਤੇ ਮੁਸਕੁਰਾਉਂਦਾ ਹੈ| ਪਰ, ਪ੍ਰੋਫੈਸਰ ਦੇ ਰਾਹੀਂ ਪੁੱਛੇ ਗਏ ਸਵਾਲ ਦੇ ਸ਼ਬਦ ਇਹ ਸਪੱਸ਼ਟ ਕਰਦੇ ਹਨ ਕਿ ਸਹੀ ਉੱਤਰ ਪਹਿਲਾਂ ਹੀ ਜਾਣਿਆਂ ਹੋਇਆ ਹੈ| ਸਹਿਭਾਗੀ ਸਮਝਦੇ ਹਨ ਕਿ ਇਹ ਕਹਾਣੀ ਵਾਚਕ ਦਾ ਇਹ ਕਹਿਣਾ ਹੋਵੇਗਾ, ''ਮੈਂ ਗਿਆਨ ਦੇ ਪਹਾੜ ਦੀ ਚੋਟੀ ਉੱਤੇ ਖੜ੍ਹਾ ਹਾਂ| ਕੀ ਤੁਸੀਂ ਇੰਨੇ ਹੁਸ਼ਿਆਰ ਹੋ ਕਿ ਤੁਸੀਂ ਇਹ ਦਰਸ਼ਾਉਣ ਲਈ ਉਸ ਚੋਟੀ ਉੱਤੇ ਚੜ੍ਹ ਜਾਓ ਕਿ ਤੁਸੀਂ ਗਿਆਨ ਪ੍ਰਾਪਤ ਕਰ ਲਿਆ ਹੈ ਜਿਹੜਾ ਕਿ ਮੈਂ ਪਹਿਲਾਂ ਹੀ ਪ੍ਰਾਪਤ ਕਰ ਚੁੱਕਿਆ ਹਾਂ?"

ਸਿੱਖਣ ਵਾਲੇ ਇਸ ਵਿਚਾਰ ਵਟਾਂਦਰੇ ਵਿਚ ਹਿੱਸਾ ਲੈਂਦੇ ਹਨ| ਪਰ ਜੇਕਰ ਤੁਸੀਂ ਧਿਆਨ ਨਾਲ ਵੇਖੋ, ਤਾਂ ਤਸੀਂ ਵੇਖੋਗੇ ਕਿ ਥੋੜੀ ਗਿਣਤੀ ਹੈ ਜਿਹੜੇ ਕਿ ਜਵਾਬ ਦੇਣ ਵਾਲੇ ਸਹਿਭਾਗੀ ਹਨ ਜਿਹੜੇ ਕਿ ਦਿਮਾਗ ਦੇ ਤੇਜ ਹਨ ਅਤੇ ਸਹੀ ਜਵਾਬ ਦੇਣ ਦੇ ਆਦੀ ਹਨ| ਥੋੜੇ ਹੀ ਇਸ ਕਹਾਣੀ ਵਾਚਕ ਨੂੰ ਪਸੰਦ ਕਰਦੇ ਹਨ| ਕਿਉਂਕਿ ਉਨ੍ਹਾਂ ਲਈ ਚੰਗੀ ਭੀੜ ਵਿਚ ਹਿੱਸਾ ਲੈਣਾ ਇਕ ਅਨੰਦ ਕਰਨਾ ਹੈ ਕਿ ਉਹ ਬਾਕੀ ਭੀੜ ਤੋਂ ਵੱਧ ਗਿਆਨ ਰੱਖਦੇ ਹਨ|

ਬੜੇ ਅਫਸੋਸ ਦੀ ਗੱਲ ਹੈ ਕਿ ਉਹ ਜਿਹੜੇ ਚੰਗੀ ਭੀੜ ਦੇ ਨਾਲ ਹਨ ਉਨ੍ਹਾਂ ਨੇ ਗਰੁੱਪ ਦੇ ਬਾਕੀ ਸਹਿਭਾਗੀਆਂ ਦੇ ਬਾਰੇ ਨਹੀਂ ਸੋਚਿਆ ਜਿਹੜੇ ਕਿ ਵਿਚਾਰ ਵਟਾਂਦਰੇ ਵਿਚ ਸ਼ਾਮਿਲ ਨਹੀਂ ਹੋਏ| ਇਹ ਜਿਹੜੇ ਬਾਕੀ ਬਚੇ ਹੋਏ ਲੋਕ ਹਨ ਆਪਣੇ ਆਪ ਨੂੰ ਕਦੀ ਵੀ ਹੁਸ਼ਿਆਰ ਨਹੀਂ ਸਮਝਣਗੇ| ਉਹ ਆਪਣੇ ਆਪ ਵਿਚ ਖਿੜਕਵੇਂ ਜਾਂ ਅਨਿਸ਼ਚਤ ਰਹਿਣਗੇ| ਉਹ ਇਹ ਯਕੀਨ ਹੀ ਨਹੀਂ ਕਰਦੇ ਕਿ ਉਹ ਉਤਾਂਹ ਚੜ੍ਹ ਸਕਦੇ ਹਨ|

ਹਮਰਾਹੀ ਕਹਾਣੀ ਵਾਚਕ ਬੜੀ ਹੁਸ਼ਿਆਰੀ ਨਾਲ ਸਾਰੇ ਸਰੋਤਿਆਂ ਨੂੰ ਇਹ ਮਹਿਸੂਸ ਕਰਨ ਲਈ ਮਦਦ ਕਰਦਾ ਹੈ ਕਿ ਉਹ ਮਿਲ ਕੇ ਪਹਾੜੀ ਉੱਤੇ ਚੜ੍ਹ ਰਹੇ ਹਨ ਅਤੇ ਮਿਲ ਕੇ ਉਹ ਗਿਆਨ ਦੀ ਖੋਜ ਕਰ ਰਹੇ ਹਨ|

ਹੁਣੇ ਹੀ ਉਹ ਆਪਣੇ ਹਮਰਾਹੀ ਨੂੰ ਆਪਣੇ ਨਾਲ ਲੈ ਕੇ ਜਾ ਰਿਹਾ ਹੈ, ਹਮਰਾਹੀ ਦੀ ਸ਼ਕਲ ਲੈਣਾ ਕਹਾਣੀ ਵਾਚਕ ਲਈ ਚੁਣੋਤੀਪੂਰਨ ਹੈ ਜਿਸ ਨੂੰ ਉਹ ਅਪਣਾ ਸਕਦਾ ਹੈ| ਪਰ, ਇਹ ਭੂਮਿਕਾ ਵੀ ਸਭ ਲਈ ਚਹੇਤੀ ਹੁੰਦੀ ਹੈ| ਇਹ ਸੁਭਾਵਿਕ ਤੌਰ 'ਤੇ ਹਰੇਕ ਨੂੰ ਹਿੱਸਾ ਲੈਣ ਲਈ ਸੱਦਾ ਦਿੰਦੀ ਹੈ ਅਤੇ ਸਹਿਭਾਗੀਆਂ ਵਿਚ ਘੁਮੰਡ ਪੈਦਾ ਕਰਨ ਦੇ ਅਵਸਰ ਬਹੁਤ ਘੱਟ ਹੁੰਦੇ ਹਨ ਅਤੇ ਕਹਾਣੀ

ਵਾਚਕ ਬਰਾਬਰ ਹੁੰਦਾ ਹੈ|

ਇਕ ਵਾਰੀ ਵਰਕਸ਼ਾਪ ਦੇ ਭੋਜਨ ਦੇ ਦੌਰਾਨ, ਇਕ ਸਹਿਭਾਗੀ ਨੇ ਹਮਰਾਹੀ ਕਹਾਣੀ ਵਾਚਕ ਦੇ ਮਹੱਤਵ ਦੀ ਪੁਸ਼ਟੀ ਕੀਤੀ| ਇਸ ਮਹਿਲਾ ਨੇ ਕਿਹਾ, ''ਮੈਨੂੰ ਤੁਹਾਡੀ ਮਾਰਥਾ ਅਤੇ ਮਰਿਯਮ ਦੀ ਕਹਾਣੀ ਸੱਚਮੁੱਚ ਪਸੰਦ ਹੈ| ਇਸ ਮੈਨੂੰ ਸੋਚਣ ਉੱਤੇ ਮਜ਼ਬੂਰ ਕੀਤਾ ਹੈ| ਤੁਹਾਨੂੰ ਪਤਾ ਹੈ ਕਿ ਇਸ ਵਿਚ ਮੈਨੂੰ ਕੀ ਚੰਗਾ ਲੱਗਾ ਹੈ?"
ਮੁਸਕੁਰਾਉਂਦੇ ਹੋਏ ਮੈਂ ਪੁੱਛਿਆ, ''ਕੀ?"

''ਇਹ ਉਹ ਸਮਾ ਸੀ ਕਿ ਤੁਹਾਨੂੰ ਖੁਦ ਹੀ ਉੱਤਰਾਂ ਦਾ ਪਤਾ ਨਹੀਂ ਸੀ ਅਤੇ ਤੁਸੀਂ ਸਾਨੂੰ ਉੱਤਰ ਲੱਭਣ ਲਈ ਲਾ ਦਿੱਤਾ|"

''ਅੱਛਾ! ਮੈਂ ਦੱਸਿਆ| ਇਹ ਤਾਂ ਠੀਕ ਹੈ| ਮੈਂ ਤਾਂ ਉਹੀ ਨਮੂਨਾ ਅਪਣਾ ਰਹੀ ਸੀ ਜਿਹੜਾ STS ਦੇ ਸਿੱਖਿਆ ਦੇਣ ਦਾ ਹੈ| ਦਰਅਸਲ, ਇਹ ਕਹਾਣੀ ਮੈਂ ਸਾਰੇ ਸੰਸਾਰ ਵਿਚ ਸੁਣਾ ਚੁੱਕੀ ਹਾਂ, ਇਸ ਲਈ ਜਦ ਮੈਂ ਸਵਾਲ ਪੁੱਛੇ, ਮੈਂ ਚੰਗੀ ਤਰ੍ਹਾਂ ਉੱਤਰ ਜਾਣਦੀ ਸੀ| ਪਰ ਮੈਂ ਤੁਹਾਨੂੰ ਉੱਤਰ ਲੱਭਣ ਦਾ ਮੌਕਾ ਦੇ ਰਹੀ ਸੀ, ਇਸ ਲਈ ਮੈਂ ਚੁੱਪ ਰਹੀ|"

ਉਸ ਨੇ ਆਪਣਾ ਸਿਰ ਹਿਲਾਇਆ| ''ਉਹ ਤਾਂ ਮੈਂ ਜਾਣਦੀ ਹਾਂ, ਪਰ ਮੈਂ ਤਾਂ ਉਨ੍ਹਾਂ ਸਥਾਨਾਂ ਬਾਰੇ ਕਹਿ ਰਹੀ ਹਾਂ ਤੁਸੀਂ ਉਨ੍ਹਾਂ ਦੇ ਉੱਤਰ ਨਹੀਂ ਜਾਣਦੇ ਸੀ ਅਤੇ ਤੁਸੀਂ ਸਾਨੂੰ ਲੱਭਣ ਲਈ ਲਾ ਦਿੱਤਾ| ਮੈਂ ਤਾਂ ਇਸ ਗੱਲ ਨੂੰ ਪਸੰਦ ਕਰਦੀ ਹਾਂ ਕਿ ਤੁਸੀਂ ਬਿਲਕੁਲ ਵੀ ਨਹੀਂ ਡਰੇ ਕਿ ਤੁਸੀਂ ਕੁਝ ਨਹੀਂ ਜਾਣਦੇ|"

ਹਾਂ? ਮੈਂ ਆਪਣੇ ਆਪ ਵਿਚ ਸੋਚਿਆ| ਮੈਂ ਮੇਰਾ ਕੰਮ ਦਰ ਦਿੱਤਾ| ਹੁਣ ਉਸ ਉੱਤੇ ਜੋਰ ਦੇਣ ਦੀ ਕੋਈ ਲੋੜ ਨਹੀਂ ਮੈਂ ਤਾਂ ਪਹਿਲਾਂ ਹੀ ਜਾਣਦੀ ਸੀ ਜਿਸਦੀ ਮੈਂ ਵਿਆਖਿਆ ਕੀਤੀ ਸੀ ਅਤੇ ਉਸ ਗਰੁੱਪ ਨੇ ਜਾਣ ਲਿਆ| ਉਸ ਨੇ ਅਤੇ ਬਾਕੀ ਸਹਿਭਾਗੀਆਂ ਨੇ ਬੜੇ ਖੁਲ੍ਹੇ ਦਿਲ ਨਾਲ ਹਿੱਸਾ ਲਿਆ| ਉਨ੍ਹਾਂ ਨੇ ਆਗਿਆ ਨੂੰ ਮਹਿਸੂਸ ਕੀਤਾ ਅਤੇ ਸੋਚਣ ਅਤੇ ਵਿਆਖਿਆ ਲਈ ਖੁਲ੍ਹ ਗਈਆਂ| ਅਸੀਂ ਹਕੀਕਤ ਵਿਚ ਹੀ ਇਕੱਠੇ ਪਹਾੜ ਉੱਤੇ ਚੜ੍ਹੇ|
ਕਿਰਪਾ ਕਰਕੇ ਧਿਆਨ ਦਿਓ ਕਿ ਜਦੋਂ ਵੀ ਮੈਂ ਕਹਾਣੀਆਂ ਪੇਸ਼ ਕੀਤੀਆਂ ਜੋ ਮੇਰੇ ਲਈ ਜਾਣੀਆਂ ਪਛਾਣੀਆਂ ਸਨ, ਸਹਿਭਾਗੀ ਅਜਿਹੇ ਵੀ ਆਤਮਿਕ ਨਿਰੀਖਣ ਅਤੇ ਆਤਮਿਕ ਪ੍ਰਯੋਗਾਂ ਦੀ ਖੋਜ ਕਰ ਰਹੇ ਸਨ ਜਿਹੜੇ ਕਿ ਮੇਰੇ ਲਈ ਨਵੇਂ ਸਨ| ਮੈਂ ਉਨ੍ਹਾਂ ਨੂੰ ਜਾਣਿਆਂ ਨਹੀਂ ਸੀ| ਉਹ ਨਵੇਂ ਮੇਰੇ ਸਵਾਲ ਪੁੱਛਣ ਦਾ ਫਲ ਹੀ ਸੀ| ਉਹ ਸਾਰੇ ਖਜਾਨੇ ਵਿਚਾਰ ਵਟਾਂਦਰੇ ਦੇ ਦੌਰਾਨ ਹੀ ਲੱਭੇ ਗਏ ਅਤੇ ਪਵਿੱਤਰ ਆਤਮਾ ਦੀ ਮਾਰਗਦਰਸ਼ਨ ਨਾਲ ਜਿਹੜੇ ਉਸ ਨੇ ਸੁਣਨ ਵਾਲਿਆਂ ਨੂੰ ਕੀਤੇ ਸਨ| STS ਸਭਾ ਨਾ ਸਿਰਫ ਵਿਅਕਤੀਗਤ ਤੌਰ 'ਤੇ ਲੱਭਣ ਲਈ ਮਦਦ ਕਰਦੀ ਹੈ ਪਰ ਇਹ ਲੋਕਾਂ ਨੂੰ ਇਕ ਦੂਜੇ ਨਾਲ ਵਿਚਾਰ ਸਾਂਝੇ ਕਰਨ ਦਾ ਸਥਾਨ ਵੀ ਦਿੰਦੀ ਹੈ ਜਿਹੜੇ ਉਨ੍ਹਾਂ ਨੇ ਸਮਝੇ ਹਨ|

ਹਮ ਰਾਹੀ ਕਿਸ ਤਰ੍ਹਾਂ ਬਣਨਾ ਹੈ

ਜਿਸ ਤਰੀਕੇ ਨਾਲ ਪ੍ਰਸ਼ਨ ਪੁੱਛੇ ਜਾਣਗੇ ਸਹਿਭਾਗੀ ਜਾਂ ਤਾਂ ਉਤਸ਼ਾਹੀ ਹੋਣਗੇ ਜਾਂ ਨਿਰਾਸ ਹੋਣਗੇ| ਉਦਾਹਰਣ ਲਈ, ਜੇਕਰ ਕਹਾਣੀ ਵਾਚਕ ਪੁੱਛਦਾ ਹੈ, ''ਅਬਰਾਹਾਮ ਨੇ ਕਿੰਨੇ ਊਠ ਲਿਆਂਦੇ ਸਨ?" ਸਰੋਤੇ ਜਾਣਦੇ ਹਨ ਕਿ ਇਸ ਦਾ ਇਕ ਨਿਸ਼ਚਿਤ ਉੱਤਰ ਹੈ| ਉਹ ਆਪਣੇ ਆਪ ਵਿਚ ਸੋਚਣਗੇ, ਮੈਨੂੰ ਇਸ ਦਾ ਸਹੀ ਉੱਤਰ ਦੇਣਾ ਚਾਹੀਦਾ ਹੈ| ਇਸ ਤਰ੍ਹਾਂ ਦੇ ਪ੍ਰਸ਼ਨ ਸਕੂਲੀ ਮਾਹੌਲ ਪੈਦਾ ਕਰਦੇ ਹਨ ਅਤੇ ਸਾਰੇ ਵਿਚਾਰ ਵਟਾਂਦਰੇ ਨੂੰ ਬੰਦ ਕਰ ਦਿੰਦੇ ਹਨ|

ਬਜਾਏ ਇਸ ਦੇ, ਤੁਹਾਨੂੰ ਇਕ ਅਜਿਹੀ ਅਵਾਜ਼ ਵਿਚ ਬੋਲਣਾ ਹੈ ਜਿਵੇਂ ਕਿ ਤੁਹਾਨੂੰ ਹੈਰਾਨੀ ਹੋ ਰਹੀ ਹੈ, ਅਤੇ ਤੁਸੀਂ ਪੁੱਛਦੇ ਹੋ, ''ਹੁਣ ਦੱਸੋ ਕਿ ਅਬਰਾਹਾਮ ਦੇ ਕੋਲ ਕਿੰਨੇ ਊਠ ਸਨ?..." ਤੁਹਾਡੇ ਚਿਹਰੇ ਦਾ ਹਾਵ ਭਾਵ ਅਤੇ ਅਵਾਜ਼ ਦੱਸਦੀ ਹੈ ਕਿ ਤੁਸੀਂ ਆਪ ਗਿਣਤੀ ਯਾਦ ਕਰਨ ਦੀ ਕੋਸ਼ਿਸ਼ ਕਰ ਰਹੇ ਹੋ| ਇਹ ਲੋਕਾਂ ਨੂੰ ਅੱਗੇ ਆਉਣ ਲਈ ਮਦਦ ਕਰੇਗਾ| ਜੇਕਰ ਕੋਈ ਕਹਿੰਦਾ ਹੈ ''12" ਤਦ ਤੁਸੀਂ ਕਹਿ ਸਕਦੇ ਹੋ, ''ਆਓ ਅਸੀਂ ਵੇਖੀਏ ਕਿ ਇਹ 12 ਸਨ ਜਾਂ ਇਸ ਤੋਂ ਵੱਧ ਸਨ?..." ਜਦ ਹੋਰ ਕੋਈ ਆਖੇ, ''ਇਹ 14 ਸਨ," ਤੁਸੀਂ ਕਹਿ ਸਕਦੇ ਹੋ, ''ਵਾਹ ਬਈ ਵਾਹ, ਮੈਨੂੰ ਵੀ ਇਹੀ ਲਗਦਾ ਹੈ, ਮੈਨੂੰ ਲਗਦਾ ਹੈ ਕਿ ਉਹ 14 ਹੀ ਸਨ| ਧੰਨਵਾਦ| ਸਹੀ ਜਵਾਬ ਹੈ|"

ਜੇਕਰ ਤੁਸੀਂ ਇਸ ਤਰ੍ਹਾਂ ਦਰਸ਼ਾਉਂਦੇ ਹੋ ਕਿ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਲੋਕ ਹੋਰ ਵੀ ਖੁਲ੍ਹੇ ਦਿਲ ਨਾਲ ਉੱਤਰ ਦੇਣਗੇ| ਚਾਹੇ ਉਹ ਕਹਾਣੀ ਦਾ ਸੁਣਾਉਣਾ ਹੋਵੇ ਜਾਂ ਨਿਰੀਖਣ ਜਾਂ ਪ੍ਰਯੋਗ ਹੋਵੇ ਲੋਕ ਚਾਹੁਣਗੇ ਕਿ ਤੁਹਾਡੀ ਮਦਦ ਕਰਨ ਅਤੇ ਵਿਚਾਰ ਵਟਾਂਦਰੇ ਵਿਚ ਸ਼ਾਮਿਲ ਹੋਣ ਲਈ ਅਤੇ ਆਪਣੇ ਵਿਚਾਰ ਦੇਣ ਲਈ ਸੌਖਾ ਮਹਿਸੂਸ ਕਰਨਗੇ, ਬਜਾਏ ਇਸ ਦੇ ਕਿ ਉਹ ਸਹੀ ਉੱਤਰ ਦੇਣ ਦੀ ਕੋਸ਼ਿਸ਼ ਕਰਨ|

ਤੁਸੀਂ ਲੋਕਾਂ ਲਈ ਪ੍ਰਸ਼ਨ ਪੁੱਛਣ ਦੀ ਸ਼ੈਲੀ ਦੇ ਰਾਹੀਂ ਅੱਛਾ ਮਾਹੌਲ ਪੈਦਾ ਕਰ ਸਕਦੇ ਹੋ| ਜਦ ਸਿੱਖਿਅਕ ਅਤੇ ਪਾਸਟਰ ਭਾਸ਼ਣ ਦਿੰਦੇ ਹਨ, ਉਹ ਅਕਸਰ ਇਹ ਸਮਝਦੇ ਹਨ ਕਿ ਉਹ ਗਿਆਨੀਆਂ ਨੂੰ ਸਿਖਾਉਂਦੇ ਹਨ ਜਿਹੜੇ ਸਾਰੇ ਜਵਾਬ ਜਾਣਦੇ ਹਨ| ਸੰਸਾਰ ਦੇ ਜ਼ਿਆਦਾਤਰ ਲੋਕਾਂ ਨੂੰ ਵਿਚਾਰ ਵਟਾਂਦਰੇ ਦੇ ਤਰੀਕੇ ਨਾਲ ਸਿੱਖਣ ਦਾ ਅਨੁਭਵ ਕਦੀ ਨਹੀਂ ਹੋਇਆ| ਕਹਾਣੀ ਵਾਚਕ ਸਹਿਭਾਗੀਆਂ ਨੂੰ ਆਲੋਚਨਾਤਮਕ ਵਿਚਾਰ ਦੇ ਉੱਤਰਾਂ ਤੋਂ ਬਚਾ ਸਕਦਾ ਹੈ ਆਪਣੇ ਸਕੂਲ ਮਾਸਟਰ ਦੇ ਵਿਹਾਰ ਨੂੰ ਇਕ ਪਾਸੇ ਰੱਖਕੇ ਜੋ ''ਸਹੀ" ਉੱਤਰ ਦੀ ਆਸ ਕਰਦਾ ਹੈ|

ਇਥੋਂ ਤਕ ਕਿ ਸੂਚਨਾ ਵੀ ਢਕੀ ਰਹਿੰਦੀ ਹੈ, ਕਹਾਣੀ ਵਾਚਕ ਹੈਰਾਨੀ ਅਤੇ ਖੁਸ਼ੀ ਨਾਲ ਉੱਤਰ ਦੇ ਸਕਦਾ ਹੈ| ਤੁਸੀਂ ਇਸ ਤਰ੍ਹਾਂ ਦੇ ਵਾਕ ਕਹਿ ਸਕਦੇ ਹੋ: ''ਵਾਹ, ਇਹ ਮੈਨੂੰ ਚੰਗਾ ਲੱਗਿਆ|" ''ਮੈਂ ਸੋਚਦਾ ਹਾਂ ਕਿ ਕੁਝ ਹੋਰ ਵੀ ਤੁਹਾਡੇ ਕੋਲ ਹੈ|" ਜਾਂ ''ਇਹ ਤਾਂ ਬਹੁਤ ਚੰਗਾ ਲਗਦਾ ਹੈ|"

ਕਈ ਵਾਰ ਲੋਕ ਅਜਿਹੇ ਵਿਚਾਰ ਦੱਸਣਗੇ ਜੋ ਸਹੀ ਨਹੀਂ ਲਗਦੇ ਹਨ ਜਾਂ ਕਹਾਣੀ ਵਿਚ ਠੀਕ ਨਹੀਂ ਬੈਠਦੇ ਹਨ| ਇਕ ਹਮ ਰਾਹੀ ਹੋਣ ਦੇ ਨਾਤੇ, ਕਹਾਣੀ ਵਾਚਕ ਬੜੇ ਪਿਆਰ ਨਾਲ ਸਪੱਸ਼ਟੀਕਰਨ ਲਈ ਪੁੱਛਣ ਦੇ ਰਾਹੀ ਆਪਣੀ ਟਿੱਪਣੀ ਦੇ ਸਕਦਾ ਹੈ| ਇਹ ਕਿਰੀਆ ਸਹਿਭਾਗੀ ਨੂੰ ਉਲਝਣ ਵਿਚ ਨਹੀਂ ਪਾਵੇਗੀ|

ਉਦਾਹਰਣ ਲਈ, ਕੋਈ ਵਿਅਕਤੀ ਕੁਝ ਕਹਿੰਦਾ ਹੈ ਅਤੇ ਸੋਚਦਾ ਹੈ ਕਿ ਉਹ ਸਹੀ ਸੋਚਦਾ ਹੈ, ਪਰ ਤੁਸੀਂ ਜਾਣਦੇ ਹੋ ਕਿ ਉਹ ਕਹਾਣੀ ਵਿਚ ਨਹੀਂ ਹੈ| ਤੁਸੀਂ ਕਹਿ ਸਕਦੇ ਹੋ, ''ਹਾਂ ਬਈ, ਮੇਰੀ ਮਦਦ ਕਰ, ਇਹ ਕਹਾਣੀ ਵਿਚ ਕਿਥੇ ਮਿਲਦਾ ਹੈ?" ਇਥੋਂ ਤਕ ਕਿ ਤੁਸੀਂ ਜਾਣਦੇ ਹੋ ਕਿ ਇਹ ਕਹਾਣੀ ਵਿਚ ਢੁਕਵਾਂ ਨਹੀਂ ਹੈ, ਤੁਹਾਡੇ ਪਿਆਰ ਨਾਲ ਕਹੇ ਸ਼ਬਦ ਉਸ ਵਿਅਕਤੀ ਨੂੰ ਬਚਾ ਸਕਦੇ ਹਨ ਅਤੇ ਉਸ ਨੂੰ ਸਭ ਦੇ ਸਾਹਮਣੇ ਦਰੁਸਤ ਨਹੀਂ ਕਰਨਾ| ਉਹ ਵਿਅਕਤੀ ਖੁਲ੍ਹ ਮਹਿਸੂਸ ਕਰੇਗਾ ਅਤੇ ਲਗਾਤਾਰ ਵਿਆਖਿਆ ਕਰਨ ਵਿਚ ਉਤਸ਼ਾਹਿਤ ਰਹੇਗਾ|

ਜੇਕਰ ਕੋਈ ਅਜਿਹਾ ਵਿਚਾਰ ਪੇਸ਼ ਕੀਤਾ ਗਿਆ ਜੋ ਤੁਸੀਂ ਸਮਝਦੇ ਹੋ ਕਿ ਸਹੀ ਨਹੀਂ ਹੈ ਜਾਂ ਸ਼ੱਕ ਦੇ ਘੇਰੇ ਵਿਚ ਹੈ, ਇਕ ਹੋਰ ਤਰੀਕਾ ਹੈ ਤੁਸੀਂ ਗਰੁੱਪ ਨੂੰ ਆਪਣੇ ਵਿਚਾਰ ਦੇਣ ਲਈ ਕਹਿ ਸਕਦੇ ਹੋ| ਤੁਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹੋ, ''ਹਾਂ, ਬਹੁਤ ਅੱਛਾ| ਮੈਂ ਸੋਚਦਾ ਹਾਂ ਕਿ ਬਾਕੀ ਲੋਕ ਇਸ ਦੇ ਬਾਰੇ ਕੀ ਸੋਚਦੇ ਹਨ? ਅਸੀਂ ਇਸ ਨੂੰ ਇਸ ਕਹਾਣੀ ਵਿਚ ਕਿਵੇਂ ਵੇਖਦੇ ਹਾਂ?" ਇਕ ਵਾਰ ਫਿਰ, ਸਾਰੇ ਗਰੁੱਪ ਨੂੰ ਮਿਲ ਕੇ ਵਿਚਾਰ ਕਰਨ ਦਿਓ, ਤੁਹਾਨੂੰ ਆਪਣੇ ਆਪ ਨੂੰ ਸਕੂਲ ਮਾਸਟਰ ਜਾਂ ਪ੍ਰੋਫੈਸਰ ਦੀ ਤਰ੍ਹਾਂ ਦਰਸ਼ਾਉਣ ਲੋੜ ਨਹੀਂ ਹੈ| ਪਵਿੱਤਰ ਆਤਮਾ ਨੂੰ ਸਿੱਖਿਅਕ ਹੋਣ ਦਿਓ ਅਤੇ ਪਰਮੇਸ਼ਰ ਦਾ ਵਚਨ ਆਖਿਰੀ ਅਧਿਕਾਰ ਬਣ ਜਾਂਦਾ ਹੈ|

ਯਾਦ ਰੱਖੋ, ਜਿੰਨਾ ਤੁਸੀਂ ਇਹ ਦਰਸ਼ਾਓਗੇ ਕਿ ਜਿਵੇਂ ਤੁਸੀਂ ਜਾਣਦੇ ਨਹੀਂ, ਓਨੇ ਹੀ ਲੋਕ ਮਦਦਗਾਰ ਬਣਦੇ ਜਾਣਗੇ| ਇਹੀ ਤਾਂ ਗੱਲ ਹੈ ਕਿ ਤੁਸੀਂ ਪ੍ਰਸ਼ਨ ਪੁੱਛਣ ਦਾ ਜਤਨ ਕਰਦੇ ਰਹੋ ਅਤੇ ਵਿਚਾਰ ਵਟਾਂਦਗੇ ਨੂੰ ਅਗੂਵਾਈ ਕਰਦੇ ਰਹੋ| ਜੇਕਰ ਤੁਸੀਂ ਇਹ ਦਰਸ਼ਾਓਗੇ ਕਿ ਤੁਸੀਂ ਸਭਕੁਝ ਜਾਣਦੇ ਹੋ, ਤਾਂ ਲੋਕ ਉੱਤਰ ਦੇਣ ਤੋਂ ਹੋਰ ਵੀ ਝਿਜਕਣਗੇ| ਜਿਵੇਂ ਕਿ ਅਸੀਂ ਕਿਹਾ, ਸਕੂਲੀ ਮਾਹੌਲ ਬਣਨ ਦੇ ਪ੍ਰਭਾਵ ਤੋਂ ਬਚੋ ਕਿਉਂਕਿ ਉਸ ਮਾਹੌਲ ਵਿਚ ਲੋਕ ਗਲਤ ਉੱਤਰ ਦੇਣ ਤੋਂ ਡਰਨਗੇ|

ਆਪਣੇ ਪ੍ਰਸ਼ਨਾਂ ਦੀ ਭੂਮਿਕਾ ਇਸ ਤਰ੍ਹਾਂ ਦੇ ਸ਼ਬਦਾਂ ਜਾਂ ਵਾਕਾਂ ਨਾਲ ਬਣਾਈ ਰੱਖੋ: ''ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ...?" ''ਕੀ ਇਸ ਤਰ੍ਹਾਂ ਹੋ ਸਕੇਗਾ...?” ‘‘ਕੀ ਇਹ ਇਸ ਤਰ੍ਹਾਂ ਵੀ ਹੋ ਸਕਦਾ ਹੈ...?" ''ਕੀ ਇਹ ਇਸ ਤਰ੍ਹਾਂ ਵਿਖਾਈ ਦਿੰਦਾ ਹੈ...?" ''ਤੁਹਾਨੂੰ ਕੀ ਲਗਦਾ ਹੈ...?" ''ਇਸ ਦਾ ਹੋਰ ਕੀ ਜਵਾਬ ਹੋ ਸਕਦਾ ਹੈ...?" ਇਸ ਤਰ੍ਹਾਂ ਦੇ ਵਾਰ ਕਹਾਣੀ ਵਾਚਕ ਲਈ ਸੁਖਾਲਾ ਮਾਹੌਲ ਪੈਦਾ ਕਰਨ ਵਿਚ ਮਦਦ ਕਰਦੇ ਹਨ|

ਹੋ ਸਕਦਾ ਹੈ ਕਿ ਸਿਰਫ ਇਕ ਕਹਾਣੀ ਦੀ ਕਿਰੀਆ ਵਿਚ ਇਹੀ ਹੁੱਨਰ ਸਭ ਤੋਂ ਵੱਧ ਚੁਣੋਤੀ ਵਾਲਾ ਹੈ, ਇਹ ਸਿੱਖਣ ਲਈ ਬਹੁਤ ਅਭਿਆਸ ਦੀ ਲੋੜ ਹੈ, ਕਿ ਕਿਸ ਤਰ੍ਹਾਂ ਪ੍ਰਸ਼ਨ ਪੁੱਛਣੇ ਹਨ| ਤੁਸੀਂ ਲਾਪਰਵਾਹ ਹੋਣ ਦੀ ਕੋਸ਼ਿਸ਼ ਨਹੀਂ ਕਰ ਰਹੇ ਹੋ ਜਾਂ ਕਹੋ ਕੀ ਤੁਸੀਂ ਉਹ ਨਹੀਂ ਜਾਣਗੇ ਹਕੀਕਤ ਵਿਚ ਤੁਸੀਂ ਜਾਣਦੇ ਹੋ| ਬਲਕਿ ਇਹ ਤਾਂ ਪ੍ਰਸ਼ਨ ਪੁੱਛਣ ਦਾ ਇਕ ਤਰੀਕਾ ਹੈ ਜੋ ਕਿ ਤੁਹਾਡੇ ਇਕ ਹਮ ਰਾਹੀ ਹੋਣ ਦਾ ਸੁਝਾਓ ਦਿੰਦਾ ਹੈ| ਇਸ ਤਰ੍ਹਾਂ ਦੀ ਪ੍ਰਸ਼ਨ ਪੁੱਛਣ ਦੀ ਸ਼ੈਲੀ ਲੋਕਾਂ ਨੂੰ ਆਪਣੇ ਉੱਤਰ ਦੱਸਣ ਲਈ ਉਤਸ਼ਾਹਿਤ ਕਰਦੀ ਹੈ|

ਪੇਸ਼ਕਾਰੀ ਅਵਸਥਾ 2: ਆਤਮਿਕ ਪ੍ਰਯੋਗ ਉੱਤੇ ਵਿਚਾਰ ਵਟਾਂਦਰਾ

ਆਤਮਿਕ ਪ੍ਰਯੋਗ| ਪਹਿਲਾਂ ਜਦ ਅਸੀਂ ਮਾਰਥਾ ਅਤੇ ਮਰੀਯਮ ਦੀ ਕਹਾਣੀ ਨੂੰ ਵੇਖਿਆ ਸੀ, ਅਸੀਂ ਕੁਝ ਅਨੇਖੇ ਆਤਮਿਕ ਪ੍ਰਯੋਗਾਂ ਨੂੰ ਖੋਜਿਆ ਸੀ| ਅਸੀਂ ਪਰਮੇਸ਼ਰ ਦੇ ਵਚਨ ਵਿਚੋਂ ਕੁਝ ਖਾਸ ਗੱਲਾਂ ਨੂੰ ਵੇਖਿਆ ਸੀ ਅਤੇ ਅਸੀਂ ਇਸ ਉੱਤੇ ਵੀ ਵਿਚਾਰ ਕੀਤਾ ਸੀ ਕਿ ਪਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਇਨ੍ਹਾਂ ਖੋਜਾਂ ਨੂੰ ਆਪਣੇ ਜੀਵਨ ਵਿਚ ਵੀ ਲਾਗੂ ਕਰੀਏ|

STS ਦੀ ਕਿਰੀਆ ਦਾ ਅਗਲਾ ਹਿੱਸਾ ਪ੍ਰਸ਼ਨ ਪੁੱਛਣਾ ਹੈ ਜਿਹੜੇ ਕਿ ਸਰੋਤਿਆਂ ਨੂੰ ਵਿਚਾਰ ਵਟਾਂਦਰੇ ਅਤੇ ਆਤਮਿਕ ਪ੍ਰਯੋਗਾਂ ਵੱਲ ਲੈ ਜਾਂਦੇ ਹਨ ਜਿਹੜੇ ਤੁਸੀਂ ਪ੍ਰਾਪਤ ਕੀਤੇ ਹਨ| ਇਹ ਹੁੱਨਰ ਸਾਨੂੰ ਚੁਣੋਤੀ ਦਿੰਦਾ ਹੈ ਅਤੇ ਉਤਸ਼ਾਹ ਵੀ ਦਿੰਦਾ ਹੈ| ਜਿਹੜੇ ਖਜਾਨੇ ਤੁਸੀਂ ਲੱਭੇ ਹਨ ਉਹ ਖਜਾਨਿਆਂ ਆਪਣੇ ਸਰੋਤਿਆਂ ਨੂੰ ਦੇਣ ਵਿਚ ਜਲਦਬਾਜੀ ਕਰਨ ਤੋਂ ਬਚਣਾ ਹੈ| ਇਸ ਦੇ ਬਜਾਏ ਤੁਹਾਨੂੰ ਪ੍ਰਸ਼ਨ ਪੁੱਛਣ ਦੇ ਹੁੱਨਰ ਨੂੰ ਵਿਕਸਿਤ ਕਰਨ ਦੀ ਜ਼ਰੂਰਤ ਹੈ ਜਿਹੜੀ ਕਿ ਸਰੋਤਿਆਂ ਨੂੰ ਉਸ ਕਹਾਣੀ ਵਿਚੋਂ ਆਪਣੇ ਲਈ ਖਜਾਨੇ ਲੱਭਣ ਲਈ ਮਦਦਗਾਰ ਹੋਵੇਗੀ|

ਕੁਝ ਨਮੂਨੇ ਵਾਲੇ ਪ੍ਰਸ਼ਨਾਂ ਤੋਂ ਬਾਦ ਕੀ ਆਉਂਦਾ ਹੈ, ਇਨ੍ਹਾਂ ਵਿਚੋਂ ਕੋਈ ਵੀ ਮਾਰਥਾ ਅਤੇ ਮਰੀਯਮ ਦੀ ਕਹਾਣੀ ਵਿਚੋਂ ਪ੍ਰਯੋਗ ਲੱਭਣ ਲਈ ਲੋਕਾ ਦੀ ਮਦਦ ਵਿਚ ਇਸਤੇਮਾਲ ਹੋ ਸਕੇਗਾ| ਜਿਵੇਂ ਕਿ ਪਹਿਲਾਂ, ਜਦ ਅਸੀਂ ਆਤਮਿਕ ਪ੍ਰਯੋਗਾਂ ਦੀ ਭਾਲ ਕੀਤੀ, ਕਹਾਣੀ ਦੀ ਅਰੰਭ ਤੋਂ ਲੈ ਕੇ ਅਖੀਰ ਤਕ ਜਾਂਚ ਕੀਤੀ ਗਈ| ਇਹ ਧਿਆਨ ਦਿਓ ਕਿ ਹਰ ਵਾਰ, ਪ੍ਰਸ਼ਨ ਪੁੱਛੇ ਜਾਣ ਤੋਂ ਪਹਿਲਾਂ, ਕਹਾਣੀ ਦਾ ਕੁਝ ਹਿੱਸਾ ਅਤੇ ਜਿਹੜੇ ਨਿਰੀਖਣ ਵੇਖੇ ਗਏ, ਉਹ ਦੁਬਾਰਾ ਦੱਸੇ ਜਾਂਦੇ ਹਨ| ਫਿਰ ਕੁਝ ਪ੍ਰਸ਼ਨ ਪੁੱਛੇ ਜਾਂਦੇ ਹਨ ਜਿਹੜੇ ਕਿ ਸਰੋਤਿਆਂ ਦੇ ਪ੍ਰਯੋਗਾਂ ਨੂੰ ਆਮ ਪੱਧਰ ਤੋਂ ਅਤੇ ਉਹ ਹੋਰ ਖਾਸ ਅਤੇ ਵਿਅਕਤੀਗਤ ਪ੍ਰਯੋਗ ਵੱਲ ਲੈ ਜਾਂਦੇ ਹਨ|

1. ਕਹਾਣੀ ਵਿਚ ਮਰਿਯਮ ਰਸੋਈ ਨੂੰ ਛੱਡਦੀ ਹੈ ਅਤੇ ਯਿਸੂ ਦੇ ਚਰਨੀ ਬੈਠ ਕੇ ਉਸ ਤੋਂ ਸਿੱਖਣ ਦੀ ਚੋਣ ਕਰਦੀ ਹੈ ਅੱਜ ਸਾਡੇ ਲਈ ਇਸ ਦਾ ਕੀ ਅਰਥ ਹੈ? ਕੀ ਅਸੀਂ ਯਿਸੂ ਦੇ ਚਰਨੀ ਬੈਠ ਸਕਦੇ ਹਾਂ ਅਤੇ ਸਿੱਖ ਸਕਦੇ ਹਾਂ? [ਉੱਤਰ ਦੀ ਉਡੀਕ ਕਰੋ]

ਸਾਨੂੰ ਆਸ ਹੈ ਕਿ ਸਰੋਤੇ ਹੇਠਾਂ ਦਿੱਤੇ ਗਏ ਪ੍ਰਯੋਗਾਂ ਵੱਲ ਆਉਣਗੇ| ਅੱਜ, ਪਰਮੇਸ਼ਰ ਦੇ ਵਚਨ ਦਾ ਅਧਿਐਨ ਕਰਨਾ ਜਾਂ ਪਰਮੇਸ਼ਰ ਦੀ ਅਰਾਧਨਾ ਕਰਨਾ ਯਿਸੂ ਦੇ ਵਾਂਗ ਸੁਣਨਾ ਹੈ| ਇਹ ਸਾਨੂੰ ਵਿਖਾਵੇਗਾ ਕਿ ਯਿਸੂ ਦੇ ਚਰਨਾਂ ਵਿਚ ਬੈਠਣਾ ਪਰਮੇਸ਼ਰ ਦੇ ਵਚਨ ਨੂੰ ਸੁਣਨ ਦੀ ਵਿਸ਼ਵਾਸਯੋਗਤਾ ਨੂੰ ਦਰਸ਼ਾਉਂਦਾ ਹੈ|

2. ਅਸੀਂ ਵੇਖਿਆ ਕਿ ਮਾਰਥਾ ਨੇ ਇੰਨਾ ਕੰਮ ਲੈ ਲਿਆ ਕਿ ਉਹ ਉਸ ਲਈ ਬੋਝ ਬਣ ਗਿਆ| ਕੀ ਅੱਜ ਸਾਡੇ ਵਿਚ ਵੀ ਸਮੱਸਿਆ ਹੈ? ਤੁਸੀਂ ਕੀ ਸੋਚਦੇ ਹੋ? [ਉੱਤਰ ਦੀ ਉਡੀਕ ਕਰੋ] ਕੀ ਅਸੀਂ ਬਹੁਤ ਸਾਰੀਆਂ ਜਿੰਮੇਦਾਰੀਆਂ ਲਈ ''ਹਾਂ ਕਰਦੇ " ਹਾਂ?

3. ਅੱਜ, ਕੀ ਲੋਕ ਸੇਵਾ ਵਿਚ ਹਨ, ਜਾਂ ਘਰ ਜਾਂ ਕੰਮ ਕਾਰ ਵਿਚ ਹਨ, ਆਪਣੀ ਪਹੁੰਚ ਤੋਂ ਬਾਹਰ ਕੰਮ ਲੈਂਦੇ ਹਨ? ਇਹ ਕਿਹੜੀ ਕਿਹੜੀ ਗੱਲ ਵਿਚ ਹੋ ਸਕਦਾ ਹੈ? [ਉੱਤਰ ਦੀ ਉਡੀਕ ਕਰੋ] ਅਸੀਂ ਕਿਸ ਤਰ੍ਹਾਂ ਦੀ ਪ੍ਰਤੀਕ੍ਰੀਆ ਦਿੰਦੇ ਹਾਂ ਜਦ ਕੋਈ ਸੇਵਾ ਜਾਂ ਕੰਮ ਵਿਚ ਸਾਡੇ ਉੱਤੇ ਬੋਝ ਬਣ ਜਾਂਦਾ ਹੈ ਅਤੇ ਸਾਨੂੰ ਪਰਮੇਸ਼ਰ ਤੋਂ ਕੁਝ ਸਿੱਖਣ ਤੋਂ ਦੂਰ ਲੈ ਜਾਂਦਾ ਹੈ? [ਉੱਤਰ ਦੀ ਉਡੀਕ ਕਰੋ]

4. ਕੀ ਲੋਕਾਂ ਦੇ ਜੀਵਨ ਵਿਚ ਕੁਝ ਚੋਣਾ ਹਨ? [ਉੱਤਰ ਦੀ ਉਡੀਕ ਕਰੋ] ਕੀ ਲੋਕ ਕੁਝ ਅਜਿਹਿਆਂ ਚੋਣਾਂ ਕਰਦੇ ਹਨ ਜਿਹੜੀਆਂ ਚੰਗੀਆਂ ਲਗਦੀਆਂ ਹਨ ਕਿਉਂਕਿ ਉਨ੍ਹਾਂ ਦੀ ਇੱਛਾ ਹੈ ਕਿ ਉਹ ਚੰਗਾ ਕੰਮ ਕਰਨ, ਇਥੋਂ ਤਕ ਕਿ ਮਸੀਹੀ ਕੰਮ ਵੀ? ਲੋਕ ਇਸ ਤਰ੍ਹਾਂ ਦੇ ਕੰਮ ਕਿਵੇਂ ਕਰਦੇ ਹਨ ਜਦਕਿ ਪਰਮੇਸ਼ਰ ਨੇ ਉਨ੍ਹਾਂ ਨੂੰ ਕਰਨ ਲਈ ਕਿਹਾ ਹੀ ਨਹੀਂ? ਕੀ ਤੁਸੀਂ ਕਦੀ ਅਜਿਹਾ ਕੀਤਾ ਹੈ ਜਾਂ ਅਜਿਹਾ ਹੁੰਦਾ ਹੋਇਆ ਵੇਖਿਆ ਹੈ? ਕੀ ਤੁਸੀਂ ਇਸ ਦੇ ਬਾਰੇ ਦੱਸ ਸਕਦੇ ਹੋ?

ਕਿਸ ਤਰ੍ਹਾਂ ਸਾਡੇ ਕਰਨ ਲਈ ਕੁਝ ਚੋਣਾ ਸਾਨੂੰ ਪਰਮੇਸ਼ਰ ਨਾਲ ਸਮਾ ਬਿਤਾਉਣ ਤੋਂ ਦੂਰ ਲੈ ਜਾਂਦੀਆਂ ਹਨ? ਅਸੀਂ ਕੀ ਕਰ ਸਕਦੇ ਹਾਂ ਜਦ ਇਹ ਮਹਿਸੂਸ ਕਰਦੇ ਹਾਂ ਕਿ ਸੇਵਾ ਦੇ ਕੰਮ ਕਰਨ ਦਾ ਨਿਸ਼ਚਾ ਲੋਕਾਂ ਨੂੰ ਇਕੱਠਾ ਕਰਨ ਵਿਚ ਸਮਾ ਲਗਦਾ ਹੈ ਜਦਕਿ ਸਾਨੂੰ ਉਸ ਸਮੇ ਪਰਮੇਸ਼ਰ ਨਾਲ ਸਮਾ ਬਿਤਾਉਣਾ ਸਿੱਖਣਾ ਹੈ? [ਉੱਤਰ ਦੀ ਉਡੀਕ ਕਰੋ]

5. ਮਾਰਥਾ ਭੋਜਨ ਤਿਆਰ ਕਰਨ ਵਿਚ ਮਦਦ ਨਾ ਕਰਨ ਦਾ ਦੋਸ਼ ਮਰਿਯਮ ਉੱਤੇ ਮਰਿਯਮ ਉੱਤੇ ਲਾਉਂਦੀ ਹੈ| ਅੱਜਕਲ ਦਾ ਰੁਝਾਨ ਕੀ ਹੈ ਜਦ ਲੋਕ ਬਹੁਤ ਜ਼ਿਆਦਾ ਕੰਮ ਆਪਣੇ ਹੱਥ ਵਿਚ ਲੈ ਲੈਂਦੇ ਹਨ? ਕੀ ਅਜਿਹੇ ਲੋਕ ਜਲਦੀ ਹੀ ਜਿੰਮੇਦਾਰੀਆਂ ਨੂੰ ਬੋਝ ਸਮਝ ਬੈਠਦੇ ਹਨ, ਜਾਂ ਦੂਜਿਆਂ ਨੂੰ ਇਸ ਲਈ ਦੋਸ਼ੀ ਠਹਿਰਾਉਂਦੇ ਹਨ?ਤੁਸੀਂ ਕੀ ਵੇਖਿਆ ਹੈ?[ਉੱਤਰ ਦੀ ਉਡੀਕ ਕਰੋ]

6. ਅਸੀਂ ਵੇਖਿਆ ਕਿ ਮਾਰਥਾ ਮੂਰਖਤਾ ਨਾਲ ਹੀ ਯਿਸੂ ਨੂੰ ਉਸ ਦੀ ਸਮੱਸਿਆ ਦੇ ਬਾਰੇ ਚਿੰਤਾ ਨਾ ਕਰਨ ਦਾ ਦੋਸ਼ ਲਾਉਂਦੀ ਹੈ| ਕੀ ਅਸੀਂ ਆਪਣੇ ਕੀਤੇ ਫੈਸਲਿਆਂ ਉੱਤੇ ਪਰਮੇਸ਼ਰ ਨੂੰ ਦੋਸ਼ੀ ਠਹਿਰਾਇਆ ਹੈ ਅਤੇ ਫਿਰ ਕਹਿੰਦੇ ਹਾਂ ਕਿ ਪਰਮੇਸ਼ਰ ਸਾਡੀ ਚਿੰਤਾ ਹੀ ਨਹੀਂ ਕਰਦਾ ਹੈ? [ਉੱਤਰ ਦੀ ਉਡੀਕ ਕਰੋ] ਪਰਮੇਸ਼ਰ ਨੂੰ ਕਿਸ ਤਰ੍ਹਾਂ ਮਹਿਸੂਸ ਕਰਨਾ ਚਾਹੀਦਾ ਹੈ ਜਦ ਅਸੀਂ

ਆਪਣੀ ਹੈਸੀਅਤ ਤੋਂ ਬਾਹਰ ਕੰਮ ਲੈਂਦੇ ਹਾਂ ਅਤੇ ਫਿਰ ਅਸੀਂ ਉਸ ਨੂੰ ਦੋਸ਼ੀ ਠਹਿਰਾਉਂਦੇ ਹਾਂ ਕਿ ਉਸ ਦੇ ਲੋਕ ਸਾਡੀ ਮਦਦ ਨਹੀਂ ਕਰਦੇ?[ਉੱਤਰ ਦੀ ਉਡੀਕ ਕਰੋ]
7. ਅਸੀਂ ਕਹਾਣੀ ਵਿਚ ਵੇਖਿਆ ਕਿ ਮਾਰਥਾ ਯਿਸੂ ਨੂੰ ਇਕ ਗੁਰੂ ਦੇ ਰੂਪ ਵਿਚ ਜਾਣਦੀ ਸੀ ਅਤੇ ਇਹ ਵੀ ਕਿ ਉਸ ਦੇ ਚੇਲੇ ਹਨ| ਉਸ ਨੇ ਯਿਸੂ ਨੂੰ ''ਪ੍ਰਭੂ" ਆਖ ਕੇ ਬੁਲਾਇਆ ਇਸ ਸ਼ਬਦ ਦਾ ਅਰਥ ਹੈ ਕਿ ਉਸ ਨੇ ਯਿਸੂ ਨੂੰ ਇਕ ਆਗੂ ਦੇ ਰੂਪ ਵਿਚ ਵੇਖਿਆ, ਆਪਣੇ ਤੋਂ ਵਧ ਕੇ| ਤਦ ਉਸ ਨੇ ਯਿਸੂ ਨੂੰ ਦੱਸਿਆ ਕਿ ਸਮੱਸਿਆ ਦੇ ਸਮਧਾਨ ਲਈ ਕੀ ਕਰਨਾ ਹੈ| ਕੀ ਅੱਜ ਵੀ ਲੋਕਾਂ ਵਿਚ ਸਮੱਸਿਆ ਹੈ (ਇਥੋਂ ਤਕ ਕਿ ਉਹ ਆਪਣੇ ਲਈ ਆਪ ਸਮੱਸਿਆ ਪੈਦਾ ਕਰਦੇ ਹਨ) ਅਤੇ ਤਦ ਜਗਤ ਦੇ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦੇ ਹਨ ਅਤੇ ਉਸ ਨੂੰ ਦੱਸਦੇ ਹਨ ਕਿ ਸਮੱਸਿਆ ਦਾ ਸਮਧਾਨ ਕਿਸ ਤਰ੍ਹਾਂ ਕਰਨਾ ਹੈ? [ਉੱਤਰ ਦੀ ਉਡੀਕ ਕਰੋ]

ਲੋਕ ਕਿਥੋਂ ਤਕ ਅਜਿਹਾ ਕਰਦੇ ਹਨ? ਕੀ ਇਸ ਦਾ ਕੋਈ ਅਰਥ ਬਣਦਾ ਹੈ ਕਿ ਪਰਮੇਸ਼ਰ ਨੂੰ ਆਪਣਾ ਪ੍ਰਭੂ ਕਹਿਣਾ ਅਤੇ ਫਿਰ ਉਸ ਨੂੰ ਦੱਸਣਾ ਕਿ ਸਮੱਸਿਆ ਦਾ ਸਮਾਧਾਨ ਕਿਵੇ ਕਰਨਾ ਹੈ ਉਹ ਸਮੱਸਿਆ ਵੀ ਆਪਣੇ ਰਾਹੀਂ ਹੀ ਪੈਦਾ ਕੀਤੀ ਹੋਈ ਹੋਵੇ? [ਉੱਤਰ ਦੀ ਉਡੀਕ ਕਰੋ]

8. ਇਲਜਾਮ ਲਾਉਣ ਲਈ ਇਹ ਕਾਫੀ ਦਿਲਚਸਪ ਹੈ| ਪਰਮੇਸ਼ਰ ਕਿਸ ਤਰ੍ਹਾਂ ਮਹਿਸੂਸ ਕਰੇਗਾ ਜਦ ਲੋਕ ਆਪਣੀ ਹਿੰਮਤ ਤੋਂ ਵੱਧ ਕੰਮ ਲੈ ਕੇ ਫਿਰ ਉਸ ਨੂੰ ਕਰ ਨਹੀਂ ਸਕਦੇ ਹਨ ਅਤੇ ਫਿਰ ਕਹਿੰਦੇ ਹਨ ਕਿ ਪਰਮੇਸ਼ਰ ਮੇਰੀ ਮਦਦ ਕਰਨ ਲਈ ਚਿੰਤਾ ਨਹੀਂ ਕਰਦਾ? [ਉੱਤਰ ਦੀ ਉਡੀਕ ਕਰੋ]

9. ਅਸੀਂ ਵੇਖਿਆ ਕਿ ਮਰੀਯਮ ਨੇ ਅੱਛਾ ਭਾਗ ਚੁਣਿਆ, ਫਿਰ ਵੀ ਮਾਰਥਾ ਉਸ ਦੀ ਭੈਣ, ਮਰੀਯਮ ਦੇ ਫੈਸਲੇ ਦੀ ਆਲੋਚਨਾ ਕਰਦੀ ਹੈ| ਅੱਜ, ਕੀ ਇਸ ਤਰ੍ਹਾਂ ਹੁੰਦਾ ਹੈ ਕਿ ਲੋਕ ਅੱਛੇ ਫੈਸਲੇ ਕਰਦੇ ਹਨ ਅਤੇ ਫਿਰ ਉਨ੍ਹਾਂ ਦਾ ਅਪਮਾਨ ਹੁੰਦਾ ਹੈ ਅਤੇ ਕੋਈ ਦੂਜਾ ਉਸ ਨੂੰ ਕੁਝ ਕਰਨ ਲਈ ਕਹਿੰਦਾ ਹੈ? [ਉੱਤਰ ਦੀ ਉਡੀਕ ਕਰੋ] ਕਿਸ ਤਰ੍ਹਾਂ ਇਹ ਹੋ ਸਕਦਾ ਹੈ? ਹੋ ਸਕਦਾ ਹੈ ਘਰ ਵਿਚ, ਸਕੂਲ ਵਿਚ, ਸੇਵਾ ਵਿਚ, ਜਾਂ ਜਿਨ੍ਹਾਂ ਵਿਚ ਅਸੀਂ ਸੇਵਾ ਕਰਦੇ ਹਾਂ? [ਉੱਤਰ ਦੀ ਉਡੀਕ ਕਰੋ]

ਇਹ ਕਿਸ ਤਰ੍ਹਾਂ ਮਹਿਸੂਸ ਹੋਵੇਗਾ ਕਿ ਕੋਈ ਚੰਗਾ ਫੈਸਲਾ ਲਿਆ ਗਿਆ ਹੋਵੇ ਅਤੇ ਫਿਰ ਉਸ ਦਾ ਅਪਮਾਨ ਹੋਵੇ? [ਉੱਤਰ ਦੀ ਉਡੀਕ ਕਰੋ] ਅਸੀਂ ਵੇਖਿਆ ਕਿ ਯਿਸੂ ਨੇ ਅਪਮਾਨ ਨਾਲ ਕਿਸ ਤਰ੍ਹਾਂ ਵਿਹਾਰ ਕੀਤਾ| ਉਸਨੇ ਜੋ ਉੱਤਰ ਦਿੱਤਾ ਉਸ ਤੋਂ ਅਸੀਂ ਹੋਰ ਕੀ ਸਿੱਖ ਸਕਦੇ ਹਾਂ?

10. ਕੀ ਤੁਸੀਂ ਸੋਚਦੇ ਹੋ ਕਿ ਹੱਥੀਂ ਕੰਮ ਕਰਨਾ ਸੰਭਵ ਹੈ, ਮਾਰਥਾ ਦੀ ਤਰ੍ਹਾਂ ਅਤੇ ਉਸੇ ਹੀ ਸਮੇ ਪਰਮੇਸ਼ਰ ਤੋਂ ਸਿੱਖਣਾ ਅਤੇ ਅਰਾਧਨਾ ਕਰਨਾ? ਦੱਸਣ ਦੀ ਕੋਸ਼ਿਸ਼ ਕਰੋ ਕਿ ਇਹ ਕਿਸ ਤਰ੍ਹਾਂ ਦਾ ਹੋਵੇਗਾ| [ਉੱਤਰ ਦੀ ਉਡੀਕ ਕਰੋ]
11. ਦੂਜੇ ਪਾਸੇ ਕੀ ਤੁਸੀਂ ਇਹ ਸੋਚ ਸਕਦੇ ਹੋ ਕਿ ਕੋਈ ਅਜਿਹੀ ਹਾਲਤ ਵਿਚ ਹੋਵੇਗਾ ਜਿਥੇ ਉਹ

ਵਿਅਕਤੀ ਮਰੀਯਮ ਦੀ ਤਰ੍ਹਾਂ ਹੋਵੇਗਾ, ਸਿੱਖਣਾ ਅਤੇ ਬਾਈਬਲ ਅਧਿਐਨ ਕਰਨਾ, ਫਿਰ ਵੀ ਉਹ ਵਿਅਕਤੀ ਕਿਸੇ ਹੋਰ ਕੰਮ ਉੱਤੇ ਧਿਆਨ ਲਾਵੇ? [ਉੱਤਰ ਦੀ ਉਡੀਕ ਕਰੋ] ਕੀ ਉਹ ਵਿਅਕਤੀ ਤੁਸੀਂ ਹੋ (ਜਾਂ ਉਹ ਜਿਸ ਨੂੰ ਤੁਸੀਂ ਜਾਣਦੇ ਹੋ) ਕੀ ਤੁਸੀਂ ਕਦੀ ਇਸ ਕਰਦੇ ਆਪਣੇ ਆਪ ਨੂੰ ਵੇਖਿਆ ਹੈ? [ਉੱਤਰ ਦੀ ਉਡੀਕ ਕਰੋ]

12. ਮੈਂ ਉਸ ਸਮੇ ਬਾਰੇ ਸੋਚ ਰਿਹਾ ਸੀ ਜਦ ਮੈਂ ਆਪਣੀ ਬਾਈਬਲ ਪੜ੍ਹ ਰਿਹਾ ਸੀ ਜਾਂ ਪ੍ਰਾਰਥਨਾ ਕਰ ਰਿਹਾ ਸੀ ਅਤੇ ਮੇਰੇ ਮਨ ਨੇ ਐਧਰ ਓਧਰ ਭਟਕਣਾ ਅਰੰਭ ਕੀਤਾ ਅਤੇ ਮੈਂ ਹੋਰ ਗੱਲਾਂ ਦੇ ਬਾਰੇ ਸੋਚਣਾ ਅਰੰਭ ਕੀਤਾ, ਹੋ ਸਕਦਾ ਹੈ ਕੋਈ ਕੰਮ ਜੋ ਮੈਨੂੰ ਕਰਨ ਦੀ ਲੋੜ ਸੀ| ਕੀ ਇਸ ਤਰ੍ਹਾਂ ਕਿਸੇ ਨਾਲ ਹੋਇਆ ਹੈ? (ਜ਼ਰਾ ਰੁਕੋ.) ਮਾਰਥਾ ਅਤੇ ਮਰੀਯਮ ਦੀ ਕਹਾਣੀ ਦੇ ਪ੍ਰਕਾਸ਼ ਵਿਚ ਤੁਸੀਂ ਮਨ ਦੇ ਭਟਕਾਵ ਨੂੰ ਕਿਸ ਤਰ੍ਹਾਂ ਬਿਆਨ ਕਰੋਗੇ? [ਉੱਤਰ ਦੀ ਉਡੀਕ ਕਰੋ]
13. ਯਿਸੂ ਨੇ ਮਾਰਥਾ ਨੂੰ ਦੱਸਿਆ ਕਿ ਜੋ ਮਰੀਯਮ ਨੇ ਚੁਣਿਆ ਹੈ ਉਹ ਉਸ ਤੋਂ ਖੋਹਿਆ ਨਾ ਜਾਵੇਗਾ| ਕੀ ਅੱਜ ਲੋਕ ਯਿਸੂ ਮਸੀਹ ਨਾ ਸਬੰਧਿਤ ਇਸ ਤਰ੍ਹਾਂ ਦੇ ਫੈਸਲੇ ਕਰਦੇ ਹਨ ਕਰਦੇ ਹਨ ਜਿਵੇਂ ਕਿ ਉਸ ਵਿਚ ਆਪਣਾ ਵਿਸ਼ਵਾਸ ਰੱਖਣਾ, ਮਜਬੂਤ ਵਿਸ਼ਵਾਸ ਦਾ ਸਮਰਪਣ, ਜਾਂ ਪੂਰੇ ਸਮੇ ਲਈ ਸੇਵਾ ਕਰਨ ਦੀ ਚੋਣ, ਜਿਸ ਲਈ ਉਨ੍ਹਾਂ ਦਾ ਪਰਿਵਾਰ ਜਾਂ ਸੰਸਕਰਿਤੀ ਆਲੋਚਨਾ ਕਰਨਗੇ? [ਉੱਤਰ ਦੀ ਉਡੀਕ ਕਰੋ]ਕਿਸ ਤਰ੍ਹਾਂ ਦੇ ਫੈਸਲੇ ਪਰੇਸ਼ਾਨੀ ਪੈਦਾ ਕਰ ਸਕਦੇ ਹਨ? [ਉੱਤਰ ਦੀ ਉਡੀਕ ਕਰੋ]

ਯਿਸੂ ਨੇ ਮਰੀਯਮ ਦੇ ਫੈਸਲੇ ਬਾਰੇ ਕੀ ਕਿਹਾ, ਉਹ ਉਸ ਦੀ ਚੋਣ ਨਾਲ ਕੋਈ ਦਖਲਅੰਦਾਜੀ ਨਹੀਂ ਕਰੇਗਾ, ਕੀ ਅੱਜ ਇਸ ਦਾ ਸਾਡੇ ਲਈ ਕੁਝ ਅਰਥ ਬਣਦਾ ਹੈ? ਜੇਕਰ ਹਾਂ, ਕਿਸ ਤਰ੍ਹਾਂ?

14. ਕਿਸੇ ਵੀ ਧਰਮ ਬਾਰੇ ਸੋਚੋ ਜਿਹੜਾ ਤੁਹਾਡੇ ਦਿਮਾਗ ਵਿਚ ਆਉਂਆ ਹੈ| (ਲੋਕਾਂ ਦੇ ਸੋਚਣ ਲਈ ਥੋੜਾ ਸਮਾ ਦਿਓ) ਉਸ ਧਰਮ ਵਿਚ, ਕੀ ਉਸ ਦੇ ਪੈਰੋਕਾਰ ਕਿਸੇ ਦੇਵੀ ਜਾਂ ਦੇਵਤਾ ਨੂੰ ਖੁਸ਼ ਕਰਨ ਲਈ ਜਾਂ ਆਪਣਾ ਪ੍ਰਭਾਵ ਪਾਉਣ ਲਈ ਕੰਮ ਕਰਦੇ ਹਨ ਜਾਂ ਕੀ ਉਹ ਧਰਮ ਦੇਵਤਾ ਤੋਂ ਕੁਝ ਮੁਫਤ ਪ੍ਰਾਪਤ ਕਰ ਰਿਹਾ ਹੈ? ਉਸ ਧਰਮ ਦੇ ਕੰਮਾਂ ਦੀ ਮਹੱਤਤਾ ਦੀ ਤੁਲਨਾ ਯਿਸੂ ਦੀ ਮਹੱਤਤਾ ਨਾਲ ਕਰੋ| [ਉੱਤਰ ਦੀ ਉਡੀਕ ਕਰੋ]

15. ਜਿਸ ਤਰ੍ਹਾਂ ਕਿ ਅਸੀਂ ਵੇਖਿਆ, ਜਦ ਮਾਰਥਾ ਨੇ ਇਹ ਮਹਿਸੂਸ ਕੀਤਾ ਕਿ ਉਸ ਕੋਲ ਉਸ ਦੇ ਸੰਭਾਲਨ ਤੋਂ ਵੱਧ ਕੰਮ ਹੋ ਗਿਆ ਹੈ ਤਾਂ ਉਹ ਮਰਿਯਮ ਅਤੇ ਯਿਸੂ ਉੱਤੇ ਦੋਸ਼ ਲਾਉਣ ਲੱਗੀ ਪਰ ਆਪਣੇ ਆਪ ਨੂੰ ਦੋਸ਼ੀ ਨਹੀਂ ਮੰਨਿਆਂ| ਜਦ ਮਾਰਥਾ ਨੇ ਆਪਣੇ ਕੰਮ ਨੂੰ ਪੂਰਾ ਕਰਨ ਦੀ ਅਸਮਰਥਤਾ ਨੂੰ ਮਹਿਸੂਸ ਕੀਤਾ ਜੋ ਉਸ ਨੇ ਕਰਨ ਦੀ ਜਰੂਰਤ ਸਮਝੀ ਸੀ, ਅਸੀਂ ਵੇਖਿਆ ਕਿ ਉਸ ਨੇ ਯਿਸੂ ਤੋਂ ਇਹ ਪੁੱਛਣ ਨਾਲ ਕੀ ਉਹ ਕੀ ਕਰੇ ਇਸ ਸਹਾਰੇ ਦੀ ਨਜ਼ਰਅੰਦਾਜੀ ਕੀਤੀ| ਮਨ ਵਿਚ ਇਹ ਰੱਖਦੇ ਹੋਏ ਇਕ ਵਾਰ ਫਿਰ ਸੋਚੋ ਸਾਡੇ ਸਮਰਪਣ ਦੇ ਸਮੇਂ ਅਸੀਂ ਉਸ ਦਾ ਕਿਸ ਤਰ੍ਹਾਂ ਨਿਬੇੜਾ ਕਰਦੇ ਹਾਂ| ਸਮਝਦਾਰ ਚੋਣਾਂ ਦਾ ਬਾਰੇ ਇਹ ਕਹਾਣੀ ਸਾਨੂੰ ਹੋਰ ਕੀ ਸਿਖਾ

ਸਕਦੀ ਹੈ? [ਉੱਤਰ ਦੀ ਉਡੀਕ ਕਰੋ]

16. ਜਦ ਮਰੀਯਮ ਨੇ ਉਸ ਦੀ ਸੁਣਨ ਦੀ ਚੋਣ ਕੀਤੀ ਤਾਂ ਯਿਸੂ ਨੇ ਉਸ ਦਾ ਆਦਰ ਕੀਤਾ| ਐਥੋਂ ਤਕ ਕਿ ਇਸ ਤਰ੍ਹਾਂ ਕਰਨਾ ਮਰੀਯਮ ਦੇ ਸਮਾਜ ਅਤੇ ਉਸ ਦੇ ਆਸੇ ਪਾਸੇ ਦੇ ਲੋਕਾਂ ਲਈ ਦੀ ਮਰਜੀ ਦੇ ਖਿਲਾਫ ਸੀ| ਇਸ ਸਾਨੂੰ ਕੀ ਸਿਖਾ ਸਕਦਾ ਹੈ? [ਉੱਤਰ ਦੀ ਉਡੀਕ ਕਰੋ] ਯਿਸੂ ਮਸੀਹ ਨੂੰ ਜਾਣਨ ਦਾ ਉਦੇਸ਼ ਜਾਂ ਉਸ ਨਾਲ ਸਮਾ ਬਤੀਤ ਕਰਨਾ ਕੀ ਇਸ ਤਰ੍ਹਾ ਕਰਨਾ ਸਾਨੂੰ ਸਾਡੇ ਸਮਾਜ ਜਾਂ ਲੋਕਾਂ ਦੀ ਮਰਜੀ ਦੇ ਖਿਲਾਫ ਹੋ ਕੇ ਕਰਨ ਦੀ ਲੋੜ ਹੈ? ਕਿਸ ਤਰ੍ਹਾਂ?

ਸਿਰਫ ਇਕ ਕਹਾਣੀ ਦਾ ਇਸਤੇਮਾਲ ਕਰਦੇ ਹੋਏ ਹੁਣੇ ਅਸੀਂ ਮਾਰਥਾ ਅਤੇ ਮਰੀਯਮ ਦੀ ਬਾਈਬਲ ਕਹਾਣੀ ਦੀ ਪੇਸ਼ਕਾਰੀ ਨੂੰ ਪੂਰਾ ਕੀਤਾ ਹੈ| ਤੁਸੀਂ ਸੇਵਾ ਵਿਚ ਆਪਣੇ ਸਮੇ ਨੂੰ ਕਈ ਤਰ੍ਹਾਂ ਨਾਲ ਲਗਾ ਸਕਦੇ ਹੋ| ਤੁਸੀਂ ਇਸ ਨੂੰ ਪ੍ਰਾਰਥਨਾ ਨਾਲ ਬੰਦ ਕਰ ਸਕਦੇ ਹੋ, ਰਚਨਾਤਮਕ ਪੁਸ਼ਟੀਕਰਨ ਦਾ ਪ੍ਰਯੋਗ ਕਰੋ (ਜਿਸ ਤਰ੍ਹਾਂ ਹੇਠਾਂ ਦੱਸਿਆ), ਜਾਂ ਇਸ ਤਰ੍ਹਾਂ ਦੇਸਧਾਰਨ ਜਿਹੇ ਕੁਝ ਸਵਾਲ ਪੁੱਛ ਸਕਦੇ ਹੋ:

- ਇਸ ਕਹਾਣੀ ਵਿਚ ਤੁਸੀਂ ਕੀ ਸਿੱਖਿਆ?
- ਪਰਮੇਸ਼ਰ ਨੇ ਤੁਹਾਨੂੰ ਇਸ ਕਹਾਣੀ ਵਿਚ ਕੀ ਦਰਸ਼ਾਇਆ?
- ਤੁਸੀਂ ਪਰਮੇਸ਼ਰ ਬਾਰੇ ਕੀ ਸਿੱਖਿਆ?
- ਤੁਸੀਂ ਇਸ ਤਰ੍ਹਾਂ ਦੀ ਖੋਜਿਆ ਕਿ ਜੋ ਅਗਲੇ ਹਫਤੇ ਤੁਹਾਡੀ ਮਦਦ ਕਰ ਸਕੇ?

ਪ੍ਰਸ਼ਨ ਕਿਸ ਤਰ੍ਹਾਂ ਤਿਆਰ ਕਰਨ ਦਾ ਪਰਿਸ਼ਿਸ਼ਟ ‘ਬ’ ਵਿਚ ਇਕ ਹੋਰ ਕਹਾਣੀ ਦਾ ਅਭਿਆਸ ਹੈ: ਨਮੂਨੇ ਲਈ ਕਹਾਣੀ ਰਾਹੀਂ ਸਫਰ|

ਰਚਨਾਤਮਕ ਪੁਸ਼ਟੀਕਰਨ

ਕਹਾਣੀ ਦੀ ਪੜਤਾਲ ਦੇ ਪ੍ਰਤੀਫਲ ਦੇ ਰਾਹੀਂ ਲੋਕ ਕਹਾਣੀ ਨੂੰ ਚੰਗੀ ਤਰ੍ਹਾਂ ਸਿੱਖਣਗੇ| ਕਹਾਣੀ ਦੀ ਪੜਤਾਲ ਕਰਨ ਤੋਂ ਬਾਦ ਅਤੇ ਪ੍ਰਯੋਗ ਬਣਾਉਣ ਤੋਂ ਬਾਦ, ਕਹਾਣੀ ਵਾਚਕਾਂ ਕੋਲ ਲੋਕਾਂ ਨੂੰ ਕਹਾਣੀ ਯਾਦ ਕਰਨ ਕੁਝ ਹੋਰ ਵੀ ਰਚਨਾਤਮਕ ਤਰੀਕੇ ਹੋ ਸਕਦੇ ਹਨ|

ਉਦਾਹਰਣ ਲਈ, 5 ਦਿਨ ਦੀ ਵਰਕਸ਼ਾਪ ਵਿਚ, ਸਿੱਖਣ ਵਾਲੇ 21 ਬਾਈਬਲ ਕਹਾਣੀਆਂ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਜਾਂਦਾ ਹੈ| ਉਸ ਤੋਂ ਬਾਦ, ਲੋਕਾਂ ਨੂੰ ਕਈ ਕਹਾਣੀਆ ਯਾਦ ਕਰਨ ਲਈ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ| ਉਨ੍ਹਾਂ ਨੂੰ ਇਨ੍ਹਾਂ ਦੀ ਸਮੱਖਿਆ ਕਰਨ ਦੀ ਜਰੂਰਤ ਹੁੰਦੀ ਹੈ ਅਤੇ ਉਨ੍ਹਾਂ ਨੂੰ ਇਹ ਯਾਦ ਰੱਖਣ ਲਈ ਅਭਿਆਸ ਕਰਨ ਦੀ ਜਰੂਰਤ ਹੁੰਦੀ ਹੈ|

ਤੁਸੀਂ ਲੋਕਾਂ ਨੂੰ ਕਹਿ ਸਕਦੇ ਹੋ ਕਿ ਉਹ ਇਕ ਦੂਜੇ ਨੂੰ ਕਹਾਣੀ ਸੁਣਾਉਣ ਦੇ ਰਾਹੀਂ ਅਭਿਆਸ ਕਰਨ| ਤੁਸੀਂ ਉਨ੍ਹਾਂ ਨੂੰ ਇਸ ਕਹਾਣੀ ਦੇ ਅਧਾਰ ਉੱਤੇ ਕੋਈ ਗੀਤ ਜਾਂ ਕਵੀਤਾ ਲਿਖਣ ਲਈ ਕਹਿ

ਸਕਦੇ ਹੋ| ਜੋ ਕੁਝ ਵੀ ਤੁਸੀਂ ਕਲਪਣਾ ਕਰਦੇ ਹੋ ਜੋ ਮੌਖਿਕ ਸ਼ੈਲੀ ਹੈ ਅਤੇ ਲੋਕਾਂ ਨੂੰ ਕਹਾਣੀ ਸਹੀ ਤਰੀਕੇ ਨਾਲ ਯਾਦ ਕਰਨ ਲਈ ਮਦਦ ਕਰਦੇ ਹੋ|

ਇਹ ਰਚਨਾਤਮਕ ਪੁਸ਼ਟੀ ਉਨ੍ਹਾਂ ਲੋਕਾਂ ਲਈ ਖਾਸਤੌਰ 'ਤੇ ਫਾਇਦੇਮੰਦ ਹੁੰਦੀ ਹੈ ਜੋ ਬਾਈਬਲ ਨੂੰ ਪੜ੍ਹ ਨਹੀਂ ਸਕਦੇ ਜਾਂ ਜਿਨ੍ਹਾਂ ਦੀ ਭਾਸ਼ਾ ਵਿਚ ਬਾਈਬਲ ਨਹੀਂ ਹੈ ਅਤੇ ਜੋ ਉਹ ਭਾਸ਼ਾ ਸਮਝ ਸਕਦੇ ਹਨ ਉਸ ਵਿਚ ਰਿਕਾਰਡ ਕੀਤੀਆਂ ਕਹਾਣੀਆਂ ਨਹੀਂ ਹਨ| ਉਹ ਸਹਿਭਾਗੀ ਜਿਹੜੇ ਅਨਪੜ੍ਹ ਹਨ ਅਤੇ ਉਹ ਅਜਿਹੇ ਸਮੂਪ ਨਾਲ ਹਨ ਜਿਨ੍ਹਾਂ ਦੀ ਭਾਸ਼ਾ ਵਿਚ ਬਾਈਬਲ ਜਾਂ ਬਾਈਬਲ ਕਹਾਣੀਆਂ ਰਿਕਾਰਡ ਨਹੀਂ ਹਨ ਤਾਂ ਜਿਨ੍ਹਾਂ ਹੋ ਸਕੇ ਮਦਦ ਕਰਨ ਦੀ ਲੋੜ ਹੈ| ਇਹ ਦਿਲਚਸਪ ਹੈ| ਸਮਧਾਨ ਇਨ੍ਹਾਂ ਨੂੰ ਖੋਜਣ ਤੋਂ ਬਾਦ ਇਹ ਹਮੇਸ਼ਾ ਹੀ ਪ੍ਰਤੱਖ ਹੁੰਦੇ ਹਨ! ਪਰੇਸ਼ਾਨੀਆਂ ਨੂੰ ਵੇਖਦੇ ਹੋਏ ਅਸੀਂ ਜਬਰਦਸਤ ਸਮਾਧਾਨ ਕੱਢਦੇ ਹਾਂ| ਜੇਕਰ ਲੋਕ ਜਿਨ੍ਹਾਂ ਨੂੰ ਰਿਕਾਰਡ ਕੀਤੀ ਹੋਈ ਬਾਈਬਲ ਦੀ ਜਰੂਰਤ ਹੈ, ਵਰਕਸ਼ਾਪ ਦੇ ਦੌਰਾਨ ਉਹ ਆਪਣੀ ਮਾਂ ਬੋਲੀ ਵਿਚ ਕਹਾਣੀਆਂ ਸੁਣਾ ਰਹੇ ਹਨ ਤਾਂ ਇਕ ਚੰਗਾ ਮੌਕਾ ਮਿਲ ਜਾਂਦਾ ਹੈ ਕਿ ਉਨ੍ਹਾਂ ਇਕ ਸਮਾ ਕੱਢ ਕੇ ਕਹਾਣੀਆਂ ਰਿਕਾਰਡ ਕੀਤੀਆਂ ਜਾਣ!

STS ਵਿਚ ਕੁਝ ਸਾਲਾਂ ਤੋਂ ਬਾਦ, ਅਸੀਂ ਇਕ ਵਾਕ ਬਣਾਇਆ, ''ਦਿਲ ਦੀ ਜੇਬ|" ਅਸੀਂ ਕਿਹਾ, ''ਜਦ ਤੁਸੀਂ ਕੋਈ ਕਹਾਣੀ ਨੂੰ ਯਾਦ ਕਰ ਲੈਂਦੇ ਹੋ, ਤਾਂ ਉਹ ਕਹਾਣੀ ਤੁਹਾਡੇ ਦਿਲ ਦੀ ਜੇਬ ਵਿਚ ਹੈ|"

ਬਾਦ ਵਿਚ ਅਸੀਂ ਅਨਪੜ੍ਹਾਂ ਵਿਚ ਇਕ ਸਮੱਸਿਆ ਵੇਖੀ ਜਿਹੜੇ ਕਿ ਸੈਂਕੜੇ ਕਹਾਣੀਆਂ ਯਾਦ ਕਰ ਰਹੇ ਸੀ| ਉਹ ਕਹਾਣੀਆਂ ਜਾਣਦੇ ਤਾਂ ਸਨ, ਪਰ ਕਿਉਂਕਿ ਉਹ ਕਹਾਣੀਆਂ ਦੀ ਕੋਈ ਲਿਸਟ ਨਹੀਂ ਬਣਾ ਸਕਦੇ ਸਨ ਇਸ ਲਈ ਉਹ ਇਹ ਯਾਦ ਨਹੀਂ ਰੱਖ ਸਕੇ ਕਿ ਉਹ ਕਿਹੜੀ ਕਹਾਣੀਆਂ ਜਾਣਦੇ ਹਨ!

ਇਸ ਨੇ ਸਾਨੂੰ ਸਾਡੀ ਦਿਲ ਦੀ ਜੇਬ ਵਿਕਾਸ ਕਰਨ ਲਈ ਕਿਹਾ| ਕਾਰਡ ਸਾਈਜ ਦੇ ਇਕ ਪੰਨੇ ਉੱਤੇ ਇਕ ਤਸਵੀਰ ਜਿਹੜੀ ਫੈਰਨ ਦਿਮਾਗ ਵਿਚ ਕਹਾਣੀ ਨੂੰ ਲਿਆਉਂਦਾ ਹੈ| ਇਹ ਕਹਾਣੀ ਯਾਦ ਕਰਨ ਦੇ ਚਿੱਤਰ ਨਹੀਂ ਹਨ; ਇਸ ਵਿਚ ਸਿਰਫ ਕੁਝ ਲਖੀਤਰਾਂ ਹੁੰਦੀਆਂ ਹਨ ਜਿਹੜੀਆਂ ਕਿ ਉਸ ਕਹਾਣੀ ਦੀ ਪਛਾਣ ਹੁੰਦੀਆਂ ਹਨ| ਇਹ ਪੰਨਿਆਂ ਨੂੰ ਲੇਮੀਨੇਟਡ ਕਰਕੇ ਇਕ ਛੱਲੇ ਵਿਚ ਇਕੱਠਾ ਕੀਤਾ ਹੁੰਦਾ ਹੈ ਅਤੇ ਕਹਾਣੀ ਵਾਚਕ ਲਈ ਦਿਲ ਦੀ ਜੇਬ ਬਣਦੇ ਹਨ| (ਪੜ੍ਹਿਆਂ ਲਿਖਿਆਂ ਨੇ ਵੀ ਇਸ ਰਾਹੀਂ ਕਹਾਣੀਆਂ ਸਿੱਖੀਆਂ)
ਅਸੀਂ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ ਕਿ ਉਸ ਨੇ ਸਾਨੂੰ ਇਹ ਉਪਯੋਗੀ ਸਮਧਾਨ ਦੇਣ ਦੇ ਰਾਹੀਂ ਆਪਣੀ ਕਿਰਪਾ ਦਰਸ਼ਾਈ|

ਅਧਿਆਏ 6: ਵਿਚਾਰ ਵੰਟਾਂਦਰੇ ਨੂੰ ਚਲਾਉਣ ਲਈ ਆਮ ਸੁਝਾਓ

ਜਿਵੇਂ ਜਿਵੇਂ ਵਿਚਾਰ ਵਟਾਂਦਰਾ ਅੱਗੇ ਵੱਧਦਾ ਹੈ, ਪਰਮੇਸ਼ਰ ਤੁਹਾਡੇ ਪਿਛਲੇ ਤਜਰਬੇ ਅਤੇ ਪ੍ਰਸ਼ਨ ਤਿਆਰ ਕਰਨ ਲਈ ਬਾਈਬਲ ਗਿਆਨ ਨੂੰ ਇਸਤੇਮਾਲ ਕਰ ਸਕਦਾ ਹੈ| ਪਵਿੱਤਰ ਆਤਮਾ ਜਾਣਦਾ ਹੈ ਕਿ ਦਿਸ ਗੱਲ ਉੱਤੇ ਵਿਚਾਰ ਕਰਨ ਦੀ ਲੋੜ ਹੈ ਅਤੇ ਜਿਵੇਂ ਜਿਵੇਂ ਤੁਸੀਂ ਸਿਖਾਓਗੇ ਉਹ ਅਗੁਆਈ ਕਰੇਗਾ|

ਹੋ ਸਕਦਾ ਹੈ ਕਿ ਅਸੀਂ ਤੁਹਾਨੂੰ ਜਰੂਰੀ ਹੁੱਨਰ ਤੁਹਾਡੇ ਹੱਥ ਵਿਚ ਦੇ ਸਕਦੇ ਹਾਂ, ਉਨ੍ਹਾਂ ਵਿਚੋਂ ਇਕ ਹੈ ਸੁਣਨ ਅਤੇ ਪ੍ਰਤੀਉੱਤਰ ਦੇਣ ਦੀ ਵਿਚਾਰਧਾਰਾ ਦੀ ਕਹਾਣੀ ਦੇ ਵਿਚਾਰ ਵਟਾਂਦਰੇ ਨੂੰ ਸਫਲਤਾਪੂਰਵਕ ਲੈ ਕੇ ਚੱਲਣਾ| ਕਹਾਣੀ ਤਿਆਰ ਕਰਨ ਸਮੇਂ ਤੁਹਾਨੂੰ ਪਰਮੇਸ਼ਰ ਦੇ ਵਚਨ ਨੂੰ ਸੁਣਨ ਦੀ ਜਰੂਰਤ ਹੈ ਅਤੇ ਇਕ ਕਹਾਣੀ ਵਾਚਕ ਦੇ ਰੂਪ ਵਿਚ ਤੁਹਾਨੂੰ ਉਸ ਕਹਾਣੀ ਵਿਚ ਪਰਮੇਸ਼ਰ ਜਿਹੜੇ ਪ੍ਰਯੋਗ ਵਿਖਾਉਂਦਾ ਹੈ ਤੁਹਾਡੇ ਲਈ ਉਸ ਦਾ ਪ੍ਰਤੀਉੱਤਰ ਦੇਣਾ ਜਰੂਰੀ ਹੈ| ਉਸੇ ਹੀ ਤਰ੍ਹਾਂ, ਵਿਚਾਰ ਵਟਾਂਦਰੇ ਦੇ ਦੌਰਾਨ, ਤੁਸੀਂ ਸੁਣਨਾ ਅਤੇ ਪ੍ਰਤੀਉੱਤਰ ਦੇਣਾ ਹੈ ਅਰਥਾਤ ਜੋ ਲੋਕ ਕਹਿ ਰਹੇ ਹਨ ਉਸ ਨੂੰ ਧਿਆਨ ਨਾਲ ਸੁਣੇ ਅਤੇ ਉਨ੍ਹਾਂ ਦਾ ਪ੍ਰਤੀਉੱਤਰ ਦਿਓ|

ਇਕ ਪਿਆਰਾ ਐਲਡਰ

ਦਿਨ ਦੇ ਕਿਸੇ ਸਮੇ, ਕਿਸੇ ਪਿੰਡ ਦੇ ਲੋਕ ਭਿੰਨ ਭਿੰਨ ਐਲਡਰਾਂ ਨੂੰ ਮਿਲਣ ਲਈ ਉਨ੍ਹਾਂ ਦੇ ਚਾਰ ਪਾਸੇ ਇਕੱਠੇ ਹੋਣ ਲਗਦੇ ਸਨ| ਕੁਝ ਅਜਿਹੇ ਐਲਡਰ ਕੋਲ ਗਏ ਜਿਹੜਾ ਗਿਆਨ ਦੀਆਂ ਗੱਲਾਂ ਦੱਸਦਾ ਸੀ| ਕੁਝ ਉਸ ਕੋਲ ਜਾਣਾ ਚਾਹੁੰਦੇ ਸਨ ਜਿਹੜਾ ਬੈਠਦਾ ਅਤੇ ਜੋ ਲੋਕ ਕਹਿਣਾ ਚਾਹੁੰਦੇ ਸਨ ਉਸ ਸੁਣਦਾ ਸੀ| ਪਰ ਪਿੰਡ ਦੇ ਜ਼ਿਆਦਤਰ ਲੋਕ ਇਮ ਖਾਸ ਐਲਡਰ ਕੋਲ ਜਾਣਾ ਪਸੰਦ ਕਰਦੇ ਸੀ| ਸੱਚ ਤਾਂ ਇਹ ਹੈ ਕਿ ਪਿੰਡ ਦੇ ਇਹ ਪ੍ਰੇਮੀ ਲੋਕ ਉਸ ਨੂੰ ''ਪਿਆਰਾ ਐਲਡਰ" ਕਹਿੰਦੇ ਸਨ|

ਐਥੋਂ ਤਕ ਕਿ ਇਹ ਪਿਆਰਾ ਐਲਡਰ ਬਹੁਤ ਗਿਆਨ ਦੀਆਂ ਗੱਲਾਂ ਕਰਦਾ, ਉਹ ਚੰਗੀ ਤਰ੍ਹਾਂ ਸੁਣਣਾ ਵੀ ਸੀ| ਪਰ, ਉਨ੍ਹਾਂ ਸਾਰੇ ਹੁੱਨਰਾਂ ਤੋਂ ਵੱਧਕੇ, ਇਹ ਪਿਆਰਾ ਵਿਅਕਤੀ ਗੱਲਾਂ ਜੋੜਦਾ ਹੋਇਆ ਵਿਖਾਈ ਦਿੰਦਾ ਹੈ| ਉਹ ਜਾਣਦਾ ਸੀ ਕਿ ਲੋਕਾਂ ਤਕ ਕਿਸ ਤਰ੍ਹਾਂ ਗਿਆਨ ਦੀਆਂ ਗੱਲਾਂ, ਉਨ੍ਹਾਂ ਨੂੰ ਸੋਚਣ ਦਾ ਮੌਕਾ ਅਤੇ ਖੋਜ ਕਰਨ ਦੇ ਰਾਹੀਂ ਪਹੁੰਚਾਉਂਦਾ ਹੈ| ਭਾਵੇਂ ਕਿ ਉਸ ਕੋਲ ਲੋਕਾਂ ਤੋਂ ਵੱਧਕੇ ਗਿਆਨ ਅਤੇ ਸਮਝ ਸੀ, ਉਹ ਆਪਣੇ ਕੋਲ ਆਉਣ ਵਾਲਿਆਂ ਨੂੰ ਉਨ੍ਹਾਂ ਨੂੰ ਉਨ੍ਹਾਂ ਦੇ ਵਿਚਾਰ ਦੇਣ ਲਈ ਉਤਸ਼ਾਹਿਤ ਕਰਦਾ ਸੀ| ਅਕਸਰ ਇਹ ਐਲਡਰ ਬੋਲਦਾ ਨਹੀਂ ਸੀ ਐਥੋਂ ਤਕ ਕਿ ਉਹ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਦਾ ਸੀ| ਇਸ ਤਰ੍ਹਾਂ ਇਸ ਨੇ ਲੋਕਾਂ ਨੂੰ ਸੋਚਣ ਲਈ ਅਤੇ

ਉਨ੍ਹਾਂ ਦੀ ਸਮੱਸਿਆ ਸੁਲਝਾਉਣ ਦਾ ਮੌਕਾ ਦਿੰਦਾ ਸੀ|

ਇਹ ਪਿਆਰਾ ਐਲਡਰ ਆਪਣੇ ਪੁੱਤਰਾਂ ਨੂੰ ਉਤਸ਼ਾਹਿਤ ਕਰਦਾ ਐਥੋਂ ਕਿ ਆਪਣੀ ਪਤਨੀ ਅਤੇ ਧੀਆਂ ਨੂੰ ਵੀ ਕਿ ਉਹ ਆਪਣੇ ਵਿਚਾਰ ਰੱਖਣ| ਉਸ ਨੂੰ ਲੋਕਾਂ ਦੇ ਬੋਲਣ ਦਾ ਕੋਈ ਡਰ ਨਹੀਂ ਸੀ ਕਿ ਉਸ ਨੂੰ ਉਨ੍ਹਾਂ ਤੋਂ ਵੱਧ ਗਿਆਨ ਅਤੇ ਸਮਝ ਹੈ| ਉਹ ਜਾਣਦਾ ਸੀ ਕਿ ਜਿੰਨਾ ਉਹ ਲੋਕਾਂ ਨੂੰ ਵੱਧ ਉਤਸ਼ਾਹਿਤ ਕਰ ਸਕਦਾ ਹੈ ਅਤੇ ਜਿਨ੍ਹਾਂ ਦੀ ਅਗੁਵਾਈ ਕਰਦਾ ਹੈ ਉਨ੍ਹਾਂ ਵਿਚ ਆਤਵਿਸ਼ਵਾਸ ਕਰਨ ਦੇ ਨਾਲ ਉਹ ਉਸ ਦੀ ਅਗੁਵਾਈ ਵਿਚ ਖਜਾਨੇ ਜੋੜਦੇ ਜਾਂਦੇ ਹਨ|

ਨਾਲੇ, ਉਸ ਦੇ ਪਿੱਛੇ ਚੱਲਣ ਵਾਲੇ ਉਸ ਦੀ ਅਗੁਵਾਈ ਦੇ ਸ਼ੈਲੀ ਦੀ ਨਕਲ ਕਰਦੇ ਅਤੇ ਇਸ ਪਰਿਨਾਮ ਸਰੂਪ ਉਹ ਦੂਜਿਆਂ ਨੂੰ ਸਮਝ ਲੱਭਣ ਲਈ ਉਤਸ਼ਾਹਿਤ ਕਰਦੇ| ਐਲਡਰ ਦੇ ਬੱਚੇ ਸਮਝਦਾਰ ਅਤੇ ਭਰੋਸੇਯੋਗ ਹੋ ਗਏ ਸਨ ਅਤੇ ਉਹ ਆਪਣੇ ਪਿਤਾ ਦੇ ਨਕਸ਼ ਏ ਕਦਮ ਉੱਤੇ ਚੱਲਦੇ ਸਨ|

ਯਿਸੂ ਮਸੀਹ ਦੀ ਸੰਸਾਰ ਦੀ ਅਰੰਭਕ ਸੇਵਾ ਦੇ ਬਾਰੇ ਬਾਈਬਲ ਦੱਸਦੀ ਹੈ, ਜਦ 5,000 ਤੋਂ ਵੀ ਵੱਧ ਲੋਕ ਉਸ ਦੀ ਸਿੱਖਿਆ ਸੁਣਨ ਲਈ ਆਏ| ਪਰ ਇਨ੍ਹਾਂ ਲੋਕਾਂ ਨੂੰ ਭੋਜਨ ਦੀ ਜਰੂਰਤ ਸੀ| ਯਿਸੂ ਨੇ ਪਹਿਲਾਂ ਸਵਾਲ ਪੁੱਛਿਆ ਅਤੇ ਇਸ ਤਰ੍ਹਾਂ ਫਿੱਲਿਪ ਅਤੇ ਬਾਕੀ ਚੇਲਿਆਂ ਨੂੰ ਸੋਚਣ ਦਾ ਮੌਕਾ ਦਿੱਤਾ ਕਿ ਇਸ ਸਮੱਸਿਆ ਦੇ ਹੱਲ ਲਈ ਉਹ ਕਿਵੇਂ ਸੋਚਦੇ ਹਨ| ਪਰ ਕਿਸੇ ਨੇ ਵੀ ਇੰਨੀ ਸਮਝਦਾਰੀ ਨਹੀਂ ਵਿਖਾਈ ਕਿ ਉਹ ਯਿਸੂ ਨੂੰ ਕੋਈ ਚਮਤਕਾਰ ਕਰਨ ਲਈ ਕਹਿੰਦੇ| ਇਸ ਲਈ ਯਿਸੂ ਨੇ ਉਸ ਦਾ ਉੱਤਰ ਇਕ ਚਮਤਕਾਰ ਕਰਨ ਦੇ ਰਾਹੀਂ ਦਿੱਤਾ ਅਤੇ ਇਕ ਛੋਟੇ ਬੱਚੇ ਦੇ ਭੋਜਨ ਨੂੰ ਸਭ ਦੇ ਖਾਣ ਦੇ ਭੋਜਨ ਵਿਚ ਬਦਲ ਦਿੱਤਾ|

ਵਾਰ ਵਾਰ, ਯਿਸੂ ਨੇ ਆਪਣੇ ਚੇਲਿਆਂ ਅਤੇ ਬਾਕੀ ਲੋਕਾਂ ਨੂੰ ਮੌਕਾ ਦਿੱਤਾ ਕਿ ਉਹ ਪਰਮੇਸ਼ਰ ਦੇ ਨਜ਼ਰੀਏ ਨੂੰ ਇਸਤੇਮਾਲ ਕਰਦੇ ਹੋਏ ਪ੍ਰਸ਼ਨ ਦਾ ਉੱਤਰ ਦੇਣ| ਯਿਸੂ ਤਿੰਨ ਸਾਲ ਲਗਾਤਾਰ ਆਪਣੇ ਚੇਲਿਆਂ ਨੂੰ ਉਸ ਦੀ ਸੁਣਨ ਦੇ ਰਾਹੀਂ ਸਿਖਾਉਂਦਾ ਰਿਹਾ ਅਤੇ ਵਿਚਾਰ ਕਰਨ ਅਤੇ ਸੋਚਣ ਅਤੇ ਉਸ ਸਮਝ ਨੂੰ ਲਾਗੂ ਕਰਨ| ਯਿਸੂ ਉਨ੍ਹਾਂ ਨੂੰ ਸੇਵਾ ਕਰਨ ਅਤੇ ਦੂਜਿਆਂ ਦੀ ਅਗੁਵਾਈ ਕਰਨ ਲਈ ਤਿਆਰ ਕਰ ਰਿਹਾ ਸੀ|

ਅੱਜ, ਜਦ ਬਾਈਬਲ ਦੇ ਹਿੱਸਿਆਂ ਉੱਤੇ STS ਦੀ ਸ਼ੈਲੀ ਵਿਚ ਵਿਚਾਰ ਕੀਤਾ ਜਾਂਦਾ ਹੈ ਤਾਂ ਬਹੁਤ ਸਾਰੇ ਜੋ ਉਸ ਵਿਚਾਰ ਵਟਾਂਦਰੇ ਵਿਚ ਸ਼ਾਮਿਲ ਹੁੰਦੇ ਹਨ ਉਹ ਆਪਣੇ ਪਰਿਵਾਰਾਂ ਵਿਚ ਅਤੇ ਸੇਵਾ ਵਿਚ ਆਗੂ ਹਨ, ਇਸ ਤਰ੍ਹਾਂ ਉਨ੍ਹਾਂ ਕੋਲ ਵੱਧ ਗਿਆਨ ਅਤੇ ਸਮਝ ਹੁੰਦੀ ਹੈ ਉਨ੍ਹਾਂ ਤੋਂ ਵੀ ਵੱਧਕੇ ਜਿਹੜੇ ਸਿਖਾਉਂਦੇ ਅਤੇ ਅਗੁਆਈ ਕਰਦੇ ਹਨ| ਅਸੀਂ ਉਨ੍ਹਾਂ ਆਗੂਆਂ ਦੀ ਪਰਸੰਸਾ ਕਰਦੇ ਹਾਂ ਜਿਹੜੇ ਹਰ ਪ੍ਰਸ਼ਨ ਉੱਤਰ ਦੇਣ ਲਈ ਪਹਿਲ ਨਹੀਂ ਕਰਦੇ ਹਨ|

ਇਨ੍ਹਾਂ ਸਮਝਦਾਰ, ਭਰੋਸੇਯੋਗ ਆਗੂਆਂ ਨੂੰ ਵੇਖਣ ਸਮੇ ਕਿੰਨੀ ਖੁਸ਼ੀ ਹੁੰਦੀ ਹੈ ਜਿਹੜੇ ਕਿ ਦੂਜਿਆਂ

ਨੂੰ ਪ੍ਰਤੀਉੱਤਰ ਦੇਣ ਲਈ ਉਤਸ਼ਾਹਿਤ ਕਰਦੇ ਹਨ| ਇਨ੍ਹਾਂ ਆਗੂਆਂ ਨੇ ਲੋਕਾਂ ਦੇ ਆਪਣੇ ਵਿਚਾਰ ਲਈ ਪ੍ਰਤੀਉੱਤਰ ਦੇਣ ਦੇ ਉਤਸ਼ਾਹਿਤ ਕਰਨ ਦੀ ਮਹੱਤਤਾ ਨੂੰ ਸਮਝਿਆ ਹੈ| ਉਸ ਪਿਆਰੇ ਐਲਡਰ ਦੀ ਤਰ੍ਹਾਂ, ਯਿਸੂ ਦੀ ਤਰ੍ਹਾਂ ਇਨ੍ਹਾਂ ਆਗੂਆਂ ਨੇ ਜਾਣਿਆਂ ਕਿ ਦੂਜਿਆਂ ਵਿਚ ਭਰੋਸਾ ਕਿਸ ਤਰ੍ਹਾਂ ਪ੍ਰੇਰਿਤ ਕਰਨਾ ਹੈ| ਇਹ ਆਗੂ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਦੀ ਗਹਿਰੀ ਸਮਝ ਦੀ ਲੋੜ ਕਦ ਹੁੰਦੀ ਹੈ ਅਤੇ ਉਹ ਬੜੇ ਖੁਲ੍ਹੇ ਦਿਲ ਨਾਲ ਸਹੀ ਸਮੇਂ 'ਤੇ ਗਿਆਨ ਸਾਂਝਾ ਕਰਦੇ ਹਨ|

ਸੁਣਨਾ ਅਤੇ ਪ੍ਰਤੀਉੱਤਰ ਦੇਣ ਦੀ ਚੁਣੋਤਿਆਂ

ਜਿਵੇਂ ਕਿ ਤੁਸੀਂ STS ਦੇ ਹੁੱਨਰਾਂ ਨੂੰ ਪ੍ਰਾਪਤ ਕਰਨਾ ਦਾ ਪਹਿਲੀ ਵਾਰ ਜਤਨ ਕਰ ਰਹੋ ਹੋ, ਇਸ ਦੇ ਨਾਲ ਹੀ ਨਾਲ ਹੋਰ ਕੁਝ ਵੀ ਸਿੱਖਣਾ ਹੈ| ਜਿਹੜੇ ਦੇ ਪੇਸ਼ਕਾਰੀ ਦੇ ਪੱਖੋਂ ਦੇ ਤਰੀਕੇ ਤੋਂ ਨਵੇਂ ਹਨ, ਕਹਾਣੀ ਸੁਣਾਉਣ ਵਿਚ, ਕਿਰੀਆ ਦਾ ਢੰਗ ਅਤੇ ਪ੍ਰਸ਼ਨ ਪੁੱਛਣਾ| ਬੜੀ ਦਿਲਚਸਪ ਗੱਲ ਹੈ ਕਿ ਇਹ ਨਵੇਂ ਪੇਸ਼ਕਾਰ ਕਿਰੀਆ ਉੱਤੇ ਇੰਨਾ ਧਿਆਨ ਕਰਦੇ ਹਨ ਕਿ ਉਹ ਕਈ ਜਰੂਰੀ ਗੱਲ ਅਰਥਾਤ ਲੋਕਾਂ ਨੂੰ ਅਕਸਰ ਭੁੱਲ ਜਾਂਦੇ ਹਨ| ਤੁਹਾਡਾ ਕੰਮ ਬਾਈਬਲ ਦੀ ਕਹਾਣੀ ਨੂੰ ਦੂਜਿਆਂ ਨੂੰ ਦੱਸਣਾ ਹੈ| ਲੋਕਾਂ ਦੀ ਸਹੀ ਤਰ੍ਹਾਂ ਨਾ ਸੁਣਨਾ ਕਿ ਉਹ ਕੀ ਕਹਿੰਦਾ ਜਾਂ ਪੁੱਛਦੇ ਹਨ, ਉਨ੍ਹਾਂ ਦੇ ਗੱਲ ਉੱਤੇ ਧਿਆਨ ਨਾ ਦੇਣਾ, ਇਨ੍ਹਾਂ ਨਾਲ ਵਿਚਾਰ ਵਟਾਂਦਰਾ ਨਹੀਂ ਹੁੰਦਾ|

ਸੋਚਣ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਦਾ ਇਕੋ ਹੀ ਤਰੀਕਾ ਹੈ ਕਿ ਉਨ੍ਹਾਂ ਨੂੰ ਗੱਲਬਾਤ ਕਰਨ ਦਾ ਮੌਕਾ ਦਿੱਤਾ ਜਾਵੇ| ਕਹਾਣੀ ਵਿਚੋਂ ਬਹੁਤ ਸਾਰੇ ਕੀਮਤੀ ਖਜਾਨੇ ਲੱਭਣ ਤੋਂ ਬਾਦ, ਤਾਂ ਉਸ ਕਹਾਣੀ ਬਾਰੇ ਦੂਜਿਆਂ ਨੂੰ ਦੱਸਣਾ ਇਹ ਖੁਸ਼ੀ ਦੀ ਗੱਲ ਹੋਣੀ ਚਾਹੀਦੀ ਹੈ| ਆਪਣੀ ਹੀ ਪੇਸ਼ਕਾਰੀ ਦੇ ਬਾਰੇ ਅਤੇ ਜੋ ਕੁਝ ਤੁਸੀਂ ਯੋਜਨਾ ਕਰਦੇ ਹੋ ਇਸ ਦੇ ਬਜਾਏ, ਪ੍ਰਸ਼ਨ ਪੁੱਛੋ ਅਤੇ ਸੁਣੋ ਕਿ ਲੋਕ ਕੀ ਕਹਿੰਦੇ ਹਨ| ਕਹਾਣੀ ਬਾਰੇ ਉਨ੍ਹਾਂ ਨਾਲ ਗੱਲਬਾਤ ਕਰੋ| ਉਨ੍ਹਾਂ ਨਾਲ ਗੱਲਬਾਤ ਕਰੋ|

ਗੱਲਬਾਤ ਦੇ ਦੌਰਾਨ, ਜਿਵੇਂ ਜਿਵੇਂ ਤੁਸੀਂ ਕਹਾਣੀ ਵਿਚ ਅੱਗੇ ਵੱਧਦੇ ਹੋ ਆਪਣੀ ਗੱਲਬਾਤ ਦੇ ਸੰਕੇਤ ਲਈ ਆਪਣੇ ਤਿਆਰ ਕੀਤੇ ਹੋਏ ਕੁਝ ਪ੍ਰਸ਼ਨਾਂ ਦਾ ਇਸਤੇਮਾਲ ਕਰੋ| ਹੋ ਸਕਦਾ ਹੈ ਕਿ ਤੁਹਾਡੀ ਤਿਆਰੀ ਦੇ ਸਮੇ ਦੇ ਦੌਰਾਨ ਜੋ ਤੁਸੀਂ ਖਜਾਨੇ ਲੱਭੇ ਹਨ ਤੁਹਾਡੇ ਪ੍ਰਸ਼ਨ ਉਨ੍ਹਾਂ ਨੂੰ ਕੁਝ ਖਜਾਨੇ ਲੱਭਣ ਵਿਚ ਮਦਦਗਾਰ ਹੋਣਗੇ| ਸਾਡੇ ਵਿਚੋਂ ਹਰ ਕੋਈ ਹਰ ਰੋਜ ਕਿਸੇ ਨਾ ਕਿਸੇ ਨਾਲ ਗੱਲਬਾਤ ਕਰਦਾ ਹੀ ਹੈ ਅਤੇ ਇਹ ਬਿਨਾਂ ਕਿਸੇ ਲਿਖਿਤੀ ਨੋਟ ਦੇ ਕਰਦੇ ਹਨ! ਅਸੀਂ ਉਹ ਗੱਲਾਂ ਕਰਦੇ ਹਾਂ ਜੋ ਦਿਲਚਸਪ ਹਨ| ਸ਼ਾਂਤ ਰਹੋ ਅਤੇ ਬਾਈਬਲ ਕਹਾਣੀ ਦੇ ਬਾਰੇ ਗੱਲਬਾਤ ਕਰਨ ਵਿਚ ਲੱਗੇ ਰਹੋ!
ਦਰਅਸਲ, ਸੁਣਨਾ ਅਤੇ ਪ੍ਰਤੀਉੱਤਰ ਦੇਣਾ ਇਸ ਕਿਰੀਆ ਵਿਚ ਇੰਨਾ ਮਹੱਤਪੂਰਨ ਹੈ ਕਿ ਅਸੀਂ ਕਹਿੰਦੇ ਹਾਂ, '' ਦੀ ਪਰਿਭਾਸ਼ਾ ਸੁਣਨਾ ਅਤੇ ਪ੍ਰਤੀਉੱਤਰ ਦੇਣਾ ਹੈ|"

ਸੁਣਨਾ ਅਤੇ ਪ੍ਰਤੀਉੱਤਰ ਵਿਚ ਕ੍ਰਿਆਸ਼ੀਲਤਾ

STS ਵਿਚ ਦੱਸਿਆਂ ਬਹੁਤਿਆਂ ਕਹਾਣੀਆਂ ਵਿਚੋਂ ਇਕ ਕਹਾਣੀ ਜ਼ਬੂਰ 23 ਹੈ| ਜਿੰਨੇ ਵੀ ਬਾਈਬਲ ਨੂੰ ਜਾਣਦੇ ਹਨ, ਇਥੇ ਤਕ ਕਿ ਇਕ ਛੋਟਾ ਬੱਚਾ ਵੀ, ਬਾਈਬਲ ਦੇ ਇਹ ਹਿੱਸੇ ਤੋਂ ਜਾਣੂ ਹੈ| ਪਰ ਇਸ ਵਿਚ ਧੀਰਜ ਨਾਲ ਜਾਣ ਨਾਲ ਅਤੇ ਪ੍ਰਸ਼ਨ ਪੁੱਛਣ ਨਾਲ ਸਾਨੂੰ ਚੰਗੀ ਤਰ੍ਹਾਂ ਇਹ ਸੁਣਨ ਲਈ ਮਦਦ ਕੀਤੀ ਕਿ ਸਾਨੂੰ ਪਰਮੇਸ਼ਰ ਨੇ ਜ਼ਬੂਰ 23 ਵਿਚ ਕੀ ਦਿੱਤਾ ਹੈ, ਇਹ ਕਿੰਨਾ ਅਨੋਖਾ ਹੈ|

ਕੁਝ ਸਮੇ ਪਹਿਲਾਂ, ਰਮੇਸ਼ ਜੋ ਕਿ ਬੁੱਧ ਲੋਕਾਂ ਵਿਚ ਸਾਡਾ ਡਾਇਰੈਕਟਰ ਹੈ, ਉਸ ਨੇ ਸਾਨੂੰ ਦੱਸਿਆ ਕਿ ਉਹ STS ਦੇ ਨਵੇਂ ਤਰੀਕੇ ਨਾਲ ਜ਼ਬੂਰ 23 ਸਿਖਾਉਂਦਾ ਆ ਰਿਹਾ ਹੈ| (ਹੁਣ ਤੁਸੀਂ ਸੋਚੋਗੇ ਕਿ ਇਸ ਵਿਅਕਤੀ ਨੂੰ ਮੈਂ ਸਿਖਾਇਆ ਜੋ ਨੇਪਾਲ ਵਿਚ ਸੀ ਕਿ STS ਦੇ ਤਰੀਕੇ ਨਾਲ ਕਿਸ ਤਰ੍ਹਾਂ ਕਰਨਾ ਹੈ!) ਇਹ ਸੁਝਾਓ ਇਕ ਮਜ਼ਾਕ ਦਾ ਸੁਝਾਓ ਸੀ ਕਿ ਉਹ STS ਦੇ ਤਰੀਕੇ ਨਾਲ ਜ਼ਬੂਰ 23 ਉੱਤੇ ਕੋਸ਼ਿਸ਼ ਕਰੇਗਾ| ਮੈਂ ਉਸ ਨੂੰ ਪੁੱਛਿਆ, ''ਕੀ ਤੂੰ ਇਹ ਮੈਨੂੰ ਸਿਖਾਵੇਂਗਾ?" ਉਹ ਇਕ ਅਜਿਹਾ ਸਮਾ ਬਣਿਆ ਮੈਨੂੰ ਆਸ ਹੈ ਮੈਂ ਉਸ ਨੂੰ ਕਦੀ ਵੀ ਨਹੀਂ ਭੁੱਲਾਂਗਾ|

ਮੇਰੇ ਧੀਰਜ ਨਾਲ ਸੁਣਨ ਅਤੇ ਕਹਾਣੀ ਵਾਚਕ ਨੂੰ ਸੁਣਨ ਉੱਤੇ ਜ਼ਰਾ ਇਸ ਰਿਪੋਰਟ ਵੱਲ ਵੇਖੋ ਕਿ ਕਿਸ ਤਰ੍ਹਾਂ ਰਮੇਸ਼ ਨੇ ਸੰਕੇਤ ਲਈ ਇਕ ਰੋਟੀ ਦਾ ਛੋਟਾ ਟੁਕੜਾ ਖਜਾਨੇ ਦੇ ਕਰੀਬ ਰੱਖਿਆ ਅਤੇ ਆਪ ਚੁੱਪ ਕਰਕੇ ਬੈਠ ਗਿਆ ਅਤੇ ਮੈਨੂੰ ਖਜਾਨਾ ਲੱਭਣ ਦਿੱਤਾ| ਉਹ ਮੇਰੀ ਸੁਣਦਾ ਅਤੇ ਮੈਨੂੰ ਇਕ ਹੋਰ ਸੰਕੇਤ ਖੋਜ ਦੇ ਕੋਲ ਜਾਣ ਲਈ ਦਿੰਦਾ|

ਉਸ ਨੇ ਸਾਰੀ ਕਹਾਣੀ ਦੇ ਬਾਰੇ ਪ੍ਰਸ਼ਨ ਪੁੱਛੇ, ਪਰ ਇਕ ਖਾਸ ਤਰ੍ਹਾਂ ਦੇ ਕਿਸਮ ਦੇ ਪ੍ਰਸ਼ਨ ਪੁੱਛੇ ਕਿ ਅੱਜ ਵੀ ਉਹ ਨਿਰਾਲੇ ਹੀ ਹਨ| ਮੈਂ ਕਈ ਪ੍ਰਸ਼ਨਾਂ ਛੱਡੇ, ਉਸਨੇ ਸਾਰੀ ਕਹਾਣੀ ਨੂੰ ਵਿਕਸਿਤ ਕਰਨ ਲਈ ਪ੍ਰਸ਼ਨ ਪੁੱਛੇ ਇਥੇ ਉਨ੍ਹਾਂ ਵਿਚ ਇਕ ਤਰੀਕਾ ਸ਼ਾਮਿਲ ਕਰ ਰਹੇ ਹਾਂ|

ਰਮੇਸ਼ ਨੇ ਪੁੱਛਿਆ, ''ਪਹਿਲੋ ਪਹਿਲ, ਭੇਡਾਂ ਨੇ ਚਰਵਾਹੇ ਬਾਰੇ ਕੀ ਕਿਹਾ?"

ਮੈਂ ਉੱਤਰ ਦਿੱਤਾ ਮੈਂ ਕਈ ਸਾਲ ਪਹਿਲਾਂ ਸਿੱਖਿਆ ਸੀ| ''ਮੇਰਾ ਚਰਵਾਰਾ| ਇਹ ਸਾਨੂੰ ਦਰਸ਼ਾਉਂਦਾ ਹੈ ਕਿ ਅਸੀਂ ਪ੍ਰਭੂ ਯਿਸੂ ਨੂੰ ਨਿੱਜੀ ਤੌਰ 'ਤੇ ਜਾਣ ਸਕਦੇ ਹਾਂ|"

ਪਰ ਰਮੇਸ਼ ਨੇ ਮੈਨੂੰ ਇਸ ਤਰ੍ਹਾਂ ਅੱਗੇ ਭੱਜਣ ਲਈ ਅਗਿਆ ਨਾ ਦਿੱਤੀ| ਵਿਚ ਅਸੀਂ ਧਿਆਨ ਨਾਲ ਸੁਣਦੇ ਹਾਂ ਕਿ ਉਹ ਕਹਾਣੀ ਕੀ ਕਹਿੰਦੀ ਹੈ, ਅਤੇ ਉਸ ਤੋਂ ਬਾਦ ਹੀ ਅਸੀਂ ਆਪਣੇ ਆਪ ਉੱਤੇ ਪ੍ਰਯੋਗ ਨੂੰ ਲਾਗੂ ਕਰਦੇ ਹਾਂ|

ਰਮੇਸ਼ ਨੇ ਮੇਰੇ ਉੱਤ ਦਬਾਅ ਪਾਇਆ ਕਿ ਮੈਂ ਜ਼ਰਾ ਹੌਲੀ ਚੱਲਾਂ ਅਤੇ ਸੁਣਾ ਕਿ ਕਹਾਣੀ ਕੀ ਕਹਿੰਦੀ ਹੈ ਅਤੇ ਇਸ ਜਾਣੇ ਪਛਾਣੇ ਹਿੱਸੇ ਧਿਆਨ ਨਾਲ ਵੇਖੀਏ| ਉਸ ਨੇ ਮੇਰੇ ਉੱਤੇ ਕਹਾਣੀ

ਸੁਣਨ ਲਈ ਦਬਾਅ ਬਣਾਈ ਰੱਖਿਆ|

ਮੈਂ ਸੁਣਨ ਲਈ ਰਾਜੀ ਹੋ ਗਿਆ ਅਤੇ ਸੋਚਣ ਲੱਗਾ ਕਿ ਮੈ ਤਰੀਕੇ ਦੀ ਜਾਂਚ ਕਰਾਂ| ਸਾਫ ਸਾਫ ਦੱਸਾਂ ਤਾਂ ਮੈਂ ਬੜਾ ਹੈਰਾਨ ਸੀ ਕਿ ਮੇਰਾ ਇਹ ਵਿਦਿਆਰਥੀ ਮੈਨੂੰ ਇਸ ਹਵਾਲੇ ਵਿਚੋਂ ਕੀ ਵਿਖਾਉਣ ਜਾ ਰਿਹਾ ਹੈ ਜਿਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸੀ, ਕਈ ਵਾਰ ਸਿਖਾ ਚੁੱਕਿਆ ਸੀ ਅਤੇ ਇਥੋਂ ਤਕ ਕਿ ਇਸੇ ਬਾਰੇ ਕਈ ਲੇਖ ਲਿਖ ਚੁੱਕਿਆ ਸੀ|

''ਇਹ ਭੇਡ ਬੋਲ ਰਹੀ ਹੈ, ਬੋਲ ਰਹੀ ਹੈ ਨਾ?" ਰਮੇਸ਼ ਨੇ ਪੁੱਛਿਆ|

ਮੈਂ ਹੰਗੂਰਾ ਭਰਿਆ|

''ਠੀਕ ਹੈ, ਭੇਡ ਚਰਵਾਹੇ ਬਾਰੇ ਕੀ ਬੋਲਦੀ ਹੈ? ਭੇਡ ਕਿਸ ਤਰ੍ਹਾਂ ਚਰਵਾਹੇ ਬਾਰੇ ਕਹਿੰਦੀ ਹੈ?"

ਮੈਂ ਪੁੱਛਿਆ, ''ਕੀ ਤੁਹਾਡਾ ਮਤਲਬ ਹੈ ਕਿ ਭੇਡ ਚਰਵਾਹੇ ਨੂੰ ਕਿਸ ਤਰ੍ਹਾਂ ਪੁਕਾਰਦੀ ਹੈ 'ਉਹ'?"

''ਠੀਕ ਹੈ," ਰਮੇਸ਼ ਨੇ ਉੱਤਰ ਦਿੱਤਾ| ''ਪਰ ਕੀ ਤੁਸੀਂ ਇਹ ਨਹੀਂ ਵੇਖਦੇ ਕਿ ਭੇਡ ਚਰਵਾਹੇ ਨੂੰ ਕਿਥੇ ਵੇਖਦੀ ਹੈ?"

''ਕੀ? ਕਿਹਾ?" ਮੈਨੂੰ ਸਮਝ ਨਹੀਂ ਆ ਰਿਹਾ ਸੀ|

''ਭੇਡ ਦਾ ਚਰਵਾਹੇ ਨਾਲ ਸਬੰਧ ਕੀ ਹੈ? ਇਸ ਨੂੰ ਵੇਖੋ?" ਰਮੇਸ਼ ਜਾਣ ਬੁੱਝ ਕੇ ਜੋਰ ਪਾ ਰਿਹਾ ਸੀ, ਜਿਵੇਂ ਕਿ ਉਹ ਚਾਹੁੰਦਾ ਹੋਵੇ ਕਿ ਮੈਂ ਕੁਝ ਵੇਖਾਂ ਜਿਸ ਨੂੰ ਅਜੇ ਵੀ ਨਹੀਂ ਵੇਖ ਸਕਿਆ ਸੀ| (STS ਵਿਚ, ਅਸੀਂ ਲੋਕਾਂ ਉੱਤੇ ਉਹ ਵੇਖਣ ਲਈ ਦਬਾਅ ਨਹੀਂ ਪਾਉਂਦੇ, ਜੋ ਅਸੀਂ ਕਹਾਣੀ ਵਿਚ ਵੇਖਿਆ ਹੈ| ਪਰ ਇਸ ਸਮੇ ਰਮੇਸ਼, ਜਿਸ ਨੂੰ ਮੈਂ ਹਮੇਸ਼ਾ ਪੜ੍ਹਾਇਆ ਸੀ, ਉਹ ਬੜੀ ਰੀਝ ਨਾਲ ਮੈਨੂੰ ਕੁਝ ਦੱਸਣਾ ਚਾਹੁੰਦਾ ਸੀ| ਇਸ ਖਾਸ ਸੁਣਨ ਅਤੇ ਪ੍ਰਤੀਉੱਤਰ ਦੇ ਦ੍ਰਿਸ਼ ਵਿਚ, ਕਿਉਂਕਿ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸੀ, ਰਮੇਸ਼ ਜਾਣਦਾ ਸੀ ਕਿ ਉਹ ਜੋਰ ਪਾ ਕੇ ਮੈਨੂੰ ਧੀਮਾ ਕਰਨਾ ਚਾਹੁੰਦਾ ਸੀ ਅਤੇ ਚਾਹੁੰਦਾ ਸੀ ਕਿ ਕਹਾਣੀ ਦੇ ਬਾਰੇ ਸੋਚਾਂ ਜਿਹੜੀ ਕਿ ਸਵੀਕਾਰਯੋਗ ਸੀ|)

''ਹੂੰ, ਮੈਂ ਅੰਦਾਜਾ ਲਾਇਆ ਕੀ ਜੇਕਰ ਭੇਡ ਚਲਾਈ ਜਾਂਦੀ ਹੈ ਤਾਂ ਚਰਵਾਹਾ ਆਪਣੇ ਆਪ ਨੂੰ ਭੇਡ ਦੇ ਅੱਗੇ ਰੱਖਦਾ ਹੈ?"

''ਹਾਂ! ਠੀਕ ਹੈ," ਰਮੇਸ਼ ਨੇ ਕਿਹਾ| ''ਅਤੇ ਹੁਣ ਕਹਾਣੀ ਦੀ ਉਸ ਹਿੱਸੇ ਵੱਲ ਜਾਓ ਅਰਥਾਤ ਮੌਤ ਦੀ ਛਾਂ ਦੀ ਵਾਦੀ ਦੇ ਹਿੱਸੇ ਵਿਚ| ਹੁਣ ਭੇਡ ਚਰਵਾਹੇ ਬਾਰੇ ਕਿਵੇਂ ਦੱਸਦੀ ਹੈ?"

''ਉਹ?" ਮੈਂ ਉੱਤਰ ਦਿੱਤਾ|

''ਓਹ, ਫਿਰ ਤੋਂ ਵੇਖੋ," ਰਮੇਸ਼ ਨੇ ਕਿਹਾ| ''ਇਹ ਕਹਾਣੀ ਕਹਿੰਦੀ ਹੈ, 'ਮੈਂ ਕਿਸੇ ਬੁਰਿਆਈ ਤੋਂ ਨਾਂ ਡਰਾਂਗੀ ਕਿਉਂਕਿ ਉਹ ਮੇਰੇ ਨਾਲ ਹੈ?' ਭੇਡ ਚਰਵਾਹੇ ਨੂੰ ਕੀ ਕਹਿ ਕੇ ਪੁਕਾਰਦੀ ਹੈ? ਭੇਡ ਚਰਵਾਹੇ ਦੇ ਬਾਰੇ ਕਿਵੇਂ ਦੱਸਦੀ ਹੈ?"

''ਠਹਿਰ," ਮੈਂ ਕਿਹਾ| ''ਇਹ ਤਾਂ ਤੂੰ ਹੈ, ਵਾਹ ਕਿਆ ਬਾਤ ਹੈ| ਇਥੇ ਇਕ ਬਦਲਾਵ ਹੈ! ਇਸ ਤੋਂ ਪਹਿਲਾਂ ਮੈਂ ਇਸ ਤੋਂ ਕਦੀ ਧਿਆਨ ਨਹੀਂ ਕੀਤਾ ਸੀ| ਹੁਣ ਭੇਡ ਚਰਵਾਹੇ ਨਾਲ ਗੱਲ ਕਰ ਰਹੀ ਹੈ, ਨਾ ਕਿ ਚਰਾਵਾਹੇ ਬਾਰੇ ਗੱਲ ਕਰ ਰਹੀ ਹੈ| ਇਹ ਤਾਂ ਬਹੁਤ ਵੱਡੀ ਗੱਲ ਹੈ|"

'' ਹਾਂ| ਅਤੇ ਵੇਖਦੇ ਰਹੇ| ਕੀ ਤੁਸੀਂ ਵੇਖ ਦੇ ਹੋ ਕਿ ਚਰਵਾਹਾ ਕਿਥੇ ਹੈ? ਕੀ ਬਦਲਿਆ ਹੈ? ਇਸ ਵੱਲ ਵੇਖੋ!"

''ਕਿਸ ਵੱਲ ਵੇਖਾਂ?" ਮੈਂ ਪੁੱਛਿਆ|

''ਕਿਸੇ ਹੋਰ ਬਦਲਾਵ ਵੱਲ ਵੇਖੋ| ਇਸ ਵੱਲ ਵੇਖੋ| ਪਹਿਲਾਂ, ਚਰਵਾਹਾ ਭੇਡ ਦੇ ਅੱਗੇ ਸੀ| ਹੁਣ ਚਰਵਾਹਾ ਕਿਥੇ ਹੈ?"

''ਠੀਕ ਹੈ, ਹੁਣ ਮੈਂ ਇਸ ਨੂੰ ਵੇਖਦਾ ਹਾਂ," ਮੈਂ ਜੋਰ ਨਾਲ ਕਿਹਾ, ''ਪਹਿਲਾਂ ਚਰਵਾਹਾ ਭੇਡ ਦੇ ਅੱਗੇ ਸੀ, ਹੁਣ ਉਹ ਭੇਡ ਦੇ ਨਾਲ ਹੈ|"

'' ਹਾਂ! ਪਹਿਲਾਂ ਉਹ ਅੱਗੇ ਸੀ, ਅਤੇ ਹੁਣ ਉਹ ਕੋਲ ਹੈ|" ਰਮੇਸ਼ ਨੇ ਖਿੜਦੇ ਹੋਏ ਕਿਹਾ| ''ਪਰ ਇਹ ਸਭਕੁਝ ਨਹੀਂ ਹੈ| ਇਸ ਵਿਚ ਵੇਖਦੇ ਰਹੇ| ਕਹਾਣੀ ਵਿਚ 'ਤੂੰ' ਫਿਰ ਕਿਹਾ ਗਿਆ ਹੈ| ਭੇਡ ਕਹਿੰਦੀ ਹੈ, 'ਤੂੰ ਮੇਰਾ ਤੇਲ ਨਾਲ ਅਭਿਸ਼ੇਕ ਕਰਦਾ ਹੈਂ|' ਜੇਕਰ ਚਰਵਾਹਾ ਭੇਡ ਦੇ ਸਿਰ ਉੱਤੇ ਤੇਲ ਮਲਦਾ ਹੈ, ਹੁਣ ਤੁਸੀਂ ਚਰਵਾਹੇ ਨੂੰ ਕਿਥੇ ਵੇਖਦੇ ਹੋ?"

" ਮੈਂ ਉਸ ਨੂੰ ਭੇਡ ਦੇ ਉੱਪਰ ਵੇਖਦਾ ਹਾਂ! ਚਰਵਾਹਾ ਭੇਡ ਦੇ ਉੱਪਰ ਹੈ|"

 ''ਲੱਗੇ ਰਹੇ," ਰਮੇਸ਼ ਨੇ ਉਤਸ਼ਾਹਿਤ ਕੀਤਾ| ''ਕਹਾਣੀ ਕਹਿੰਦੀ ਹੈ, 'ਸੱਚ ਮੁੱਚ ਭਲਿਆਈ ਅਤੇ ਦਇਆ ਜੀਉਣ ਭਰ ਮੇਰਾ ਪਿੱਤਾ ਕਰਨਗੀਆਂ|' ਭੇਡ ਕਹਿ ਰਹੀ ਹੈ ਉਹ ਚਰਵਾਹੇ ਦੀ ਹਜ਼ੂਰੀ ਨੂੰ ਹੋਰ ਕਿਥੇ ਮਹਿਸੂਸ ਕਰਦੀ ਹੈ| ਤੁਸੀਂ ਕੀ ਇਹ ਵੇਖਿਆ?"

''ਹਾਂ ਮੈਂ ਵਖਿਆ| ਇਹ ਤਾਂ ਬੜਾ ਹੈਰਾਨੀਜਨਕ ਹੈ|"

ਹੁਣ ਰਮੇਸ਼ ਕਹਿ ਰਿਹਾ ਸੀ| ''ਚਰਵਾਹਾ ਅੱਗੇ ਅਤੇ ਕੋਲ ਅਤੇ ਪਿੱਛੇ ਹੈ| ਉਹ ਭੇਡ ਦੇ ਹਰ ਪਾਸੇ ਹੈ|"

ਉਥੋਂ, ਕਿਉਂਕਿ ਅਸੀਂ ਕਹਾਣੀ ਦੇ ਅੰਤ ਵਿਚ ਸੀ, ਅਸੀਂ ਦੋਹੇਂ ਹੀ ਪ੍ਰਯੋਗਾਂ ਵੱਲ ਗਏ| ਅਸੀਂ ਕਿਸ ਤਰ੍ਹਾਂ ਨਹੀਂ ਜਾ ਸਕੇ? ਅਸੀਂ ਦੋਹਾਂ ਨੇ ਭਿੰਨ ਭਿੰਨ ਪ੍ਰਯੋਗਾਂ ਉੱਤੇ ਜਿਹੜੇ ਅੱਜ ਸਾਡੇ ਲਈ ਸਨ ਜਿਹੜੇ ਅਸੀਂ ਉਸ ਦਿਨ ਉਸ ਕਹਾਣੀ ਵਿਚੋਂ ਵੇਖੇ ਸਨ| ਪਰ ਇਹ ਖੋਜ ਦੀ ਇਕ ਨਵਾਂ ਤਰੀਕਾ, ਕਿ ਯਿਸੂ ਸਾਡੇ ਸਾਹਮਣੇ, ਸਾਡੇ ਉੱਤੇ, ਅਤੇ ਸਾਡੇ ਪਿੱਛੇ ਕਿਵੇਂ ਚਰਵਾਹਾ ਹੈ, ਸਾਡੇ ਗੱਲਬਾਤ ਉੱਤੇ ਰਾਜ ਕਰਦਾ ਹੈ| ਸਾਡੇ ਲਈ ਇਹ ਮਹਿਸੂਸ ਕਰਨਾ ਕਿੰਨਾ ਅਰਾਮਦਾਈ ਸੀ!

ਪੂਰਵ ਲਿਖਿਤ| ਦਫਤਰ ਵਿਚ ਕੁਝ ਸਮੇ ਤੋਂ ਬਾਦ, ਸਾਰਾ ਸਟਾਫ ਇਸ ਵਿਸ਼ੇ ਉੱਤੇ ਗੱਲ ਕਰ ਰਿਹਾ ਸੀ ਜਿਹੜੀ ਅਸੀਂ ਸੇਵਾ ਕਰ ਰਹੇ ਹਾਂ ਇਸ ਗਲਤੀਆ ਕਰ ਰਹੇ ਹਾਂ, ਅਤੇ ਕਿਵੇਂ ਪਰਮੇਸ਼ਰ ਨੇ ਵਾਰ ਵਾਰ ਸਾਡੇ ਉੱਤੇ ਆਪਣੀ ਦਇਆ ਕੀਤੀ ਅਤੇ ਸਾਨੂੰ ਉਸ ਸਮੇਂ 'ਚੋਂ ਨਿਕਲਨ ਲਈ ਮਦਦ ਕੀਤੀ| ਮੈਂ ਕਿਹਾ, ''ਪਰਮੇਸ਼ਰ ਸੱਚਮੁੱਚ ਸਾਡੇ ਨਾਲ ਸੀ! ਹਰ ਰੋਜ, ਜਿਸ ਤਰ੍ਹਾਂ ਅਸੀਂ ਆਪਣੀਆਂ ਚੁਣੋਤੀਆਂ ਦਾ ਸਾਹਮਣਾ ਕਰਦੇ ਸੀ, ਪਰਮੇਸ਼ਰ ਸਾਡਾ ਸੱਚਾ ਸਹਾਰਾ ਹੈ| ਉਸ ਨੇ ਕਿਹਾ, ਅੱਗੇ ਵੱਧੋ, ਅਤੇ ਕੋਈ ਚਿੰਤਾ ਨਾ ਕਰੋ| ਮੈਂ ਤੁਹਾਡੇ ਨਾਲ ਹੋਵਾਂਗਾ| ਮੈਂ ਇਸ ਗੱਲ ਨੂੰ ਯਕੀਨੀ ਬਣਾਵਾਂਗਾ ਕੋਈ ਤੁਹਾਡੀ ਕਿਸੇ ਪਾਸਿਉਂ ਕੋਈ ਹਾਨੀ ਨਹੀਂ ਕਰੇਗਾ| '"

ਤਦ ਜ਼ਬੂਰ ਦੀ ਕਹਾਣੀ ਮੇਰੇ ਦਿਮਾਗ ਵਿਚ ਆਈ| ''ਵਾਹ! ਇਹ ਤਾਂ ਜ਼ਬੂਰ 23 ਹੈ! 'ਪਰਮੇਸ਼ਰ ਨੇ ਸਾਡੀ ਮਦਦ ਕੀਤੀ ਜਿਵੇਂ ਕਿ ਇਸ ਵਿਚ ਕਿਹਾ ਗਿਆ ਹੈ 'ਸੱਚ ਮੁੱਚ ਭਲਿਆਈ ਅਤੇ ਦਇਆ ਜੀਉਣ ਭਰ ਮੇਰਾ ਪਿੱਛਾ ਕਰਨਗੀਆਂ|'"

ਹੂੰ? ਸਿੱਖਿਅਕ ਵਿਦਿਆਰਥੀ ਦੀ ਸੁਣਦਾ ਹੈ ਅਤੇ ਦੋਹੇਂ ਹੀ ਜਾਣੇ ਪਛਾਣੇ ਹਿੱਸੇ ਤੋਂ ਸੁਣਦੇ ਹਨ|

ਇਨ੍ਹਾਂ ਦੀ ਤਰ੍ਹਾਂ ਇਹ ਇਕ ਦੂਜੇ ਦੇ ਸਥਾਨ ਉੱਤੇ ਆਉਂਦੇ ਹਨ, ਜਿਥੇ ਦੇਸੀ ਵਿਸ਼ਵਾਸੀ ਯੂਰੋਪ ਅਤੇ ਪੱਛਮੀ ਦੇਸਾਂ ਦੇ ਆਗੂਆਂ ਨੂੰ ਸਿਖਾ ਰਹੇ ਹਨ, ਅਤੇ ਉਹ ਜ਼ਿਆਦਾ ਪ੍ਰਭਾਵਸ਼ਾਲੀ ਹੋ ਰਹੇ ਹਨ| ਭਿੰਨ ਭਿੰਨ ਦੇਸਾਂ ਦੇ ਮਿਸ਼ਨਰੀ ਜਿਵੇਂ ਕਿ ਭਾਰਤ, ਟੋਗੋ, ਮੋਜ਼ਾਂਬੀਕਿਉ, ਨਾਈਜ਼ਰ ਅਤੇ ਫਿਲੀਪਾਈਨ ਦੇ ਸਿੱਖਿਅਕ STS ਵਿਚ ਸਿਖਾਉਣ ਲਈ ਆ ਰਹੇ ਹਨ|
ਨਤੀਜੇ ਵਜੋਂ, STS ਵਿਚ ਲੋਕ ਹਨ ਜਿਹੜੇ ਦੂਜੇ ਲੋਕਾਂ ਦੀ ਸੁਣਦੇ ਹਨ, ਜਿਹੜੇ ਪਰਮੇਸ਼ਰ ਦੇ ਵਚਨ ਨੂੰ ਸੁਣਦੇ ਹਨ| ਸੁਣਨਾ ਅਤੇ ਪ੍ਰਤੀਉੱਤਰ ਦੇਣਾ ਸਭ ਲਈ ਉਪਯੋਗੀ ਹੈ| ਅਤੇ ਨਤੀਜੇ ਇਹ ਦਰਸ਼ਾਉਂਦੇ ਹਨ ਇਹ ਸਿਰਫ ਇਹ ਨਹੀਂ ਹੈ ਕਿ ਆਗੂ ਉੱਤੇ ਪੱਧਰ ਦੇ ਹਨ ਜਿਹੜੇ ਪਰਮੇਸ਼ਰ ਤੋਂ ਸੁਣਦੇ ਹਨ ਅਤੇ ਫਿਰ ਆਪਣੇ ਗਿਆਨ ਦੂਜਿਆਂ ਵਿਚ ਵੰਡਦੇ ਹਨ| ਸੱਚ ਤਾਂ ਇਹ ਹੈ ਕਿ ਉਹ ਜਿਹੜੇ ਦੇਸੀ ਸਿੱਖਿਅਕ ਹਨ ਜਿਹੜੇ ਆਪਣੇ ਆਪ ਸਿੱਖਿਅਕ ਮਿਸ਼ਨਰੀ ਹਨ ਇਹ STS ਦੀ ਸਿੱਖਣ ਦੀ ਤੀਜੀ ਅਤੇ ਚੌਥੀ ਪੀੜ੍ਹੀ ਹੈ!

ਵੇਰਵੇ ਜਿਹੜੇ ਕਾਮਯਾਬੀ ਵੱਲ ਲੈ ਜਾਂਦੇ ਹਨ

ਸਾਨੂੰ ਆਸ ਹੈ ਕਿ ਉਹ ਵੇਰਵੇ ਦੇ ਬਾਰੇ ਲਗਾਤਾਰ ਸਿੱਖਣ ਵਿਚ ਅਤੇ ਕੁਝ ਨਵੇਂ ਹੁੱਨਰਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਹੈ| ਆਓ ਅਸੀਂ ਉਸ ਹਿੱਸੇ ਨਾਲ ਅਰੰਭ ਕਰੀਏ ਜਿਹੜਾ ਪੜ੍ਹੇ ਲਿਖੇ ਸਰੋਤਿਆਂ ਨੂੰ ਅੱਗੇ ਵਧਾਉਂਦਾ ਹੈ| ਇਥੋਂ ਤਕ ਕਿ ਤੁਸੀਂ ਸੋਚ ਰਹੋ ਹੋਵੋਗੇ ਕਿ ਪ੍ਰਸ਼ਨਾਂ ਨੂੰ ਲਿਖੇ ਬਗੈਰ ਯਾਦ ਕਰਨਾ ਮੁਸ਼ਕਿਲ ਹੈ, ਇਕ ਬਹੁਤ ਜ਼ਰੂਰੀ ਹੈ ਕਿ ਤੁਸੀਂ ਜਿਹੜੇ ਪ੍ਰਸ਼ਨ ਕਹਾਣੀ ਦੇ ਬਾਰੇ ਪੁੱਛਣਾ ਚਾਹੁੰਦੇ ਹੋ ਉਨ੍ਹਾਂ ਨੂੰ ਨਾ ਲਿਖੋ| ਆਪਣੇ ਪ੍ਰਸ਼ਨਾਂ ਨੂੰ ਯਾਦ ਕਰੋ, ਆਪਣੇ ਮਨ ਵਿਚ ਕਹਾਣੀ ਦੁਹਰਾਓ, ਅਜਿਹਾ ਹੋਵੇ ਕਿ ਕਹਾਣੀ ਆਪਣੇ ਆਪ ਹੀ ਤੁਹਾਨੂੰ ਪ੍ਰਸ਼ਨ ਤਿਆਰ ਕਰਨਾ ਸਿਖਾਵੇ| ਕਹਾਣੀ ਯਾਦ ਕਰਨ ਦਾ ਇਕ ਤਰੀਕਾ ਬਣ ਜਾਂਦੀ ਹੈ; ਕਹਾਣੀ ਹੀ ਤੁਹਾਡੇ ਨੋਟਸ ਬਣਦੀ ਹੈ!

ਆਪਣੀ ਭੂਮਿਕਾ ਉੱਤੇ ਫਿਰ ਵਿਚਾਰ ਕਰੋ| ਹੁਣ ਤੁਸੀਂ ਕਹਾਣੀ ਵਿਚ ਛੁਪੇ ਹੋਏ ਖਜਾਨਿਆਂ ਨੂੰ ਲੱਭ ਲਿਆ ਹੈ, ਹੋ ਸਕਦਾ ਹੈ ਤੁਸੀਂ ਆਪਣੀ ਤਿਆਰ ਕੀਤੀ ਭੂਮਿਕਾ ਵਿਚ ਕੁਝ ਜੋੜਨਾ ਜਾਂ ਘਟਾਉਣਾ ਚਾਹੁੰਦੇ ਹੋ| ਜੇਕਰ ਤੁਸੀਂ ਸੋਚਦੇ ਹੋ ਕਿ ਭੂਮਿਕਾ ਦੀਆਂ ਜਾਣਕਾਰੀਆਂ ਅਸਲ ਵਿਚ ਕਹਾਣੀ ਵਿਚ ਹੀ ਹਨ ਤਾਂ ਇਹੀ ਸਮਝਦਾਰੀ ਹੋਵੇਗੀ ਕਿ ਉਨ੍ਹਾਂ ਗੱਲਾਂ ਨੂੰ ਭੂਮਿਕਾ ਵਿਚੋਂ ਹਟਾ ਦਿਓ| ਉਦਾਹਰਣ ਲਈ, ਤੁਸੀਂ ਯੋਜਨਾ ਬਣਾਈ ਕਿ ਉਤਪਤ 12:1-9 ਵਿਚ ਅਬਰਾਹਾਮ ਦੀ ਕਹਾਣੀ ਦੀ ਭੂਮਿਕਾ ਦੱਸਣੀ ਹੈ, ''ਇਹ ਕਹਾਣੀ ਉਸ ਵਿਅਕਤੀ ਬਾਰੇ ਹੈ ਜਿਸਨੂੰ ਪਰਮੇਸ਼ਰ ਨੇ ਉਸ ਦੇ ਲੋਕਾਂ ਨੂੰ ਅਤੇ ਆਪਣੇ ਦੇਸ ਛੱਡਣ ਲਈ ਬੁਲਾਇਆ ਅਤੇ ਇਕ ਨਵੇਂ ਦੇਸ ਵਿਚ ਜਾਣ ਲਈ ਕਿਹਾ|" ਪਰ, ਉਸ ਹਿੱਸੇ ਉੱਤੇ ਵਿਚਾਰ ਕਰਨ ਤੋਂ ਬਾਦ ਜਿਸ ਵਿਚ ਤੁਸੀਂ ਖਜਾਨੇ ਲੱਭ ਰਹੇ ਹੋ, ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਅਬਰਾਹਾਮ ਦੇ ਬਾਰੇ ਇਹ ਖਾਸ ਗੱਲਾਂ ਤਾਂ ਕਹਾਣੀ ਵਿਚ ਹੀ ਮੌਜੂਦ ਹਨ ਤਾਂ ਤੁਸੀਂ ਇਨ੍ਹਾਂ ਗੱਲਾਂ ਨੂੰ ਭੂਮਿਕਾ ਵਿਚੋਂ ਹਟਾ ਸਕਦੇ ਹੋ|

ਪਰ ਫਿਰ ਵੀ, ਤੁਸੀਂ ਕਹਾਣੀ ਬਾਰੇ ਕੁਝ ਗੱਲਾਂ ਦੱਸਣਾ ਚਾਹੁੰਦੇ ਹੋ ਜਿਹੜੀਆਂ ਤੁਹਾਡੀ ਸਮਝ ਵਿਚ ਦੱਸਣੀਆਂ ਫਾਇਦੇਮੰਦ ਹਨ ਤਾਂ ਉਨ੍ਹਾਂ ਗੱਲਾਂ ਨੂੰ ਆਪਣੀ ਭੂਮਿਕਾ ਵਿਚ ਦੱਸੋ| ਉਦਾਹਰਣ ਲਈ, ਮਾਰਥਾ ਅਤੇ ਮਰੀਯਮ ਦੀ ਕਹਾਣੀ ਵਿਚ ਕਈ ਖਜਾਨਿਆਂ ਵਿਚੋਂ ਇਕ ਖਜਾਨਾ ਮਾਰਥਾ ਦੀ ਚੋਣ ਉੱਤੇ ਅਧਾਰਿਤ ਹੈ ਜਿਸ ਨੂੰ ਬਹੁਤੇ ਮਹਿਮਾਨਾਂ ਲਈ ਭੋਜਨ ਤਿਆਰ ਕਰਨ ਦੇ ਸਬੰਧ ਵਿਚ ਵਿਸਥਾਰ ਨਾਲ ਵੇਖਿਆ ਸੀ| ਇਕ ਹੋਰ ਖਜਾਨਾ ਜਿਹੜਾ ਕਿ ਇਕ ਸਦਮਾ ਜਿਹਾ ਹੈ ਕਿ ਮਾਰਥਾ ਆਲੋਚਨਾ ਅਤੇ ਯਿਸੂ ਉੱਤੇ ਦਬਾਓ ਪਾਉਣ ਦੇ ਰਾਹੀਂ ਸਭ ਲੋਕਾਂ ਦੇ ਸਾਹਮਣੇ ਉਸ ਦਾ ਅਪਮਾਨ ਦਰਸ਼ਾਇਆ| ਕਹਾਣੀ ਇਸ ਤਰ੍ਹਾਂ ਅਰੰਭ ਹੁੰਦੀ ਹੈ ਕਿ ਯਿਸੂ ਆਪਣੇ ਚੇਲਿਆਂ ਦੇ ਨਾਲ ਇਕ ਨਗਰ ਵਿਚ ਪ੍ਰਵੇਸ਼ ਕੀਤਾ| ਸਾਨੂੰ ਕਹਾਣੀ ਵਿਚ ਦੱਸਿਆ ਗਿਆ ਕਿ ਮਾਰਥਾ ਨੇ ਹੀ ਯਿਸੂ ਨੂੰ ਆਪਣ ਘਰ ਵਿਚ ਬੁਲਾਇਆ| ਕਹਾਣੀ ਵਿਚ ਇਹ ਨਹੀਂ ਦੱਸਿਆ ਗਿਆ ਕਿ ਚੇਲੇ ਉਸ ਦੇ ਨਾਲ ਸਨ|

ਵਿਚਾਰ ਵਟਾਂਦਰੇ ਨੂੰ ਸਪਸ਼ਟਤਾ ਦੇਣ ਲਈ, ਇਸ ਕਹਾਣੀ ਦੀ ਭੂਮਿਕਾ ਇਸ ਤਰ੍ਹਾਂ ਦੇਣਾ ਸਮਝਦਾਰੀ ਹੋਵੇਗਾ| ''ਜਦ ਯਿਸੂ ਇਸ ਸੰਸਾਰ ਵਿਚ ਸੀ ਉਸ ਨੇ ਆਪਣੇ ਨਾਲ ਚੱਲਣ ਲਈ ਕੁਝ ਲੋਕਾਂ ਨੂੰ ਚੁਣਿਆਂ| ਇਹ ਵਿਅਕਤੀ ਉਸ ਦੇ ਚੇਲੇ ਅਖਵਾਏ, ਇਹ ਹਮੇਸ਼ਾ ਯਿਸੂ ਦੇ ਨਾਲ ਰਹਿੰਦੇ ਸਨ, ਸਿਵਾਏ ਇਸ ਦੇ ਜਦ ਸਾਨੂੰ ਦੱਸਿਆ ਗਿਆ ਕਿ ਯਿਸੂ ਆਪ ਕੁਝ ਸਮੇ ਲਈ ਉਨ੍ਹਾਂ

ਤੋਂ ਦੂਰ ਚਲਿਆ ਗਿਆ ਜਾਂ ਕੁਝ ਘਟਨਾਵਾਂ ਵਿਚ ਜਦ ਯਿਸੂ ਨੇ ਕੁਝ ਸਮੇ ਲਈ ਆਪਣੇ ਕੁਝ ਚੇਲਿਆਂ ਨੂੰ ਵੱਖਰੇ ਲੈ ਗਏ|" ਇਹ ਜਾਣਕਾਰੀ ਸਰੋਤਿਆਂ ਨੂੰ ਇਹ ਮਹਿਸੂਸ ਕਰਨ ਵਿਚ ਮਦਦ ਕਰਦੀ ਹੈ ਕਿ ਯਿਸੂ ਦੇ ਉਥੇ ਜਾਣ ਵੇਲੇ ਚੇਲੇ ਵਿਚ ਉਸ ਦੇ ਸੰਗ ਸਨ|

ਇਕ ਕਹਾਣੀ ਵਾਚਕ ਦੇ ਰੂਪ ਵਿਚ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਥੇ ਵਰਤਮਾਨ ਇਕ ਜਾਂ ਦੋ ਲੋਕਾਂ ਨੂੰ ਕਹਾਣੀ ਵਿਚ ਦੱਸਣ ਅਤੇ ਭੂਮਿਕਾ ਤੋਂ ਇਲਾਵਾ ਬਾਈਬਲ ਦਾ ਗਿਆਨ ਨਹੀਂ ਹੈ| ਇਸ ਲਈ ਦੇ ਵਿਚਾਰ ਵਟਾਂਦਰੇ ਦੀ ਕਾਮਯਾਬੀ ਲਈ, ਇਹ ਹਮੇਸ਼ਾ ਜ਼ਰੂਰੀ ਹੈ ਕਿ ਪ੍ਰਸ਼ਨਾਂ ਦੇ ਉੱਤਰ ਲਈ ਦੱਸੋ ਜੋ ਪਹਿਲਾਂ ਹੀ ਤੁਹਾਡੀ ਭੂਮਿਕਾ ਜਾਂ ਕਹਾਣੀ ਵਿਚ ਹਨ|

ਜੇਕਰ ਤੁਸੀਂ ਉਥੇ ਹਾਜਰ ਲੋਕਾਂ ਨੂੰ ਕਹਾਣੀਆਂ ਸੁਣਾ ਚੁਕੇ ਹੋ, ਤੁਸੀਂ ਉਹ ਪ੍ਰਸ਼ਨ ਪੁੱਛ ਸਕਦੇ ਹੋ ਜਿਹੜੇ ਉਨ੍ਹਾਂ ਨੂੰ ਪਹਿਲਾਂ ਕਹਾਣੀਆਂ ਦੇ ਅਧਾਰ ਉੱਤੇ ਲਾਭ ਦੇ ਸਕਣ| ਆਪਣੇ ਦਿਮਾਗ ਵਿਚ ਇਕ ਇਹ ਗੱਲ ਰੱਖੋ ਕਿ ਜ਼ਿਆਦਾਤਰ ਕਹਾਣੀਆਂ ਨੇ ਉਨ੍ਹਾਂ ਵਿਚ ਗਿਆਨ ਰੱਖਿਆ ਹੋਇਆ ਹੈ, ਇਸ ਲਈ ਤੁਹਾਨੂੰ ਚੰਗੀ ਤਰ੍ਹਾਂ ਕਹਾਣੀ ਸਿਖਾਉਣ ਲਈ ਬਾਈਬਲ ਦੇ ਕਿਸੇ ਹੋਰ ਸਥਾਨ ਵਿਚ ਜਾਣ ਦੀ ਲੋੜ ਨਹੀਂ ਹੈ|

ਕਦੀ ਕਦੀ, ਭੂਮਿਕਾ ਵਿਚ ਹੋਰ ਸੂਚਨਾਵਾਂ ਨੂੰ ਦੇਣਾ ਹੁੰਦਾ ਹੈ ਜਿਵੇਂ ਕਿ ਕੋੜ੍ਹੀ ਸਬੰਧੀ ਪਰਮੇਸ਼ਰ ਦੇ ਨੇਮ, ਸੱਬਤ, ਭੋਜਨ, ਜਾਂ ਯਿਸੂ ਨੇ ਉਸ ਸਾਮਰੀ ਬਾਰੇ ਕੀ ਮਹਿਸੂਸ ਕੀਤਾ, ਇਹ ਗੱਲਾਂ ਕਹਾਣੀ ਵਿਚ ਹੋਰ ਵੀ ਗਹਿਰਾਈ ਪੈਦਾ ਕਰ ਸਕਦੀਆਂ ਹਨ|

ਕਹਾਣੀ ਦਾ ਵਿਚਾਰ ਵਟਾਂਦਰਾ ਪੂਰਾ ਹੋਣ ਤੋਂ ਬਾਦ, ਹੋ ਸਕਦਾ ਹੈ ਕਿ ਤੁਸੀਂ ਕਹਾਣੀ ਵਿਚੋਂ ਕੁਝ ਹੋਰ ਵੀ ਦੱਸਣਾ ਚਾਹੁੰਦੇ ਹੋ ਜੋ ਕਿ ਸਪਸ਼ਟ ਪਰਤੀਕਾਤਮਕ ਜਾਂ ਪ੍ਰਤੀਰੂਪ ਸਬੰਧੀ ਅਰਥ ਹੋਣ| ਤੁਸੀਂ ਸਰੋਤਿਆਂ ਨੂੰ ਇਨ੍ਹਾਂ ਅਰਥਾਂ ਨੂੰ ਇਕ ਹੋਰ ਕਹਾਣੀ ਸੁਣਾਉਣ ਨਾਲ ਲੱਭਣ ਵਿਚ ਮਦਦ ਕਰੋ| ਤੁਸੀਂ ਉਨ੍ਹਾਂ ਨੂੰ ਨਵੀਂ ਕਹਾਣੀ ਜਾਂ ਬਾਈਬਲ ਦੇ ਕਿਸੇ ਹੋਰ ਹਿੱਸੇ ਵਿਚ ਲੈ ਜਾਓ| ਆਖੋ ਕਿ ਇਹ STS ਦਾ ਤਰੀਕਾ ਹੈ| ਇਹ ਤਦ ਕਰੋ ਜੇਕਰ ਤੁਹਾਨੂੰ ਵਿਸ਼ਵਾਸ ਹੈ ਕਿ ਤੁਹਾਡੇ ਸਰੋਤੇ ਅਸਲ ਵਿਚ ਹੀ ਉਸ ਹਿੱਸੇ ਦੇ ਆਤਮਿਕ ਅਰਥ ਨੂੰ ਹਸਿਲ ਕਰਨਗੇ ਜੋ ਕਹਾਣੀ ਤੁਸੀਂ ਉਨ੍ਹਾਂ ਅੱਗੇ ਪੇਸ਼ ਕਰ ਰਹੇ ਹੋ, ਜੇਕਰ ਤੁਹਾਨੂੰ ਪਵਿੱਤਰ ਆਤਮਾ ਅਜਿਹਾ ਕਰਨ ਲਈ ਅਗੁਵਾਈ ਕਰਦਾ ਹੈ|

ਕਹਾਣੀ ਵਿਚ ਜੋੜੀਆਂ ਗਈਆਂ ਗੱਲਾਂ ਉਸ ਕਹਾਣੀ ਦੇ ਸਪਸ਼ਟ ਅਰਥ ਨੂੰ ਪ੍ਰਗਟ ਕਰਨਾ ਚਾਹੀਦਾ ਹੈ ਤਾਂਕਿ ਸਰੋਤੇ ਅਸਾਨੀ ਨਾਲ ਉਨ੍ਹਾਂ ਨੂੰ ਲਾਗੂ ਕਰ ਸਕਣ| ਇਸ ਤਰ੍ਹਾਂ ਕਹਿੰਦੇ ਹੋਏ ਅਰੰਭ ਕਰੋ, ''ਇਕ ਹੋਰ ਕਹਾਣੀ ਹੈ ਜਿਹੜੀ ਇਸ ਤੋਂ ਪਹਿਲਾਂ ਹੋਈ|" ਤਦ ਤੁਸੀਂ ਉਨ੍ਹਾਂ ਨੂੰ ਉਸ ਹਿੱਸੇ ਵੱਲ ਲੈ ਜਾਓ ਜਿਸ ਵਿਚ ਇਹ ਅਰਥ ਜਾਂ ਪ੍ਰਤੀਕ ਹੋਣ| ਜ਼ਿਆਦਾਤਰ ਦੂਸਰੀ ਕਹਾਣੀ ਨਵੇਂ ਨੇਮ ਵਿਚ ਹੋਵਗੀ|

ਉਦਾਹਰਨ ਲਈ, ਜੇਕਰ ਤੁਸੀਂ ਗਿਣਤੀ 21:4-9 ਵਿਚੋਂ ਮੂਸਾ ਅਤੇ ਪਿੱਤਲ ਦੇ ਸੱਪ ਦੀ ਕਹਾਣੀ ਦੱਸ ਚੁੱਕੇ ਹੋ, ਅਤੇ ਤੁਹਾਡੇ ਸਮੂਹ ਨੇ ਖੋਜ ਅਤੇ ਆਤਮਿਕ ਪ੍ਰਯੋਗਾਂ ਦੇ ਲਾਗੂ ਕਰਨਾ ਪੂਰਾ ਕਰ ਲਿਆ ਹੈ, ਤੁਸੀਂ ਇਹ ਕਹਿਣ ਲਈ ਮਹਿਸੂਸ ਕਰੇਗੇ:

''ਸਾਡਾ ਮਿਲ ਕੇ ਬਾਈਬਲ ਦੀਆਂ ਕਹਾਣੀਆਂ ਉੱਤੇ ਵਿਚਾਰ ਵਟਾਂਦਰਾ ਹੋ ਸਕਦਾ ਹੈ ਇਸ ਤੋਂ ਪਹਿਲਾਂ ਇਹ ਬਹੁਤ ਲੰਮਾ ਸਮਾ ਹੋਵੇਗਾ| ਇਕ ਕਹਾਣੀ ਹੈ ਜਿਹੜੀ ਕਿ ਬਾਈਬਲ ਵਿਚ ਬਾਦ ਵਿਚ ਆਉਂਦੀ ਹੈ ਇਸ ਤੋਂ ਅੱਗੇ ਮੈਂ ਤੁਹਾਨੂੰ ਉਹੀ ਸੁਣਾਨਾ ਚਾਹਾਂਗਾ| ਹੋ ਸਕਦਾ ਹੈ ਕਿ ਇਹ ਤੁਹਾਨੂੰ ਮੂਸਾ ਅਤੇ ਪਿੱਤਲ ਦੇ ਸੱਪ ਦੀ ਕਹਾਣੀ ਤੋਂ ਵੱਧ ਖੋਜ ਕਰਨ ਵਿਚ ਮਦਦ ਕਰ ਸਕਦ ਹੈ| (ਜੇਕਰ ਤੁਹਾਡੇ ਕੋਲ ਸਮਾ ਹੈ, ਤੁਸੀਂ ਇਕ ਸੰਖੇਪ ਭੂਮਿਕਾ ਦੇ ਕੇ ਯੂਹੰਨਾ 3:1-16 ਦੀ ਕਹਾਣੀ ਦੱਸ ਸਕਦੇ ਹੋ| ਜੇਕਰ ਸਮਾ ਸੀਮਿਤ ਹੈ ਤਾਂ ਤੁਸੀਂ ਇਸ ਕਹਾਣੀ ਦੇ ਮੁੱਖ ਹਿੱਸੇ ਪਦ 1-13 ਦਾ ਸੰਖੇਪ ਦੇ ਸਕਦੇ ਹੋ ਅਤੇ ਇਸ ਤੋਂ ਬਾਦ ਸੰਖੇਪ ਵਿਚ ਕਹਾਣੀ ਦੱਸੋ ਜਿਸ ਨੂੰ ਯਿਸੂ ਨੇ ਇਕ ਧਰਮੀ ਮਨੁੱਖ ਨੂੰ ਪਦ 14-16 ਵਿੱਚ ਦੱਸਿਆ| ਯਾਦ ਰੱਖੋ, ਦੱਸੋ ਕਿ ਇਹ STS ਦਾ ਤਰੀਕਾ ਹੈ!)

> ਜਿਸ ਤਰਾਂ ਮੂਸਾ ਨੇ ਉਜਾੜ ਵਿੱਚ ਸੱਪ ਨੂੰ ਉੱਚਾ ਕੀਤਾ ਇਸੇ ਤਰਾਂ ਜਰੂਰ ਹੈ ਜੋ ਮਨੁੱਖ ਦਾ ਪੁੱਤ੍ਰ ਵੀ ਉੱਚਾ ਕੀਤਾ ਜਾਵੇ: ਭਈ ਜੋ ਕੋਈ ਨਿਹਚਾ ਕਰੇ ਸੋ ਉਸ ਵਿੱਚ ਸਦੀਪਕ ਜੀਉਣ ਪ੍ਰਾਪਤ ਕਰੇ। ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।

ਕਹਾਣੀ ਨੂੰ ਸੁਣਨ ਵਾਲੇ ਸਰੋਤਿਆਂ ਦੇ ਪ੍ਰਤੀਕਿਰਿਆਵਾਂ ਨੂੰ ਸੁਣੋ| ਉੱਤਰ ਜੋ ਲੋਕ ਦੇਣਗੇ ਉਹ ਤੁਹਾਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਉਨ੍ਹਾਂ ਦੇ ਵਿਅਕਤੀਗਤ ਪ੍ਰਸ਼ਨਾਂ ਨੂੰ ਮਹਿਸੂਸ ਕਰਨ ਵਿਚ ਮਦਦ ਮਿਲੇਗੀ| ਉਹ ਸੂਝਵਾਨ ਗੱਲਾਂ ਤੋਂ ਤੁਹਾਨੂੰ ਜਾਰੀ ਰੱਖਣ ਲਈ ਮੂਲ ਪ੍ਰਸ਼ਨ ਤਿਆਰ ਕਰਨ ਵਿਚ ਮਦਦ ਮਿਲੇਗੀ| ਇਸ ਨੂੰ ''ਜ਼ਰੂਰਤ ਤੋਂ ਸਿਖਾਉਣਾ" ਕਿਹਾ ਜਾਂਦਾ ਹੈ|

ਜ਼ਿਆਦਾਤਰ ਪ੍ਰਸ਼ਨ ਲੋਕਾਂ ਨੇ ਕੀ ਕੀਤਾ ਜਾਂ ਪਰਮੇਸ਼ਰ ਨੇ ਕੀ ਕੀਤਾ ਦੇ ਬਾਰੇ ਹੋਣੇ ਚਾਹੀਦੇ ਹਨ| ਇਹ ਪ੍ਰਸ਼ਨ ਲੋਕਾਂ ਨੂੰ ਆਤਮਿਕ ਸਚਿਆਈਆਂ ਲੱਭਣ ਵੱਲ ਲੈ ਜਾਣਗੇ| ਹਰੇਕ ਵਿਅਕਤੀ ਦੇ ਬੋਲਾਂ ਅਤੇ ਕੰਮਾਂ ਦੀ ਸੱਮਖਿਆ ਕਰੋ| ''ਕਿਉਂ" ਵਾਲੇ ਪ੍ਰਸ਼ਨਾਂ ਦੇ ਪੁੱਛਣ ਤੋਂ ਸੁਚੇਤ ਰਹੋ ਹੋ ਸਕਦਾ ਹੈ ਕਿ ਉਨ੍ਹਾਂ ਦੀਆਂ ਕਲਪਨਾਵਾਂ ਅਤੇ ਅੰਦਾਜੇ ਬਾਈਬਲ ਦੇ ਰਾਹੀਂ ਸਮਰਥਨ ਦੇਣ ਵਾਲੇ ਨਾ ਹੋਣ| ''ਕੀ" ਸਬੰਧਤ ਪ੍ਰਸ਼ਨ ਦਾ ਪ੍ਰਯੋਗ ਬਿਹਤਰ ਹੋਵੇਗਾ| ਦਿਲਚਸਪ ਗੱਲ ਇਹ ਹੈ ਕਿ ਕਈ ''ਕੀ" ਵਾਲੇ ਪ੍ਰਸ਼ਨ ਹਰੇਕ ਨੂੰ ਕਿਉਂ ਵਾਲੇ ਪ੍ਰਸ਼ਨਾਂ ਦੇ ਉੱਤਰ ਲੱਭਣ ਵੱਲ ਅਗੁਵਾਈ ਕਰ ਸਕਦੇ ਹਨ!

ਨਿਰੀਖਣ ਵਾਲੇ ਪ੍ਰਸ਼ਨ ਪੁੱਛੋ| ਕਹਾਣੀ ਦੇ ਪਹਿਲੇ ਹਿੱਸੇ ਦੇ ਛੋਟੇ ਭਾਗ ਨੂੰ ਦੁਬਾਰਾ ਦੱਸਣ ਤੋਂ ਬਾਦ, ਇਹ ਕਹਿ ਸਕਦੇ ਹੋ: ''ਕੀ ਕਹਾਣੀ ਦੇ ਪਹਿਲੇ ਹਿੱਸੇ ਵਿਚ ਕੁਝ ਅਜਿਹਾ ਹੈ ਜੋ ਵਿਸ਼ਵਾਸ (ਕਹਾਣੀ ਵਿਚੋਂ ਵਿਅਕਤੀਆਂ ਨੂੰ ਚੁਣੋ) ਦੇ ਬਾਰੇ ਸਾਨੂੰ ਕੁਝ ਵਿਖਾ ਸਕੇ?"

ਇਸ ਤਰ੍ਹਾਂ ਆਖੋ: ''ਕੀ ਇਸ ਹਿੱਸੇ ਦਾ ਕੁਝ ਵੀ ਸਾਨੂੰ ਪਰਮੇਸ਼ਰ ਦੇ ਸੁਭਾਓ ਬਾਰੇ ਕੁਝ ਦੱਸਦਾ

ਹੈ?" ਜਾਂ ''ਕੀ ਅਸੀਂ ਇਥੇ ਵਿਸ਼ਵਾਸਯੋਗਤਾ ਨੂੰ ਵੇਖਦੇ ਹਾਂ?" ਜਿਵੇਂ ਜਿਵੇਂ ਤੁਸੀਂ ਕਹਾਣੀ ਦੇ ਹਰੇਕ ਹਿੱਸੇ ਦੀ ਵਿਆਖਿਆ ਕਰਦੇ ਹੋ, ਵੇਖੋ ਉਹ ਜੇਕਰ ਕਹਾਣੀ ਵਿਚ ਹੋਣ, ਉਨ੍ਹਾਂ ਕੰਮਾ ਜਾਂ ਬੋਲਾਂ ਰਾਹੀ, ਨਿਰਾਦਰ ਦਰਸ਼ਾਇਅ ਗਿਆ, ਜਾਂ ਡਰ, ਜਾਂ ਪਰੇਸ਼ਾਨੀ, ਜਾਂ ਲਾਲਚ, ਜਾਂ ਕਿਰਪਾਲਤਾ ਜਾਂ ਬਹਾਦਰੀ, ਜਾਂ ਭਰੋਸਾ, ਜਾਂ ਸਮਝ| ਇਹ ਯਕੀਨੀ ਬਣਾਓ ਕਿ ਪ੍ਰਸ਼ਨ ਉਹ ਹੋਣ ਜਿਨ੍ਹਾਂ ਦਾ ਉੱਤਰ ਤੁਹਾਡੀ ਦੱਸੀ ਹੋਈ ਕਹਾਣੀ ਵਿਚੋਂ ਹੀ ਹੋਵੇ|

ਉਨ੍ਹਾਂ ਵਿਚੋਂ ਕੋਈ ਵੀ ਪ੍ਰਸ਼ਨ ਜਿਨ੍ਹਾਂ ਦਾ ਉੱਤਰ ਹਾਂ ਜਾਂ ਨਾ ਹੋਵੇ, ਤਾਂ ਤੁਸੀਂ ਹਾਂ ਵਾਲੇ ਪ੍ਰਸ਼ਨਾਂ ਵੱਲ ਜਾ ਸਕਦੇ ਹੋ ਜਿਸ ਤਰ੍ਹਾਂ ਕਿ, ''ਸਾਡੀ ਮਦਦ ਕਰੋ| ਤੁਸੀਂ ਇਸ ਕਹਾਣੀ ਦੇ ਕਿਸ ਹਿੱਸੇ ਵਿਚ ਇਹ ਕਿਵੇਂ (ਕਿਥੇ) ਵੇਖਦੇ ਹੋ?"

ਹੌਲੀ ਹੌਲੀ ਸਰੋਤਿਆਂ ਨੂੰ ਕਹਾਣੀ ਵਿਚਲੀ ਸਚਿਆਈਆਂ ਨੂੰ ਲਾਗੂ ਕਰਨ ਵਿਚ ਮਦਦ ਕਰੋ| ਜਿਸ ਤਰ੍ਹਾਂ ਕਿ ਤੁਸੀਂ ਆਤਮਿਕ ਪ੍ਰਯੋਗਾਂ ਦੇ ਖਜਾਨਿਆਂ ਦੇ ਲੱਭਣ ਲਈ ਵਿਚਾਰ ਵਟਾਂਦਰੇ ਵੱਲ ਜਾਂਦੇ ਹੋ, ਲੋਕਾਂ ਨੂੰ ਧਿਆਨ ਨਾਲ ਸੁਣੋ| ਇਹ ਪੁੱਛਣ ਲਈ ਸੁਣੋ ਜੇਕਰ ਉਹ, ਜਾਂ ਉਹ ਕਿਸੇ ਨੂੰ ਜਾਣਦੇ ਹੋਣ, ਜਿਸ ਨੇ ਉਹੀ ਅਨੁਭਵ ਕੀਤਾ ਹੋਵੇ ਅਤੇ ਉਹੀ ਪ੍ਰਤੀਕਿਰਿਆ ਕੀਤੀ ਹੋਵੇ ਜਿਹੜੀ ਤੁਸੀਂ ਕਹਾਣੀ ਵਿਚ ਲੋਕਾਂ ਦੀ ਵੇਖੀ ਸੀ (ਸ਼ਕ, ਡਰ, ਵਿਸ਼ਵਾਸ, ਆਸ, ਪਰੇਸ਼ਾਨੀ ਵਗੈਰਾ). ਜਦ ਤੁਸੀਂ ''ਹਾਂ" ਸੁਣੋ ਜਾਂ ਤੁਸੀਂ ਉਨ੍ਹਾਂ ਦੇ ਹਾਵ ਭਾਵ ਵੇਖਦੇ ਹੋ ਜੋ ''ਹਾਂ" ਦਾ ਇਸ਼ਾਰਾ ਕਰਦਾ ਹੈ, ਤਾਂ ਉਹੀ ਵੱਧੀਆ ਮੌਕਾ ਹੈ ਪੁੱਛਣ ਦਾ, ''ਕੀ ਤੁਹਾਡੇ ਵਿਚੋਂ ਇਸ ਤਰ੍ਹਾਂ ਦੇ ਅਨੁਭਵ ਨੂੰ ਦੱਸਣਾ ਚਾਹੇਗਾ?"

ਆਪਣੇ ਵਿਅਕਤੀਗਤ ਪ੍ਰਯੋਗਾਂ ਨੂੰ ਦੱਸੋ| ਜਦ ਤੁਸੀਂ ਪ੍ਰਯੋਗਾਂ ਦੇ ਵਿਚਾਰ ਵਟਾਂਦਰੇ ਨੂੰ ਪੂਰਾ ਕਰ ਚੁੱਕੋ, ਜੇਕਰ ਤੁਸੀਂ ਅਜਿਹਾ ਕਰਨ ਲਈ ਪ੍ਰਭੂ ਵੱਲੋਂ ਸਮਝਦੇ ਹੋ ਤਾਂ ਤੁਸੀਂ ਦੱਸ ਸਕਦੇ ਹੋ ਕਿ ਕਿਸ ਤਰ੍ਹਾਂ ਕਹਾਣੀ ਦੇ ਹਿੱਸੇ ਨੇ ਤੁਹਾਨੂੰ ਪ੍ਰਭਾਵਿਤ ਕੀਤਾ ਹੈ| ਜਾਂ ਤੁਸੀਂ ਪੁੱਛ ਸਕਦੇ ਹੋ ਜੇਕਰ ਕਹਾਣੀ ਦੇ ਕਿਸੇ ਖਾਸ ਹਿੱਸੇ ਨੂੰ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ|

ਚੰਗੇ ਪ੍ਰਸ਼ਨਾਂ ਦੇ ਮਹਤੱਵਪੂਰਨ ਅੰਸ਼ ਜਾਂ ਹਿੱਸੇ| ਤੁਹਾਡੇ ਪ੍ਰਸ਼ਨਾਂ ਦੇ ਉੱਤਰ:

- ਕਹਾਣੀ ਵਿਚੋਂ ਹੀ ਹੋਣੇ ਚਾਹੀਦੇ ਹਨ|
- ਕਹਾਣੀ ਰਾਹੀਂ ਹੀ ਸਾਬਿਤ ਹੋਣੇ ਚਾਹੀਦੇ ਹਨ|

ਕਹਾਣੀ ਦੇ ਬਾਹਰੋਂ ਸੂਚਨਾ| ਜੇਕਰ ਕਹਾਣੀ ਵਿਚੋਂ ਕੋਈ ਬਹੁਤ ਹੀ ਜ਼ਰੂਰੀ ਗੱਲ ਜਾਂ ਕੋਈ ਪ੍ਰਯੋਗ ਹੈ ਉਸ ਦੀ ਸਚਿਆਈ ਦਰਸ਼ਾਉਣ ਲਈ ਕਿਸੇ ਹੋਰ ਬਾਈਬਲ ਵਚਨ ਦੀ ਜ਼ਰੂਰਤ ਹੈ ਤਾਂ ਤਸੀਂ ਉਸ ਸੂਚਨਾਂ ਨੂੰ ਆਪਣੀ ਕਹਾਣੀ ਦੀ ਭੂਮਿਕਾ ਵਿਚ ਜੋੜ ਸਕਦੇ ਹੋ| ਉਸੇ ਹੀ ਤਰ੍ਹਾਂ, ਸਾਰੇ ਪ੍ਰਯੋਗਾਂ ਨੂੰ ਦੱਸੀ ਗਈ ਕਹਾਣੀ ਵਿਚੋਂ ਸਾਬਿਤ ਕਰਨ ਤੋਂ ਬਾਦ ਅਤਿਰਿਕਤ ਬਾਈਬਲ ਪਦ ਦਿੱਤੇ ਜਾ ਸਕਦੇ ਹਨ|

ਇਹ ਸਿਰਫ ਕਿਸੇ ਖਾਸ ਸਮੇ ਲਈ ਹੀ ਕੀਤਾ ਜਾਵੇ, ਕਿਉਂਕਿ ਕਹਾਣੀ ਤੋਂ ਬਾਹਰਲੇ ਪਦ

ਸਰੋਤਿਆਂ ਨੂੰ ਕਹਾਣੀ ਵਾਚਕ ਦੀ ਖੋਜ ਉੱਤੇ ਨਿਰਭਰ ਕਰਦੇ ਹਨ ਬਜਾਏ ਕਿ ਉਹ ਸਿਰਫ ਕਹਾਣੀ ਨੂੰ ਹੀ ਸੁਣਨ| ਕਹਾਣੀ ਵਾਚਕ ਬਾਈਬਲ ਗਿਆਨ ਦੇ ਅਧਾਰ ਉੱਤੇ ਪ੍ਰਸ਼ਨ ਪੁੱਛ ਸਕਦਾ ਹੈ ਜੋ ਸਰੋਤਿਆਂ ਨੇ ਪਹਿਲਾਂ ਸੁਣੀਆਂ ਕਹਾਣੀਆਂ ਵਿਚੋਂ ਜੋ ਗਿਆਨ ਹਾਸਿਲ ਕੀਤਾ ਹੈ|

ਬਹੁਤ ਅੱਛਾ ਉੱਤਰ| ਜਦ ਲੋਕ ਸਹੀ ਜਾਂ ਸਵੀਕਾਰਯੋਗ ਉੱਤਰ ਦਿੰਦੇ ਹਨ ਤਾਂ ਉਨ੍ਹਾਂ ਨੂੰ ਉਸ਼ਾਹਿਤ ਕਰੋ| ਤੁਸੀਂ ਇਸ ਤਰ੍ਹਾਂ ਕਹਿ ਸਕਦੇ ਹੋ, ''ਬਹੁਤ ਅੱਛਾ ਉੱਤਰ," ''ਇਹ ਤਾਂ ਮੈਂ ਸੋਚਿਆ ਹੀ ਨਹੀਂ ਸੀ," ਜਾਂ ''ਇਸ ਨਾਲ ਸਹੀ ਅਰਥ ਬਣਦਾ ਹੈ|"

ਇਹ ਇੰਨਾ ਸਹੀ ਉੱਤਰ ਨਹੀਂ ਹੈ| ਜੇਕਰ ਤੁਸੀਂ ਸੋਚਦੇ ਹੋ ਕਿ ਸਰੋਤੇ ਨੇ ਸਹੀ ਉੱਤਰ ਨਹੀਂ ਦਿੱਤਾ ਹੈ, ਤੁਸੀਂ ਇਸ ਤਰ੍ਹਾ ਕਹਿ ਸਕਦੇ ਹੋ, ''ਆਓ ਅਸੀਂ ਫਿਰ ਤੋਂ ਕਹਾਣੀ ਵੱਲ ਜਾਈਏ ਜੇਕਰ ਇਹ ਕਹਾਣੀ ਨਾਲ ਮੇਲ ਖਾਂਦਾ ਹੈ|" ਜੇਕਰ ਉਹ ਇਸ ਸਿੱਟੇ ਉੱਤੇ ਪਹੁੰਚਦੇ ਹਨ ਕਿ ਉਹ ਗਲਤ ਹਨ ਤਾਂ ਤੁਸੀ ਆਪਣੇ ਉੱਤੇ ਗੱਲ ਪਾਓ ਅਤੇ ਕਹੋ, ''ਮਾਫ ਕਰਨਾ ਮੈਂ ਇਹ ਹਿੱਸਾ ਤੁਹਾਨੂੰ ਸਮਝਾ ਨਹੀਂ ਸਕਿਆ" ਜਾਂ ''ਇਹ ਪ੍ਰਸ਼ਨ ਮੈਂ ਚੰਗੀ ਤਰ੍ਹਾਂ ਸਮਝਾ ਕੇ ਨਹੀਂ ਬੋਲਿਆ ਸੀ|"

ਜੇਕਰ ਸਰੋਤੇ ਦਾ ਉੱਤਰ ਜਾਂ ਪ੍ਰਸ਼ਨ ਬਿਲਕੁਲ ਹੀ ਵਿਸ਼ੇ ਤੋਂ ਬਾਹਰ ਹੋਵੇ ਤਾਂ ਤੁਸੀਂ ਕਹਿ ਸਕਦੇ ਹੋ, ''ਇਸ ਵਿਸ਼ੇ ਉੱਤੇ ਅਸੀਂ ਕਿਸੇ ਹੋਰ ਸਮੇਂ ਵਿਚਾਰ ਕਰਾਂਗੇ," ਜਾਂ ''ਅਸੀਂ ਅਗਲੀ ਕਹਾਣੀ ਵਿਚ ਇਸ ਦਾ ਉੱਤਰ ਵੇਖਾਂਗੇ|" ਕੁਝ ਪ੍ਰਸ਼ਨ ਅਜਿਹੇ ਹੁੰਦੇ ਹਨ ਜਿਹੜੇ ਕਿ ਕਿਸੇ ਪਾਸੇ ਨਹੀਂ ਹੁੰਦੇ ਅਤੇ ਸਾਰਾ ਗਰੁੱਪ ਮੁੱਖ ਮੁੱਦੇ ਤੋਂ ਹਟ ਜਾਵੇਗਾ ਜੇਕਰ ਤੁਸੀਂ ਉਨ੍ਹਾਂ ਪ੍ਰਸ਼ਨਾਂ ਉੱਤਰ ਦੇਣ ਵਿਚ ਸਮਾ ਖਰਚ ਕਰੋਗੇ|

ਜੇਕਰ ਗਰੁੱਪ ਵੱਡਾ ਹੋਵੇ ਜਾਂ ਸਮਾ ਘੱਟ ਹੋਵੇ| ਪ੍ਰਸ਼ਨ ਪੁੱਛਣਾ ਅਤੇ ਸਰੋਤਿਆਂ ਦੇ ਉੱਤਰਾਂ ਨੂੰ ਸੁਣਨਾ ਇਕ ਆਦਰਸ਼ ਤਰੀਕੇ ਨੂੰ STS ਇਸਤੇਮਾਲ ਕਰਦਾ ਹੈ| ਜੇਕਰ ਸਮਾ ਉੱਤਰ ਦੀ ਇਜਾਜਤ ਨਹੀਂ ਦਿੰਦਾ ਜਾਂ ਹਾਲਾਤ ਜਾਂ ਸਰੋਤਿਆਂ ਦੇ ਗਰੁੱਪ ਦੀ ਗਿਣਤੀ ਉੱਤਰ ਲੈਣ ਦੀ ਇਜਾਜਤ ਨਹੀਂ ਦਿੰਦੇ ਤਾਂ ਇਕ ਤਰੀਕਾ ਹੈ| ਸਿੱਖਿਅਕ ਨੂੰ ਇਸਤੇਮਾਲ ਕਰਦੇ ਹੋਏ ਅਲੰਕਰਤ ਪ੍ਰਸ਼ਨ ਪੁੱਛ ਸਕਦੇ ਹੋ| ਅਰਥਾਤ ਜਦ ਸਰੋਤਿਆਂ ਨੂੰ ਪ੍ਰਸ਼ਨ ਦੇ ਉੱਤਰ ਉੱਤੇ ਸੋਚਣ ਲਈ ਕਿਹਾ ਜਾਂਦਾ ਹੈ, ਪਰ ਉਨ੍ਹਾਂ ਨੂੰ ਆਪਣੇ ਉੱਤਰ ਉੱਚੀ ਅਵਾਜ ਵਿਚ ਨਾ ਬੋਲਣ| ਕਹਾਣੀ ਵਾਚਕ ਦੇ ਰੂਪ ਵਿਚ, ਤੁਹਾਨੂੰ ਇਹ ਗੱਲ ਯਕੀਨੀ ਬਣਾਉਣੀ ਹੈ ਕਿ ਤੁਸੀਂ ਉਨ੍ਹਾਂ ਨੂੰ ਕੁਝ ਸਮਾ ਦਿਓ, ਤਿੰਨ ਜਾਂ ਚਾਰ ਸਕਿੰਟ ਹੋ ਸਕਦੇ ਹਨ ਕਿ ਸਰੋਤੇ ਆਪਣੇ ਉੱਤਰ ਸੋਚ ਸਕਣ|

ਦਰੁਸਤੀ ਬਣਾਏ ਰੱਖੋ: ਸਮੀਖਿਆ ਦਾ ਮੁੱਲ

STS ਦੇ ਤਰੀਕੇ ਵਿਚ ਵਿਚਾਰ ਵਟਾਂਦਰੇ ਦਾ ਇਕ ਲਾਭ ਹੈ ਕਿ ਉਹ ''ਸੱਮਿਖਿਆ" ਦਾ ਇਕ ਜਬਰਦਸਤ ਸਾਧਨ ਹੈ|

ਵਿਚ ਸਮੀਖਿਆ ਬਹੁਤ ਜ਼ਰੂਰੀ ਹੈ ਜਦ ਬਾਈਬਲ ਦੀਆ ਕਹਾਣੀਆਂ ਸਮੇ ਦੇ ਕ੍ਰਮ ਅਨੁਸਾਰ ਪੇਸ਼ ਕੀਤੀਆਂ ਜਾਂਦੀਆਂ ਹਨ| ਇਸ ਦੇ ਬਜਾਏ ਕਿ ਸਿੱਖਿਅਕ ਕਹਾਣੀ ਦੇ ਅਰੰਭ ਤੋਂ ਪਹਿਲਾਂ ਭੂਮਿਕਾ ਦੇਵੇ ਸਿੱਖਿਅਕ ਉਨ੍ਹਾਂ ਕਹਾਣੀਆਂ ਦੇ ਬਾਰੇ ਪੁੱਛ ਸਕਦਾ ਹੈ ਜੋ ਉਨ੍ਹਾਂ ਪਹਿਲਾਂ ਸੁਣਿਆਂ ਹਨ ਅਤੇ ਜੋ ਖੋਜਾਂ ਕੀਤੀਆਂ ਹਨ|

ਕਿਉਂਕਿ ਹੋ ਸਕਦਾ ਹੈ ਕਿ ਸਿਖਾਉਣ ਦੇ ਸਮੇ ਕੁਝ ਨਵੇਂ ਲੋਕ ਆਏ ਹੋਣ ਜਾਂ ਇਹ ਵੀ ਹੋ ਸਕਦਾ ਹੈ ਕਿ ਕੁਝ ਲਗਾਤਾਰ ਆਉਣ ਵਾਲੇ ਵਿਅਕਤੀ ਪਿਛਲੀ ਸਭਾ ਵਿਚ ਨਾ ਆਏ ਹੋਣ ਤਾਂ ਪਿਛਲੀ ਦੀ ਸਮੀਖਿਆ ਕਰਨਾ ਲਈ ਸਹਾਇਕ ਹੋਵੇਗੇ ਜਿਨ੍ਹਾਂ ਨੇ ਇਸ ਨੂੰ ਪ੍ਰਾਪਤ ਨਹੀਂ ਕੀਤਾ ਸੀ| ਸਮੀਖਿਆ ਕਰਨ ਨਾਲ ਲੋਕਾਂ ਨੂੰ ਇਹ ਮੌਕਾ ਮਿਲ ਜਾਂਦਾ ਹੈ ਕਿ ਉਹ ਯਾਦ ਕੀਤੀ ਹੋਈ ਕਹਾਣੀ ਨੂੰ ਦੋਹਰਾ ਸਕਦਾ ਹੈ|

ਮੈਂਬਰਾਂ ਨੂੰ ਆਪਣੇ ਪ੍ਰਾਪਤ ਕੀਤੇ ਹੋਏ ਖਜਾਨੇ ਅਤੇ ਜੋ ਉਨ੍ਹਾਂ ਸਿੱਖਿਆ ਹੈ ਉਹ ਦੱਸਣ ਲਈ ਕਹਿਣਾ ਚਾਹਦਾ ਹੈ| ਸਮੀਖਿਆ ਦੂਜੇ ਲੋਕਾਂ ਨੂੰ ਆਪਣੇ ਮਨਾਂ ਵਿਚ ਸਿੱਖਿਆ ਗੱਲਾਂ ਨੂੰ ਦ੍ਰਿੜ ਅਤੇ ਕਰਦਾ ਹੈ ਅਤੇ ਦੂਜਿਆਂ ਨੂੰ ਵਚਨ ਸੁਣਾਉਣ ਲਈ ਵੀ ਦ੍ਰਿੜ ਕਰਦਾ ਹੈ| ਇਹੀ ਉਹ ਸਹੀ ਸਮਾ ਹੈ ਜਿਥੇ ਸਭਾ ਵਿਚ ਲੋਕਾਂ ਦੀਆਂ ਗਵਾਹੀਆਂ ਸੁਣ ਸਕਦੇ ਹਾਂ ਕਿ ਉਨ੍ਹਾਂ ਨੇ ਪਿਛਲੇ ਹਫਤੇ ਕਹਾਣੀਆਂ ਨੂੰ ਕਿਸ ਤਰ੍ਹਾਂ ਇਸਤੇਮਾਲ ਕੀਤਾ|

ਨਾਲ ਹੀ, ਜਦ ਕਲਾਸ ਵਿਚ ਲੋਕਾਂ ਨੂੰ ਇਹ ਮੌਕਾ ਦਿੱਤਾ ਜਾਂਦਾ ਹੈ ਕਿਹ ਉਹ ਪਿਛਲੀ ਕਲਾਸ ਦੌਰਾਨ ਸਿੱਖੀਆਂ ਹੋਇਆਂ ਗੱਲਾਂ ਨੂੰ ਦੱਸਣ ਤਾਂ ਸਿੱਖਿਅਕ ਇਹ ਸਮਝ ਜਾਂਦਾ ਹੈ ਕਿ ਪਿਛਲੇ ਹਫਤੇ ਸਿਖਾਈ ਗਈ ਕਹਾਣੀ ਅਤੇ ਇਸ ਦੇ ਖਜਾਨੇ ਕਿਸ ਤਰ੍ਹਾਂ ਸਮਝੇ ਗਏ| ਜੇਕਰ ਲੋਕ ਜਿਹੜੇ ਪਹਿਲਾਂ ਸਿੱਖੇ ਹੋਏ ਦੇ ਪ੍ਰਤੀ ਅਸਪਸ਼ਟ ਹਨ ਜਾਂ ਕਹਾਣੀ ਨਹੀਂ ਸੁਣਾ ਸਕਦੇ ਤਾਂ ਸਿੱਖਿਅਕ ਲਈ ਇਹ ਸੰਕੇਤ ਹੈ ਕਿ ਉਹ ਸਾਰਿਆਂ ਲਈ ਕਹਾਣੀ ਦੀ ਸਮੀਖਿਆ ਕਰੇ|

ਇਸ ਦਾ ਕੋਈ ਮਤਲਬ ਨਹੀਂ ਬਣਦਾ ਕਿ ਅੱਗੇ ਵਧਿਆ ਜਾਵੇ ਜਦ ਤਕ ਕਿ ਉਹ ਕਹਾਣੀ ਸਭ ਦੇ ਰਾਹੀਂ ਚੰਗੀ ਤਰ੍ਹਾਂ ਸਮਝੀ ਨਾ ਜਾਵੇ|

ਅਧਿਆਏ 7: ਸਹੀ ਸਹੀ ਲਾਗੂ ਕਰਨਾ ਜਾਂ ਪ੍ਰਯੋਗ ਅਰਥਾਤ ਹਾਥੀ ਦੀ ਖੋਜ ਕਰਨਾ

ਜਿਵੇਂ ਜਿਵੇਂ ਕਹਾਣੀ ਵਾਚਕ ਆਪਣੇ ਖੋਜਬੀਨ ਦੇ ਹੁੱਨਰ ਵਿਚ ਵਧਦੇ ਹਨ, ਉਹ ਇਹ ਧਿਆਨ ਦੇਣਾ ਅਰੰਭ ਕਰਦੇ ਹਨ ਕਿ ਉਨ੍ਹਾਂ ਨੇ ਪਹਿਲਾਂ ਕਈ ਵੇਰਵੇ ਪਿਛਲੇ ਹਿੱਸੇ ਅਧਿਐਨ ਵਿਚ ਛੱਡ ਦਿੱਤੇ ਹਨ| ਇਸ ਵਿਚ ਕੋਈ ਗੱਲ ਨਹੀਂ ਕਿ ਵੇਰਵਾ ਕਿੰਨਾ ਛੋਟਾ ਹੈ ਹਰੇਕ ਇਕ ਖੋਜ ਕਿੰਨੀ ਖੁਸ਼ੀ ਲੈ ਕੇ ਆਉਂਦੀ ਹੈ| ਪਰ, ਜਿਵੇਂ ਹੀ ਉਹ ਛੋਟੇ ਦਿਲਚਸਪ ਵੇਰਵੇ ਮਿਲਦੇ ਹਨ, ਕਹਾਣੀ ਵਾਚਕਾਂ ਸਚੇਤ ਹੋਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਨੂੰ ਨਜ਼ਰ ਤੋਂ ਓਹਲੇ ਨਾ ਕਰਨ| ਕਹਾਣੀ ਵਾਚਕਾਂ ਨੂੰ ਇਹ ਹਮੇਸ਼ਾ ਦਿਮਾਗ ਵਿਚ ਰੱਖਣਾ ਚਾਹੀਦਾ ਹੈ ਕਿ ਬਾਈਬਲ ਇਤਹਾਸ ਪੁਸਤਕ ਤੋਂ ਵਧ ਕੇ ਹੈ| ਉਹ ਕਿਸੇ ਵੀ ਆਤਮਿਕ ਸੰਦੇਸ਼ ਜਾਂ ਉਪਦੇਸ਼ ਨੂੰ ਨਾ ਛੱਡਣ ਜੋ ਛੋਟਾ ਵੇਰਵਾ ਕਹਾਣੀ ਸਾਹਮਣੇ ਲਿਆਉਂਦੀ ਹੈ|

ਉਦਾਹਰਣ ਲਈ, ਲੋਕ ਅਕਸਰ ਦਾਊਦ ਅਤੇ ਗੋਲੀਅਥ ਦੀ ਕਹਾਣੀ ਦੱਸਦੇ ਹਨ| ਉਹ ਪ੍ਰਚਾਰ ਕਰਦੇ ਹਨ ਜਾਂ ਵਿਚਾਰ ਵਟਾਂਦਰਾ ਕਰਦੇ ਹਨ ਕਿ ਦਾਊਦ ਨੇ ਇਕ ਛੋਟਾ ਬੱਚਾ ਹੁੰਦੇ ਹੋਏ ਉਸ ਨੇ ਇਕ ਵੱਡੇ ਹੁੱਨਰ ਨੂੰ ਵਿਕਸਿਤ ਕੀਤਾ ਅਤੇ ਉਹ ਬਹਾਦਰ ਸੀ ਅਤੇ ਉਸ ਰਾਖਸ਼ ਦਾ ਸਾਹਮਣਾ ਕਰਨ ਵਿਚ ਸਾਹਸੀ ਸੀ ਅਤੇ ਉਸ ਨੂੰ ਜਿੱਤ ਲਿਆ| ਤਦ ਇਸ ਨੂੰ ਇਸ ਤਰ੍ਹਾਂ ਲਾਗੂ ਜਾਂ ਪ੍ਰਯੋਗ ਕੀਤਾ ਜਾਂਦਾ ਹੈ: ''ਤੁਹਾਨੂੰ ਸਭ ਨੂੰ ਦਾਊਦ ਦੇ ਵਾਂਗ ਹੋਣਾ ਚਾਹੀਦਾ ਹੈ ਅਤੇ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਬਹਾਦਰੀ ਨਾਲ ਕਰਨਾ ਚਾਹੀਦਾ ਹੈ|"

ਬਹੁਤ ਅੱਛਾ ਉਪਦੇਸ਼ ਹੈ| ਪਰ, ਕੀ ਇਸ ਕਹਾਣੀ ਵਿਚ ਬੱਸ ਇੰਨਾ ਕੁਝ ਹੀ ਹੈ?

ਬੇਸ਼ਕ ਕਹਾਣੀ ਵਿਚ ਪ੍ਰਚਾਰ ਕੀਤੀਆਂ ਹੋਈਆਂ ਸਾਰੀਆਂ ਗੱਲਾਂ ਹਨ, ਪਰ ਕਹਾਣੀ ਦੇ ਮੁੱਖ ਆਤਮਿਕ ਸੰਦੇਸ਼ ਨੂੰ ਨਜ਼ਰ ਅੰਦਾਜ ਕੀਤਾ ਗਿਆ ਹੈ| ਕਹਾਣੀ ਦੇ ਅਨੁਸਾਰ, ਦਾਊਦ ਜਾਣਦਾ ਸੀ ਕਿ ਉਸ ਦਾ ਪਰਮੇਸ਼ਰ ਉਸ ਰਾਖਸ਼ ਨੂੰ ਹਰਾਉਣ ਦੇ ਕਾਬਿਲ ਹੈ ਅਤੇ ਉਸ ਸੇਨਾ ਦੇ ਵਿਰੁੱਧ ਹੈ ਜਿਹੜੀ ਕਿ ਝੂਠੇ ਦੇਵਤਿਆਂ ਵਿਚ ਭਰੋਸਾ ਰੱਖਦੀ ਸੀ| ਇਸ ਦੇ ਇਲਾਵਾ, ਇਸਰਾਏਲ ਦੀ ਸੇਨਾ ਅਤੇ ਸ਼ਾਉਲ ਉਨ੍ਹਾਂ ਦਾ ਰਾਜਾ, ਜਿਹੜੇ ਕਿ ਇਸ ਰਾਖਸ਼ ਨੂੰ ਅਤੇ ਇਹ ਸੇਨਾ ਜੋ ਜਿਹੜੀ ਝੂਠੇ ਦੇਵਤਿਆਂ ਦੀ ਪੂਜਾ ਕਰਦੀ ਸੀ, ਹਰਾਉਣ ਲਈ ਪਰਮੇਸ਼ਰ ਉੱਤੇ ਨਿਰਭਰ ਹੁੰਦੇ ਆ ਰਹੇ ਸਨ, ਇਹ ਯੁੱਧ ਵਿਚ ਪਰਮੇਸ਼ਰ ਉੱਤੇ ਭਰੋਸਾ ਕਰਨ ਦੇ ਮੌਕੇ ਨੂੰ ਗੁਆ ਬੈਠੇ| ਝੂਠੇ ਦੇਵਤਿਆਂ ਨੂੰ ਪੂਜਣ

ਵਾਲੀ ਸੇਨਾ ਹਾਰ ਗਈ ਜਦ ਇਕ ਆਮ ਜਿਹਾ ਵਿਖਣ ਵਾਲਾ ਵਿਅਕਤੀ ਵਿਸ਼ਵਾਸ ਵਿਚ ਚੱਲਿਆ|

ਸਾਰੀਆਂ ਕਹਾਣੀਆਂ ਵਿਚ, ਜਿਵੇਂ ਕਿ ਤੁਸੀਂ ਕਈ ਉੱਚਿਤ, ਛੋਟੇ ਵੇਰਵੇ ਮਿਲਦੇ ਹਨ, ਇਸ ਗੱਲ ਨੂੰ ਯਕੀਨੀ ਬਣਾਓ ਕਿ ਤੁਸੀਂ ਧਿਆਨ ਨਾਲ ਸੁਣ ਰਹੋ ਹੋ ਤਾਂਕਿ ਤੁਸੀਂ ਜਾਣ ਵਾਲੀ ਆਤਮਿਕ ਸਚਿਆਈਆਂ ਨੂੰ ਲੈ ਸਕੋ ਜਿਹੜੀਆਂ ਕਿ ਹਕੀਕਤ ਵਿਚ ਹੀ ਕਹਾਣੀ ਦੇ ਅੰਦਰ ਹਨ|

ਹਾਥੀ ਲੱਭਣ ਦਾ ਸਿਧਾਂਤ ਸਾਨੂੰ ਸਭ ਨੂੰ ਯਾਦ ਕਰਾਉਣ ਵਿਚ ਸਹਾਇਕ ਹੋ ਸਕਦਾ ਹੈ, ਕਹਾਣੀ ਵਾਚਕ ਹੋਣ ਦੇ ਨਾਤੇ, ਕਹਾਣੀ ਦੀ ਦਰੁਸਤੀ ਨੂੰ ਬਣਾਏ ਰੱਖਣ ਲਈ ਅਸੀਂ ਕਈ ਆਤਮਿਕ ਖਜਾਨਿਆਂ ਦੀ ਭਾਲ ਕਰਦੇ ਹਾਂ ਜਿਹੜੇ ਇਸ ਵਿਚ ਹੁੰਦੇ ਹਨ|

ਹਾਥੀ ਨੂੰ ਭਾਲਣ ਦੀ . . .ਪਹਿਲੀ ਸਥਿਤੀ

ਹੋ ਸਕਦਾ ਹੈ ਕਿ ਤੁਸੀਂ ਇਸ ਤਰ੍ਹਾਂ ਦੀ ਮਿਲਦੀ-ਜੁਲਦੀ ਘਟਨਾ ਪਹਿਲਾਂ ਵੀ ਸੁਣੀ ਹੋਵੇ| ਪੰਜ ਦ੍ਰਿਸ਼ਟੀਹੀਣ ਮਨੁੱਖ ਹਾਥੀ ਕੋਲ ਲਿਆਏ ਗਏ| ''ਹਾਂ ਜੀ, ਤੁਸੀਂ ਹੁਣ ਇਕ ਹਾਥੀ ਦੇ ਕੋਲ ਖੜ੍ਹੇ ਹੋ| ਕਿਰਪਾ ਕਰਕੇ ਇਸ ਦੀ ਵਿਆਖਿਆ ਕਰੋ|" ਉਸੇ ਹੀ ਘੜੀ, ਉਨ੍ਹਾਂ ਵਿਚੋਂ ਚਾਰ ਇਹ ਮਹਿਸੂਸ ਕਰਨ ਲੱਗੇ ਕਿ ਹਾਥੀ ਦਾ ਕਿਹੜਾ ਹਿੱਸਾ ਉਹ ਪਹਿਲਾਂ ਛੂਹਣਗੇ|

ਇਕ ਦੇ ਹੱਥ ਹਾਥੀ ਦੀ ਪੂਛ ਆ ਗਈ ਅਤੇ ਉਸ ਨੇ ਇਸ ਤਰ੍ਹਾਂ ਹਾਥੀ ਦੇ ਬਾਰੇ ਦੱਸਣਾ ਅਰੰਭ ਕੀਤਾ, ''ਇਹ ਤਾਂ ਦਰਖ਼ਤ ਦੀ ਛੋਟੀ ਜਿਹੀ ਟੈਹਿਣੀ ਹੈ|"

ਦੂਜੇ ਦ੍ਰਿਸ਼ਟੀਹੀਣ ਨੇ ਹਾਥੀ ਦੇ ਕੰਨ ਨੂੰ ਫੜ੍ਹ ਲਿਆ ਅਤੇ ਕਿਹਾ, ''ਹਾਥੀ ਤਾਂ ਦਰਖ਼ਤ ਦੇ ਬਹੁਤ ਵੱਡੇ ਪੱਤੇ ਜਿਹਾ ਹੋਣਾ ਚਾਹੀਦਾ ਹੈ|"

ਤਦ ਤੀਜੇ ਮਨੁੱਖ ਨੇ ਹਾਥੀ ਦੇ ਸੁੰਡ ਨੂੰ ਮਹਿਸੂਸ ਕੀਤਾ, ''ਹਾਥੀ ਤਾਂ ਇਕ ਲੰਮੀ ਨਾਲੀ ਹੈ ਜਿਹੜੀ ਕਈ ਥਾਵਾਂ ਤੋਂ ਮੁੜੀ ਹੋਈ ਹੈ|"

ਚੌਥੇ ਮਨੁੱਖ ਨੇ ਹਾਥੀ ਦੇ ਢਿੱਡ ਕੋਲ ਪਹੁੰਚਣ ਦੀ ਕੋਸ਼ਿਸ਼ ਕੀਤੀ| ਪਰ ਉਹ ਨਾ ਪਹੁੰਚ ਸਕਿਆ| ਇਸ ਲਈ ਉਸ ਨੇ ਬਿਆਨ ਕੀਤਾ, ''ਹਾਥੀ ਤਾਂ ਵੱਡੀ ਗੋਲ ਚੱਟਾਨ ਜਿਹਾ ਹੈ; ਪਰ ਇਹ ਪੱਥਰ ਦੀ ਤਰ੍ਹਾਂ ਸਖਤ ਨਹੀਂ ਹੈ ਅਤੇ ਇਹ ਤਾਂ ਹਿਲਦਾ ਜੁਲਦਾ ਵੀ ਹੈ!"

ਪੰਜਵਾਂ ਦ੍ਰਿਸ਼ਟੀਹੀਣ ਮਨੁੱਖ ਹੱਸਿਆ ਅਤੇ ਕਹਿਣ ਲੱਗਾ, ''ਓ ਨਹੀਂ ਭਰਾ, ਹਾਥੀ ਕਿਹੋ ਜਿਹਾ ਹੈ ਮੈਨੂੰ ਇਹ ਦੱਸਣ ਦੀ ਕੋਈ ਲੋੜ ਨਹੀਂ ਹੈ| ਮੈਂ ਹਾਥੀ ਦੀ ਉੱਚੀ ਅਵਾਜ਼ ਤੁਰ੍ਹੀ ਜਿਹੀ ਕਈ ਵਾਰ ਸੁਣੀ ਹੈ| ਹਰ ਕੋਈ ਜਾਣਦਾ ਹੈ ਕਿ ਹਾਥੀ ਇਹ ਬਹੁਤ ਵੱਡਾ ਵੱਜਣ ਵਾਲਾ ਵਾਜਾ ਹੈ"!

ਭਾਵੇਂ ਕਿ ਹਰੇਕ ਮਨੁੱਖ ਨੇ ਹਾਥੀ ਦੇ ਕਿਸੇ ਨਾ ਕਿਸੇ ਹਿੱਸੇ ਦਾ ਸਹੀ ਬਿਆਨ ਕੀਤਾ ਹੈ, ਉਨ੍ਹਾਂ ਵਿਚੋਂ ਕੋਈ ਵੀ ਇਹ ਨਹੀਂ ਸਮਝ ਸਕਿਆ ਕਿ ਉਹ ਸਾਰਾ ਜਾਨਵਰ ਕਿਸ ਤਰ੍ਹਾਂ ਦਾ ਹੈ| ਉਨ੍ਹਾਂ ਨੇ ਹਾਥੀ ਨੂੰ ਗੁਆ ਦਿੱਤਾ|

ਜਦ ਅਸੀਂ ਬਾਈਬਲ ਦੀ ਕਹਾਣੀ ਵਿਚ ਖ਼ਜ਼ਾਨੇ ਭਾਲਦੇ ਹਾਂ, ਸਾਨੂੰ ਇਕ ਗੱਲ ਯਾਦ ਰੱਖਣੀ

ਚਾਹੀਦੀ ਹੈ ਕਿ ਹਰੇਕ ਕਹਾਣੀ ਦੀ ਸੰਪੂਰਨਤਾ ਹੈ| ਅਸੀਂ ਇਸ ਨੂੰ ਸੰਪੂਰਨਤਾ ਕਹਿੰਦੇ ਹਾਂ, ''ਹਾਥੀ|" (ਜਦ ਕਹਾਣੀ ਲੰਮੀ ਹੋਵੇ ਅਤੇ ਉਸ ਵਿਚ ਕਈ ਹਿੱਸੇ ਹੋਣ, ਉਸੇ ਹੀ ਡਰਾਮੇ ਦੀ ਤਰ੍ਹਾਂ ਜਿਸ ਵਿਚ ਇਕ ਤੋਂ ਵੱਧ ਚਰਿੱਤਰ ਹੋਣ| ਉਨ੍ਹਾਂ ਲੰਮੀਆਂ ਕਹਾਣੀਆਂ ਵਿਚ, ਹਰੇਕ ਦ੍ਰਿਸ਼ ਜਾਂ ਚਰਿੱਤਰ ਵਿਚ ਹੋ ਸਕਦਾ ਹੈ ਕਿ ਹਾਥੀ ਦੀ ਤਰ੍ਹਾਂ ਹਰੇਕ ਹਿੱਸੇ ਵਿਚ ਸਚਿਆਈ ਹੋਵੇ|)
ਕਦੀ ਕਦੀ, ਜਦ ਮਿਲਦੀ ਜੁਲਦੀ ਕਹਾਣੀ ਪੜ੍ਹਦੇ ਹਾਂ, ਹੋ ਸਕਦਾ ਹੈ ਕਿ ਸਾਡੇ ਦਿਮਾਗ ਵਿਚ ਕਹਾਣੀ ਦੇ ਬਾਰੇ ਪਹਿਲਾਂ ਤੋਂ ਹੀ ਕੁਝ ਵਿਚਾਰ ਹੋਣ, ਇਸ ਲਈ ਅਸੀਂ ਉਸ ਨੂੰ ਸੁਣਨ ਲਈ ਅਸਲ 'ਚ ਫੇਲ੍ਹ ਹੋ ਗਏ| ਦ੍ਰਿਸ਼ਟੀਹੀਣਾਂ ਵਿਚੋਂ ਇਕ ਨੂੰ ਯਾਦ ਕਰੋ ਉਸ ਨੇ ਪੜਤਾਲ ਕਰਨ ਲਈ ਸਮਾ ਹੀ ਨਹੀਂ ਦਿੱਤਾ (ਕਿਉ ਉਹ ਇੰਨਾ ਕਾਇਲ ਸੀ ਕਿ ਹਾਥੀ ਤਾਂ ਇਕ ਵੱਜਣ ਵਾਲਾ ਵਾਜਾ ਹੈ)? ਅਸੀਂ ਵੀ ਸੋਚ ਸਕਦੇ ਹਾਂ ਕਿ ਅਸੀਂ ਤਾਂ ਬਾਈਬਲ ਦੇ ਇਸ ਹਵਾਲੇ ਬਾਰੇ ਪਹਿਲਾਂ ਹੀ ਜਾਣਦੇ ਹਾਂ ਅਤੇ ਇਸ ਦੇ ਸਿੱਟੇ ਵਜੋਂ ਅਸੀਂ ਕਹਾਣੀ ਦੀ ਸੰਪਰਨ ਸਚਿਆਈ ਨੂੰ ਗੁਆ ਬੈਠਦੇ ਹਾਂ| ਉਸੇ ਹੀ ਤਰ੍ਹਾਂ, ਬੜੀ ਅਸਾਨੀ ਨਾਲ ਅਸੀਂ ਦ੍ਰਿਸ਼ਟੀਹੀਣ ਮਨੁੱਖਾਂ ਦੀ ਤਰ੍ਹਾਂ ਉਹੀ ਗਲਤੀ ਕਰ ਸਕਦੇ ਹਾਂ| ਅਸੀਂ ਇਸ ਨੂੰ ਕਹਾਣੀ ਦੇ ਕੁਝ ਨਿੱਜੀ ਹਿੱਸਿਆਂ ਨੂੰ ਆਪਣੇ ਹੱਥ ਵਿਚ ਫੜ੍ਹੀ ਰੱਖਣ ਦੇ ਰਾਹੀਂ ਕਰ ਸਕਦੇ ਹਾਂ ਅਤੇ ਤਦ ਉਥੇ ਹੀ ਰੁਕ ਜਾਂਦੇ ਹਾਂ| ਕਹਾਣੀ ਦੀ ਸੰਪੂਰਨਤਾ ਨੂੰ ਸਮਝ੍ਹਣ ਵਿਚ ਫੇਲ੍ਹ ਹੋਣ ਦੇ ਕਾਰਨ ਅਤੇ ਜਿਸ ਤਰੀਕੇ ਨਾਲ ਸਾਰੇ ਹਿੱਸੇ ਜੋੜੇ ਗਏ ਹਨ, ਹੋ ਸਕਦਾ ਹੈ ਕਿ ਅਸੀਂ ਸਾਰੇ ਹਾਥੀ ਨੂੰ ਹੀ ਗੁਆ ਦੇਈਏ|
ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸਾਰੀ ਕਹਾਣੀ ਦਰੁਸਤੀ ਨਾਲ ਸਮਝ੍ਹ ਲਈ ਹੈ ਇਸ ਲਈ ਧਿਆਨ ਨਾਲ ਸੁਣਨਾ ਅਤੇ ਪ੍ਰਾਰਥਨਾ ਕਰਨ ਦੀ ਲੋੜ ਹੈ| ਜਿਹੜੀਆਂ ਵੱਖ ਵੱਖ ਸਚਿਆਈਆਂ ਤੁਸੀਂ ਲੱਭੀਆਂ ਹਨ ਉਹ ਠੀਕ ਹਨ, ਪਰ ਉਹ ਵੱਖ ਵੱਖ ਸਚਿਆਈਆਂ ਹੋ ਸਕਦਾ ਹੈ ਕਿ ਹੋਣ ਦੇ ਬਾਵਜੂਦ ਵੀ ਸੰਪੂਰਨ ਹਾਥੀ ਦਾ ਬਿਆਨ ਨਾ ਕਰ ਸਕਣ|

ਬਾਈਬਲ ਵਿਚੋਂ-ਹਾਥੀ ਭਾਲਣ-ਦੇ ਉਦਾਹਰਨ:
ਪਹਿਲਾਂ ਮਰਕੁਸ 1:40-45 ਪੜ੍ਹੋ|
ਤਦ ਆਪਣਾ ਸਮਾ ਲਓ ਅਤੇ ਕਹਾਣੀ ਵਿਚੋਂ ਹਾਥੀ ਨੂੰ ਭਾਲੋ|
''ਇਕ ਕੋੜ੍ਹੀ ਨੇ ਉਹ ਦੇ ਕੋਲ ਆਣਕੇ ਉਹ ਦੀ ਮਿੰਨਤ ਕੀਤੀ ਅਰ ਉਹ ਦੇ ਅੱਗੇ ਗੋਡੇ ਨਿਵਾ ਕੇ ਉਸ ਨੂੰ ਆਖਿਆ, ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁਧ ਕਰ ਸਕਦਾ ਹੈਂ| ਅਤੇ ਉਸ ਨੇ ਤਰਸ ਖਾ ਕੇ ਆਪਣਾ ਹੱਥ ਲੰਮਾ ਕੀਤਾ ਅਰ ਉਹ ਨੂੰ ਛੋਹ ਕੇ ਕਿਹਾ, ਮੈਂ ਚਾਹੁੰਦਾ ਹਾਂ, ਤੂੰ ਸ਼ੁੱਧ ਹੋ ਜਾ| ਤਾਂ ਝੱਟ ਉਹ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਸ਼ੁੱਧ ਹੋ ਗਿਆ! ਤਦ ਉਸ ਨੇ ਉਹ ਨੂੰ ਤਗੀਦ ਕਰ ਕੇ ਉਸੇ ਵੇਲੇ ਘੱਲ ਦਿੱਤਾ| ਅਤੇ ਉਹ ਨੂੰ ਇਹ ਕਿਹਾ, ਵੇਖ ਕਿਸੇ ਨੂੰ ਕੁਝ ਨਾ ਦੱਸੀਂ ਪਰ ਜਾ ਕੇ ਆਪਣੇ ਤਾਈਂ ਜਾਜਕ ਨੂੰ ਵਿਖਾ ਅਰ ਆਪਣੇ ਸ਼ੁੱਧ ਹੋਣ ਦੇ ਕਾਰਨ ਜਿਹੜੀ ਭੇਟ ਮੂਸਾ ਨੇ ਠਹਿਰਾਈ ਚੜ੍ਹਾ ਤਾਂ ਜੋ ਉਨ੍ਹਾਂ ਲਈ ਸਾਖੀ ਹੋਵੇ| ਪਰ ਉਹ ਬਾਹਰ ਜਾ ਕੇ ਬਹੁਤ ਚਰਚਾ ਕਰਨ ਲੱਗਾ ਅਤੇ ਇਸ ਗੱਲ ਨੂੰ ਐਡਾ ਉਜਾਗਰ ਕੀਤਾ ਜੋ ਯਿਸੂ ਫੇਰ ਨਗਰ ਵਿੱਚ ਖੁਲ੍ਹਮਖੁਲ੍ਹਾ ਨਾ ਵੜ

ਸੱਕਿਆ ਪਰ ਬਾਹਰ ਉਜਾੜ ਥਾਵਾਂ ਵਿਚ ਰਿਹਾ ਅਤੇ ਲੋਕ ਚੁਫੇਰਿਓਂ ਉਹ ਦੇ ਕੋਲ ਆਉਂਦੇ ਜਾਂਦੇ ਸਨ|"

ਬੇਸ਼ਕ ਇਸ ਕਹਾਣੀ ਵਿਚ ਬਹੁਤ ਸਾਰੇ ਅਨੇਖੇ ਅਤੇ ਮਹੱਤਵਪੂਰਨ ਖ਼ਜ਼ਾਨੇ ਹਨ| ਪਰ ਕੀ ਤੁਸੀਂ ਹਾਥੀ ਨੂੰ ਵੇਖਦੇ ਹੋ? ਅਕਸਰ ਸਿੱਖਿਅਕ ਇਸ ਨੂੰ ਗੁਆ ਬੈਠਦੇ ਹਨ|

ਉਹ ਇਸ ਤਰ੍ਹਾਂ ਦੀਆਂ ਗੱਲਾਂ ਵੇਖਦੇ ਹਨ:

1. ਮਨੁੱਖ ਦਾ ਵਿਸ਼ਵਾਸ ਜਿਸ ਨਾਲ ਯਿਸੂ ਚੰਗਾ ਕਰ ਸਕਦਾ ਹੈ,
2. ਯਿਸੂ ਦਾ ਚੰਗਾ ਕਰਨ ਲਈ ਰਾਜੀ ਹੋਣਾ,
3. ਯਿਸੂ ਦੇ ਤਰਸ ਅਤੇ ਦਇਆ,
4. ਯਿਸੂ ਕੋੜ੍ਹੀ ਨੂੰ ਛੂਹਣ ਦੇ ਰਾਹੀਂ ਆਪਣਾ ਪ੍ਰੇਮ ਵਿਖਾਉਣਾ,
5. ਯਿਸੂ ਦੀ ਅਛੂਤ ਨਾਲ ਪਛਾਣ ਅਤੇ
6. ਯਿਸੂ ਦੀ ਚੰਗਾ ਕਰਨ ਦੀ ਸ਼ਕਤੀ

ਪਰ ਫਿਰ ਉਹ, ਕੁਝ ਹੋਰ ਦਿਲਚਸਪ ਨਿਰਖਣਾਂ ਨੂੰ ਵੀ ਬਣਉਂਦੇ ਹਨ:

1. ਯਿਸੂ ਨੇ ਉਸ ਵਿਅਕਤੀ ਨੂੰ ਕਿਹਾ ਸੀ ਆਪਣੀ ਚੰਗਿਆਈ ਬਾਰੇ ਕਿਸੇ ਨੂੰ ਨਾ ਦੱਸੀਂ, ਪਰ ਆਪਣੇ ਆਪ ਨੂੰ ਜਾ ਕੇ ਜਾਜਕ ਨੂੰ ਵਿਖਾ| ਪਰ ਇਹ ਵਿਅਕਤੀ ਇੰਨਾ ਜੋਸ਼ ਨਾਲ ਭਰ ਗਿਆ ਸੀ ਕਿ ਉਹ ਆਪਣੇ ਆਪ ਵਿਚ ਇਸ ਗੱਲ ਨੂੰ ਰੱਖ ਨਹੀਂ ਸਕਿਆ, ਇਸ ਲਈ ਉਸ ਨੇ ਜਾ ਕੇ ਆਪਣੀ ਚੰਗਿਆਈ ਦੇ ਬਾਰੇ ਸਭ ਲੋਕਾਂ ਨੂੰ ਜਾ ਦੱਸਿਆ ਅਤੇ ਗਵਾਹੀ ਦਿੱਤੀ ਕਿ ਯਿਸੂ ਨੇ ਉਸ ਨੂੰ ਕਿਸ ਤਰ੍ਹਾਂ ਚੰਗਾ ਕੀਤਾ| ਤਦ ਪ੍ਰਚਾਰ ਰਾਹੀਂ ਖੁਸ਼ੀ ਅਤੇ ਸ਼ਲਾਘਾ ਨੂੰ ਲਾਗੂ ਕੀਤਾ ਜਾਂ ਪ੍ਰਯੋਗ ਕੀਤਾ ਜਾਂਦਾ ਹੈ|

2. ਭਾਵੇਂ ਕਿ ਚੰਗੇ ਹੋਏ ਵਿਅਕਤੀ ਨੂੰ ਲੋਕਾਂ ਨੂੰ ਇਹ ਦੱਸਣਾ ਨਹੀਂ ਚਾਹੀਦਾ ਸੀ ਕਿ ਜੋ ਹੋਇਆ ਸੀ, ਪਰ ਉਹ ਖੁਸ਼ੀ ਦੇ ਮਾਰੇ ਉਹ ਇਹ ਨਾ ਕਰ ਸਕਿਆ ਪਰ ਗਵਾਹੀ ਦਿੱਤੀ| ਇਥੇ ਗਵਾਹੀ ਦੇਣ ਦੀ ਮਹੱਤਤਾ ਉੱਤੇ ਪ੍ਰਯੋਗ ਦਿੱਤਾ ਜਾਂਦਾ ਹੈ|

3. ਕਿਉਂਕਿ ਇਹ ਵਿਅਕਤੀ ਆਪਣੀ ਚੰਗਿਆਈ ਦੇ ਬਾਰੇ ਸਭ ਨੂੰ ਦੱਸਦਾ ਗਿਆ, ਯਿਸੂ ਨੂੰ ਨਗਰਾਂ ਚੋਂ ਬਾਹਰ ਜਾਣਾ ਸੀ ਅਤੇ ''ਲੋਕ ਉਸ ਕੋਲ ਹਰ ਪਾਸਿਓਂ ਆ ਗਏ|" ਇਸ ਵਿਅਕਤੀ ਦੀ ਖਬਰ ਦਿੱਤੇ ਜਾਣ ਦੇ ਪਰਿਨਾਮ ਸਰੂਪ, ਹੋਰ ਵੀ ਲੋਕ ਯਿਸੂ ਕੋਲ ਚੰਗੇ ਹੋਣ ਲਈ ਆ ਗਏ| ਅਤੇ ਪ੍ਰਯੋਗ ਇਹ ਬਣਾਇਆ ਜਾਂਦਾ ਹੈ ਕਿ ਇਕ ਚੰਗੇ ਹੋਣਵਾਲੇ ਵਿਅਕਤੀ ਦੇ ਰਾਹੀਂ ਕਿਵੇਂ ਪਰਮੇਸ਼ਰ ਦਾ ਰਾਜ ਪੂਰਾ ਹੋਇਆ|

ਆਓ ਅਸੀਂ ਕਹਾਣੀ ਉੱਤੇ ਵਿਚਾਰ ਕਰੀਏ ਅਤੇ ਵੇਖੀਏ ਕਿ ਕਿੰਨੇ ਅਨੇਖੇ ਖਜਾਨੇ ਕਹਾਣੀ ਨੂੰ

ਸੰਪੂਰਨ ਕਰਦੇ ਹਨ|
ਕੀ ਉਹ ਸਾਰੇ ਖਜਾਨੇ ਵੇਖੇ ਜਿਨ੍ਹਾਂ ਦੀ ਸੂਚੀ ਕਹਾਣੀ ਦੀ ਸਹੀ ਸਮੀਖਿਆ ਲਈ ਦਿੱਤੀ ਗਈ ਹੈ, ਜਾਂ ਕਹਾਣੀ ਦੇ ਕਿਸੇ ਮੁੱਖ ਹਿੱਸੇ ਉੱਤੇ ਧਿਆਨ ਕੀਤਾ? ਕੀ ਇਹ ਸੰਭਵ ਹੈ ਕਿ ਅੱਧਾ ਹਾਥੀ ਹੀ ਲੱਭਿਆ ਹੋਵੇ?
ਇਹ ਜ਼ਰੂਰੀ ਹੈ ਕਿ ਕਹਾਣੀ ਵਿਚ ਕਈ ਖਜਾਨਿਆਂ ਉੱਤੇ ਵਿਚਾਰ ਕੀਤਾ ਜਾਵੇ, ਜਿਵੇਂ ਕਿ ਚੰਗਿਆਈ ਅਤੇ ਚੰਗਾ ਹੋਣ ਲਈ ਕੋੜ੍ਹੀ ਦਾ ਵਿਸ਼ਵਾਸ| ਪਰ ਜੇਕਰ ਅਸੀਂ ਕਹਾਣੀ ਦੀਆਂ ਕੁਝ ਗੱਲਾਂ ਨੂੰ ਨਜ਼ਰ ਅੰਦਾਜ਼ ਕਰ ਦੇਈਏ, ਜਾਂ ਉਹ ਸਿਖਾਈਏ ਜੋ ਕਹਾਣੀ ਵਿਚ ਹੈ ਹੀ ਨਹੀਂ, ਤਾਂ ਅਸੀਂ ਆਤਮਿਕ ਸੰਪੂਰਨਤਾ ਨੂੰ ਗੁਆ ਬੈਠਾਂਗੇ|

ਅਸੀਂ ਇਸ ਕਹਾਣੀ ਨੂੰ ਸੁਣੀਏ, ਇਸ ਦੇ ਕੁਝ ਮੁੱਖ ਵਾਕਾਂ ਨੂੰ ਸਣੀਏ ਅਤੇ ਵਿਚਾਰ ਕਰੀਏ ਕਿ ਉਸ ਦਿਨ ਕੀ ਹੋਇਆ ਸੀ| ਅਸੀਂ ਯਿਸੂ ਮਸੀਹ ਦੇ ਬਾਰੇ ਦਿੱਤੀ ਸਾਹਸੀ ਗਵਾਹੀ ਦੇ ਵਿਚਾਰ ਪਸੰਦ ਕਰਦੇ ਹਾਂ, ਇਸ ਤਰ੍ਹਾਂ ਅਸੀਂ ਉਸ ਵਿਅਕਤੀ ਦੇ ਇਸ ਕ੍ਰਿਆ ਨੂੰ ਚੰਗੀ ਨਜ਼ਰ ਨਾਲ ਵੇਖਦੇ ਹਾਂ| ਆਖੀਰਕਾਰ ਇਸ ਵਿਅਕਤੀ ਨੇ ਬਹੁਤ ਸਾਰੇ ਲੋਕਾਂ ਨੂੰ ਕਈ ਥਾਵਾਂ ਉੱਤੇ ਦੱਸਿਆ ਕਿ ਯਿਸੂ ਨੇ ਕੀਤਾ ਹੈ| ਇਸ ਦੇ ਨਾਲ ਹੀ ਨਾਲ ਅਸੀਂ ਪਰਮੇਸ਼ਰ ਦੇ ਰਾਜ ਬਾਰੇ ਦੱਸਣ ਦੇ ਮੌਕੇ ਨੂੰ ਚਾਹੁੰਦੇ ਹਾਂ, ਇਸ ਲਈ ਅਸੀਂ ਉਸ ਨੂੰ ਪ੍ਰਗਟ ਕਰਦੇ ਹਾਂ|

ਆਓ ਅਸੀਂ ਇਸ ਕਹਾਣੀ ਦੇ ਇਕ ਹਿੱਸੇ ਵਿਚ ਸਹਿਜੇ ਸਹਿਜੇ ਅਤੇ ਵੇਖੀਏ ਕਿ ਅਸੀਂ ਕੀ ਖੋਜ ਸਕਦੇ ਹਾਂ|

ਯਿਸੂ ਨੇ ਚੰਗੇ ਹੋਏ ਕੋੜ੍ਹੀ ਨੂੰ ਕਿਹੜੀਆਂ ਕਰਨ ਲਈ ਅਤੇ ਕਿਹੜੀਆਂ ਨਾ ਕਰਨ ਲਈ ਕਿਹਾ?

ਉਸ ਚੰਗੇ ਹੋਏ ਵਿਅਕਤੀ ਨੂੰ ਉਹ ਦੋ ਦਿੱਤੀਆਂ ਹੋਇਆਂ ਹਿਦਾਇਤਾਂ ਕੀ ਉਹ ਸੁਝਾਵ ਸਨ? ...

ਨਹੀਂ| ਦਰਅਸਲ, ਯਿਸੂ ਨੂੰ ਉਸ ਚੰਗੇ ਹੋਏ ਵਿਅਕਤੀ ਨੂੰ ਸਖਤਾਈ ਨਾਲ ਹੁਕਤ ਦਿੱਤਾ ਸੀ ਕਿ ਉਹ ਆਪਣੀ ਚੰਗਿਆਈ ਬਾਰੇ ਕਿਸੇ ਨੂੰ ਨਾ ਦੱਸੇ| ਉਸ ਨੂੰ ਤਾਂ ਜਾਜਕ ਕੋਲ ਜਾ ਕੇ ਜਾਜਕ ਦੀ ਗਵਾਹੀ ਲਈ ਚੰਗੇ ਹੋਣ ਦੀ ਰੀਤ ਨੂੰ ਪੂਰਾ ਕਰਨ ਲਈ ਬਲੀਦਾਨ ਚੜਾਉਣਾ ਸੀ!

ਇਸ ਲਈ ਅਸੀਂ ਇਹ ਸਿੱਖ ਰਹੇ ਹਾਂ ਕਿ ਕਹਾਣੀ ਕੀ ਕਹਿੰਦੀ ਜਦ ਅਸੀਂ ਇਸ ਨੂੰ ਬੇਕਾਬੂ ਖੁਸ਼ੀ, ਗਵਾਹੀ ਦੀ ਮਹਿਮਾ ਜਾਂ ਪਰਮੇਸ਼ਰ ਦੇ ਰਾਜ ਬਾਰੇ ਸਿਖਾਉਣ ਲਈ ਇਸ ਕਹਾਣੀ ਦਾ ਇਸਤੇਮਾਲ ਕਰਦੇ ਹਾਂ? ਪਰਮੇਸ਼ਰ ਨੇ ਸਾਨੂੰ ਇਸ ਹਿੱਸੇ ਵਿਚ ਕਾਫੀ ਸੂਚਨਾਂ ਦਿੱਤੀ ਹੈ ਕਿ ਅਸੀਂ ਉਸ ਗੱਲ ਨੂੰ ਲੈ ਸਕੀਏ ਜੋ ਉਸ ਦਿਨ ਉਥੇ ਹੋਈ ਸੀ|

ਜੇਕਰ ਅਸੀਂ ਚੰਗੀ ਤਰ੍ਹਾਂ ਕਹਾਣੀ ਸੁਣਨ ਤੋਂ ਅਸਫਲ ਹੋ ਗਏ ਤਾਂ ਅਸੀਂ ਹਾਥੀ ਨੂੰ ਗੁਆ ਬੈਠਾਂਗੇ!

ਪੂਰੀ ਤਰ੍ਹਾਂ ਤਿਆਰ ਕਹਾਣੀ ਵਾਚਕ-ਸਿੱਖਿਅਕ ਸਭ ਤੋਂ ਪਹਿਲਾਂ ਕਹਾਣੀ ਦੇ ਸੰਦਰਭ ਉੱਤੇ ਵਿਚਾਰ ਕਰੇਗਾ| ਇਸ ਕਹਾਣੀ ਦੇ ਅਰੰਭ ਦੇ ਸ਼ਬਦ ਯਿਸੂ ਦੀ ਇੱਛਾ ਬਾਰੇ ਦੱਸਦੇ ਹਨ|

''ਉਸ ਨੇ ਉਨ੍ਹਾਂ ਨੂੰ ਕਿਹਾ, ਆਓ, ਕਿਸੇ ਹੋਰ ਪਾਸੇ ਨੇੜੇ ਦੇ ਨਗਰਾਂ ਵਿਚ ਚਲੀਏ ਜੋ ਮੈਂ ਉੱਥੇ ਭੀ ਪ੍ਰਚਾਰ ਕਰਾਂ ਕਿਉਂਕਿ ਮੈਂ ਇਸੇ ਲਈ ਨਿੱਕਲਿਆ ਹਾਂ| ਤਾਂ ਉਹ ਸਾਰੀ ਗਲੀਲ ਵਿਚ ਉਨ੍ਹਾਂ ਦੀਆਂ ਸਮਾਜਾਂ ਵਿਚ ਜਾ ਕੇ ਮਨਾਦੀ ਕਰਦਾ ਅਰ ਭੂਤਾਂ ਨੂੰ ਕੱਢਦਾ ਸੀ|" ਮਰਕੁਸ 1:38-39

ਧਿਆਨ ਦਿਓ ਕਿ ਪਰਮੇਸ਼ਰ ਨੇ ਸਾਨੂੰ ਵਚਨ 38 ਵਿਚ ਦੱਸਿਆ ਕਿ ਯਿਸੂ ਨੇੜੇ ਦੇ ਨਗਰਾਂ ਵਿਚ ਜਾਣਾ ਚਾਹੁੰਦਾ ਸੀ|

ਯਿਸੂ ਜਾਜਕ ਦੇ ਸਬੰਧ ਵਿਚ ਕੋੜ੍ਹੀ ਤੋਂ ਕੀ ਚਾਹੰਦਾ ਸੀ?... ਕਹਾਣੀ ਵਿਚ, ਯਿਸੂ ਨੂੰ ਉਸ ਵਿਅਕਤੀ ਨੂੰ ਸਖਤਾਈ ਨਾਲ ਹੁਕਮ ਦਿੱਤਾ ਸੀ ਕਿ ਉਹ ਜਾ ਕੇ ਆਪਣੇ ਆਪ ਨੂੰ ਜਾਜਕ ਨੂੰ ਵਿਖਾਵੇ| ਅਤੇ ਮੂਸਾ ਦੀ ਰੀਤ ਦੇ ਅਨੁਸਾਰ ਸ਼ੁੱਧ ਹੋਣ ਲਈ ਆਪਣੀ ਗਵਾਹੀ ਲਈ ਬਲਦਾਨ ਚੜ੍ਹਾ| ਇਸ ਲਈ ਅਸੀਂ ਸਭ ਤੋਂ ਪਹਿਲਾਂ ਅਸੀਂ ਯਿਸੂ ਦੀ ਹਿਦਾਇਤ ਵੇਖਾਂਗੇ ਜਿਹੜੀ ਮੂਸਾ ਦੇ ਨੇਮ ਦੀ ਆਗਿਆਕਾਰੀ ਬਾਰੇ ਸੀ ਅਤੇ ਚੰਗੇ ਹੋਏ ਕੋੜ੍ਹੀ ਨੇ ਇਸ ਦਾ ਨਿਰਾਦਰ ਕੀਤਾ ਅਤੇ ਇਸ ਨਾਲ ਹੀ ਉਹ ਨੇਮ ਦੇ ਅਨੁਸਾਰ ਕਨੂੰਨੀ ਤੌਰ 'ਤੇ ਸਾਫ ਨਹੀਂ ਹੋਇਆ ਸੀ|

ਯਿਸੂ ਨੇ ਕੋੜ੍ਹੀ ਨੂੰ ਸਖਤ ਹਿਦਾਇਤ ਦਿੱਤੀ ਸੀ ਕਿ ਉਹ ਕੋੜ੍ਹੀ ਆਪਣੇ ਆਪ ਨੂੰ ਗਵਾਹੀ ਦੇ ਤੌਰ 'ਤੇ ਜਾਜਕਾਂ ਨੂੰ ਵਿਖਾਵੇ, ਉਸ ਦੀ ਪਾਲਨਾ ਨਹੀਂ ਹੋਈ| ਅਸੀਂ ਕਹਾਣੀ ਰਾਹੀਂ ਕੀ ਦੱਸ ਸਕਦੇ ਹਾਂ ਜੇਕਰ ਯਿਸੂ ਇਸ ਬਾਰੇ ਜਾਜਕਾਂ ਨੂੰ ਦੱਸਣਾ ਚਾਹੁੰਦੇ ਸਨ ਅਤੇ ਚੰਗਾਈ ਨੂੰ ਸਾਬਿਤ ਕਰਨਾ ਚਾਹੰਦੇ ਸਨ?...ਇਸ ਲਈ ਚੰਗੇ ਹੋਏ ਵਿਅਕਤੀ ਦੇ ਰਾਹੀਂ ਕਿਸ ਨੂੰ ਆਦਰ ਵਿਖਾਉਣਾ ਚਾਹੀਦਾ ਸੀ? ਯਿਸੂ? ਜਾਜਕ? ਪੁਰਾਣੇ ਨੇਮ ਵਿਚ ਪਰਮੇਸ਼ਰ ਦੀ ਵਿਵਸਥਾ?...ਠੀਕ ਹੈ| ਕਿਸੇ ਨੂੰ ਨਹੀਂ ਪਰ ਆਪਣੇ ਆਪ ਨੂੰ!

ਚੰਗਾਈ ਤੋਂ ਬਾਦ, ਇਸ ਵਿਅਕਤੀ ਦੀ ਮਨਮਾਨੀ ਦੇ ਕਾਰਨ, ਪਰਮੇਸ਼ਰ ਸਾਨੂੰ ਕਹਾਣੀ ਵਿਚ ਦੱਸਦਾ ਹੈ ਕਿ ਯਿਸੂ ਖੁਲ੍ਹੇ ਆਮ ਨਗਰਾਂ ਵਿਚ ਨਾ ਜਾ ਸਕੇ|

ਚੰਗਿਆਈ ਅਤੇ ਕੋੜ੍ਹੀ ਦੇ ਚੰਗੇ ਹੋਣ ਦਾ ਵਿਸ਼ਵਾਸ, ਅਤੇ ਅਸੀਂ ਯਿਸੂ ਦੇ ਬਾਰੇ ਹੋਰ ਅਨੇਖੀਆਂ ਗੱਲਾ ਵੇਖੀਏ ਜਿਹੜੀਆਂ ਉਸ ਦੀਆਂ ਮਹਾਨ ਸਚਿਆਈਆਂ ਹਨ| ਪਰ ਜੇਕਰ ਅਸੀਂ ਕੋੜ੍ਹੀ ਦੀ ਅਵੱਗਿਆਕਾਰੀ ਨੂੰ ਅਤੇ ਉਸ ਦਾ ਯਿਸੂ ਦੇ ਪ੍ਰਤੀ ਨਿਰਾਦਰ ਨੂੰ ਅਸੀਂ ਭੁੱਲ ਜਾਈਏ ਜਿਹੜਾ ਹੁਣੇ ਚੰਗਾ ਹੋਇਆ ਸੀ, ਤਾਂ ਅਸੀਂ ਹਾਥੀ ਦੇ ਅੱਧੇ ਹਿੱਸੇ ਨੂੰ ਗੁਆ ਬੈਠਾਂਗੇ|

ਜਿਸ ਤਰ੍ਹਾਂ ਅਸੀਂ ਚੰਗਿਆਈ ਦੀ ਸੂਚਨਾ ਨੂੰ ਗੰਭੀਰਤਾ ਨਾਲ ਲੈਂਦੇ ਹਾਂ, ਉਸੇ ਹੀ ਤਰ੍ਹਾਂ ਸਾਨੂੰ ਕੋੜ੍ਹੀ ਦੀ ਅਵੱਗਿਆਕਾਰੀ ਨੂੰ ਵੀ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ|

ਕਹਾਣੀ ਦਾ ਇਹ ਪਿਛਲਾ ਹਿੱਸਾ ਅਨੰਦ ਜਾਂ ਗਵਾਹੀ ਦੇ ਬਾਰੇ ਨਹੀਂ ਹੈ; ਇਹ ਤਾਂ ਆਪਣੀ ਇੱਛਾ ਦੇ ਬਾਰੇ ਹੈ| ਇਹ ਉਨ੍ਹਾਂ ਲੋਕਾਂ ਦੇ ਬਾਰੇ ਹੈ ਜਿਹੜੇ ਕਿ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦੇ ਹਨ ਅਤੇ ਉਸ ਤੋਂ ਜੀਵਨ ਬਦਲਾਓ ਦਾ ਵਰਦਾਨ ਪ੍ਰਾਪਤ ਕਰਦੇ ਹਨ ਅਤੇ ਫਿਰ ਉਸ ਦੇ ਹੁਕਮਾਂ ਲਈ ਅਵੱਗਿਆਕਾਰੀ ਦਾ ਜੀਵਨ ਬਤੀਤ ਕਰਦੇ ਹਨ|

ਇਸ ਕਹਾਣੀ ਨੂੰ ਧਿਆਨ ਨਾਲ ਪੜ੍ਹਨ ਨਾਲ (ਅਤੇ ਇਸ ਕਹਾਣੀ ਵਿਚ ਆਪਣੇ ਵਿਚਾਰ ਨਾ ਜੋੜਦੇ ਹੋਏ), ਇਹ ਸਾਰੀ ਸਚਿਆਈ, ਹਾਥੀ, ਭਾਲਿਆ ਜਾ ਸਕਦਾ ਹੈ: ਯਿਸੂ ਨੂੰ ਚਮਤਕਾਰੀ ਅਤੇ ਆਪਣੇ ਤਰਸ ਸਦਕਾ ਇਹ ਅਛੂਤ ਦੇ ਜੀਵਨ ਵਿਚ ਨਵਾਂ ਜੀਵਨ ਲਿਆਂਦਾ, ਇਹ ਆਦਮੀ ਜਿਹੜਾ ਬਾਦ ਵਿਚ ਆਪਣੀ ਹੀ ਮਰਜੀ ਉੱਤੇ ਚੱਲਿਆ ਅਤੇ ਜਿਸ ਨੇ ਉਸ ਨੂੰ ਚੰਗਾ ਕੀਤਾ ਸੀ ਉਸ ਦੀ ਅਵੱਗਿਆ ਕੀਤੀ| ਇਹੀ ਉਹ ਹਾਥੀ ਹੈ ਜਿਸ ਦੀ ਇਸ ਕਹਾਣੀ ਵਿਚ ਅਣਦੇਖੀ ਕੀਤੀ ਹੈ|

ਅਜਿਹਾ ਲਗਦਾ ਹੈ ਕਿ ਕੋੜ੍ਹੀ ਨੇ ਆਪਣਾ ਧਿਆਨ ਚੰਗਾ ਕਰਨ ਵਾਲੇ ਦੀ ਬਜਾਏ ਚੰਗਿਆਈ ਉੱਤੇ ਕੀਤਾ| ਸਾਰੀ ਬਾਈਬਲ ਵਿਚ, ਕਈ ਕਹਾਣੀਆਂ ਵਿਚ, ਅਸੀਂ ਵੇਖਦੇ ਹਾਂ ਕਿ ਲੋਕ ਇਹੀ ਗਲਤੀ ਕਰਦੇ ਹਨ| ਲੋਕ ''ਧਾਰਮਿਕ" ਪਾਪ ਕਰਦੇ ਹਨ| ਆਪਣੇ ਜੋਸ਼ ਵਿਚ ਇਹ ''ਪਰਮੇਸ਼ਰ ਲਈ" ਬਗੈਰ ਉਸ ਦੀ ਸੁਣੇ ਜਾਂ ਉਸ ਦਾ ਆਦਰ ਕੀਤੇ ਕੀ ਉਹ ਉਹ ਉਨ੍ਹਾਂ ਨੂੰ ਕੀ ਕਰਨ ਲਈ ਕਹਿੰਦਾ ਹੈ ਕੰਮ ਕਰਦੇ ਹਨ! ਕੀ ਗਵਾਹੀ ਦੇਣਾ ਗਲਤ ਹੈ? ਨਹੀਂ-ਅਸਲ ਵਿਚ ਸਾਨੂੰ ਗਵਾਹ ਬਣਨ ਲਈ ਕਿਹਾ ਗਿਆ ਹੈ| ਕੀ ਇਹ ਉਸ ਸਮੇ ਅਤੇ ਸਥਾਨ ਲਈ ਯਿਸੂ ਦੀ ਯੋਜਨਾ ਵਿਚ ਗਲਤ ਸੀ? ਬਿਲਕੁਲ ਗਲਤ ਸੀ!

ਕਿਸ ਤਰ੍ਹਾਂ ਪਰਮੇਸ਼ਰ ਦੇ ਵਿਚਾਰ ਨੂੰ ਲੈ ਕੇ ਉਹ ਕੁਝ ਅਜਿਹਾ ਕਰਦੇ ਹਨ ਜਿਹੜਾ ਕਿ ਸਹੀ ਵਿਖਾਈ ਦਿੰਦਾ ਹੈ, ਇਸ ਦਾ ਇਕ ਉੱਤਮ ਉਦਾਹਰਣ 1 ਸਮੂਏਲ ਵਿਚ ਹੈ| ਉਥੇ ਅਸੀਂ ਇਕ ਵਿਅਕਤੀ ਨੂੰ ਵੇਖਦੇ ਹਾਂ ਕਿ ਉਹ ਧਾਰਮਿਕ ਕੰਮ ਕਰ ਰਿਹਾ ਹੈ, ਪਰ ਸਮਾ ਅਤੇ ਹਾਲਾਤ ਦੇ ਉਹ ਕੰਮ ਵਿਚ ਪਰਮੇਸ਼ਰ ਵੱਲੋਂ ਅਵੱਗਿਆਕਾਰੀ ਵਿਚ ਢਕੇ ਹਨ| ਪਰਮੇਸ਼ਰ ਇਸ ਨਿਰਾਦਰ ਦੀ ਤੁਲਨਾ ਵੱਡੇ ਪਾਪ ਨਾਲ ਕਰ ਰਿਹਾ ਹੈ|

> ਭਲਾ, ਯਹੋਵਾਹ ਹੋਮ ਦੀਆਂ ਭੇਟਾਂ ਅਤੇ ਬਲੀਆਂ ਨਾਲ ਪਰਸੰਨ ਹੁੰਦਾ ਹੈ, ਯਾ ਇਸ ਗੱਲ ਉੱਤੇ ਜੋ ਉਹ ਦੀ ਅਵਾਜ਼ ਸੁਣੀ ਜਾਵੇ? ਵੇਖ, ਮੰਨਣਾ ਭੇਟਾਂ ਚੜ੍ਹਾਉਣ ਨਾਲੋਂ ਅਤੇ ਸਰੋਤਾ ਬਣਨਾ ਛੱਤਰਿਆਂ ਦੀ ਚਰਬੀ ਨਾਲੋਂ ਚੰਗਾ ਹੈ, ਕਿਉਂ ਜੋ ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ, ਅਤੇ ਖਚਰਊ ਅਤੇ ਬਦੀ ਅਤੇ ਮੂਰਤੀ ਪੂਜਾ ਇੱਕੋ ਜਿਹੀ ਹੈ□ (ਸਮੂਏਲ 15:22-23)

ਨਜ਼ਰਅੰਦਾਜ਼ ਕਰਨਾ ਜਾਂ ਇਥੋਂ ਤਕ ਕਿ ਸਫਾਈ ਪੇਸ਼ ਕਰਨਾ, ਕੋੜ੍ਹੀ ਦੀ ਅਵੱਗਿਆਕਾਰੀ ਜਦ ਅਸੀਂ ਇਸ ਕਹਾਣੀ ਦੇ ਵਿਚਾਰ ਵਟਾਂਦਰੇ ਵੱਲ ਜਾਂਦੇ ਹਨ, ਆਮ ਲੋਕ ਜਿਹੜੇ ਗਲਤੀਆਂ ਕਰਨ ਲਈ ਇਕ ਆਗਿਆ ਮਿਲ ਜਾਂਦੀ ਹੈ| ਕਦੀ ਕਦੀ ਇਹ ਪਾਪ ਬੜਾ ਕੋਮਲ ਹੁੰਦਾ ਹੈ, ਕਿਉਂਕਿ ਅਸੀਂ ਇਸ 'ਤੇ ਜੋਰ ਨਾਲ ਨਹੀਂ ਕਿਹਾ ਹੈ, ''ਮੈਂ ਪਰਮੇਸ਼ਰ ਤੋਂ ਵਧ ਕੇ ਆਪਣੇ ਤਰੀਕੇ ਚੁਣਦਾ ਹਾਂ|" ਪਰ ਜੇਕਰ ਅਸੀਂ ਜੋ ਪਰਮੇਸ਼ਰ ਨੇ ਕਿਹਾ ਹੈ ਉਸ ਨੂੰ ਨਜ਼ਰਅੰਦਾਜ਼ ਕਰੀਏ ਅਤੇ ਜੋ ਅਸੀਂ ਖੁਦ ਕਰਨਾ ਚਾਹੁੰਦੇ ਹਾਂ ਉਸ ਉੱਤੇ ਧਿਆਨ ਕਰਦੇ ਹਾਂ ਤਾਂ ਇਹ ਪਾਪ ਹੈ| ਆਗਿਆਕਾਰੀ ਦੀ ਕਮੀ ਅਵੱਗਿਆਕਾਰੀ ਹੀ ਹੈ|

ਅਸੀਂ ਇਸ ਕਹਾਣੀ ਦੇ ਦੂਜੇ ਹਿੱਸੇ ਦਾ ਨਜ਼ਰਅੰਦਾਜ਼ ਨਹੀਂ ਕਰ ਸਕਦੇ ਹਾਂ ਅਰਥਾਤ ਕੰਮ ਅਤੇ ਅਵੱਗਿਆਕਾਰੀ ਦੇ ਨਤੀਜੇ ਨੂੰ| ਜੇਕਰ ਅਸੀਂ ਕਿਸੇ ਵੀ ਕਾਰਨੋਂ ਕੋੜ੍ਹੀ ਦੀ ਅਵੱਗਿਆਕਾਰੀ ਲਈ ਬਹਾਨਾ ਕਰਦੇ ਹਾਂ, ਅਸੀਂ ਆਪਣੀ ਇੱਛਾ ਨੂੰ ਪਰਮੇਸ਼ਰ ਦੀ ਇੱਛਾ ਉੱਤੇ ਆਮ ਪਾਪ ਨੂੰ ਕਰਨ ਲਈ ਉਤਸ਼ਾਹਿਤ ਕਰਦੇ ਹਾਂ| ਇਹ ਕਿੰਨੇ ਅਫਸੋਸ ਦੀ ਗੱਲ ਹੈ ਕਿ ਅਸੀਂ ਵਿਸ਼ਵਾਸੀਆਂ ਨੂੰ ਇਹ ਕਹਿੰਦੇ ਹੋਏ ਸੁਣਦੇ ਹਾਂ, ''ਮੈਨੂੰ ਪਤਾ ਹੈ ਕਿ ਇਸ ਹਾਲਤ ਬਾਰੇ ਪਰਮੇਸ਼ਰ ਆਪਣੇ ਵਚਨ ਵਿਚ ਕੀ ਕਹਿੰਦਾ ਹੈ, ਪਰ ਇਸ ਨੂੰ ਇਸ ਤਰ੍ਹਾਂ ਕਰਨ ਲਈ ਮੇਰੇ ਕੋਲ ਵਾਜਿਬ ਕਾਰਨ ਹਨ|" ਬੜੀ ਅਜੀਬ ਗੱਲ ਹੈ ਕਿ ਲੋਕ ਅਸੀਂ ਲੋਕਾਂ ਨੂੰ ਅਕਸਰ ਆਪਣੇ ਕੰਮਾਂ ਦੇ ਬਾਰੇ ਇਸ ਤਰਾਂ ਬਿਆਨ ਕਰਦੇ ਹਾਂ| ''ਮੈਂ ਪਰਮੇਸ਼ਰ ਦੇ ਵਚਨ ਦੀ ਅਵੱਗਿਆ ਕਰਨ ਜਾ ਰਿਹਾ ਹਾਂ ਕਿਉਂਕਿ ਮੈਂ ਉਸ ਤੋਂ ਚੰਗੇ ਫੈਸਲੇ ਕਰ ਸਕਦਾ ਹਾਂ|"

ਅਸੀਂ ਹਿੱਸੇ ਨੂੰ ਚੁਣਿਆ ਹੈ ਕਿਉਂਕਿ ਬਹੁਤ ਸਾਰੇ ਸਿੱਖਿਅਕ ਇਸ ਨੂੰ ਸਹੀ ਤਰੀਕੇ ਨਾਲ ਸੁਣਨ ਤੋਂ ਅਸਫਲ ਹੋ ਗਏ ਹਨ| ਅਸੀਂ ਇਹ ਹੀ ਦੱਸਣਾ ਚਾਹੁੰਦੇ ਹਾਂ ਕਿ ਕਿੰਨੀ ਅਸਾਨੀ ਨਾਲ ਸਾਰੀ ਕਹਾਣੀ ਤੋਂ ਅਸੀਂ ਖੁੰਝ ਸਕਦੇ ਹਾਂ ਵਿਚ ਪਰਮੇਸ਼ਰ ਦੇ ਸਾਰੇ ਸੰਦੇਸ਼ ਨੂੰ ਗਲਤ ਸਿਖਾਉਂਦੇ ਹਾਂ|

ਪਰਮੇਸ਼ਰ ਦਾ ਵਚਨ ਇਥੋ ਤਕ ਕਿ ਕਹਾਣੀ ਨੂੰ ਸਿਖਾਉਣਾ ਇਕ ਗੰਭੀਰ ਜੁੰਮੇਵਾਰੀ ਹੈ| ਹਾਥੀ ਦਾ ਇਹ ਉਦਾਰਹਨ ਸਾਨੂੰ ਇਹ ਯਾਦ ਕਰਵਾਉਣ ਲਈ ਇਸਤੇਮਾਲ ਕੀਤਾ ਗਿਆ ਹੈ ਕਿ ਅਸੀਂ ਧਿਆਨ ਨਾਲ ਅਤੇ ਚੰਗੀ ਤਰ੍ਹਾਂ ਸੁਣੀਏ ਜੋ ਸਾਨੂੰ ਸਭ ਨੂੰ ਪਰਮੇਸ਼ਰ ਕਹਿੰਦਾ ਹੈ| ਜਿਸ ਤਰ੍ਹਾਂ ਕਿ ਬਾਈਬਲ ਕਹਿੰਦੀ ਹੈ, ''ਜਿਸ ਦੇ ਕੰਨ ਹੋਣ ਉਹ ਸੁਣੇ|"

ਜਦ ਸਿਖਾਉਣ ਵਿਚ STS ਦੇ ਵਿਚਾਰ ਨੂੰ ਇਸਤੇਮਾਲ ਕਰਦੇ ਹਾਂ ਤਾਂ ਅਸੀਂ ਸਾਰੀ ਕਹਾਣੀ ਨੂੰ ਧਿਆਨ ਨਾਲ ਸੁਣੀਏ ਅਤੇ ਸਮਝ ਲਈ ਪ੍ਰਾਰਥਨਾ ਕਰੋ ਅਤੇ ਜੋ ਪਰਮੇਸ਼ਰ ਕਹਾਣੀ ਵਿਚ ਕਹਿੰਦਾ ਹੈ ਉਸ ਉੱਤੇ ਭਰੋਸਾ ਕਰੋ| ਅਸੀਂ ਇਹ ਵੇਖਣਾ ਚਾਹੁੰਦੇ ਹਾਂ ਕਿ ਕਹਾਣੀ ਦਾ ਇਕੱਲਾ ਹਿੱਸਾ ਕਿਸ ਤਰ੍ਹਾਂ ਸਾਰੀ ਕਹਾਣੀ ਨੂੰ ਦਰਸ਼ਾਉਂਦਾ ਹੈ|

ਕੋੜ੍ਹੀ ਦੀ ਕਹਾਣੀ ਵਿਚ, ਪਰਮੇਸ਼ਰ ਸਾਨੂੰ ਅਵੱਗਿਆਕਾਰੀ ਦੇ ਨਤੀਜਿਆਂ ਨੂੰ ਵਿਖਾਵੇ| ਫਿਰ ਵੀ, ਇਹ ਧਿਆਨ ਦਿਓ ਕਿ ਬਾਈਬਲ ਦੀਆਂ ਬਾਕੀ ਕਹਾਣੀਆਂ ਵਿਚ, ਸਾਨੂੰ ਲੋਕਾਂ ਦੇ ਪਾਪ ਦਾ

ਨਤੀਜਾ ਨਹੀਂ ਵਿਖਾਇਆ ਗਿਆ ਹੈ| ਅਸੀਂ ਕਹਾਣੀਆਂ ਵਿਚੋਂ ਪਰਮੇਸ਼ਰ ਦੀ ਆਗਿਆਕਾਰੀ ਨੂੰ ਸਿਖਾ ਸਕਦੇ ਹਾਂ ਕਿਉਂਕਿ ਅਸੀਂ ਪਰਮੇਸ਼ਰ ਦੀ ਅਗੁਵਾਈ ਵਿਚ ਭਰੋਸਾ ਕਰਦੇ ਹਾਂ, ਇਹ ਇਸ ਲਈ ਨਹੀਂ ਕਿਉਂਕਿ ਅਸੀਂ ਅਵੱਗਿਆਕਾਰੀ ਦੇ ਨਤੀਜਿਆਂ ਤੋਂ ਡਰਦੇ ਹਾਂ|

ਮਰਕੁਸ ਵਿਚੋਂ ਇਸ ਕਹਾਣੀ ਦੀ ਸੰਪੂਰਨਤਾ ਨੂੰ ਸਿਖਾਉਣ ਦੇ ਰਾਹੀਂ, ਲੋਕ ਮੁਕਤੀਦਾਤਾ ਦੀ ਅਵੱਗਿਆਕਾਰੀ ਦੀ ਗੰਭੀਰਤਾ ਅਤੇ ਨਤੀਜਿਆਂ ਨੂੰ ਸਿੱਖ ਸਕਣਗੇ ਜਿਹੜਾ ਮੁਕਤੀਦਾਤਾ ਸਾਨੂੰ ਜੀਵਨ ਦਿੰਦਾ ਹੈ ਅਤੇ ਨਾਲ ਹੀ ਨਾਲ ਚੰਗਿਆਈ ਦਾ ਅਨੰਦ ਵੀ ਦਿੰਦਾ ਹੈ| ਜੇਕਰ ਅਸੀਂ ਸਫਾਈ ਪੇਸ਼ ਕਰਦੇ ਹਾਂ ਜਾਂ ਅਸੀਂ ਕਹਾਣੀ ਵਿਚ ਅਵੱਗਿਆਕਾਰੀ ਨੂੰ ਸਰਾਸਰ ਨਜ਼ਰਅੰਦਾਜ਼ ਕਰਦੇ ਹਾਂ ਤਾਂ ਅਸੀਂ ਕਹਾਣੀ ਤੋਂ ਵਿਫਲ ਹੋ ਗਏ ਹਾਂ ਅਤੇ ਵਿਸ਼ਵਾਸ ਰਾਹੀਂ ਪਰਮੇਸ਼ਰ ਦੀ ਆਗਿਆ ਮੰਨਣ ਲਈ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕਰਨ ਵਿਚ ਅਸਫਲ ਹੋ ਗਏ ਹਾਂ|

ਅਧਿਆਏ 8: ਅਨਪੜ੍ਹ ਅਤੇ ਮੌਖਕ ਬਾਈਬਲ ਸਕੂਲ

ਪੜ੍ਹ ਲਿਖੇ ਅਤੇ ਅਨਪੜ੍ਹਾਂ ਨਾਲ ਇੱਕਠੇ ਵਰਕਸ਼ਾਪ

ਅਕਸਰ STS ਦੀ ਵਰਕਸ਼ਾਪ ਵਿਚ ਅਨਪੜ੍ਹ ਵੀ ਆਉਂਦੇ ਹਨ| ਇਸ ਲਈ ਉਹ ਕਹਾਣੀਆਂ ਨੂੰ ਇਨ੍ਹਾਂ ਅਨਪੜ੍ਹਾਂ ਰਾਹੀਂ ਸਿੱਖਣ ਲਈ ਲੋੜ ਹੈ ਕਿ ਕਹਾਣੀਆਂ ਨੂੰ ਉਨ੍ਹਾਂ ਲਈ ਪੜ੍ਹਿਆ ਜਾਵੇ, ਉਨ੍ਹਾਂ ਨੂੰ ਦੱਸਿਆ ਜਾਵੇ ਜਾਂ ਉਨ੍ਹਾਂ ਲਈ ਕਹਾਣੀ ਨੂੰ ਕਿਸੇ ਔਡੀਓ ਪਲੇਅਰ ਉੱਤੇ ਵਜਾ ਕੇ ਸੁਣਾਇਆ ਜਾਵੇ|

ਜਦ ਵਰਕਸ਼ਾਪਾਂ ਵਿਚ ਰਿਕਾਰਡ ਕੀਤੀਆਂ ਹੋਈਆਂ ਕਹਾਣੀਆਂ ਦੀ ਜ਼ਰੂਰਤ ਹੁੰਦੀ ਹੈ ਤਦ ਅਸੀਂ ਗਾਡ'ਸ ਸਟੋਰੀ ਨਾਲ ਮੇਗਾ ਵੋਅਸ ਰਾਹੀਂ ਤਿਆਰ ਕੀਤੇ ਸੋਲਰ-ਪਾਵਰ ਔਡੀਓ ਪਲੇਅਰ ਦਾ ਇਸਤੇਮਾਲ ਕਰਦੇ ਹਾਂ ਅਤੇ ਨਵੇਂ ਨੇਮ ਜੇਕਰ ਉਹ ਸਿੱਖਣ ਵਾਲਿਆਂ ਦੀ ਮਾਂ ਬੋਲੀ ਵਿਚ ਉਪਲਬਧ ਹੋਣ| ਗਾਡ'ਸ ਸਟੋਰੀ ਪ੍ਰੋਜੈਕਟ ਪਲੇਅਰ ਵਿਚ ਬਾਈਬਲ ਦੀਆਂ ਕਹਾਣੀਆਂ ਨੂੰ ਜੋੜਦਾ ਰਹਿੰਦਾ ਹੈ|

ਵਰਕਸ਼ਾਪ ਤੋਂ ਬਾਦ, ਇਕ ਪਲੇਅਰ ਇਕ ਪਿੰਡ ਲਈ ਵਰਕਸ਼ਾਪ ਵਿਚ ਦਿੰਦਾ ਜਾਂਦਾ ਹੈ| ਪ੍ਰਾਪਤ ਕਰਦਾ ਇਸ ਪਲੇਅਰ ਦਾ ਨਿਗਰਾਨ ਹੁੰਦਾ ਹੈ ਪਰ ਉਹ ਬਾਕੀ ਲੋਕਾਂ ਵਿਚ ਇਸ ਨੂੰ ਸਾਂਝਾ ਕਰਦਾ ਹੈ| ਪਲੇਅਰ ਹਰੇਕ ਨੂੰ ਕਹਾਣੀਆਂ ਸਿਖਾਉਂਦਾ ਹੈ|

ਜ਼ਿਆਦਾਤਰ ਮਾਮਲਿਆਂ ਵਿਚ, ਸਾਰਾ ਪਿੰਡ ਕਹਾਣੀਆਂ ਦੇ ਸੁਣਨ ਦਾ ਅਨੰਦ ਮਾਣਦਾ ਹੈ| ਅਕਸਰ ਵਰਕਸ਼ਾਪ ਵਿਚ ਆਉਣ ਵਾਲਿਆਂ ਨੇ ਇਸ ਪਲੇਅਰ ਨੂੰ ਬਹੁਤ ਹੀ ਮਹੱਤਵਪੂਰਨ

ਮੰਨਿਆਂ ਹੈ (ਅਤੇ ਇਹ ਅਨਪੜ੍ਹ ਲੋਕਾਂ ਨੇ) ਕਿ ਉਹ ਤਤਕਾਲ ਹੀ ਇਸ ਬਹੁਮੁੱਲੀ ਭੇਂਟ ਪਾਸਟਰ ਨੂੰ ਦੇਣ| ਪਾਸਟਰ ਇਸ ਨੂੰ ਆਪਣੀ ਸੇਵਾ ਵਿਚ ਇਸਤੇਮਾਲ ਕਰਦੇ ਹਨ| ਇਹ ਪਲੇਅਰ ਉਸ ਇਲਾਕੇ ਦੇ ਅਨਪੜ੍ਹਾਂ ਲਈ ਬਾਈਬਲ ਦੀ ਹੋਰ ਵੀ ਕਹਾਣੀ ਸਿੱਖਣਾ ਦੇ ਸ੍ਰੋਤ ਦੇ ਰੂਪ ਵਿਚ ਸੇਵਾ ਕਰਦਾ ਹੈ| ਹੈਰਾਨੀ ਦੀ ਗੱਲ ਹੈ ਕਿ ਇਹ ਰਿਕਾਡਿੰਗ ਕਹਾਣੀਆਂ ਦੇ ਦਰੁਸਤ ਰੱਖਣ ਲਈ ਇਹ ਰਿਕਾਰਡਿੰਗਸ ਹਵਾਲਿਆਂ ਦੇ ਰੂਪ ਵਿਚ ਕੰਮ ਕਰਦੀਆਂ ਹਨ|

ਇਹ ਬੜਾ ਦਿਲਚਸਪ ਹੈ ਕਿ ਇਸ ਹਸਤਪੁਤਕ ਵਿਚ ਦੀ ਟ੍ਰੇਨਿੰਗ ਦੀ ਰੂਪ ਰੇਖਾ ਸੰਸਾਰ ਭਰ ਵਿਚ ਦਿੱਤੀ ਗਈ ਹੈ-ਪੜ੍ਹਿਆਂ ਲਿਖਿਆਂ ਨੂੰ ਅਤੇ ਅਨਪੜ੍ਹਾਂ ਨੂੰ ਵੀ-ਉਹ ਵੀ ਇਕੋ ਹੀ ਵਰਕਸ਼ਾਪ ਵਿਚ| ਅਕਸਰ ਅਨਪੜ੍ਹ ਕਹਾਣੀਆਂ ਸਿੱਖਣ ਅਤੇ ਦੂਜਿਆਂ ਨੂੰ ਕਹਾਣੀ ਦੱਸਣ ਵਿਚ ਵਿਚ ਵੱਧ ਦਿਲਚਸਪੀ ਵਿਖਾਉਂਦੇ ਹਨ, ਬਜਾਏ ਉਨ੍ਹਾਂ ਦੇ ਉਹ ਜਿਹੜੇ ਕਹਾਣੀ ਨੂੰ ਸਿੱਖਣ ਲਈ ਪੜ੍ਹ ਸਕਦੇ ਹਨ|

ਕਈਆਂ ਲਈ ਬੜੀ ਹੈਰਾਨੀ ਹੈ ਕਿ ਅਨਪੜ੍ਹ ਸਿੱਖਿਅਕ ਕਹਾਣੀ ਵਿਚੋਂ ਆਤਮਿਕ ਖਜਾਨਿਆਂ ਨੂੰ ਲੱਭਣ ਲਈ ਵੱਧ ਯੋਗਤਾ ਦਰਸ਼ਾਉਂਦੇ ਹਨ| ਫਿਰ ਵੀ, ਹਰੇਕ ਸਿੱਖਿਅਕ ਪੜ੍ਹਿਆ ਲਿਖਿਆ ਅਤੇ ਅਨਪੜ੍ਹ ਪਹਿਲੀ ਵਾਰ ਤਾਂ ਵਿਚਾਰ ਵਟਾਂਦਰੇ ਲਈ ਪ੍ਰਸ਼ਨ ਤਿਆਰ ਕਰਨ ਲਈ ਔਖ ਮਹਿਸੂਸ ਕਰਦੇ ਹਨ| ਇਹ ਗੱਲ ਧਿਆਨ ਵਿਚ ਰੱਖੋ ਕਿ ਪ੍ਰਸ਼ਨ ਤਿਆਰ ਕਰਨਾ ਇਕ ਖੱਟਿਆ ਹੋਇਆ ਹੁੱਨਰ ਹੈ ਜਿਹੜਾ ਕਿ ਪੜੇ ਲਿਖੇ ਅਤੇ ਅਨਪੜ੍ਹਾਂ ਲਈ ਇਕੋ ਜਿਹਾ ਉਪਲਬਧ ਹੈ|

ਅਚਾਨਕ ਹੋਣ ਵਾਲੇ ਪ੍ਰਯੋਗ|

ਡਵੈਨਿਰੋ, ਯੂਗਾਂਡਾ ਦੀ ਇਕ ਵਰਕਸ਼ਾਪ ਵਿਚ, ਇਕ ਬਜੁਰਗ ਆਦਮੀ ਨੇ ਇਕ ਸੰਦੇਸ਼ ਦਿੱਤਾ ਉਸ ਨੂੰ ਅਫਰੀਕਾ ਟੀ ਜੀ ਐਸ ਪੀ ਅਤੇ ਮੈਂ ਦੋਹੇਂ ਹੀ ਕਦੀ ਨਹੀਂ ਭੁੱਲਾਂਗੇ| ਅਫਰੀਕਾ ਦਾ ਡਾਇਰੈਕਟਰ ਜਿਸ ਦੇ ਆਧਾਰ ''ਪੇਂਡੂ" ਹਨ, ਉਸ ਨੇ ਮੈਨੂੰ ਇਹ ਰਿਪੋਰਟ ਦਿੱਤੀ|

''ਇਥੋਂ ਦੇ ਲੋਕ ਗਰੀਬ ਹਨ ਅਤੇ ਇਸ ਵਰਕਸ਼ਾਪ ਵਿਚ ਕੋਈ ਵੀ ਵਿਸ਼ਵਾਸੀ ਪੜ੍ਹ ਨਹੀਂ ਸਕਦਾ ਹੈ| ਇਹ ਥਾਂ ਬਹੁਤ ਹੀ ਸਿੱਧਾ ਸਾਦਾ ਹੈ!
''ਇਕ ਖਾਸ ਕਹਾਣੀਵਾਚਕ ਨੂੰ ਮੈਂ ਇਕ ਦਰਖ਼ਤ ਦੇ ਹੇਠਾਂ ਖੜ੍ਹਾ ਹੋਇਆ ਗੌਹ ਨਾਲ ਵੇਖਿਆ ਅਤੇ ਉਹ ਆਪਣੀ ਪਹਿਲੀ STS ਦੀ ਕਹਾਣੀ ਨੂੰ ਪੰਜ ਲੋਕਾਂ ਦੇ ਗਰੁੱਪ ਨੂੰ ਜਿਨ੍ਹਾਂ ਨੇ ਉਹ ਕਹਾਣੀ ਨਹੀਂ ਸਿੱਖੀ ਸੀ ਉਨ੍ਹਾਂ ਅੱਗੇ ਪੇਸ਼ ਕਰ ਰਿਹਾ ਸੀ| ਇਹ ਬਜੁਰਗ ਆਦਮੀ, 65 ਸਾਲ ਦੇ ਲਗਭਗ ਹੋਣਾ ਹੈ, ਇਸ ਨੇ ਦੂਜੇ ਰਾਜਿਆਂ ਦੀ ਪੁਸਤਕ ਵਿਚੋਂ ਗੁਆਚੀ ਹੋਈ ਕੁਹਾੜੀ ਦੀ ਕਹਾਣੀ ਸੁਣਾਈ| ਜਿਸ ਤਰ੍ਹਾਂ ਉਸ ਨੇ ਉਨ੍ਹਾਂ ਮਨੁੱਖਾਂ ਨੂੰ ਕਹਾਣੀ ਦੇ ਬਾਰੇ ਵਿਚਾਰ ਵਟਾਂਦਰੇ ਵਿਚ ਲਿਆਂਦਾ ਮੈਂ ਉਸ ਨੂੰ ਵੇਖ ਰਿਹਾ ਸੀ|
''ਤਦ ਉਹ ਕਹਾਣੀ ਵਾਚਕ ਦੀ ਤੌਰ 'ਤੇ ਪ੍ਰਯੋਗਾਂ ਵੱਲ ਮੁੜਿਆ, ਉਸ ਨੇ ਪੁੱਛਿਆ, 'ਤੁਹਾਨੂੰ ਯਾਦ ਹੈ ਕਿ ਅਲੀਸ਼ਾ ਦੇ ਚੇਲੇ ਕਿੰਨੇ ਪਰੇਸ਼ਾਨ ਸੀ, ਕਿਉਂਕਿ ਉਹ ਜਿਹੜੀ ਕੁਹਾੜੀ ਗੁਆਚ ਗਈ ਸੀ

ਉਹ ਉਧਾਰੀ ਮੰਗੀ ਹੋਈ ਸੀ?' ਗਰੁੱਪ ਵਿਚੋਂ ਇਕ ਨੇ ਹੁੰਗਾਰਾ ਭਰਿਆ| 'ਅਤੇ ਅਸੀਂ ਗੱਲ ਬਾਤ ਕੀਤੀ ਸੀ ਕਿ ਕਿਸ ਤਰ੍ਹਾਂ ਅਲੀਸ਼ਾ ਅਤੇ ਪਰਮੇਸ਼ਰ ਨੇ ਦਿਲਚਸਪੀ ਵਿਖਾਈ ਅਤੇ ਉਸ ਚੇਲੇ ਦੀ ਉਧਾਰੀ ਮੰਗੀ ਹੋਈ ਕੁਹਾੜੀ ਨੂੰ ਲੱਭਣ ਵਿਚ ਮਦਦ ਕੀਤੀ?'

''ਤੁਹਾਡੇ ਘਰ ਵਿਚ ਕੀ ਹੈ ਜੋ ਤੁਸੀਂ ਉਧਾਰ ਮੰਗਿਆ ਹੈ?' ਉਨ੍ਹਾਂ ਮਨੁੱਖਾਂ ਨੇ ਇਕ ਦੂਜੇ ਵੱਲ ਵੇਖਿਆ ਅਤੇ ਫਿਰ ਆਪਣੇ ਮੋਢਿਆਂ ਹਿਲਾਉਣ ਲੱਗੇ|

''ਕਹਾਣੀ ਵਾਚਕ ਨੇ ਜ਼ੋਰ ਦਿੱਤਾ| 'ਤੁਹਾਡੇ ਕੋਲ ਘਰ ਵਿਚ ਕੀ ਹੈ ਜੋ ਤੁਹਾਡਾ ਆਪਣਾ ਨਹੀਂ ਹੈ? ਇਕ ਵਾਰ ਫਿਰ ਇਹ ਪਿੰਡ ਵਾਲੇ ਲੋਕ, ਜਿਨ੍ਹਾਂ ਦੇ ਘਰ ਵਿਚ ਬਹੁਤ ਥੋੜਾ ਸਮਾਨ ਸੀ, ਹੈਰਾਨੀ ਨਾਲ ਆਪਣੇ ਸਿਰ ਹਿਲਾਉਣ ਲੱਗੇ, 'ਸਾਡੇ ਘਰ ਵਿਚ ਅਜਿਹੀ ਕੋਈ ਚੀਜ ਨਹੀਂ ਹੈ ਜਿਹੜੀ ਸਾਡੀ ਨਹੀਂ ਹੈ|'

''ਕਹਾਣੀ ਵਾਚਕ ਥੋੜਾ ਜਿਹਾ ਨਿਰਾਸ ਹੋ ਗਿਆ, ਕਿਉਂਕਿ ਉਨ੍ਹਾਂ ਨੇ ਉਹ ਖੋਜ ਨਹੀਂ ਕੀਤੀ ਸੀ ਜਿਹੜੀ ਉਸ ਨੇ ਆਪ ਕੀਤੀ ਸੀ| ਇਸ ਲਈ ਉਹ ਇਕਦਮ ਬੋਲ ਪਿਆ, 'ਤੁਹਾਡੀਆਂ ਪਤਨੀਆਂ ਦੇ ਬਾਰੇ ਕੀ ਹੈ? ਕੀ ਤੁਸੀਂ ਉਨ੍ਹਾਂ ਦੇ ਮਾਲਿਕ ਹੋ?'

'' 'ਹਾਂ| ਅਸੀਂ ਉਨ੍ਹਾਂ ਦੇ ਮਾਲਿਕ ਹਾਂ ਉਨ੍ਹਾਂ ਦਾ ਇਕੱਠਾ ਜਵਾਬ ਸੀ| 'ਅਸੀਂ ਉਨ੍ਹਾਂ ਲਈ ਚਾਰ ਬਕਰੀਆਂ ਦਿੱਤੀਆਂ ਹਨ!'

'' 'ਮੈਂ ਜਾਣਦਾ ਹਾਂ,' ਕਹਾਣੀ ਵਾਚਕ ਨੂੰ ਉੱਤਰ ਦਿੱਤਾ| 'ਪਰ ਉਨ੍ਹਾਂ ਬਕਰੀਆਂ ਨੂੰ ਜੀਵਨ ਕਿਸ ਨੇ ਦਿੱਤਾ, ਅਤੇ ਬਕਰੀਆਂ ਪਾਲਨ ਦੀ ਯੋਗਤਾ ਤੁਹਾਨੂੰ ਕਿਸ ਨੇ ਦਿੱਤੀ? -ਪਰਮੇਸ਼ਰ ਨੇ! ਇਸ ਲਈ ਪਰਮੇਸ਼ਰ ਹੀ ਤੁਹਾਡੀ ਪਤਨੀ ਦਾ ਮਾਲਿਕ ਹੈ, ਤੁਸੀਂ ਨਹੀਂ!' ਉਨ੍ਹਾਂ ਮਨੁੱਖਾਂ ਨੇ ਕੁਝ ਗੰਭੀਰਤਾ ਨਾਲ ਵੇਖਿਆ ਅਤੇ ਫਿਰ ਕਹਾਣੀ ਵਾਚਕ ਨਾਲ ਸਹਿਮਤ ਹੋ ਗਏ|

'' 'ਤੁਸੀਂ ਆਪਣੀ ਪਤਨੀ ਨਾਲ ਕਿਸ ਤਰ੍ਹਾਂ ਵਿਹਾਰ ਕਰਦੇ ਹੋ, ਜਿਵੇਂ ਕਿ ਉਹ ਤੁਹਾਡੀਆਂ ਹਨ ਅਤੇ ਪਰਮੇਸ਼ਰ ਤੋਂ ਉਧਾਰ ਮੰਗੀਆਂ ਹਨ? ਮੈਂ ਮੇਰੀ ਪਤਨੀ ਨੂੰ ਕੁੱਟਦਾ ਹਾਂ ਅਤੇ ਉਸ ਦੇ ਠੁੱਡੇ ਮਾਰਦੇ ਹਾਂ ਜਿਵੇਂ ਕਿ ਉਹ ਮੇਰੀ ਜਾਇਦਾਦ ਹੋਵੇ ਅਤੇ ਮੈਂ ਉਸ ਨਾਲ ਜੋ ਚਾਹਵਾਂ ਕਰ ਸਕਦਾ ਹਾਂ, ਪਰ ਉਹ ਤਾਂ ਉਧਾਰੀ ਮੰਗੀ ਹੋਈ ਹੈ, ਮੇਰੀ ਨਹੀਂ ਹੈ! ਮੈਨੂੰ ਉਸ ਨਾਲ ਇਸ ਤਰ੍ਹਾਂ ਵਿਹਾਰ ਕਰਨਾ ਚਾਹੀਦਾ ਹੈ ਜਿਵੇਂ ਕਿ ਉਹ ਪਰਮੇਸ਼ਰ ਦੀ ਹੈ ਅਤੇ ਇਸੇ ਹੀ ਤਰ੍ਹਾਂ ਮੇਰੇ ਬੱਚੇ ਵੀ|'

''ਇਸ ਗੱਲ ਉੱਤੇ ਉਹ ਰੋਣ ਲੱਗਾ ਅਤੇ ਸ਼ਰਮ ਨਾਲ ਇਕ ਪਾਸੇ ਹੋ ਗਿਆ ਅਤੇ ਪਰਮੇਸ਼ਰ ਅੱਗੇ ਤੌਬਾ ਕਰਨ ਲੱਗਾ| ਬਾਕੀ ਲੋਕ ਵੀ ਗੰਭੀਰ ਹੋ ਗਏ ਜਿਸ ਤਰ੍ਹਾਂ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਉਹੀ ਸੰਦੇਸ਼ ਦਿੱਤਾ| ਉਨ੍ਹਾਂ ਦੀਆਂ ਅੱਖਾਂ ਵਿਚੋਂ ਵੀ ਅਥਰੂ ਵਗਣ ਲੱਗੇ| ਕਹਾਣੀ ਦੀ ਪੇਸ਼ਕਾਰੀ ਰੁੱਕ ਗਈ ਜਦ ਤੌਬਾ ਦਾ ਸਮਾ ਆਇਆ|"

ਜਿਵੇਂ ਹੀ ਉਹ ਕਹਾਣੀ ਮੇਰੇ ਸਬੰਧ ਵਿਚ ਆਈ, ਮੇਰਾ ਦਿਮਾਗ ਗੋਤੇ ਖਾਣ ਲੱਗਾ| ਕੀ ਇਹ ਸੰਦੇਸ਼ ਸੱਚ ਵਿਚ ਹੀ ਇਸ ਕਹਾਣੀ ਵਿਚ ਹੈ? ਮੈਂ ਇਸ ਕਹਾਣੀ ਵਿਚ ਉਧਾਰ ਮੰਗੀ ਹੋਈ ਚੀਜ ਦੇ ਮਹੱਤਵ ਨੂੰ ਜਾਣਦਾ ਹਾਂ| ਪਰ ਕੀ ਇਹ ਵਾਜਿਬ ਪ੍ਰਯੋਗ ਹੈ? ਪਰ ਵੇਖਿਆ ਜਾਵੇ ਤਾਂ ਇਹ ਉਸ ਸਮੇਂ ਦੇ ਉਨ੍ਹਾਂ ਵਿਅਕਤੀਆਂ ਲਈ ਵਾਜਿਬ ਸੀ! ਤਦ ਮੈਂ ਸੋਚਿਆ, ਹੇ ਮੇਰੇ ਖੁਦਾ ਮੈਂ ਆਪਣੇ ਸਟਾਫ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦਾ ਹਾਂ ਕਿ ਮੈਂ ਉਨ੍ਹਾਂ ਨੂੰ ਤਾੜਦਾ ਹਾਂ ਜਦ ਉਹ ਕੋਈ ਗਲਤੀ ਕਰਦੇ ਹਨ ਜਾਂ ਕੀ ਮੈਂ ਉਨ੍ਹਾਂ ਨਾਲ ਮੈਂ ਪਰਮੇਸ਼ਰ ਤੋਂ ਉਧਾਰ ਪ੍ਰਾਪਤ ਵਾਂਗ ਵਿਹਾਰ ਕਰਦਾ ਹਾਂ? ਉਸੇ ਹੀ ਘੜੀ ਮੇਰੇ ਅੰਦਰ ਇਕ ਨਿਰਉੱਤਰਤਾ ਆ ਗਈ|

[ਕੀ ਇਸ ਅਨਪੜ੍ਹ ਬਜੁਰਗ ਨੇ ਦਲੀਲ ਅਤੇ ਸਮਝਣ ਲਈ ਵਾਜਿਸ ਕਾਰਨ ਦਾ ਇਸਤੇਮਾਲ ਕੀਤਾ ਅਤੇ ਪਰਮੇਸ਼ਰ ਦੇ ਵਚਨ ਨੂੰ ਲਾਗੂ ਕੀਤਾ? ਕੀ ਉਸ ਨੇ ਪੇਂਡੂ ਲੋਕਾਂ ਨੂੰ ਕਹਾਣੀ ਵਿਚ ਮਹੱਤਵਪੂਰਨ ਸਚਿਆਈ ਨੂੰ ਖੋਜਣ ਦੀ ਮਦਦ ਲਈ ਪ੍ਰਸ਼ਨਾਂ ਦਾ ਇਸਤੇਮਾਲ ਕੀਤਾ? ਕੀ ਇਕ ਪੜ੍ਹਿਆ ਲਿਖਿਆ ਆਗੂ, ਜਿਹੜਾ ਵਚਨ ਨੂੰ ਜਾਣਦਾ ਹੈ, ਕਿਸੇ ਅਨਪੜ੍ਹਹ ਵਿਅਕਤੀ ਰਾਹੀਂ ਉਸ ਦੀ ਸੰਸਕਰੀਤੀ ਦੇ ਦੁਆਰਾ ਆਤਮਿਕ ਪ੍ਰਯੋਗ ਨਾਲ ਸਿਖਾਇਆ ਜਾ ਸਕਦਾ ਹੈ? ਹਾਂ, ਬਿਲਕੁਲ ਹਾਂ!]

ਮੈਖਕ ਬਾਈਬਲ ਸਕੂਲ

ਮੈਖਕ ਬਾਈਬਲ ਸਕੂਲ ਵਰਕਸ਼ਾਪ ਵਿਚ ਦਿੱਤੇ ਗਏ ਗਹਿਰੇ ਬਾਈਬਲ ਅਧਿਐਨ ਦੀ ਦਿਲਚਸਪੀ ਵਿਖਾਉਣ ਦੇ ਨਾਲ ਸਰੂਪ ਵਿਚ ਆਉਂਦੇ ਹਨ| ਲੋਕਲ ਪਾਸਟਰਸ ਅਤੇ ਆਗੂਆਂ ਨੂੰ ਕਿਹਾ ਗਿਆ ਕਿ ਉਹ ਸਮਾਜ ਵਿਚ ਕਹਾਣੀਆਂ ਸਿੱਖਣ ਲਈ ਹੋਰ ਵੀ ਮੌਕੇ ਲੈਣ, ਜਿਹੜੇ ਕਿ ਇਸ ਤਰ੍ਹਾਂ ਦੇ ਸਕੂਲ ਤਿਆਰ ਕਰਨ ਲਈ ਕਹਿੰਦੇ ਹਨ|

ਜੋ ਵੀ ਮੈਖਕ ਬਾਈਬਲ ਸਕੂਲ ਵਿਚ ਸ਼ਾਮਿਲ ਹੋਣ ਲਈ ਹਨ ਦਿਲਚਸਪੀ ਰੱਖਦੇ ਹਨ ਆਪਣੀਆਂ ਅਰਜੀਆਂ ਦਾਖਲ ਕਰਨ ਜਾਂ ਲੋਕਲ ਕਲਸੀਆ ਦੇ ਪਾਸਟਰ ਇਸ ਵਿਚ ਵਿਦਿਆਰਥੀ ਹੋਣ ਲਈ ਲੋਕਾਂ ਨੂੰ ਮਨੋਨੀਤ ਕਰਨ| 12 ਲੋਕ ਚੁਣੇ ਜਾਣ, ਉਨ੍ਹਾਂ ਵਿਚੋਂ ਜ਼ਿਆਦਾਤਰ ਵਰਕਸ਼ਾਪ ਵਿਚ ਆਉਣ ਵਾਲੇ ਲੋਕ ਹੋਣ| ਤਦ STS ਦੇ ਸਿੱਖਿਅਕ ਦੇ ਰਾਹੀਂ ਚੁਣੇ ਹੋਏ ਵਿਦਿਆਰਥੀ ਇਕ ਹਫਤੇ ਲਈ ਖਾਸ ਟ੍ਰੇਨਿੰਗ ਪ੍ਰਾਪਤ ਕਰਦੇ ਹਨ| ਉਹ ਸਿੱਖਿਅਕ ਮੈਖਕ ਬਾਈਬਲ ਸਕੂਲ ਦੇ ਓਵਰਸੀਅਰ ਦੇ ਰੂਪ ਵਿਚ ਅੱਗੇ ਵਧਦੇ ਹਨ|

ਜ਼ਿਆਦਾਤਰ ਸਕੂਲਾਂ ਦੀ ਰੂਪ ਰੇਖਾ ਇਕ ਸਾਲ ਦੀ ਹੈ| ਇਕ ਸਾਲ ਵਿਚ ਕੋਰਸ ਪੂਰਾ ਹੋਣ ਤੋਂ ਬਾਦ, ਵਿਦਿਆਰਥੀ ਦੋ ਹਫਤਿਆਂ ਲਈ ਮਿਲਦੇ ਹਨ ਅਤ ਫਿਰ ਦੋ ਹਫਤਿਆਂ ਲਈ ਆਪਣੇ ਘਰ ਚਲੇ ਜਾਂਦੇ ਹਨ| ਕੁਝ ਰੋਜ਼ਾਨਾ ਯਾਤਰਾ ਕਰਦੇ ਹਨ| ਓਵਰਸੀਅਰ ਇਨ੍ਹਾਂ ਸੈਸ਼ਨਾਂ ਦੇ ਹਫਤਿਆਂ ਦੇ ਅੰਤਲੇ ਤਿੰਨ ਦਿਨ ਸਕੂਲ ਵਿਚ ਆਉਂਦਾ ਹੈ| ਵਿਦਿਆਰਥੀ ਰਹਿਣ ਦਾ ਅਤੇ ਭੋਜਨ ਦਾ ਆਪ

ਪ੍ਰਬੰਧ ਕਰਦੇ ਹਨ| ਲੋੜ ਦੇ ਅਨੁਸਾਰ ਲੋਕਲ ਪਾਸਟਰ ਜਾਂ ਵਿਸ਼ਵਾਸੀ ਜਗਾਹ ਦਿੰਦੇ ਹਨ|

ਵਿਦਿਆਰਥੀਆਂ ਦਾ ਪਾਠਕਰਮ ਸਿਖਾਇਆ ਜਾਂਦਾ ਹੈ ਅਤੇ ਸਾਰੀ ਬਾਈਬਲ ਵਿਚੋਂ 210 ਕਹਾਣੀਆਂ ਦੇ ਵਿਚਾਰ ਵਟਾਂਦਰੇ ਲਈ STS ਨੂੰ ਇਸਤੇਮਾਲ ਕੀਤਾ ਜਾਂਦਾ ਹੈ| ਜੇਕਰ ਸਕੂਲ ਦੇ ਸਮੇਂ ਦੇ ਖਤਮ ਹੋਣ ਤਕ ਕੋਈ ਇਨ੍ਹਾਂ ਸਾਰੀਆਂ ਕਹਾਣੀਆਂ ਨੂੰ ਨਹੀਂ ਜਾਣਦਾ ਹੈ ਤਾਂ ਉਹ ਵਿਅਕਤੀ ਜਦ ਤਕ ਉਹ ਸਾਰੀਆਂ ਕਹਾਣੀਆਂ ਨਾ ਸਿੱਖ ਲਏ ਗ੍ਰੇਜੂਏਟ ਹੋਣ ਲਈ ਇੰਤਜਾਰ ਕਰਦਾ ਹੈ| ਵਰਕਸ਼ਾਪ ਦੇ ਚਲਾਉਣ ਹੁੱਨਰ ਨੂੰ ਪ੍ਰਾਪਤ ਕਰਨਾ ਅਤੇ ਬਾਹਰ ਪ੍ਰਚਾਰ ਲਈ ਜਾਣਾ, ਉਨ੍ਹਾਂ ਨੂੰ ''ਪ੍ਰੈਕਟੀਕਲ" ਕਿਹਾ ਜਾਂਦਾ ਹੈ ਅਤੇ ਇਹ ਵੀ ਟ੍ਰੇਨਿੰਗ ਦੇ ਹਿੱਸਾ ਹਨ|

ਇਕ ਬਿਸ਼ਪ ਨੇ ਬੜਾ ਅਨੋਖਾ ਮੋਖਕ ਬਾਈਬਲ ਸਕੂਲ ਚਲਾਇਆ| ਉਸ ਦੀ ਕਲੀਸੀਆ ਦੇ ਲੋਕ ਜਿਹੜੇ ਫੁੱਲਾਂ ਦੇ ਖੇਤਾਂ ਵਿਚ ਕੰਮ ਕਰਦੇ ਸਨ ਦੁਪਹਿਰ ਦੇ ਭੋਜਨ ਸਮੇ ਮਿਲਦੇ ਸਨ| ਉਸ ਨੇ ਇਨ੍ਹਾਂ ਨੂੰ ਚਾਰ ਵੱਖ ਵੱਖ ਸਥਾਨਾਂ ਉੱਤੇ ਰੱਖਿਆ ਜਿਥੇ ਉਹ ਇਕ ਹਫਤੇ ਵਿਚ ਪੰਜ ਕਹਾਣੀਆਂ ਸਿੱਖਦੇ ਅਤੇ ਵਿਚਾਰ ਵਟਾਂਦਰਾ ਕਰਦੇ ਸਨ| ਦੂਜੇ ਕਰਮਚਾਰੀ ਵੀ ਕਹਾਣੀਆਂ ਸੁਣਨਾ ਚਾਹੁਦੇ ਸਨ, ਇਸ ਲਈ ਉਹ ਵੀ ਸੁਣਨ ਲਈ ਉਨ੍ਹਾਂ ਨਾਲ ਸ਼ਾਮਿਲ ਹੋ ਗਏ| ਪਹਿਲੇ ਚਾਰ ਮਹੀਨੀਆਂ ਵਿਚ, ਬਹੁਤ ਸਾਰੇ ਲੋਕ ਬਚ ਗਏ ਅਤੇ 16 ਨਵੀਆਂ ਕਲੀਸੀਆਵਾਂ ਸਥਾਪਿਤ ਕੀਤੀਆਂ ਗਈਆਂ|

ਕੁਝ ਹੋਰ ਵੀ ''ਕੰਮਾਂ" ਉੱਤੇ ਮੋਖਕ ਬਾਈਬਲ ਸਕੂਲ ਹਰ ਰੋਜ ਕੰਮ ਤੋਂ ਮਿਲਦੇ ਹਨ| ਉਨ੍ਹਾਂ ਦੇ ਟੀਚੇ ਦੇ ਤੌਰ 'ਤੇ ਇਨ੍ਹਾਂ ਸਕੂਲਾਂ ਲਈ ਇਹ 210 ਕਹਾਣੀਆਂ ਨਮੂਨਾ ਹਨ|

ਭਾਰਤ ਦੇਸ਼ ਵਿਚ, ਕੁਝ ਮੋਖਕ ਬਾਈਬਲ ਸਕੂਲ ਹਰ ਸ਼ਾਮ ਘਰਾਂ ਵਿਚ ਚਲਾਏ ਜਾਂਦੇ ਹਨ| ਤਿੰਨ ਜਾਂ ਚਾਰ ਪਰਿਵਾਰ ਇਕ ਸਕੂਲ ਨੂੰ ਚਲਾਉਂਦੇ ਹਨ|

ਫਿਲਿਪਾਈਨ ਵਿਚ ਇਕ ਜੋਸ਼ੀਲਾ ਆਗੂ ਹੈ ਜੋ ਹਰ ਹਫਤੇ ਰੇਡੀਓ ਪ੍ਰੋਗਰਾਮ ਪੇਸ਼ ਕਰਦਾ ਹੈ| ਉਹ ਆਪਣੇ ਸਟੂਡੀਓ ਵਿਚ STS ਦੇ ਸ਼ੈਲੀ ਵਿਚ ਬਾਈਬਲ ਕਹਾਣੀ ਦੱਸਦਾ ਹੈ| ਲੋਕ ਉਸ ਦੇ ਪ੍ਰਸ਼ਨਾਂ ਦੇ ਉੱਤਰ ਲਈ ਫੋਨ ਕਰਦੇ ਹਨ ਜਾਂ ਐਸ ਐਮ ਐਸ ਕਰਦੇ ਹਨ| ਕੁਝ ਮੈਸੇਜ ਤਾਂ ਅਜਿਹੇ ਇਲਾਕਿਆਂ ਵਿਚੋਂ ਆਏ ਹਨ , ਜਿਹੜੇ ਅੱਤਵਾਦੀ ਇਲਾਕੇ ਹਨ!

ਤਦ ਉਸ ਨੇ ਨਿਸ਼ਚਾ ਕੀਤਾ ਕਿ ਰੇਡੀਓ ਉੱਤੇ ਇਕ ਵਰਕਸ਼ਾਪ ਚਲਾਈ ਜਾਵੇ| ਰੇਡੀਓ ਵਰਕਸ਼ਾਪ ਦੀ ਪੁਸ਼ਟੀ ਹੋਈ ਜਦ ਇਹ ਕਹਾਣੀ ਵਾਚਕ ਨੇ ਪ੍ਰਸਾਰਨ ਵਿਚ ਮੋਖਕ ਬਾਈਬਲ ਸਕੂਲ ਬਾਰੇ ਗੱਲ ਬਾਤ ਕਰਨ ਲੱਗਾ| ਫੋਨ ਕਰਨ ਵਾਲੇ ਜਿਹੜੇ ਰੇਡੀਓ ਵਰਕਸ਼ਾਪ ਵਿਚ ਸਨ ਫੋਨ ਕੀਤਾ ਅਤੇ ਪੁੱਛਿਆ, ''ਇਹ ਸਕੂਲ ਸਾਡੇ ਟਾਪੂ ਵਿਚ ਕਿਉਂ ਨਹੀਂ ਹੋ ਸਕਦਾ?"

ਉਸ ਫਰਮਾਇਸ਼ ਤੋਂ ''ਮੋਬਾਈਲ" ਮੋਖਕ ਸਕੂਲ ਅਰੰਭ ਹੋਇਆ| ਤਿੰਨ ਵੱਖ ਵੱਖ ਥਾਵਾਂ ਉੱਤੇ 7,

13, 17 ਦੀ ਗਿਣਤੀ ਵਿਚ ਲੋਕ ਆਪਣਿਆਂ ਥਾਵਾਂ ਉੱਤੇ ਮਿਲਣ ਲੱਗੇ ਅਤੇ ਕਹਾਣੀਆਂ ਸੁਣਨ ਲੱਗੇ| ਹਫਤੇ ਵਿਚ ਤਿੰਨ ਵਾਰੀ ਵਿਦਿਆਰਥੀ STS ਦੇ ਸਿੱਖਿਅਕ ਨੂੰ ਕਹਾਣੀਆਂ ਸੁਣਨ ਲਈ ਫੋਨ ਕਰਦੇ ਅਤੇ ਕਹਾਣੀਆਂ ਵੋਂ ਆਪਣੀਆਂ ਖੋਜਾਂ ਦੇ ਬਾਰੇ ਗੱਲਬਾਤ ਕਰਦੇ|

ਇਸ ਤਰ੍ਹਾਂ ਦੇ ਵੱਖ ਵੱਖ ਤਰ੍ਹਾਂ ਸਕੂਲਾਂ ਦੀ ਸਥਾਪਨਾ ਵਿਚ ਦੋ ਸਾਲ ਦੇ ਅੰਦਰ, STS ਦੇ ਮੈਖਕ ਬਾਈਬਲ ਸਕੂਲਾਂ ਦੀ ਗਿਣਤੀ ਕੁਲ 9 ਦੇਸ਼ਾਂ ਵਿਚ 1 ਤੋਂ ਵਧ ਕੇ 60 ਹੋ ਗਈ!

ਮੈਖਕ ਬਾਈਬਲ ਸਕੂਲ ਦੇ 40 ਪ੍ਰਤੀਸ਼ਤ ਵਿਦਿਆਰਥੀ ਪੜ੍ਹੇ ਲਿਖੇ ਅਤੇ ਬਾਈਬਲ ਸਕੂਲਾਂ ਤੋਂ ਡਿਪਲੋਮਾ ਪ੍ਰਾਪਤ ਹਨ| ਇਨ੍ਹਾਂ ਵਿਚੋਂ ਜ਼ਿਆਦਾਤਰ ਪਾਸਟਰ ਜਾਂ ਪ੍ਰਚਾਰਕਾਂ ਦੇ ਤੌਰ 'ਤੇ ਸੇਵਾ ਕਰਦੇ ਹਨ|

ਮੈਖਕ ਬਾਈਬਲ ਸਕੂਲ ਦੇ ਪੂਰਾ ਕਰਨ ਦੀ ਦਰ 95 ਪ੍ਰਤੀਸ਼ਤ ਹੈ!

ਮੈਖਕ ਬਾਈਬਲ ਸਕੂਲ ਦਾ ਪ੍ਰਭਾਵ - ਸਦਮਾ, ਹੈਰਾਨੀ, ਫਿਰ ਡਰ

ਉਸ ਸਦਮੇ ਦੀ ਕਲਪਨਾ ਕਰੋ, ਜਦ ਸਾਡੇ ਅਫਰੀਕਾ ਦੇ ਡਾਇਰੈਕਟਰ ਨੇ ਸਾਨੂੰ ਇਕ ਜ਼ਰੂਰੀ ਪ੍ਰਸ਼ਨ ਨਾਲ ਫੋਨ ਕੀਤਾ| ''ਲੇਕ ਵਿਕਟੋਰੀਆ ਟਾਪੂ ਉੱਤੇ ਜਿਹੜੀ ਵਰਕਸ਼ਾਪ ਅਰੰਭ ਹੋਈ ਹੈ ਉਸ ਦਾ ਸਟਾਫ ਨੇ ਇਕ ਨਵੀਂ ਸਮੱਸਿਆ ਦਾ ਸਾਹਮਣਾ ਕੀਤਾ ਹੈ| ਇਸ ਇਲਾਕੇ ਦੇ ਲੋਕ ਬਹੁਪਤਨੀਕਵਾਦੀ ਹਨ| ਪਰ ਇਹ ਇੰਨਾ ਹੀ ਨਹੀਂ ਹੈ, ਇਸ ਵਰਕਸ਼ਾਪ ਦੇ ਚਲਾਉਣ ਵਾਲੇ ਪਾਸਟਰ ਅਤੇ ਲੀਡਰ ਵੀ ਬਹੁਪਤਨੀਕਵਾਦੀ ਹਨ! ਅਸੀਂ ਕੀ ਕਰੀਏ? ਇਸ ਸਮੱਸਿਆ ਨੂੰ ਦੱਸਣ ਲਈ ਕਿ ਸਾਨੂੰ ਕੋਈ ਖਾਸ ਕਹਾਣੀਆਂ ਦੀ ਚੋਣ ਕਰਨੀ ਚਾਹੀਦੀ ਹੈ?"

ਉਸ ਆਰੰਭਕ ਸਦਮੇ ਤੋਂ ਬਾਦ, ਕਹਾਣੀਆਂ ਦੇ ਇਸਤੇਮਾਲ ਬਾਰੇ ਮੈਂ ਪ੍ਰਭੂ ਤੋਂ ਪੁੱਛਿਆ| ਬੜੀ ਤੇਜੀ ਨਾਲ ਉਸ ਨੇ ਮੈਨੂੰ ਯਾਦ ਕਰਵਾਇਆ ਕਿ ਅਸੀਂ ਕੀ ਆਖੀਏ| ''ਜਿਨ੍ਹਾਂ ਲੋਕਾਂ ਨੂੰ ਤੁਸੀਂ ਸਿਖਾਉਣਾ ਚਾਹੁਦੇ ਹੋ ਉਨ੍ਹਾਂ ਲਈ ਕਿਸੇ ਖਾਸ ਕਹਾਣੀ ਦੇ ਚੋਣ ਕਰਨ ਦੀ ਕੋਈ ਲੋੜ ਨਹੀਂ ਹੈ| ਪਵਿੱਤਰ ਆਤਮਾ ਸਧਾਰਨ ਵਰਕਸ਼ਾਪ ਨੂੰ ਹੀ ਕਹਾਣੀਆਂ ਦੇ ਸੰਦੇਸ਼ ਦੇਣ ਵਿਚ ਇਸਤੇਮਾਲ ਕਰੇਗਾ, ਉਸ ਕੋਲ ਕਹਾਣੀ ਸੁਣਨ ਵਾਲੇ ਹਰੇਕ ਲਈ ਸੰਦੇਸ਼ ਹੈ|"

''ਕੀ ਇਹ ਪੱਕੀ ਗੱਲ ਹੈ?" ਸਾਡੇ ਡਾਇਰੈਕਟਰ ਨੇ ਕਿਹਾ| ''ਇਹ ਵੀ ਧਿਆਨ ਰੱਖੋ ਕਿ ਇਹ ਸਥਾਨ ਕਿੰਨਾ ਦੂਰ ਹੈ? "ਸਿੱਖਿਅਕ ਜਿਸ ਨੇ ਸਾਨੂੰ ਫੋਨ ਕੀਤਾ ਸੀ ਦਰਖ਼ਤ ਦੀਆਂ ਟੈਹਣਿਆਂ ਕੋਲ ਉਡੀਕ ਰਿਹਾ ਸੀ| ਉਸ ਟਾਪੂ ਦੇ ਇਕ ਸਿਰੇ ਉੱਤੇ ਇਹ ਸਥਾਨ ਸੀ ਜਿਥੇ ਸੈਲ ਫੋਨ ਸਹੀ ਰਿਸੈਪਸ਼ਨ ਮਿਲਦੀ ਸੀ ਅਤੇ ਉਨ੍ਹਾਂ ਨੂੰ ਰਿਸੈਪਸ਼ਨ ਲੈਣ ਲਈ ਦਰਖ਼ਤ ਉੱਤੇ ਚੜ੍ਹਨਾ ਸੀ! ''ਇਹੀ ਤੁਹਾਡਾ ਅੰਤਮ ਉੱਤਰ ਹੈ?"

ਮੈਂ ਉਸ ਨੂੰ ਪੂਰਾ ਭਰੋਸਾ ਦਿਵਾਇਆ ਕਿ ਇਹੀ ਉੱਤਰ ਸੀ ਕਿ ਜਿਹੜਾ ਪਰਮੇਸ਼ਰ ਚਾਹੇਗਾ| ਬੇਸ਼ਕ ਇਹ ਸਾਡੇ ਲਈ ਸਪਸ਼ਟ ਸੀ ਕਿ ਬਹੁਪਤਨੀਕ ਇਨ੍ਹਾਂ ਮਸੀਹੀ ਲੋਕਾਂ ਦੇ ਜੀਵਨ ਦਾ ਹਿੱਸਾ ਨਹੀਂ ਹੋਣਾ ਚਾਹੀਦਾ, ਮੈਂ ਚਾਹੁੰਦਾ ਸੀ ਕਿ ਪਰਮੇਸ਼ਰ ਆਪਣੇ ਉਚਿਤ ਸਮੇ ਉੱਤੇ ਇਸ ਨਾਲ ਗੱਲਬਾਤ ਕਰੇ| ਇਸ ਸਿੱਖਿਅਕ ਦਰਖ਼ਤ ਤੋਂ ਹੇਠਾਂ ਆ ਗਿਆ ਅਤੇ ਅਸੀਂ ਸਭ ਨੇ ਉਨ੍ਹਾਂ ਲਈ ਪ੍ਰਾਰਥਨਾ ਕੀਤੀ!

ਵਰਕਸ਼ਾਪ ਤੋਂ ਬਾਦ, ਟੀਮ ਵਾਪਿਸ ਆ ਗਈ ਅਤੇ ਸਾਨੂੰ ਇਹ ਰਿਪੋਰਟ ਭੇਜੀ:

''ਟ੍ਰੇਨਿੰਗ ਦੇ ਤੀਜੇ ਦਿਨ, ਗਰੁੱਪ ਵਿਚੋਂ ਇਕ ਨੇ ਕਹਾਣੀ ਦੇ ਜੋਰਦਾਰ ਵਿਚਾਰ ਵਟਾਂਦਰੇ ਤਿਆਰ ਕਰਨ ਲੱਗਾ-ਤੁਸੀਂ ਇਸ ਦਾ ਅੰਦਾਜ਼ਾ ਲਾ ਲਿਆ ਹੈ-ਬਹੁਪਤਨੀਕ! ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਸਿੱਖਿਅਕ ਨੇ ਇਹ ਵਿਸ਼ਾ ਅੱਗੇ ਨਹੀਂ ਲਿਆਂਦਾ! ਕੁਝ ਵੀ ਹੱਲ ਨਾ ਨਿਕਲਿਆ, ਪਰ ਪਵਿੱਤਰ ਆਤਮਾ ਨੇ ਇਹ ਬੀਜ ਉਨ੍ਹਾਂ ਦੇ ਦਿਲਾਂ ਵਿਚ ਬੀਜ ਦਿੱਤਾ|

''ਇਹ ਵਿਸ਼ਵਾਸੀ ਅਤੇ ਉਨ੍ਹਾਂ ਦੇ ਪਾਸਟਰ ਸਾਡੇ ਕੋਲ ਆਏ ਅਤੇ ਸਾਨੂੰ ਕਿਹਾ, 'ਸਾਡੇ ਟਾਪੂ ਵਿਚ ਕਿਸੇ ਮਸੀਹੀ ਸਿੱਖਿਅਕ ਦਾ ਇਹ ਪਹਿਲੀ ਵਾਰ ਆਉਣਾ ਹੋਇਆ ਹੈ| ਅਤੇ ਤੁਸੀਂ ਸਾਡੇ ਕੋਲ ਬਾਈਬਲ ਲਿਆਏ ਹੋ ਅਤੇ ਉਹ ਵੀ ਉਸ ਤਰੀਕੇ ਨਾਲ ਜਿਸ ਨਾਲ ਅਸੀਂ ਇਸ ਨੂੰ ਸਮਝ ਸਕੀਏ!' ਉਨ੍ਹਾਂ ਸਾਡੇ ਅੱਗੇ ਬੇਨਤੀ ਕੀਤੀ ਕਿ ਅਸੀਂ ਉਨ੍ਹਾਂ ਦੇ ਟਾਪੂ ਵਿਚ ਮੌਖਕ ਬਾਈਬਲ ਸਕੂਲ ਅਰੰਭ ਕਰੀਏ| ਅਸੀਂ ਕਿਹਾ, 'ਠੀਕ ਹੈ|' "

ਦੋ ਹਫਤਿਆਂ ਬਾਦ ਸਕੂਲ ਅਰੰਭ ਹੋ ਗਿਆ|

ਸਕੂਲ ਚੱਲਣ ਦੇ ਤਿੰਨ ਮਹੀਨੀਆਂ ਵਿਚ, ਸਾਨੂੰ ਸਾਡੇ ਡਾਇਰੈਕਟਰ ਕੋਲੋਂ ਇਹ ਹੈਰਾਨ ਕਰਨ ਵਾਲੀ ਰਿਪੋਰਟ ਮਿਲੀ| (ਤਦ ਤਕ, 12 ਵਿਦਿਆਰਥੀਆਂ ਨੇ 60 ਕਹਾਣੀਆਂ ਸਿੱਖਿਆਂ ਅਤੇ ਵਿਚਾਰ ਵਟਾਂਦਰਾ ਕੀਤਾ|) ਸਾਡੇ ਡਾਏਰੈਕਟਰ ਨੇ ਦੱਸਿਆ, ''ਭਾਵੇਂ ਕਿ ਸਾਨੂੰ ਇਹ ਪਤਾ ਨਹੀਂ ਸੀ, ਉਸ ਇਲਾਕੇ ਦੇ ਵਿਦਿਆਰਥੀਆਂ ਅਤੇ ਪਾਸਟਰਸ ਦੇ ਜੀਵਨ ਵਿਚ ਬਹੁਪਤਨੀਕ ਦੇ ਵਿਰੱਧ ਬਦਲਾਓ ਲਿਆਣ ਲਈ ਕਿਹੜੀਆਂ ਕਹਾਣੀਆਂ ਦਾ ਪ੍ਰਯੋਗ ਕਰੀਏ| ਉਨ੍ਹਾਂ ਨੇ ਬਹੁ ਪਤਨੀਕ ਪ੍ਰਥਾ ਨੂੰ ਰੋਕਣ ਦਾ ਪ੍ਰੱਤਿਗਿਆ ਕੀਤੀ| ਇਸ ਦੇ ਨਾਲ ਹੀ ਨਾਲ, ਉਹ ਪਵਿੱਤਰ ਸ਼ਾਸਤਰ ਦਾ ਆਦਰ ਕਰਨ ਲਈ ਸਹਿਮਤ ਹੋਏ, ਉਹ ਪਾਸਟਰ ਜਿਨ੍ਹਾਂ ਦੇ ਇਕ ਤੋਂ ਵੱਧ ਪਤਨੀਆਂ ਹਨ ਉਨ੍ਹਾਂ ਨੂੰ ਸੇਵਾ ਤੋਂ ਤਿਆਗ ਕਰਨਾ ਚਾਹੀਦਾ ਹੈ|"

ਉਸ ਦਿਨ ਤੋਂ, ਇਹ ਅਮੁੱਲੇ ਵਿਸ਼ਵਾਸੀ ਆਪਣੀ ਪ੍ਰੱਤਿਗਿਆ ਵਿਚ ਸੱਚੇ ਬਣੇ ਰਹੇ|

ਸਕੂਲ ਦਾ ਇਕ ਸਾਲ ਸਮਾਪਤ ਹੋਣ ਤੋਂ ਬਾਦ, ਅਤੇ ਇਹ 12 ਵਿਦਿਆਰਥੀ ਗ੍ਰੈਜੁਏਟ ਹੋਏ, ਉਹ

ਇਕ ਹੋਰ ਮੈਖਕ ਬਾਈਬਲ ਸਕੂਲ ਸਥਾਪਿਤ ਕਰਨ ਲਈ ਚਲੇ ਗਏ|

ਇਸ ਦੇ ਨਾਲ ਹੀ ਨਾਲ, ਉਹ ਵਿਅਕਤੀ ਜਿਸ ਨੇ ਪਹਿਲਾਂ ਵਰਕਸ਼ਾਪ ਚਲਾਉਣ ਲਈ ਸਿੱਖਿਅਕਾਂ ਨੂੰ ਬੁਲਾਇਆ ਸੀ ਉਸ ਨੇ ਮੈਖਕ ਬਾਈਬਲ ਸਕੂਲ ਦੇ ਗੈਜੁਏਸ਼ਨ ਦੇ ਦਿਨ ਉੱਤੇ ਇਸ ਨੂੰ ਇਕ ਖਾਸ ਗਵਾਹੀ ਦਿੱਤੀ:

ਮੈਂ ਤਿੰਨ ਸਾਲ ਤੋਂ ਅਫਰੀਕੀ STS ਡਾਇਰੈਕਟਰ ਨੂੰ ਪ੍ਰਭਾਵਿਤ ਕਰਨ ਦਾ ਜਤਨ ਕੀਤਾ| ਸਾਨੂੰ ਸਾਡੇ ਅਨਾਥ ਆਸ਼ਰਮ ਲਈ ਪੈਸੇ ਦੀ ਲੋੜ ਸੀ ਅਤੇ ਮੈਂ ਸੋਚਦਾ ਸੀ ਕਿ ਇਹ ਪੱਛਮੀ ਲੋਕਾਂ ਦੇ ਸਬੰਧ ਨਾਲ ਸਾਨੂੰ ਜ਼ਰੂਰ ਮਦਦ ਮਿਲੇਗੀ|

ਇਸ ਤਰ੍ਹਾਂ ਅਸੀਂ ਪਿਛਲੇ ਸਾਲ ਇਕੱਠੇ ਹੋਏ ਪਰ ਉਨ੍ਹਾਂ ਨੇ ਪੈਸੇ ਦੀ ਕੋਈ ਮਦਦ ਨਾ ਕੀਤੀ! ਪਰ ਇਸ ਦੇ ਬਜਾਏ ਉਸ ਦੀ ਟੀਮ ਨੇ ਮੈਨੂੰ ਅਤੇ ਸਾਡੇ ਵਿਸ਼ਵਾਸੀਆਂ ਨੂੰ ਲੇਕ ਵਿਕਟੋਰੀਆ ਦੇ ਟਾਪੂ ਉੱਤੇ ਸਿਖਾਇਆ ਕਿ ਪਰਮੇਸ਼ਰ ਦੇ ਵਚਨ ਤੋਂ ਕਿਸ ਤਰ੍ਹਾਂ ਸਿੱਖੀਏ!

ਹੁਣ ਮੈਨੂੰ ਇਸ ਦੱਸਦੇ ਹੋਏ ਬੜੀ ਖੁਸ਼ੀ ਹੈ ਕਿ ਪਿਛਲੇ ਹਫਤੇ ਦੀ ਤਰ੍ਹਾਂ, ਸਾਰੇ 70 ਬੱਚਿਆਂ ਲਈ ਮਦਦ ਪ੍ਰਾਪਤ ਹੋਈ| ਅਤੇ ਹੁਣ ਸਾਡਾ ਬਦਲਿਆ ਹੋਇਆ ਸਮਾਵ ਹੈ ਜਿਹੜਾ ਕਿ ਸਾਡੇ ਬੱਚਿਆਂ ਦੀ ਮਦਦ ਕਰਦਾ ਹੈ|

[ਅਸੀਂ ਸਾਰੇ ਸਮਾਜ ਵਿਚ ਜਾਤੀ ਤੌਰ 'ਤੇ ਹੋਏ ਬਦਲਾਓ ਨੂੰ ਬੜੀ ਹੈਰਾਨੀ ਨਾਲ ਵੇਖਿਆ| ਜਿਵੇਂ ਹੀ ਲੋਕਾਂ ਨੇ ਸਮਝ ਨਾਲ ਪਰਮੇਸ਼ਰ ਦਾ ਵਚਨ ਸੁਣਿਆਂ, ਉਨ੍ਹਾਂ ਨੇ ਤੌਬਾ ਨਾਲ ਉੱਤਰ ਦਿੱਤਾ ਅਤੇ ਆਪਣੀ ਸਖਤ ਪ੍ਰਥਾ ਨੂੰ ਬਦਲਿਆ| ਉਨ੍ਹਾਂ ਨੇ ਬੇਸਹਾਰਾ ਲੋਕਾਂ ਨੂੰ ਆਪਣੇ ਪ੍ਰੇਮ ਵਿਖਾਇਆ ਹਾਲਾਂਕਿ ਉਨ੍ਹਾਂ ਦਾ ਆਪਣਾ ਪੈਸਾ ਵੀ ਇਸ ਵਿਚ ਪ੍ਰਭਾਵਿਤ ਹੋਇਆ| ਜਿਸ ਤਰ੍ਹਾਂ ਕਿ ਯਾਕੂਬ 1:27 ਵਿਚ ਵਚਨ ਉੱਤੇ ਚਲੱਣ ਵਾਲਿਆਂ ਦਾ ਬਿਆਨ ਕੀਤਾ ਗਿਆ ਹੈ| ''ਸਾਡੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਭਈ ਅਨਾਥਾਂ ਅਤੇ ਵਿਧਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ।"
ਇਹ ਵਚਨ ਚੰਗੀ ਤਰ੍ਹਾਂ ਟਾਪੂ ਦੇ ਲੋਕਾਂ ਦੇ ਨੈਤਿਕ ਬਦਲਾਓ ਵਿਚ ਅਤੇ ਅਨਾਥਾਂ ਦੇ ਪ੍ਰਤੀ ਖਰਾ ਉੱਤਰਦਾ ਹੈ|]

ਗ੍ਰੈਜੁਏਟਾਂ ਦਾ ਲੱਗੇ ਰਹਿਣਾ

ਜਿਵੇਂ ਜਿਵੇਂ ਪੈਸਾ ਇਜਾਜਤ ਦਿੰਦਾ ਹੈ, ਮੈਖਕ ਬਾਈਬਲ ਸਕੂਲ ਦਾ ਗ੍ਰੈਜੁਏਟ ਸੋਲਰ ਪਲੇਅਰ ਉਪਹਾਰ ਵਜੋਂ ਪ੍ਰਾਪਤ ਕਰਦਾ ਹੈ| ਗ੍ਰੈਜੁਏਸ਼ਨ ਤੋਂ ਬਾਦ ਜ਼ਿਆਦਾਤਰ ਪਾਸਟਰ, ਸਿੱਖਿਅਕ ਪ੍ਰਚਾਰਕ ਦੀ ਤੌਰ 'ਤੇ ਸੇਵਾ ਨੂੰ ਜਾਰੀ ਰੱਖਦੇ ਹਨ| ਉਸ ਇਲਾਕੇ ਦੀ ਸੇਵਾ ਤੋਂ ਇਲਾਵਾ, ਉਨ੍ਹਾਂ

ਵਿਚੋਂ 25 ਪ੍ਰਤੀਸ਼ਤ ਤੋਂ ਵੀ ਵੱਧ ਨੇ ਮੈਖਕ ਬਾਈਬਲ ਸਕੂਲ ਵਿਚ ਸੇਵਕ ਦੇ ਤੌਰ ਤੇ ਕੰਮ ਕਰਨ ਦੀ ਚੋਣ ਕੀਤੀ ਅਤੇ ਦੇ ਸਿੱਖਿਅਕ ਦੇ ਰੂਪ ਵਿਚ ਕੰਮ ਕਰਨਾ ਚੁਣਿਆਂ| ਸਿੱਖਿਅਕ ਬਿਨਾਂ ਤਨਖਾਹ ਤੋਂ ਕੰਮ ਕਰਦੇ ਹਨ, ਟੀ ਜੀ ਐਸ ਪੀ ਉਨ੍ਹਾਂ ਨੂੰ ਥੋੜਾ ਬਹੁਤ ਯਾਤਰਾ ਅਤੇ ਭੋਜਨ ਦਾ ਖਰਚਾ ਦਿੰਦੀ ਹੈ| ਕਦੀ ਕਦੀ ਲੋੜ ਦੇ ਵੇਲੇ ਉਨ੍ਹਾਂ ਦੀ ਮਦਦ ਕਰ ਦਿੰਦੀ ਹੈ|

ਖੇਤਰੀ ਅਧਿਕਾਰ

ਇਕ ਵਾਰੀ ਇਕ ਡਾਇਰੈਕਟਰ ਨੂੰ ਉਸ ਦੇ ਦੇਸ਼ ਦੇ ਸਕੂਲਾਂ ਵੱਲੋਂ ਸੇਵਾ ਕਰਨ ਦਾ ਮੌਕਾ ਮਿਲਿਆ| ਉਹ ਪਹਿਲਾਂ ਹੀ ਸਕੂਲ ਦੀ ਸੇਵਾ ਵਿਚ ਲੱਗੇ ਹੋਣ ਦੇ ਬਾਵਜੂਦ ਵੀ ਉਹ ਦੇਸ਼ ਵਿਚ STS ਦੀ ਸੇਵਾ ਵਰਕਸ਼ਾਪ ਅਤੇ ਮੈਖਕ ਬਾਈਬਲ ਸਕੂਲ ਨੂੰ ਚਲਾਉਣ ਵਿਚ ਸਰਗਰਮ ਰਿਹਾ| ਉਸ ਸੇਵਾ ਦੇ ਮੌਕੇ ਨੇ ਉਸ ਨੂੰ ਖੇਤਰੀ ਅਧਿਕਾਰ ਨੂੰ ਉੱਨਤ ਕਰਨ ਲਈ ਉਤਸ਼ਾਹਿਤ ਕੀਤਾ, ਜਿਹੜਾ ਕਿ ਪੈਸਾ, ਸਮਾ ਅਤੇ ਸਟਾਫ ਨੂੰ ਸਹੀ ਤਰੀਕੇ ਨਾਲ ਇਸਤੇਮਾਲ ਕਰਨ ਦਾ ਤਰੀਕਾ ਸੀ|

ਹਰੇਕ ਖੇਤਰ ਦੀ ਸੇਵਾ, ਵਰਕਸ਼ਾਪ ਅਤੇ ਮੈਖਕ ਬਾਈਬਲ ਸਕੂਲ ਨੂੰ ਜੋੜਨ ਈ ਲਈ ਇਹ ਰਣਨੀਤੀ ਸੀ| ਇਸ ਖੇਤਰ ਵਿਚ ਵੱਖ ਵੱਖ 25 ਪਿੰਡ ਜੋੜੇ ਗਏ ਹਨ| ਇਸ ਨੂੰ ਪੂਰਾ ਕਰਨ ਲਈ 9 ਮਹੀਨੀਆਂ ਦੇ ਦੌਰਾਨ ਤਿੰਨ ਸਿੱਖਿਅਕ ਤਿੰਨ ਵਾਰੀ ਵੱਖ ਵੱਖ ਸਮੇ ਉੱਤੇ ਜਾਂਦੇ ਹਨ| ਇਨ੍ਹਾਂ ਤਿੰਨ ਟ੍ਰੇਨਿੰਗਾਂ ਤੋਂ ਬਾਦ, ਇਕ ਸਿੱਖਿਅਕ ਖੇਤਰ ਵਿਚ ਨਵੇਂ ਸਥਾਪਿਤ ਕੀਤੇ ਹੋਏ ਮੈਖਕ ਬਾਈਬਲ ਸਕੂਲ ਵਿਚ ਜਾਂਦਾ ਹੈ| ਅਗਲੇ 11 ਮਹੀਨੀਆਂ ਲਈ ਇਹ ਸਿੱਖਿਅਕ ਮੈਖਕ ਬਾਈਬਲ ਦੇ ਸੇਵਕਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਮਹੀਨੇ ਜਾਂਦਾ ਹੈ|

ਇਸ ਅਧਿਕਾਰ ਵਿਚ ਗਾਡ ਸਟੋਰੀ ਦੇ ਉਪਾਹਾਰ, ਸੋਲਰ ਪਲੇਅਰ ਬਾਈਬਲ ਨਾਲ, ਟ੍ਰੇਨਿੰਗ ਅਤੇ ਹੋਰ ਸਾਧਨ ਸ਼ਾਮਿਲ ਹਨ| ਕਿਉਂਕਿ ਹਰੇਕ ਯਾਤਰਾ ਵਿਚ ਕਈ ਕੰਮ ਹੁੰਦੇ ਹਨ, ਸਿੱਖਿਅਕ ਦੀ ਯਾਤਰਾ, ਅਤੇ ਭੋਜਨ ਲਈ ਥੋੜਾ ਖਰਚਾ ਹੈ| ਖੇਤਰ ਦੇ 2500 ਲੋਕ ਪ੍ਰਭਾਵਿਚ ਹੁੰਦੇ ਹਨ| ਉਨ੍ਹਾਂ ਦੀ ਯਾਤਰਾ ਪੂਰੀ ਹੋਣ ਤੋਂ ਬਾਦ, ਲੋਕਲ ਆਗੂਆਂ ਨੂੰ ਸਿਖਾਉਂਦੇ ਅਤੇ ਤਿਆਰ ਕਰਦੇ ਹਨ ਅਤੇ ਬਾਈਬਲ ਨੂੰ ਉਨ੍ਹਾਂ ਦੇ ਸਮਝਣ ਦੇ ਅਤੇ ਲਾਗੂ ਕਰਨ ਦੇ ਤਰੀਕਿਆਂ ਨਾਲ ਇਸਤੇਮਾਲ ਕਰਦੇ ਹਨ|

ਅਧਿਆਏ 9:
ਕੰਡਿਆਂ ਨੂੰ ਬਾਹਰ ਕੱਢਣਾ - ਵਿਚਾਰ ਵਿਚ ਪਰੀਵਰਤਨ ਦਾ ਉਦਾਹਰਣ

ਕੰਡਿਆਂ ਨੂੰ ਬਾਹਰ ਕੱਢਣਾ: ਮੈਖਕ ਤਰੀਕੇ ਨੂੰ ਅਪਣਾਉਣ ਦਾ ਸੰਘਰਸ਼

ਸੇਹੀ ਆਪਣੇ ਆਪ ਦੀ ਰੱਖਿਆ ਆਪਣੇ ਕੰਢਿਆਂ ਨੂੰ ਚੁੱਕ ਕੇ ਕਰਦੀ ਹੈ, ਜਦ ਇਸ ਨੂੰ ਦੂਜੇ ਜਾਨਵਰ ਡਰਾਉਂਦੇ ਹਨ| ਇਸ ਦੇ ਤਿੱਖੇ ਕੰਡੇ ਬੜੀ ਅਸਾਨੀ ਨਾਲ ਦੂਜਿਆਂ ਦੇ ਚੁੱਭ ਜਾਂਦੇ ਹਨ, ਪਰ ਕੰਡਿਆਂ ਉੱਤੇ ਛੋਟੇ ਛੋਟੇ ਲੂੰ ਹੁੰਦੇ ਹਨ ਇਨ੍ਹਾਂ ਨੂੰ ਬਾਹਰ ਕੱਢਣਾ ਬਹੁਤ ਦਰਦਨਾਕ ਹੁੰਦਾ ਹੈ|

''ਕੰਡਿਆਂ ਨੂੰ ਬਾਹਰ ਕੱਢਣਾ" ਇਸ ਅਧਿਆਏ ਦਾ ਸਿਰਲੇਖ ਹੈ ਇਹ ਸਿਖਾਉਣਾ ਅਤੇ ਪ੍ਰਚਾਰ ਕਰਨ ਦੀ ਸਫਲਤਾ ਦੇ ਤਰੀਕਿਆਂ ਨੂੰ ਦੂਰ ਕਰਨਾ ਨਹੀਂ ਹੈ| ਕੰਡੇ ਇਹ ਵਿਸ਼ਵਾਸ ਕਰਦੇ ਹਨ:

- ਤੁਸੀਂ ਨੋਟਸ ਤੋਂ ਬਿਨਾਂ ਪ੍ਰਭਾਵਕਾਰੀ ਤਰੀਕੇ ਨਾਲ ਨਹੀਂ ਸਿਖਾ ਸਕਦੇ|
- ਬਾਈਬਲ ਦੇ ਹਿੱਸੇ ਤੋਂ ਬਾਹਰ ਵੀ ਤੁਹਾਨੂੰ ਕੁਝ ਜਾਣਕਾਰੀ ਨੂੰ ਇਸਤੇਮਾਲ ਕਰਨਾ ਚਾਹੀਦਾ ਹੈ|
- ਰਿਵਾਇਤੀ ਤੌਰ ਦੇ ਤਰੀਕਿਆਂ ਤੋਂ ਬਾਹਰ ਹੋ ਕੇ ਗਹਿਰਾਈ ਨਾਲ ਨਹੀਂ ਸਿਖਾ ਸਕਦੇ|
- ਅਨਪੜ੍ਹ ਬਾਈਬਲ ਅਧਿਐਨ ਨਹੀਂ ਕਰ ਸਕਦੇ|

ਇਹ ਸਾਡਾ ਤਜਰਬਾ ਰਿਹਾ ਹੈ ਕਿ ਅਰੰਭ ਵਿਚ STS ਦੇ ਬਾਹਰੇ ਲੋਕਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ| ਉਹ ਜਿਹੜੇ ਪੜ੍ਹੇ ਲਿਖੇ, ਖਾਸਕਰ ਜਿਹੜੇ ਥਿਓਲੋਜੀਕਲ ਸਿੱਖੇ ਹੋਏ, ਮੌਖਕ ਤੌਰ ਤੇ ਸਿੱਖਣ ਵਾਲਿਆਂ ਨਾਲੋਂ ਵੱਧ ਸੰਘਰਸ਼ ਕਰਦੇ ਹਨ|

ਇਸ ਦੇ ਸੰਪੂਰਨ ਪ੍ਰਭਾਵ ਦਾ ਅਨੁਭਵ ਕਰਨ ਲਈ, ਅਸੀਂ ਉਨ੍ਹਾਂ ਸਿੱਖਣ ਵਾਲਿਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਇਸ ਦੀ ਹਰੇਕ ਧਾਰਣਾ ਨੂੰ ਸਿੱਖਣ ਦਾ ਜਤਨ ਕਰਨ| ਪਰ ਇਸ ਵਿਚ ਪਰਿਪੱਕ ਹੋਣ ਲਈ, ਪੜ੍ਹੇ ਲਿਖੇ ਪਾਸਟਰ ਅਤੇ ਆਗੂ ਇਹ ਨਵੇਂ ਅਨੁਭਵਾਂ ਨੂੰ ਪ੍ਰਾਪਤ ਕਰਨ ਦਾ ਜਤਨ ਕਰਨ, ਜਿਵੇਂ ਕਿ ਨੋਟਸ ਨਾ ਲੈਣਾ, ਇਸ ਥੋੜਾ ਜਿਹਾ ਉਸ ਤਰ੍ਹਾਂ ਲੱਗਦਾ ਹੈ ਜਿਵੇਂ ਕਿ ਸੇਹੀ ਦੇ ਖੁੱਭੇ ਕੰਡਿਆਂ ਨੂੰ ਕੱਢਣਾ ਹੋਵੇ| ਸਿੱਖਣ ਵਾਲੇ ਦਰਦ ਵਿਚ ਚੀਕ ਦੇ ਹਨ| ਪਰ ਜਦ ਕੰਡਾ ਬਾਹਰ ਆ ਜਾਂਦਾ ਹੈ, ਸਿੱਖਣ ਵਾਲੇ ਹੈਰਾਨ ਹੁੰਦੇ ਹਨ ਅਤੇ ਪ੍ਰਸੰਨ ਹੁੰਦੇ ਹਨ ਜਿਵੇਂ ਹੀ ਉਹ ਵੇਖਦੇ ਹਨ ਕਿ ਸਿੱਖਿਆ ਹੋਇਆ ਹੁੱਨਰ ਕੰਮ ਆ ਰਿਹਾ ਹੈ|

ਰਿਵਾਇਤੀ ਪੇਸ਼ਕਾਰੀ ਦੀ ਤੁਲਨਾ STS ਦੇ ਤਰੀਕੇ ਨਾਲ

ਕਹਾਣੀ ਵਿਚੋਂ ਸਿੱਖਣ ਦੇ ਆਮ ਤਰੀਕੇ| ਪ੍ਰਚਾਰ ਅਤੇ ਸਿਖਾਉਣ ਲਈ ਰਿਵਾਇਤੀ ਤੌਰ 'ਤੇ ਇਸ ਤਰ੍ਹਾਂ ਕੀਤਾ ਜਾਂਦਾ ਹੈ, ਅਕਸਰ ਕੋਈ ਹਵਾਲਾ ਜਾਂ ਕੋਈ ਕਹਾਣੀ ਪੜ੍ਹੀ ਜਾਂਦੀ ਹੈ, ਤਦ ਇਕ ਇਕ ਪਦ ਉੱਤੇ ਵਿਆਖਿਆ ਕੀਤੀ ਜਾਂਦੀ ਹੈ| ਕਦੀ ਕਦੀ ਤਾਂ ਹਵਾਲਾ ਪੜ੍ਹਿਆ ਵੀ ਨਹੀਂ ਜਾਂਦਾ; ਵਕਤਾ ਸਿੱਧੇ ਹੀ ਇਕ ਇਕ ਪਦ ਲੈ ਕੇ ਸਿਖਾਉਂਦਾ ਹੈ| ਤਦ ਪਦ ਸਿੱਖਿਆ ਦੇ ਅਧਾਰ ਉੱਤੇ ਪੜ੍ਹੇ ਜਾਂਦੇ ਹਨ| ਕੁਝ ਸਚਿਆਈਆਂ ਉੱਤੇ ਜੋਰ ਦੇਣ ਲਈ ਹੋਰ ਵੀ ਬਾਈਬਲ ਦੇ ਹਿੱਸੇ ਇਸਤੇਮਾਲ ਕੀਤੇ ਜਾਂਦੇ ਹਨ|

ਕਦੀ ਕਦੀ ਬਾਈਬਲ ਤੋਂ ਬਾਹਰ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ, ਤਦ ਵਕਤਾ ਆਪਣੀਆਂ ਦੱਸਿਆਂ ਗੱਲਾਂ ਦਾ ਸਮਰਥਨ ਦੇਣ ਲਈ ਯੂਨਾਨੀ ਜਾਂ ਇਬਰਾਨੀ ਭਾਸ਼ਾ ਦੇ ਸ਼ਬਦਾਂ ਦਾ

ਇਸਤੇਮਾਲ ਕਰਦਾ ਹੈ| ਲੋਕਾਂ ਨੂੰ ਵਿਅਸਤ ਰੱਖਣ ਲਈ ਕਦੀ ਕਦੀ ਕਹਾਣੀਆਂ ਜਾਂ ਥੋੜਾ ਮਜ਼ਾਕ ਵੀ ਜੋੜਿਆ ਜਾਂਦਾ ਹੈ|

ਜੇਕਰ ਸੁਣਨ ਵਾਲਿਆਂ ਲਈ ਪ੍ਰਯੋਗ ਦਿੱਤੇ ਜਾਂਦੇ ਹਨ, ਇਹ ਪ੍ਰਯੋਗ ਸੰਦੇਸ਼ ਵਿਚ ਅਕਸਰ ਰੱਖੇ ਜਾਂਦੇ ਹਨ ਜਾਂ ਅੰਤ ਵਿਚ ਦੱਸੇ ਜਾਂਦੇ ਹਨ| ਇਹ ਧਿਆਨ ਦਿਓ ਕਿ ਪ੍ਰਯੋਗ ਜਾਂ ਲਾਗੂ ਕਰਨਾ ਸਿੱਖਿਅਕ ਰਾਹੀਂ ਤਿਆਰ ਕੀਤੇ ਜਾਂਦੇ ਹਨ| ਪ੍ਰਯੋਗ ਇਸ ਰੂਪ ਵਿਚ ਦਿੱਤੇ ਜਾਂਦੇ ਹਨ ਸਰੋਤਿਆਂ ਨੂੰ ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ ਕਰਨਾ ਚਾਹੀਦਾ| ਇਹ ਰਿਵਾਇਤੀ ਪੇਸ਼ਕਾਰੀ ਦਾ ਤਰੀਕਾ ਗਲਤ ਨਹੀਂ ਹੈ| ਫਿਰ ਵੀ, ਇਹ ਬਾਈਬਲ ਸਿਖਾਉਣ ਦੇ ਤਰੀਕੇ ਸਿਰਫ ਇਹੀ ਤਰੀਕੇ ਨਹੀਂ ਹਨ|

STS ਦਾ ਤਰੀਕਾ| ਇਸ ਦੇ ਮੁਕਾਬਲੇ ਜਦ ਕੋਈ ਵਿਅਕਤੀ ਦੇ ਤਰੀਕਿਆਂ ਦਾ ਇਸਤੇਮਾਲ ਕਰਦੇ ਹੋਏ ਸਿਖਾਉਂਦਾ ਹੈ, ਸਰੋਤੇ ਬਾਈਬਲ ਵਿਚੋਂ ਆਤਮਿਕ ਜਾਣਕਾਰੀਆਂ ਭਾਲਣ ਲਈ ਸਹਾਇਤਾ ਕਰਦੇ ਹਨ| ਪਾਸਟਰ ਜਿਹੜੇ ਆਪਣੀ ਮੰਡਲੀ ਨੂੰ ਬਾਈਬਲ ਅਧਿਐਨ ਦੀ ਭੂਮਿਕਾ ਵਿਚ ਵੇਖਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਚੇਹਿਰਿਆਂ ਉੱਤੇ ਖੁਸ਼ੀ ਜਦ ਉਹ ਬਾਈਬਲ ਵਿਚੋਂ ਆਪਣੇ ਲਈ ਕੁਝ ਲੱਭ ਲੈਂਦੇ ਹਨ!

ਇਕ ਬਹੁਤ ਪੜ੍ਹਿਆ ਲਿਖਿਆ ਪਾਸਟਰ ਅਤੇ ਆਗੂ ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਿਖਾਉਂਦਾ ਸੀ STS ਦੀ ਵਰਕਸ਼ਾਪ ਵਿਚ ਆਇਆ| ਇਹ ਮੁਕੱਮਲ ਲੇਖਕ ਹੁਣ ਆਪਣੀ ਸੇਵਾ ਵਿਚ STS ਨੂੰ ਜੋੜਦਾ ਹੈ| ਉਸ ਨੇ ਲਿਖਿਆ:

ਇਸ ਤਰੀਕੇ ਵਿਚ [STS]ਅਤੇ ਪੜ੍ਹੇ ਲਿਖੇ ਵਾਲੇ ਤਰੀਕੇ ਵਿਚ ਫਰਕ ਇਹ ਹੈ ਕਿ ਪਹਿਲਾਂ ਅਸੀਂ ਬਾਈਬਲ ਨੂੰ ਵਿਆਖਿਆ ਕਰਨ ਅਤੇ ਹਿੱਸਿਆਂ ਵਿਚ ਵੰਡਣ ਘੱਟ ਇਸਤੇਮਾਲ ਕਰਦੇ ਸੀ ਅਤੇ ਜ਼ਿਆਦਾ ਇਸਦਾ ਇਸਤੇਮਾਲ ਇਤਹਾਸਿਕ ਘਟਨਾਵਾਂ ਵਿਚ ਕਰਦੇ ਸੀ| ਇਸ ਤਰੀਕੇ ਵਿਚ [STS] ਅਸੀਂ ਘਟਨਾ ਨੂੰ ਤਰੋ ਤਾਜਾ ਸਮਾਂਤਰ ਹਕੀਕਤ ਦੀ ਅੰਤਰ ਪ੍ਰਵਾਹ ਨਾਲ ਵੇਖਦੇ ਹਾਂ (ਜਿਵੇਂ ਕਿ ਲੋਕਾਂ ਦੀਆਂ ਜੁੜੀਆਂ ਹੋਇਆ ਭਾਵਨਾਂ ਅਤੇ ਆਤਮਿਕ ਸਬੰਧ ਆਦਿ) ਜਿਹੜੇ ਇਸ ਦੇ ਨਾਲ ਹੀ ਨਾਲ ਲੱਭੇ ਗਏ ਹਨ|

ਜਿਵੇਂ ਕਿ ਅਸੀਂ ਸਾਰੇ ਸੰਸਾਰ ਵਿਚ ਸਿਰਫ਼ ਇਕ ਕਹਾਣੀ ਨੂੰ ਦੱਸਦੇ ਹਾਂ, ਅਸੀਂ ਇਸ ਪ੍ਰਤੀਉੱਤਰ ਨੂੰ ਵੇਖਦੇ ਹਾਂ: ਆਮਤੌਰ 'ਤੇ, ਘੱਟ ਪੜ੍ਹੇ ਲਿਖੇ STS ਦੇ ਹੁੱਨਰ ਨੂੰ ਜ਼ਿਆਦਾ ਪੜ੍ਹੇ ਲਿਖੇ ਨਾਲ ਵੱਧ ਪ੍ਰਾਪਤ ਕਰਦੇ ਹਨ| ਕੀ ਇਸ ਦਾ ਮਤਲਬ ਇਹ ਹੈ ਕਿ ਘੱਟ ਪੜ੍ਹੇ ਲਿਖੇ, ਸੰਸਾਰ ਦੇ ਪੜ੍ਹੇ ਲਿਖੇ ਲੋਕਾਂ ਨੂੰ ਵੱਧ ਹੁਸ਼ਿਆਰ ਹਨ? ਨਹੀਂ ਬਿਲਕੁਲ ਨਹੀਂ!
ਅਸੀਂ ਇਸ ਦਾ ਆਦਰ ਕਰਦੇ ਹਾਂ| ਜਦ ਲੋਕ ਕਿਸੇ ਇਕ ਤਰੀਕਾ ਨਾਲ ਪੜ੍ਹਾਈ ਕਰਦੇ ਹਨ, ਅਤੇ ਇਸਦਾ ਇਸਤੇਮਾਲ ਕਰਦੇ ਹਨ, ਅਤੇ ਇਕ ਨਵਾਂ ਤਰੀਕਾ ਸਿੱਖਦੇ ਹਨ ਅਤੇ ਉਹ ਇਸ ਤਰ੍ਹਾਂ ਵਿਖਾਈ ਦਿੰਦਾ ਹੈ ਜਿਵੇਂ ਕਿ ਉਹ ਪਹਿਲਾਂ ਸਿੱਖੀ ਜਾਣਕਾਰੀ ਦੇ ਉਲਟ ਹੈ ਤਾਂ ਇਹ ਬਹੁਤ

ਵੱਡੀ ਚੁਣੌਤੀ ਹੈ| ਜਿਸ ਤਰ੍ਹਾਂ ਕਿ ਪਹਿਲਾਂ ਕਿਹਾ ਗਿਆ ਹੈ, STS ਦੇ ਤਰੀਕੇ ਨੂੰ ਇਸਤੇਮਾਲ ਕਰਨ ਵਿਚ ਪੜ੍ਹੇ ਲਿਖੇ ਗਿਆਨੀ ਲੋਕ ਸੰਘਰਸ਼ ਕਰਦੇ ਹਨ|

ਇਸ ਅਸੰਤੁਲਨ ਦਾ ਮੁੱਖ ਕਾਰਨ ਭਾਲਨਾ ਸੌਖਾ ਹੈ| ਬੇਸ਼ਕ ਸਾਰੇ ਪੜ੍ਹੇ ਲਿਖੇ ਮਸੀਹੀ ਜਿਨ੍ਹਾਂ ਨੂੰ ਬੜੇ ਖੁਲ੍ਹੇ ਦਿਲ ਨਾਲ STS ਦੀ ਵਰਕਸ਼ਾਪ ਵਿਚ ਹਿੱਸਾ ਲਿਆ, ਜਦ ਉਨ੍ਹਾਂ ਨੇ ਪਵਿੱਤਰ ਸ਼ਾਸਤਰ ਸਿੱਖਣ ਦੇ ਮੌਖਕ ਤਰੀਕੇ ਨੂੰ ਸਿੱਖਣ ਲਈ ਦਿਲੇਰੀ ਵਿਖਾਈ, ਤਾਂ ਉਨ੍ਹਾਂ ਨੂੰ ਇਹ ਨਵਾਂ ਤਰੀਕਾ ਅਨੋਖਾ ਮਹਿਸੂਸ ਹੋਇਆ| ਜਿਹੜਾ ਤਰੀਕਾ ਉਹ ਸਿੱਖਦੇ ਆ ਰਹੇ ਸੀ ਅਤੇ ਜਿਸ ਉੱਤੇ ਉਨ੍ਹਾਂ ਨੇ ਆਪਣੀ ਸੇਵਾ ਨੂੰ ਕਾਇਮ ਕੀਤਾ ਸੀ ਉਹ ਮੌਖਕ ਨਹੀਂ ਸਨ| ਇਸ ਲਈ ਉਨ੍ਹਾਂ ਦੀ ਇਸ ਨਵੀਂ ਤਕਨੀਕ ਨੂੰ ਅਪਨਾਉਣ ਦੀ ਪਹਿਲੀ ਪ੍ਰਤੀਕ੍ਰੀਆ ਵਿਚ ਉਨ੍ਹਾਂ ਇਸ ਦੇ ਕੁਝ ਹੀ ਗੱਲਾਂ ਨੂੰ ਸਵੀਕਾਰ ਕੀਤਾ|

ਇਹ ਮੁਸ਼ਕਿਲ ਗੱਲਾਂ ਜੋੜੀਆਂ ਗਈਆਂ:

- ਸਮਾਂਤਰ ਵਚਨ ਦੀ ਤੁਲਨਾ ਨੂੰ ਜਾਣ ਦਿੰਦੇ ਹਨ
- ਬਿਨਾਂ ਨੋਟਸ ਤੋਂ ਸਿੱਖਣਾ|
- ਇਕੇ ਹਿੱਸੇ ਦੀ ਸੀਮਾ ਵਿਚ ਰਹਿੰਦੇ ਹੋਏ ਪੇਸ਼ ਕਰਨਾ,
- ਉਸ ਹਿੱਸੇ ਤੋਂ ਬਾਹਰੀ ਸੂਚਨਾ ਕੋਈ ਨਾ ਹੋਣਾ,
- ਵਿਚਾਰ ਵਟਾਂਦਰਾ ਕਰਦੇ ਹੋਏ ਸਚਿਆਈ ਵੱਲ ਲੈ ਕੇ ਜਾਣਾ ਇਹ ਭਾਸ਼ਣ ਦੇਣ ਦੇ ਉਲਟ ਹੈ,
- ਕਿਸੇ ਕਹਾਣੀ ਨੂੰ ਬਿਨਾਂ ਪੜ੍ਹੇ (ਜਾਂ ਬਹੁਤ ਘੱਟ ਪੜ੍ਹਨ ਨਾਲ) ਪੇਸ਼ ਕਰਨਾ ਅਤੇ
- ਸਭ ਕੁਝ ਦੱਸਣ ਲਈ ਇਕੋ ਕਹਾਣੀ ਦਾ ਸਹਾਰਾ ਲੈਣਾ|
- ਵਿਚਾਰ ਵਟਾਂਦਰੇ ਦੇ ਦੌਰਾਨ ਬਹੁ ਵਿਸ਼ੇ ਦੀ ਭਾਲ| ਇਹ ਵਿਸ਼ਵਾਸ ਕਰਨਾ ਕਿ ਖੋਜ ਉਸੇ ਵਿਚੋਂ ਹੀ ਕਰਨੀ ਹੈ ਜੋ ਸਿਖਾਇਆ ਗਿਆ ਹੈ ਅਤੇ ਇਹ ਵੀ ਕਿ ਵਿਚਾਰ ਵਟਾਂਦਰੇ ਦੇ ਦੌਰਾਨ ਇਸ ਨੂੰ ਵਿਕਸਿਤ ਕੀਤਾ ਜਾਵੇ|

ਖਾਸ ਧਿਆਨ ਕਰੋ: ਅਸਲ ਵਿਚ ਅਸੀਂ ਸਿਖਾਉਣ ਦੇ ਕਿਸੇ ਵੀ ਤਰੀਕੇ ਨੂੰ ਗਲਤ ਨਹੀਂ ਠਹਿਰਾਉਂਦੇ ਜਾਂ ਉਸ ਤਰੀਕੇ ਨੂੰ ਬੰਦ ਕਰਨ ਦੀ ਜ਼ਰਰੂਤ ਹੈ ਨਹੀਂ ਕਹਿੰਦੇ| ਪਰ ਸੰਸਾਰ ਵਿਚ ਇਕ ਬਹੁਤ ਵੱਡੀ ਗਿਣਤੀ ਵਿਚ ਇਹ ਜਾਗਰੁਕਤਾ ਵਧ ਰਹੀ ਹੈ ਜਿਨ੍ਹਾਂ ਕੋਲ ਮੌਖਕ ਤਰੀਕਿਆਂ ਨਾਲ ਪਹੁੰਚਣ ਦੀ ਜ਼ਰੂਰਤ ਹੈ| ਇਸ ਲਈ ਅਸੀਂ ਮਸੀਹੀ ਪਾਸਟਰਾਂ ਅਤੇ ਸਿੱਖਿਅਕਾਂ ਦੀ ਦਿਲਚਸਪੀ ਦੀ ਤਾਰੀਫ ਕਰਦੇ ਹਾਂ ਜੋ ਉਨ੍ਹਾਂ ਦੇ ਵਚਨ ਪੇਸ਼ਕਸ਼ ਦੇ ਖ਼ਜ਼ਾਨੇ ਨੂੰ ਵਧਾਉਣ ਵਿਚ ਦਰਸ਼ਾ ਰਹੇ ਹਨ ਕਿ ''ਸਿਰਫ ਇਕ ਕਹਾਣੀ" ਦੇ ਮੌਖਕ ਤਰੀਕੇ ਨੂੰ ਸ਼ਾਮਿਲ ਕਰ ਰਹੇ ਹਨ|

ਹੇਠਾਂ ਵਰਣਨ ਕੀਤੇ ਜਾ ਰਹੇ ਦੋਹੇਂ ਰਿਪੋਰਟਾਂ (ਇਕ ਥਾਈਲੈਂਡ ਤੋਂ ਅਤੇ ਦੂਜੀ ਨਾਈਜੀਰੀਆ ਤੋਂ) ਉਤਾਂਹ ਦੱਸੀ ਸੂਚੀ ਵਿਚ ਕਈ ਖੇਤਰਾਂ ਵਿਚ ਪਰੇਸ਼ਾਨੀ ਦੇ ਜਵਾਬ ਪ੍ਰਗਟ ਕੀਤੇ ਅਤੇ ਆਮਤੌਰ 'ਤੇ ਉਨ੍ਹਾਂ ਨੇ ਮੌਖਕ ਤਰੀਕਿਆਂ ਨੂੰ ਸਥਾਪਿਤ ਕਰਨਾ ਦੀ ਮਹੱਤਵਤਾ ਨੂੰ ਦਰਸ਼ਾਇਆ|

ਥਾਈਲੈਂਡ ਦੇ ਇਕ ਜਵਾਨ ਨੇ ਇਸ ਤਰ੍ਹਾਂ ਅਵਲੋਕਿਤ ਕੀਤਾ:

> ਮੈਂ ਆਪਣੇ ਸੰਦੇਸ਼ਾਂ ਨੂੰ ਉਦੇਸ਼ਾਂ ਨਾਲ ਚੰਗੀ ਤਰ੍ਹਾਂ ਤਿਆਰ ਕਰਦਾ ਆ ਰਿਹਾ ਹਾਂ ਅਤੇ ਆਪਣੇ ਸੰਦੇਸ਼ ਨੂੰ ਸਪਸ਼ਟ ਉਦੇਸ਼ ਨਾਲ ਅਰੰਭ ਕਰਦਾ ਸੀ| ਅਤੇ ਮੈਂ ਸਾਰੇ ਸੰਦੇਸ਼ ਵਿਚ ਉਸ ਉਦੇਸ਼ ਉੱਤੇ ਜੋਰ ਦੇਣ ਨੂੰ ਯਕੀਨੀ ਬਣਾਇਆ ਅਤੇ ਇਸ ਨੂੰ ਸੰਦੇਸ਼ ਸਮਾਪਤੀ ਨਾਲ ਇਹ ਨਿਸ਼ਚਿਤ ਕਰਦੇ ਹੋਏ ਜੋੜਿਆ ਕਿ ਮੇਰੇ ਸੁਣਨ ਵਾਲੇ ਇਸ ਤੋਂ ਉੱਕ ਨਾ ਜਾਣ| ਫਿਰ ਵੀ, ਚੰਗੀ ਤਰ੍ਹਾਂ ਸਿਖਾਉਣ ਤੋਂ ਬਾਦ ਵੀ, ਮੇਰੇ ਸਰੋਤੇ ਇਸ ਨੂੰ ਯਾਦ ਨਹੀਂ ਰੱਖਦੇ ਸਨ|
>
> STS ਵਿਚ ਹਮੇਸ਼ਾ ਹੀ ਇਕ ਸਪਸ਼ਟ ਲਕਸ਼ ਜਾਂ ਉਦੇਸ਼ ਹੁੰਦਾ ਹੈ ਜਿਹੜਾ ਕਿ ਮੇਰੇ ਵਿਸ਼ੇ ਦੇ ਉਦੇਸ਼ ਦੇ ਨਾਲ ਨਾਲ ਚੱਲਦਾ ਹੈ, ਪਰ ਸਭ ਤੋਂ ਵੱਡਾ ਫਰਕ ਇਹ ਹੈ, ਮੈਂ ਵੇਖਿਆ ਕਿ ਸਰੋਤੇ ਆਪਣੇ ਲਕਸ਼ ਦੀ ਖੋਜ ਕਰਦੇ ਹਨ ਜਿਵੇਂ ਉਹ ਮੇਰੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ| ਆਪਣੇ ਆਪ ਲਈ ਇਸ ਦੀ ਖੋਜ ਕਰਨਾ ਉਨ੍ਹਾਂ ਦੇ ਦਿਲ ਅਤੇ ਦਿਮਾਗ ਉੱਤੇ ਲਿਖਿਆ ਜਾਂਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਲੰਮੇ ਸਮੇ ਤਕ ਉਹ ਯਾਦ ਰੱਖਣਗੇ ਜੋ ਮੈਂ ਉਨ੍ਹਾਂ ਨੂੰ ਸਿਖਾਉਣਾ ਚਾਹੁੰਦਾ ਸੀ|

ਕੋਈ ਨਹੀਂ ਪਰ ਪਰਮੇਸ਼ਰ ਕਹਾਣੀ ਚੁਣਦਾ ਹੈ

ਕੁਝ ਬਹੁਤ ਹੀ ਈਮਾਨਦਾਰ ਮਸੀਹੀ ਆਗੂ ਸਿਰਫ ਇਕ ਵਾਰ ਕਹਾਣੀ ਦੀ ਸਿੱਖਿਆ ਦੇ ਬਾਰੇ ਆਪਣੀ ਦਿਲਚਸਪੀ ਪ੍ਰਗਟ ਕਰਦੇ ਹਨ| ਉਹ ਖਾਸਤੌਰ 'ਤੇ ਬਾਈਬਲ ਤੋਂ ਇਲਾਵਾ ਕਹਾਣੀ ਦੇ ਇਸਤੇਤਾਲ ਉੱਤੇ ਸਾਵਧਾਨ ਹਨ| ਉਦਾਹਰਨ ਲਈ, ਸਾਥੋਂ ਇਕ ਵਾਰੀ ਪੁੱਛਿਆ ਗਿਆ, ''ਕੀ ਬਾਈਬਲ ਦੀ ਹਰੇਕ ਕਹਾਣੀ ਵਿਚੋਂ ਸਰੋਤਿਆਂ ਨੂੰ ਸਲੀਬ ਉੱਤੇ ਕੀਤੇ ਗਏ ਪਰਮੇਸ਼ਰ ਦੇ ਛੁਟਕਾਰੇ ਦੇ ਕੰਮ ਨੂੰ ਵਿਖਾਇਆ? (ਲੂਕਾ 24:27 ਅਤੇ ਰਸੂਲਾਂ ਦੇ ਕਰਤੱਬ 8:35 ਵੇਖੋ|) ਜਦ ਅਸੀਂ ਕਹਾਣੀ ਨੂੰ ਸੁਸਮਾਚਾਰ ਦੀ ਵੱਡੀ ਤਸਵੀਰ ਤੋਂ ਵੱਖਰੇ ਕਰ ਦਿੰਦੇ ਹਾਂ, ਤਾਂ ਬਾਈਬਲ ਕਹਾਣੀਆਂ ਉਸੇ ਹੀ ਘੜੀ ਨੈਤਿਕ ਜੀਵਨ ਦੀ ਸਿੱਖਿਆ ਤੋਂ ਵਧਕੇ ਹੋਰ ਕੁਝ ਨਹੀਂ ਰਹਿ ਜਾਂਦੀਆਂ|"

ਅਸੀਂ ਇਸ ਵਿਚਾਰਸ਼ੀਲਤਾ ਦੇ ਬਾਰੇ ਕਈ ਤਰ੍ਹਾਂ ਨਾਲ ਪ੍ਰਤੀਉੱਤਰ ਦਿੰਦੇ ਹਾਂ| ਸਲੀਬ ਦਾ ਵਿਰੋਧੀ ਹਮੇਸ਼ਾ ਹੀ ਯਿਸੂ ਨੂੰ ਨੀਵਾਂ ਕਰਨ, ਮਨੁੱਖਤਾ ਦੀ ਨਿਰਾਸਾ ਨੂੰ ਅਤੇ ਪਰਮੇਸ਼ਰ ਦੇ ਛੁਟਕਾਰੇ ਦੀ ਯੋਜਨਾ ਨੂੰ ਅਣਦੇਖੀ ਕਰਨ ਦਾ ਜਤਨ ਕਰਦਾ ਹੈ| ਇਨ੍ਹਾਂ ਭਰਮਾਂ ਤੋਂ ਅਸੀਂ ਚੰਗੀ ਤਰ੍ਹਾਂ ਜਾਗਰੁਕ ਹਾਂ|

ਅਸੀਂ ਇਕ ਕਹਾਣੀ ਵਿਚ ਬਣੇ ਰਹਿਣ ਲਈ ਉੱਤਰ ਨੂੰ ਅਸੀਂ ਪਵਿੱਤਰ ਆਤਮਾ ਦੀ ਯੋਗਤਾ ਅਤੇ ਉਸ ਦੀ ਭੂਮਿਕਾ ਵਿਚ ਪ੍ਰਾਪਤ ਕਰਦੇ ਹਾਂ| ਪਵਿੱਤਰ ਆਤਮਾ ਕਹਾਣੀ ਵਿਚੋਂ ਸੰਦੇਸ਼ ਨੂੰ ਦੱਸੇਗਾ, ਬੇਸ਼ਕ ਕਹਾਣੀ ਵਾਚਕ-ਸਿੱਖਿਅਕ ਪ੍ਰਚਾਰ ਤੋਂ ਪਹਿਲਾਂ ਆਪਣੇ ਵਿਸ਼ੇ ਨੂੰ ਚਾਹੇ ਨਾ ਵੀ ਚੁਣੇ| ਇਹ ਵਾਰ ਵਾਰ ਚੰਗੀ ਤਰ੍ਹਾਂ ਵਿਚਾਰ ਵਟਾਂਦਰੇ ਨੂੰ ਇਸਤੇਮਾਲ ਕਰਨ ਨਾਲ ਅਤੇ ਕਹਾਣੀ ਨੂੰ ਗੰਭੀਰਤਾ ਨਾਲ ਤਿਆਰ ਕਰਨ ਨਾਲ ਹੁੰਦਾ ਹੈ|

ਜਦ ਭਾਸ਼ਣ ਦੀ ਸ਼ੈਲੀ ਨੂੰ ਇਸਤੇਮਾਲ ਕਰਦੇ ਹੋਏ ਵਚਨ ਦਿੱਤਾ ਜਾਂਦਾ ਹੈ, ਇਹ ਤਰੀਕਾ ਸਿੱਖਿਅਕ ਨੂੰ ਇਹ ਖੋਜ ਨਹੀਂ ਕਰਨ ਦਿੰਦਾ ਕਿ ਕਿਸ ਤਰ੍ਹਾਂ ਬਚਣਾ ਹੈ ਇਸ ਸੁਣਨ ਲਈ ਤਿਆਰ ਨਹੀਂ ਕਰਦਾ, ਇਸ ਤਰ੍ਹਾਂ ਇਹ ਨਿਮੰਤਰਨ ਸਭ ਕੋਲ ਜਾਂਦਾ ਹੈ| ਪਰ ਦੇ ਵਿਚਾਰ ਵਟਾਂਦਰੇ ਨਾਲ ਸਿਖਾਉਣਾ ਕਹਾਣੀ ਵਾਚਕ ਨੂੰ ਹਰੇਕ ਵਿਅਕਤੀ ਨਾਲ ਗੱਲ ਬਾਤ ਕਰਨਾ ਦਾ ਮੌਕਾ ਮਿਲਦਾ ਹੈ| ਆਤਮਿਕ ਗੱਲਾਂ ਹੋਇਆਂ ਦੇ ਬਾਰੇ ਮਿਲ ਕੇ ''ਗੱਲਬਾਤ" ਹੁੰਦੀ ਹੈ|

ਗੱਲਬਾਤ ਦੇ ਦੌਰਾਨ, ਜਦ ਵੀ ਪਰਮੇਸ਼ਰ ਦੇ ਬਾਰੇ ਜਾਂ ਯਿਸੂ ਨੂੰ ਕਿਵੇਂ ਜਾਣ ਸਕਦੇ ਹਾਂ ਦੀ ਦਿਲਚਸਪੀ ਪੈਦਾ ਹੁੰਦੀ ਹੈ, ਤਦ ਕਹਾਣੀ ਵਾਚਕ ਇਸ ਖਾਸ ਜਰੂਰਤ ਦਾ ਪ੍ਰਤੀਉੱਤਰ ਦੇ ਸਕਦਾ ਹੈ| ਕਹਾਣੀ ਵਾਚਕ ਸਿੱਧੇ ਹੀ ਸੁਸਮਾਚਾਰ ਦੇ ਸਕਦਾ ਹੈ ਅਤੇ ਬਾਈਬਲ ਦਾ ਹਿੱਸਾ ਜਿਹੜਾ ਪਰਮੇਸ਼ਰ ਦੇ ਛੁਟਕਾਰੇ ਦੀ ਯੋਜਨਾ ਨੂੰ ਪ੍ਰਗਟ ਕਰੇਗਾ ਉਸ ਵੱਲ ਲੈ ਜਾਵੇਗਾ| ਪਵਿੱਤਰ ਆਤਮਾ ਪਵਿੱਤਰ ਸ਼ਾਸਤਰ ਰਾਹੀਂ ਲੋਕਾਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਦਾ ਹੈ ਅਤੇ ਲੋਕਾਂ ਨੂੰ ਕਿਸ ਤਰ੍ਹਾਂ ਮੁਕਤੀ ਵੱਲ ਲਿਆਉਂਦਾ ਹੈ ਇਹ ਅਗਲੀ ਰਿਪੋਰਟ ਵਿਚ ਦੱਸਿਆ ਗਿਆ ਹੈ|

STS ਦੀਆਂ ਪੰਜ ਵਰਕਸ਼ਾਪਾਂ ਪੂਰਵ ਅਤੇ ਉੱਤਰ ਨਾਈਜੇਰੀਆ ਵਿਚ ਕੀਤੀਆਂ ਗਈਆਂ| ਤਿੰਨ ਮਹੀਨਿਆਂ ਦੇ ਬਾਦ, ਸਿੱਖਿਅਕ ਇਹ ਵੇਖਣ ਲਈ ਦੁਬਾਰਾ ਨਾਈਜੇਰੀਆ ਗਿਆ, ''ਕਿ ਉਨ੍ਹਾਂ ਨੇ ਕੀ ਸਿੱਖਿਆ ਹੈ|" ਕਿਉਂਕਿ ਟ੍ਰੇਨਿੰਗ ਦੇ ਦੌਰਾਨ ਉਨ੍ਹਾ ਸਾਰਿਆਂ ਨੂੰ ਸਿਖਾਇਆ ਗਿਆ ਸੀ ਉਹ ਚਾਰ ਭਾਸ਼ਾਵਾਂ ਦੇ ਅਨੁਵਾਦ ਵਿਚ ਸਿਖਿਇਆ ਗਿਆ ਸੀ, ਸਿੱਖਿਅਕ ਨੂੰ ਐਨਾ ਯਕੀਨ ਨਹੀਂ ਸੀ| ''ਨਾ ਸਿਰਫ ਉਨ੍ਹਾਂ ਨੇ ਇਸ ਨੂੰ ਸਿੱਖਿਆ ਹੀ ਹੈ," ਉਸ ਨੇ ਦੱਸਿਆ, ''ਉਹ ਇਸ ਦਾ ਅਭਿਆਸ ਕਰ ਰਹੇ ਹਨ ਅਤੇ ਇਸ ਨੂੰ ਇਸਤੇਮਾਲ ਕਰ ਰਹੇ ਹਨ|"
ਇਕ ਪ੍ਰਚਾਰਕ ਨੇ STS ਦੇ ਸਿੱਖਿਅਕ ਨੂੰ ਦੱਸਿਆ ਕਿ ਉਸ ਨੇ 9 ਮੁਸਲਮਾਨਾਂ ਨੂੰ ਪ੍ਰਭੂ ਕੋਲ ਲਿਆਂਦਾ ਹੈ|ਪ੍ਰਚਾਰਕ ਨੇ ਦੱਸਿਆ ਕਿ ਉਨ੍ਹਾਂ ਕੋਲ ਜਾਣਾ ਕਿਸ ਤਰ੍ਹਾਂ ਹੋਇਆ| ਉਸ ਨੇ ਦੱਸਿਆ ਕਿ ਇਕ ਨਵੇਂ ਵਿਸ਼ਵਾਸ ਨੇ ਕਿਹਾ, ''ਅਸੀਂ ਕਹਾਣੀਆਂ ਵਿਚ ਲੋਕਾਂ ਨੂੰ ਜਾਣਦੇ ਸੀ ਪਰ ਕੁਰਾਨ ਸਾਨੂੰ ਸਾਰੀ ਕਹਾਣੀ ਨਹੀਂ ਦੱਸਦੀ. . .ਨਾ ਹੀ ਸਾਡੇ ਨਾਲ ਇਸ ਬਾਰੇ ਕਦੇ ਵਿਚਾਰ ਵਟਾਂਦਰਾ ਹੋਇਆ ਹੈ|"
ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕਿਹੜੀ ਕਹਾਣੀ ਨੇ ਤੁਹਾਨੂੰ ਸਪਰਸ਼ ਕੀਤਾ ਹੈ, ਪ੍ਰਚਾਰਕ ਨੇ ਦੱਸਿਆ, ''ਇਹ ਮੂਸਾ ਅਤੇ ਚੱਟਾਨ ਦੀ ਕਹਾਣੀ ਸੀ| ਤੁਸੀਂ ਕੂਚ 17 ਵਿਚ ਇਸ ਨੂੰ ਜਾਣਦੇ ਹੋ|"

STS ਦਾ ਸੀਨੀਅਰ ਸਿੱਖਿਅਕ ਹੋਣ ਦੇ ਨਾਤੇ, ਉਸ ਰਿਪੋਰਟ ਨੇ ਮੈਨੂੰ ਹੈਰਾਨ ਕਰ ਦਿੱਤਾ| ਮੈਂ ਪੁੱਛਿਆ, ''ਪਰ ਉਸ ਕਹਾਣੀ ਵਿਚ ਕੀ ਸੀ ਕਿ ਉਨ੍ਹਾਂ ਤਕ ਪਹੁੰਚੀ?"
STS ਦੇ ਸਿੱਖਿਅਕ ਨੇ ਦੱਸਿਆ,

> ''ਪ੍ਰਚਾਰਕ ਨੇ ਮੈਨੂੰ ਦੱਸਿਆ ਕਿ ਨਵੇਂ ਵਿਸ਼ਵਾਸੀ ਨੇ ਕਿਹਾ, 'ਜਦ ਅਸੀਂ ਕਹਾਣੀ ਨੂੰ ਸੁਣਿਆਂ ਅਤੇ ਇਸ ਉੱਤੇ ਵਿਚਾਰ ਕੀਤਾ, ਅਸੀਂ ਵੇਖਿਆ ਕਿ ਮੂਸਾ ਇਕ ਵਫਾਦਾਰ ਆਗੂ ਸੀ ਪਰ ਲੋਕ ਮੂਸਾ ਦਾ ਅਪਮਾਨ ਕਰਦੇ ਸਨ| ਸਾਨੂੰ ਬੜੀ ਹੈਰਾਨ ਹੋਈ ਕਿ ਮੂਸਾ ਪਰਮੇਸ਼ਰ ਕੋਲ ਗਿਆ ਅਤੇ ਪੁੱਛਿਆ ਕਿ ਲੋਕਾਂ ਲਈ ਕੀ ਕੀਤਾ ਜਾਵੇ| ਮੂਸਾ ਨੇ ਲੋਕਾਂ ਦੀ ਸੇਵਾ ਕੀਤੀ! ਸਾਡੇ ਆਗੂ ਸਾਡਾ ਧਿਆਨ ਨਹੀਂ ਕਰਦੇ| ਅਤੇ ਤਦ ਪਰਮੇਸ਼ਰ ਨੇ ਲੋਕਾਂ ਨੂੰ ਸਜ਼ਾ ਨਹੀਂ ਦਿੱਤੀ| ਉਸ ਨੇ ਉਨ੍ਹਾਂ ਨੂੰ ਪਾਣੀ ਦਿੱਤਾ| ਉਸ ਨੇ ਉਨ੍ਹਾਂ ਉੱਤੇ ਦਇਆ ਕੀਤੀ| ਅਸੀਂ ਉਸ ਪਰਮੇਸ਼ਰ ਨੂੰ ਜਾਣਨਾ ਚਾਹੁੰਦੇ ਹਾਂ|' "

ਮੈਂ ਆਪਣੇ ਆਪ ਵਿਚ ਸੋਚਿਆ| ਕਾਸ਼ ਕਿ ਮੈਂ ਉਸ ਪ੍ਰਚਾਰਕ ਲਈ ਮੂਸਾ ਦੀ ਕਹਾਣੀ ਨੂੰ ਚੁਣਿਆਂ ਹੁੰਦਾ? ਤਾਂ ਕੀ ਇਹ ਕਹਾਣੀ ਮੇਰੇ ਖਾਤੇ ਵਿਚ ਹੁੰਦੀ ਕਿ ਮੁਸਲਮਾਨਾਂ ਲਈ ਇਹ ਉਪਯੋਗੀ ਹੈ? ਨਹੀਂ ਇਹ ਚੁਣਿਆਂ ਨਹੀਂ ਗਿਆ- ਠੀਕ ਹੈ, ਘੱਟੋ ਘੱਟ ਇਸ ਤੋਂ ਪਹਿਲਾਂ ਤਾਂ ਨਹੀਂ ਚੁਣਿਆਂ ਜਦ ਮੈਂ ਜਾਣਨਾ ਅਰੰਭ ਕਰਦਾ ਕਿ ਕਿਵੇਂ ਉਹ ਲੋਕ ਜਿਹੜੇ ਪਰਮੇਸ਼ਰ ਦੀ ਇੱਛਾ ਲਈ ਤਾਂਘਦੇ ਹਨ ਉਸ ਦੇ ਵਚਨ ਦੇ ਰਾਹੀਂ ਜਿਸ ਵਿਚ ਕਹਾਣੀਆਂ ਵੀ ਸ਼ਾਮਿਲ ਹਨ ਕਿ ਉਹ ਪਰਮੇਸ਼ਰ ਦੇ ਕੋਲ ਆਉਣ|

ਇਸ ਦੇ ਬਾਵਜੂਦ, ਕਿ ਚਾਹੇ ਉਹ ਕਹਾਣੀ ਮੇਰੇ ਖਾਤੇ ਵਿਚ ਹੁੰਦੀ ਜਾਂ ਨਾ ਹੁੰਦੀ, ਇਹ ਪਵਿੱਤਰ ਆਤਮਾ ਦੇ ਖਾਤੇ ਵਿਚ ਹੈ! ਅਸੀਂ ਇਸ ਗੱਲ ਨੂੰ STS ਦੇ ਇਸਤੇਮਾਲ ਵਿਚ ਵਾਰ ਵਾਰ ਵੇਖਿਆ ਹੈ| ਜਦ ਪਰਮੇਸ਼ਰ ਦਾ ਵਚਨ ਸੰਪੂਰਨਤਾ ਵਿਚ ਦਿੱਤਾ ਜਾਂਦਾ ਹੈ, ਜਿਸ ਤਰ੍ਹਾਂ ਕਿ ਪਰਮੇਸ਼ਰ ਨੇ ਲਿਖਿਆ ਹੈ ਅਤੇ ਜਦ ਇਸ ਦੇ ਖ਼ਜ਼ਾਨੇ ਸਰੋਤਿਆਂ ਰਾਹੀਂ ਵਿਚਾਰ ਵਟਾਂਦਰੇ ਦੇ ਰਾਹੀਂ ਭਾਲੇ ਜਾਂਦੇ ਹਨ, ਤਦ ਪਰਮੇਸ਼ਰ ਦੀ ਸ਼ਕਤੀ ਵਿਖਾਈ ਦਿੰਦੀ ਹੈ!

ਅਸੀਂ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ ਜਿਹੜੇ ਕੂਚ 17 ਦੀ ਕਹਾਣੀ ਨੂੰ ਇਸਤੇਮਾਲ ਕਰਦੇ ਹਨ ਕਿਉਹ ਇਸ ਤੋਂ ਬਾਦ ਇਕ ਹੋਰ ਕਹਾਣੀ ਉੱਤੇ ਵੀ ਵਿਚਾਰ ਕਰਨ| ਸਰੋਤਿਆਂ ਨੂੰ ਜ਼ਰੂਰ ਵਿਚਾਰ ਵਟਾਂਦਰਾ ਕੀਤਾ ਹੋਵੇਗਾ ਕਿ ਕਿਸ ਤਰ੍ਹਾਂ ਪਰਮੇਸ਼ਰ ਨੇ ਚੱਟਾਨ ਵਿਚੋਂ ਜੀਵਨ ਦੇਣ ਵਾਲਾ ਪਾਣੀ ਦਿੱਤਾ| ਇਸ ਤਰ੍ਹਾਂ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ ਜਦ ਉਨ੍ਹਾਂ ਨੇ ਅਗਲੀ ਕਹਾਣੀ ਨੂੰ ਸੁਣਿਆਂ ਜਿਹੜੀ 1 ਕੁਰਿੰਥਿਆਂ 10:1-6. ਉਨ੍ਹਾਂ ਨੇ ਕਹਾਣੀ ਦੇ ਉਸ ਹਿੱਸੇ ਦੀ ਮਹੱਤਵਤਾ ਨੂੰ ਪਾ ਲਿਆ ਜਿਹੜਾ ਚੱਟਾਨ ਅਤੇ ਪਾਣੀ ਦੀ ਉਸ ਘਟਨਾ ਬਾਰੇ ਦੱਸਦਾ ਹੈ| ''ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ□" ਲੋਕ ਉਸ ਨਵੀਂ ਕਹਾਣੀ ਵਿਚ ਵਿਸ਼ੇ ਨੂੰ ਪਛਾਣ ਜਾਂਦੇ ਹਨ; ਉਹ ਯਿਸੂ ਦੀ ਤਸਵੀਰ ਨੂੰ ਵੇਖਦੇ ਹਨ!

ਛੁਟਕਾਰੇ ਬਾਰੇ ਗੱਲਬਾਤ ਕਰੋ! ਉਹ ਦੋ ਕਹਾਣੀਆਂ ਜਿਹੜੀ ਇਕ ਤੋਂ ਬਾਦ ਦੂਜੀ ਆਉਂਦੀ ਹੈ ਹੂ ਬ ਹੂ ਪਰਮੇਸ਼ਰ ਦੀ ਯੋਜਨਾ ਨੂੰ ਦਰਸ਼ਾਉਂਦੀ ਹੈ| ਪਰ ਕੀ ਇਸ ਦੂਜੀ ਕਹਾਣੀ ਦੇ ਵਿਸ਼ੇ ਨੇ ਉਸ ਮੁਸਲਮਾਨ ਨਾਲ ਗੱਲਬਾਤ ਕੀਤੀ? ਨਹੀਂ ਇਸ ਨੇ ਨਹੀਂ| ਕੀ ਤੁਸੀਂ ਨਾਈਜੀਰੀਆ ਦੀ ਰਿਪੋਰਟ ਉੱਤੇ ਧਿਆਨ ਕੀਤਾ ਮੂਸਾ ਦੀ ਕਹਾਣੀ ਵਿਚ ਕੀ ਸੀ ਕਿ ਉਹ 9 ਮਨੁੱਖਾਂ ਨੂੰ ਇਸ ਪ੍ਰਸ਼ਨ ਦੇ ਕੋਲ ਲਿਆਈ ਕਿ ਉਹ ਪਰਮੇਸ਼ਰ ਨੂੰ ਕਿਸ ਤਰ੍ਹਾਂ ਜਾਣ ਸਕਦੇ ਹਨ? ਹਾਂ|} ਇਹ ਪਰਮੇਸ਼ਰ ਦੀ ਕਿਰਪਾ ਦੀ ਸੱਚੀ ਗਵਾਹੀ ਹੈ ਅਤੇ ਮਨੁੱਖ ਪਰਮੇਸ਼ਰ ਦੀ ਕਿਰਪਾ ਨੂੰ ਜਾਣਨਾ ਚਾਹੁੰਦੇ ਸਨ| ਇਸ ਲਈ ਜਿਸ ਪ੍ਰਚਾਰਕ ਨੇ ਮੂਸਾ ਦੀ ਕਹਾਣੀ ਸੁਣਾਈ, ਬੜੀ ਖੁਸ਼ੀ ਨਾਲ ਉਨ੍ਹਾਂ ਵਿਅਕਤੀਆਂ ਨੂੰ ਵਿਸ਼ਵਾਸ ਦੇ ਰਾਹ ਦੀ ਵਿਆਖਿਆ ਕੀਤੀ| ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਯਿਸੂ ਮਸੀਹ ਦੇ ਰਾਹੀਂ ਕਿਸ ਤਰ੍ਹਾਂ ਪਰਮੇਸ਼ਰ ਨੂੰ ਜਾਣ ਸਕਦੇ ਹਨ|}

ਤਾਂ ਪੱਤ੍ਰੀਆਂ ਦੇ ਬਾਰੇ ਕੀ ਹੈ?

ਪਰ ਜਦ ਮੈਖਕ ਤਰੀਕੇ ਵਿਚ ਕਹਾਣੀਆਂ ਜੋੜ ਕੇ ਇਸਤੇਮਾਲ ਕਰਨ ਦੇ ਰਾਹੀਂ ਬਾਈਬਲ ਸਿਖਾਉਣ ਦੇ ਨਮੂਨੇ ਉੱਤੇ ਵਿਚਾਰ ਕੀਤਾ ਜਾਂਦਾ ਹੈ ਤਾਂ ਬਹੁਤ ਸਾਰੇ ਜਿਹੜੇ ਪਰਮੇਸ਼ਰ ਦੇ ਵਚਨ ਨੂੰ ਪ੍ਰੇਮ ਕਰਦੇ ਹਨ, ਅਤੇ ਉਹ ਜਾਣਦੇ ਹਨ ਕਿ ਪਰਮੇਸ਼ਰ ਦੀ ਸਾਰੀ ਸਮਝ ਉਚਿਤ ਹੈ, ਉਹ ਇਹ ਸ਼ਾਨਦਾਰ ਪ੍ਰਸ਼ਨ ਪੁੱਛਦੇ ਹਨ: ''ਪੱਤ੍ਰੀਆਂ ਦੇ ਬਾਰੇ ਕੀ ਹੈ?" ਇਸ ਵਿਚਾਰ ਲਈ ਸਾਡੇ ਅਸੀਂ ਕਈ ਉੱਤਰ ਦਿੰਦੇ ਹਾਂ|

ਇਕ ਇਹ ਹੈ| ਇਕ ਲੰਮੇ ਸਮੇ ਤੋਂ ਬਾਈਬਲ ਦੀਆਂ ਕਹਾਣੀਆਂ ਨੂੰ ਕੱਟ-ਛੰਡ, ਅਲਗ ਅਲਗ ਕੀਤਾ ਜਾ ਰਿਹਾ ਹੈ, ਅਤੇ ਇਨ੍ਹਾਂ ਨੂੰ ਸੰਦੇਸ਼ ਦੇ ਵਿਸ਼ੇ ਨੂੰ ਦਰਸ਼ਾਉਣ ਲਈ ਉੱਛਲਣ ਵਾਲੇ ਫੱਟੇ ਦੀ ਤਰ੍ਹਾਂ ਇਸਤੇਮਾਲ ਕੀਤਾ ਹੈ| ਉਲਟ ਗੱਲ ਇਹ ਹੈ ਕਿ ਇਹ ਮੈਖਕ ਤੌਰ 'ਤੇ ਸਿੱਖਣ ਵਾਲਿਆਂ ਰਾਹੀਂ ਸਮਝੀਆਂ ਗਈਆਂ ਅਤੇ ਯਾਦ ਕੀਤੀਆਂ ਗਈਆਂ, ਇਹ ਕਹਾਣੀਆਂ ਜਿਸ ਤਰ੍ਹਾਂ ਲਿਖਿਆਂ ਹਨ ਉਸੇ ਹੀ ਤਰ੍ਹਾਂ ਸੁਣਨ ਦੀ ਜ਼ਰੂਰਤ ਹੈ|

ਪੱਕੀ ਗੱਲ ਹੈ ਕਿ ਜੇਕਰ ਮੈਖਕ ਤਰੀਕੇ ਅਤੇ ਕਹਾਣੀਆਂ ਦੇ ਇਸਤੇਮਾਲ ਦੀ ਸਹਾਇਤਾਂ ਰਾਹੀਂ ਬਾਈਬਲ ਦੀਆਂ 75 ਪ੍ਰਤੀਸ਼ਤ ਕਹਾਣੀਆਂ ਸੰਸਾਰ ਦੇ 80 ਪ੍ਰਤੀਸ਼ਤ ਲੋਕਾਂ ਰਾਹੀਂ ਚੰਗੀ ਤਰ੍ਹਾਂ ਸਮਝੀਆਂ ਜਾ ਸਕਦੀਆਂ ਹਨ, ਜਿਹੜੀਆਂ ਕਿ ਪਹਿਲਾਂ ਸਾਡੀ ਪੇਸ਼ਕਾਰੀ ਤੋਂ ਸਮਝੀਆਂ ਨਹੀ ਗਈਆਂ ਸਨ ਇਹੀ ਖੁਸ਼ੀ ਦਾ ਕਾਰਨ ਹੋਣਾ ਚਾਹੀਦਾ ਹੈ!

ਸਾਨੂੰ ਬੜਾ ਉਤਸ਼ਾਹ ਮਿਲੀਆ ਕਿ ਮਸੀਹੀ ਸਿੱਖਿਅਕ, ਪਾਸਟਰ, ਅਤੇ ਮਿਸ਼ਨਰੀ ਇਸ ਬਾਈਬਲ ਅਧਾਰਿਤ ਅਤੇ ਪ੍ਰਭਾਵਸ਼ਾਲੀ ਸਿਖਾਉਣ ਅਤੇ ਪ੍ਰਚਾਰ ਕਰਨ ਦੇ ਤਰੀਕੇ ਨੂੰ ਖੋਜ ਰਹੇ ਹਨ| STS ਦਾ ਪ੍ਰਭਾਓ ਸੋਚਵਿਚਾਰ ਤੋਂ ਅੱਗੇ ਜਾਂਦਾ ਹੈ| ਜਿਨ੍ਹਾਂ ਨੇ ਇਹ ਹਿੰਮਤ ਵਾਲਾ ਕੰਮ ਕੀਤਾ ਹੈ ਅਤੇ ਕਹਾਣੀਆਂ ਨੂੰ ਸੰਪੂਰਨ ਰੂਪ 'ਤੇ ਪੇਸ਼ ਕਰਨ ਅਤੇ ਉਨ੍ਹਾਂ ਦੀ ਗਹਿਰਾਈ ਵਿਚ ਵਿਚਾਰ ਵਟਾਂਦਰਾ, ਇਸ ਮੈਖਕ ਤੌਰ 'ਤੇ ਕਰਨ ਦਾ ਜਤਨ ਕੀਤਾ ਹੈ, ਉਹ ਭਿੰਨ ਭਿੰਨ

ਅਤੇ ਆਸ਼ਾਵਾਦੀ ਨਤੀਜੀਆਂ ਨੂੰ ਵੇਖ ਰਹੇ ਹਨ|

ਬਾਈਬਲ ਦੀਆਂ ਕਹਾਣੀਆਂ ਸਿਖਾਉਣ ਦੇ ਸਿਰਫ ਇਕ ਕਹਾਣੀ ਦੇ ਤਰੀਕੇ ਦਾ ਦਿਲੀ ਪ੍ਰਤੀਉੱਤਰ ਦੀ ਬਹੁਤ ਲੋਕਾਂ ਨੇ ਸਾਖੀ ਦਿੱਤੀ ਹੈ ਪਿਛਲੇ ਪੰਜ ਸਾਲਾਂ ਵਿਚ ਸੰਸਾਰ ਦੇ ਕਈ ਸਥਾਨਾਂ ਉੱਤੇ ਇਸ ਦਾ ਇਸਤੇਮਾਲ ਹੋਇਆ| STS ਦਾ ਅਰੰਭ ਹੋਇਆ ਜਾਂ 90 ਦੇਸ਼ਾਂ ਵਿਚ ਇਸ ਨੂੰ ਇਸਤੇਮਾਲ ਕੀਤਾ ਗਿਆ|

ਫਿਲੀਪਾਈਨ ਵਿਚ ਤਿੰਨ ਵਰਕਸ਼ਾਪਾਂ ਚਲਾਉਣਾ ਇਹ ਬਹੁਤ ਵੱਡੀ ਤਰੱਕੀ ਦੀ ਮਿਸਾਲ ਹੈ| ਇਕ ਵਿਅਕਤੀ ਨੇ ਸਾਨੂੰ ਇਹ ਲਿਖ ਕੇ ਭੇਜਿਆ: ''ਵਰਕਸ਼ਾਪ ਦੇ ਚਾਰ ਮਹੀਨੀਆਂ ਤੋਂ ਬਾਦ ਮੈਂ ਵਰਕਸ਼ਾਪ ਵਿਚ ਆਏ ਸਿੱਖਿਆਰਥੀਆਂ ਨਾਲ ਸੰਪਰਕ ਕੀਤਾ ਅਤੇ ਮੈਂ ਵੇਖੀਆ ਕਿ 1400 ਲੋਕ ਪਹਿਲਾਂ ਹੀ ਸਿਖਲਾਏ ਜਾ ਚੁਕੇ ਹਨ, ਅਤੇ 25 ਭਾਸ਼ਾਂ ਵਿਚ STS ਸਿਖਾਈ ਗਈ ਸੀ!"

ਯੂ ਐਸ ਏ ਵਿਚ ਇਕ ਵਿਕਲਿਫ ਅਨੁਵਾਦਕ ਨੇ STS ਨੂੰ ਸਿੱਖਿਆ| ਉਸ ਨੇ ਆਪਣੇ ਪਿੰਡ ਦੇ ਕੁਝ ਆਗੂਆਂ ਨੂੰ ਉਨ੍ਹਾਂ ਵਰਕਸ਼ਾਪਾਂ ਵਿਚ ਟ੍ਰੇਨਿੰਗ ਲਈ ਭੇਜਿਆ| ਤਿੰਨ ਮਹੀਨੀਆਂ ਤੋਂ ਬਾਦ, ਫਿਲਿਪਿਨੇਸ ਪਿੰਡ ਦੇ 5 ਲੋਕਾਂ ਨੂੰ ਸਿਖਲਾਈ ਦਿੱਤੀ ਗਈ, ਉਹ ਨਗਰ ਵਿਚ ਗਏ ਅਤੇ ਇਕ ਵਰਕਸ਼ਾਪ ਚਲਾਈ| ਉਸ ਤੋਂ ਬਾਦ ਉਸ ਵਿਕਲਿਫ ਅਨੁਵਾਦਕ ਨੇ ਲਿਖਿਆ, ''ਪੜ੍ਹੇ ਲਿਖੇ ਪਾਸਟਰਾਂ ਨੇ ਪੁੱਛਿਆ, 'ਤੁਸੀਂ ਕਦ ਵਾਪਿਸ ਆ ਸਕਦੇ ਹੋ ਅਤੇ ਸਾਨੂੰ ਹੋਰ ਸਿਖਾ ਸਕਦੇ ਹੋ?' ਪਾਸਟਰਾਂ ਕੋਲ ਇਹ ਵਿਚਾਰ ਨਹੀਂ ਸੀ ਕਿ ਪੰਜਾਂ ਵਿਚੋਂ ਤਿੰਨ ਸਿੱਖਿਅਕਾਂ ਜਿਨ੍ਹਾਂ ਨੇ ਉਨ੍ਹਾਂ ਨੂੰ ਸਿਖਲਾਇਆ ਸੀ ਉਹ ਅਨਪੜ੍ਹ ਸੀ!"

ਨਵੇਂ ਨਵੇਂ ਸਿੱਖੇ ਹੋਏ ਮੌਖਕ ਸਿੱਖਿਅਕ, ਉਨ੍ਹਾਂ ਵਿਚੋਂ ਜ਼ਿਆਦਾਤਰ ਅਨਪੜ੍ਹ ਹਨ, ਉਹ ਦੂਜਿਆਂ ਨੂੰ ਉਤਸ਼ਾਹ ਨਾਲ ਕਹਾਣੀਆਂ ਸੁਣਾਉਣ ਦੇ ਰਾਹੀਂ ਉਹ ਆਪਣੀ ਸਮਝ ਨੂੰ ਪ੍ਰਗਟ ਕਰ ਰਹੇ ਹਨ| ਅਸੀਂ ਉਨ੍ਹਾਂ ਦੀ 5ਵੀਂ ਅਤੇ 6ਵੀਂ ਪੀੜ੍ਹੀ ਦੀ ਰਿਪੋਰਟ ਸੁਣਕੇ ਬੜੇ ਹੈਰਾਨ ਹੁੰਦੇ ਹਾਂ ਜੋ ਉਨ੍ਹਾਂ ਨੇ ਇਸ ਸਾਲ ਦੇ ਅੰਦਰ ਕਹਾਣੀਆਂ ਸਿਖਾਈਆਂ! ਆਤਮਿਕ ਫਲ ਦਾ ਧਨ ਜੋ ਅਸੀਂ ਵੇਖਦੇ ਹਾਂ ਉਹ ਪਰਮੇਸ਼ਰ ਦੇ ਵਚਨ ਦੀ ਸਮਰਥ ਲਈ ਇਕ ਗਵਾਹੀ ਹੈ, ਜਦ ਕਹਾਣੀ ਨੂੰ ਇਸ ਦੇ ਅਸਲੀ ਰੂਪ ਪੇਸ਼ ਕੀਤਾ ਗਿਆ|

ਪਰ ਫਿਰ ਵੀ... ਪੱਤ੍ਰੀਆਂ ਦੇ ਬਾਰੇ ਕੀ ਹੈ

ਬਾਈਬਲ ਦੇ ਕਿਸੇ ਵੀ ਹਿੱਸੇ ਉੱਤੇ ਦੇ ਮੂਲ ਸਿੱਧਾਂਤ ਨੂੰ ਲਾਗੂ ਕੀਤਾ ਜਾ ਸਕਦਾ ਹੈ|

ਅਸੀਂ ਵਰਕਸ਼ਾਪਾਂ ਵਿਚ ਕਰਕੇ ਵਿਖਾਉਂਦੇ ਹਾਂ ਕਿ ਕਿਸ ਤਰ੍ਹਾਂ ਪੱਤ੍ਰੀਆਂ ਵਿਚੋਂ ਹਿੱਸੇ ਬੜੀ ਆਸਾਨੀ ਨਾਲ STS ਦੇ ਤਰੀਕੇ ਨਾਲ 100 ਪ੍ਰਤੀਸ਼ਤ ਪੇਸ਼ ਕੀਤੇ ਜਾ ਸਕਦੇ ਹਨ| ਅਸੀਂ ਅਕਸਰ ਪੱਤ੍ਰੀਆਂ, ਜ਼ਬੂਰਾਂ ਵਿਚੋਂ ਕਹਾਣੀਆਂ ਸ਼ਾਮਿਲ ਕਰਕੇ ਪੇਸ਼ ਕਰਕੇ ਦਰਸ਼ਾਉਂਦੇ ਹਾਂ| ਬਾਈਬਲ ਦੇ ਇਹ ਹਿੱਸੇ ਕਹਾਣੀ ਦੇ ਰੂਪ ਵਿਚ ਜ਼ਰਾ ਘੱਟ ਪਛਾਣੇ ਜਾਂਦੇ ਹਨ, ਪਰ ਅਸੀਂ ਪੱਤ੍ਰੀਆਂ, ਕਾਵੀ

ਪੁਸਤਕਾਂ ਅਤੇ ਨਬੀਆਂ ਦੀ ਪੁਸਤਕਾਂ ਵਿਚੋਂ ਅਜਿਹੇ ਹਿੱਸੇ ਵਿਖਾਏ ਹਨ ਜੋ ਕਿ ਸਪਸ਼ਟ ਹਨ ਅਤੇ ਕਹਾਣੀ ਰੇਖਾ ਪ੍ਰਗਟ ਕਰਦੇ ਹਨ| ਇਨ੍ਹਾਂ ਨੂੰ STS ਦਾ ਤਰੀਕਾ ਇਸਤੇਮਾਲ ਕਰਕੇ ਚੰਗੀ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ

ਜੇਕਰ ਤੁਸੀਂ ਪਹਿਲੇ ਜ਼ਬੂਰ ਦੀ ਪੰਜ ਪਦਾਂ ਨੂੰ ਜਾਣਦੇ ਹੋ, ਆਪਣੀਆਂ ਅੱਖਾਂ ਬੰਦ ਕਰੋ ਅਤੇ ਪਹਿਲੇ ਜ਼ਬੂਰ ਵਿਚ ਦੋ ਤਰ੍ਹਾਂ ਦੇ ਵਿਅਕਤੀਆਂ ਨੂੰ ਵੇਖਣ ਲਈ ਸਮਝ਼ਦਾਰ ਸਲਾਹਕਾਰ ਦੇ ਪ੍ਰਸ਼ਨਾਂ ਦਾ ਇਸਤੇਮਾਲ ਕਰੋ| ਉਨ੍ਹਾਂ ਦੀਆਂ ਚੋਣਾ ਉੱਤੇ ਧਿਆਨ ਦਿਓ ਉਹ ਕੀ ਚੁਣ ਸਕਦੇ ਹਨ ਅਤੇ ਉਨ੍ਹਾਂ ਦੇ ਨਤੀਜੇ ਅਤੇ ਉਨ੍ਹਾਂ ਦੀ ਚੋਣਾਂ ਦੇ ਪ੍ਰਭਾਵ ਵੇਖੋ| ਇਹ ਵੀ ਧਿਆਨ ਦਿਓ ਕਿ ਪਰਮੇਸ਼ਰ ਕਿਸ ਤਰ੍ਹਾਂ ਉਨ੍ਹਾਂ ਦੇ ਜੀਵਨਾਂ ਵਿਚ ਪ੍ਰਭਾਵ ਪਾ ਰਿਹਾ ਹੈ ਅਤੇ ਤੁਸੀਂ ਪਰਮੇਸ਼ਰ ਦਾ ਕੀ ਗੁਣ ਵੇਖਦੇ ਹੋ|
ਇਹ ਹੋਰ ਜਾਣੇ ਪਛਾਣੇ ਹਿੱਸੇ ਉੱਤੇ ਵਿਚਾਰ ਕਰਨ ਲਈ, ਇਕ ਵਾਰੀ ਫਿਰ ਆਪਣੀਆਂ ਅੱਖਾਂ ਬੰਦ ਕਰੋ| ਆਪਣੇ ਮਨ ਵਿਚ ਵੇਖੋ ਅਤੇ ਜ਼ਬੂਰ 23 ਵਿਚ ਭੇਡ ਆਪਣੇ ਚਰਵਾਹੇ ਬਾਰੇ ਕਿਸ ਤਰ੍ਹਾਂ ਬਿਆਨ ਕਰਦੀ ਹੈ| (ਤੁਸੀਂ ਉਸ ਤੋਂ ਵੀ ਵਧ ਕੇ ਸੁਣ ਸਕਦੇ ਹੋ ਜੇ ਪਹਿਲਾਂ ਤੁਸੀਂ ਰਮੇਸ਼ ਅਤੇ ਜ਼ਬੂਰ 23 ਦੀ ਕਹਾਣੀ ਵਿਚ ਸੁਣ ਚੁਕੇ ਹੋ|) ਭੇਡ ਨੂੰ ਧਿਆਨ ਨਾਲ ਸੁਣੋ| ਸਾਰੀ ਕਹਾਣੀ ਵਿਚਾਰਨ ਤੋਂ ਬਾਦ ਹੀ ਤੁਸੀਂ ਵਾਪਿਸ ਜਾਓ ਅਤੇ ਕੀ ਕਹਾਣੀ ਵਿਚ ਤੁਸੀਂ ਕੀ ਨਿਰੀਖਣ ਕੀਤਾ ਉਸ ਦੇ ਅਨੁਸਾਰ ਪ੍ਰਯੋਗ ਪ੍ਰਸ਼ਨ ਪੁੱਛੋ| ਅੱਜ ਸਾਡੇ ਕੀ ਲਾਗੂ ਹੋਵੇਗਾ ਅਸੀਂ ਭੇਡ ਅਤੇ ਯਿਸੂ ਸਾਡਾ ਚਰਵਾਹਾ ਹੋਵੇ|

ਯਸਾਯਾਹ 1:10-20, ਰੋਮੀਆਂ 1:14-25 ਅਤੇ ਯਾਕੂਬ 1:22-27 ਵਿਚ ਕਹਾਣੀਰੇਖਾ ਨੂੰ ਵੇਖਣ ਦਾ ਜਤਨ ਕਰੋ| ਇਹ ਮੰਨਣਯੋਗ ਹੈ ਕਿ ਬਾਈਬਲ ਦੇ ਇਹ ਹਿੱਸੇ ਆਮ ਕਹਾਣੀਆਂ ਨਾਲੋਂ ਯਾਦ ਕਰਨ ਲਈ ਵੱਧ ਚਣੋਤੀ ਵਾਲੇ ਹਨ, ਜਿਸ ਵਿਚ ਸੰਵਾਦ ਹਨ ਅਤੇ ਲੋਕ ਇਨ੍ਹਾਂ ਵਿਚ ਜੀਵਨ ਦੀਆਂ ਗੱਲਾਂ ਨੂੰ ਅਨੁਭਵ ਕਰ ਰਹੇ ਹਨ| ਇਨ੍ਹਾਂ ਉੱਤੇ ਹੌਲੀ ਹੌਲੀ ਵਿਚਾਰ ਕਰੋ| ਧਿਆਨ ਦਿਓ ਕਿ ਇਥੇ ਚਰਿੱਤਰ ਕੀ ਕਹਿ ਰਹੇ ਹਨ ਅਤੇ ਕਰ ਰਹੇ ਹਨ| ਕੀ ਉਹ ਕੋਈ ਚੋਣਾ ਕਰਦੇ ਹਨ? ਕੀ ਉਨ੍ਹਾਂ ਚੋਣਾਂ ਦੇ ਕੋਈ ਨਤੀਜੇ ਅਤੇ ਪ੍ਰਭਾਵ ਹਨ?

ਉਨ੍ਹਾਂ ਹਿੱਸੀਆਂ ਵਿਚ ਸਪਸ਼ਟਤਾ ਨਾਲ, ਪਰਮੇਸ਼ਰ ਕਈ ਤਰੀਕੀਆਂ ਨਾਲ ਆਪਣੇ ਸੁਭਾਅ ਪ੍ਰਗਟ ਕਰਦਾ ਹੈ| ਦੇ ਸਿੱਧਾਂਤਾਂ ਦਾ ਲਾਭ ਖੱਟੋ| ਆਪਣੇ ਅਤਮਿਕ ਨਿਰੀਖਣਾਂ ਦੀ ਖੋਜ ਕਰਨ ਦਾ ਜਤਨ ਕਰੋ ਜੋ ਹੁਣੇ ਹੀ ਕਹਾਣੀ ਵਿਚ ਤੁਸੀਂ ਵੇਖੇ ਹਨ| ਇਹ ਪੂਰਾ ਹੋਣ ਤੋਂ ਬਾਦ, ਕਹਾਣੀ ਦੇ ਅਰੰਭ ਵਿਚ ਜਾਓ ਅਤੇ ਵਿਚਾਰ ਕਰੋ ਕਿ ਤੁਸੀਂ ਜੋ ਨਿਰੀਖਣ ਲੱਭੇ ਹਨ ਉਨ੍ਹਾਂ ਨੂੰ ਅੱਜ ਆਪਣੇ ਉੱਤੇ ਲਾਗੂ ਕਰੋ|

ਸਾਰੀ ਬਾਈਬਲ ਵਿਚ ਅਸੀਂ ਤਿੰਨ ਤਰ੍ਹਾਂ ਦੇ ਪਰਿਛੇਦ ਵੇਖੇ ਹਨ:
• ਕਹਾਣੀ ਪਰਿਛੇਦ|

- ਅਰਧ ਕਹਾਣੀ ਪਰਿਛੇਦ|
- ਗੈਰ ਕਹਾਣੀ ਪਰਿਛੇਦ|

ਕਹਾਣੀ ਪਰਿਛੇਦ ਯਾਦ ਕਰਨ ਵਿਚ ਤਿੰਨਾ ਪਰਿਛੇਦਾਂ ਤੋਂ ਨਿਸ਼ਚਿਤ ਤੌਰ 'ਤੇ ਬੜਾ ਸੌਖਾ ਹੁੰਦਾ ਹੈ|
ਕਹਾਣੀ ਪਰਿਛੇਦ ਮਨ ਦੀਆਂ ਅੱਖਾਂ ਨਾਲ ਵੇਖੇ ਜਾ ਸਕਦੇ ਹਨ| ਕਹਾਣੀਆਂ ਉਹ ਘਟਨਾਵਾਂ ਹਨ ਜੋ ਇਸ ਸੰਸਾਰ ਵਿਚ ਵਾਪਰਦੀਆਂ ਹਨ | ਇਹ ਪਰਸਪਰ ਪ੍ਰਭਾਵਸ਼ੀਲ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਚਰਿੱਤਰ, ਐਕਸ਼ਨ ਅਤੇ ਸੰਵਾਦ ਹੁੰਦੇ ਹਨ| ਨਤੀਜੇ ਦੇ ਰੂਪ ਵਿਚ, ਕਹਾਣੀਆਂ ਨੂੰ ਉਨ੍ਹਾਂ ਦੇ ਚਰਿੱਤਰ ਦੇ ਨਾਲ ਅਨੁਭਵ ਕੀਤਾ ਜਾ ਸਕਦਾ ਹੈ; ਇਨ੍ਹਾਂ ਨੂੰ ਦੇਖੀਆ ਜਾ ਸਕਦਾ ਹੈ ਅਤੇ ਸੁਣਿਆਂ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ|

ਅਰਧ ਕਹਾਣੀ ਪਰਿਛੇਦਾਂ ਨੂੰ ਸਿੱਖਣਾ ਥੋੜਾ ਜਿਹਾ ਚੁਣੌਤੀਪੂਰਨ ਹੁੰਦਾ ਹੈ| ਬੇਸ਼ਕ ਇਹ ਆਪਣੇ ਆਪ ਵਿਚ ਕਹਾਣੀ ਘੱਟ ਹੁੰਦੇ ਹਨ, ਪਰ ਇਨ੍ਹਾਂ ਵਿਚ ਪ੍ਰਗਟ ਹੋਣ ਵਾਲੇ ਹਿੱਸੇ ਹੁੰਦੇ ਹਨ, ਇਸ ਲਈ ਅਸੀਂ ਜੋ ''ਵੇਖਦੇ" ਹਾਂ ਅਤੇ ਸੁਣਦੇ ਹਾਂ ਉਹ ਯਾਦ ਰੱਖ ਸਕਦੇ ਹਾਂ| ਅਰਧ ਕਹਾਣੀ ਪਰਿਛੇਦਾਂ ਵਿਚ ਪਰਸਪਰ ਪ੍ਰਭਾਵ ਘੱਟ ਹੁੰਦਾ ਹੈ ਅਤੇ ਇਹ ਆਪਣੇ ਆਪ ਵਿਚ ਇਕ ਪਾਤਰੀ ਰੂਪਕ ਜਾਂ ਵਰਣਨਾਤਮਕ ਹੁੰਦਾ ਹੈ| ਨਬੀਆਂ ਦੀਆਂ ਪੁਸਤਕਾਂ ਇਸ ਅਰਧ ਕਹਾਣੀ ਦੇ ਵਰਗ ਵਿਚ ਆਉਂਦੀਆਂ ਹਨ| ਅਰਧ ਕਹਾਣੀਆਂ ਦੇ ਉਦਾਹਰਣ ਜ਼ਬੂਰ 1, ਰੋਮੀਆਂ 11 ਅਤੇ ਯਾਕੂਬ ਦੀ ਪੱਤਰੀ ਹੋ ਸਕਦੇ ਹਨ|

ਯਾਦ ਰੱਖਣ ਵਿਚ ਸਭ ਤੋਂ ਮੁਸ਼ਕਿਲ ਗੈਰ ਕਹਾਣੀ ਪਰਿਛੇਦ ਹੁੰਦੇ ਹਨ, ਕਿਉਂਕਿ ਇਨ੍ਹਾਂ ਤਿੰਨਾਂ ਵਿਚੋਂ ਸਭ ਤੋਂ ਘੱਟ ਵਿਖਾਈ ਦੇਣ ਵਾਲੇ ਹੁੰਦੇ ਹਨ| ਉਹ ਸਿਖਾਉਣ ਵਾਲੇ ਇਕ ਪਾਤਰੀ ਰੂਪਕ ਹੁੰਦੇ ਹਨ, ਸੁਭਾਅਕ ਤੌਰ 'ਤੇ ਇਹ ਅਕਸਰ ਵਿਸ਼ੇਗਤ ਹੁੰਦੇ ਹਨ| ਪੱਤਰੀਆਂ ਦੇ ਕਈ ਹਿੱਸੇ ਗੈਰ ਕਹਾਣੀ ਪਰਿਛੇਦਾਂ ਦੇ ਰੂਪ ਵਿਚ ਮੰਨੇ ਗਏ ਹਨ|

ਬੇਸ਼ਕ ਪੱਤਰੀਆਂ ਵਿਚ ਜ਼ਿਆਦਾਤਰ ਹਿੱਸੇ ਗੈਰ ਕਹਾਣੀ ਦੇ ਹੀ ਹੁੰਦੇ ਹਨ, ਉਹ ਫਿਰ ਵੀ STS ਦੇ ਤਰੀਕੇ ਦੇ ਇਸਤੇਮਾਲ ਨਾਲ ਪੇਸ਼ ਕੀਤੇ ਅਤੇ ਸਿਖਾਏ ਜਾ ਸਕਦੇ ਹਨ| ਚੰਗੀ ਤਰ੍ਹਾਂ ਦੱਸੀਆਂ ਗਈਆਂ ਕਹਾਣੀਆਂ ਸੁਣਨ ਵਾਲਿਆਂ ਨੂੰ ਬੰਨ੍ਹ ਕੇ ਰੱਖਦੀਆਂ ਹਨ| ਪੱਤਰੀਆਂ ਪੁਰਜੋਸ਼ ਪੱਤਰ ਹਨ, ਪੁਰਜੋਸ਼ ਪਰਮੇਸ਼ਰ ਤੋਂ ਪੁਰਜੋਸ਼ ਲੋਕਾਂ ਦੇ ਰਾਹੀਂ ਲਿਖੀਆਂ ਗਈਆਂ ਹਨ| ਇਨ੍ਹਾਂ ਦੀ ਪੇਸ਼ਕਾਰੀ ਦੇ ਦੌਰਾਨ, ਸਿੱਖਿਅਕ ਇਸ ਜੋਸ਼ ਨੂੰ ਜ਼ਰੂਰ ਪਛਾਣਨ ਅਤੇ ਇਨ੍ਹਾਂ ਦੇ ਸ਼ਬਦਾਂ ਨੂੰ ਦੂਜੇ ਲੋਕਾਂ ਲਈ ਜੋਸ਼ ਨਾਲ ਹੀ ਪੜ੍ਹਨ ਜਾਂ ਬੋਲਣ|

ਸੇਵਾ ਵਿਚ, ਗੈਰ ਕਹਾਣੀ ਪਰਿਛੇਦਾਂ ਨੂੰ ਉੱਚੀ ਅਵਾਜ ਵਿਚ ਪੜ੍ਹਨ ਕੇ ਅਤੇ ਦੇ ਸਿਧਾਂਤਾਂ ਦਾ ਇਸਤੇਮਾਲ ਕਰਕੇ ਉਨ੍ਹਾਂ ਨੂੰ ਸਿਖਾਉਣਾ ਇਸ ਸਭ ਯਾਦ ਕਰਕੇ ਵਿਹਾਰ ਵਿਚ ਲਿਆਉਣਾ ਮੁਸ਼ਕਿਲ ਲਗਦਾ ਹੈ|

ਹੋ ਸਕਦਾ ਹੈ ਕਿ ਗੈਰ ਕਹਾਣੀ ਪਰਿਛੇਦਾਂ ਨੂੰ ਕਿਵੇਂ ਸਿਖਾਈਏ ਦੀ ਦੁਵਿਧਾ ਨੂੰ ਇਕ ਵਾਰੀ ਵਿਚ ਕੁਝ ਹੀ ਪਦ ਰੱਖਣ ਦੇ ਰਾਹੀਂ ਸੁਲਝਾਇਆ ਜਾ ਸਕਦਾ ਹੈ| ਇਕ ਵਾਰੀ ਕੁਝ ਹੀ ਪਦਾਂ ਲੈ ਕੇ ਸਿਖਾਉਣਾ ਅਕਸਰ ਵਿਆਖਿਆਤਮਕ ਪ੍ਰਚਾਰ ਵਿਚ ਕਿਤਾ ਜਾਂਦਾ ਹੈ| ਉਹ ਪਦ, ਜੇਕਰ ਭਾਵ ਨਾਲ ਦੱਸਿਆ ਜਾਵੇ ਅਤੇ ਬਾਦ ਵਿਚ ਕ੍ਰਮ ਅਨੁਸਾਰ ਵਿਚਾਰ ਵਟਾਂਦਰਾ ਕੀਤਾ ਜਾਵੇ, ਤਾਂ ਸਰੋਤਿਆਂ ਦੇ ਰਾਹੀਂ ਸਮਝਿਆ ਜਾ ਸਕਦਾ ਹੈ| ਉਨ੍ਹਾਂ ਵਚਨਾਂ ਨੂੰ ਸੀਮਿਤ ਰੱਖਣਾ ਤੁਹਾਡੇ ਲਈ ਇਕ ਚੁਣੋਤੀ ਹੈ, ਅਤੇ ਹੋ ਸਕਦਾ ਹੈ ਕਿ ਬਾਈਬਲ ਜਾਣਕਾਰੀ ਦੀ ਛੋਟੀ ਭੂਮਿਕਾ ਪਰਿਛੇਦ ਨੂੰ ਉਸ ਦੇ ਸੰਦਰਭ ਵਿਚ ਰੱਖੇਗੀ|

ਕੀ ਅਜਿਹਾ ਕੀਤਾ ਜਾ ਸਕਦਾ ਹੈ? ਕੀ ਤੁਹਾਡੇ ਕੋਲ ਉਸ ਬਾਈਬਲ ਦੇ ਹਿੱਸੇ ਉੱਤੇ ਪ੍ਰਕਾਸ਼ ਪਾਉਣ ਲਈ ਬਾਈਬਲ ਦੇ ਬਹੁਤ ਸਾਰੇ ਪਰਿਛੇਦਾਂ ਉੱਤੇ ਜਾਣ ਤੋਂ ਬਗੈਰ (ਜਾਂ ਬਾਈਬਲ ਤੋਂ ਬਾਹਰ ਸਹਾਇਤਾ ਪ੍ਰਾਪਤ ਕੀਤੇ ਬਿਨਾਂ) ਗੱਲਬਾਤ ਕਰਨ ਲਈ ਬਹੁਤ ਕੁਝ ਹੈ?

ਹਾਂ, ਅਜਿਹਾ ਕੀਤਾ ਜਾ ਸਕਦਾ ਹੈ ਅਤੇ ਅਸੀਂ ਇਸ ਨੂੰ ਵਰਕਸ਼ਾਪਾਂ ਵਿਚ ਕਰਕੇ ਵਿਖਾਈਆ ਹੈ|

ਇਕ ਛੋਟੇ ਜਿਹੇ ਪਰਿਛੇਦ ਤੋਂ ਅਸੀਂ ਪਰਮੇਸ਼ਰ ਦੇ ਵਚਨ ਦੀ ਭਰਪੂਰਤਾ ਨੂੰ ਪ੍ਰਗਟਾਇਆ ਹੈ| ਸਭ ਤੋਂ ਪਹਿਲਾਂ ਅਸੀਂ ਸਰੋਤਿਆਂ ਨੂੰ ਸੰਦਰਭ ਅਤੇ ਵਿਚਾਰ ਵਟਾਂਦਰੇ ਨੂੰ ਵਿਕਸਿਤ ਕਰਨ ਲਈ ਲੋੜੀਂਦੀ ਬਾਈਬਲ ਅਧਾਰਿਤ ਪੂਰਵ ਜਾਣਕਾਰੀ ਦੀ ਭੂਮਿਕਾ ਦਿੰਦੇ ਹਾਂ| ਅਸੀਂ ਕਹਿੰਦੇ ਹਾਂ, ''ਯਿਸੂ ਆਪਣੇ ਚੇਲਿਆਂ ਨਾਲ ਯਰੂਸ਼ਲਮ ਵਿਚ ਅੰਤਮ ਵਚਨ ਕਰ ਰਹੇ ਸੀ, ਉਸ ਨਗਰ ਵਿਚ ਜਿਹੜਾ ਅਰੰਭਕ ਕਲੀਸੀਆ ਦਾ ਹੈਡਕੁਆਟਰ ਬਣਨ ਵਾਲਾ ਸੀ| ਇਹ ਚੇਲਿਆਂ ਨੇ ਯਿਸੂ ਨਾਲ ਯਹੂਦਿਯਾ ਦੇ ਇਕ ਵੱਡੇ ਇਲਾਕੇ ਵਿਚ ਯਾਤਰਾ ਕੀਤੀ ਸੀ ਅਤੇ ਇਥੋਂ ਤਕ ਕਿ ਨਾਲ ਦੇ ਇਲਾਕੇ ਸਾਮਰਿਯਾ ਵਿਚ ਵੀ ਜਿਥੇ ਤੁੱਛ ਸਮਝੇ ਜਾਣ ਵਾਲੇ ਲੋਕ ਰਹਿੰਦੇ ਸਨ|"

ਉਸ ਤੋਂ ਬਾਦ ਅਸੀਂ ਰਸੂਲਾਂ ਦੇ ਕਰਤੱਬ 1:8 ਮਿਲਣ ਵਾਲੀ ਕਹਾਣੀ ਦੱਸਦੇ ਹਾਂ| ਹਾਂ, ਅਸੀਂ ਇਕ ਪਦ ਵਾਲੀ ਲੰਮੀ ਕਹਾਣੀ STS ਵਿਚ ਦੱਸਦੇ ਹਾਂ| ਉਸ ਵਿਚ ਕਿੰਨਾ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਕਿੰਨਾ ਵਿਚਾਰ ਵਟਾਂਦਰਾ ਹੋ ਸਕਦਾ ਹੈ ਇਸ ਦੇ ਕਾਰਨ, ਅਸੀਂ ਸਿਰਫ ਪਦ ਦੇ ਆਖੀਰੀ ਹਿੱਸੇ ਨੂੰ ਹੀ ਪੂਰਾ ਕਰਦੇ ਹਾਂ| ਇਹ ਕਹਾਣੀ 30 ਮਿਨਟ ਵਿਚ ਅਸਾਨੀ ਨਾਲ ਪੂਰੀ ਹੋ ਸਕਦੀ ਹੈ| ਲੋਕ ਵਚਨ ਵਿਚ ਪਰਿਪੱਕ ਹੁੰਦੇ ਹਨ, ਅਤੇ ਉਹ ਜਿਹੜੇ ਬਾਈਬਲ ਵਿਚ ਨਵੇਂ ਹਨ, ਸਾਰੇ ਖੁਲ੍ਹੇ ਦਿਲ ਨਾਲ ਵਿਚਾਰ ਵਟਾਂਦਰਾ ਕਰਨ ਲਈ ਸ਼ਾਮਿਲ ਹੁੰਦੇ ਹਨ| ਅਨੇਖਿਆਂ ਖੋਜਾਂ ਕੀਤੀਆਂ ਗਈਆਂ ਅਤੇ ਹੰਢੂਆਂ ਨਾਲ ਵਚਨ ਨੂੰ ਪ੍ਰਯੋਗ ਜਾਂ ਲਾਗੂ ਕੀਤਾ ਗਿਆ| ਇਸ ਤੋਂ ਵਧਕੇ, ਲੋਕ ਪਰਿਛੇਦ ਦੇ ਅਧਿਕਾਰ ਅਤੇ ਸਮਝ ਨਾਲ ਗਏ ਤਾਂਕਿ ਉਹ ਦੂਜੇ ਲੋਕਾਂ ਨਾਲ ਕਹਾਣੀ ਸਾਂਝੀ ਕਰ ਸਕਣ|

ਪਾਸਟਰਸ ਅਤੇ ਮਸੀਹੀ ਸਿੱਖਿਅਕ ਸੰਜੀਦਗੀ ਨਾਲ ਇਸ ਸੰਭਾਵਨਾ ਉੱਤੇ ਵਿਚਾਰ ਕਰਨ:

ਭਾਸ਼ਣ ਅਤੇ ਪ੍ਰਚਾਰ ਸ਼ੈਲੀ ਦਾ ਮਸੀਹੀ ਸੰਸਾਰ ਵਿਚ ਅਕਸਰ ਇਸਤੇਮਾਲ ਹੋ ਸਕਦਾ ਹੈ ਕਿ ਇਹ ਲੋਕਾਂ ਨੂੰ ਬਾਈਬਲ ਅਧਾਰਿਤ ਸਚਿਆਈਆਂ ਨੂੰ ਸਮਝਣ ਅਤੇ ਉਸ ਉੱਤੇ ਚਲੱਣ ਦਾ ਪ੍ਰਭਾਵਸ਼ਾਲੀ ਨਾ ਹੋਵੇ| ਘੱਟੋ ਘੱਟ, ਬਾਈਬਲ ਪ੍ਰਚਾਰਕਾਂ ਨੂੰ ਕੁਝ ਪਰਸਪਰ ਪ੍ਰਭਾਵ ਸ਼ਾਮਿਲ ਕਰਨ, ਮਸੀਹੀ ਸਿੱਖਿਆ ਦੇਣ ਦੀ ਸਰੋਤਾ ਖੋਜ ਤਰੀਕੇ ਉੱਤੇ ਵਿਚਾਰ ਕਰਨਾ ਚਾਹੀਦਾ ਹੈ|

ਕੁਝ ਲੋਕ ਜਿਹੜੇ ਕਹਾਣੀ ਨੂੰ ਬੜੀ ਸਮਝਦਾਰੀ ਨਾਲ ਇਸਤੇਮਾਲ ਕਰਦੇ ਹੋਏ ਪੱਤਰੀਆਂ ਦੇ ਹਿੱਸਿਆਂ ਦੀ ਭੂਮਿਕਾ ਵੀ ਦਿੰਦੇ ਹਨ, ਜਦ ਉਹ ਰਸੂਲਾਂ ਦੇ ਕਰਤੱਬ ਵਿਚੋਂ ਸਿਖਾਉਂਦੇ ਹਨ| ਇਹ ਪਾਸਟਰ ਅਤੇ ਸਿੱਖਿਅਕ ਜਦ ਰਸੂਲਾਂ ਦੇ ਕਰਤੱਬ ਵਿਚੋ ਕਹਾਣੀ ਦੇ ਰਾਹੀਂ ਪਰਸਪਰ ਪ੍ਰਭਾਵਸ਼ੀਲਤਾ ਨਾਲ ਸਿਖਾਉਂਦੇ ਹਨ, ਉਹ ਪੱਤਰੀਆਂ ਦਾ ਬਿਆਨ ਕਰਦੇ ਹਨ ਜੋ ਰਸੂਲਾਂ ਦੇ ਕਰਤੱਬ ਦੀ ਮਿਸ਼ਨਰੀ ਯਾਤਰਾ ਨਾਲ ਜੁੜਿਆਂ ਹੋਇਆਂ ਹਨ| ਸਧਾਰਨ ਸਿਧਾਂਤ ਹਨ ਜਿਹੜੇ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ, ਪ੍ਰਸ਼ਨ ਪੁੱਛਣਾ ਅਤੇ ਆਪਣੀ ਗੱਲਬਾਤ ਕਰਦੇ ਹੋਏ ਆਤਮਿਕ ਨਿਰੀਖਣ ਅਤੇ ਆਤਮਿਕ ਪ੍ਰਯੋਗਾਂ ਦੀ ਭਾਲ ਕਰਨ ਅਤੇ ਇਹ ਪੱਤਰੀਆਂ ਸਿਖਾਉਣ ਸਮੇਂ ਵੀ ਇਹੀ ਤਰੀਕਾ ਕੰਮ ਕਰਦਾ ਹੈ|

ਜ਼ਿਆਦਾਤਰ, ਜ਼ਿਆਦਾ ਪੜ੍ਹੇ ਲਿਖੇ ਪੇਸ਼ਕਾਰ ਹੀ ਹਨ ਜਿਹੜੇ ਪਾਸਟਰਸ ਅਤੇ ਸਿੱਖਿਅਕਾਂ ਨੂੰ ਸਿਖਾਉਂਦੇ ਹਨ| ਜੇਕਰ ਇਹ ਜ਼ਿਆਦਾ ਪੜ੍ਹੇ ਲਿਖੇ ਸਿੱਖਿਅਕ ਪਵਿੱਤਰ ਸ਼ਾਸਤਰ ਦੀ ਮੌਖਕ ਪੇਸ਼ਕਾਰੀ ਦੇ ਅਸਰ ਤੋਂ ਜਾਣੂੰ ਨਹੀਂ ਹਨ, ਤਾਂ ਉਹ ਉਨ੍ਹਾਂ ਲੋਕਾਂ ਨੂੰ ਕਿਸ ਤਰ੍ਹਾਂ ਸਿਖਾ ਸਕਦੇ ਹਨ ਜੋ ਮੌਖਕ ਸਿੱਖਣ ਵਾਲਿਆਂ ਦੇ ਵਿਚਕਾਰ ਸੇਵਾ ਕਰਨਾ ਚਾਹੁਦੇ ਹਨ ਅਤੇ ਉਹ ਜਿਹੜੇ ਪੜ੍ਹ ਨਹੀਂ ਸਕਦੇ ਹਨ? ਕੀ ਨਾ ਪੜ੍ਹਨ ਵਾਲੇ ਇਸ ਯੋਗ ਹਨ ਕਿ ਉਹ ਗੈਰ ਕਹਾਣੀ ਪਰਿਛੇਦ ਨੂੰ ਸਮਝ ਸਕਣ? ਜੇਕਰ ਹਾਂ, ਤਾਂ ਕਿ ਉਹ ਜਿਹੜੇ ਜ਼ਿਆਦਾ ਪੜ੍ਹੇ ਲਿਖੇ ਹਨ ਅਤੇ ਉਹ ਜਿਹੜੇ ਬਹੁਤ ਸਿਆਣੇ ਵੀ ਹਨ, ਉਨ੍ਹਾਂ ਲੋਕਾਂ ਨੂੰ ਸਿਖਾਉਣ ਲਈ ਆਪਣੇ ਗੁਣ ਦਾ ਹਿਸਾਬ ਕਿਤਾਬ ਕਰੋਗੇ ਜਿਹੜੇ ਘੱਟ ਸਿੱਖੇ ਅਤੇ ਗੁਣੀ ਹਨ?

ਪਵਿੱਤਰ ਸ਼ਾਸਤਰ ਦੇ ਵਚਨ ਨੂੰ ਸਿੱਖਣ ਦੀ ਮਹੱਤਵਤਾ ਬਾਰੇ ਕੀ ਹੈ?

ਦੋ ਵਿਚਾਰ ਮੇਰੇ ਦਿਮਾਗ ਵਿਚ ਆਉਂਦੇ ਹਨ: ਪਹਿਲਾ: ''ਪਰਮੇਸ਼ਰ ਦੇ ਵਚਨ ਨੂੰ ਆਪਣੇ ਦਿਲਾਂ ਵਿਚ ਲੁਕਾਉਣ" ਲਈ ਇਸ ਦੀ ਜਬਰਦਸਤ ਲੋੜ ਹੈ, ਅਤੇ ਦੂਜਾ, ਇਕ ਉਦੇਸ਼ ਲੈਂਦੇ ਹੋਏ ਵਚਨ ਯਾਦ ਕਰਨ ਅਤੇ ਬੋਲਣ ਉੱਤੇ ਵਿਚਾਰ ਕਰੋ|

ਪਰਮੇਸ਼ਰ ਦੀ ਕਿਰਪਾ ਨਾਲ, ਬਹੁਤ ਸਾਰੇ ਵਿਸ਼ਵਾਸੀਆਂ ਨੇ ਬਾਈਬਲ ਨੂੰ ਯਾਦ ਕਰਨ ਦੇ ਪ੍ਰੋਗਰਾਮ ਵਿਚ ਸ਼ਾਮਿਲ ਹੋਏ| ਇਹ ਪ੍ਰੋਗਰਾਮ ਹਵਾਲਿਆਂ ਦੇ ਨਾਲ ਪਦ ਸਿੱਖਣ ਉੱਤੇ ਜੋਰ ਦਿੰਦੇ ਹਨ| ਅਸੀਂ ਜਿਨ੍ਹਾਂ ਨੇ ਬਾਈਬਲ ਨੂੰ ਯਾਦ ਕੀਤਾ ਹੈ ਖਾਸਕਰ ਛੋਟੀ ਉਮਰ ਵਿਚ, ਜਦ ਸਾਡਾ ਦਿਮਾਗ ਚੁਸਤ ਹੁੰਦਾ ਹੈ, ਅਸੀਂ ਉਸ ਢੰਗ ਦੇ ਹਮੇਸ਼ਾ ਧੰਨਵਾਦੀ ਹੁੰਦੇ ਹਾਂ| ਅਸੀਂ ਬਹੁਤ ਲਾਭ ਪ੍ਰਾਪਤ ਕੀਤਾ ਹੈ|

ਪਰ ਬਾਈਬਲ ਨੂੰ ਯਾਦ ਕਰਨ ਦੀਆਂ ਕੁਝ ਚੁਣੌਤੀਆਂ ਇਹ ਹਨ: ਘੱਟ ਹੀ ਹਨ ਜਿਹੜੇ ਇਸ ਤਰੀਕੇ ਨਾਲ ਕਾਫੀ ਗਿਣਤੀ ਵਿਚ ਪਦ ਯਾਦ ਕਰਦੇ ਹਨ ਅਤੇ ਇਨ੍ਹਾਂ ਪਦਾਂ ਨੂੰ ਲੰਮੇ ਸਮੇ ਤਕ ਯਾਦ ਰੱਖਣ ਲਈ ਲਗਾਤਾਰ ਮਿਹਨਤ ਕਰਨ ਦੀ ਲੋੜ ਹੈ| ਫਿਰ ਵੀ ਤੁਸੀਂ ਕਹਾਣੀ ਨੂੰ ਯਾਦ ਕਰਕੇ ਸਿੱਖ ਸਕਦੇ ਹੋ, ਜਿਸ ਤਰ੍ਹਾਂ ਕਿ ਅਸੀਂ ਇਸ ਪੁਸਤਕ ਵਿਚ ਇਸ ਦੀ ਰੂਪਰੇਖਾ ਦਿੱਤੀ ਹੈ, ਅਤੇ ਜੇਕਰ ਤੁਸੀਂ ਕਹਾਣੀ ਨੂੰ ਕਈ ਵਾਰ ਦੱਸੋਗੇ, ਤੁਸੀਂ ਵੇਖੋਗੇ ਕਿ ਉਸ ਨੂੰ ਵੇਖਣ ਦੀ ਥੋੜੀ ਹੀ ਜ਼ਰੂਰਤ ਹੋਵੇਗੀ ਜਾਂ ਨਹੀਂ ਵੀ ਹੋਵੇਗੀ| ਕਹਾਣੀ ਤੁਹਾਡੇ ਦਿਮਾਗ ਵਿਚ ਬਣੀ ਰਹਿੰਦੀ ਹੈ ਅਤੇ ਕਿਉਂਕਿ ਇਹ ਤੁਹਾਡੇ ਆਪਣੇ ਸ਼ਬਦਾਂ ਵਿਚ ਬਣੀ ਰਹਿੰਦੀ ਹੈ, ਇਸ ਲਈ ਇਸ ਨੂੰ ਦੁਬਾਰਾ ਸੁਣਾਉਣਾ ਸੁਭਾਵਿਕ ਅਤੇ ਅਸਾਨ ਹੈ|

STS ਦੀ ਵਰਕਸ਼ਾਪ ਦੇ 37 ਘੰਟਿਆਂ ਵਿਚ, ਸਿੱਖਣਵਾਲੇ ਘੱਟੋ ਘੱਟ 21 ਕਹਾਣੀਆਂ ਨੂੰ ਸੁਣਦੇ ਅਤੇ ਵਿਚਾਰ ਵਟਾਂਦਰਾ ਕਰਦੇ ਹਨ| ਜਿਸ ਤਰ੍ਹਾਂ ਕਿ ਕਿਹਾ ਗਿਆ ਸੀ, ਜਦ ਇਕ ਕਹਾਣੀ ਦੀ ਸਮੀਖਿਆ ਅਤੇ ਕਈ ਵਾਰ ਸੁਣਾਉਣ ਤੋਂ ਬਾਦ, ਇਹ ਸਹੀ ਤਰੀਕੇ ਨਾਲ ਸੁਣਾਈ ਜਾ ਸਕਦੀ ਹੈ ਅਤੇ ਉਮਰ ਭਰ ਲਈ ਯਾਦ ਕੀਤੀ ਜਾ ਸਕਦੀ ਹੈ! ਵਰਕਸ਼ਾਪ ਦੀਆਂ ਇਨ੍ਹਾਂ 21 ਕਹਾਣੀਆਂ ਵਿਚ 148 ਪਦ ਹੁੰਦੇ ਹਨ!

ਬੜੀ ਅਨੋਖੀ ਗੱਲ ਹੈ! ਸਿੱਖਣਾ ਅਤੇ 148 ਪਦਾਂ ਨੂੰ ਆਪਣੇ ''ਦਿਲ ਦੀ ਜੇਬ" ਵਿਚ ਰੱਖਣਾ ਅਤੇ ਟੈਮ ਬੇ ਟੈਮ ਉਨ੍ਹਾਂ ਨੂੰ ਸੁਭਾਅਕ ਤਰੀਕੇ ਨਾਲ ਸੁਣਾਉਣ ਦੇ ਯੋਗ ਹੋਣ ਇਹ ਇਕ ਵਿਅਕਤੀ ਨੂੰ ਮਸੀਹੀਆਂ ਦੇ ਬਾਈਬਲ ਬੋਲਣ ਦੀ ਯੋਗਤਾ ਤੋਂ ਇਕ ਕਦਮ ਅੱਗੇ ਹੋਵੇਗਾ|

ਯਾਦ ਕਰਨਾ ਅਤੇ ਬੋਲਣਾ| ਬਾਈਬਲ ਦੇ ਉਨ੍ਹਾਂ ਪੰਨਿਆਂ ਦੀ ਤੁਲਨਾ ਕਰੋ ਜਿਹੜੇ ਭਿੰਨ ਭਿੰਨ ਭਾਸ਼ਾਵਾਂ ਵਿਚ ਲਿਖੇ ਹਨ| ਕੀ ਉਹ ਇਕੋ ਜਿਹੇ ਵਿਖਾਈ ਦਿੰਦੇ ਹਨ? ਕੀ ਸ਼ਬਦ ਇਕੋ ਜਿਹੇ ਹਨ? ਨਹੀਂ| ਹਕੀਕਤ ਵਿਚ, ਉਹ ਤਾਂ ਐਥੋਂ ਤਕ ਕਿ ਵੱਖ ਵੱਖ ਲਿਪੀ ਅਤੇ ਅੱਖਰਾਂ ਵਿਚ ਲਿਖੇ ਗਏ ਹਨ| ਸ਼ਬਦ ਬਿਲਕੁਲ ਹੀ ਵੱਖਰੇ ਵਿਖਾਈ ਦਿੰਦੇ ਹਨ, ਉਨ੍ਹਾਂ ਦਾ ਉੱਚਾਰਨ ਤਾਂ ਬਿਲਕੁਲ ਹੀ ਭਿੰਨ ਹੈ, ਪਰ ਉਨ੍ਹਾਂ ਵਿਚ ਕੁਝ ਮਿਲਦਾ ਜੁਲਦਾ ਜ਼ਰੂਰ ਹੈ| ਉਹ ਮਿਲਦਾ ਜੁਲਦਾ ਇਹ ਹੈ ਕਿ ਹਰੇਕ ਬਾਈਬਲ ਵਿਚ ਉਹ ਇਕ ਸਮਾਨ ਹੋਣਾ ਚਾਹੀਦਾ ਹੈ| ਉਹ ਕੀ ਹੈ? ਹਾਂ| ਉਹ ਧਾਰਣਾਵਾਂ, ਜਾਣਕਾਰੀ ਇਕ ਹੈ, ਇਕ ਸਮਾਨ ਸ਼ਬਦ ਨਹੀਂ ਹਨ| ਸੰਦੇਸ਼ ਨਹੀਂ ਬਦਲਦਾ, ਭਾਵੇਂ ਕਿ ਸ਼ਬਦ ਬਿਲਕੁਲ ਹੀ ਵੱਖਰੇ ਹੋਣ|

ਵਿਚ ਅਸੀਂ ਹਰੇਕ ਬੜੇ ਚੌਕਸ ਰਹਿੰਦੇ ਹਾਂ ਕਿ ਨਾ ਕੁਝ ਜੋੜਿਆ ਜਾਵੇ ਨਾ ਘਟਾਇਆ ਜਾਵੇ ਜਾਂ ਕਹਾਣੀ ਦੇ ਅਸਲੀ ਰੂਪ ਨੂੰ ਸ਼ਬਦਾਂ ਦੀ ਘਟੀਆ ਚੋਣ ਦੇ ਰਾਹੀਂ, ਅਵਾਜ਼ ਦੇ ਉਤਾਰ ਚੜ੍ਹਾਅ ਜਾਂ ਐਕਸ਼ਨ ਰਾਹੀਂ ਦਰੁਸਤ ਕੀਤਾ ਜਾਵੇ| ਅਸੀਂ ਲੋਕਾਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਬਾਈਬਲ ਦੀਆਂ ਕਹਾਣੀਆਂ ਨੂੰ ਗੱਲਬਾਤ ਦੇ ਢੰਗ ਨਾਲ ਪੇਸ਼ ਕਰਨ| ਪਰ ਅਹਿਮ ਗੱਲ ਇਹ ਹੈ ਕਿ ਉਸ ਦੇ ਕਿਸੇ ਵੀ ਸੂਚਨਾ ਜਾਂ ਸੰਦੇਸ਼ ਨੂੰ ਬਦਲਨਾ ਨਹੀਂ ਹੈ ਇਸ ਵਿਚ ਕੋਈ ਪਰਵਾਹ ਨਹੀਂ ਕਿ ਕਿੰਨੀ

ਛੋਟੀ ਜਾਂ ਸਧਾਰਨ ਗੱਲ ਕਿਉਂ ਨਾ ਵਿਖਾਈ ਦਿੰਦੀ ਹੋਵੇ|

ਯਾਦ ਕਰਨਾ ਹਮੇਸ਼ਾ ਤੋਂ ਹੀ ਅਤੇ ਹਮੇਸ਼ਾ ਪਰਮੇਸ਼ਰ ਦੇ ਵਚਨ ਉੱਤੇ ਮਨਨ ਕਰਨ ਲਈ ਇਕ ਜਬਰਦਸਤ ਤਰੀਕਾ ਹੈ| ਪਰ ਕਹਾਣੀ ਅਤੇ ਪਰਿਛੇਦ ਦਾ ਪੂਰਾ ਪੂਰਾ ਯਾਦ ਕਰਨਾ ਅਤੇ ਉਨ੍ਹਾਂ ਗੱਲਬਾਤ ਦੇ ਰੂਪ ਵਿਚ ਕਹਿਣਾ ਇਹ ਸਾਡੇ ਅੰਦਰੂਨੀ ਯਾਦਾਸ਼ਤ ਨਾਲ ਜੁੜਿਆ ਹੋਇਆ ਹੈ|

ਕੀ ਅਨਪੜ੍ਹਾਂ ਵਾਲਾ ਬਾਈਬਲ ਅਧਿਐਨ ਵਿਵੇਚਨਾਤਮਕ ਹੋ ਸਕਦਾ ਹੈ?

ਕੁਝ ਲੋਕ ਸਮਝਦੇ ਹਨ ਕਿ ਜਿਹੜੇ ਲੋਕ ਪੜ੍ਹੇਲਿਖੇ ਹਨ ਉਹ ਆਲੋਚਨਾਤਮਕ ਸੋਚ ਵਿਚ ਵੀ ਗੁਣੀ ਹੁੰਦੇ ਹਨ| ਅਤੇ ਇਸ ਦੇ ਉਲਟ, ਵਿਚਾਰ ਇਹ ਹੈ ਕਿ ਉਹ ਜਿਹੜੇ ਪੜ੍ਹੇ ਨਹੀਂ ਹਨ (ਜਾਂ ਜਿਹੜੇ ਮੌਖਕ ਤਰੀਕੇ ਨਾਲ ਗੱਲਬਾਤ ਕਰਨ ਦੇ ਪਿਛੋਕੜ ਵਿਚੋਂ ਆਉਂਦੇ ਹਨ) ਕਦੇ ਵੀ ਨਹੀਂ ਅਤੇ ਨਾ ਹੀ ਤਰਕ ਜਾਂ ਵਿਵੇਚਨਾਤਮਕ ਵਿਚਾਰਾਂ ਵਾਲੇ ਹੋਣਗੇ|

ਨਿਸ਼ਚਿਤ ਤੌਰ 'ਤੇ, ਇਨ੍ਹਾਂ ਗੱਲਾਂ ਉੱਤੇ ਵਿਚਾਰ ਵਟਾਂਦਰੇ ਨੂੰ ਜਾਰੀ ਰੱਖਣ ਦੀ ਜ਼ਰੂਰਤ ਹੈ| ਹੋ ਸਕਦਾ ਹੈ ਕਿ ਅਲੋਚਨਾਤਮਕ ਵਿਚਾਰਾਂ ਦੀ ਪਰਿਭਾਸ਼ਾਂ ਅਤੇ ਤਰਕ, ਵਿਵੇਚਨਾਤਮਕ, ਅਤੇ ਤਰਕਪੂਰਨ ਵਿਵਾਦ, ਅਤੇ ਸਿੱਖਣ ਵਿਚ ਇਨ੍ਹਾਂ ਦੀ ਭੂਮਿਕਾ ਇਸ ਨੂੰ ਹੋਰ ਵੀ ਸਾਫ ਤਰੀਕੇ ਨਾਲ ਪਰਿਭਾਸ਼ਿਤ ਕਰਨ ਅਤੇ ਸਮਝਣ ਦੀ ਜ਼ਰੂਰਤ ਹੈ ਖਾਸਕਰ ਉਨ੍ਹਾਂ ਨੂੰ ਜਿਹੜੇ ਮੌਖਕ ਰੂਪ ਵਿਚ ਸਿੱਖਣ ਨਾਲ ਸਬੰਧ ਰਖਦੇ ਹਨ|

ਬਾਈਬਲ ਆਧਾਰਿਤ ਦ੍ਰਿਸ਼ਟੀਕੋਣ ਤੋਂ, ਕੀ ਅਸੀਂ ਇਹ ਅੰਤ ਕਰ ਸਕਦੇ ਹਾਂ ਕਿ ਆਲੋਚਨਾਤਮਕ ਵਿਚਾਰ ਦੀ ਯੋਗਤਾ ਸਿਰਫ ਪੜ੍ਹਿਆਂ ਲਿਖਿਆਂ ਜਾਂ ਹੋਰ ਵੀ ਤੰਗ ਦਿਲੀ ਨਾਲ ਕਹਿਏ ਤਾਂ ਸਿਰਫ ਨੂੰ ਹੀ ਬਖ਼ਸ਼ੀ ਗਈ ਹੈ ਜਿਹੜੇ ਪੜ੍ਹੀ ਲਿਖੀ ਸੰਸਕਰੀਤੀ ਦੇ ਅਧਾਰ ਤੋਂ ਆਉਂਦੇ ਹਨ?

ਇਹ ਨਿਸ਼ਕਰਸ਼ ਵਿਸ਼ਵਾਸ ਨੂੰ ਹਲਕਾ ਕਰਦਾ ਹੈ ਜਦ ਅਸੀਂ ਵਿਚਾਰ ਕਰਦੇ ਹਾਂ ਕਿ ਲੋਕ ਪਰਮੇਸ਼ਰ ਦੇ ਸਰੂਪ ਉੱਤੇ ਬਣਾਏ ਗਏ ਹਨ (ਉਤਪਤ 1:26-27). ਅਤੇ ਇਸ ਤਰ੍ਹਾਂ, ਹਰੇਕ ਵਿਅਕਤੀ ਨੂੰ ਤਰਕਸ਼ੀਲਤਾ ਅਤੇ ਸੋਚਵਿਚਾਰ ਦਾ ਗੁਣ ਦਿੱਤਾ ਗਿਆ ਹੈ, ਪਾਪ ਵਿਚ ਡਿੱਗਣ ਨਾਲ ਨੈਤਿਕ ਵਿਚਾਰ ਦਾ ਵਿਵੇਕ ਹੈ, ਐਥੋਂ ਤਕ ਕਿ ਜਦ ਉਹ ਉਸ ਵਿਚਾਰ ਦਾ ਇਨਕਾਰ ਕਰਦੇ ਹਨ (ਰੋਮੀਆਂ 1:19-23).

ਮਰਕੁਸ 12:24 ਉੱਤੇ ਧਿਆਨ ਦੇਣਾ ਬਹੁਤ ਹੀ ਦਿਲਚਸਪ ਹੈ, ਜਦ ਪੜ੍ਹੇ ਲਿਖੇ ਸਦੂਕੀ ਯਿਸੂ ਕੋਲ ਇਹ ਸਵਾਲ ਲੈ ਕੇ ਆਏ ਕਿ ਉਸ ਨੂੰ ਆਪਣੇ ਜਾਲ ਵਿਚ ਫਸਾਉਣ, ਯਿਸੂ ਨੇ ਉਨ੍ਹਾਂ ਨੂੰ ਜਵਾਬ ਇਕ ਸਵਾਲ ਨਾਲ ਦਿੱਤਾ, ''ਇਸ ਕਰਕੇ ਤਾ ਭੁੱਲ ਵਿੱਚ ਨਹੀਂ ਪਏ ਹੋ ਕਿ ਤੁਸੀਂ ਨਾ ਪੁਸਤਕਾਂ ਨੂੰ, ਨਾ ਪਰਮੇਸ਼ੁਰ ਦੀ ਸਮਰੱਥਾ ਨੂੰ ਜਾਣਦੇ ਹੋ?"

ਅਸੀਂ ਜਾਣਦੇ ਹਾਂ ਕਿ ਧਾਰਮਿਕ ਸਦੂਕੀ ਪਵਿੱਤਰ ਸ਼ਾਸਤਰ ਦੇ ਵਚਨਾਂ ਨੂੰ ''ਜਾਣਦੇ" ਸਨ, ਇਸ ਤਰ੍ਹਾਂ ਯਿਸੂ ਸਦੂਕਿਆਂ ਦੀ ਸ਼ਬਦਾਂ ਦੇ ਆਤਮਿਕ ਅਰਥ ਦੇ ਜਾਣਨ ਦੀ ਕਮੀਂ ਦੱਸਦੇ ਹੋਏ ਜਾਪਦੇ ਹਨ| ਕਿਉਂਕਿ ਇਹ ਧਾਰਮਿਕ ਆਗੂਆਂ ਵਿਚ ਆਤਮਿਕ ਪਰਖ ਦੀ ਕਮੀਂ ਸੀ, ਉਨ੍ਹਾਂ ਨੇ ਖਾਸ ਗੱਲ ਨੂੰ ਗੁਆ ਬੈਠੇ, ਇਸ ਲਈ ਉਨ੍ਹਾਂ ਦੀ ਅਲੋਚਨਾਤਮਕ ਵਿਚਾਰ ਅਤੇ ਵਿਵੇਚਨਾਮਕ ਗੁਣ ਉਨ੍ਹਾਂ ਤਕ ਸਚਿਆਈ ਨਾ ਲਿਆ ਸਕੀ|
ਜਿਸ ਤਰ੍ਹਾਂ ਦੀ ਪਹਿਲਾਂ ਦੱਸਿਆ ਗਿਆ, ਅਸੀਂ ਪਵਿੱਤਰ ਸ਼ਾਸਤਰ ਨੂੰ ਉਚੇਚੀ ਸੰਸਕਰੀਤੀ ਦੇ ਰੂਪ ਵਿਚ ਵੇਖਦੇ ਹਾਂ| ਕਹਾਣੀਵਾਚਕਾਂ ਨੇ STS ਨੂੰ ਇਸਤੇਮਾਲ ਕਰਦੇ ਹੋਏ ਵੇਖਿਆ ਕਿ ਜਿਨ੍ਹਾਂ ਉਨ੍ਹਾਂ ਨੇ ਭੂਮਿਕਾ ਵਿਚ ਕੋਈ ਵਿਆਖਿਆ ਦੇਣ ਦੀ ਲੋੜ ਪ੍ਰਦਾਨ ਕੀਤੀ, ਬਾਈਬਲ ਦੀ ਕਹਾਣੀਆਂ ਵਿਚ ਵੱਖ ਵੱਖ ਖਜਾਨਿਆਂ ਦੀ ਭਾਲ ਸੰਸਾਰ ਭਰ ਦੇ ਸਰੋਤਿਆਂ ਰਾਹੀ ਕੀਤੀ ਗਈ ਇਸ ਦੀ ਕੋਈ ਪਰਵਾਹ ਨਹੀਂ ਕਿ ਉਨ੍ਹਾਂ ਦੀ ਸਿੱਖਿਆ ਜਾਂ ਪੜ੍ਹਨ ਦੀ ਯੋਗਤਾ ਕੀ ਹੈ|

ਸਾਨੂੰ ਰਸੂਲਾਂ ਦੇ ਕਰਤੱਬ 4:13 ਵਿਚ ਯਿਸੂ ਦੇ ਕੁਝ ਚੇਲਿਆਂ ਦੀ ਸਿੱਖਿਆ ਪੱਧਰ ਨੂੰ ਚੇਤੇ ਕਰਵਾਇਆ ਗਿਆ ਹੈ| ਇਸ ਤਰ੍ਹਾਂ ਲਗਦਾ ਹੈ ਕਿ ਪਤਰਸ ਅਤੇ ਯੂਹੰਨਾ ਯਿਸੂ ਦਾ ਪ੍ਰਚਾਰ ਕਰਦੇ ਹੋਏ ਸਦੂਕੀਆਂ ਅਤੇ ਧਾਰਮਿਕ ਆਗੂਆਂ ਨਾਲ ਬਹੁਤ ਕ੍ਰੋਧਿਤ ਹੋਏ| ਤਦ ਇਨ੍ਹਾਂ ਧਾਰਮਿਕ ਆਗੂਆਂ ਨੇ ਇਨ੍ਹਾਂ ਦੋਹਾਂ ਨੂੰ ਗਰਿਫਤਾਰ ਕੀਤਾ ਅਤੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਮਹਾਂ ਸਭਾ ਦੇ ਸਾਹਮਣੇ ਪੇਸ਼ ਕਰ ਦਿੱਤਾ| ਪਤਰਸ ਨੇ ਪਵਿੱਤਰ ਆਤਮਾ ਦੀ ਮਾਰਗ ਦਰਸ਼ਨ ਰਾਹੀਂ ਤਰਕਸ਼ੀਲ ਅਤੇ ਕ੍ਰਮਬਧ ਭਾਸ਼ਣ ਧਾਰਮਿਕ ਆਗੂਆਂ ਅਤੇ ਯਿਸੂ ਦੇ ਬਾਰੇ ਕੀਤਾ, ਅਜਿਹਾ ਭਾਸ਼ਣ ਜਿਸ ਨੇ ਉੱਚ ਸਿੱਖਿਆ ਪ੍ਰਾਪਤ ਬੰਦੀ ਕਰਨ ਵਾਲੇ ਲੋਕਾਂ ਨੂੰ ਇਕ ਪਾਸੇ ਲਾ ਦਿੱਤਾ|

ਮਹਾਂ ਸਭਾ ਪਤਰਸ ਦੇ ਭਾਸ਼ਣ ਤੋਂ ਬੜੀ ਪ੍ਰਭਾਵਿਤ ਸੀ:
ਜਾਂ ਉਨ੍ਹਾਂ ਨੇ ਪਤਰਸ ਅਤੇ ਯੂਹੰਨਾ ਦੀ ਦਲੇਰੀ ਵੇਖੀ ਅਤੇ ਜਾਣਿਆ ਜੋ ਉਹ ਵਿਦਵਾਨ ਨਹੀਂ ਸਗੋਂ ਆਮ ਵਿਚੋਂ ਹਨ ਤਾਂ ਅਚਰਜ ਮੰਨਿਆ| ਫਿਰ ਉਨ੍ਹਾਂ ਨੂੰ ਪਛਾਣਿਆ ਭਈ ਇਹ ਯਿਸੂ ਦੇ ਨਾਲ ਰਹੇ ਸਨ| (ਰਸੂਲਾਂ ਦੇ ਕਰਤੱਬ 4:13).
ਕੀ ਇਹ ਅੱਜ ਹੋ ਸਕਦਾ ਹੈ? ਕੀ ਅਨਪੜ੍ਹ ਯਿਸੂ ਦੇ ਪੈਰੋਕਾਰ ਪਵਿੱਤਰ ਸ਼ਾਸਤਰ ਨੂੰ ਚੰਗੀ ਤਰ੍ਹਾਂ ਸੁਣ ਸਕਦੇ ਹਨ ਅਤੇ ਫਿਰ ਤਰਕਸ਼ੀਲਤਾ ਨਾਲ ਖੋਜ ਕਰ ਸਕਦੇ ਹਲ ਅਤੇ ਦੂਜਿਆਂ ਨੂੰ ਬਹੁਤ ਸਾਰਿਆਂ ਗੂੜ੍ਹਿਆਂ ਸਚਿਆਈਆਂ ਸਿਖਾ ਸਕਦੇ ਹਨ?

ਫੀਲਡ ਤੋਂ ਇਹ ਰਿਪੋਰਟਾਂ ਸ਼ਾਇਦ ਇਸ ਪ੍ਰਸ਼ਨ ਦਾ ਉੱਤਰ ਦੇਣ

ਪਰਮੇਸ਼ਰ ਦਾ ਵਚਨ ਦਿਲ ਦੇ ਛੁਪੇ ਹੈ ਹਿੱਸੇ ਨਾਲ ਗੱਲਬਾਤ ਕਰਦਾ ਹੈ|

ਕਦੇ ਕਦੇ ਪੱਛਮੀ STS ਦੇ ਸਿੱਖਿਅਕਾਂ ਨੂੰ ਪਿੰਡਾਂ ਵਿਚ STS ਇਸਤੇਮਾਲ ਕਰਨ ਦਾ ਜਾਂ ਉਥੇ ਕਿਸ ਤਰ੍ਹਾਂ ਇਸਤਮਾਲ ਹੁੰਦਾ ਹੈ ਇਹ ਵੇਖਣ ਦਾ ਮੌਕਾ ਮਿਲਦਾ ਹੈ| ਸਾਡੇ ਵਿਚੋਂ ਕੁਝ ਪੱਛਮੀ ਲੋਕ ਕੀਨੀਆਂ ਵਿਚ ਇਕਾਲਾਕਾਲਾ ਦੇ ਪਿੰਡਾਂ ਵਿਚ ਗਏ| ਇਸ ਤੋਂ ਪਹਿਲਾਂ, ਅਫਰੀਕੀ ਸਿੱਖਿਅਕਾਂ ਨੇ

ਇਕਾਲਾਕਾਲਾ ਦੇ ਪਿੰਡਾਂ ਵਿਚ ਕਹਾਣੀਆਂ ਇਸਤੇਮਾਲ ਕਰਨ ਦੀ ਸੇਵਾ ਕੀਤੀ ਸੀ ਅਤੇ ਵਿਸ਼ਵਾਸੀਆਂ ਨੂੰ STS ਦੀ ਟ੍ਰੇਨਿੰਗ ਦੇ ਅਰੰਭ ਕੀਤਾ ਸੀ|

ਸਾਡੇ ਗਾਈਡ ਨੇ ਦੱਸਿਆ, ''ਜਦ ਅਸੀਂ ਪਹਿਲੀ ਵਾਰ ਇਥੇ ਆਏ ਸੀ, 'ਕਲੀਸੀਆ' ਗਾ ਰਹੀ ਸੀ, ਤਾਲੀ ਵਜਾ ਰਹੀ ਸੀ, ਪ੍ਰਚਾਰ ਹੋ ਰਿਹਾ ਸੀ ਅਤੇ ਸ਼ਾਇਦ ਬਾਈਬਲ ਦਾ ਪਦ ਸੀ-ਬਸ ਇਹੀ ਕੁਝ ਸੀ! ਵਿਸ਼ਵਾਸੀ ਬਾਈਬਲ ਬਾਰੇ ਬਹੁਤ ਘੱਟ ਜਾਣਦੇ ਸਨ| ਹੁਦ ਇਹ ਪਾਸਟਰਸ ਮੁਕਤੀ ਅਤੇ ਤਰੱਕੀ ਵੇਖ ਰਹੇ ਹਨ|"

ਜੋ ਅਸੀਂ ਵੇਖਿਆ ਉਸ ਵਿਚ ਸ਼ਾਮਿਲ ਹੋ ਜਾਓ| ਤੁਸੀਂ ਸਿਮੇਂਟ ਦੇ ਬਣੇ, ਟੀਨ ਦੀ ਛੱਤ, ਇਕਾਲਾਕਾਲਾ ਦੇ ਪਿੰਡ ਵਿਚ ਇਕ ਕਲੀਸੀਆ ਵਿਚ ਹੋ| ਤੁਸੀਂ ਵੇਖ ਰਹੋ ਹੋ ਕਿ ਇਸ ਸਥਾਨ ਕਾਂਬਾ ਕਬੀਲੇ ਦੇ 60 ਲੋਕਾਂ ਨਾਲ ਭਰਿਆ ਹੋਇਆ ਹੈ| ਚਰਚ ਦੀਆਂ ਬੈਂਚਾਂ ਉੱਤੇ ਇਨ੍ਹਾਂ ਲੋਕਾਂ ਵਿਚਕਾਰ 15 ਪਾਸਟਰਸ ਹਨ ਜੋ 11 ਵੱਖ ਵੱਖ ਕਲੀਸੀਆਂ ਦੀ ਨੁਮਾਈਂਦਗੀ ਕਰ ਰਹੇ ਹਨ ਅਤੇ ਪ੍ਰਗਰਾਮ ਅਰੰਭ ਹੋਣ ਦੀ ਉਡੀਕ ਹੋ ਰਹੀ ਹੈ|

ਤੁਸੀਂ ਧਿਆਨ ਕੀਤਾ ਕਿ ਰੰਗ ਬਿਰੰਗੇ ਕਪੜਿਆਂ ਵਿਚ ਹਨ ਅਤੇ ਆਦਮੀਆਂ ਨੇ ਵਧੀਆ ਕੋਟ ਅਤੇ ਟਾਈਆਂ ਪਹਿਨੀਆਂ ਹੋਇਆਂ ਹਨ| ਜਿਵੇਂ ਹੀ ਤੁਸੀਂ ਅੰਦਰ ਧਿਆਨ ਕਰਦੇ ਹੋ, ਤੁਸੀਂ ਵੇਖਦੇ ਹੋ ਕਿ ਕੋਟਾਂ ਦੇ ਕਈ ਸਾਈਜ਼ ਬਹੁਤ ਵੱਡੇ ਹਨ ਅਤੇ ਦੁਬਲੇ ਪਤਲੇ ਲੋਕਾਂ ਦੇ ਇਹ ਕਾਫੀ ਖੁਲ੍ਹੇ ਹਨ| ਤਦ ਤੁਸੀਂ ਵੇਖਿਆ ਕਿ ਇਨ੍ਹਾਂ ਦੇ ਘਸੇ ਹੋਏ ਬਾਜੂ ਅਤੇ ਪੈਂਟਾਂ ਘਾਸੇ ਪੈ ਕੇ ਪਤਲੀਆਂ ਹੋ ਗਈਆਂ ਹਨ| ਤੁਸੀਂ ਸੋਚੋ ਕਿ ਕੌਣ ਜਾਣੇ ਕਿ ਕਿੰਨਿਆਂ ਹੀ ਵੱਖ ਵੱਖ ਲੋਕਾਂ ਨੇ ਉਸੇ ਹੀ ''ਐਤਵਾਰੀ ਕਪੜਿਆਂ" ਨੂੰ ਪਹਿਨਿਆਂ ਹੋਵੇਗਾ|

ਤੁਹਾਨੂੰ ਇਹ ਵੀ ਦੱਸਿਆ ਗਿਆ ਕਿ ਸ਼ਾਮ ਚਾਰ ਵਜੇ ਤੋਂ ਪਹਿਲਾਂ ਸਭਾ ਸਮਾਪਤ ਹੋਣੀ ਚਾਹੀਦੀ ਹੈ ਤਾਂ ਜੋ ਲੋਕ ਹਿੱਪੋ (ਦਰਿਆਈ ਘੋੜੇ) ਨਿਕਲਨ ਤੋਂ ਪਹਿਲਾਂ ਨਦੀ ਪਾਰ ਕਰਕੇ ਆਪਣੇ ਆਪਣੇ ਘਰ ਪਹੁੰਚ ਜਾਣ| ਤੁਸੀਂ ਇਹ ਵੀ ਵੇਖਿਆ ਹੋਵੇਗਾ ਕਿ ਕਲੀਸੀਆ ਦੇ ਇਨ੍ਹਾਂ ਲੋਕਾਂ ਨੂੰ ਆਪਣੇ ਘਰ ਪਹੁੰਚਣ ਤਕ ਚਾਰ ਘੰਟੇ ਪੈਦਲ ਵੀ ਚੱਲਣਾ ਹੈ|

ਉਥੇ, ਇਕ ਅਫਰੀਕਨ ਉਤਪਤ 35:1-5 ਵਿਚੋਂ ਕਹਾਣੀ ਅਤੇ ਵਿਚਾਰ ਵਟਾਂਦਰੇ ਲਈ ਤਿਆਰੀ ਕਰਦਾ ਹੈ| ਇਹ ਪੇਸ਼ਕਾਰੀ ਸਵਹਾਲੀ ਭਾਸ਼ਾ ਵਿਚ ਹੋਵੇਗੀ ਅਤੇ ਫਿਰ ਉਸ ਦਾ ਅਨੁਵਾਦ ਕਾਂਬਾ ਭਾਸ਼ਾ ਵਿਚ ਹੋਵੇਗਾ| ਤੁਹਾਡੇ ਆਖਰੀ ਬੈਂਚ ਉੱਤੇ ਬੈਠਣ ਤੋਂ ਬਾਦ, ਤੁਹਾਡਾ ਅਫਰੀਕਨ ਅਨੁਵਾਦਕ ਤੁਹਾਨੂੰ ਅੰਗ੍ਰੇਜ਼ੀ ਵਿਚ ਦੱਸੇਗਾ ਕਿ ਹੁਣ ਕੀ ਹੋਣ ਜਾ ਰਿਹਾ ਹੈ|

''ਲੋਕਾਂ ਨੇ ਵਿਚਾਰ ਵਟਾਂਦਰਾ ਕੀਤਾ ਕਿ ਕਿਸ ਤਰ੍ਹਾਂ ਯਾਕੂਬ ਪਰਮੇਸ਼ਰ ਰਾਹੀਂ ਲੰਮੇ ਸਮੇ ਤੋਂ ਬਚਾਇਆ ਗਿਆ ਸੀ ਅਤੇ ਹੁਣ ਪਰਮੇਸ਼ਰ ਯਾਕੂਬ ਨੂੰ ਅਤੇ ਉਸ ਦੇ ਘਰਾਣੇ ਨੂੰ ਬੇਤੇਲ ਵਿਚ ਜਾਣ ਲਈ ਬੁਲਾ ਰਿਹਾ ਹੈ, ਜਿਥੇ ਯਾਕੂਬ ਪਰਮੇਸ਼ਰ ਨੂੰ ਮਿਲਿਆ ਸੀ|

''ਉਹ ਹੁਣ ਗੱਲਬਾਤ ਕਰ ਰਹੇ ਹਨ ਕਿ ਕਿਵੇਂ ਯਾਕੂਬ ਇਹ ਆਤਮਿਕ ਆਗੂ ਹੈ ਜੋ ਆਪਣੇ ਪਰਿਵਾਰ ਨੂੰ ਪਵਿੱਤਰ ਕਰ ਰਿਹਾ ਹੈ ਅਤੇ ਉਨ੍ਹਾਂ ਦੀਆਂ ਮੂਰਤਾਂ ਨੂੰ ਛੱਡ ਰਿਹਾ ਹੈ| ਉਹ ਯਾਕੂਬ ਨੂੰ 'ਪਰਮੇਸ਼ਰ ਦਾ ਆਗਿਆਕਾਰ' ਕਹਿ ਕੇ ਬੁਲਾਉਂਦੇ ਹਨ|
''ਕਹਾਣੀ ਵਾਚਕ ਲੋਕਾਂ ਨੂੰ ਪੁੱਛਦਾ ਹੈ, 'ਕੀ ਤੁਸੀਂ ਯਾਕੂਬ ਨੂੰ ਹੁਣ ਚੰਗਾ ਆਗੂ ਬਣਦੇ ਹੋਏ ਵੇਖਦੇ ਹੋ ਜਾਂ ਕੀ ਉਹ ਲੰਮੇ ਸਮੇ ਤੋਂ ਇਕ ਧਾਰਮਿਕ ਆਗੂ ਦੇ ਰੂਪ ਵਿਚ ਚੱਲਦਾ ਆ ਰਿਹਾ ਹੈ?' ਤਦ ਫਿਰ ਉਸ ਨੇ ਪੁੱਛਿਆ, 'ਤੁਸੀਂ ਕੀ ਸੋਚਦੇ ਹੋ ਕਿ ਯਾਕੂਬ ਨੇ ਇਨ੍ਹਾਂ ਮੂਰਤਾਂ ਨਾਲ ਕੀ ਕੀਤਾ ਹੋਵੇਗਾ ਤੁਹਾਨੂੰ ਕੁਝ ਵਿਖਾਈ ਦੇਵੇਗਾ?'

ਇਸ ਤਰ੍ਹਾਂ ਲਗਦਾ ਹੈ ਕਿ ਲੋਕਾਂ ਆਪਸ ਵਿਚ ਵਾਦ ਵਿਵਾਦ ਕਰ ਰਹੇ ਹਨ|

ਕੁਝ ਪਲਾਂ ਬਾਦ, ਤੁਹਾਡੇ ਕੰਨ ਵਿਚ ਕਹਿੰਦਾ ਹੈ, ''ਹੁਣ ਉਹ ਲਗਦਾ ਹੈ ਹੋਰ ਵੀ ਕਹਾਣੀ ਵਿਚ ਜਾ ਰਹੇ ਹਨ| ਉਨ੍ਹਾਂ ਨੇ ਕਿਹਾ, 'ਯਾਕੂਬ ਨੇ ਆਪਣੇ ਪਰਿਵਾਰ ਦੇ ਸਾਰਿਆਂ ਮੂਰਤਾਂ ਇਕੱਠੀ ਕੀਤੀਆਂ ਅਤੇ ਫਿਰ ਉਨ੍ਹਾਂ ਸਾਰੀਆਂ ਚੀਜਾਂ ਨੂੰ ਸ਼ੱਕੇਮ ਵਿਚ ਬਲੂਤ ਦੇ ਦਰਖ਼ਤ ਹੇਠਾਂ ਦੱਬ ਦਿੱਤਾ! ਇਸ ਉੱਤੇ ਉਸ ਨੇ ਨਿਸ਼ਾਨ ਲਾਇਆ! ਹੁਣ ਉਹ ਯਾਕੂਬ ਦੇ ਲਾਲਚ ਬਾਰੇ ਗੱਲ ਕਰ ਰਹੇ ਸਨ| 'ਉਸ ਨੇ ਪਰਮੇਸ਼ਰ ਰਾਹੀਂ ਲੋੜ ਪੂਰੀ ਕਰਨ ਉੱਤੇ ਭਰੋਸਾ ਨਹੀਂ ਕੀਤਾ!
'' 'ਉਸਨੇ ਸਮਝੌਤਾ ਕੀਤਾ ਕਿ ਉਸ ਦਾ ਪਰਿਵਾਰ ਉਨ੍ਹਾਂ ਮੂਰਤਾਂ ਨੂੰ ਆਪਣੇ ਵਿਚਕਾਰ ਰੱਖੇ,' ਉਹ ਕਹਿ ਰਹੇ ਸਨ| ਉਨ੍ਹਾਂ ਵਿਚੋਂ ਇਕ ਵਿਅਕਤੀ ਨੇ ਕਿਹਾ, 'ਕੁਝ ਮੂਰਤਾਂ ਤਾਂ ਕੰਨਾਂ ਦੇ ਝੂਮਕੇ ਸਨ, ਇਸ ਲਈ ਯਾਕੂਬ ਉਨ੍ਹਾਂ ਦੇ ਘਰ ਆਉਣ ਤੋਂ ਜਾਣੂੰ ਸੀ|'"

ਉਨ੍ਹਾਂ ਇਕੱਠੇ ਹੋਇਆਂ ਨੇ ਕਲੀਸਆ ਵਿਚ ਯਾਕੂਬ ਦੇ ਕੰਮਾਂ ਉੱਤੇ ਵਿਚਾਰ ਵਟਾਂਦਰਾ ਕੀਤਾ, ਇਕ ਔਰਤ ਖੜ੍ਹੀ ਹੋਈ ਅਤੇ ਜੋਸ਼ ਨਾਲ ਭਰੀ ਹੋਈ ਅਤੇ ਆਪਣੀ ਭਾਸ਼ਾ ਕਾਂਬਾ ਵਿਚ ਕੁਝ ਤੇਜੀ ਨਾਲ ਕਿਹਾ|

ਤੁਹਾਡਾ ਅਨੁਵਾਦਕ ਤੁਹਾਡੇ ਕੰਨ ਵਿਚ ਕਹਿੰਦਾ ਹੈ, ''ਇਹ ਔਰਤ ਕਹਿ ਰਹੀ ਹੈ, 'ਹੁਣ ਅਸੀਂ ਮਸੀਹੀ ਹਾਂ, ਪਰ ਅਜੇ ਵੀ ਸਾਡੇ ਵਿਚ ਕੁਝ ਚੀਜਾਂ ਛੁਪੀਆਂ ਹੋਇਆਂ ਹਨ| ਅਸੀਂ ਉਨ੍ਹਾਂ ਨੂੰ ਹੋਰ ਨਾ ਛੁਪਾਈਏ| ਸਾਨੂੰ ਉਨ੍ਹਾਂ ਨਾਸ ਕਰਨਾ ਚਾਹੀਦਾ ਹੈ!'"
ਤਦ ਕੁਝ ਸਮੇ ਤੋਂ ਬਾਦ ਇਕ ਵੱਡਾ ਆਦਮੀ ਖੜ੍ਹਾ ਹੋਇਆ ਅਤੇ ਜੋਰ ਦੀ ਬੋਲ ਕੇ ਗਰਜਿਆ, ਜਿਸ ਦਾ ਸਾਰੇ ਆਦਮੀਆਂ ਨੇ ਸਹਿਮਤੀ ਵਿਚ ਜਵਾਬ ਦਿੱਤਾ|

ਹੁਣ ਤੁਸੀਂ ਇਹ ਸੁਣਨ ਲਈ ਤਰਸ ਜਾਂਦੇ ਹੋ ਕਿ ਉਸ ਆਦਮੀ ਨੇ ਕੀ ਕਿਹਾ ਹੈ ਇਸ ਤੁਸੀਂ ਅਨੁਵਾਦਕ ਵੱਲ ਝੁਕਦੇ ਹੋ ਅਤੇ ਇਸ਼ਾਰਾ ਕਰਕੇ ਪੁੱਛਦੇ ਹੋ, ''ਉਹ ਆਦਮੀ ਕੀ ਕਹਿ ਰਿਹਾ ਹੈ?"

ਅਨੁਵਾਦਕ ਸਭ ਲੋਕ ਕੀ ਕਹਿ ਰਹੇ ਹਨ ਸੁਣਨ ਲਈ ਉਡੀਕ ਕਰਦਾ ਹੈ ਅਤੇ ਫਿਰ ਤੁਹਾਡੇ ਕੰਨ ਵਿਚ ਕਹਿੰਦਾ ਹੈ, ''ਇਹ ਆਦਮੀ ਕਹਿ ਰਿਹਾ ਹੈ, 'ਮੈਂ ਮੇਰੇ ਪਰਿਵਾਰ ਨੂੰ ਚਲਾਉਂਦਾ ਹਾਂ| ਉਹ

ਉਹੀ ਕਰਦੇ ਹਨ, ਜੋ ਮੈਂ ਕਹਿੰਦਾ ਹਾਂ| ਪਰ ਮੈਂ ਤਾਂ ਯਾਕੂਬ ਵਾਂਗ ਹਾਂ| ਮੈਂ ਉਨ੍ਹਾਂ ਨੂੰ ਆਤਮਿਕ ਤੌਰ 'ਤੇ ਨਹੀਂ ਚਲਾਇਆ ਹੈ| ਮੈਨੂੰ ਬਦਲਨਾ ਚਾਹੀਦਾ ਹੈ|'"
[ਉਸ ਦਿਨ,ਉਸ ਬਾਈਬਲ ਕਹਾਣੀ ਵਿਚ, ਸਾਰੀ ਕਲੀਸੀਆ ਨੇ ਯਾਕੂਬ ਦੇ ਪਖੰਡ ਦੀ ਖੋਜ ਕੀਤੀ| ਉਹ ਆਦਮੀ ਅਤੇ ਔਰਤ ਦੋਹੇਂ ਹੀ, ਜਿਹੜੇ ਖੜ੍ਹੇ ਹੋਏ ਅਤੇ ਬੋਲੇ ਸੀ, ਉਨ੍ਹਾਂ ਨੇ ਆਪਣੇ ਪਾਪ ਨੂੰ ਪਛਾਣਿਆਂ ਜਿਸ ਤਰ੍ਹਾਂ ਉਨ੍ਹਾਂ ਨੇ ਯਾਕੂਬ ਦੇ ਪਾਪ ਉੱਤੇ ਵਿਚਾਰ ਕੀਤਾ ਸੀ
ਉਸ ਦਿਨ ਵੀ, ਅਸੀਂ ਸੰਸਾਰ ਦੇ ਲੋਕਾਂ ਦੇ ਨਜ਼ਰੀਏ ਨੂੰ ਸੰਦੇਸ਼ ਦੇਣ ਲਈ ਪਰਮੇਸ਼ਰ ਦੀ ਕਹਾਣੀ ਦੀ ਅਨੋਖੀ ਸਮਰੱਥ ਦੇ ਗਵਾਹ ਹੋਏ! ਇਨ੍ਹਾਂ ਅਨਪੜ੍ਹ ਮੌਖਕ ਪ੍ਰਚਾਰਕ ਮਨੁੱਖਾਂ ਨੇ ਡੂੰਘੀ ਸਚਿਆਈ ਨੂੰ ਪ੍ਰਾਪਤ ਕੀਤਾ ਅਤੇ ਉਸ ਨੂੰ ਆਪਣੇ ਜੀਵਨ ਵਿਚ ਲਾਗੂ ਕੀਤਾ ਜਿਸ ਨੂੰ ਕਰਨ ਲਈ ਮਿਸ਼ਨਰੀਆਂ ਨੇ ਪ੍ਰਾਰਥਨਾ ਕਰਦੇ ਹੋਏ, ਇੱਛਾ ਜਾਣਨ ਵਿਚ ਅਤੇ ਗਵਾਹ ਹੋਣ ਲਈ ਕਈ ਲਾ ਦੇਣੇ ਸੀ|]

ਅਜੇ ਦੇਰ ਨਹੀਂ ਹੋਈ, ਨਾ ਹੀ ਗੁਆਚਿਆ ਹੈ|
ਨੇਪਾਲ ਦੇ ਨਵਾਲਪਰਾਸੀ ਜਿਲੇ ਵਿਚ ਜਾਦੂ ਟੂਣਾ ਕਰਨ ਵਾਲਾ ਇਕ ਵਿਅਕਤੀ ਸੀ, ਆਪਣੀ 66 ਸਾਲ ਦੀ ਉਮਰ ਵਿਚ, ਉਸ ਨੇ ਕਦੀ ਵੀ ਪੜ੍ਹਨਾ ਸਿੱਖਿਆ ਨਹੀਂ ਸੀ, ਪਰ ਉਸ ਦਾ ਸੈਂਕੜਿਆਂ ਲੋਕਾਂ ਉੱਤੇ ਉਸ ਦਾ ਦਬਦਬਾ ਸੀ, ਲੋਕ ਕੰਬਦੇ ਅਤੇ ਡਰਦੇ ਹੋਏ ਉਸ ਵੱਲ ਤੱਕਦੇ ਸਨ|

60 ਸਾਲ ਦੇ ਅਰੰਭ ਵਿਚ, ਇਸ ਮਨੁੱਖ ਨੇ ਯਿਸੂ ਦੇ ਬਾਰੇ ਸੁਣਿਆ, ਪਰ ਉਸ ਨੇ ਸੋਚਿਆ ਕਿ ਉਸ ਨੂੰ ਯਿਸੂ ਦੀ ਜ਼ਰੂਰਤ ਨਹੀਂ ਹੈ| ਇਹ ਵੀ ਪੱਕੀ ਗੱਲ ਹੈ ਕਿ ਉਸ ਨੇ ਉਨ੍ਹਾਂ ਲੋਕਾਂ ਬਾਰੇ ਸੁਣਿਆ ਸੀ ਜੋ ਯਿਸੂ ਦੇ ਨਾਮ ਵਿਚ ਪ੍ਰਾਰਥਨਾ ਕਰਦੇ ਸੀ ਅਤੇ ਉਨ੍ਹਾਂ ਦੀ ਪ੍ਰਾਰਥਨਾ ਸੁਣੀ ਗਈ ਸੀ| ਇਸ ਜਾਦੂ ਟੂਣੇ ਵਾਲੇ ਮਨੁੱਖ ਨੂੰ ਦੁਸ਼ਟ ਆਤਮਾਂ ਮਦਦ ਕਰਦੀਆਂ ਸਨ, ਤਾਂ ਇਸ ਨੂੰ ਯਿਸੂ ਦੀ ਕੀ ਜ਼ਰੂਰਤ ਸੀ?

ਇਕ ਦਿਨ ਉਸ ਦਾ ਪੋਤਾ ਬਹੁਤ ਬਿਮਾਰ ਹੋ ਗਿਆ, ਮਰਨ ਦੇ ਨਜਦੀਕ ਸੀ| ਇਸ ਜਾਦੂ ਟੂਣੇ ਵਾਲੇ ਮਨੁੱਖ ਨੇ ਆਤਮਾਂ ਅੱਗੇ ਬੇਨਤੀ ਕੀਤੀ ਕੀ ਉਹ ਉਸ ਲੜਕੇ ਚੰਗਾ ਕਰ ਦੇਣ, ਪਰ ਬੱਚਾ ਫਿਰ ਵੀ ਮਰ ਰਿਹਾ ਸੀ| ਆਖੀਰੇ ਕਾਰ ਉਹ ਬਜੁਰਗ ਆਦਮੀ ਨਿਰਾਸ ਹੋ ਕੇ ਯਿਸੂ ਦੇ ਵਿਸ਼ਵਾਸੀਆਂ ਕੋਲ ਗਿਆ, ਅਤੇ ਉਨ੍ਹਾਂ ਨੂੰ ਆਪਣੇ ਪੋਤੇ ਲਈ ਪ੍ਰਾਰਥਨਾ ਕਰਨ ਲਈ ਕਿਹਾ| ਉਨ੍ਹਾਂ ਨੇ ਉਸ ਲਈ ਪ੍ਰਾਰਥਨਾ ਕੀਤੀ ਅਤੇ ਬਿਮਾਰੀ ਬੱਚੇ ਨੂੰ ਛੱਡ ਕੇ ਚਲੀ ਗਈ| ਪਰ ਇਹ ਬਜੁਰਗ ਆਦਮੀ ਯਿਸੂ ਦਾ ਵਿਸ਼ਵਾਸੀ ਨਾ ਬਣਿਆ ਅਤੇ ਉਹ ਆਪਣੇ ਜੀਵਨ ਵਿਚ ਜਾਦੂ ਟੂਣਾ ਕਰਦਾ ਰਿਹਾ|

ਲਗਭਗ ਤਿੰਨ ਮਹੀਨੀਆਂ ਬਾਦ, ਇਸ ਮਨੁੱਖ ਦੀ ਪਤਨੀ, ਜਿਹੜੀ ਕਿ ਇਕ ਵਿਸ਼ਵਾਸੀ ਸੀ, ਉਹ ਦੀ ਵਰਕਸ਼ਾਪ ਵਿਚ ਸ਼ਾਮਿਲ ਹੋਈ| ਉਸ ਸ਼ਾਮ ਉਹ ਆਪਣੇ ਘਰ ਵਾਪਿਸ ਗਈ ਅਤੇ ਆਪਣੇ ਪਤੀ ਨੂੰ ਕਹਾਣੀ ਦੱਸੀ ਜੋ ਉਸ ਨੇ ਉਸੇ ਦਿਨ ਸਿੱਖੀ ਸੀ|

2 ਰਾਜਾ 5 ਵਿਚੋਂ ਨੇਪਾਲੀਆਂ ਦੇ ਰਾਹੀ ਨਾਮਾਨ ਦੀ ਕਹਾਣੀ ਸੁਣਾਈ ਗਈ ਅਤੇ ਸ਼ਾਮਿਲ ਹੋਏ ਲੋਕਾਂ ਦੇ ਰਾਹੀਂ ਵਿਚਾਰ ਵਟਾਂਦਰਾ ਕੀਤਾ ਗਿਆ ਸੀ| ਉਨ੍ਹਾਂ ਦੇ ਸਿੱਖਿਆ ਕਿ ਨਾਮਾਨ ਸੀਰੀਆ ਸੇਨਾ ਦਾ ਕਪਤਾਨ ਸੀ ਅਤੇ ਉਸ ਨੂੰ ਕੋਹੜ ਸੀ| ਬੇਸ਼ਕ ਸੀਰੀਆ ਇਸਰਾਏਲ ਦਾ ਦੁਸ਼ਮਣ ਸੀ, ਜਦ ਨਾਮਾਨ ਨੇ ਸੁਣਿਆ ਕਿ ਉਹ ਇਸਰਾਏਲ ਦੇ ਨਬੀ ਦੇ ਦੁਆਰਾ ਚੰਗਾ ਹੋ ਸਕਦਾ ਹੈ, ਤਦ ਉਸ ਨੇ ਇਕ ਵੱਡਾ ਕਾਫਿਲਾ ਬਣਾਇਆ ਅਤੇ ਚੰਗਿਆਈ ਪ੍ਰਾਪਤ ਕਰਨ ਲਈ ਇਸਰਾਏਲ ਦੇਸ਼ ਵਿਚ ਗਿਆ|

ਪਰ, ਜਦ ਨਾਮਾਨ ਨਬੀ ਅਲੀਸ਼ਾ ਦੇ ਘਰ ਗਿਆ, ਅਲੀਸ਼ਾ ਨਾਮਾਨ ਦੀ ਉੱਮੀਦ ਦੇ ਅਨੁਸਾਰ ਉਸ ਨੂੰ ਨਹੀਂ ਮਿਲਿਆ| ਅਸਲ ਵਿਚ, ਨਬੀ ਨਾਮਾਨ ਨੂੰ ਮਿਲਣ ਲਈ ਬਾਹਰ ਵੀ ਨਹੀਂ ਆਇਆ! ਅਤੇ ਉਸ ਦੇ ਬਜਾਏ ਜਦ ਉਸ ਦਾ ਸੇਵਕ ਬਾਹਰ ਆਇਆ ਅਤੇ ਨਬੀ ਦਾ ਸੁਨੇਹਾ ਉਸ ਨੂੰ ਦੇ ਦਿੱਤਾ ਕਿ ਜਾਹ ਇਥੋਂ ਦੀ ਸਥਾਨਕ ਨਦੀ ਵਿਚ ਜਾ ਕੇ ਚੰਗੇ ਹੋਣ ਲਈ ਸੱਤ ਵਾਰ ਚੁੱਭੀ ਲਾ, ਨਾਮਾਨ ਨੇ ਉੱਤਰ ਦਿੱਤਾ, ਕੀ ਦਮੀਸ਼ਕ ਦੀਆਂ ਅਬਾਨਾ ਅਤੇ ਫਰਪਾਰ ਨਦੀਆਂ ਇਸਰਾਏਲ ਦੀਆਂ ਨਦੀਆਂ ਤੋਂ ਬਿਹਤਰ ਨਹੀਂ ਹਨ? ਕੀ ਮੈਂ ਉਥੇ ਜਾ ਕੇ ਨਹੀਂ ਇਸ਼ਨਾਨ ਨਹੀਂ ਕਰ ਸਕਦਾ ਅਤੇ ਚੰਗਾ ਹੋ ਸਕਦਾ?" ਇਸ ਤਰ੍ਹਾਂ ਉਹ ਗੁੱਸੇ ਵਿਚ ਉਥੋ ਵਾਪਿਸ ਚਲਿਆ ਗਿਆ|

ਨਾਮਾਨ ਦੇ ਇਕ ਸੇਵਕ ਨੇ ਉਸ ਅੱਗੇ ਉਥੇ ਜਾਣ ਲਈ ਬੇਨਤੀ ਕੀਤੀ ਕਿ ਉਹ ਨਦੀ ਵਿਚ ਚੰਗੇ ਹੋਣ ਲਈ ਚੁੱਭੀ ਲਾਵੇ ਤਦ ਨਾਮਾਨ ਨੇ ਆਗਿਆ ਪਾਲਨ ਕੀਤਾ| ਉਹ ਨਦੀ ਵਿਚ ਗਿਆ, ਜਿਵੇਂ ਕਿਹਾ ਗਿਆ ਸੀ ਨਦੀ ਵਿਚ ਚੁੱਭੀ ਲਾਈ ਅਤੇ ਉਹ ਉਸੇ ਹੀ ਘੜੀ ਚੰਗਾ ਹੋ ਗਿਆ!

ਜਦ ਇਸ ਜਾਦੂ ਟੂਣੇ ਵਾਲੇ ਨੇ ਇਹ ਕਹਾਣੀ ਸੁਣੀ, ਉਸ ਨੇ ਆਪਣੀ ਪਤਨੀ ਨੂੰ ਕਿਹਾ, ''ਮੈਂ ਨਾਮਾਨ ਹਾਂ| ਮੇਰਾ ਘਮੰਡ ਮੈਨੂੰ ਯਿਸੂ ਦੇ ਪਿੱਛੇ ਚੱਲਣ ਤੋਂ ਰੋਕ ਰਿਹਾ ਹੈ|"

ਅਗਲੇ ਦਿਨ ਉਹ ਜਾਦੂਗਰ ਆਪਣੀ ਪਤਨੀ ਦੇ ਨਾਲ ਵਰਕਸ਼ਾਪ ਵਿਚ ਗਿਆ| ਉਥੇ ਉਸ ਨੇ ਸਿੱਖਿਅਕ ਨੂੰ ਦੱਸਿਆ, ''ਮੈਂ ਯਿਸੂ ਦਾ ਚੇਲਾ ਬਣਨਾ ਚਾਹੁੰਦਾ ਹਾਂ|" ਉਸ ਨੂੰ ਸਮਝਾਇਆ ਗਿਆ, ਅਤੇ ਤਦ ਉਸ ਨੇ ਮੁਕਤੀ ਲਈ ਪ੍ਰਾਰਥਨਾ ਕੀਤੀ| ਉਸ ਤੋਂ ਬਾਦ, ਇਹ ਅਨਪੜ੍ਹ ਬੁਢਾ ਆਦਮੀ ਜਿਸ ਨੇ ਆਪਣੀ ਲਗਭਗ ਸਾਰੀ ਜ਼ਿੰਦਗੀ ਜਾਦੂਗਰੀ ਦੇ ਸੰਸਾਰ ਵਿਚ ਬਿਤਾਈ ਸੀ, ਉਸ ਨੇ ਪੁੱਛਿਆ ਕਿ ਉਹ ਉਥੇ ਇਕੱਠੇ ਹੋਏ ਲੋਕਾਂ ਨੂੰ ਦੱਸ ਸਕਦਾ ਹੈ ਕਿ ਉਸ ਨਾਲ ਕੀ ਹੋਇਆ ਸੀ| ਇਹ ਉਸ ਦਾ ਬਿਆਨ ਸੀ:

''ਨਾਮਾਨ ਇਕ ਘਮੰਡੀ ਵਿਅਕਤੀ ਸੀ ਅਤੇ ਉਸੇ ਘਮੰਡ ਦੇ ਕਾਰਨ ਉਹ ਆਪਣੀ ਚੰਗਿਆਈ ਨੂੰ ਬੱਸ ਹਥੋਂ ਗੁਵਾਉਣ ਹੀ ਵਾਲਾ ਸੀ| ਮੈਂ ਵੀ ਇਕ ਘਮੰਡੀ ਮਨੁੱਖ ਹਾਂ| ਮੈਂ ਕਈ ਸਾਲਾਂ ਤੋਂ ਜਾਣਦਾ ਸੀ ਕਿ ਮੈਨੂੰ ਯਿਸੂ ਦਾ ਚੇਲਾ ਬਣਨਾ ਹੈ, ਪਰ ਮੈਂ ਉਸ ਨੂੰ ਕਬੂਲ ਨਹੀਂ ਕਰਨਾ ਚਾਹੁੰਦਾ ਸੀ ਕਿ ਮੈਨੂੰ ਯਿਸੂ ਦੀ ਜ਼ਰੂਰਤ ਹੈ| ਲੋਕ ਮੇਰਾ ਦਬਦਬਾ ਮੰਨਦੇ ਸਨ| ਮੈਂ ਆਪਣੀ ਪਦਵੀ ਛੱਡਣਾ ਨਹੀਂ ਚਾਹੁੰਦਾ ਸੀ, ਐਥੋਂ ਤਕ ਕਿ ਜਦ ਪਰਮੇਸ਼ਰ ਨੇ ਮੇਰੇ ਪੋਤੇ ਨੂੰ ਚੰਗਾ ਕੀਤਾ ਸੀ, ਮੇਰੇ ਘਮੰਡ ਦੇ

ਕਾਰਨ ਮੈਨੂੰ ਮੇਰੀ ਮੁਕਤੀ ਦਾ ਨੁਕਸਾਨ ਲਗਭਗ ਸਹਿਣਾ ਪਿਆ! ਪਰ ਹੁਣ, ਮੈਂ ਯਿਸੂ ਦਾ ਚੇਲਾ ਹਾਂ|"

ਇਹ ਤਾਂ ਪੱਕੀ ਗੱਲ ਹੈ ਕਿ ਜਦ ਕੋਈ, ਪੜ੍ਹਿਆ ਲਿਖਿਆ ਜਾਂ ਅਨਪੜ੍ਹ, ਬਾਈਬਲ ਵਿਚੋਂ ਆਤਮਿਕ ਗੱਲਾਂ ਦੀ ਖੋਜ ਕਰਦਾ ਹੈ, ਤਾਂ ਇਸ ਦੀ ਵਡਿਆਈ ਸਭ ਤੋਂ ਪਹਿਲਾਂ ਪਵਿੱਤਰ ਆਤਮਾ ਨੂੰ ਮਿਲਨੀ ਚਾਹੀਦੀ ਹੈ| ਪਰ ਅਸੀਂ ਇਹ ਵੇਖਦੇ ਹਾਂ ਕਿ ਉਸ ਜਾਦੂਗਰ ਰਾਹੀਂ ਬਾਈਬਲ ਦੀ ਕਹਾਣੀ ਸੁਣਨ ਤੋਂ ਬਾਦ ਉਸ ਨੇ ਤਰਕ ਬੁੱਧੀ ਦੇ ਗੁਣਾਂ ਦਾ ਇਸਤੇਮਾਲ ਕੀਤਾ ਅਤੇ ਕਹਾਣੀ ਵਿਚ ਆਪਣੇ ਹੀ ਫੈਸਲਿਆਂ ਦੇ ਅਕਸ ਨੂੰ ਵੇਖਿਆ| ਉਸ ਖੋਜ ਦੀ ਗਹਿਰਾਈ ਨੇ ਪੜ੍ਹਾਈ ਦੀ ਹੱਦ ਨੂੰ ਪਾਰ ਕੀਤਾ|

ਬੜੀ ਦਿਲਚਸਪ ਹੈ ਕਿ ਉਨ੍ਹਾਂ ਫੀਲਡ ਰਿਪੋਰਟਾਂ ਵਿਚ, ਉਹ ਲੋਕ ਜਿਨ੍ਹਾਂ ਸੇਵਾ ਕੀਤੀ ਅਤੇ ਵਰਕਸ਼ਾਪ ਦੀ ਦੂਜੀ, ਤੀਜੀ ਅਤੇ ਚੌਥੀ ਪੀੜ੍ਹੀ ਨੂੰ ਚਲਾਇਆ, ਉਹ ਲੋਕਲ STS ਸਿੱਖਿਅਕ ਸਨ| ਸਾਰੇ ਹੀ ਮੌਖਕ ਗੱਲਬਾਤ ਕਰਨ ਦੀ ਸੰਸਕਰੀਤੀ ਚੋਂ ਆਏ ਸਨ ਅਤੇ ਅਸਲ ਵਿਚ ਉਹ ਪੇਂਡੂ ਲੋਕ ਸਨ|

ਕਮੈਂਟਰੀ (ਟੀਕਾ-ਪੁਸਤਕ) ਦੇ ਇਸਤੇਮਾਲ ਬਾਰੇ ਕੀ ਵਿਚਾਰ ਹੈ?

ਕਮੈਂਟਰੀ (ਟੀਕਾ ਪੁਸਤਕਾਂ) ਉਨ੍ਹਾਂ ਲੋਕਾਂ ਨੂੰ ਬਹੁਤ ਗਿਆਨ ਦਿੰਦੀਆਂ ਹਨ ਜੋ ਲੋਕ ਪਵਿੱਤਰ ਸ਼ਾਸਤਰ ਦਾ ਅਧਿਐਨ ਕਰਦੇ ਹਨ| ਮਸੀਹ ਲੋਕ ਸਦੀਆਂ ਤੋਂ ਇਸਦਾ ਲਾਭ ਪ੍ਰਾਪਤ ਕਰਦੇ ਆ ਰਹੇ ਹਨ ਨਾ ਸਿਰਫ ਪਰਮੇਸ਼ਰ ਦੇ ਲੋਕਾਂ ਦੀ ਜ਼ੁਬਾਨੀ ਸੁਣਕੇ ਜੋ ਗੱਲਾਂ ਉਨ੍ਹਾਂ ਨੇ ਦੱਸੀਆਂ, ਪਰ ਉਨ੍ਹਾਂ ਦੀਆਂ ਲਿਖਤਾਂ ਤੋਂ ਵੀ ਲਾਭ ਪ੍ਰਾਪਤ ਕੀਤਾ ਜੋ ਉਹ ਆਪਣੇ ਪਿੱਛੇ ਛੱਡ ਗਏ ਸਨ| ਕਦੀ ਕਦੀ, ਟੀਕਾ ਕਾਰ ਦੇ ਵਿਚਾਰ ਦੀ ਪੜਤਾਲ ਕਰਨਾ ਇਹ ਉਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਵਿਅਕਤੀ ਦੇ ਬਾਰੇ ਦਿੱਤੇ ਗਏ ਵਿਚਾਰ ਨੂੰ ਸੁਣਨਾ ਹੈ| ਪਰ ਇਸ ਗੱਲ ਨੂੰ ਕਬੂਲ ਕਰਨ ਦਾ ਸਾਡਾ ਇਕ ਹਲਕਾ ਜਿਹਾ ਫਰਕ ਇਹ ਹੋ ਸਕਦਾ ਹੈ| ਅਸੀਂ ਸਿੱਖਿਆਵਾਂ ਨੂੰ ਪੂਰੀ ਦਰੁਸਤੀ ਦੇ ਨਾਲ ਪ੍ਰਕਾਸ਼ਿਤ ਕਰਨ ਦੀ ਆਸ ਕਰਦੇ ਹਾਂ| ਸਮਾ, ਅਧਿਐਨ, ਅਤੇ ਅਕਸਰ ਪ੍ਰਕਾਸ਼ਿਤ ਹੋਏ ਕੰਮ ਵਿਚ ਕੁਝ ਗੱਲਾਂ ਦੀ ਅਣਦੇਖੀ ਹੋ ਜਾਂਦੀ ਹੈ| ਫਿਰ ਵੀ, ਸਰੋਤ ਦੀ ਕੋਈ ਪਰਵਾਹ ਨਹੀਂ, ਚਾਹੇ ਉਹ ਲੋਕਾਂ ਦੇ ਆਪਣੇ ਵਿਚਾਰ ਹੋਣ ਜਾਂ ਲਿਖਤੀ ਗੱਲਾਂ ਹੋਣ, ਦੋਹਾਂ ਦੀ ਹੀ ਪੁਸ਼ਟੀ ਪਵਿੱਤਰ ਸ਼ਾਸਤਰ ਦੇ ਰਾਹੀਂ ਹੋਣੀ ਚਾਹੀਦੀ ਹੈ|

ਪਰਮੇਸ਼ਰ ਨੇ ਸਾਨੂੰ ਵਿਖਾਇਆ ਕਿ ਜੋ ਅਸੀਂ ਸਿੱਖਿਆ ਹੈ ਉਸ ਨੂੰ ਕਿਸ ਤਰ੍ਹਾਂ ਸਿੱਧ ਕਰਨਾ ਹੈ:

ਪਰ ਭਾਈਆਂ ਨੇ ਤਾਬੜਤੋੜ ਰਾਤ ਦੇ ਵੇਲੇ ਪੌਲੁਸ ਅਤੇ ਸੀਲਾਸ ਨੂੰ ਬਰਿਯਾ ਨੂੰ ਘੱਲ ਦਿੱਤਾ...ਏਥੇ ਦੇ ਲੋਕ ਥੱਸਲੁਨੀਕੇ ਦੇ ਲੋਕਾਂ ਨਾਲੋਂ ਬਹੁਤ ਚੰਗੇ ਸਨ ਇਸ ਲਈ ਜੋ ਏਹਨਾਂ ਨੇ ਦਿਲ ਦੀ ਵੱਡੀ ਚਾਹ ਨਾਲ ਬਚਨ ਨੂੰ ਮੰਨ ਲਿਆ ਅਤੇ ਰੋਜ ਲਿਖਤਾਂ ਵਿੱਚ ਭਾਲ ਕਰਦੇ ਰਹੇ ਭਈ ਏਹ ਗੱਲਾਂ ਇਸੇ ਤਰਾਂ ਹਨ ਕਿ ਨਹੀਂ (ਰਸੂਲਾਂ ਦੇ ਕਰਤੱਬ 17:10-11)

ਬਰਿਯਾ ਨਗਰ ਦੇ ਲੋਕ ਪਵਿੱਤਰ ਸ਼ਾਸਤਰ ਵਿਚੋਂ ਜੋ ਉਨ੍ਹਾਂ ਨੂੰ ਸਿਖਾਇਆ ਜਾ ਰਿਹਾ ਸੀ ਉਸ ਦੀ ਦਰੁਸਤੀ ਨੂੰ ਪਰਖਣ ਲਈ ਸ਼ਲਾਘਾ ਯੋਗ ਸਨ| ਬਰਿਯਾ ਦੇ ਲੋਕਾਂ ਨੇ ਪਵਿੱਤਰ ਸ਼ਾਸਤਰ ਨੂੰ ਪਰਖਣ ਵਿਚ ਲੱਗੇ ਰਹੇ| ਬੜੀ ਦਿਲਚਸਪ ਗੱਲ ਹੈ, ਮੈਨੂੰ ਬੜੀ ਹੈਰਾਨ ਹੋ ਰਹੀ ਹੈ ਕਿਸ ਦੀ ਸਿੱਖਿਆ ਦੀ ਉਹ ਪੜਤਾਲ ਕਰ ਰਹੇ ਸਨ? ਤੁਸੀਂ ਠੀਕ ਸੋਚਿਆ! ਪੌਲੁਸ ਰਸੂਲ ਦੀ!

ਇਸ ਲਈ ਅੱਜ, ਉਸ ਉਦਾਹਰਣ ਉੱਤੇ ਚੱਲਦੇ ਹੋਏ, ਸਾਨੂੰ ਉਨ੍ਹਾਂ ਸਭ ਗੱਲਾਂ ਦੀ ਪੜਤਾਲ ਬਾਈਬਲ ਦੇ ਅਧਾਰ ਉੱਤੇ ਕਰਨੀ ਹੈ, ਉਹ ਚਾਹੇ ਕਿਸੇ ਵੀ ਸ਼ਕਲ ਵਿਚ ਹੋਣ ਕਿਸੇ ਵਿਅਕਤੀ ਰਾਹੀਂ, ਟੀਕਾ ਪੁਸਤਕਾਂ ਰਾਹੀ ਜਾਂ ਕਿਸੇ ਹੋਰ ਸਿੱਖਿਅਕ ਸਮਗਰੀ ਰਾਹੀਂ ਹੋਣ|

ਜਦ ਲੋਕਾਂ ਵਿਚ ਕਹਾਣੀਆਂ ਰਾਹੀਂ ਸੇਵਾ ਕਰਦੇ ਹੋ ਜੋ ਰਿਕਾਰਡ ਕੀਤੀਆਂ ਹੋਈਆਂ ਕਹਾਣੀਆਂ ਜਾਂ ਪਵਿੱਤਰ ਸ਼ਾਸਤਰ ਤਕ ਪਹੁੰਚ ਰੱਖਦੇ ਹਨ, ਆਪਣਾ ਵਿਚਾਰ ਵਟਾਂਦਰੇ ਨੂੰ ਸਮਾਪਤ ਕਰਨ ਤੋਂ ਬਾਦ, ਇਸ ਗੱਲ ਨੂੰ ਯਕੀਨੀ ਕਰ ਲਓ ਕਿ ਸੁਣਨ ਵਾਲਿਆਂ ਨੂੰ ਕਹਾਣੀ ਦਾ ਹਵਾਲਾ ਪਵਿੱਤਰ ਸ਼ਾਸਤਰ ਵਿਚੋਂ ਜ਼ਰੂਰ ਦੇਣਾ ਹੈ| ਇਹ ਸੁਣਨ ਵਾਲਿਆਂ ਨੂੰ ਤੁਸੀਂ ਜੋ ਸਿਖਾਇਆ ਹੈ ਅਤੇ ਵਿਚਾਰ ਵਟਾਂਦਰਾ ਕੀਤਾ ਹੈ ਵਚਨ ਵਿਚੋਂ ਦਰੁਤਸੀ ਪੜਤਾਲ ਕਰਨ ਲਈ ਮਦਦ ਕਰੇਗਾ|

ਅਫਰੀਕਾ ਦੀ ਇਕ ਵੱਡੀ ਗਿਣਤੀ ਵਿਚ, ਹਰ ਕੋਈ ਕਹਾਣੀਆਂ ਦੇ ਪ੍ਰਭਾਵ ਅਤੇ ਦੀ ਮੌਖਕ ਉਪਰਾਲੇ ਬਾਰੇ ਤਾਰੀਫ ਕਰ ਰਹੇ ਸੀ| ਇਕ ਉਤਸ਼ਾਹੀ ਜਵਾਨ ਵਿਅਕਤੀ (ਥੋੜਾ ਜਿਹਾ ਮੌਕਾਪਰਸਤ ਵੀ ਲਗਦਾ ਸੀ) ਜੋ ਬਾਈਬਲ ਕਹਾਣੀਆਂ ਸਿੱਖ ਰਿਹਾ ਸੀ, ਉਸਨੇ ਇਕ ਬਹੁਤ ਹੀ ਦਿਲਚਸਪ ਸਵਾਲ ਪੁੱਛਿਆ| ਉਸ ਨੇ ਹੌਂਸਲਾ ਕੀਤਾ ਅਤੇ ਕਿਹਾ, ''ਕੀ ਤੁਸੀਂ ਸਾਨੂੰ ਟੀਕਾ (ਕਮੈਂਟਰੀ) ਭੇਜ ਸਕਦੇ ਹੋ?" ਪਹਿਲੀ ਵਾਰ ਤਾਂ ਮੈਂ ਥੋੜਾ ਪਿੱਛੇ ਹਟਿਆ, ਪਰ ਫਿਰ ਮੈਂ ਉਸ ਨੂੰ ਉੱਤਰ ਦਿੱਤਾ, ''ਹਾਂ, ਉਸ ਦਾ ਪ੍ਰਬੰਧ ਹੋ ਜਾਵੇਗਾ|" ਮੈਂ ਮੁਸਕਰਾਇਆ ਅਤੇ ਕਿਹਾ, ''ਜੋ 120 ਕਹਾਣੀਆਂ ਦੀ ਸੂਚੀ ਅਸੀਂ ਦਿੱਤੀ ਹੈ ਜਦ ਉਹ ਸਾਰੀਆਂ ਤੁਸੀਂ ਸਿੱਖ ਲਓ ਤਦ ਸਾਡੇ ਨਾਲ ਸੰਪਰਕ ਕਰਨਾ| ਉਸ ਤਰ੍ਹਾਂ ਤੁਸੀਂ ਕਮੈਂਟਰੀ ਵਿਚੋਂ ਇਨ੍ਹਾਂ ਗੱਲਾਂ ਦੀ ਪੜਤਾਲ ਕਰਨ ਲਈ ਤਿਆਰ ਹੋ ਜਾਓਗੇ|"

ਕੁਝ ਖੇਤਰਾਂ ਵਿਚ, ਪਵਿੱਤਰ ਸ਼ਾਸਤਰ ਦੇ ਸਪਸ਼ਟ ਭਾਵ ਦੀ ਬਜਾਏ ਟੀਕਾਕਾਰਾਂ ਦੇ ਵਿਚਾਰ ਬਹੁਤ ਉੱਚੇ ਚੁੱਕੇ ਜਾਂਦੇ ਆ ਰਹੇ ਹਨ| ਕਈ ਵਾਰ ਲੋਕ ਟੀਕਾਕਾਰ ਵਚਨ ਦੀ ਸਮਝ ਨੂੰ ਲੈਂਦੇ ਹਨ ਕਿਉਂਕਿ ਉਨ੍ਹਾਂ ਵਿਚ ਆਪਣੇ ਆਪ ਪੜ੍ਹਨ ਲਈ ਪਰੇਰਨਾ ਦੀ ਘਾਟ ਹੁੰਦੀ ਹੈ| ਬਾਈਬਲ ਦੀ ਡੂੰਘਿਆਈ ਵਿਚ ਜਾ ਕੇ ਮਿਹਨਤ ਕਰਨ ਦੀ ਬਜਾਏ ਇਹ ਲੋਕ ਪ੍ਰਕਾਸ਼ਿਤ ਗਿਆਨ ਅਤੇ ਸਿੱਖਿਆ ਦੇ ਵਿਚਾਰਾਂ ਦੀ ਸਚਿਆਈ ਦਾ ਸਹਾਰਾ ਲੈਂਦੇ ਹਨ|

> ਕਿਉਂਕਿ ਬਾਈਬਲ ਤਾਂ ਇਕ ਆਮ ਵਿਅਕਤੀ ਲਈ ਹੈ, ਇਸ ਵਿਚ ਜੋ ਗਹਿਰੀਆਂ ਅਤੇ ਬਹੁਮੁੱਲ ਸਚਿਆਈਆਂ ਹਨ ਉਹ ਸਿਰਫ ਗਿਆਨਵਾਨਾਂ ਰਾਹੀਂ ਹੀ ਸਮਝੀਆਂ ਜਾ ਸਕਦੀਆਂ ਹਨ, ਜਾਂ ਉਨ੍ਹਾਂ ਰਾਹੀਂ ਜਿਹੜੇ ਕਲੀਸੀਆ ਵਿਚ ਪ੍ਰਚਾਰ ਕਰਦੇ ਹਨ, ਜਾਂ ਜਿਹੜੇ ਦੂਜਿਆਂ ਲਈ ਆਪਣੇ ਵਿਚਾਰ ਲਿਖਦੇ ਹਨ, ਸਾਨੂੰ ਇਸ ਮਾਨਸਿਕਤਾ ਤੋਂ ਬਚਣਾ ਚਾਹੀਦਾ ਹੈ| ਪਰਮੇਸ਼ਰ ਦੀ ਇੱਛਾ ਇਹ ਹੈ ਕਿ ਉਸ ਦੀ ਸਚਿਆਈਆਂ ਤਕ ਸਭ ਲੋਕਾਂ

ਦੀ ਪਹੁੰਚ ਹੋਵੇ, ਨਾ ਸਿਰਫ ਗਿਣੇ ਚੁਣੇ ਸਰੇਸ਼ਟ ਲੋਕਾਂ ਲਈ ਹੋਵੇ ਜਿਨ੍ਹਾਂ ਨੂੰ ਵਿਧੀਵਤ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੈ|

ਇਸ ਭਾਵ ਵਿਚ, ਗਰੁੱਪ ਵਿਚ ਕਹਾਣੀ ਉੱਤੇ ਵਿਚਾਰ ਵਟਾਂਦਰਾ ਕਰਨਾ ਬਹੁਮੁੱਲ ਗੱਲਾਂ ਦਾ ਅਨੰਦ ਮਾਣਨ ਦੀ ਤਰ੍ਹਾਂ ਹੈ ਜੋ ਲੇਖਕ ਟੀਕਾ ਵਿਚ ਦੱਸਦੇ ਹਨ| ਵਿਚਾਰ ਵਟਾਂਦਰੇ ਦੇ ਦੌਰਾਨ ਜਦ ਕੋਈ ਅਜਿਹੇ ਵਿਚਾਰ ਪ੍ਰਗਟ ਕਰਦਾ ਹੈ ਜਿਹੜੇ ਕਹਾਣੀ ਦੇ ਬਾਰੇ ਦਰੁਸਤ ਨਹੀਂ ਹਨ, ਤਦ ਅਸੀਂ ਇਹ ਪੁੱਛਣ ਲਈ ਬਿਲਕੁਲ ਅਜ਼ਾਦ ਹੁੰਦੇ ਹਾਂ, ''ਇਹ ਤੁਸੀਂ ਕਹਾਣੀ ਵਿਚ ਕਿਥੇ ਵੇਖਦੇ ਹੋ?" ਉਸੇ ਹੀ ਤਰ੍ਹਾਂ ਟੀਕਾ ਦੀ ਗੱਲਾਂ ਦੀ ਪੁਸ਼ਟੀ ਲਈ

ਅਸੀਂ ਹਰੇਕ ਨੂੰ ਉਹ ਪ੍ਰਸ਼ਨ ਪੁੱਛਣ ਦੇ ਰਾਹੀਂ ਉਤਸ਼ਾਹਿਤ ਕਰਦੇ ਹਾਂ| ਦਰਅਸਲ, ਜਦ ਕੋਈ ਬਾਈਬਲ ਦੇ ਹਿੱਸੇ ਦੇ ਅਰਥ ਦੇ ਬਾਰੇ ਸਲਾਹ ਦਿੰਦਾ ਹੈ, ਤਾਂ ਅਸਲ ਵਿਚ ਉਹ ਟੀਕਾਕਾਰ ਦੀ ਭੂਮਿਕਾ ਦੇ ਪ੍ਰਭਾਵ ਵਿਚ ਹੁੰਦੇ ਹਨ| ਇਸ ਲਈ ਇਸ ਦੀ ਕੋਈ ਪਰਵਾਹ ਨਹੀਂ ਕਿ ਵਿਚਾਰ ਕੌਣ ਪ੍ਰਗਟ ਕਰ ਰਿਹਾ ਹੈ, ਚਾਹੇ ਨਵਾਂ ਸਿੱਖਣ ਵਾਲਾ ਹੋਵੇ ਜਾਂ ਕੋਈ ਪੜ੍ਹਿਆ ਲਿਖਿਆ ਗਿਆਨੀ ਹੋਵੇ ਜਿਸਨੇ ਕਈ ਸਾਲ ਅਧਿਐਨ ਵਿਚ ਲਾਏ ਹੋਣ, ਇਹ ਗੱਲ ਯਕੀਨੀ ਹੋਵੇ ਕਿ ਜੋ ਕਿਹਾ ਗਿਆ ਹੈ ਉਹ ਬਾਈਬਲ ਦੀ ਕਹਾਣੀ ਵਿਚ ਸਪਸ਼ਟ ਨਜ਼ਰ ਆਉਣ ਵਾਲਾ ਹੋਵੇ|

ਅਧਿਆਏ 10: ਸਿਰਫ ਇਕ ਕਹਾਣੀ ਦੇ ਕਹਾਣੀਵਾਚਕਾਂ ਦਾ ਵਰਗੀਕਰਨ

ਅਭਿਆਸਕਾਰ| ਸਾਰੀਆਂ ਵਰਕਸ਼ਾਪਾਂ ਦੇ ਦੌਰਾਨ, ਇਨ੍ਹਾਂ ਵਿਚ ਸ਼ਾਮਿਲ ਹੋਣ ਵਾਲੇ ਸਿੱਖਿਆ ਅਤੇ ਵਿਅਕਤੀਗਤ ਸਿਖਲਾਈ ਪ੍ਰਾਪਤ ਕਰਦੇ ਹਨ| ਸਾਡੀ ਜਿੰਮੇਵਾਰੀ ਅਤੇ ਖੁਸ਼ੀ ਇਹੀ ਹੈ ਕਿ ਅਸੀਂ STS ਕਿਸ ਤਰ੍ਹਾਂ ਕਰਨਾ ਹੈ ਇਸ ਦੀ ਜਾਣਕਾਰੀ ਦੇ ਦੇਈਏ| ਤਦ ਸਿੱਖਿਆਰਥੀਆਂ ਨੂੰ STS ਦੇ ਵਿਚਾਰ ਉੱਤੇ ਅਭਿਆਸ ਕਰਨ ਦੀ ਅਤੇ ਆਪਣੇ ਹੁਨਰ ਨੂੰ ਨਿਖਾਰਨ ਦੀ ਜ਼ਰੂਰਤ ਹੁੰਦੀ ਹੈ|

ਇਕ ਵਿਅਕਤੀ ਜੋ STS ਵਰਕਸ਼ਾਪ ਵਿਚ ਸ਼ਾਮਿਲ ਹੁੰਦਾ ਹੈ ''ਅਭਿਆਕਾਰ" ਹੁੰਦਾ ਹੈ| ਇਸ ਪੈਹਲੂ ਤੋਂ ਬਾਦ, ਜ਼ਿਆਦਾਤਰ ਸਿੱਖਿਆਰਥੀ ਬਾਹਰ ਜਾ ਕੇ STS ਦੇ ਵਿਚਾਰਾਂ ਨੂੰ ਇਸਤੇਮਾਲ ਕਰਨ ਦੇ ਯੋਗ ਹੋ ਜਾਂਦੇ ਹਨ ਕਿ ਉਹ ਆਪਣੇ ਖੇਤਰ ਵਿਚ ਜਾ ਕੇ ਪ੍ਰਭਾਵੀ ਹੋਣ ਅਤੇ ਕਹਾਣੀਆਂ ਦੱਸਣ ਅਤੇ ਵਿਚਾਰ ਵਟਾਂਦਰੇ ਦੇ ਰਾਹੀਂ ਸਚਿਆਈਆਂ ਨੂੰ ਪ੍ਰਗਟ ਕਰਨ| ਅਸੀਂ ਅਭਿਆਸਕਾਰਾਂ ਨੂੰ ਡਟ ਕੇ ਉਤਸ਼ਾਹਿਤ ਕਰਦੇ ਅਤੇ ਇਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਬਾਹਰ ਜਾਣ ਅਤੇ ਬਾਈਬਲ ਦੀਆਂ ਕਹਾਣੀਆਂ ਦੱਸਣ| ਅਸੀਂ ਐਥੋਂ ਤਕ ਕਿ ਅਭਿਆਸਕਾਰਾਂ ਨੂੰ ਕੁਝ ਸਮਾਨ ਵੀ ਦਿੰਦੇ ਹਾਂ ਕਿ ਉਹ STS ਦੇ ਤਰੀਕਿਆਂ ਨੂੰ ਤਰੱਕੀਵਾਨ ਕਰਨ ਲਈ ਇਸ ਦਾ ਇਸਤੇਮਾਲ ਕਰਨ|
ਅਭਿਆਸਕਾਰ ਬੇਸ਼ਕ ਸਰਗਰਮ ਹੋ ਕੇ ਕਹਾਣੀ ਦੱਸਣ ਲਈ ਤਿਆਰ ਹੋ ਗਏ ਹਨ ਫਿਰ ਵੀ ਉਹ ਅਜੇ STS ਦੀ ਵਰਕਸ਼ਾਪ ਚਲਾਉਣ ਦੇ ਜਾਂ ਵਿਧੀਵਤ ਤੌਰ 'ਤੇ ਦੂਜਿਆਂ ਨੂੰ STS ਦੇ ਅਧੀਨ ਸਿਖਾਉਣ ਲਈ ਤਿਆਰ ਨਹੀਂ ਹਨ|
ਕਈ ਵਾਰ ਲੋਕ ਸਾਥੋਂ ਪੁੱਛਦੇ ਹਨ ਜਿਹੜੇ ਸੇਵਾਵਾਂ ਨੂੰ ਚਲਾਉਂਦੇ ਹਨ ਕੀ ਇਸ ਤਰ੍ਹਾਂ ਹੋ ਸਕਦਾ ਹੈ ਕਿ STS ਦੀ ਸਿੱਖਿਆਵਾਂ ਨੂੰ ਆਪਣ ਵਿਚ ਜੁੜਨ ਲਈ ਆਪਣੀ ਸਮਗਰੀ ਨਾਲ ਜੋੜ ਕੇ ਇਸਤੇਮਾਲ ਕੀਤਾ ਜਾਵੇ| ਇਸ ਵਿਚਾਰ ਦੇ ਸਿਧਾਂਤ ਦੀ ਅਸੀਂ ਇਹ ਜਵਾਬ ਦਿੰਦੇ ਹੋਏ ਸ਼ਲਾਘਾ ਕਰਦੇ ਹਾਂ| ਅਭਿਆਸਕਾਰ ਦਰਸ਼ਣ ਦੇਣ ਵਾਲੇ ਹੋ ਸਕਦੇ ਹਨ| ਉਹ ਬੜੀ ਅਸਾਨੀ ਨਾਲ ਲੋਕਾਂ ਨੂੰ STS ਦੇ ਬਾਰੇ ਦੱਸ ਸਕਦੇ ਹਨ| ਅਸੀਂ ਜੋ ਕੁਝ ਉਨ੍ਹਾਂ ਨੂੰ ਦਰਸ਼ਣ ਦੇਣ ਲਈ ਦਿੱਤਾ ਹੈ ਉਹ ਸਾਰੀਆਂ ਗੱਲਾਂ ਟੀਚਾ ਕੀਤੇ ਹੋਏ ਲੋਕਾਂ ਨੂੰ ਦੱਸ ਸਕਦੇ ਹਨ| ਅਸੀਂ ਇਸ ਹੁੰਦੇ ਹੋਏ ਵੇਖਣਾ ਚਾਹੁੰਦੇ ਹਾਂ|
ਸਾਡੀ ਦੂਰਅੰਦੇਸ਼ੀ ਇਹ ਹੈ| STS ਨੂੰ ਸਹੀ ਤਰੀਕੇ ਨਾਲ ਸਿਖਾਉਣ ਲਈ ਕਿਸੇ ਵਿਅਕਤੀ ਨੂੰ ਇਹ ਹੋਣਾ ਜ਼ਰੂਰੀ ਹੈ:

- STS ਦੀ ਪ੍ਰਕ੍ਰਿਆ ਦੇ ਹਰੇਕ ਹਿੱਸੇ ਦੀ ਪੁਖਤਾ ਜਾਣਕਾਰੀ ਹੋਵੇ|
- STS ਦੇ ਨਮੂਨੇ ਨੂੰ ਸਪਸ਼ਟ ਤੌਰ 'ਤੇ ਦਰਸ਼ਾਉਣ ਵਾਲਾ ਹੋਵੇ|
- STS ਜੋ ਵੀ ਸਿਖਾਉਂਦਾ ਹੈ ਉਸ ਦੇ ਪੱਖ ਸਮਰਥਨ ਨੂੰ (ਉਦੇਸ਼ ਅਤੇ ਇਸ ਦੇ ਇਸਤੇਮਾਲ) ਜਾਣਦਾ ਹੋਵੇ|

ਕੁਝ ਅਭਿਆਸਕਾਰ ਹੋ ਸਕਦਾ ਹੈ ਕਿ ਟ੍ਰੇਨਿੰਗ ਪੂਰੀ ਹੋਣ 'ਤੇ ਅੱਗੇ ਦੌੜਨਾ ਅਤੇ ਪਰਮਾਣਿਤ ਸਿੱਖਿਅਕ ਬਣਨਾ ਚਾਹੁਦੇ ਹਨ ਕਿਉਂਕਿ ''ਉਸ ਇਸ ਸਧਾਰਨ ਰੱਖਣਾ ਚਾਹੁੰਦੇ ਹਨ ਅਤੇ ਇਹ ਜਾਣਕਾਰੀਆਂ ਜਲਦੀ ਹੀ ਪ੍ਰਾਪਤ ਕਰਕੇ ਜਿਨ੍ਹਾਂ ਨੂੰ ਇਸ ਦੀ ਜ਼ਰੂਰਤ ਹੈ ਦੇਣਾ ਚਾਹੁੰਦੇ ਹਨ|"

ਕਈ ਵਾਰ ਅਸੀਂ, ਜੋਸ਼ੀਲੇ, ਅਭਿਆਸਕਾਰੀ ਦੀ ਚੰਗੀ ਸਥਾਪਨਾ ਅਤੇ ਅਨੁਚਿਤ STS ਟ੍ਰੇਨਿੰਗਾਂ ਨੂੰ ਵੇਖਿਆ ਹੈ| ਪਰ, ਕਿਉਂਕਿ ਟ੍ਰੇਨਿੰਗ STS ਦੇ ਪੂਰਨ ਸਿੱਖਿਅਕ ਦੇ ਤੌਰ 'ਤੇ ਨਹੀਂ ਹੋਈ ਸੀ, ਉਹ ਅਜੇ ਵੀ STS ਦੀ ਟ੍ਰੇਨਿੰਗ ਦੇ ਪੂਰਨ ਰੂਪ ਨੂੰ ਪੇਸ਼ ਕਰਨ ਦੇ ਯੋਗ ਨਹੀਂ ਸਨ| ਜਿਨ੍ਹਾਂ ਨੇ ਸਿਖਾਇਆ ਉਸ ਦਾ ਨਤੀਜਾ ਬਹੁਤ ਛੋਟਾ ਸੀ| ਪਰ ਇਸ ਵਿਚ ਬੁਰਾ ਵੀ ਕੀ ਹੈ, ਜਿਹੜੇ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਣ, ਦੁਬਾਰਾ ਦੱਸਣ ਦੀ ਆਦਰਸ਼ ਸਿੱਖਿਆ ਅਤੇ ਕਹਾਣੀਆਂ ਦੇ ਵਿਚਾਰ ਵਟਾਂਦਰੇ ਦੀ ਆਸ ਲੈ ਕੇ ਟ੍ਰੇਨਿੰਗ ਲਈ ਆਉਂਦੇ ਹਨ, ਉਨ੍ਹਾਂ ਪੂਰਨ ਜਾਂ ਤਸੱਲੀਬਖਸ਼ ਅਨੁਭਵ ਪ੍ਰਾਪਤ ਨਹੀਂ ਕੀਤਾ|

ਉਹ ਸਿੱਖਿਆਰਥੀ ਜੋ ਅੱਧੇ ਅਧੂਰੇ ਚਲੇ ਗਏ, ਬੁਰਾ ਕੀ ਹੈ, ਉਹ ਗਲਤਫਹਮੀ ਦੇ ਸ਼ਿਕਾਰ ਹੋ ਗਏ ਕਿ ਉਨ੍ਹਾਂ ਨੇ ''STS ਦੇ ਅਨੁਭਵ" ਨੂੰ ਪ੍ਰਾਪਤ ਕਰ ਲਿਆ ਹੈ| ਸਮੇ ਤੋਂ ਪਹਿਲਾਂ ਅਤੇ ਕਮਜੋਰ ਪਰਦਰਸ਼ਨ ਦੇ ਕਾਰਨ, ਉਹ ਬੜੀ ਮੁਸ਼ਕਿਲ ਨਾਲ ਦਿਲਚਸਪੀ ਲੈਂਦੇ ਹਨ ਕਿ ਉਹ STS ਦੀ ਵਰਕਸ਼ਾਪ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ, ਕਿਉਂਕਿ ਉਹ ਸੋਚਦੇ ਹਨ ਕਿ ਉਨ੍ਹਾਂ ਨੇ ਪਹਿਲਾਂ ਹੀ STS ਨੂੰ ਚੱਖ ਲਿਆ ਹੈ ਅਤੇ ਉਨ੍ਹਾਂ ਲਈ ਠੀਕ ਤਰ੍ਹਾਂ ਕੰਮ ਨਹੀਂ ਕੀਤਾ| ਬੜੇ ਅਫਸੋਸ ਦੀ ਗੱਲ ਹੈ ਕਿ ਸਾਨੂੰ ਫਿਰ ਉਨ੍ਹਾਂ ਨੂੰ ਸਾਰੇ ਹੁਨਰ ਸਿਖਾਉਣ ਦਾ ਮੌਕਾ ਨਹੀਂ ਮਿਲਿਆ|

''ਸਿਰਫ਼" ਸਧਾਰਨ ਨਹੀਂ ਹੈ| ਇਕ ਝਲਕ ਦੇ ਰੂਪ ਵਿਚ, ਹੋ ਸਕਦਾ ਹੈ ਕਿ ਲੋਕ ਇਹ ਸੋਚਣ ਕਿ STS ਤਾਂ ਇਕ ''ਸਧਾਰਨ" ਹੈ ਜੋ ਕਿ ਕੇਵਲ ਕਹਾਣੀਆਂ ਹੀ ਸੁਣਾਉਂਦਾ ਹੈ| ਜੇਕਰ ਅਸੀਂ ਇਹੀ ਕੁਝ ਵਰਕਸ਼ਾਪ ਵਿਚ ਕਰਦੇ ਹਾਂ ਫਿਰ ਤਾਂ ਅਸੀਂ ਸਾਰੀ ਟ੍ਰੇਨਿੰਗ ਇਕ ਦਿਨ ਵਿਚ ਪੂਰੀ ਸਕਦੇ| ਪਰ ਦਰਅਸਲ ਵਿਚ, STS ਸਿਖਾਉਣ ਅਤੇ ਮਿਸ਼ਨ ਰਣਨੀਤੀ ਵਿਚ ਇਕ ਬਹੁ ਮਿਸਾਲ ਪ੍ਰਦਾਨ ਕਰਦੀ ਹੈ|

ਇਸ ਦੇ ਨਾਲ ਹੀ ਨਾਲ, ਵਿਅਕਤੀਗਤ ਪੱਧਰ ਅਤੇ ਸੇਵਾ ਦੇ ਲਾਗੂ ਕਰਨ ਵਿਚ ਉਦਾਹਰਣ ਨੂੰ ਜੋੜਦੀ ਹੈ ਕਿ ਲੋਕ ਕਿਵੇ ਸਿੱਖਣ ਅਤੇ ਦੂਜਿਆਂ ਨੂੰ ਕਿਸ ਤਰ੍ਹਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਬਾਈਬਲ ਦੀਆਂ ਸਚਿਆਈਆਂ ਨੂੰ ਸਿਖਾ ਸਕਦੇ ਹਨ|

ਇਹ ਮੰਨਦੇ ਹੋਏ ਕਿ ਜਿਹੜੇ ਵਰਕਸ਼ਾਪ ਚਲਾਉਂਦੇ ਹਨ ਉਨ੍ਹਾਂ ਨੇ ਇਸ ਨੂੰ ਐਨੀ ਗੂੜ੍ਹਤਾ ਨਾਲ ਚਲਾਉਣ ਲਈ ਆਪਣੇ ਸਮੇ ਅਤੇ ਅਭਿਆਸ ਨੂੰ ਇਸ ਤਰ੍ਹਾਂ ਅਭਿਆਸਕਾਰੀ ਵਿਚ ਲਾਇਆ ਹੈ, ਅਸੀਂ ਉਨ੍ਹਾਂ ਅਭਿਆਸਕਾਰਾਂ ਨੂੰ ਪੁੱਛਿਆ ਪ੍ਰਭਾਵਸ਼ਾਲੀ ਤਰੀਕੇ ਨਾਲ ਸਿਖਾਉਣ ਲਈ ਕੌਣ ਉਸੇ ਹੀ ਤਰ੍ਹਾਂ ਲਾਉਣਾ ਚਾਹੁੰਦੇ ਹਨ|

ਬਿਨਾਂ ਉਚਿਤ ਟ੍ਰੇਨਿੰਗ ਦੇ ਕਿਸ ਤਰ੍ਹਾਂ ਦੂਜਿਆਂ ਨੂੰ STS ਵਿਚ ਤਿਆਰ ਕਰਨਾ ਹੈ, ਕਹਾਣੀ ਵਾਚਕਾਂ ਦੇ ਕੰਮ ਦਾ ਅੰਤ ਅਧੂਰੀ ਸਿਖਲਾਈ ਦੇ ਕਾਰਨ ਹੋ ਗਿਆ| ਜਦ ਉਨ੍ਹਾਂ ਲੋਕਾਂ ਨੇ ਸੇਵਾ

ਵਿਚ ਕਹਾਣੀ ਦੇ ਇਸਤੇਮਾਲ ਵਿਚ ਸੰਘਰਸ਼ ਕਰਨਾ ਪਿਆ, ਇਸ ਨਿਰਾਸਾ ਨੇ ਉਨ੍ਹਾਂ ਨੂੰ ਇਹ ਗਲਤ ਫੈਸਲਾ ਕਰਨ ਦਿੱਤਾ ਕਿ ਉਨ੍ਹਾਂ ਨੇ ਕਹਾਣੀ ਦੱਸਣਾ ਅਤੇ ਸਭ ਕੁਝ ਛੱਡ ਹੀ ਦਿੱਤਾ|

ਅਰੰਭ ਦੀ 37 ਘੰਟਿਆਂ ਦੀ ਟ੍ਰੇਨਿੰਗ ਇਹ ਹੁੰਦੀ ਹੈ ਕਿ ਇਸ ਨੂੰ ਕਿਸ ਤਰ੍ਹਾਂ ਕਰਨਾ ਹੈ ਅਤੇ ਨੂੰ ਕਿਸ ਤਰ੍ਹਾਂ STS ਇਸਤੇਮਾਲ ਕਰਨਾ ਹੈ ਅਤੇ ਦੂਜਿਆਂ ਨੂੰ ਸਿਖਾਉਣ ਲਈ ਕਿਵੇਂ ਅਰੰਭ ਕਰਨਾ ਹੈ| ਉਸ ਸਿਖਲਾਈ ਵਿਚ ਇਹ ਸ਼ਾਮਿਲ ਨਹੀਂ ਹੈ ਕਿ ਕਿਸ ਤਰ੍ਹਾਂ STS ਦੀ ਵਰਕਸ਼ਾਪ ਚਲਾਉਣੀ ਹੈ, ਸਿਖਾਉਣ ਦੀ ਪੜਤਾਨ ਕਿਸ ਤਰ੍ਹਾਂ ਕਰਨੀ ਹੈ ਅਤੇ ਨਾ ਹੀ ਇਸ ਦੇ ਉਦੇਸ਼ ਅਤੇ STS ਵਿਚ ਬਹੁਤ ਸਾਰੇ ਉਦਾਹਰਨ ਅਤੇ ਤਰੀਕਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ|

ਕੀ ਇਸ ਦਾ ਮਤਲਬ ਇਹ ਹੈ ਕਿ ਅਭਿਆਸਕਾਰ ਚੇਲਿਆਂ ਨੂੰ ਬਹੁਗੁਣਿਤ ਕਰਨ ਵਿਚ ਅਤੇ ਦੂਜਿਆਂ ਨੂੰ ਸਿਖਾਉਣ ਵਿਚ ਅਤੇ ਦੇ ਹੁਨਰ ਨੂੰ ਇਸਤੇਮਾਲ ਕਰਨ ਵਿਚ ਸ਼ਾਮਿਲ ਨਹੀਂ ਹੋ ਸਕਦੇ ਹਨ? ਅਜਿਹਾ ਬਿਲਕੁਲ ਨਹੀਂ! ਪਰ ਸਚਿਆਈ ਤਾਂ ਇਹ ਹੈ ਕਿ ਅਸੀਂ ਤਾਂ ਚੇਲੇ ਬਣਾਉਣ ਵਿਚ STS ਦੇ ਤਰੀਕੇ ਉਨ੍ਹਾਂ ਦੇਣ ਵਿਚ ਬਹੁਤ ਉਤਸ਼ਾਹਿਤ ਹਾਂ| ਚੇਲਿਆਂ ਨੂੰ ਤਿਆਰ ਕਰਨ ਦੀ ਜਾਣਕਾਰੀ ਦੇ ਵਿਸ਼ੇ ਲਈ ਇਸ ਹਸਤਪੁਸਤਿਕਾ ਦੇ 11ਵੇਂ ਅਧਿਆਏ ਨੂੰ ਵੇਖੋ: ਇਸਤੇਮਾਲ ਕਰਨ ਲਈ ਸਥਾਨ - STS ਨੂੰ ਸਿੱਖਣ ਅਤੇ ਵਿਸਥਾਰ ਕਰਨ ਦੇ ਤਰੀਕੇ|

ਜੇਕਰ ਤੁਸੀਂ ਆਪਣੇ ਗਰੁੱਪ ਨੂੰ ਟ੍ਰੇਂਡ ਹੋਇਆ ਵੇਖਣਾ ਚਾਹੁੰਦੇ ਹਾਂ ਤਾਂ ਸਾਡੇ ਨਾਲ ਸੰਪਰਕ ਕਰੋ| ਅਸੀਂ ਤੁਹਾਡੇ ਨਾਲ ਕੰਮ ਕਰਕੇ ਬੜੇ ਪ੍ਰਸੰਨ ਹੋਵਾਂਗੇ| ਸਹੀ ਤਰੀਕੇ ਨਾਲ ਅਗੁਵਾਈ ਸੌਂਪਣਾ ਸਾਡੀ ਵਿਸ਼ੇਸ਼ਤਾ ਹੈ| ਲੋਕ ਪ੍ਰਮਾਣਤ ਸਿੱਖਿਅਕ ਓਨੀ ਜਲਦੀ ਹੀ ਬਣਦੇ ਹਨ ਜਿੰਨੀ ਜਲਦੀ ਉਹ ਵਰਕਸ਼ਾਪ ਦੇ ਤੱਤ ਨੂੰ ਜਾਣਦੇ, STS ਦੀ ਕਹਾਣੀਆਂ ਨੂੰ ਸੁਣਾਉਣ ਦੀ ਪਰਵੀਣਤਾ ਵਿਖਾਉਂਦੇ ਹਨ, STS ਦੀ ਟ੍ਰੇਨਿੰਗ ਦੇ ਹਰੇਕ ਤੱਤ ਦੇ ਕਾਰਨ ਅਤੇ ਉਦੇਸ਼ ਨੂੰ ਜਾਣਦੇ ਹਨ, ਅਤੇ ਸਿਖਾਉਣ ਦੀ ਯੋਗਤਾ ਨੂੰ ਵਿਖਾਉਂਦੇ ਹਨ ਅਤੇ ਆਪਣੇ ਸਨੀਅਰ ਸਿੱਖਿਅਕ ਨੂੰ ਵਰਕਸ਼ਾਪ ਚਲਾਉਣ ਦੀ ਅਤੇ STS ਦੇ ਨਿਰਦੇਸ਼ਾਂ ਨੂੰ ਇਸਤੇਮਾਲ ਕਰਨ ਦੀ ਯੋਗਤਾ ਨੂੰ ਦਰਸ਼ਾਉਂਦੇ ਹਨ|

ਸਿੱਖਿਅਕ: ਸਹਾਇਕ, ਅਸਥਾਈ, ਪ੍ਰਮਾਣਿਤ ਅਤੇ ਸੀਨੀਅਰ|

ਇਨ੍ਹਾਂ ਵਿਚੋਂ ਕਿਸੇ ਵੀ ਸਿੱਖਿਅਕ ਵਰਗ ਵਿਚ ਆਉਣ ਲਈ ਅਸੀਂ ਚਾਹੁੰਦੇ ਹਾਂ ਕਿ ਸਾਡਾ ਸਟਾਫ ਵਿਸ਼ਵਾਸ ਦੀ ਵਾਸਤਵਿਕਤਾ ਵਿਚ ਇਕ ਮਨ ਅਤੇ ਇਕ ਵਿਚਾਰ ਹੋਵੇ| ਅਸੀਂ ਸਿੱਖਿਅਕਾਂ ਨੂੰ TGSP-STS ਦੇ ਹੇਠਾਂ ਲਿਖੇ (ਵੇਬ ਸਾਈਟ ਉੱਤੇ ਵੀ ਹੈ) ਵਿਸ਼ਵਾਸ ਮਤ ਨਾਲ ਸਹਿਮਤ ਹੋਣ ਲਈ ਕਹਿੰਦੇ ਹਾਂ|

ਵਿਸ਼ਵਾਸ ਮਤ

ਅਸੀਂ ਹੇਠਾਂ ਲਿਖਿਆਂ ਸਚਿਆਈਆਂ ਦਾ ਪਾਲਨ ਕਰਦੇ ਹਾਂ:

- ਸਾਰਾ ਪੁਰਾਣਾ ਅਤੇ ਨਵਾਂ ਨੇਮ ਦੀ ਰੱਬੀ ਪਰੇਰਨਾ, ਪਰਮੇਸ਼ਰ ਰਾਹੀਂ ਪਰੇਰਤ ਕੀਤੀ ਗਈ ਇਹ ਸਿਰਫ ਇਕੋ ਹੀ ਪੁਸਤਕ ਹੈ|
- ਤ੍ਰਿਏਕ ਪਰਮੇਸ਼ਰ ਦੀ ਸਿੱਖਿਆ|
- ਮਨੁੱਖ ਦਾ ਪਾਪ ਵਿਚ ਡਿੱਗਣਾ, ਉਸ ਦਾ ਨੈਤਿਕ ਗਿਰਾਵਟ ਦਾ ਨਤੀਜਾ ਅਤੇ ਉਸ ਦੇ ਨਵੇਂ ਜਨਮ ਦੀ ਜ਼ਰੂਰਤ|
- ਯਿਸੂ ਮਸੀਹ ਦੀ ਈਸ਼ਵਰਤਾ ਅਤੇ ਮਨੁੱਖਤਾ, ਉਸ ਦਾ ਕੁਆਰੀ ਤੋਂ ਜਨਮ, ਨਿਸ਼ਪਾਪ ਜੀਵਨ, ਸਾਡੇ ਪਾਪਾਂ ਲਈ ਉਸ ਦੀ ਮੌਤ, ਉਸ ਦਾ ਸਰੀਰਕ ਤੌਰ 'ਤੇ ਜੀ ਉੱਠਣਾ, ਉਸ ਦਾ ਸਵਰਗ ਉੱਤੇ ਚੁੱਕਿਆ ਜਾਣਾ ਅਤੇ ਭਵਿੱਖ ਵਿਚ ਸਰੀਰਕ ਤੌਰ 'ਤੇ ਧਰਤੀ ਉੱਤੇ ਆਉਣਾ|
- ਵਿਸ਼ਵਾਸ ਦੇ ਰਾਹੀਂ ਮਸੀਹ ਵਿਚ ਪਾਪਾਂ ਦੀ ਮਾਫੀ ਦੀ ਸਿੱਖਿਆ|
- ਧਰਮੀਆਂ ਅਤੇ ਕੁਧਰਮੀਆਂ ਦੋਹਾਂ ਦੀ ਦੇਹ ਦਾ ਪੁਨਰ ਉੱਥਾਨ|
- ਮੁਕਤੀ ਪਾਏ ਹੋਏ ਲੋਕਾਂ ਲਈ ਅਨੰਤ ਜੀਵਨ ਅਤੇ ਪਾਪੀਆਂ ਲਈ ਅਨੰਤ ਸਜ਼ਾ|

ਸਹਾਇਕ ਸਿੱਖਿਅਕ: ਵਰਕਸ਼ਾਪ ਕਰਨ ਤੋਂ ਬਾਦ, ਜ਼ਿਆਦਾਤਰ ਅਭਿਆਸਕਾਰਾਂ ਨੂੰ ਦੀ ਵਰਕਸ਼ਾਪ ਵਿਚ ''ਸਹਾਇਕ ਸਿੱਖਿਅਕ" ਦੇ ਤੌਰ 'ਤੇ ਪਾਸ ਹੋਣਾ ਹੁੰਦਾ ਹੈ|

ਅਸਥਾਈ ਸਿੱਖਿਅਕ: ਵਰਕਸ਼ਾਪ ਵਿਚ ਘੱਟੇ ਘੱਟ ਤਿੰਨ ਦਿਨ ਸਹਾਇਕ ਦੇ ਰੂਪ ਵਿਚ ਕੰਮ ਕਰਨ ਤੋਂ ਬਾਦ, ਸਹਾਇਕ ਸਿੱਖਿਅਕ ਜਿਹੜੇ ਹੋਰ ਚੰਗੀ ਤਰ੍ਹਾਂ ਤਿਆਰੀ ਅਤੇ ਪੇਸ਼ਕਾਰੀ ਨੂੰ ਵਧਾਉਣ ਦੀ ਜ਼ਰੂਰਤ ਨੂੰ ਚਾਹੁੰਦੇ ਹਨ| ਉਹ ਆਪਣੇ ਆਪ ਨੂੰ ਕਿਰਪਾਲੂ, ਅਕਲਮੰਦ ਅਤੇ STS ਵਿਚ ਦੂਜਿਆਂ ਨੂੰ ਪਿਆਰ ਨਾਲ ਸਿਖਾਉਣ ਵਾਲੇ ਦੀ ਯੋਗਤਾ ਨੂੰ ਵਿਖਾਉਣਾ ਚਾਹੀਦਾ ਹੈ| ਪ੍ਰਮਾਣਿਤ ਸਿੱਖਿਅਕ ਉਸ ਨੂੰ ਸਵੀਕਾਰ ਕਰ ਸਕਦਾ ਹੈ ਅਤੇ ਇਹ ਪਦਵੀ ਦਿੰਦਾ ਹੈ ਜਿਹੜੇ ਇਸ ਦੇ ਯੋਗ ਬਣਦੇ ਹਨ|

ਪ੍ਰਮਾਣਿਤ ਸਿੱਖਿਅਕ: ਇਕ ਜਾਂ ਦੋ ਵਰਕਸ਼ਾਪਾਂ ਵਿਚ ਮਦਦ ਕਰਨ ਤੋਂ ਬਾਦ, ਅਸਥਾਈ ਸਿੱਖਿਅਕ ਪ੍ਰਮਾਣਿਤ ਸਿੱਖਿਅਕ ਦੀ ਪਦਵੀ ਲਈ ਅਰਜ਼ੀ ਭੇਜ ਸਕਦਾ ਹੈ| ਇਸ ਦੇ ਚਾਹਵਾਨਾਂ ਨੂੰ ਸੀਨੀਅਰ ਸਿੱਖਿਅਕਾਂ ਦੇ ਸਾਹਮਣੇ STS ਵਰਕਸ਼ਾਪ ਦੇ ਖਾਸ ਹੁੱਨਰ ਅਵਸਥਾ ਨੂੰ ਅਤੇ STS ਦੀ ਧਾਰਨਾਂ ਨੂੰ ਸਹੀ ਤਰੀਕੇ ਨਾਲ ਦਰਸ਼ਾਉਣ ਦੀ ਜ਼ਰੂਰਤ ਹੁੰਦੀ ਹੈ| ਪ੍ਰਮਾਣਿਤ ਸਿੱਖਿਅਕ ਦੀ ਵਰਕਸ਼ਾਪਾਂ ਨੂੰ ਇਕ ਆਗੂ ਦੇ ਤੌਰ ਤੇ ਚਲਾ ਸਕਦਾ ਹੈ ਪਰ ਉਹ ਦੂਜਿਆਂ ਨੂੰ ਪ੍ਰਮਾਣਿਤ ਸਿੱਖਿਅਕਾਂ ਲਈ ਨਿਯੁਕਤ ਨਹੀਂ ਕਰ ਸਕਦਾ|

ਸੀਨੀਅਰ ਸਿੱਖਿਅਕ: ਜਦ ਪ੍ਰਮਾਣਿਤ ਸਿੱਖਿਅਕ ਇਕ ਸੀਨੀਅਰ ਸਿੱਖਿਅਕ ਦੇ ਨਾਲ ਨਾਲ ਕੰਮ ਕਰਦੇ ਹਨ, ਆਪਣੀ ਸਿੱਖਿਆ ਦੇਣ ਦੀ ਯੋਗਤਾ ਵਿਚ ਸਿੱਧਤਾ ਵਿਖਾਉਂਦੇ ਹਨ, ਨਵੇਂ ਕਹਾਣੀਵਾਚਕਾਂ ਦਾ ਮੂਲਾਂਕਣ ਅਤੇ ਉਤਸ਼ਾਹਿਤ ਕਰਦੇ ਹਨ ਅਤੇ ਜਦ ਉਹ ਆਪ ਵਰਕਸ਼ਾਪ

ਦਾ ਪ੍ਰਬੰਧ ਅਤੇ ਚਲਾਉਣ ਦੇ ਕਾਬਿਲ ਹੁੰਦੇ ਹਨ, ਤਦ ਉਹ ''ਸੀਨੀਅਰ ਸਿੱਖਿਅਕ" ਦੀ ਪਦਵੀ ਲਈ ਅਰਜ਼ੀ ਦੇ ਸਕਦੇ ਹਨ|

ਸੀਨੀਅਰ ਸਿੱਖਿਅਕ ਨਾ ਸਿਰਫ STS ਦੀਆਂ ਵਰਕਸ਼ਾਪਾਂ ਹੀ ਚਲਾਉਂਦੇ ਹਨ, ਉਹੀ ਸਿਰਫ ਉਹ ਹੋਣਗੇ ਜਿਹੜੇ ਅਸਥਾਈ ਸਿੱਖਿਅਕਾਂ ਨੂੰ ਪ੍ਰਮਾਣਿਤ ਸਿੱਖਿਅਕਾਂ ਦੀ ਤੌਰ ਤੇ ਨਿਯੁਕਤ ਕਰ ਸਕਦੇ ਹਨ| ਇਸ ਦੇ ਨਾਲ ਹੀ ਨਾਲ ਤਿਮੋਥੀ ਚਰਚ ਪਲਾਂਟਰ ਟ੍ਰੇਨਿੰਗ ਸਿੱਖਿਅਕ ਸੀਨੀਅਰ ਸਿੱਖਿਅਕਾਂ ਚੋਂ ਆਉਂਦੇ ਹਨ|

STS ਮੈਂਖਕ ਬਾਈਬਲ ਸਕੂਲ ਲਈ ਸਿੱਖਿਅਕ, ਵਰਤਮਾਨ ਸਮੇ ਕਈ ਦੇਸ਼ਾਂ ਵਿਚ ਭੇਜੇ ਗਏ ਹਨ, ਇਹ ਦੇਸੀ ਪ੍ਰਮਾਣਿਤ ਸਿੱਖਿਅਕਾਂ ਦੀ ਵਰਗ ਵਿਚੋਂ ਆਉਂਦੇ ਹਨ|

ਅਧਿਆਏ 11: ਇਸਤੇਮਾਲ ਕਰਨ ਲਈ ਸਥਾਨ - STS ਨੂੰ ਸਿੱਖਣ ਅਤੇ ਵਿਸਥਾਰ ਕਰਨ ਦੇ ਤਰੀਕੇ

ਸਿਰਫ਼ ਇਕ ਕਹਾਣੀ ਨੂੰ ਇਸਤੇਮਾਲ ਕਰਨ ਲਈ ਸਥਾਨ

ਆਪਣੀ ਵਰਤਮਾਨ ਸੇਵਾ ਵਿਚ STS ਨੂੰ ਜੋੜਨਾ| ਚਾਹੇ ਤੁਸੀਂ ਬੱਚਿਆਂ, ਕਿਸ਼ੋਰ ਅਵਸਥਾ ਦੇ ਬੱਚੇ, ਜਵਾਨ ਜਾਂ ਕਿਸੇ ਵੀ ਉਮਰ ਦੇ ਵੱਡੇ ਲੋਕਾਂ ਵਿਚਕਾਰ ਸੇਵਾ ਕਰਦੇ ਹੋ, STS ਵਿਚਾਰ ਵਟਾਂਦਰੇ ਨੂੰ ਨਿਖਾਰੇਗਾ ਅਤੇ ਲੋਕਾਂ ਨੂੰ ਪਰਮੇਸ਼ਰ ਦੇ ਵਚਨ ਦੇ ਅਧਿਐਨ ਵਿਚ ਸ਼ਾਮਿਲ ਕਰੇਗਾ|

ਤੁਹਾਡੇ ਨਿਰੀਖਣ ਅਤੇ ਪ੍ਰਯੋਗ ਜਿੰਨੇ ਕੀਤੇ ਹਨ ਉਨ੍ਹਾਂ ਦੇ ਅਧਾਰ ਉੱਤੇ ਤੁਸੀਂ ਆਪਣੀ ਕਹਾਣੀ ਨੂੰ ਆਪਣੇ ਦਿੱਤੇ ਹੋਏ ਸਮੇਂ ਦੇ ਅਨੁਸਾਰ ਪੇਸ਼ ਕਰ ਸਕਦੇ ਹੋ| ਜੇਕਰ ਤੁਹਾਡੇ ਕੋਲ ਸੀਮਿਤ ਸਮਾ ਹੈ, ਮੰਨ ਲਓ 30 ਮਿਨਟ ਤੋਂ ਵੀ ਘੱਟ, ਤੁਸੀਂ ਪੇਸ਼ਕਾਰੀ ਦੇ ਪਹਿਲੇ ਫੇਸ ਦੇ ਦੂਜੇ ਕਦਮ ਨੂੰ ਛੱਡ ਕੇ ਸਮੇ ਦੀ ਬੱਚਤ ਕਰ ਸਕਦੇ ਹੋ| ਕਹਾਣੀ ਨੂੰ ਦੁਹਰਾਉਣ ਲਈ ਵਲੰਟੀਅਰ ਦਾ ਇਸਤੇਮਾਨ ਨਾ ਕਰੋ| ਤੁਸੀਂ ਹੀ ਕਹਾਣੀ ਦੱਸੋ| ਤਦ ਤੁਸੀਂ ਗਰੁੱਪ ਨੂੰ ਕਹਾਣੀ ਦੱਸਣ ਲਈ ਕਹਿ ਸਕਦੇ ਹੋ| STS ਦਾ ਤਰੀਕਾ ਫਿਰ ਵੀ ਕੰਮ ਕਰੇਗਾ|

STS ਗੱਲ ਬਾਤ ਜਾਂ ਵਾਰਤਾਲਾਪੀ| STS ਜਦ ਸਮਾ ਜਾ ਮੌਕਾ ਕਹਾਣੀ ਦੱਸਣ ਲਈ ਬਹੁਤ ਹੀ ਛੋਟਾ ਹੋਵੇ ਤਾਂ ਤੁਸੀਂ ਬਹੁਤ ਹੀ ਕਲਾਤਮਕ ਕੰਮ ਕਰ ਸਕਦੇ ਹੋ| ਸਿਖਲਾਈ ਵਿਚ, ਲੋਕਾਂ ਦੁਆਰਾ STS ਦੀਆਂ ਮੂਲ ਗੱਲਾਂ ਲੈਣ ਤੋਂ ਬਾਦ, ਅਸੀਂ ਉਨ੍ਹਾਂ ਨੂੰ ਦੇ ਬਹੁਤ ਹੀ ਵਿਹਾਰਿਕ ਪ੍ਰਯੋਗ ਸਿਖਾਉਂਦੇ ਹਾਂ| ਸੰਖੇਪ ਤੌਰ 'ਤੇ ਇਹ ਇਸ ਤਰ੍ਹਾਂ ਕੀਤਾ ਜਾਂਦਾ ਹੈ:

ਕੋਈ ਕਹਾਣੀ ਇਕ ਮਿਨਟ ਵਿਚ ਵੀ ਦੱਸੀ ਜਾ ਸਕਦੀ ਹੈ ਅਤੇ ਕੁਝ ਚੁਣੇ ਹੋਏ ਨਿਰੀਖਣ ਅਤੇ ਪ੍ਰਯੋਗ 5 ਤੋਂ 10 ਮਿਨਟਾਂ ਵਿਚ ਕੀਤੇ ਜਾ ਸਕਦੇ ਹਨ| ਕਹਾਣੀ ਦੱਸੋ, ਅਤੇ ਉਸ ਤੋਂ ਬਾਦ ਸਿੱਧੇ ਕੁਝ ਚੁਣੇ ਹੋਏ ਨਿਰੀਖਣ ਅਤੇ ਫਿਰ ਉਨ੍ਹਾਂ ਦੇ ਪ੍ਰਯੋਗਾਂ ਵੱਲ ਜਾਓ|
ਤੁਹਾਡੇ ਹਰੇਕ ਪ੍ਰਸ਼ਨ ਪੁੱਛਣ ਤੋਂ ਪਹਿਲਾਂ ਵਿਵਰਨ ਸਹਿਤ ਕਹਾਣੀ ਦੇ ਉਸ ਹਿੱਸੇ ਨੂੰ ਦੁਹਾਰਾਓ ਜਿਸ ਵਿਚ ਉਹ ਖਜਾਨਾ ਹੈ ਜੋ ਤੁਸੀਂ ਚਾਹੁੰਦੇ ਹੋ ਕਿ ਲੋਕ ਉਸ ਦੀ ਖੋਜ ਕਰਨ| ਉਦਾਹਰਨ ਦੇ ਤੌਰ 'ਤੇ ਜੇਕਰ ਤਸੀਂ ਮਰਕੁਸ 1:40-45 ਦੱਸਿਆ ਹੈ, ਤੁਸੀਂ ਇਹ ਕਹਿੰਦੇ ਹੋਏ ਆਪਣੇ ਪ੍ਰਸ਼ਨ ਨੂੰ ਅਰੰਭ ਕਰ ਸਕਦੇ ਹੋ, ''ਯਾਦ ਰੱਖੋ ਕਿ ਯਿਸੂ ਨੇ ਕਿਸ ਤਰ੍ਹਾਂ ਉਸੇ ਉੱਤੇ ਦਇਆ ਕੀਤੀ ਹੋਵੇਗੀ ਜਦ ਕੋੜ੍ਹੀ ਉਸ ਦੇ ਸਾਹਮਣੇ ਝੁਕਿਆ ਅਤੇ ਬੇਨਤੀ ਕੀਤੀ ਅਤੇ ਯਿਸੂ ਨੂੰ ਕਿਹਾ, ''ਜੇਕਰ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸਕਦਾ ਹੈਂ|'?" ਫਿਰ ਆਪਣੇ ਪ੍ਰਸ਼ਨ ਪੁੱਛੋ| ਇਹੀ ਮੁੱਖ ਗੱਲ ਹੈ| ਲੋਕਾਂ ਨੂੰ ਕਹਾਣੀ ਦੁਹਰਾਉਣ ਤੋਂ ਬਾਦ ਹੀ ਜੋ ਉਨ੍ਹਾਂ ਨੇ ਸੁਣਿਆ ਹੈ ਪ੍ਰਸ਼ਨ ਪੁੱਛੋ ਤਾਂ ਕਿ ਉਹ ਤੁਹਾਡੇ ਪ੍ਰਸ਼ਨ ਦਾ ਉੱਤਰ ਸਹੀ ਸਹੀ ਦੇ ਸਕਣ|

ਪਾਸਟਰਸ ਦੀ ਨਵੀਨਤਾ| ਪਾਸਟਰਸ ਜਿਹੜੇ ਪਰੰਪਰਾ ਵਾਲੇ ਅਤੇ ਲੋਕ ਜਿਹੜੇ ਰੂੜ੍ਹੀਵਾਦੀ ਪਿਛੋਕੜ ਤੋਂ ਹਨ ਉਹ ਪੁਲਪਿਟ ਤੋਂ ਦੇ ਤਰੀਕੇ ਨੂੰ ਇਸਤੇਮਾਲ ਕਰਨ ਤੋਂ ਝਿਜਕਦੇ ਹਨ| ਇਹ ਕਲੀਸੀਆਵਾਂ ਵਿਚ ਪ੍ਰਥਾ ਨਹੀਂ ਹੈ ਕਿ ਪਾਸਟਰ ਆਪਣੇ ਉਪਦੇਸ਼ ਦੇ ਦੌਰਾਨ ਪ੍ਰਸ਼ਨ ਪੁੱਛੇ| ਇਸ ਤੋਂ ਇਲਾਵਾ ਪੜ੍ਹਨ ਦੀ ਬਜਾਏ ਕਹਾਣੀ ਦੱਸਣਾ ਕਿਸੇ ਕਿਸੇ ਖੇਤਰਾਂ ਵਿਚ ਬਹੁਤ ਵੱਡੀ ਛਾਲ ਮਾਰਨਾ ਹੈ| ਸਾਰੇ ਸੰਸਾਰ ਵਿਚੋਂ ਪਾਸਟਰਸ ਜਿਨ੍ਹਾਂ ਨੇ STS ਦੀ ਵਰਕਸ਼ਾਪਾਂ ਵਿਚ ਹਿੱਸਾ ਲਿਆ ਅਤੇ ਇਸ ਵਿਚਾਰਧਾਰਾ ਨੂੰ ਆਪਣੇ ਨਾਲ ਜੋੜਿਆ ਉਨ੍ਹਾਂ ਨੇ ਇਹ ਸਮਧਾਨਾ ਵੇਖੇ ਹਨ:

1 ਭਿੰਨ ਭਿੰਨ ਪਾਸਟਰਸ ਨੇ ਸਾਨੂੰ STS ਦੇ ਯੂਥ ਸਭਾ ਵਿਚ ਇਸਤੇਮਾਲ ਬਾਰੇ ਦੱਸਿਆ| ਯੂਥ ਵੱਲੋ ਬੜਾ ਚੰਗਾ ਹੁੰਗਾਰਾ ਮਿਲਿਆ| ਉਸ ਤੋਂ ਬਾਦ ਮਾਤਾ ਪਿਤਾ ਪਾਸਟਰਸ ਕੋਲ ਆਏ ਅਤੇ ਇਸ ਤਰ੍ਹਾਂ ਕਿਹਾ, ''ਤੁਸੀਂ ਸਾਨੂੰ ਇਸੇ ਹੀ ਤਰੀਕੇ ਨਾਲ ਕਿਉਂ ਨਹੀਂ ਸਿਖਾਉਂਦੇ?"

2 ਹੋਰ ਪਾਸਟਰਸ ਨੇ ਪੁਲਪਿਟ ਤੋਂ STS ਦੇ ਤਰੀਕੇ ਨੂੰ ਇਸਤੇਮਾਲ ਕੀਤਾ| ਪਰ ਕਹਾਣੀ ਸੁਣਾਉਂ ਦੀ ਬਜਾਏ, ਉਨ੍ਹਾਂ ਨੇ ਪਵਿੱਤਰ ਸ਼ਾਸਤਰ ਵਿਚੋਂ ਕਹਾਣੀ ਨੂੰ ਪੜ੍ਹਿਆ| ਉਹ ਰੂੜ੍ਹੀ ਵਾਦੀ ਤਰੀਕੀਆਂ ਤੋਂ ਹਟ ਕੇ ਉਨ੍ਹਾਂ ਨੇ ਨਵੇਂ ਤਰੀਕੇ ਨਾਲ ਪੇਸ਼ਕਾਰੀ ਵਿਚ ਵੀ ਦਿਲਚਸਪੀ ਵਿਖਾਈ| ਉਨ੍ਹਾਂ ਨੇ ਇਸ ਨੂੰ ''ਕਹਾਣੀ ਸੁਣਾਉਣ" ਦੀ ਸ਼ੈਲੀ ਵਿਚ ਦੱਸਿਆ|

ਇਸ ਤੋਂ ਬਾਦ ਉਨ੍ਹਾਂ ਨੇ ਆਤਮਿਕ ਨਿਰੀਖਣ ਅਤੇ ਪ੍ਰਯੋਗ ਪ੍ਰਸ਼ਨ ਪੁੱਛੇ| ਕਈ ਬੋਲ ਕੇ ਜਵਾਬ ਦੇਣ ਵਿਚ ਉਤਸ਼ਾਹੀ ਹੋਏ; ਬਾਕੀਆਂ ਨੇ ਪ੍ਰਭਾਵਸ਼ਾਲੀ ਪ੍ਰਸ਼ਨ ਪੁੱਛੇ, ਜਿਸਨੇ ਲੋਕਾਂ ਨੂੰ ਪ੍ਰਸ਼ਨ ਲਈ ਸੋਚਣ ਦਾ ਅਤੇ ਉਨ੍ਹਾਂ ਦੇ ਮਨਾਂ ਦੇ ਜਵਾਬ ਦੇਣ ਦਾ ਮੌਕਾ ਦਿੱਤਾ| ਇਹ ਬਹੁਤ ਅਜਿਹ ਹੈ| ਉਨ੍ਹਾਂ ਪਾਸਟਰਸ ਨੂੰ ਕੁਝ ਅਜਿਹਾ ਕਰਨਾ ਚਾਹੀਦਾ ਹੈ ਕਿ ਲੋਕਾਂ ਨੂੰ ਜਵਾਬ ਦੇਣ ਲਈ ਸਮਾ ਮਿਲੇ|

3 STS ਦੇ ਕੁਝ ਪਰਦਰਸ਼ਨ ਇਸ ਤਰ੍ਹਾਂ ਹਨ, ''ਇਕ ਅਜਿਹਾ ਤਰੀਕਾ ਜੋ ਸਾਡੇ ਕੋਲੋਂ ਜਿਹੜੇ ਪੜ੍ਹ ਨਹੀਂ ਸਕਦੇ ਸੀ ਦੂਰ ਸੀ|" ਇਸ ਤਰੀਕੇ ਦੀ ਪੇਸ਼ਕਾਰੀ ਦਾ ਇਕ ਸਾਰਥਕ ਉੱਤਰ ਇਹ ਰਿਹਾ ਕਿ ਚਰਚਾਂ ਵਿਚ STS ਦੇ ਇਸਤੇਮਾਲ ਦਾ ਦੂਜਿਆਂ ਲਈ ਇਕ ਬੂਹਾ ਖੁਲ੍ਹ ਗਿਆ|

4 ਕੁਝ ਪਾਸਟਰਸ ਨੇ ਸੰਡੇ ਸਕੂਲ ਦੇ ਆਗੂਆਂ ਨੂੰ ਦੇ ਬਾਰੇ ਦੱਸਿਆ| ਕਈਆਂ ਨੇ ਹਫਤੇ ਦੀਆਂ ਘਰੇਲੂ ਸਭਾ ਵਿਚ ਇਸ ਦਾ ਇਸਤੇਮਾਲ ਕੀਤਾ|

5 ਬਾਕੀਆਂ ਨੂੰ ਇਸ ਨੂੰ ਨਵੇਂ ਵਿਸ਼ਵਾਸੀਆਂ ਨੂੰ ਸਿਖਾਉਣ ਲਈ ਇਸਤੇਮਾਲ ਕੀਤਾ|

ਸੰਪੂਰਨ ਵਿਹਾਰਿਕ STS, ਕੋਈ ਉੱਤਰ ਨਹੀਂ:

1 ਜੇਕਰ ਗਰੁੱਪ ਵੱਡਾ ਹੋਵੇ, ਜਾਂ ਅਜਿਹਾ ਵਾਤਾਵਰਨ ਹੋਵੇ ਜਿਥੇ ਲੋਕ ਉੱਤਰ ਨਹੀਂ ਦੇ ਸਕਦੇ ਹਨ, ਤਦ ਤੁਹਾਨੂੰ ਦੇ ਤਰੀਕੇ ਵਿਚ ਬਦਲਾਓ ਲਿਆਉਣਾ ਹੋਵੇਗਾ| ਇਹ ਹੋ ਸਕਦਾ ਹੈ| STS ਦੀ ਕਿਰੀਆ ਦੇ ਸਾਰੇ ਹਿੱਸੇ (ਸਿਵਾਏ ਇਸ ਦੇ ਕਿ ਉਨ੍ਹਾਂ ਨੂੰ ਕਹਾਣੀ ਦੱਸਣ ਲਈ ਕਹਿਣਾ) ਇਕ ਵਿਅਕਤੀ ਦੇ ਰਾਹੀਂ ਕੀਤੇ ਜਾ ਸਕਦੇ ਹਨ ਉਨ੍ਹਾਂ ਲੋਕਾਂ ਤੋਂ ਬਿਨਾਂ ਕੋਈ ਜਵਾਬ ਪ੍ਰਾਪਤ ਕੀਤੇ ਜਿਨ੍ਹਾਂ ਨੂੰ ਤੁਸੀਂ ਸਿਖਾ ਰਹੇ ਹੋ| ਪ੍ਰਭਾਵਸ਼ਾਲੀ ਪ੍ਰਸ਼ਨ ਪੁੱਛੋ ਅਤੇ ਇਸ ਗੱਲ ਨੂੰ ਜ਼ਰੂਰ ਯਕੀਨੀ ਬਣਾਓ ਕਿ ਉਨ੍ਹਾਂ ਨੂੰ ਜਵਾਬ ਸੋਚਣ ਦਾ ਮੌਕਾ ਮਿਲੇ|

2 STS ਕਹਾਣੀਆਂ ਰੇਡਿਓ ਜਾਂ ਟੀ. ਵੀ. ਉੱਤੇ ਪੇਸ਼ ਕੀਤੀਆਂ ਜਾ ਸਕਦੀਆਂ ਹਨ| ਦੁਬਾਰਾ ਕਹਾਣੀ ਦੱਸਣ ਨੂੰ ਛੱਡਿਆ ਜਾਂਦਾ ਹੈ ਪਰ ਕਿਰੀਆ ਦੇ ਬਾਕੀ ਹਿੱਸੇ ਬਣੇ ਰਹਿੰਦੇ ਹਨ| ਰੇਡਿਓ ਉੱਤੇ ਖਾਸਤੌਰ 'ਤੇ, ਹਰੇਕ ਪ੍ਰਸ਼ਨ ਤੋਂ ਬਾਦ 5 ਸਕਿੰਟ ਦਾ ਖਾਲੀ ਥਾਂ ਕੁਝ ਅਰਥਹੀਨ ਬੋਲਾਂ ਨਾਲ ਭਰਨਾ ਹੈ|

ਅਸੀਂ ਇਸ ਨੂੰ ਅਰਥਹੀਨ ਬੋਲ ਕਿਹਾ ਹੈ ਕਿਉਂਕਿ ਜੇਕਰ ਤੁਸੀਂ ਅਜੇ ਵੀ ਵਾਕ ਬੋਲੀ ਹੀ ਜਾਓਗੇ ਤਾਂ ਲੋਕ ਤੁਹਾਨੂੰ ਹੀ ਸੁਣਦੇ ਰਹਿਣਗੇ ਅਤੇ ਤੁਹਾਡੇ ਪ੍ਰਸ਼ਨ ਦੇ ਉੱਤਰ ਬਾਰੇ ਨਹੀਂ ਸੋਚਣਗੇ| ਉਦਾਹਰਣ ਲਈ ਇਹ ਅਰਥਪੂਰਨ ਸ਼ਬਦ ਹਨ: ''ਸੋ ਤੁਸੀਂ ਕੀ ਸੋਚਦੇ ਹੋ?" ''ਕੀ ਤੁਹਾਡਾ ਕੋਈ ਵਿਚਾਰ ਹੈ ਕਿ ਅੱਗੇ ਕੀ ਹੋਵੇਗਾ?" ''ਤੁਸੀਂ ਕੀ ਕਹੋਗੇ?" ''ਤੁਹਾਡਾ ਉੱਤਰ ਹੈ?!

ਅਰਥਹੀਨ ਬੋਲ ਦੀ ਪਰਿਭਾਸ਼ਾ ਇਸ ਤਰ੍ਹਾਂ ਹੋ ਸਕਦੀ ਹੈ ਮੂੰਹ ਵਿਚੋਂ ਕੁਝ ਆਵਾਜ ਕੱਢਦੇ ਹਾਂ ਜਿਸ ਦਾ ਕੋਈ ਮਤਲਬ ਨਹੀਂ ਹੈ, ਪਰ ਇਹ ਖਾਲੀ ਥਾਂ ਨੂੰ ਭਰਦਾ ਹੈ| ਇਹ ਅਰਥਹੀਨ ਬੋਲ ਸੁਣਨਵਾਲਿਆਂ ਨੂੰ ਸੁਣਦੇ ਹੋਏ ਪਰੇਸ਼ਾਨ ਨਹੀਂ ਕਰਦੇ ਹਨ, ਪਰ ਉਹ ਖਾਲੀ ਥਾਂ ਭਰਦੇ ਹਨ ਤਾਂ ਕਿ ਲੋਕ ਰੇਡਿਓ ਦਾ ਸਟੇਸ਼ਨ ਦਾ ਬਦਲ ਲੈਣ| ਅਰਥਹੀਨ ਬੋਲਾਂ ਦੇ ਉਦਾਹਰਨ ਹਨ, ''ਹਾਂ" ''ਹੂੰ"

STS ਦੀ ਵੇਬਸਾਈਟ ਉੱਤੇ ਮਾਰਥਾ-ਮਰੀਯਮ ਦੀ ਕਹਾਣੀ ਦਾ ਇਕ ਨਮੂਨਾ ਹੈ ਜਿਹੜਾ ਕਿ ਅਰਥਹੀਨ ਬੋਲਾਂ ਨੂੰ ਸਮਝਣ ਵਿਚ ਮਦਦ ਕਰਦਾ ਹੈ|

3 ਜੇਕਰ ਤੁਸੀਂ STS ਵਿਚ ਮਾਹਿਰ ਹੋ ਅਤੇ 3 ਜਾਂ 4 ਵਿਅਕਤੀਆਂ ਨੂੰ ਸਟੂਡਿਓ ਵਿਚ ਬਿਠਾ ਕੇ ਇਕ ਬਹੁਤ ਵਧੀਆ ਪ੍ਰੋਗਰਾਮ ਬਣਾ ਸਕਦੇ ਹੋ| STS ਦੇ ਪਹਿਲੇ ਰੋਡਿਓ ਕਹਾਣੀ ਵਾਚਕ ਨੇ ਫਿਲੀਪਾਈਨ ਵਿਚ ਇਸ ਤਰੀਕੇ ਨੂੰ ਇਸਤੇਮਾਲ ਕੀਤਾ| ਹਫਤੇ ਭਰ ਦੇ ਪ੍ਰਸਾਰਨ ਤੋਂ ਕਈ ਮਹੀਨੀਆਂ ਬਾਦ, ਰੇਡਿਓ ਸਟੇਸ਼ਨ ਨੇ ਹਰੇਕ ਪ੍ਰੋਗਰਾਮ ਲਈ

1400 ਪ੍ਰਤੀਉੱਤਰ ਫੋਨ ਰਾਹੀਂ ਅਤੇ ਲਿਖਿਤ ਸੰਦੇਸ਼ ਰਾਹੀਂ ਪ੍ਰਾਪਤ ਹੋਏ| ਬਾਕੀ ਰੇਡਿਓ ਪ੍ਰੋਗਰਾਮ ਵਿਚ ਵੀ ਇਸ ਤਰੀਕੇ ਨੂੰ ਬੜੀ ਸਫਲਤਾ ਨਾਲ ਇਸਤੇਮਾਲ ਕੀਤਾ ਗਿਆ|

ਡ੍ਰਾਮਾ, ਮਨੋਰੰਜਨ ਅਤੇ ਪ੍ਰਭਾਵ

ਡ੍ਰਾਮਾ ਪੇਸ਼ ਕਰਨ ਲਈ ਅਤੇ ਵੇਖਣ ਲਈ ਮਨੋਰੰਜਕ ਹੁੰਦਾ ਹੈ, ਉਹ ਕਹਾਣੀਆਂ ਨੂੰ ਹੋਰ ਵੱਧ ਵਾਸਤਵਿਕ ਬਣਾ ਸਕਦੇ ਹਨ| ਇਨ੍ਹਾਂ ਨੂੰ ਕਹਾਣੀ ਸੁਣਾਉਣ ਦੇ ਰੂਪ ਵਿਚ ਇਸਤੇਮਾਲ ਕਰੋ|

ਆਪਣੇ ਸਾਥੀਆਂ ਨੂੰ ਕਹੋ ਕਿ ਉਹ ਤੁਹਾਡੇ ਰਾਹੀਂ ਬੋਲੀ ਗਈ ਕਹਾਣੀ ਦੇ ਚਰਿੱਤਰ ਦਾ ਨਾਟਕ ਕਰਨ| ਪਰ ਕਹਾਣੀ ਵਾਚਕ ਹਮੇਸ਼ਾ ਚਰਿੱਤਰਾਂ ਨੂੰ ਵੇਖਦੇ ਹੋਏ ਕਹਾਣੀ ਦੇ ਸ਼ਬਦਾਂ ਨੂੰ ਬੋਲੇ| ਕਿਉਂਕਿ ਸਰੋਤੇ ਅਜੇ ਵੀ ਇਕ ਕਹਾਣੀ ਵਾਚਕ ਨੂੰ ਹੀ ਸਾਰੀ ਕਹਾਣੀ ਵਿਚ ਸੁਣਦੇ ਹਨ, ਉਹ ਤੁਹਾਨੂੰ ਦੁਬਾਰਾ ਕਹਾਣੀ ਸੁਣਾਉਣ ਯੋਗ ਹੋਣ| ਉਸੇ ਹੀ ਤਰ੍ਹਾਂ, ਸਰੋਤੇ ਜਿਹੜੇ ਕਿ ਸਾਰੀ ਕਹਾਣੀ ਨੂੰ ਸੁਣਦੇ ਹਨ ਉਹ ਵੀ ਇਕੋ ਹੀ ਵਿਅਕਤੀ ਦੇ ਰਾਹੀਂ ਉਰ ਘਰ ਜਾ ਕੇ ਜੋ ਉਨ੍ਹਾਂ ਨੇ ਸੁਣਿਆ ਹੈ ਉਹ ਘਰ ਦੇ ਬਾਕੀ ਮੈਂਬਰਾਂ ਨੂੰ ਸੁਣਾਉਣ ਦੇ ਯੋਗ ਹੋਣ|
ਅਸੀਂ ਸਾਥੀਆਂ ਨੂੰ ਕਹਾਣੀ ਦੇ ਹੂ ਬ ਹੂ ਸ਼ਬਦਾਂ ਨੂੰ ਬੋਲਣ ਲਈ ਉਤਸ਼ਾਹਿਤ ਨਹੀਂ ਕਰਦੇ| ਜੇਕਰ ਤੁਸੀਂ ਵੱਖ ਵੱਖ ਲੋਕਾਂ ਨੂੰ ਕਹਾਣੀ ਦੇ ਵੱਖ ਵੱਖ ਹਿੱਸੇ ਬੋਲਣ ਨਾਲ ਉਹ ਇਕ ਡ੍ਰਾਮਾ ਬਣ ਜਾਂਦਾ ਹੈ| ਬੇਸ਼ਕ ਡ੍ਰਾਮਾਈ ਤੌਰ 'ਤੇ ਕਹਾਣੀ ਪੇਸ਼ ਕਰਨ ਨਾਲ ਮਨੋਰੰਜਨ ਤਾਂ ਹੋ ਸਕਦਾ ਹੈ ਸੁਣਨ ਵਾਲਿਆਂ ਨੂੰ ਜਾਗਰਤ ਕਰ ਸਕਦਾ ਹੈ, ਪਰ ਇਸ ਕਹਾਣੀ ਦੁਬਾਰਾ ਸੁਣਾਉਣ ਦੀ ਯੋਗਤਾ ਦੀ ਅਣਦੇਖੀ ਹੁੰਦੀ ਹੈ|

ਇਹ ਵੀ ਹੈ ਕਿ ਕਈ ਚਰਿੱਤਰ ਇਕ ਕਹਾਣੀ ਨੂੰ ਬੋਲਦੇ ਹਨ ਤਾਂ ਕਹਾਣੀ ਦੀ ਸਹੀ ਦਰੁਸਤੀ ਪੇਸ਼ ਕਰਨਾ ਕਠਿਨ ਹੁੰਦਾ ਹੈ, ਕਿਉਂਕਿ ਬਹੁਤ ਸਾਰੇ ਲੋਕਾਂ ਨੇ ਕਹਾਣੀ ਨੂੰ ਸਿੱਖਣਾ ਅਤੇ ਇਸ ਦੇ ਬੋਲੇ ਗਏ ਹਿੱਸਿਆਂ ਨੂੰ ਯਾਦ ਕਰਨਾ ਹੁੰਦਾ ਹੈ| ਪੇਸ਼ਕਾਰੀ ਦੇ ਦੌਰਾਨ, ਜਦ ਕੁਝ ਲਾਈਨਾਂ ਭੁੱਲ ਜਾਂਦੀਆਂ ਹਨ, ਤਾਂ ਇਕ ਗੰਭੀਰ ਬਾਈਬਲ ਕਹਾਣੀ ਉਸੇ ਹੀ ਘੜੀ ਹਾਸ ਵਿਚ ਬਦਲ ਜਾਂਦੀ ਹੈ| ਇਸ ਲਈ ਚੌਕਸ ਰਹੋ ਕਿ ਕਹਾਣੀ ਦਾ ਗੰਭੀਰ ਉਪਦੇਸ਼ ਮੂਰਖਤਾ ਨਾ ਬਣ ਜਾਏ|

ਗਾਡ ਸਟੋਰੀ ਪ੍ਰੋਜੈਕਟ STS ਦੇ ਤਰੀਕੇ ਨੂੰ ਸਿੱਖਣ ਲਈ ਅਤੇ ਇਸ ਦੇ ਵਿਸਥਾਰ ਲਈ ਸਾਧਨ - ਇਸ ਦੇ ਨਾਲ ਹੀ ਨਾਲ ਭਿੰਨ ਭਿੰਨ ਸਰੋਤ ਵੀ ਪ੍ਰਦਾਨ ਕਰਦਾ ਹੈ|

1. **STS ਹਸਤਪੁਸਤਿਕਾ|** ਇਹ STS ਹਸਤਪੁਸਤਿਕਾ, ਔਡੀਓ ਜਾਂ ਲਿਖਿਤ ਰੂਪ ਵਿਚ ਹੈ, ਇਹ ਦੀ ਪ੍ਰਕਿਰੀਆ ਨੂੰ ਵਿਸਥਾਰ ਨਾਲ ਦੱਸਦਾ ਹੈ|

2. **STS ਦਰਸ਼ਣ ਨਿਰਧਾਰਨ ਕਰਨਾ|** ਜਿਵੇਂ ਜਿਵੇਂ ਸਿੱਖਿਅਕ ਉਪਲਬਧ ਹੁੰਦੇ ਹਨ, ਅਸੀਂ ਵਿਆਖਿਆ ਦਿੰਦੇ ਹਾਂ ਉਹ ਦੋ ਘੰਟੇ ਤੋਂ ਦੋ ਦਿਨ ਤਕ ਦੀ ਹੋ ਸਕਦੀ ਹੈ| ਅਸੀਂ STS ਪਰਦਰਸ਼ਨ

ਪ੍ਰਦਾਨ ਕਰਦੇ ਹਾਂ, ਵਿਚਾਰ ਧਾਰਾ ਨੂੰ ਦੱਸਦੇ ਹਾਂ ਅਤੇ ਪ੍ਰਭਾਸ਼ਾਲੀ ਨਤੀਜੇ ਦੱਸਦੇ ਹਾਂ| ਜੇਕਰ ਇਹ ਦਰਸ਼ਨ ਨਿਧਾਰਨ ਚਾਰ ਘੰਟਿਆਂ ਜਾਂ ਇਸ ਤੋਂ ਲੰਮੇ ਸਮੇ ਦੀ ਵਿਆਖਿਆ ਹੈ ਤਾਂ ਅਸੀਂ ਵਿਹਾਰਿਕ ਅਨੁਭਵ ਪ੍ਰਦਾਨ ਕਰਦੇ ਹਾਂ|

3. **STS ਦੀ ਤਿੰਨ-ਰੋਜਾ ਵਰਕਸ਼ਾਪ|** ਇਹ ਨਮੂਨਾ ਦਾ ਪਰਦਰਸ਼ਨ ਅਤੇ ਵਿਆਖਿਆ ਪ੍ਰਦਾਨ ਕਰਦਾ ਹੈ ਅਤੇ ਆਉਣ ਵਾਲਿਆਂ ਰਾਹੀਂ ਪ੍ਰਭਾਵਸ਼ਾਲੀ ਸਾਂਝਦਾਰੀ| ਇਹ ਤਿੰਨ ਦਿਨ ਦੀ ਸਿਖਲਾਈ ਤੋਂ, ਬਹੁਤ ਸਾਰੇ ਸਿੱਖਿਆਰਥੀ ਅਭਿਆਸਕਾਰ ਹੋਣ ਦੀ ਮਹਾਰਥ ਪ੍ਰਾਪਤ ਕਰਦੇ ਹਨ ਜਿਹੜੇ ਕਿ ਅਭਿਆਸ ਕਰਕੇ ਕਹਾਣੀਆਂ ਇਸਤੇਮਾਲ ਕਰਨ ਦੇ ਰਾਹੀਂ ਸੇਵਾ ਕਰ ਸਕਦੇ ਹਨ|

4. **STS ਲਗਾਤਾਰ ਦੀ ਵਰਕਸ਼ਾਪ|** ਅਸੀਂ ਦੋ ਭਾਗ ਦੀ ਵਰਕਸ਼ਾਪਾਂ ਨੂੰ ਇਕ ਦੂਜੇ ਦੇ ਨਾਲ ਹੁੰਦੇ ਹੋਏ ਪੇਸ਼ ਕਰਦੇ ਹਾਂ ਤਾਂ ਵੱਧ ਸਮਾ ਲਾ ਕੇ ਇਹ ਨਿਪੁੰਨ STS ਸਿੱਖਿਅਕਾਂ ਨੂੰ ਤਿਆਰ ਕਰਦਾ ਹੈ| ਇਹ ਸਿੱਖਿਅਕ ਤਦ ਦੂਜਿਆਂ ਨੂੰ ਸਿਖਾ ਸਕਦੇ ਹਨ| ਇਸ ਤਰ੍ਹਾਂ ਦੀ ਵਰਕਸ਼ਾਪ ਕਰਨਾ ਇਕ ਵਧੀਆ ਚੋਣ ਹੈ ਇਸ ਵਿਚ ਸਿਖਾਉਣ ਲਈ ਸਿੱਖਿਅਕਾਂ ਦੀ ਟੀਮ ਨੂੰ ਦੂਰੋਂ ਆਉਣਾ ਪੈਂਦਾ ਹੈ ਜਾਂ ਸਿੱਖਿਆਰਥੀਆਂ ਨੂੰ ਦੂਰੋਂ ਇਕ ਸਥਾਨ 'ਤੇ ਬੁਲਾ ਕੇ ਵੀ ਕੀਤੀ ਜਾ ਸਕਦੀ ਹੈ|

ਪਹਿਲੇ 18 ਘੰਟਿਆਂ ਦੇ ਦੌਰਾਨ ਇਕ ਛੋਟੇ ਗਰੁੱਪ ਵਿਚ ਹਰੇਕ ਤਿੰਨ ਸਿੱਖਿਆਰਥੀਆਂ ਨੂੰ ਇਕ ਸਿੱਖਿਅਕ ਨਾਲ ਸਿਖਾਇਆ ਜਾਂਦਾ ਹੈ| ਇਸ 14 ਘੰਟਿਆਂ ਦੀ ਗਹਿਨ ਸਿੱਖਿਆ ਅਤੇ ਅਭਿਆਸ ਤੋਂ ਬਾਦ, ਇਹ ਨਵੇਂ ਸਿੱਖੇ ਹੋਏ ਅਭਿਆਸਕਾਰੀ ਸਹਾਇਕ ਸਿੱਖਿਅਕ ਦੀ ਭੂਮਿਕਾ ਵਿਚ ਕਦਮ ਰੱਖਦੇ ਹਨ| ਇਹ ਵੱਡੀ ਗਿਣਤੀ ਦੇ ਸਿੱਖਿਆਰਥੀਆਂ ਦੀ ਸਿਖਲਾਈ ਵਿਚ ਸਹਾਇਤਾ ਕਰਦੇ ਹਨ ਜਿਹੜੇ ਕਿ 19 ਘੰਟਿਆਂ ਦੀ ਵਾਧੂ ਸਿਖਲਾਈ ਲਈ ਆਉਂਦੇ ਹਨ| ਇਹ ਵਾਧੂ ਵਰਕਸ਼ਾਪ ਇਕ ਸਹਾਇਕ ਸਿੱਖਅਕ ਅਤੇ 5 ਸਿੱਖਿਆਰਥੀਆਂ ਅਨੁਪਾਤ ਵਿਚ ਕੀਤੀ ਜਾਂਦੀ ਹੈ|

ਇਸ 33 ਘੰਟਿਆਂ ਦੀ ਸਿਖਾਲਾਈ ਤੋਂ ਬਾਦ, 5 ਦਿਨ ਜਾਣ ਤੋਂ ਬਾਦ ਇਹ ਸਹਾਇਕ ਸਿੱਖਿਅਕ ਅਸਥਾਈ ਸਿੱਖਿਅਕ ਬਣਦੇ ਹਨ ਜਿਹੜੇ ਕਿ ਹੋਰ ਵੀ ਅਭਿਆਸ ਅਤੇ ਆਗੂਪੁਣੇ ਦੇ ਅਨੁਭਵ ਦੇ ਨਾਲ ਪਰਮਾਣਤ ਸਿੱਖਿਅਕ ਬਣਦੇ ਹਨ|

5. **STS ਕਲੀਸੀਆ ਵਿਚ ਵਾਧਾ ਕਰਨ ਵਾਲੀ ਵਰਕਸ਼ਾਪ|** ਇਹ ਵਰਕਸ਼ਾਪ ਸ਼ੁਕਰਵਾਰ ਦੀ ਰਾਤ, ਸ਼ਨੀਵਾਰ ਅਤੇ ਐਤਵਾਰ ਜਾਂ ਸ਼ਨੀਵਾਰ ਅਤੇ ਐਤਵਾਰ ਦੇ ਦਿਨਾਂ ਨੂੰ ਇਸਤੇਮਾਲ ਕਰਦੇ ਹੋਏ ਕੀਤੀ ਜਾਂਦੀ ਹੈ| ਚਾਰ ਸਫਲ ਹਫਤੇ ਅੰਤ ਦੇ ਹਰੇਕ ਦੇ 14 ਘੰਟੇ ਵਿਚ, ਆਮ ਕਲੀਸੀਆ ਦੇ ਮੈਂਬਰ STS ਦੇ ਯੋਗ ਅਭਿਆਸਕਾਰੀ ਬਣ ਸਕਦੇ ਹਨ|

ਪੰਜ ਤੋਂ ਸੱਤ ਹਫਤਿਆਂ ਵਿਚ, ਵੱਡੀ ਕਲੀਸੀਆ ਦੇ ਹਰੇਕ ਮੈਂਬਰਾਂ (50,000 ਮੈਂਬਰਾਂ ਤਕ) ਨੂੰ

ਤਿਆਰ ਕੀਤਾ ਜਾ ਸਕਦਾ ਹੈ| ਕੁਝ ਸਿੱਖੇ ਹੋਏ ਮੁੱਖ ਲੋਕ ਵੀ STS ਦੇ ਪਰਮਾਣਤ ਸਿੱਖਅਕ ਹੋ ਸਕਦੇ ਹਨ| ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਾਧਾ ਕਰਨ ਵਾਲੀਆਂ ਵਰਕਸ਼ਾਪਾਂ ਵਿਚ ਜ਼ਿਆਦਾਤਰ ਹਿੱਸਾ ਲੈਣ ਵਾਲੇ ਇਕ ਜਾਂ ਦੋ ਹਫਤੇ ਦੀ ਸਿਖਲਾਈ ਵਿਚ ਹੀ ਸਾਰੀ ਕਲੀਸੀਆ ਨੂੰ ਪੂਰਾ ਕਰ ਲੈਂਦੇ ਹਨ|

6. **STS ਘਰੇਲੂ ਵਰਕਸ਼ਾਪ|** ਦਾ ਪਰਮਾਣਤ ਸਿੱਖਿਅਕ ਤਿੰਨ ਵਿਸ਼ਵਾਸੀਆਂ ਨੂੰ ਘਰ ਵਿਚ ਹੋਣ ਵਾਲੀ ਵਰਕਸ਼ਾਪ ਵਿਚ ਬੁਲਾਉਂਦਾ ਹੈ| ਸਿੱਖਿਅਕ 2 ½ ਘੰਟਿਆਂ ਦੇ ਸੈਸ਼ਨ ਦਾ ਆਯੋਜਨ ਕਰਦਾ ਹੈ, ਹਫਤੇ ਵਿਚ ਇਕ ਵਾਰੀ ਕਰਨ ਨਾਲ ਇਹ ਵਰਕਸ਼ਾਪ 6 ਹਫਤਿਆਂ ਵਿਚ ਪੂਰੀ ਹੋ ਜਾਂਦੀ ਹੈ| ਸੈਸ਼ਨ ਸ਼ਾਮ ਨੂੰ, ਦੋਪਹਰ ਨੂੰ ਜਾਂ ਹਫਤਿਆਂ ਦੇ ਅੰਤ ਵਿਚ ਕੀਤਾ ਜਾ ਸਕਦਾ ਹੈ| ਇਸ ਤਰ੍ਹਾਂ ਦੀ ਵਰਕਸ਼ਾਪ ਵਿਚ ਉਨ੍ਹਾਂ ਲੋਕਾਂ ਨੂੰ ਸਹਿਭਾਗੀ ਹੋਣ ਦਾ ਮੌਕਾ ਮਿਲਕਾ ਹੈ ਜਿਹੜੇ ਆਪਣੇ ਕੰਮ ਦੇ ਕਾਰਨ, ਜਾਂ ਪਰਿਵਾਰ ਦੇ ਕਾਰਨ ਸਾਰੇ ਦਿਨ ਦੀ ਜਾਂ ਲੰਮੀ ਵਰਕਸ਼ਾਪ ਵਿਚ ਨਹੀਂ ਆ ਸਕਦੇ ਹਨ| ਇਸ ਦੇ ਇਲਾਵਾ, ਘਰ ਵਿਚ ਸੁਖਾਲਾ ਮਾਹੋਲ ਦਿੰਦੇ ਹਨ, ਝਿਜਕਣ ਵਾਲੇ ਲੋਕਾਂ ਲਈ ਸਿੱਖਣ ਲਈ ਚੰਗਾ ਵਾਤਾਵਰਨ ਹੁੰਦਾ ਹੈ| ਅਸੀਂ ਲੋੜੀਂਦੇ ਨਿਰਦੇਸ਼, ਕੁਝ ਸਮਗਰੀ ਅਤੇ ਸਿਖਲਾਈ ਲਈ ਸਮਾ ਸਾਰਣੀ ਦਿੰਦੇ ਹਾਂ|

6 ਸੈਸ਼ਨਾ ਤੋਂ ਬਾਦ, ਇਹ ਇਕ ਸਿੱਖਿਅਕ ਤਿੰਨ ਵਿਅਕੀਆਂ ਨੂੰ STS ਦੇ ਉਪਯੋਗੀ ਅਭਿਆਸਕਾਰਾਂ ਨੂੰ ਤਿਆਰ ਕਰੇਗਾ| ਇਹ ਨਵੇਂ ਅਭਿਆਸਕਾਰਾਂ ਨੂੰ 6 ਹਫਤਿਆਂ ਦੀ ਘਰੇਲੂ ਵਰਕਸ਼ਾਪ ਵਿਚ ਆਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ| ਉਨ੍ਹਾਂ ਨੂੰ ਤਿੰਨ ਨਵੇਂ ਵਿਅਕਤੀਆਂ ਨੂੰ ਬੁਲਾਉਣਾ ਹੈ|

> ਜਿਵੇਂ ਅਸੀਂ ਪੰਜ-ਦਿਨ ਦੀ ਅਤੇ ਕਲੀਸੀਆ ਵਧਾਉਣ ਵਾਲੀ ਵਰਕਸ਼ਾਪਾਂ ਵਿਚ ਕਰਦੇ ਹਾਂ, ਹੌਲੀ ਹੌਲੀ ਸਿੱਖਿਅਕ ਇਹ ਨਵੇਂ ਅਭਿਆਸਕਾਰਾਂ ਨੂੰ ਆਗੂਪੁਣੇ ਲਈ ਮਾਰਗ ਦਰਸ਼ਨ ਕਰਦਾ ਹੈ| ਦੂਜੀ 6 ਹਫਤੇ ਸਿਖਲਾਈ ਦੇ ਅਖੀਰ ਵਿਚ, ਪਹਿਲਾਂ ਵਾਲੇ ਤਿੰਨ ਹਰੇਕ ਵਿਅਕਤੀ ਤਿੰਨ ਤਿੰਨ ਵਿਅਕਤੀਆਂ ਨੂੰ ਸਿੱਖਣ ਲਈ ਸਹਾਇਤਾ ਕਰਦੇ ਹਨ| ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ STS ਦੇ ਹੁਨਰ ਵਿਚ ਅਤੇ ਤਜਰਬੇ ਵਿਚ ਸਹਾਇਕ ਸਿੱਖਿਅਕ ਦੀ ਤੌਰ 'ਤੇ ਵਾਧਾ ਕੀਤਾ ਹੈ|
>
> ਸਿੱਖਿਆਰਥੀ ਦੂਜਿਆਂ ਨੂੰ ਸਿਖਾਉਣ ਵਿਚ ਜਾਂ ਪਰਮੇਸ਼ਰ ਦੇ ਵਚਨ ਨੂੰ ਸਿਖਾਉਣ ਲਈ, ਹੁਣ ਉਹ ਬਾਈਬਲ ਅਧਿਐਨ ਜਾਂ ਸੰਗਤੀ ਲਈ ਹਰ ਹਫਤੇ ਇਕੱਠੇ ਹੋਣ ਦਾ ਨਿਸ਼ਚਾ ਕਰ ਸਕਦੇ ਹਨ|
>
> ਜੇਕਰ ਇਹ 12 ਹਰੇਕ ਵਿਅਕਤੀ ਦੇ ਹਿਸਾਬ ਨਾਲ ਤਿੰਨ-ਤਿੰਨ ਨੂੰ ਬੁਲਾਉਣ ਦੀ ਕੀਰੀਆ ਜਾਰੀ ਰੱਖਣ ਅਤੇ ਸਿਖਾਉਣ| ਤਾਂ ਅਗਲੇ 6 ਹਫਤਿਆਂ ਦੇ ਸੈਸ਼ਨ ਤੋਂ ਬਾਦ, ਗਰੁੱਪ ਦੀ

ਗਿਣਤੀ ਵਧ ਕੇ 36 (ਪਹਿਲਾਂ ਵਾਲੇ ਸਿੱਖਿਅਕਾਂ ਨੂੰ ਵੀ ਜੋੜ ਕੇ) ਹੋ ਜਾਵੇਗੀ| ਕਈ ਘਰ ਇੰਨੀ ਗਿਣਤੀ ਨੂੰ ਸੰਭਾਲ ਸਕਦੇ ਹਨ| ਛੋਟੇ ਛੋਟੇ ਗਰੁੱਪਾਂ ਵਿਚ ਕਾਫੀ ਨੂੰ ਸਿਖਾਇਆ ਜਾ ਸਕੇਗਾ| ਅਤੇ ਇਹ ਚਾਰਾਂ ਦਾ ਗਰੁੱਪ ਕਿਸੇ ਹੋਰ ਕਮਰੇ ਵਿਚ ਜਾਂ ਬਾਹਰ ਬੈਠ ਸਕਦਾ ਹੈ|

STS ਵਿਚ ਨਵੇਂ ਸਿੱਖੇ ਹੋਏ ਹੋਰ ਅਭਿਆਸਕਾਰਾਂ ਨੂੰ ਸਿਖਾਉਂਦੇ ਹੋਏ ਆਪਣੀ ਗਿਣਤੀ ਵਧਾ ਸਕਦੇ ਹਨ| ਉਹ ਆਪਣੇ ਘਰਾਂ ਵਿਚ ਸਮੂਹ ਚਲਾ ਸਕਦੇ ਹਨ ਜਾਂ ਪ੍ਰਚਾਰ ਲਈ ਕਹਾਣੀ ਸੁਣਾਉਣ/ ਸਿੱਖਿਆ ਦੇਣ ਦੇ ਹੁਨਰ ਨੂੰ ਇਸਤੇਮਾਲ ਕਰ ਸਕਦੇ ਹਨ| ਜਾਂ ਉਹ ਪਰਮੇਸ਼ਰ ਦੇ ਹੋਰ ਵੀ ਨਜਦੀਕ ਰਹਿਣ ਲਈ STS ਤਰੀਕੇ ਦਾ ਬਾਈਬਲ ਅਧਿਐਨ ਲਈ ਇਸਤੇਮਾਲ ਕਰ ਸਕਦੇ ਹਨ| ਅਸੀ ਇਨ੍ਹਾਂ ਸਾਰਿਆਂ ਗੱਲਾਂ ਨੂੰ ਅਨੇਖੇ ਰੂਪ ਵਿਚ ਵੇਖਦੇ ਹਾਂ|

ਕਿਉਂਕਿ STS ਹੁਨਰ ਲੋਕਾਂ ਨੂੰ ਪ੍ਰਭਾਵਕ ਤੌਰ 'ਤੇ ਸਿੱਖਣ ਅਤੇ ਪਵਿੱਤਰ ਸ਼ਾਸਤਰ, ਆਪਣੇ ਜੀਵਨ ਸਾਂਝ ਕਰਨ ਲਈ ਤਿਆਰ ਕਰਦਾ ਹੈ ਅਤੇ ਜਿਨ੍ਹਾਂ ਨੂੰ ਉਹ ਦੱਸਦੇ ਹਨ ਅਤੇ ਕਹਾਣੀਆਂ ਸਿਖਾਉਂਦੇ ਹਨ ਪਰਮੇਸ਼ਰ ਦੀ ਮਹਿਮਾ ਲਈ ਇਸ ਦਾ ਪ੍ਰਭਾਵ ਹੋਵੇਗਾ|
ਜੇਕਰ ਇਹ ਸਿੱਖਿਆ ਹੋਇਆਂ ਦੀ ਜ਼ਿਆਦਾ ਗਿਣਤੀ ਜਾ ਕੇ ਦੂਜਿਆਂ ਨੂੰ ਸਿਖਾਉਂਦੀ ਹੈ ਤਾਂ ਦੋ ਸਾਲਾਂ ਵਿਚ ਉਹ ਪਹਿਲੀ ਘਰੇਲੂ ਵਰਕਸ਼ਾਪ ਜੋ ਪ੍ਰਮਾਣਤ ਸਿੱਖਿਅਕ ਦੇ ਰਾਹੀਂ ਚਲਾਈ ਗਈ ਉਹ 6,000 ਤੋਂ ਵੀ ਵੱਧ ਲੋਕਾਂ ਨੂੰ ਪ੍ਰਭਾਵਿਤ ਕਰੇਗੀ| ਇਹ ਚੇਲੇ ਤਿਆਰ ਕਰਨ ਅਤੇ ਸਿਖਾਉਣ ਦਾ ਕਾਰਾਗਰ ਤਰੀਕਾ ਹੈ| ਕਿਉਂਕਿ STS ਦਾ ਵਿਚਾਰ ਪਰਮੇਸ਼ਰ ਦੇ ਵਚਨ ਨੂੰ ਸੁਣਨ ਅਤੇ ਇਸ ਨੂੰ ਵਿਅਕਤੀਗਤ ਲਾਗੂ ਕਰਨ ਉੱਤੇ ਕੇਂਦਰਤ ਹੈ, ਅਸੀਂ ਵੇਖ ਸਕਦੇ ਹਾਂ ਕਿ ਇਸ ਪ੍ਰਭਾਵ ਅਤੇ ਗਿਣਤੀ ਦਾ ਵਧਣਾ ਕਿਉਂ ਐਨਾ ਵਿਸ਼ਾਲ ਹੈ|

7. ਚੇਲਾਪੁਣੇ ਦਾ ਗੁਣਨ ਵਾਧਾ| ਲੋਕ ਦੀ ਵਰਕਸ਼ਵਾਪ ਨੂੰ ਕਹਾਣੀ ਅਭਿਆਸਕਾਰਾਂ ਦੇ ਰੂਪ ਵਿਚ ਛੱਡਦੇ ਹਨ, ਉਨ੍ਹਾਂ ਨੂੰ ਨਵਾਂ ਹੁੱਨਰ ਇਕ ਇਕ ਵਿਅਕਤੀ ਨੂੰ ਜਾਂ ਗਰੁੱਪ ਨੂੰ ਤਿਆਰ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ| ਭਿੰਨ ਭਿੰਨ ਮਿਡੀਆ ਅਤੇ ਪਾਠਕ੍ਰਮ ਜਿਵੇਂ ਕਿ ਅਭਿਆਸਕਾਰੀ ਗਾਈਡ, ਮਾਰਗ ਦਰਸ਼ਨ ਕਰਦੀ ਹੈ ਕਿ ਕਹਾਣੀਆਂ ਦੱਸਣ ਦੀ ਸੇਵਾ ਕਰਦੇ ਹੋਏ ਆਪਣੇ ਇਸ ਹੁੱਨਰ ਨੂੰ ਕਿਸ ਤਰ੍ਹਾਂ ਮਜਬੂਤ ਕਰਨਾ ਹੈ| ਬਹੁਤ ਖਾਸ ਤੌਰ 'ਤੇ, ਇਹ ਜਾਣਕਾਰੀ ਤੁਹਾਨੂੰ ਸੇਵਾ ਕਰਦੇ ਹੋਏ ਘੱਟ ਗਿਣਤੀ ਨੂੰ ਸਿਖਾਉਣ ਲਈ ਨੂੰ ਇਸਤੇਮਾਲ ਕਰਨ ਲਈ ਮਾਰਗ ਦਰਸ਼ਨ ਕਰਦੀ ਹੈ| (ਇਨ੍ਹਾਂ ਵੇਬਸਾਈਟ ਦੇ ਲਿੰਕ “Training Info” and “Resources,” ਉਲਬਧ ਵੱਖ ਵੱਖ ਚੋਣਾ ਵੱਲ ਲੈ ਜਾਦੇ ਹਨ|)

8. ਬ੍ਰੋਸ਼ਰ| ਇਹ ਤਿੰਨ ਤੈਹਾਂ ਵਾਲਾ ਬ੍ਰੋਸ਼ਰ ਹੈ ਜੋ ਗਵਾਹੀਆਂ ਅਤੇ STS ਦੇ ਤਰੀਕੀਆਂ ਦੇ ਇਸਤੇਮਾਲ ਅਤੇ ਗਾੱਡ ਸਟੋਰੀ ਬਾਰੇ ਦੱਸਦਾ ਹੈ| ਹੋਰ ਵੀ ਬ੍ਰੋਸ਼ਰਾਂ ਬਾਰੇ ਪੁੱਛ ਸਕਦੇ ਹੋ ਜੋ ਖਾਸ ਵਿਸ਼ਿਆਂ ਅਤੇ ਥਾਵਾਂ ਉੱਤੇ STS ਦੇ ਇਸਤੇਮਾਲ ਬਾਰੇ ਬਿਆਨ ਕਰਦੇ ਹਨ|

9. ਅਭਿਆਸਕਾਰ ਔਡੀਓ ਸਿਖਲਾਈ| STS ਬਾਈਬਲ ਕਹਾਣੀਆਂ ਦੀ ਤਿਆਰੀ ਦੇ ਅਨੁਭਵ ਗਰੁੱਪ ਨਾਲ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਕੀਤੇ ਗਏ ਹਨ| ਵਿਚਾਰ ਵਟਾਂਦਰਾ ਅਤੇ ਖੋਜ ਕਰਨ ਲਈ ਗਰੁੱਪ 2 ਤੋਂ 6 ਘੰਟੇ ਲਾਉਂਦਾ ਹੈ| ਵੱਖ ਵੱਖ ਭਾਸ਼ਾਵਾਂ ਵਿਚ ਐਮ ਪੀ 3, ਸੀ ਡੀ ਜਾਂ ਸੋਲਰ ਪਲੇਅਰ ਉਪਲਬਧ ਹਨ|

10. ਬਾਈਬਲ ਦੀ ਪ੍ਰਭਾਵਸ਼ੀਲ ਖੋਜ| ਬਾਈਬਲ ਕਹਾਣੀਆਂ ਪ੍ਰਭਾਵਸ਼ਾਲੀ ਅਤੇ ਗਰੁੱਪ ਪ੍ਰਸ਼ਨਾਂ ਨਾਲ| ਸਕੂਲ, ਕਲਾਸ ਜਾਂ ਘਰੇਲੂ ਗਰੁੱਪ ਵਿਚ ਇਸਤੇਮਾਲ ਕਰਨ ਲਈ| ਵਿਸ਼ਵਾਸੀ ਅਤੇ ਖੋਜੀ ਇਸ ਵਿਚ ਖੁਲ੍ਹੇ ਦਿਲ ਨਾਲ ਸਹਿਭਾਗੀ ਹੁੰਦੇ ਹਨ| ਔਸਤਨ ਸਮਾ 60 ਤੋ 90 ਮਿਨਟ, ਡੀ ਵੀ ਡੀ ਅਤੇ ਔਡੀਓ| ਵੱਖ ਵੱਖ ਭਾਸ਼ਾਵਾਂ ਵਿਚ|

11. **SimplyTheStory.org** STS ਦੇ ਬਾਰੇ ਲਿਖਤੀ, ਔਡੀਓ ਅਤੇ ਵਿਡੀਓ ਰੂਪ ਵਿਚ ਸਾਰੀ ਜਾਣਕਾਰੀ ਪ੍ਰਦਾਨ ਕਰਦਾ ਹੈ| ਇਸ ਵਿਚ STS ਦੀ ਜਾਣਕਾਰੀ, ਗਵਾਹੀਆਂ ਅਤੇ ਇਸਤੇਮਾਲ, ਸਿਖਲਾਈ, ਮੋਖਕ ਬਾਈਬਲ ਸਕੂਲ, ਕਹਾਣੀਆਂ ਦੇ ਨਮੂਨੇ ਹਨ ਅਤੇ ਹੋਰ ਵੀ ਜੋ ਤੁਸੀਂ ਡਾਉਨ ਲੋਡ ਕਰ ਸਕਦੇ ਹੋ| ਕੀ ਅਤੇ ਕਿਉਂ, ਕਲੀਸੀਆਂ ਵਿਚ ਦਰਸ਼ਨ ਨਿਰਧਾਰਨ ਕਰਨ ਦੀ STS ਸਿਖਲਾਈ| ਸਰੋਤ ਅਤੇ ਲੇਖ ਲਗਾਤਾਰ STS ਦੀ ਵੇਬਸਾਈਟ ਵਿਚ ਜੋੜੇ ਜਾਂਦੇ ਹਨ|STS ਸਕਾਈਪ ਰਾਹੀਂ ਕਹਾਣੀ ਸੈਸ਼ਨ ਦਾ ਅਭਿਆਸ ਅਤੇ ਦੀ ਏਕਸਟੈਂਸ਼ਨ ਕਲਾਸ ਰਾਹੀਂ ਸਿਖਾਉਣਾ|

13. ਔਡੀਓ ਹਸਤਪੁਸਤਿਕਾ| STS ਦੀਆਂ ਹਸਤਪੁਸਤਿਕਾਂ ਰਿਕਾਰਡ ਕੀਤੀਆਂ ਸੀ ਡੀ ਉਪਲਬਧ ਹਨ| STS ਦੀ ਸਿਖਲਾਈ ਲਈ ਡੀ ਵੀ ਡੀ ਲਈ ਲਿਖੋ|

14. ਟਵੀਟਰ| ਇਸ ਸਾਈਟ ਤੇ ਜਾਓ http://www.twitter.com/SimplyTheStory

15. ਵਰਕਸ਼ਾਪ ਨੂੰ ਚਲਾਉਣਾ| ਜੇਕਰ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਇਕ ਵਰਕਸ਼ਾਪ ਚਲਾਉਣ ਲਈ ਕੀ ਕਰਨਾ ਹੁੰਦਾ ਹੈ, ਤਾਂ ਕਿਰਪਾ ਕਰਕੇ ਤਾਂ ਆਪਣੇ ਨੇੜਲੇ ਰਾਸ਼ਟਰੀ ਡਾਇਰੈਕਟਰ ਨਾਲ ਸੰਪਰਕ ਕਰੋ ਇਸਦੀ ਸੂਚੀ ਇਸ ਹਸਤਪੁਸਤਿਕਾ ਦੇ ਅਖੀਰ ਵਿਚ ਦਿੱਤੀ ਗਈ ਹੈ| ਦੀ ਵੇਬਸਾਈਟ ਉੱਤੇ ਜਾਓ ਅਤੇ “hosting” ਦੇ ਮਾਰਗ ਦਰਸ਼ਨ ਲਈ ਉੱਤੇ ਸਰਚ ਕਰੋ|

ਪੂਰਕ ਭਾਗ ਉ: ਪਰਿੱਖਣ ਸਮੀਖਿਆ ਫਾਰਮ

ਕਹਾਣੀਵਾਚਕ_____ ਸਿੱਖਿਅਕ_____

ਮਿਤੀ _____

ਸਿਰਫ ਇਕ ਕਹਾਣੀ ਦਾ ਬਿਓਰਾ STS ਦੇ ਦਸਤਾਵੇਜ ਵਿਚ ਦੀ ਕ੍ਰਿਆ ਵਿਚ ਹੈ| ਇਸ ਤੋਂ ਪਹਿਲਾਂ ਕਿ ਤੁਸੀਂ ਪਰਿੱਖਣ ਸਮਖਿਆ ਲਈ ਕਹਾਣੀ ਨੂੰ ਪੇਸ਼ ਕਰੋ, ਇਹ ਗੱਲ ਯਾਦ ਰੱਖੋ: ਇਸ ਵਿਚ ਕੋਈ ਫਰਕ ਨਹੀਂ ਕਿ ਵਰਕਸ਼ਾਪ ਵਿਚ ਆਏ ਲੋਕ ਕਿੰਨੇ ਪੜ੍ਹੇ ਲਿਖੇ ਹਨ, **ਤੁਹਾਨੂੰ ਆਪਣੀ ਕਹਾਣੀ ਮੌਖਕ ਤੌਰ 'ਤੇ ਸੁਣਨਵਾਲਿਆਂ ਸਾਹਮਣੇ ਪੇਸ਼ ਕਰਨੀ ਹੈ,** ਅਤੇ ਉਹ ਤੁਹਾਡੇ ਦੱਸੇ ਹੋਏ ਦੇ ਅਨੁਸਾਰ ਕਹਾਣੀ ਦੇ ਵਿਸ਼ੇ ਨੂੰ ਯਾਦ ਰੱਖਣਗੇ (ਅਤੇ ਉਨ੍ਹਾਂ ਕਹਾਣੀਆਂ ਦੇ ਵਿਸ਼ੇ ਜਿਹੜੇ ਤੁਸੀਂ ਉਸ ਟ੍ਰੇਨਿੰਗ ਵਿਚ ਦੱਸੇ ਹਨ).

ਯਾਦ ਦਹਾਨੀ ਦੇ ਤੌਰ 'ਤੇ, ਕਹਾਣੀਵਾਚਕ ਕਰੇਗਾ. . .

1) ਭੂਮਿਕਾ ਵਿਚ ਬਾਈਬਲ ਦੀ ਅਤਿਰਿਕਤ ਸੂਚਨਾ ਦਾ ਇਸਤੇਮਾਲ ਨਹੀ ਕਰੇਗਾ|

2) ਜੇਕਰ ਜ਼ਰੂਰਤ ਹੈ ਤਾਂ ਸਿਰਫ ਸੰਖੇਪ ਵਿਚ ਕੁਝ ਸ਼ਬਦ ਕਹਿ ਸਕਦੇ ਹੋ|

3) ਕਹਾਣੀ ਦੀ ਸਚਿਆਈ ਨੂੰ ਬਣਾਏ ਰੱਖਣਾ, ਕੋਈ ਵੀ ਗੱਲ ਨਾ ਵਧਾਉਣੀ ਹੈ ਨਾ ਘਟਾਉਣੀ ਹੈ|

4) ਬਾਈਬਲ ਦੀ ਕਹਾਣੀ ਵਿਚ ਬਣੇ ਰਹੋ, ਕਿਸੇ ਹੋਰ ਪਾਸਿਓਂ ਸੂਚਨਾ ਲੈ ਕੇ ਜੋੜਨਾ ਨਹੀਂ ਹੈ|

5) ਸਰੋਤਿਆਂ ਨੂੰ ਵਿਚਾਰਸ਼ੀਲ ਹੋ ਕੇ ਉਤਸ਼ਾਹਿਤ ਕਰਨ ਵਾਲੇ ਉੱਤਰ ਦਿਓ ਜੋ ਕਿ ਵਲੰਟੀਅਰ ਦੀ ਤੌਰ ਤੋ ਅਤੇ ਜੋ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ|

6) ਉੱਤਰ ਦੇਣਵਾਲਿਆਂ ਦਾ ਪ੍ਰਤੀਉੱਤਰ ਸਹਿਜਤਾ ਨਾਲ ਦਿਓ|

7) ਸਰੋਤਿਆਂ ਨੂੰ ਕਹਾਣੀ ਵਿਚ ਸ਼ਾਮਿਲ ਕਰ ਕੇ ਉਸ ਵਿਚ ਦਿਲਚਸਪੀ ਪੈਦਾ ਕਰੋ|

8) ਕਹਾਣੀ ਵਿਚ ਨਿਰੀਖਣਾਂ ਵੱਲ ਦੀ ਅਗੁਵਾਈ ਇਸ ਤਰੀਕੇ ਦੇ ਪ੍ਰਸ਼ਨਾਂ ਰਾਹੀਂ ਕਰਨੀ ਜਿਨ੍ਹਾਂ ਦਾ ਮੌਖਕ ਤੌਰ 'ਤੇ ਸਿੱਖਣ ਵਾਲਾ ਜਵਾਬ ਦੇ ਸਕੇ|

9) ਆਤਮਿਕ ਪ੍ਰਯੋਗ ਅਜਿਹੇ ਪ੍ਰਸ਼ਨਾਂ ਦੇ ਰਾਹੀਂ ਦੱਸੋ ਜਿਨ੍ਹਾਂ ਨੂੰ ਮੌਖਕ ਤੌਰ 'ਤੇ ਸਿੱਖਣ ਵਾਲਾ ਜਵਾਬ ਦੇ ਸਕੇ|

10) ਪ੍ਰਚਾਰ ਨਹੀਂ ਕਰਨਾ|

11) ਕਹਾਣੀ ਨੂੰ ਛਾਲ ਮਾਰਨ ਵਾਲੇ ਫੱਟ ਦੀ ਤੰਰ 'ਤੇ ਸਿਖਾਉਣ ਲਈ ਇਸਤੇਮਾਲ ਨਾਲ ਕਰੋ ਕਿ ਜੋ ਤੁਹਾਨੂੰ ਵਿਸ਼ੇ ਪਸੰਦ ਹੈ ਉਹੀ ਸਿਖਾਓ| ਬਲਕਿ ਉਹ ਤਾਂ ਪਵਿੱਤਰ ਸ਼ਾਸਤਰ ਰਾਹੀਂ ਸਚਿਆਈ ਦੀ ਵਾਰਤਾਲਾਪ ਵਿਚ ਪਰਮੇਸ਼ਰ ਦੇ ਹੁਨਰ ਵਿਚ ਭਰੋਸਾ ਕਰਦੇ ਹਨ ਅਤੇ ਕਹਾਣੀ ਉਨ੍ਹਾਂ ਨੂੰ ਇਕ ਸੰਦੇਸ਼ ਦੇਣ ਵਾਲੀ ਹੋਵੇ|
12) STS ਦੇ ਪੇਸ਼ਕਾਰੀ ਦੇ 5 ਅਲਗ ਹਿੱਸਿਆਂ ਨੂੰ ਸਿਖਾਉਣ ਅਤੇ ਦਰਸ਼ਾਉਣ ਦੇ ਕਾਬਿਲ ਹੋਵੇ|

ਉੱਪਰ ਦੱਸੇ ਪੰਜ ਵੱਡੇ ਵਰਗਾਂ ਦੇ ਮੁੱਲਾਕਣ ਸਿਰਫ ਇਸ ਸਮਝ ਨੂੰ ਪ੍ਰਗਟ ਕਰਦੇ ਹਨ ਕਿ ਕਹਾਣੀਵਾਚਕ ਦੇ ਪੰਜ ਹਿੱਸਿਆਂ ਨੂੰ ਦਰਸ਼ਾ ਸਕੇ| ਇਨਾਂ ਵਿਚੋਂ ਕੋਈ ਵਰਗ ਜੋ ਛੱਡ ਦਿੱਤਾ ਗਿਆ ਹੈ ਜਾਂ ਸਹੀ ਤਰੀਕੇ ਨਾਲ ਪੇਸ਼ ਨਹੀਂ ਕੀਤਾ ਗਿਆ ਹੈ ''ਅ ਨ ਹੋ"(ਅਜੇ ਨਹੀਂ ਹੋਇਆ) ਹੋਵੇਗਾ| ਨਹੀਂ ਤਾਂ ਇਸ ਤਰ੍ਹਾਂ ਹੋਵੇਗਾ ''ਸ ਗ" ਅਰਥਾਤ ਸਮਝ ਗਏ!

ਸਿੱਖਿਅਕ ਨਿਰਧਾਰਨ -ਨਕਸ਼ਾ	ਮਿਤੀ	ਕਹਾਣੀ ਦਾ ਸ਼ੀਰਸ਼ਕ	ਵੇਰਵਾ	ਕਹਾਣੀ	ਦੋਬਾਰਾ ਦੱਸਣਾ	ਰਾਹੀਂ ਲੈ ਕੇ ਚੱਲਣਾ	ਨਿਰੀਖਣ	ਪ੍ਰਯੋਗ
ਕਹਾਣੀਵਾਚਕ ਦਾ ਨਾਮ								

ਸੰਪੂਰਨ ਸਿਫਾਰਿਸ਼ਾਂ

ਕੁਝ ਪਰਿੱਖਣ ਵਰਗਾਂ ਦੀਆਂ ਟਿੱਪਣੀਆਂ ਸਿੱਖਿਅਕ ਰਾਹੀਂ ਪ੍ਰਸੰਸਾ ਨਾਲ ਭਰੇ ਜਾਣੇ ਚਾਹੀਦੇ ਹਨ, ਜਦ ਕੋਈ ਕੰਮ ਅੱਛੇ ਤਰੀਕੇ ਨਾਲ ਕੀਤਾ ਹੋਵੇ| ਕੁਝ ਟਿੱਪਣੀਆਂ ਹੋ ਸਕਦਾ ਹੈ ਕਿ ਉਹ ਸਲਾਹ ਹੋਵੇ ਕਿ ਕਿਹੜੀਆਂ ਗੱਲਾਂ ਵਿਚ ਸੁਧਾਰ ਕਰਨ ਦੀ ਲੋੜ ਹੈ| ਬਹੁਤ ਸਾਰੇ ਵਿਸ਼ੇ ਬਾਰੇ ਕੁਝ ਨਹੀਂ ਲਿਖਿਆ ਹੋਵੇ ਗਾ ਜੇਕਰ ਉਹ ਚੰਗੀ ਤਰਾਂ ਹੋਏ ਹਨ| ਪੜਤਾਲ ਸੂਚੀ ਸਿੱਖਿਅਕ ਨੂੰ ਇਹ ਯਾਦ ਕਰਨ ਲਈ ਸਹਾਇਕ ਹੋਵੇਗੀ ਕਿ ਇਸ ਤੋਂ ਬਾਦ ਕੀ ਕਹਿਣਾ ਚਾਹੀਦਾ ਹੈ ਤਾਂ ਜੋ STS ਦੀ ਪੇਸ਼ਕਸ਼ ਦਾ ਵਹਾਓ ਬਿਨਾਂ ਕਿਸੇ ਅੜਚਨ ਦੇ ਹੋ ਸਕੇ| ਜੇਕਰ ਇਹ ਸਹਾਇਕ ਹੋਵੇਗਾ, ਕਹਾਣੀ ਦੁਬਾਰਾ ਅਰੰਭ ਹੋ ਸਕਦੀ ਹੈ, ਜਦ ਕੋਈ ਕਹਾਣੀ ਵਾਚਕ ਘਬਰਾਕੇ ਭੁੱਲ ਜਾਵੇ|

ਤੀਜੀ ਵਾਰ ਪੇਸ਼ ਕੀਤੀ ਗਈ ਕਹਾਣੀ ਲਈ ਪੱਰਿਖਣ ਸਮਖਿਆ

	ਕਹਾਣੀ, ਟਿੱਪਣੀਆਂ
1. ਭੂਮਿਕਾ	
2. ਦਰੁਸਤੀ	

3. ਸੁਣਨ ਦੀ ਦਿਲਚਸਪੀ	
4. ਕਹਾਣੀ ਵਿਚ ਠਹਿਰਾਓ	
5. ਕਹਾਣੀ ਦੀ ਭਾਵਨਾ	
6. ਹਾਵ ਭਾਵ	
	ਵਲੰਟੀਅਰ, ਟਿੱਪਣੀਆਂ
1. ਵਲੰਟੀਅਰ ਨੂੰ ਉਭਾਰਨਾ	
2. ਉਤਸ਼ਾਹਿਤ ਕਰਨਾ	
3. ਵਲੰਟੀਅਰ ਦੀ ਦਰੁਸਤੀ	
	ਕਹਾਣੀ ਰਾਹੀਂ ਅਗੁਵਾਈ ਕਰਨਾ
1. ਠੀਕ ਸਮੇ ਉੱਤੇ ਪੂਰੀ ਹੋਈ	
2. ਭਿੰਨ ਭਿੰਨ ਪ੍ਰਕਾਰ ਢੰਗ	
3. ਭਾਗੀਦਾਰੀ	
4. ਸਚਿਆਈ/ਦਰੁਸਤੀ	

ਦੇ ਪ੍ਰਕਾਰ ਦੇ ਆਤਮਿਕ ਖ਼ਜ਼ਾਨਿਆਂ ਲਈ ਪੱਰਿਖਣ ਸਮਖਿਆ

	ਆਤਮਿਕ ਨਿਰੀਖਣ, ਟਿੱਪਣੀਆਂ
1. ਮੁੱਖ ਸ਼ਬਦਾਂ ਦਾ ਇਸਤੇਮਾਲ	

2. ਮੌਖਕੀ ਪ੍ਰਸ਼ਨ	
3. ਇਸ਼ਾਰੇ ਦੇ ਰੂਪ ਵਿਚ ਹਾਵ ਭਾਵ	
4. ਉੱਚਿਤ ਨਿਰੀਖਣ	
5. ਆਪਸ ਵਿਚ ਵਿਚਾਰ ਵਟਾਂਦਰਾ	
6.ਗਰੁੱਪ ਵਿਚ ਆਪਸੀ ਵਾਰਤਾਲਾਪ	
7. ਭਿੰਨ ਭਿੰਨ ਪਰਿਵਰਤਨ	
8. ਪੁਸ਼ਟੀਆਂ	
9. ਕਹਾਣੀ ਵਿਚ ਉੱਤਰ	
10. ਖ਼ਜ਼ਾਨਿਆਂ ਵੱਲ ਅਗੁਵਾਈ	
11. ਚੰਗੀ ਤਰ੍ਹਾਂ ਸੁਣਨਾ	
12.ਅਜਿਹਾ ਹੋਵੇ ਕਿ ਕਹਾਣੀ ਸਿਖਾਵੇ	
	ਆਤਮਿਕ ਪ੍ਰਯੋਗ, ਟਿੱਪਣੀਆਂ
1. ਮੌਖਕੀ ਪ੍ਰਸ਼ਨ	
2. ਇਸ਼ਾਰੇ ਦੇ ਰੂਪ ਵਿਚ ਹਾਵ ਭਾਵ	
3. ਉੱਚਿਤ ਪ੍ਰਯੋਗ	
4. ਆਪਸ ਵਿਚ ਵਿਚਾਰ ਵਟਾਂਦਰਾ	
5.ਗਰੁੱਪ ਵਿਚ ਆਪਸੀ ਵਾਰਤਾਲਾਪ	
6. ਭਿੰਨ ਭਿੰਨ ਪਰਿਵਰਤਨ	
7. ਪੁਸ਼ਟੀਆਂ	
8. ਕਹਾਣੀ ਵਿਚ ਪ੍ਰਯੋਗ	

9. ਅਗੁਵਾਈ ਕੀਤੇ ਗਏ ਜਾਂ ਦੱਸੇ ਗਏ ਪ੍ਰਯੋਗ	
10. ਪ੍ਰਾਪਤ ਕਰਨ ਯੋਗ ਪ੍ਰਸ਼ਨ	
11. ਪ੍ਰਚਾਰ ਤੋਂ ਬਚੋ	

ਸਮੂਚੇ ਤੌਰ 'ਤੇ ਗਰੁੱਪ ਨੂੰ ਚਲਾਉਣਾ

1. ਸਮੱਸਿਆ ਨੂੰ ਸੁਲਝਾਉਣਾ	
2. ਕਹਾਣੀ ਤੋਂ ਬਾਹਰ ਦੇ ਪ੍ਰਸ਼ਨਾਂ ਦੇ ਉੱਤਰ	
3. ਗਰੁੱਪ ਵਿਚ ਵਿਚਾਰ ਵਟਾਂਦਰਾ	

ਪੂਰਕ ਭਾਗ ਅ: ਕਹਾਣੀ ਦੇ ਨਮੂਨੇ ਰਾਹੀਂ ਇਕ ਸਫਰ:

ਪ੍ਰਸ਼ਨ ਕਿਸ ਤਰ੍ਹਾਂ ਤਿਆਰ ਕਰੀਏ

ਜ਼ੱਕੀ, ਲੂਕਾ 19:1-10

ਜਿਸ ਤਰ੍ਹਾਂ ਕਿ ਇਸ ਅਧਿਆਏ ਦਾ ਸ਼ੀਰਸ਼ਕ ਦੱਸਦਾ ਹੈ, ਅਸੀਂ ਇਕ ਵਾਰ ਫਿਰ ਇਕ ਹੋਰ ਨਮੂਨਾ ਕਹਾਣੀ ਦੇ ਸਫਰ ਉੱਤੇ ਜਾ ਰਹੇ ਹਾਂ। ਜਿਸ ਇਸ ਅਧਿਐਨ ਲਈ ਅਸੀਂ ਜ਼ੱਕੀ ਦੀ ਕਹਾਣੀ ਨੂੰ ਚੁਣਿਆਂ ਹੈ, ਖਾਸ ਕਰਕੇ ਕਿਉਂਕਿ ਅਕਸਰ ਇਸ ਨੂੰ ਬੱਚਿਆਂ ਦੀ ਕਹਾਣੀ ਦੇ ਰੂਪ ਵਿਚ ਲਿਆ ਜਾਂਦਾ ਹੈ| ਪਰ ਇਹ ਵੀ ਬਹੁਤ ਗਹਿਰੀ ਹੈ|

ਇਹ ਕਹਾਣੀ ਅਕਸਰ ਇਸ ਤਰ੍ਹਾਂ ਸੁਣਾਈ ਜਾਂਦੀ ਹੈ: “ਇਕ ਗਿੱਠੇ ਕੱਦ ਦਾ ਵਿਅਕਤੀ ਜਿਸ ਦਾ ਨਾਮ ਜ਼ੱਕੀ ਸੀ ਯਿਸੂ ਨੂੰ ਵੇਖਣਾ ਚਾਹੁੰਦਾ ਸੀ, ਇਸ ਲਈ ਉਹ ਗੂਲਰ ਦੇ ਦਰਖ਼ਤ ਉੱਤੇ ਚੜ੍ਹ ਗਿਆ ਤਾਂ ਜੋ ਉਹ ਉਸ ਨੂੰ ਵੇਖ ਸਕੇ, ਕਿਉਂਕਿ ਉਹ ਭੀੜ ਦੇ ਕਾਰਨ ਯਿਸੂ ਨੂੰ ਵੇਖ ਨਹੀਂ ਸਕਦਾ ਸੀ| ਇਸ ਕਹਾਣੀ ਦੀ ਭੀੜ ਉਸ ਨੂੰ ਪਸੰਦ ਨਹੀਂ ਕਰਦੀ ਸੀ, ਕਿਉਂਕਿ ਉਹ ਮਹਿਸੂਲ ਲੈਣ ਵਾਲਾ ਸੀ, ਪਰ ਯਿਸੂ ਉਸ ਉੱਤੇ ਧਿਆਨ ਕਰਦਾ ਹੈ ਅਤੇ ਭੋਜਨ ਲਈ ਯਿਸੂ ਉਸ ਦੇ ਘਰ ਆਉਂਦਾ ਹੈ ਅਤੇ ਸਾਨੂੰ ਜ਼ੱਕੀ ਜਿਹਾ ਹੋਣਾ ਚਾਹੀਦਾ ਹੈ|”

ਬੇਸ਼ਕ ਇਹ ਸਾਰੀਆਂ ਗੱਲਾਂ ਇਸ ਕਹਾਣੀ ਵਿਚ ਹਨ, ਇਸ ਤੋਂ ਵੀ ਵੱਧ ਕੇ, ਬਲਕਿ ਹੋਰ ਵੱਧ ਕੇ ਇਸ ਵਿਚੋਂ ਭਾਲਿਆ ਜਾ ਸਕਦਾ ਹੈ| ਜਿਵੇਂ ਜਿਵੇਂ ਅਸੀਂ STS ਦੇ ਤਰੀਕੇ ਨਾਲ ਕਹਾਣੀ ਵਿਚ ਜਾਂਦੇ ਹਾਂ, ਕਹਾਣੀ ਦੇ ਬਹੁਤ ਸਾਰੇ ਲੁਕੇ ਖ਼ਜ਼ਾਨੇ ਸਾਹਮਣੇ ਆਉਂਦੇ ਹਨ|

ਜਿਵੇਂ ਅਸੀਂ ਜ਼ੱਕੀ ਦੀ ਕਹਾਣੀ ਦੀ ਵਿਖਾਖਿਆ ਕਰਦੇ ਹਾਂ, STS ਦੇ ਤਰੀਕੇ ਨੂੰ ਦੱਸਣ ਲਈ ਅਸੀਂ ਵੱਖ ਵੱਖ ਤਰੀਕਿਆਂ ਦਾ ਇਸਤੇਮਾਲ ਕਰਾਂਗੇ, ਅਤੇ ਅਸੀਂ STS ਦੇ ਇਕੋ ਗੱਲ ਉੱਤੇ ਧਿਆਨ ਕਰਾਂਗੇ ਅਰਥਾਤ ਪ੍ਰਸ਼ਨਾਂ ਨੂੰ ਤਿਆਰ ਕਰਨਾ।

ਕੁਝ ਲਿਖੇ ਹੋਏ ਪ੍ਰਸ਼ਨ ਵੀ ਹੋਣਗੇ ਜੋ ਕਿ ਦੱਸਦੇ ਹਨ ਕਿ ਅਕਸਰ ਤੁਹਾਡੇ ਵਿਚਾਰਾਂ ਵਿਚ ਕੀ ਹੈ। ਕਿਉਂਕਿ ਤਿਆਰੀ ਉੱਤੇ ਗੱਲ ਬਾਤ ਕਰਨ ਲਈ ਅਸੀਂ ਤੁਹਾਡੇ ਆਮਣੇ ਸਾਮਣੇ ਨਹੀਂ ਹਾਂ ਇਸ ਲਈ ਤੁਹਾਡੇ ਮਨਾਂ ਤਕ ਪਹੁੰਚਾਉਣ ਲਈ ਅਸੀਂ ਇਸ ਤਰੀਕੇ ਨੂੰ ਚੁਣਿਆ ਹੈ ਅਰਥਾਤ ਅਸੀਂ ਇਸ ਨੂੰ ਲਿਖਿਆ ਹੈ।

ਬਾਈਬਲ ਦੀ ਕਹਾਣੀ ਦੀ ਇਹ ਤਿਆਰੀ ਖਜਾਨੇ ਭਾਲਣ ਦੀ ਅਤੇ ਉਨ੍ਹਾਂ ਖਜਾਨਿਆਂ ਵਿਚੋਂ ਪ੍ਰਸ਼ਨ ਤਿਅਰ ਕਰਨ ਦੀ ਇਕ ਖਾਸ ਕ੍ਰਿਆ ਹੈ। ਜਦ ਤੁਸੀਂ ਇਸ ਨੂੰ ਆਪਣੇ ਮਨ ਵਿਚ ਕਰਦੇ ਹੋ, ਤਾਂ ਕਹਾਣੀ ਹਿ ਤੁਹਾਡਾ ਨੋਟਸ ਬਣ ਜਾਂਦੀ ਹੈ। ਕਹਾਣੀ ਇਕ ਕਪੜੇ ਟੰਗਣ ਵਾਲੀ ਰੱਸੀ ਵਾਂਗ ਬਣ ਜਾਂਦੀ ਹੈ। ਜਸ ਤੁਸੀਂ ਆਪਣੇ ਮਨ ਵਿਚ ਇਸ ਰੱਸੀ ਦੇ ਨਾਲ ਨਾਲ ਚੱਲਦੇ ਹੋ ਤਾਂ ਤੁਸੀਂ ਇਸ ਉੱਤੇ ਆਪਣੇ ਖਜਾਨੇ ਅਤੇ ਪ੍ਰਸ਼ਨ ਟੰਗ ਦਿੰਦੇ ਹੋ।

ਜਦ ਤੁਸੀਂ ਇਸ ਅਧਿਆਏ ਦੇ ਆਕਾਰ ਨੂੰ ਵੇਖਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਧੱਕਾ ਜਿਹਾ ਲੱਗੇ ਕਿ ''ਇਹ ਅਧਿਆਏ ਤਾਂ ਬਹੁਤ ਹੀ ਲੰਮਾ ਹੈ!" ਪਰ ਜਦ ਤੁਸੀਂ ਇਸ ਨੂੰ ਜਿਵੇਂ ਹੀ ਅਰੰਭ ਕਰੋਗੇ ਤਾਂ ਤੁਸੀਂ ਕਹੋਗੇ ਕਿ ''ਇਸ ਵਿਚ ਤਾਂ ਬਹੁਤ ਸਾਰੀਆਂ ਗੱਲਾਂ ਦੀ ਵਾਰ ਵਾਰ ਆਈਆਂ ਹਨ!" ਸਪੱਸ਼ਟ ਤੌਰ 'ਤੇ, ਕੁਝ ਲੋਕਾਂ ਲਈ STS ਦੀ ਪੜਤਾਲ ਕਰਨਾ, ਅਤੇ ਵੇਖਣ ਹੈ ਕਿ ਪ੍ਰਸ਼ਨ ਤਿਆਰ ਕਰਨ ਵਿਚ ਇਹ ਤੁਹਾਡੀ ਮਦਦ ਕਰੇ।

ਦਰਅਸਲ, ਕੁਝ ਲੋਕਾਂ ਲਈ, ਇਹ ਅਧਿਆਏ ਜਿਥੇ ਉਹ ਪ੍ਰਸ਼ਨ ਤਿਆਰ ਕਰਨ ਦੇ ਬਾਰੇ ਸਪਸ਼ਟਤਾ ਪ੍ਰਾਪਤ ਕਰਦੇ ਹਨ ਕਿ ਕਿਸ ਤਰ੍ਹਾਂ ਬਣਾਏ ਜਾਣ।

ਦਰਅਸਲ, ਕੁਝ ਲੋਕਾਂ ਲਈ, ਇਹ ਅਧਿਆਏ ਜਥੇ ਉਹ ਪ੍ਰਸ਼ਨ ਤਿਆਰ ਕਰਨ ਦੇ ਬਾਰੇ ਸਪਸ਼ਟਤਾ ਪ੍ਰਾਪਤ ਕਰਦੇ ਹਨ ਕਿ ਕਿਸ ਤਰ੍ਹਾਂ ਬਣਾਏ ਜਾਣ।

ਪਹਿਲੀ ਵਾਰ ਜਦ ਤੁਸੀਂ ਜ਼ੱਕੀ ਦੀ ਕਹਾਣੀ ਦੀ ਆਪ ਵਿਆਖਿਆ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਆਪ ਉਨੇ ਖਜਾਨੇ ਨਾ ਭਾਲ ਸਕੋ ਜਿੰਨੇ ਇਥੇ ਦੱਸੇ ਗਏ ਹਨ| ਧਿਆਨ ਦਿਓ ਕਿ ਅਸੀਂ ਇਸ ਕਹਾਣੀ ਨੂੰ ਸੰਸਾਰ ਵਿਚ ਕਈ ਥਾਵਾਂ ਉੱਤੇ ਸੁਣਇਆ ਹੈ, ਉਸ ਸਮੇ ਦੇ ਦੌਰਾਨ, ਦੂਜਿਆਂ ਨਾਲ ਵਿਚਾਰ ਵਟਾਂਦਰੇ ਦੇ ਰਾਹੀਂ ਅਸੀਂ ਬਹੁਤ ਕੁਝ ਸਿੱਖਿਆ ਹੈ| ਇਸ ਜਾਣਕਾਰੀ ਨੂੰ ਅਸੀਂ ਕਈ ਵਾਰ ਇਕੱਠਾ ਕੀਤਾ ਹੈ, ਇਸ ਨੇ ਸਾਨੂੰ ਇਸ ਯੋਗ ਬਣਾਇਆ ਹੈ ਕਿ ਅਸੀਂ ਹੁਣ ਤੁਹਾਡੇ ਨਾਲ ਬਹੁਤ ਸਾਰੇ ਖਜਾਨਿਆਂ ਨੂੰ ਸਾਂਝਾ ਕਰੀਏ| ਦਰਅਸਲ, ਤੁਸੀਂ ਹੋਰਾਂ ਤੋਂ ਵੀ ਜਾਣਕਾਰੀਆਂ ਨੂੰ ਪ੍ਰਾਪਤ ਕਰੋਰੇ, ਇਹੀ ਤਾਂ STS ਦੇ ਗਰੁੱਪ ਸਹਿਭਾਗਿਤਾ ਵਿਚ ਹੁੰਦਾ ਹੈ|

ਜਿਵੇਂ ਜਿਵੇਂ ਤੁਸੀਂ ਇਸ ਦੀ ਤਿਆਰੀ ਕਰੋਗੇ ਅਤੇ ਕਹਾਣੀਆਂ ਨੂੰ STS ਦੇ ਤਰੀਕੇ ਨਾਲ ਪੇਸ਼ ਕਰੋਗੇ, ਤਾਂ ਤੁਸੀਂ ਵੀ ਹੋਰ ਵੱਧ ਖਜਾਨੇ ਲੱਭੋਗੇ| ਦਰਅਸਲ, ਤੁਸੀਂ ਇਸ ਕਹਾਣੀ ਵਿਚ ਦੁਬਾਰਾ ਵਾਪਿਸ ਜਾ ਸਕਦੇ ਹੋ ਅਤੇ ਹੋਰ ਵੀ ਵੱਧ ਖਜਾਨੇ ਲੱਭ ਸਕਦੇ ਹੋ! ਪਰਮੇਸ਼ਰ ਦਾ ਵਚਨ ਇਸੇ ਹੀ ਤਰ੍ਹਾਂ ਹੈ| ਤੁਸੀਂ ਇਸ ਦੀਆਂ ਸਚਿਆਈਆਂ ਨੂੰ ਲੈਂਦੇ ਹੋਏ ਕਦੀ ਵੀ ਨਹੀਂ ਥੱਕੋਗੇ|

ਇਸ ਅਧਿਆਏ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ: ਜ਼ੱਕੀ ਦੀ ਕਹਾਣੀ ਪੜ੍ਹਨ ਅਤੇ ਸਿੱਖਣ ਤੋਂ ਬਾਦ, ਅਸੀਂ ਤੁਹਾਨੂੰ ਵਿਖਾਵਾਂਗੇ ਕਿ ਕਿਸ ਤਰ੍ਹਾਂ ਕਹਾਣੀ ਵਿਚੋਂ ਆਤਮਿਕ ਖਜਾਨੇ ਭਾਲਣੇ ਹਨ ਅਤੇ ਫਿਰ ਦੂਜਿਆਂ ਨੂੰ ਉਸ ਖਜਾਨੇ ਤਕ ਲੈ ਕੇ ਜਾਣ ਲਈ ਕਿਸ ਤਰ੍ਹਾਂ ਪ੍ਰਸ਼ਨ ਤਿਆਰ ਕਰਨੇ ਹਨ|

ਹੋ ਸਕਦਾ ਹੈ ਕਿ ਤੁਸੀਂ ਨਾ ਵੇਖੋਂ ਜਾਂ ਕੁਝ ਆਤਮਿਕ ਨਿਰੀਖਣਾਂ ਨਾਲ ਸਹਿਮਤ ਨਾ ਹੋਵੋ ਜੋ ਅਸੀਂ ਦੱਸੇ ਹਨ| ਇਹ ਕੋਈ ਖਾਸ ਗੱਲ ਨਹੀਂ ਹਨ| ਇਸ ਨੂੰ ਸਮੱਸਿਆ ਦੇ ਤੌਰ ਤੇ ਨਹੀਂ ਸਮਝ੍ਹਣਾ

ਚਾਹੀਦਾ| ਜਦ ਤੁਸੀਂ ਦੂਜਿਆਂ ਨੂੰ ਸਿਖਾਉਣ ਲਈ STS ਦੇ ਤਰੀਕੇ ਦਾ ਇਸਤੇਮਾਲ ਕਰਦੇ ਹੋ, ਤੁਸੀਂ ਉਹੀ ਦੱਸੋਗੇ ਜੋ ਤੁਸੀਂ ਵਿਅਕਤੀਗਤ ਤੌਰ 'ਤੇ ਉਸ ਕਹਾਣੀ ਵਿਚ ਸਾਫ ਸਾਫ ਵੇਖਿਆ ਹੈ| ਅਸੀਂ ਕੁਝ ਵਿਚਾਰ ਦੇ ਰਹੇ ਹਾਂ ਉਹ ਸਿਰਫ, ਵਿਚਾਰ ਵਟਾਂਦਰੇ ਲਈ ਹਨ| ਜਿਵੇਂ ਜਿਵੇਂ ਗਰੁੱਪ ਵਿਚ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ, ਅਕਸਰ ਪਰਮੇਸ਼ਰ ਦੂਜਿਆਂ ਦੇ ਰਾਹੀਂ ਗੱਲ ਬਾਤ ਕਰਦਾ ਹੈ, ਅਤੇ ਉਸ ਹਿੱਸੇ ਵਿਚੋਂ ਕੋਈ ਨਵੀਂ ਸਮਝ ਦਾ ਪ੍ਰਕਾਸ਼ਨ ਸਾਹਮਣੇ ਆਉਂਦਾ ਹੈ| ਅਸੀਂ ਜਾਣਦੇ ਹਾਂ ਕਿ ਦੂਜਿਆਂ ਦੀ ਅਗਵਾਈ ਕਰਨ ਲਈ ਪ੍ਰਸ਼ਨ ਤਿਆਰ ਕਰਨਾ STS ਦੇ ਹਿੱਸੇ ਦਾ ਇਕ ਚੁਨੌਤੀਪੂਰਨ ਕੰਮ ਹੈ| ਸਾਨੂੰ ਆਸ ਹੈ ਕਿ ਇਥੇ ਦੁਹਰਾਏ ਜਾਣ ਨਾਲ ਤੁਹਾਨੂੰ ਇਸ ਨਵੇਂ ਤਰੀਕੇ ਵਿਚ ਸੁਖਾਲੇ ਹੋਣ ਲਈ ਮਦਦ ਮਿਲੇਗੀ|

ਜਦ ਤੁਸੀਂ ਅਸਲ ਵਿਚ ਇਹ ਕਹਾਣੀ ਸਿਖਾਉਂਦੇ ਹੋ, ਸਮੇ ਦੀ ਘਾਟ ਦੇ ਜਾਂ ਕਿਸੇ ਹੋਰ ਕਾਰਨ, ਤੁਸੀਂ ਇਨ੍ਹਾਂ ਵਿਚੋਂ ਕੁਝ ਖਜਾਨਿਆਂ ਦਾ ਕਿਸੇ ਵੀ ਸਮੇ ਇਸਤੇਮਾਲ ਕਰ ਸਕਦੇ ਹੋ|

ਆਓ ਅਸੀਂ ਅਰੰਭ ਕਰੀਏ:

ਇਸ ਅਭਿਆਸ ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਪਹਿਲਾਂ ਤੁਸੀਂ STS ਦੇ ਤਰੀਕੇ ਨਾਲ ਦਸ ਵਚਨਾਂ ਦੀ ਕਹਾਣੀ ਨੂੰ ਸਿੱਖੋ|

(ਕਹਾਣੀ ਦਾ ਹਵਾਲਾ ਹੇਠਾਂ ਇਸ ਤਰ੍ਹਾਂ ਹੈ|)

ਉਸੇ ਹੀ ਤਰ੍ਹਾਂ ਹੈ ਜਿਸ ਤਰ੍ਹਾਂ STS ਦੀ ਹਸਤਪੁਸਤਿਕਾ ਵਿਚ ਦਰਸ਼ਾਈਆ ਗਿਆ ਕਿ ਕਹਾਣੀ ਕਿਸ ਤਰ੍ਹਾਂ ਸਿੱਖਣਾ ਹੈ:

1. ਇਹ ਦਸ ਵਚਨ ਕਹਾਣੀ ਇਕ ਵਾਰੀ ਸਾਰੀ ਪੜ੍ਹੋ, **ਉੱਚੀ ਅਵਾਜ਼ ਵਿਚ**|

2. ਜਦ ਤੁਸੀਂ ਪੜ੍ਹਦੇ ਹੋ, **ਆਪਣੇ ਸੁਭਾਵਕ ਸ਼ਬਦਾਂ ਵਿਚ ਪੜ੍ਹੋ**| ਉਦਾਹਰਣ ਲਈ, ਮਹਿਸੂਲੀਆ ਕਹਿਣ ਦੀ ਬਜਾਏ ਮਹਿਸੂਲ ਲੈਣ ਵਾਲਾ ਤੁਸੀਂ ਕਹਿ ਸਕਦੇ ਹੋ|

3. ਆਪਣੇ ਮਨ ਦੀਆਂ ਅੱਖਾਂ ਨਾਲ ਵੇਖੋ ਕਿ ਕਹਾਣੀ ਵਿਚ ਕੀ ਹੋ ਰਿਹਾ ਹੈ|

4. ਆਪਣੀ ਕਹਾਣੀ ਨੂੰ ਪੜ੍ਹਨ ਤੋਂ ਤੁਰੰਤ ਬਾਦ, **ਆਪਣੀਆਂ ਅੱਖਾਂ ਬੰਦ ਕਰੋ ਅਤੇ ਜਿੰਨਾ ਤੁਸੀਂ ਯਾਦ ਕਰ ਸਕਦੇ ਹੋ** ਓਨਾ ਉਸ ਕਹਾਣੀ ਨੂੰ ਮੂੰਹ ਜਬਾਨੀ ਬੋਲੋ| ਤੁਸੀਂ ਕਹਾਣੀ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਨਾ ਕਿ ਕਹਾਣੀ ਦੀ ਹੂ ਬ ਹੂ ਸ਼ਬਦ|

5.ਤਦ ਫਿਰ ਵਾਪਿਸ ਜਾਓ ਅਤੇ ਇਸ ਨੂੰ ਦੋਬਾਰਾ **ਉੱਚੀ ਅਵਾਜ਼ ਵਿਚ ਪੜ੍ਹੋ**| ਤੁਸੀਂ ਵੇਖੋਗੇ ਕਿ ਕੁਝ ਹਿੱਸੇ ਤੁਸੀਂ ਛੱਡ ਗਏ ਹੋ|

6.ਆਪਣੀਆਂ ਅੱਖਾਂ ਬੰਦ ਕਰੋ ਅਤੇ ਸਾਰੀ ਕਹਾਣੀ ਫਿਰ **ਉੱਚੀ ਅਵਾਜ਼** ਵਿਚ ਦੁਹਰਾਓ|

ਅਕਸਰ, ਚਾਰ ਵਾਰ ਕਹਾਣੀ ਪੜ੍ਹਨ ਅਤੇ ਇਸ ਤਰ੍ਹਾਂ ਕਹਾਣੀ ਦੁਹਰਾਉਣਤੋਂ ਬਾਦ, ਤੁਸੀਂ ਵੇਖੋਗੇ ਕਿ ਤੁਸੀਂ ਸਾਰੀ ਕਹਾਣੀ ਸੁਣਾ ਸਕਦੇ ਹੋ!

ਜੇਕਰ ਚਾਰ ਤੋਂ ਛੇ ਵਾਰ ਕਰਨ ਤੋਂ ਬਾਦ, ਤੁਹਾਨੂੰ ਅਜੇ ਵੀ ਕਹਾਣੀ ਯਾਦ ਕਰਨ ਵਿਚ ਮੁਸ਼ਕਿਲ ਆ ਰਹੀ ਹੈ, ਇਹ ਹੋ ਸਕਦਾ ਹੈ ਕਿ ਤੁਸੀਂ STS ਦੇ ਤਰੀਕੇ ਨੂੰ ਕਿਸੇ ਨਾ ਕਿਸੇ ਤਰ੍ਹਾਂ ਕੁਝ ਬਦਲ ਦਿੱਤਾ ਹੈ! ਇਸ ਲਈ ਅਸੀਂ ਸਿਫਾਰਿਸ਼ ਕਰਦੇ ਹਾਂ ਕਿ 1 ਤੋਂ 6 ਵਾਰ ਪੜ੍ਹੋ, ਜੇਕਰ ਅਜੇ ਵੀ ਕਹਾਣੀ

ਯਾਦ ਕਰਨ ਵਿਚ ਮੁਸ਼ਕਿਲ ਆ ਰਹੀ ਹੈ ਤਾਂ ਸੰਭਾਵਨਾ ਹੈ ਕਿ ਆਪਣੇ ਪੁਰਾਣੇ ਤਰੀਕੇ ਵਿਚ ਪਹੁੰਚ ਗਏ, ਉਨ੍ਹਾਂ ਨੇ ਯਾਦ ਕਰਨ ਲਈ ਨਵਾਂ ਤਰੀਕਾ ਨਹੀਂ ਅਪਨਾਇਆ ਹੈ।
ਉਨ੍ਹਾਂ ਨੇ STS ਦੇ ਤਰੀਕੇ ਨੂੰ ਬਦਲ ਦਿੱਤਾ ਹੈ।
ਜੇਕਰ ਤੁਹਾਨੂੰ ਕਹਾਣੀ ਯਾਦ ਕਰਨ ਵਿਚ ਮੁਸ਼ਕਿਲ ਹੋ ਰਹੀ ਹੈ ਤਾਂ ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਵਾਪਿਸ ਜਾਓ ਅਤੇ ਸਿੱਖਣ ਦੇ ਤਰੀਕਿਆਂ ਦੀ ਫਿਰ ਤੋਂ ਸਮੀਖਿਆ ਕਰੋ ਅਤੇ ਇਸ ਜ਼ੱਕੀ ਦੀ ਕਹਾਣੀ ਨੂੰ STS ਦੇ ਤਰੀਕੇ ਨਾਲ ਯਾਦ ਕਰਨ ਦਾ ਜਤਨ ਕਰੋ| ਇਸ ਵਾਰ ਕੋਈ ਲਿਖੀ ਹੋਈ ਕਹਾਣੀ ਵਿਚ ਕੋਈ ਕੰਜੂਸੀ ਨਹੀਂ ਕਰਨੀ, ਜਦ ਤੁਸੀਂ ਕਹਾਣੀ ਨੂੰ ਦੁਹਰਾਉਣ ਦੀ ਕੋਸ਼ਿਸ਼ ਕਰ ਰਹੋ ਹੋ ਅਤੇ ਯਾਦ ਰੱਖੋ ? **ਉੱਚਾ ਪੜ੍ਹੋ** ਅਤੇ ਫਿਰ ਦੁਹਰਾਓ? **ਉੱਚੀ ਅਵਾਜ਼** ਵਿਚ!

ਉਹ ਯਰੀਹੋ ਦੇ ਅੰਦਰ ਜਾ ਕੇ ਵਿਚੋਂ ਦੀ ਲੰਘ ਰਿਹਾ ਸੀ| ਅਰ ਵੇਖੋ ਜ਼ੱਕੀ ਨਾਉਂ ਦਾ ਇਕ ਪੁਰਖ ਸੀ, ਜਿਹੜਾ ਮਸੂਲੀਆਂ ਦਾ ਸਰਦਾਰ ਅਤੇ ਧਨਵਾਨ ਸੀ| ਅਤੇ ਉਸ ਨੇ ਯਿਸੂ ਵੇਖਣ ਦਾ ਜਤਨ ਕੀਤਾ ਭਈ ਉਹ ਕੌਣ ਹੈ ਪਰ ਭੀੜ ਦੇ ਕਾਰਨ ਵੇਖ ਨਾ ਸੱਕਿਆ ਕਿਉਂਜੋ ਉਹ ਕੱਦ ਦਾ ਮਧਰਾ ਹੈਸੀ| ਸੋ ਉਹ ਅੱਗੋਂ ਦੌੜ ਕੇ ਇਕ ਗੂਲਰ ਦੇ ਬਿਰਛ ਉੱਤੇ ਚੜ੍ਹ ਗਿਆ ਭਈ ਉਸ ਨੂੰ ਦੇਖੇ ਕਿਉਂ ਜੋ ਉਸ ਨੇ ਓਸੇ ਰਸਤਿਓਂ ਲੰਘਣਾ ਸੀ|

ਪਰ ਯਿਸੂ ਜਾਂ ਉਸ ਥਾਂ ਆਇਆ ਤਾਂ ਉਤਾਹਾਂ ਨਜ਼ਰ ਮਾਰ ਕੇ ਉਹ ਨੂੰ ਆਖਿਆ, ਹੇ ਜ਼ੱਕੀ ਛੇਤੀ ਨਾਲ ਉੱਤਰ ਆ ਕਿਉਂਕਿ ਅੱਜ ਮੈਂ ਤੇਰੇ ਹੀ ਘਰ ਰਹਿਣਾ ਹੈ| ਤਾਂ ਉਹ ਛੇਤੀ ਉੱਤਰ ਆਇਆ ਅਤੇ ਖੁਸ਼ੀ ਨਾਲ ਉਸ ਦਾ ਆਦਰ ਭਾਉ ਕੀਤਾ| ਤਾਂ ਸਭ ਵੇਖ ਕੇ ਕੁੜ੍ਹਨ ਲੱਗੇ ਅਤੇ ਬੋਲੇ ਜੋ ਉਹ ਇੱਕ ਪਾਪੀ ਮਨੁੱਖ ਦੇ ਘਰ ਜਾ ਉੱਤਰਿਆ ਹੈ|

ਪਰ ਜ਼ੱਕੀ ਨੇ ਖੜ੍ਹੇ ਕੇ ਪ੍ਰਭੂ ਨੂੰ ਕਿਹਾ, ਪ੍ਰਭੂ ਜੀ ਵੇਖ ਆਪਣਾ ਅੱਧਾ ਮਾਲ ਕੰਗਾਲਾਂ ਨੂੰ ਦਿੰਦਾ ਹਾ ਅਰ ਜੇ ਮੈਂ ਕਿਸੇ ਉੱਤੇ ਊਜ ਲਾ ਕੇ ਕੁਝ ਲੈ ਲਿਆ ਹੈ ਤਾਂ ਚੌਗੁਣਾ ਮੋੜ ਦਿੰਦਾ ਹਾਂ| ਯਿਸੂ ਨੇ ਉਹ ਨੂੰ ਆਖਿਆ, ਅੱਜ ਇਸ ਘਰ ਵਿਚ ਮੁਕਤੀ ਆਈ ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤ੍ਰ ਹੈ| ਕਿਉਂ ਜੋ ਮਨੁੱਖ ਦਾ ਪੁੱਤ੍ਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ|(ਲੂਕਾ 19:1-10)

ਕਿਰਪਾ ਕਰਕੇ ਧਿਆਨ ਦਿਓ

ਆਪਣੀ ਕਹਾਣੀ ਤਿਆਰ ਕਰਨ ਤੋਂ ਬਾਦ, ਤੁਹਾਨੂੰ ਲੱਗੇ ਕਿ ਕਹਾਣੀ ਤਿਆਰ ਕਰਨ ਦੇ ਦੌਰਾਨ ਜਿਹੜੇ ਵਿਚਾਰ ਤੁਹਾਨੂੰ ਮਿਲੇ ਉਨ੍ਹਾਂ ਦੀ ਪੁਸ਼ਟੀ ਨੂੰ ਸਿੱਧ ਕਰਨਾ ਤੁਹਾਡੇ ਲਈ ਮੁਸ਼ਕਿਲ ਹੈ। ਜਦ ਇਸ ਨੂੰ ਸਿਖਾਉਂਦੇ ਹੋ ਤਾਂ ਜਿਹੜੇ ਅਧੂਰੇ ਵਿਚਾਰ ਹੋਣ ਦੂਜਿਆਂ ਨੂੰ ਸਿਖਾਉਣ ਵਿਚ ਨਾ ਇਸਤੇਮਾਲ ਕੀਤੇ ਜਾਣ। ਉਨ੍ਹਾਂ ਵਿਚਾਰਾਂ ਨੂੰ ਇਕ ਪਾਸੇ ਰੱਖੋ ਹੋ ਸਕਦਾ ਹੈ ਕਿ ਉਹ ਵਿਚਾਰ ਕਿਸੇ ਹੋਰ ਕਹਾਣੀ ਵਿਚ ਇਸਤੇਮਾਲ ਹੋ ਜਾਣ। ਤੁਸੀਂ ਇਹ ਵੇਖਦੇ ਹੋ ਕਿ ਕਦੇ ਕਦੇ ਜਿਵੇਂ ਹੀ ਤੁਸੀਂ ਕਹਾਣੀ ਪੇਸ਼ ਕਰਦੇ ਹੋ ਅਤੇ ਪ੍ਰਸ਼ਨ ਪੁੱਛਦੇ ਹੋ, ਪਰਮੇਸ਼ਰ ਦੂਜੇ ਲੋਕਾਂ ਦੇ ਉੱਤਰਾਂ ਦੇ ਰਾਹੀਂ ਤੁਹਾਨੂੰ ਸਚਿਆਈ ਦੇਣ ਲਈ ਗੱਲਬਾਤ ਕਰੇਗਾ। ਉਸ ਸਮੇ ਤੁਹਾਡੇ ਪਹਿਲਾਂ ਦੇ ਵਿਚਾਰਾਂ ਦੀ ਪੁਸ਼ਟੀ ਹੋ ਸਕਦੀ ਹੈ!

ਅੱਗੇ ਪੜ੍ਹਨ ਤੋਂ ਪਹਿਲਾਂ ਅਸੀਂ ਤੁਹਾਨੂੰ ਸੁਝਾਓ ਦਿੰਦੇ ਹਾਂ ਕਿ ਜ਼ੱਕੀ ਦੀ ਕਹਾਣੀ ਉੱਤੇ ਕੁਝ ਸਮਾ ਇਹ ਸੋਚਣ ਲਈ ਲਗਾਓ ਕਿ ਤੁਸੀਂ ਕਿਹੜੇ ਆਤਮਿਕ ਖਜਾਨੇ ਭਾਲ ਸਕਦੇ ਹੋ। ਇਹ ਅਭਿਆਸ ਤੁਹਾਨੂੰ ਸਿੱਖਣ ਮੌਕਾ ਦੇਵੇਗਾ ਅਤੇ ਫਿਰ ਤਾਜੀ ਕਹਾਣੀ ਦੇ ਨਾਲ ਤੁਸੀਂ ਆਪਣੇ ਕੀਤੇ ਹੋਏ ਨਿਰੀਖਣਾਂ ਦੀ ਤੁਲਨਾ ਕਰ ਸਕਦੇ ਹੋ। ਹੋ ਸਕਦਾ ਹਾਇ ਤੁਸੀਂ ਅਜਿਹੇ ਖਜਾਨੇ ਲੱਭੋ ਜਿਨ੍ਹਾਂ ਦਾ ਅਸੀਂ ਵਰਣਨ ਨਹੀਂ ਕੀਤਾ। ਉਸੇ ਹੀ ਤਰ੍ਹਾ, ਅਸੀਂ ਅਜਿਹੇ ਲੱਭੇ ਹੋਣਗੇ ਜਿਸ ਉੱਤੇ ਤੁਹਾਡਾ ਧਿਆਨ ਨਹੀਂ ਗਿਆ। ਹੁਣ ਆਪਣ ਖਜਾਨੇ ਲੱਭਣ ਅਨੰਦ ਕਰੋ!

ਕੁਝ ਇਹ ਆਤਮਿਕ ਨਿਰੀਖਣ ਅਸੀਂ ਵੇਖਦੇ ਹਾਂ:

1. ਲੋਕ ਜਿਹੜੇ ਵਿਖਦੇ ਸਨ ਕਿ ਯਿਸੂ ਵਿਚ ਉਨ੍ਹਾਂ ਦੀ ਦਿਲਚਸਪੀ ਹੈ ਉਹ ਜ਼ੱਕੀ ਨੂੰ ਯਿਸੂ ਦੇ ਕੋਲ ਆਉਣ ਵਿਚ ਰੁਕਾਵਟ ਬਣ ਰਹੇ ਸੀ|

2. ਇਹ ਮਨੁੱਖ ਜ਼ੱਕੀ ਕੱਦ ਦਾ ਮੱਧਰਾ ਸੀ, ਪਰ ਅਧਿਕਾਰ ਵਿਚ ਉੱਚਾ ਸੀ ਅਤੇ ਧਨਵਾਨ ਸੀ ਅਤੇ ਮਹਿਸੂਲ ਲੈਣ ਵਾਲਿਆਂ ਦਾ ਮੁੱਖੀ ਸੀ| ਪਰ ਉਹ ਯਿਸੂ ਨੂੰ ਵੇਖਣ ਦਾ ਇੰਨਾ ਚਾਹਵਾਨ ਸੀ ਕਿ ਜਦ ਅਸਾਨੀ ਨਾਲ ਨਾਲ ਕੀਤੀ ਕੋਸ਼ਿਸ਼ ਕਾਮਯਾਬ ਨਾ ਹੋਈ ਤਾਂ ਉਸ ਨੇ ਜਾਣ ਬੁੱਝ ਕੇ ਇਕ ਤਰੀਕਾ ਅਪਨਾਈਆ ਜੋ ਬੜਾ ਹਟ ਕੇ ਸੀ|

3. ਸੰਭਾਵਨਾ ਸੀ ਕਿ ਲੋਕ ਇਸ ਖਾਸ ਵਿਅਕਤੀ ਦੇ ਇਸ ਤਰ੍ਹਾਂ ਖੁਲ੍ਹੇ ਆਮ ਗਲੀ ਵਿਚ ਭੱਜਣਾ ਅਤੇ ਦਰਖ਼ਤ ਉੱਤੇ ਚੜ੍ਹਨਾ ਬੇਵਕੂਫੀ ਦਾ ਕੰਮ ਲੱਗਿਆ ਹੋਵੇ ਪਰ ਇਹ ਸਭ ਜ਼ੱਕੀ ਨੂੰ ਉਹ ਜੋ ਕਰ ਰਿਹਾ ਸੀ ਰੋਕ ਨਾ ਸਕੇ|

4. ਅਸੀਂ ਵੇਖਿਆ ਕਿ ਯਿਸੂ ਗਲੀ ਵਿਚ ਲੋਕਾਂ ਦੇ ਵਿਚਕਾਰ ਅਤੇ ਭੀੜ ਉਸ ਦੇ ਚਾਰੇ ਪਾਸੇ ਦੱਬੀ ਜਾ ਰਹੀ ਹੈ| ਚਾਹੇ ਸਾਰੇ ਲੋਕ ਯਿਸੂ ਉੱਤੇ ਡਿੱਗ ਰਹੇ ਸਨ, ਉਹ ਉਨ੍ਹਾਂ ਨੂੰ ਨਜ਼ਰਅੰਦਾਜ਼

ਕਰਦਾ ਹੈ ਅਤੇ ਉਸ ਵਿਅਕਤੀ ਵੱਲ ਧਿਆਨ ਦੇਣ ਦੀ ਚੋਣ ਕਰਦਾ ਹੈ ਜਿਹੜਾ ਕਿ ਉਸ ਦੇ ਨੇੜੇ ਵੀ ਨਹੀਂ ਸੀ ਅਤੇ ਇਹ ਮਨੁੱਖ ਤਾਂ ਦਰਖ਼ਤ ਉੱਤੇ ਚੜ੍ਹਿਆ ਬੈਠਾ ਹੈ!
5. ਯਿਸੂ ਉਸ ਨੂੰ ਉਸ ਦਾ ਨਾਮ ਜ਼ੱਕੀ ਲੈ ਕੇ ਪੁਕਾਰਦਾ ਹੈ, ਜੋ ਕਿ ਉਸ ਮਨੁੱਖ ਵਿਚ ਉਸ ਦੀ ਨਿੱਜੀ ਦਿਲਚਸਪੀ ਵਿਖਾਈ ਦਿੰਦੀ ਹੈ|
6. ਯਿਸੂ ਨੇ ਆਪ ਜ਼ੱਕੀ ਦੇ ਘਰ ਵਿਚ ਆਉਣ ਲਈ ਕਿਹਾ, ਇਸ ਤਰ੍ਹਾਂ ਹੋਣਾ ਹਰ ਸਮਾਜ ਜਾਂ ਸੱਭਿਅਤਾ ਵਿਚ ਇਕ ਤਰ੍ਹਾਂ ਦੀ ਗੁਸਤਾਖ਼ੀ ਹੀ ਹੈ| ਇਹ ਯਿਸੂ ਦੇ ਗਿਆਨ ਅਤੇ ਨਿਸ਼ਚੈ ਨੂੰ ਦਰਸ਼ਾਉਂਦਾ ਹੈ ਕਿ ਕੀ ਹੋਣਾ ''ਚਾਹੀਦਾ" ਹੈ|
7. ਜਦ ਕੋਈ ਵਿਅਕਤੀ ਉਤਾਂਹ ਵੇਖਦਾ ਹੈ, ਖਾਸਕਰ ਇਕ ਆਗੂ ਜਿਸ ਦੀ ਬਹੁਤ ਸਾਰੇ ਲੋਕ ਪੈਰਵੀ ਕਰਦੇ ਹਨ, ਤਦ ਲੋਕ ਵੀ ਉਹੀ ਵੇਖਣਗੇ ਜੋ ਆਗੂ ਵੇਖ ਰਿਹਾ ਹੈ| ਇਸ ਲਈ ਜ਼ੱਕੀ ਨਾ ਸਿਰਫ ਯਿਸੂ ਨੇ ਹੀ ਵੇਖਿਆ, ਪਰ ਸਭ ਲੋਕਾਂ ਨੇ ਵੇਖਿਆ! ਜਦ ਜ਼ੱਕੀ ਨੂੰ ਉਥੇ ''ਵੇਖਿਆ ਗਿਆ" ਤਾਂ ਜ਼ੱਕੀ ਨੇ ਕੋਈ ਡਰ ਜਾਂ ਘਬਰਾਹਟ ਪ੍ਰਗਟ ਨਹੀਂ ਕੀਤੀ| ਸੱਚ ਤਾਂ ਇਹ ਹੈ ਕਿ ਆਪਣੀ ਖੁਸ਼ੀ ਪ੍ਰਗਟ ਕਰਦਾ ਹੈ|

8. ਜ਼ੱਕੀ ਨੇ ਯਿਸੂ ਦੀ ਬੁਲਾਹਟ ਦਾ ਉੱਤਰ ਦੇਣ ਵਿਚ ਕੋਈ ਆਨਾ ਕਾਨੀ ਨਹੀਂ ਕੀਤੀ| ਪਰ ਉਹ ਝੱਟਪਟ ਕਰਦਾ ਹੈ|
9. ਭੀੜ ਜ਼ੱਕੀ ਦੇ ਵਿਰੁੱਧ ਬੋਲਦੀ ਹੈ, ਆਪਸ ਵਿਚ ਯਿਸੂ ਦੇ ਬਾਰੇ ਬੁੜ ਬੁੜ ਕਰਨ ਲੱਗੇ ਕਿ ''ਉਹ ਕਿਸ ਤਰ੍ਹਾਂ ਅਜਿਹੇ ਮਨੁੱਖ ਦੇ ਘਰ ਚਲਿਆ ਗਿਆ ਹੈ, ਉਹ ਤਾਂ ਪਾਪੀ ਹੈ|" ''ਨਾਲ ਚਲਿਆ . . . ਗਿਆ" ਇਹ ਸੰਕੇਤ ਕਰਦਾ ਹੈ ਕਿ ਯਿਸੂ ਉਸ ਦੇ ਨਾਲ ਜਾ ਰਿਹਾ ਸੀ ਜਾਂ ਜਾ ਚੁੱਕਿਆ ਸੀ|

ਉਸੇ ਘੜੀ ਜਦ ਜ਼ੱਕੀ ਅਤੇ ਯਿਸੂ ਨੇ ਜਾਣਿਆਂ ਕਿ ਭੀੜ ਯਿਸੂ ਦੇ ਜ਼ੱਕੀ ਦੇ ਘਰ ਕਾਰਨ ਲੋਕ ਅਲੋਚਨਾ ਕਰ ਰਹੇ ਹਨ ਇਹ ਸਪੱਸ਼ਟ ਨਹੀਂ ਹੈ| ਪਰ ਕੁਝ ਸਮੇ ਬਾਦ ਕਹਾਣੀ ਵਿਚ, ਜ਼ੱਕੀ ਦੇ ਸਾਹਮਣੇ ਯਿਸੂ ਨੂੰ ਜਦ ਭੀੜ ਨੂੰ ਕਿਹਾ, ਅਸੀਂ ਵੇਖਦੇ ਹਾਂ ਕਿ ਯਿਸੂ ਅਤੇ ਜ਼ੱਕੀ ਦੋਹਾਂ ਨੇ ਭੀੜ ਦੀ ਅਲੋਚਨਾ ਨੂੰ ਜਾਣਿਆਂ| ਪਰ ਜ਼ੱਕੀ ਆਪਣੇ ਉੱਤੇ ਭੀੜ ਦੀ ਅਲੋਚਨਾ ਦਾ ਅਸਰ ਨਾ ਹੋਣ ਦਿੱਤਾ ਅਤੇ ਫਿਰ ਵੀ ਯਿਸੂ ਨੂੰ ਆਪਣੇ ਘਰ ਲੈ ਗਿਆ|

10. ਭੀੜ ਦੀ ਅਲੋਚਨਾ ਕਹਿ ਰਹੀ ਸੀ ਕਿ ਯਿਸੂ, ''ਕਿ ਯਿਸੂ ਉਸ ਦੇ ਘਰ ਚਲਿਆ ਗਿਆ ਜੋ ਪਾਪ ਇਕ ਪਾਪੀ ਹੈ," ਮੈਂ ਵੇਖਦਾ ਹਾਂ ਕਿ ਭੀੜ ਆਪਣੇ ਆਪ ਨੂੰ ਪਾਪੀ ਨਹੀਂ ਸਮਝ੍ਹਦੀ ਸੀ|
11. ਭੀੜ ਇਸ ਤਰ੍ਹਾਂ ਦਾ ਵਿਹਾਰ ਕਰ ਰਹੀ ਸੀ ਜਿਵੇਂ ਕਿ ਉਹ ਯਿਸੂ ਦੇ ''ਪੈਰੋਕਾਰ" ਹੋਣ| ਉਹ ਯਿਸੂ ਦੇ ਨਾਲ ਨਾਲ ਚੱਲ ਰਹੇ ਸਨ, ਉਸ ਉੱਤੇ ਡਿਗਦੇ ਪਏ ਸਨ| ਹਾਲਾਂ ਕਿ ਉਨ੍ਹਾਂ ਦੀ ਅਲੋਚਨਾ ਇਹ ਅਰਥ ਕੱਢਦੀ ਹੈ ਕਿ ਉਨ੍ਹਾਂ ਚਿੰਤਾ ਹੈ ਕਿ ਯਿਸੂ ਕੀ ਖਾਂਦਾ ਹੈ, ਇਸ ਤਰ੍ਹਾਂ ਲਗਦਾ ਹੈ ਕਿ ਉਹ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਘਰ ਵਿਚ ਜਾਣਾ ਸਹੀ ਸੀ ਚੋਣ ਸੀ|

ਅਸਲ 'ਚ ਭੀੜ ਯਿਸੂ ਦੇ ਜਾਣ ਦੀ ਅਸਹਿਮਤੀ ਕਰਨ ਨਾਲ ਉਸ ਦਾ ਨਿਰਾਦਰ ਕਰ ਰਹੀ ਸੀ ਜੋ ਘਰ ਯਿਸੂ ਨੇ ਜਾਣ ਲਈ ਚੁਣਿਆਂ ਸੀ|

12. ਇਹ ਦੋਸ਼ ਲਾਉਣ ਵਾਲੀ ਭੀੜ ਦੇ ਆਪਣੇ ਵਿਸ਼ਵਾਸ ਸਨ, ਪਰ ਇੰਜ ਲਗਦਾ ਹੈ ਕਿ ਉਹ ਯਿਸੂ ਦੇ ਸਾਹਮਣੇ ਪ੍ਰਸ਼ਨ ਕਰਨ ਘਰਾਉਂਦੇ ਸਨ| ਪਰ ਇਸ ਦੇ ਬਜਾਏ ਉਹ ਆਪਸ ਵਿਚ ਹੀ ਬੁੜਬੁੜ ਕਰ ਰਹੇ ਸਨ|

13. ਜ਼ੱਕੀ ਇਕ ਧਨੀ ਮਨੁੱਖ, ਆਪਣੇ ਹਿਰਦੇ ਨੂੰ ਖੋਲ੍ਹਦਾ ਹੈ ਜਦ ਉਹ ਗਰੀਬਾਂ ਅਤੇ ਕੰਗਾਲਾਂ ਨੂੰ ਆਪਣੀ ਜਾਇਦਾਦ ਦਾ ਅੱਧਾ ਹਿੱਸਾ ਦੇ ਦੀ ਗੱਲ ਕਰਦਾ ਹੈ|

14. ਇਸ ਦੇ ਨਾਲ ਹੀ ਨਾਲ ਜ਼ੱਕੀ ਘੋਸ਼ਣਾ ਕਰਦਾ ਹੈ ਕਿ ਜੇਕਰ ਉਸ ਨੇ ਕਿਸੇ ਤੋਂ ਕੁਝ ਵੀ ਝੂਠ ਬੋਲ ਕੇ ਲਿਆ ਹੈ, ਉਹ ਉਸ ਵਿਅਕਤੀ ਨੂੰ ਚੌਗੁਣਾ ਵਾਪਿਸ ਕਰਨਾ ਚਾਹੁੰਦਾ ਹੈ ਜੋ ਉਸ ਨੇ ਉਸ ਤੋਂ ਲਿਆ ਹੈ ਹੈ ਜ਼ੱਕੀ ਇਹ ਨਹੀਂ ਕਹਿੰਦਾ ਹੈ ਕਿ ਜੇਕਰ ਉਹ ਵਿਵਸਥਾ ਦੇ ਰਾਹੀਂ ਸਿੱਧ ਹੋ ਜਾਵੇ ਤਾਂ ਉਹ ਚੋਰੀ ਦਾ ਜਾਂ ਲੁੱਟ ਦਾ ਮਾਲ ਚੌਗੁਣਾ ਮੋੜੇਗਾ| ਪਰ ਜ਼ੱਕੀ ਇਹ ਆਪਣੇ ਹਿਰਦੇ ਦੀ ਇੱਛਾ ਨਾਲ ਇਹ ਕਰਦਾ ਹੈ| ਕੁਝ ਸਲਾਹ ਦਿੰਦੇ ਹਨ ਕਿ ਜ਼ੱਕੀ ਤਾਂ ਪਹਿਲਾਂ ਹੀ ਗਰੀਬਾਂ ਨੂੰ ਧਨ ਦਿੰਦਾ ਆ ਰਿਹਾ ਸੀ, ਪਰ ਭੀੜ ਦਾ ਵਿਚਾਰ ਇਸ ਦਾ ਉਲਟ ਦਰਸ਼ਾਉਂਦਾ ਹੈ|
ਜੇਕਰ ਉਹ ਮਹਿਸੂਲ ਲੈਣ ਵਾਲਾ ਸੀ ਉਸ ਨੇ ਅੱਧਾ ਮਾਲ ਗਰੀਬਾਂ ਨੂੰ ਦੇ ਦਿੱਤਾ, ਹੋ ਸਕਦਾ ਹੈ ਕਿ ਉਹ ਇਹ ਕੰਮ ਛੁਪ ਕੇ ਕਰ ਰਿਹਾ ਹੋਵੇ| ਪਰ ਉਹ ਪਹਿਲਾਂ ਹੀ ਚੌਗੁਣਾ ਦੇ ਚੁੱਕਿਆ ਹੈ ਜਿਨ੍ਹਾਂ ਨਾਲ ਉਸ ਨੇ ਧੋਖਾ ਕੀਤਾ ਸੀ, ਜ਼ੱਕੀ ਭੀੜ ਦੀਆਂ ਨਜ਼ਰਾਂ ਇਕ ਧਰਮੀ ਪੁਰਖ ਸੀ|
ਅਸੀਂ ਜੋ ਵੀ ਕਹਾਣੀ ਵਿਚੋਂ ਜਾਣ ਸਕਦੇ ਹਾਂ ਇਹੀ ਹੈ, ਕਹਾਣੀ ਦੇ ਕਿਸੇ ਹਿੱਸੇ ਵਿਚ ਜਾ ਕੇ, ਜ਼ੱਕੀ ਇਹ ਕਬੂਲ ਕਰਦਾ ਹੈ ਕਿ ਉਹ ਪਾਪੀ ਸੀ ਅਤੇ ਹੁਣ ਉਹ ਸਭ ਕੁਝ ਦਰੁਸਤ ਕਰਨਾ ਚਾਹੁੰਦਾ ਹੈ| ਯਿਸੂ ਨੇ ਕਿਹਾ ਕਿ ਬਦਲਾਓ ਉਸ ਸਮੇ ਆਇਆ| ਅਸੀਂ ਵੀ ਵੇਖਦੇ ਹਾਂ ਕਿ ਜ਼ੱਕੀ ਇਕ ਅਨੋਖੀ ਖੁਲ੍ਹ ਦਿਲੀ ਨੂੰ ਵਿਖਾਉਂਦਾ ਹੈ|

15. ਪਹਿਲੀ ਨਜ਼ਰ ਵਿਚ ਇਹ ਸੋਚਿਆ ਜਾ ਸਕਦਾ ਸੀ ਕਿ ਹੋ ਸਕਦਾ ਹੈ ਕਿ ਜ਼ੱਕੀ ਯਿਸੂ ਰਾਹੀਂ ਕਬੂਲ ਕੀਤਾ ਜਾਵੇ ਇਸ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਿਹਾ, ਇਕ ਤਰ੍ਹਾਂ ਨਾਲ ਪਰਮੇਸ਼ਰ ਨੂੰ ਖਰੀਦ ਰਿਹਾ ਹੈ| ਪਰ ਅਸੀਂ ਜਾਣਦੇ ਹਾਂ ਕਿ ਜ਼ੱਕੀ ਉਸ ਦਿਨ ਯਿਸੂ ਦੇ ਵਿਸ਼ਵਾਸ ਵਿਚ ਆਉਂਦਾ ਹੈ ਕਿਉਂਕਿ ਯਿਸੂ ਨੇ ਉਸ ਨੂੰ ਕਿਹਾ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਕਹਾਣੀ ਵਿਚ ਸਿਰਫ ਜ਼ੱਕੀ ਹੀ ਉਹ ਮਨੁੱਖ ਸੀ ਜੋ ਕਬੂਲ ਕਰ ਰਿਹਾ ਸੀ ਕਿ ਉਹ ਪਾਪੀ ਹੈ ਅਤੇ ਕਹਾਣੀ ਵਿਚ ਸਿਰਫ ਉਹ ਹੀ ਸੀ ਜਿਸ ਨੇ ਮੁਕਤੀ ਪ੍ਰਾਪਤ ਕੀਤੀ|

16. ਕਹਾਣੀ ਵਿਚ, ਯਿਸੂ ਜ਼ੱਕੀ ਨੂੰ ਸਿੱਧ ਹੀ ਕਹਿੰਦੇ ਹਨ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਤਦ ਯਿਸੂ ਨੇ ਆਪਣੀ ਵਾਣੀ ਨੂੰ ਜਾਰੀ ਰੱਖਦੇ ਹੋਏ ਕਿਹਾ, ''ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤਰ ਹੈ|" ਇਸ ਤੋਂ ਅਸੀਂ ਵੇਖਦੇ ਹਾਂ ਕਿ ਜ਼ੱਕੀ ਦੇ ਇਲਾਵਾ ਵੀ ਲੋਕ ਉਥੇ ਸਨ| ਇਹ ਵੀ ਕਿ ਯਿਸੂ ਨੇ ਕੀ ਕਿਹਾ ਉਸ ਦੇ ਰਾਹੀਂ, ਅਸੀਂ ਵੇਖਦੇ ਹਾਂ ਕਿ ਉਹ ਇਹ ਬਦਲਾਓ

ਕਰ ਰਿਹਾ ਹੈ ਕਿ ਉਹ ਕਿਸ ਨਾਲ ਬੋਲ ਰਿਹਾ ਹੈ ਅਤੇ ਯਿਸੂ ਉਸ ਜ਼ੱਕੀ ਦਾ ਇਨ੍ਹਾਂ ਲੋਕਾਂ ਤੋਂ ਬਚਾਓ ਕਰ ਰਿਹਾ ਹੈ!

17. ਯਿਸੂ ਦਾ ਕਥਨ ਕਿ ਉਸ ਦੇ ਆਉਣ ਦਾ ਮਕਸਦ ਕੀ ਹੈ, ''ਜਿਹੜੇ ਗੁਆਚੇ ਗਏ ਹਨ ਉਨ੍ਹਾਂ ਨੂੰ ਭਾਲਣਾ ਅਤੇ ਬਚਾਉਦਾ," ਇਹ ਕਥਨ ਦਾ ਸਾਰ ਹੈ ਕਿ ਇਹ ਜ਼ੱਕੀ ਦਾ ਇਕ ਆਦਰ ਹੈ ਅਤੇ ਭੀੜ ਦੀ ਅਲੋਚਨਾ ਵਾਂਗ ਸੁਣਾਈ ਦੇ ਰਿਹਾ ਹੈ|

18. ਸਭ ਤੋਂ ਪਹਿਲਾਂ ਇਹ ਤਾਂ ਜ਼ਾਹਿਰ ਹੈ ਕਿ ਜ਼ੱਕੀ ਯਿਸੂ ਨੂੰ ਭਾਲ ਰਿਹਾ ਸੀ। ਤਦ ਕਹਾਣੀ ਨੇ ਮੋੜ ਇਹ ਲਿਆ ਕਿ ਕਹਾਣੀ ਇਹ ਬਣ ਗਈ ਕਿ ਯਿਸੂ ਜ਼ੱਕੀ ਨੂੰ ਭਾਲ ਰਿਹਾ ਹੈ।!

ਪ੍ਰਸ਼ਨਾਂ ਦੀ ਰਚਨਾ ਕਰਨਾ:

ਹੁਣ ਅਭਿਆਸ ਲਈ, ਅਸੀਂ ਤੁਹਾਨੂ ਦੱਸਾਂਗੇ ਕਿ ਦੂਜਿਆਂ ਨੂੰ ਦੱਸੇ ਹੋਏ ਨਿਰੀਖਣਾਂ ਵਿਚ ਅਗੁਵਾਈ ਕਰਨ ਲਈ ਕਿਸ ਤਰ੍ਹਾਂ ਪਸ਼ਨਾਂ ਦੀ ਰਚਨਾ ਕਰਨੀ ਹੈ| ਤੁਸੀਂ ਵੇਖੋਗੇ ਕਿ ਕਦੀ ਕਦੀ ਅਸੀਂ ਸਰੋਤਿਆਂ ਦੇ ਧਿਆਨ ਨੂੰ ਖਿੱਚਣ ਲਈ ਕਈ ਪ੍ਰਸ਼ਨਾਂ ਦਾ ਇਸਤੇਮਾਲ ਕਰਾਂਗੇ|

ਕਿਉਂਕਿ ਹਰੇਕ ਪ੍ਰਸ਼ਨ ਸਰੋਤਿਆਂ ਨੂੰ ਆਤਮਿਕ ਨਿਰੀਖਣਾ ਵੱਲ ਅਗੁਵਾਈ ਕਰਨ ਲਈ ਬਣਾਏ ਗਏ ਹਨ, ਤੁਹਾਡੀ ਮਦਦ ਲਈ ਅਸੀਂ ਨਿਰੀਖਣਾਂ ਨੂੰ ਫਿਰ ਤੋਂ ਤੁਹਾਡੀ ਮਦਦ ਲਈ ''ਆ ਨਿ" ਦੇ ਰੂਪ ਵਿਚ ਸੂਚੀਬੱਧ ਕਰ ਰਹੇ ਹਾਂ| ਫਿਰ ਉਸ ਤੋਂ ਬਾਦ ਜਿਹੜੇ ਪ੍ਰਸ਼ਨ ਨਿਰੀਖਣਾਂ ਵੱਲ ਅਗੁਵਾਈ ਕਰਨਗੇ ਉਨ੍ਹਾਂ ਨੂੰ ''ਆ ਨਿ ਪ੍ਰ" ਦੇ ਰੂਪ ਵਿਚ ਲਿਖ ਰਹੇ ਹਾਂ|

ਇਹ ਤੁਹਾਨੂੰ ਚੰਗੀ ਤਰ੍ਹਾਂ ਸਮਝ੍ਹਣ ਵਿਚ ਮਦਦ ਕਰੇਗਾ ਕਿ ਦੂਜਿਆਂਦੀ ਨਿਰੀਖਣਾਂ ਲਈ ਕਿਸ ਤਰ੍ਹਾਂ ਅਗਵਾਈ ਕਰਨੀ ਹੈ। ਇਹ ਤਾਂ ਇਕ ਪੰਛੀ ਨੂੰ ਦਾਣਾ ਪਾ ਕੇ ਪਿੰਜਰੇ ਵੱਲ ਲਿਆਉਣ ਜਿਹਾ ਹੈ।

1. ਆ ਨਿ- ਲੋਕ ਜਿਹੜੇ ਵਿਖਦੇ ਸਨ ਕਿ ਯਿਸੂ ਵਿਚ ਉਨ੍ਹਾਂ ਦੀ ਦਿਲਚਸਪੀ ਹੈ ਉਹ ਜ਼ੱਕੀ ਨੂੰ ਯਿਸੂ ਦੇ ਕੋਲ ਆਉਣ ਵਿਚ ਰੁਕਾਵਟ ਬਣ ਰਹੇ ਸੀ|

ਆ ਨਿ ਪ੍ਰ-

♣ ਇਸ ਕਹਾਣੀ ਵਿਚ ਅਸੀਂ ਵੇਖਿਆ ਕਿ ਜ਼ੱਕੀ ਯਿਸੂ ਨੂੰ ਵੇਖਣਾ ਚਾਹੁੰਦਾ ਸੀ, ਪਰ ਉਹ ਯਿਸੂ ਦੇ ਕੋਲ ਨਾ ਜਾ ਸਕਿਆ| ਇਹ ਸਚਿਆਈ ਹੋਣ ਦੇ ਬਾਵਜੂਦ ਵੀ ਕਿ ਜ਼ੱਕੀ ਮੱਧਰਾ ਸੀ, ਅਸੀਂ ਕਹਾਣੀ ਵਿਚ ਵੇਖਦੇ ਹਾਂ ਕਿ ਲੋਕ ਜ਼ੱਕੀ ਦੇ ਰਾਹ ਵਿਚ ਆ ਗਏ| ਉਹ ਕੀ ਕਰ ਰਹੇ ਸਨ ਕਿ ਉਹ ਜ਼ੱਕੀ ਲਹੀ ਰੁਕਾਵਟ ਬਣ ਗਏ?

♣ ਕੀ ਤੁਸੀਂ ਇਹ ਕਹਿ ਰਹੇ ਹੋ ਕਿ ਉਹ ਲੋਕ ਜਿਹੜੇ ਯਿਸੂ ਦੇ ਨਜਦੀਕ ਆਉਣਾ ਚਾਹੁੰਦੇ ਸਨ ਉਹੀ ਜ਼ੱਕੀ ਲਈ ਰੁਕਾਵਟ ਦਾ ਕਾਰਨ ਬਣ ਰਹੇ ਸਨ?

♣ ਤੁਸੀਂ ਇਸ ਦੇ ਬਾਰੇ ਕੀ ਸੋਚਦੇ ਹੋ?

2.ਆ ਨਿ-ਇਹ ਮਨੁੱਖ ਜ਼ੱਕੀ ਕੱਦ ਦਾ ਮੱਧਰਾ ਸੀ, ਪਰ ਅਧਿਕਾਰ ਵਿਚ ਉੱਚਾ ਸੀ ਅਤੇ ਧਨਵਾਨ ਸੀ ਅਤੇ ਮਹਿਸੂਲ ਲੈਣ ਵਾਲਿਆਂ ਦਾ ਮੁੱਖੀ ਸੀ| ਪਰ ਉਹ ਯਿਸੂ ਨੂੰ ਵੇਖਣ ਦਾ ਇੰਨਾ ਚਾਹਵਾਨ ਸੀ ਕਿ ਜਦ ਅਸਾਨੀ ਨਾਲ ਨਾਲ ਕੀਤੀ ਕੋਸ਼ਿਸ਼ ਕਾਮਯਾਬ ਨਾ ਹੋਈ ਤਾਂ ਉਸ ਨੇ ਜਾਣ ਬੁੱਝ ਕੇ ਇਕ ਤਰੀਕਾ ਅਪਨਾਈਆ ਜੋ ਬੜਾ ਹਟ ਕੇ ਸੀ|

ਆ ਨਿ ਪ੍ਰ-

♣ ਜ਼ੱਕੀ ਦੇ ਸਮਾਜੀ, ਵਪਾਰੀ ਅਤੇ ਸਮਾਜ ਵਿਚ ਆਰਥਿਕ ਹਾਲਤ ਦਾ ਵਰਣਨ ਕਰੋ|

♣ ਇਸ ਤਰ੍ਹਾਂ ਜ਼ੱਕੀ ਨੇ ਆਪਣਾ ਕੁਝ ਪੈਸਾ ਖਰਚ ਕੀਤਾ ਅਤੇ ਕੁਝ ਅਜਿਹੇ ਲੋਕ ਲਿਆਂਦੇ ਜਿਹੜੇ ਭੀੜ ਨੂੰ ਹਟਾ ਕੇ ਉਸ ਲਈ ਯਿਸੂ ਤੱਕ ਪਹੁੰਚਣ ਦਾ ਰਾਹ ਬਣਾਇਆ, ਗਲਤ? ਜਾਂ ਸਹੀ?

♣ ਠੀਕ ਹੈ ਮੇਰਾ ਇਕ ਹੋਰ ਪ੍ਰਸ਼ਨ ਹੈ| ਜਦ ਇਸ ਵਿਅਕਤੀ ਦਾ ਵੱਡਾਪਣ ਯਿਸੂ ਨੂੰ ਨਾ ਵੇਖ ਸਕਿਆ ਤਾਂ ਉਸ ਨੇ ਸਧਾਰਨ ਜਾਂ ਅਸਾਨ ਤਰੀਕਾ ਅਪਨਾਇਆ, ਕਿਸ ਹੱਦ ਤਕ ਜ਼ੱਕੀ ਜਾ ਸਕਦਾ ਹੈ?

3. ਆ ਨਿ-ਸੰਭਾਵਨਾ ਸੀ ਕਿ ਲੋਕ ਇਸ ਖਾਸ ਵਿਅਕਤੀ ਦੇ ਇਸ ਤਰ੍ਹਾਂ ਖੁਲ੍ਹੇ ਆਮ ਗਲੀ ਵਿਚ ਭੱਜਣਾ ਅਤੇ ਦਰਖ਼ਤ ਉੱਤੇ ਚੜ੍ਹਨਾ ਬੇਵਕੂਫੀ ਦਾ ਕੰਮ ਲੱਗਿਆ ਹੋਵੇ ਪਰ ਇਹ ਸਭ ਜ਼ੱਕੀ ਨੂੰ ਉਹ ਜੋ ਕਰ ਰਿਹਾ ਸੀ ਰੋਕ ਨਾ ਸਕੇ|

ਆ ਨਿ ਪ੍ਰ-

♣ ਕੀ ਤੁਸੀਂ ਕਹਾਣੀ ਵਿਚ ਵੇਖਿਆ ਕਿ ਉਸ ਇਲਾਕੇ ਦੇ ਲੋਕ ਨੇ ਜ਼ੱਕੀ ਦੇ ਬਾਰੇ ਕੀ ਸੋਚਿਆ?

♣ ਜ਼ੱਕੀ ਇਕ ਨਾਮੀ ਮਨੁੱਖ ਹੈ ਅਤੇ ਉਹ ਜਾਣਦਾ ਹੈ ਕਿ ਲੋਕ ਉਸ ਨੂੰ ਨਿੱਜੀ ਤੌਰ 'ਤੇ ਅਯੋਗ ਸਮਝਦੇ ਹਨ| ਉਸ ਨੇ ਕਿੰਨਾ ਵੱਡਾ ਖਤਰਾ ਲਿਆ ਜਦ ਉਹ ਖੁਲ੍ਹੇ ਆਮ ਸੜਕ ਉੱਤੇ ਭੱਜ ਰਿਹਾ ਹੈ ਅਤੇ ਯਿਸੂ ਨੂੰ ਵੇਖਣ ਲਈ ਦਰਖ਼ਤ ਉੱਤੇ ਚੜ੍ਹ ਰਿਹਾ ਹੈ?

4.ਆ ਨਿ-ਕਹਾਣੀ ਦੇ ਅਰੰਭ ਵਿਚ ਹੀ ਇਹ ਤਾਂ ਸਪੱਸ਼ਟ ਹੈ ਕਿ ਜ਼ੱਕੀ ਯਿਸੂ ਨੂੰ ਭਾਲ ਰਿਹਾ ਹੈ| ਪਰ ਕਹਾਣੀ ਵਿਚ ਅੱਗੇ ਚੱਲ ਕੇ ਕਹਾਣੀ ਬਣ ਜਾਂਦੀ ਹੈ ਕਿ ਯਿਸੂ ਜ਼ੱਕੀ ਨੂੰ ਭਾਲ ਰਿਹਾ ਹੈ!

ਆ ਨਿ ਪ੍ਰ-

• ਹੁਣ ਤਕ ਇਸ ਕਹਾਣੀ ਵਿਚ ਕੀ ਤੁਸੀਂ ਕਹਿ ਸਕੋਗੇ ਕਿ ਜ਼ੱਕੀ ਯਿਸੂ ਨੂੰ ਭਾਲ ਰਿਹਾ ਹੈ?

• ਇਹ ਸਾਨੂੰ ਦਰਸ਼ਾਉਂਦਾ ਹੈ?
• ਪਰ ਜਦ ਅਸੀਂ ਫਿਰ ਤੋਂ ਕਹਾਣੀ ਵਿਚ ਨਜ਼ਰ ਮਾਰਦੇ ਹਾਂ, ਕੀ ਤੁਸੀਂ ਕਹਿ ਸਕਦੇ ਹੋ ਕਿ ਯਿਸੂ ਜ਼ੱਕੀ ਨੂੰ ਭਾਲ ਰਿਹਾ ਹੈ?
• ਤੁਸੀਂ ਇਹ ਗੱਲ ਕਹਾਣੀ ਵਿਚ ਕਿਥੇ ਵੇਖਦੇ ਹੋ?
• ਤਾਂ ਸਚਿਆਈ ਕੀ ਹੈ? ਕੀ ਜ਼ੱਕੀ ਯਿਸੂ ਨੂੰ ਭਾਲ ਰਿਹਾ ਹੈ ਜਾਂ ਯਿਸੂ ਜ਼ੱਕੀ ਨੂੰ ਭਾਲ ਰਿਹਾ ਹੈ?
• ਕੀ ਇਹ ਦੋਹੇਂ ਹੀ ਸੱਚ ਹੋ ਸਕਦੇ ਹਨ? ਵਿਆਖਿਆ ਕਰੋ|

5.ਆ ਨਿ-ਅਸੀਂ ਵੇਖਿਆ ਕਿ ਯਿਸੂ ਗਲੀ ਵਿਚ ਲੋਕਾਂ ਦੇ ਵਿਚਕਾਰ ਅਤੇ ਭੀੜ ਉਸ ਦੇ ਚਾਰੇ ਪਾਸੇ ਦੱਬੀ ਜਾ ਰਹੀ ਹੈ| ਚਾਹੇ ਸਾਰੇ ਲੋਕ ਯਿਸੂ ਉੱਤੇ ਡਿੱਗ ਰਹੇ ਸਨ, ਉਹ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਉਸ ਵਿਅਕਤੀ ਵੱਲ ਧਿਆਨ ਦੇਣ ਦੀ ਚੋਣ ਕਰਦਾ ਹੈ ਜਿਹੜਾ ਕਿ ਉਸ ਦੇ ਨੇੜੇ ਵੀ ਨਹੀਂ ਸੀ ਅਤੇ ਇਹ ਮਨੁੱਖ ਤਾਂ ਦਰਖ਼ਤ ਉੱਤੇ ਚੜ੍ਹਿਆ ਬੈਠਾ ਹੈ!

ਆ ਨਿ ਪ੍ਰ-
• ਜਦ ਯਿਸੂ ਲੋਕਾਂ ਰਾਹੀਂ ਘਿਰਿਆ ਹੋਇਆ ਗਲੀ ਵਿਚ ਚੱਲ ਰਿਹਾ ਸੀ, ਉਸ ਕਿਨ੍ਹਾਂ ਲੋਕਾਂ ਨੂੰ ਆਪਣਾ ਉੱਤਰ ਦਿੱਤਾ?
• ਯਿਸੂ ਦਾ ਇਹ ਵਿਹਾਰ ਸਾਨੂੰ ਕੀ ਦਰਸ਼ਾਉਂਦਾ ਹੈ?

6. ਆ ਨਿ-ਯਿਸੂ ਉਸ ਨੂੰ ਉਸ ਦਾ ਨਾਮ ਜ਼ੱਕੀ ਲੈ ਕੇ ਪੁਕਾਰਦਾ ਹੈ, ਜੋ ਕਿ ਉਸ ਮਨੁੱਖ ਵਿਚ ਉਸ ਦੀ ਨਿੱਜੀ ਦਿਲਚਸਪੀ ਵਿਖਾਈ ਦਿੰਦੀ ਹੈ|

ਆ ਨਿ ਪ੍ਰ-
• ਕੀ ਯਿਸੂ ਨੇ ਕੋਈ ਅਜਿਹੀ ਗੱਲ ਜ਼ੱਕੀ ਨੂੰ ਕਹੀ ਜੋ ਕਿ ਨਿੱਜੀ ਦਿਲਚਸਪੀ ਨੂੰ ਦਰਸ਼ਾਉਂਦਾ ਹੈ?

7. ਆ ਨਿ-ਯਿਸੂ ਨੇ ਆਪ ਜ਼ੱਕੀ ਦੇ ਘਰ ਵਿਚ ਆਉਣ ਲਈ ਕਿਹਾ, ਇਸ ਤਰ੍ਹਾਂ ਹੋਣਾ ਹਰ ਸਮਾਜ ਜਾਂ ਸੱਭਿਅਤਾ ਵਿਚ ਇਕ ਤਰ੍ਹਾਂ ਦੀ ਗੁਸਤਾਖ਼ੀ ਹੀ ਹੈ| ਇਹ ਯਿਸੂ ਦੇ ਗਿਆਨ ਅਤੇ ਨਿਸ਼ਚੈ ਨੂੰ ਦਰਸ਼ਾਉਂਦਾ ਹੈ ਕਿ ਕੀ ਹੋਣਾ ''ਚਾਹੀਦਾ" ਹੈ|

ਆ ਨਿ ਪ੍ਰ-
• ਗੱਲਬਾਤ ਕਰਨ ਦੀ ਪਹਿਲ ਕੌਣ ਕਰਦਾ ਹੈ ਅਤੇ ਇਸ ਤਰ੍ਹਾਂ ਦਾ ਬੁਲਾਵਾ ਕਿਸ ਤਰ੍ਹਾਂ ਅਨੋਖਾ ਹੈ?

8.ਆ ਨਿ-ਜਦ ਕੋਈ ਵਿਅਕਤੀ ਉਤਾਂਹ ਵੇਖਦਾ ਹੈ, ਖਾਸਕਰ ਇਕ ਆਗੂ ਜਿਸ ਦੀ ਬਹੁਤ ਸਾਰੇ ਲੋਕ ਪੈਰਵੀ ਕਰਦੇ ਹਨ, ਤਦ ਲੋਕ ਵੀ ਉਹੀ ਵੇਖਣਗੇ ਜੋ ਆਗੂ ਵੇਖ ਰਿਹਾ ਹੈ| ਇਸ ਲਈ ਜ਼ੱਕੀ ਨਾ ਸਿਰਫ ਯਿਸੂ ਨੇ ਹੀ ਵੇਖਿਆ, ਪਰ ਸਭ ਲੋਕਾਂ ਨੇ ਵੇਖਿਆ! ਜਦ ਜ਼ੱਕੀ ਨੂੰ ਉਥੇ ''ਵੇਖਿਆ ਗਿਆ" ਤਾਂ ਜ਼ੱਕੀ ਨੇ ਕੋਈ ਡਰ ਜਾਂ ਘਬਰਾਹਟ ਪ੍ਰਗਟ ਨਹੀਂ ਕੀਤੀ| ਸੱਚ ਤਾਂ ਇਹ ਹੈ ਕਿ ਆਪਣੀ ਖੁਸ਼ੀ ਪ੍ਰਗਟ ਕਰਦਾ ਹੈ|

ਆ ਨਿ ਪ੍ਰ-

- ਕੀ ਤੁਸੀਂ ਕਿਤੇ ਅਜਿਹੇ ਲੋਕਾਂ ਦੇ ਝੁੰਡ ਵਿਚ ਗਏ ਹੋ ਅਤੇ ਉਨ੍ਹਾਂ ਵਿਚੋਂ ਕੋਈ ਉਤਾਂਹ ਵੱਲ ਤੱਕਦਾ ਹੈ ਅਤੇ ਕਿਸੇ ਚੀਜ ਨੂੰ ਘੂਰਦਾ ਹੈ?
- ਝੁੰਡ ਦੇ ਬਾਕੀ ਲੋਕ ਕੀ ਕਰਦੇ ਹਨ?
- ਕੀ ਅਸੀਂ ਕਹਾਣੀ ਤੋਂ ਜਾਣ ਸਕਦੇ ਹਾਂ ਕਿ ਯਿਸੂ ਦੇ ਇਲਾਵਾ ਜ਼ੱਕੀ ਨੂੰ ਦਰਖ਼ਤ ਉੱਤੇ ਕਿਸ ਨੇ ਵੇਖਿਆ? ਕਿਵੇਂ?
- ਇਸ ਤਰ੍ਹਾਂ ਇਹ ਜ਼ੱਕੀ ਨਾਮ ਦਾ ਮਨੁੱਖ ਬੜੀ ਪਰੇਸ਼ਾਨੀ ਵਾਲੀ ਹਾਲਤ ਵਿਚ ਫੜਿਆ ਗਿਆ ਅਤੇ ਸਭ ਨੇ ਉਸ ਨੂੰ ਵੇਖਿਆ! ਇਕ ਧਨੀ ਅਤੇ ਨਾਮੀ ਗਿਰਾਮੀ ਵਿਅਕਤੀ ਇਸ ਤਰ੍ਹਾਂ ਮੂਰਖਤਾਈ ਜੇਹੇ ਸਥਾਨ ਉੱਤੇ, ਉਹ ਵੀ ਦਰਖ਼ਤ ਉੱਤੇ ਫੜਿਆ ਜਾਵੇ ਤਾਂ ਉਹ ਕੀ ਮਹਿਸੂਸ ਕਰੇਗਾ?
- ਕੀ ਜ਼ੱਕੀ ਨੇ ਕੋਈ ਝੂਠ ਬੋਲਿਆ ਜਾਂ ਕੋਈ ਬਹਾਨਾ ਕੀਤਾ?
- ਕੀ ਅਸੀਂ ਕਹਾਣੀ ਤੋਂ ਜਾਣ ਸਕਦੇ ਹਾਂ ਕਿ ਜ਼ੱਕੀ ਨੇ ਕੀ ਮਹਿਸੂਸ ਕੀਤਾ?

9. ਆ ਨਿ-ਜ਼ੱਕੀ ਨੇ ਯਿਸੂ ਦੀ ਬੁਲਾਹਟ ਦਾ ਉੱਤਰ ਦੇਣ ਵਿਚ ਕੋਈ ਆਨਾ ਕਾਨੀ ਨਹੀਂ ਕੀਤੀ| ਪਰ ਉਹ ਝੱਟਪਟ ਕਰਦਾ ਹੈ|

ਆ ਨਿ ਪ੍ਰ-

- ਜ਼ੱਕੀ ਨੇ ਕਿਸ ਤਰ੍ਹਾਂ ਉੱਤਰ ਦਿੱਤਾ? ਅਸਲ ਵਿਚ ਕਿਸ ਤਰ੍ਹਾਂ?

10. ਆ ਨਿ-ਭੀੜ ਜ਼ੱਕੀ ਦੇ ਵਿਰੁੱਧ ਬੋਲਦੀ ਹੈ, ਆਪਸ ਵਿਚ ਯਿਸੂ ਦੇ ਬਾਰੇ ਬੁੜ ਬੁੜ ਕਰਨ ਲੱਗੇ ਕਿ ''ਉਹ ਕਿਸ ਤਰ੍ਹਾਂ ਅਜਿਹੇ ਮਨੁੱਖ ਦੇ ਘਰ ਚਲਿਆ ਗਿਆ ਹੈ, ਉਹ ਤਾਂ ਪਾਪੀ ਹੈ|" ''ਨਾਲ ਚਲਿਆ . . . ਗਿਆ" ਇਹ ਸੰਕੇਤ ਕਰਦਾ ਹੈ ਕਿ ਯਿਸੂ ਉਸ ਦੇ ਨਾਲ ਜਾ ਰਿਹਾ ਸੀ ਜਾਂ ਜਾ ਚੁੱਕਿਆ ਸੀ| ਉਸੇ ਘੜੀ ਜਦ ਜ਼ੱਕੀ ਅਤੇ ਯਿਸੂ ਨੇ ਜਾਣਿਆਂ ਕਿ ਭੀੜ ਯਿਸੂ ਦੇ ਜ਼ੱਕੀ ਦੇ ਘਰ ਕਾਰਨ ਲੋਕ ਅਲੋਚਨਾ ਕਰ ਕਰ ਰਹੇ ਹਨ ਇਹ ਸਪੱਸ਼ਟ ਨਹੀਂ ਹੈ| ਪਰ ਕੁਝ ਸਮੇ ਬਾਦ ਕਹਾਣੀ ਵਿਚ, ਜ਼ੱਕੀ ਦੇ ਸਾਹਮਣੇ ਯਿਸੂ ਨੂੰ ਜਦ ਭੀੜ ਨੂੰ ਕਿਹਾ, ਅਸੀਂ ਵੇਖਦੇ ਹਾਂ ਕਿ ਯਿਸੂ ਅਤੇ ਜ਼ੱਕੀ ਦੋਹਾਂ ਨੇ ਭੀੜ ਦੀ ਅਲੋਚਨਾ ਨੂੰ ਜਾਣਿਆਂ| ਪਰ ਜ਼ੱਕੀ ਆਪਣੇ ਉੱਤੇ ਭੀੜ ਦੀ ਅਲੋਚਨਾ ਦਾ

ਅਸਰ ਨਾ ਹੋਣ ਦਿੱਤਾ ਅਤੇ ਫਿਰ ਵੀ ਯਿਸੂ ਨੂੰ ਆਪਣੇ ਘਰ ਲੈ ਗਿਆ|

ਆ ਨਿ ਪ੍ਰ-
• ਅਸੀਂ ਜਾਣਦੇ ਹਾਂ ਕਿ ਭੀੜ ਨੇ ਬੁੜਬੁੜ ਕਰਨ ਦੇ ਰਾਹੀਂ ਆਪਣੇ ਆਪ ਨੂੰ ਜ਼ੱਕੀ ਤੋਂ ਬਿਹਤਰ ਜਾਣਿਆਂ| ਕੀ ਜ਼ੱਕੀ ਉੱਤੇ ਭੀੜ ਦਾ ਕੋਈ ਅਸਰ ਹੋਇਆ?
• ਉਸ ਨੇ ਭੀੜ ਦੀ ਆਲੋਚਨਾ ਦੀ ਕਿਸ ਤਰ੍ਹਾਂ ਪ੍ਰਤੀਕ੍ਰਿਆ ਕੀਤੀ?

11. ਆ ਨਿ-ਭੀੜ ਦੀ ਅਲੋਚਨਾ ਕਹਿ ਰਹੀ ਸੀ ਕਿ ਯਿਸੂ, ''ਕਿ ਯਿਸੂ ਉਸ ਦੇ ਘਰ ਚਲਿਆ ਗਿਆ ਜੋ ਪਾਪ ਇਕ ਪਾਪੀ ਹੈ," ਮੈਂ ਵੇਖਦਾ ਹਾਂ ਕਿ ਭੀੜ ਆਪਣੇ ਆਪ ਨੂੰ ਪਾਪੀ ਨਹੀਂ ਸਮਝ੍ਹਦੀ ਸੀ|

ਆ ਨਿ ਪ੍ਰ-
• ਭੀੜ ਨੇ ਜ਼ੱਕੀ ਬਾਰੇ ਕੀ ਸੋਚਿਆ . . .ਆਤਮਿਕ ਤੌਰ 'ਤੇ?
• ਉਨ੍ਹਾਂ ਨੇ ਆਪਣੇ ਬਾਰੇ ਕੀ ਸੋਚਿਆ?ਆਤਮਿਕ ਤੌਰ 'ਤੇ?

12. ਆ ਨਿ-ਭੀੜ ਇਸ ਤਰ੍ਹਾਂ ਦਾ ਵਿਹਾਰ ਕਰ ਰਹੀ ਸੀ ਜਿਵੇਂ ਕਿ ਉਹ ਯਿਸੂ ਦੇ ''ਪੈਰੋਕਾਰ" ਹੋਣ| ਉਹ ਯਿਸੂ ਦੇ ਨਾਲ ਨਾਲ ਚੱਲ ਰਹੇ ਸਨ, ਉਸ ਉੱਤੇ ਡਿਗਦੇ ਪਏ ਸਨ| ਹਾਲਾਂ ਕਿ ਉਨ੍ਹਾਂ ਦੀ ਅਲੋਚਨਾ ਇਹ ਅਰਥ ਕੱਢਦੀ ਹੈ ਕਿ ਉਨ੍ਹਾਂ ਚਿੰਤਾ ਹੈ ਕਿ ਯਿਸੂ ਕੀ ਖਾਂਦਾ ਹੈ, ਇਸ ਤਰ੍ਹਾਂ ਲਗਦਾ ਹੈ ਕਿ ਉਹ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਘਰ ਵਿਚ ਜਾਣਾ ਸਹੀ ਸੀ ਚੋਣ ਸੀ| ਅਸਲ 'ਚ ਭੀੜ ਯਿਸੂ ਦੇ ਜਾਣ ਦੀ ਅਸਹਿਮਤੀ ਕਰਨ ਨਾਲ ਉਸ ਦਾ ਨਿਰਾਦਰ ਕਰ ਰਹੀ ਸੀ ਜੋ ਘਰ ਯਿਸੂ ਨੇ ਜਾਣ ਲਈ ਚੁਣਿਆਂ ਸੀ|
ਛ. ਆ ਨਿ ਪ੍ਰ-
• ਕਹਾਣੀ ਦਾ ਅਰੰਭ ਸਾਨੂੰ ਭੀੜ ਦੇ ਬਾਰੇ ਕੀ ਸੋਚਣ ਲਈ ਦਰਸ਼ਾਉਂਦਾ ਹੈ ਜਿਹੜੀ ਯਿਸੂ ਦੇ ਮਗਰ ਪੈਰੋਕਾਰ ਦੇ ਰੂਪ ਸਨ?
• ਉਹ ਯਿਸੂ ਨੂੰ ਦੱਬਦੇ ਹੋਏ ਉਸ ਦੇ ਨਾਲ ਨਾਲ ਚੱਲ ਰਹੇ ਸਨ| ਆਪਣੀ ਸਰੀਰਕ ਕ੍ਰਿਆਵਾਂ ਅਤੇ ਆਪਣੀ ਉੱਪਰੀ ਵਿਖਣ ਵਾਲੀ ਦਿਲਚਸਪੀ ਯਿਸੂ ਨੇ ਜਿਨ੍ਹਾਂ ਨਾਲ ਆਪਣਾ ਨਿੱਜੀ ਸਮਾ ਬਿਤਾਇਆ, ਉਹ ਕੀ ਸੰਕੇਤ ਦੇ ਰਹੇ ਸਨ?
• ਅਸਲ ਵਿਚ, ਉਹ ਕਿਸ ਤਰ੍ਹਾਂ ਦਾ ਆਦਰ ਯਿਸੂ ਦੇ ਪ੍ਰਤੀ ਦਰਸ਼ਾ ਰਹੇ ਸਨ?

13. ਆ ਨਿ-ਇਸ ਦੋਸ਼ ਲਾਉਣ ਵਾਲੀ ਭੀੜ ਦੇ ਆਪਣੇ ਵਿਸ਼ਵਾਸ ਸਨ, ਪਰ ਇੰਜ ਲਗਦਾ ਹੈ ਕਿ ਉਹ ਯਿਸੂ ਦੇ ਸਾਹਮਣੇ ਪ੍ਰਸ਼ਨ ਕਰਨ ਘਰਾਉਂਦੇ ਸਨ| ਪਰ ਇਸ ਦੇ

ਬਜਾਏ ਉਹ ਆਪਸ ਵਿਚ ਹੀ ਬੁੜਬੁੜ ਕਰ ਰਹੇ ਸਨ|

ਜ. ਆ ਨਿ ਪ੍ਰ-

• ਕੀ ਤੁਹਾਨੂੰ ਯਾਦ ਹੈ ਕਿ ਭੀੜ ਕਿਸ ਤਰ੍ਹਾਂ ਪਰੇਸ਼ਾਨ ਹੋ ਗਈ ਕਿ ਉਨ੍ਹਾਂ ਨੇ ਯਿਸੂ ਤੋਂ ਪੁੱਛਿਆ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਹ ਜਿਹੜੇ ਉਸ ਦੇ ਨਾਲ ਰਹਿਣਾ ਚਾਹੁੰਦੇ ਹਨ ਉਨ੍ਹਾਂ ਨੂੰ ਛੱਡ ਕੇ ਇਹ ਪਾਪੀ ਦੇ ਘਰ ਜਾ ਰਿਹਾ ਹੈ? ਨਹੀਂ? ਉਨ੍ਹਾਂ ਨੇ ਅਜਿਹਾ ਨਹੀਂ ਕੀਤਾ| ਉਨ੍ਹਾਂ ਨੇ ਕੀ ਕੀਤਾ?

• ਉਨ੍ਹਾਂ ਦੇ ਵਿਹਾਰ ਵਿਚ ਕੀ ਵਿਖਾਈ ਦਿੰਦਾ ਹੈ ਕੀ ਉਹ ਯਿਸੂ ਦਾ ਸਚਿਆਈ ਨਾਲ ਆਦਰ ਕਰਦੇ ਹਨ?

14. ਆ ਨਿ-ਜ਼ੱਕੀ ਇਕ ਧਨੀ ਮਨੁੱਖ, ਆਪਣੇ ਹਿਰਦੇ ਨੂੰ ਖੋਲ੍ਹਦਾ ਹੈ ਜਦ ਉਹ ਗਰੀਬਾਂ ਅਤੇ ਕੰਗਾਲਾਂ ਨੂੰ ਆਪਣੀ ਜਾਇਦਾਦ ਦਾ ਅੱਧਾ ਹਿੱਸਾ ਦੇ ਦੀ ਗੱਲ ਕਰਦਾ ਹੈ|

ਝ. ਆ ਨਿ ਪ੍ਰ-

• ਜ਼ੱਕੀ ਕਿਸ ਤਰ੍ਹਾਂ ਦਾ ਖੁਲ੍ਹ ਦਿਲੀ ਦੀ ਪ੍ਰੱਤਿਗਿਆ ਕਰਦਾ ਹੈ?

• ਸਾਨੂੰ ਇਹ ਉਸ ਦੀ ਮਹੱਤਤਾ ਦੇ ਬਾਰੇ ਕੀ ਦੱਸਦਾ ਹੈ?

15. ਆ ਨਿ-ਇਸ ਦੇ ਨਾਲ ਹੀ ਨਾਲ ਜ਼ੱਕੀ ਘੋਸ਼ਣਾ ਕਰਦਾ ਹੈ ਕਿ ਜੇਕਰ ਉਸ ਨੇ ਕਿਸੇ ਤੋਂ ਕੁਝ ਵੀ ਝੂਠ ਬੋਲ ਕੇ ਲਿਆ ਹੈ, ਉਹ ਉਸ ਵਿਅਕਤੀ ਨੂੰ ਚੌਗੁਣਾ ਵਾਪਿਸ ਕਰਨਾ ਚਾਹੁੰਦਾ ਹੈ ਜੋ ਉਸ ਨੇ ਉਸ ਤੋਂ ਲਿਆ ਹੈ ਹੈ ਜ਼ੱਕੀ ਇਹ ਨਹੀਂ ਕਹਿੰਦਾ ਹੈ ਕਿ ਜੇਕਰ ਉਹ ਵਿਵਸਥਾ ਦੇ ਰਾਹੀਂ ਸਿੱਧ ਹੋ ਜਾਵੇ ਤਾਂ ਉਹ ਚੋਰੀ ਦਾ ਜਾਂ ਲੁੱਟ ਦਾ ਮਾਲ ਚੌਗੁਣਾ ਮੋੜੇਗਾ| ਪਰ ਜ਼ੱਕੀ ਇਹ ਆਪਣੇ ਹਿਰਦੇ ਦੀ ਇੱਛਾ ਨਾਲ ਇਹ ਕਰਦਾ ਹੈ| ਕੁਝ ਸਲਾਹ ਦਿੰਦੇ ਹਨ ਕਿ ਜ਼ੱਕੀ ਤਾਂ ਪਹਿਲਾਂ ਹੀ ਗਰੀਬਾਂ ਨੂੰ ਧਨ ਦਿੰਦਾ ਆ ਰਿਹਾ ਸੀ, ਪਰ ਭੀੜ ਦਾ ਵਿਚਾਰ ਇਸ ਦਾ ਉਲਟ ਦਰਸ਼ਾਉਂਦਾ ਹੈ| ਜੇਕਰ ਉਹ ਮਹਿਸੂਲ ਲੈਣ ਵਾਲਾ ਸੀ ਉਸ ਨੇ ਅੱਧਾ ਮਾਲ ਗਰੀਬਾਂ ਨੂੰ ਦੇ ਦਿੱਤਾ, ਹੋ ਸਕਦਾ ਹੈ ਕਿ ਉਹ ਇਹ ਕੰਮ ਛੁਪ ਕੇ ਕਰ ਰਿਹਾ ਹੋਵੇ| ਪਰ ਉਹ ਪਹਿਲਾਂ ਹੀ ਚੌਗੁਣਾ ਦੇ ਚੁੱਕਿਆ ਹੈ ਜਿਨ੍ਹਾਂ ਨਾਲ ਉਸ ਨੇ ਧੋਖਾ ਕੀਤਾ ਸੀ, ਜ਼ੱਕੀ ਭੀੜ ਦੀਆਂ ਨਜ਼ਰਾਂ ਇਕ ਧਰਮੀ ਪੁਰਖ ਸੀ| ਅਸੀਂ ਜੋ ਵੀ ਕਹਾਣੀ ਵਿਚੋਂ ਜਾਣ ਸਕਦੇ ਹਾਂ ਇਹੀ ਹੈ, ਕਹਾਣੀ ਦੇ ਕਿਸੇ ਹਿੱਸੇ ਵਿਚ ਜਾ ਕੇ, ਜ਼ੱਕੀ ਇਹ ਕਬੂਲ ਕਰਦਾ ਹੈ ਕਿ ਉਹ ਪਾਪੀ ਸੀ ਅਤੇ ਹੁਣ ਉਹ ਸਭ ਕੁਝ ਦਰੁਸਤ ਕਰਨਾ ਚਾਹੁੰਦਾ ਹੈ| ਯਿਸੂ ਨੇ ਕਿਹਾ ਕਿ ਬਦਲਾਓ ਉਸ ਸਮੇ ਆਇਆ| ਅਸੀਂ ਵੀ ਵੇਖਦੇ ਹਾਂ ਕਿ ਜ਼ੱਕੀ ਇਕ ਅਨੋਖੀ ਖੁਲ੍ਹ ਦਿਲੀ ਨੂੰ ਵਿਖਾਉਂਦਾ ਹੈ|

ਞ. ਆ ਨਿ ਪ੍ਰ-

• ਕੀ ਕਹਾਣੀ ਵਿਚ ਕੁਝ ਅਜਿਹਾ ਹੈ ਜੋ ਇਹ ਸੰਕੇਤ ਕਰਦਾ ਹੈ ਕਿ ਜ਼ੱਕੀ ਵਿਵਸਥਾ ਦੇ ਰਾਹੀਂ ਚੋਰ ਸਾਬਿਤ ਹੋਇਆ ਹੈ ਜਾਂ ਉਹ ਵਿਵਸਥਾ ਰਾਹੀਂ ਅਪਰਾਧੀ ਠਹਿਰਾਇਆ ਗਿਆ ਹੈ ਜਿਸ ਦੇ ਕਾਰਨ ਹੁਣ ਉਹ ਪੈਸੇ ਭਰ ਕੇ ਸਮੱਸਿਆ ਚੋਂ ਛੁਟਕਾਰਾ ਪਾਉਣ ਦਾ

ਜਤਨ ਕਰ ਰਿਹਾ ਹੈ?

• ਕੀ ਅਸੀਂ ਕਹਾਣੀ ਵਿਚੋਂ ਇਹ ਸਾਬਿਤ ਕਰ ਸਕਦੇ ਹਾਂ ਕਿ ਜ਼ੱਕੀ ਯਿਸੂ ਨੂੰ ਮਿਲਣ ਤੋਂ ਪਹਿਲਾਂ ਲੋਕਾਂ ਨੂੰ ਪੈਸਾ ਵਾਪਿਸ ਕਰ ਰਿਹਾ ਸੀ ਜਾਂ ਕੀ ਤੁਸੀਂ ਸੋਚਦੇ ਹੋ ਕਿ ਉਸ ਨੇ ਅਜਿਹਾ ਫੈਸਲਾ ਕੀਤਾ ਹੋਵੇ ਕਿ ਯਿਸੂ ਨੂੰ ਮਿਲਣ ਤੋਂ ਬਾਦ ਉਹ ਅਜਿਹਾ ਕੁਝ ਕਰੇਗਾ?

• ਕੀ ਅਸੀਂ ਜ਼ੱਕੀ ਦੇ ਬਾਰੇ ਭੀੜ ਦੇ ਵਿਚਾਰ ਤੋਂ ਦੱਸ ਸਕਦੇ ਹਾਂ ਕਿ ਕੀ ਉਹ ਇਕ ਇਮਾਨਦਾਰ ਮਹਿਸੂਲੀਆ ਰਿਹਾ ਹੋਵੇਗਾ ਅਤੇ ਉਹ ਪਹਿਲਾਂ ਹੀ ਆਪਣਾ ਅੱਧਾ ਮਾਲ ਗਰੀਬਾਂ ਨੂੰ ਦੇ ਰਿਹਾ ਸੀ?

• ਜ਼ੱਕੀ ਦੀ ਉਸ ਪਰੇਸ਼ਾਨੀ ਦਾ ਬਿਆਨ ਕਰੋ ਕਿ ਹੁਣ ਉਸ ਨੂੰ ਵਾਪਿਸ ਉਨ੍ਹਾਂ ਕੋਲ ਜਾਣਾ ਜਿਨ੍ਹਾਂ ਨੂੰ ਉਸ ਨੇ ਝੂਠਾ ਦੋਸ਼ੀ ਕਰਾਰ ਦਿੱਤਾ ਸੀ ਅਤੇ ਉਨ੍ਹਾਂ ਤੋਂ ਪੈਸਾ ਲਿਆ ਸੀ ਅਤੇ ਹੁਣ ਉਨ੍ਹਾਂ ਪੈਸਾ ਵਾਪਿਸ ਕਰਨਾ ਹੈ?

• ਅਸੀਂ ਕਹਾਣੀ ਵਿਚੋਂ ਕਿਸ ਤਰ੍ਹਾਂ ਵੇਖ ਸਕਦੇ ਹਾਂ ਕਿ ਯਿਸੂ ਨਾਲ ਇਸ ਮੁਲਾਕਾਤ ਨੇ ਜ਼ੱਕੀ ਦੇ ਜੀਵਨ ਨੂੰ ਬਦਲਿਆ?

16. ਆ ਨਿ-ਪਹਿਲੀ ਨਜ਼ਰ ਵਿਚ ਇਹ ਸੋਚਿਆ ਜਾ ਸਕਦਾ ਸੀ ਕਿ ਹੋ ਸਕਦਾ ਹੈ ਕਿ ਜ਼ੱਕੀ ਯਿਸੂ ਰਾਹੀਂ ਕਬੂਲ ਕੀਤਾ ਜਾਵੇ ਇਸ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਿਹਾ, ਇਕ ਤਰ੍ਹਾਂ ਨਾਲ ਪਰਮੇਸ਼ਰ ਨੂੰ ਖਰੀਦ ਰਿਹਾ ਹੈ| ਪਰ ਅਸੀਂ ਜਾਣਦੇ ਹਾਂ ਕਿ ਜ਼ੱਕੀ ਉਸ ਦਿਨ ਯਿਸੂ ਦੇ ਵਿਸ਼ਵਾਸ ਵਿਚ ਆਉਂਦਾ ਹੈ ਕਿਉਂਕਿ ਯਿਸੂ ਨੇ ਉਸ ਨੂੰ ਕਿਹਾ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਕਹਾਣੀ ਵਿਚ ਸਿਰਫ ਜ਼ੱਕੀ ਹੀ ਉਹ ਮਨੁੱਖ ਸੀ ਜੋ ਕਬੂਲ ਕਰ ਰਿਹਾ ਸੀ ਕਿ ਉਹ ਪਾਪੀ ਹੈ ਅਤੇ ਕਹਾਣੀ ਵਿਚ ਸਿਰਫ ਉਹ ਹੀ ਸੀ ਜਿਸ ਨੇ ਮੁਕਤੀ ਪ੍ਰਾਪਤ ਕੀਤੀ|

ਟ. ਆ ਨਿ ਪ੍ਰ-

• ਕਹਾਣੀ ਵਿਚ ਕੀ ਲਗਦਾ ਹੈ ਕਿ ਕਿੰਨੇ ਲੋਕਾਂ ਨੇ ਯਿਸੂ ਵਿਚ ਦਿਲਚਸਪੀ ਵਿਖਾਈ?

• ਕੀ ਕਹਾਣੀ ਵਿਚ ਕੁਝ ਅਜਿਹਾ ਹੈ ਜੋ ਸਾਨੂੰ ਦਰਸ਼ਾਉਂਦਾ ਹੋਵੇ ਕਿ ਉਸ ਦਿਨ ਜ਼ੱਕੀ ਦੇ ਜੀਵਨ ਵਿਚ ਸੱਚਮੁੱਚ ਹੀ ਆਤਮਿਕ ਬਦਲਾਓ ਆਇਆ ਹੈ?

• ਕਹਾਣੀ ਵਿਚ ਕਿਸ ਨੇ ਕਬੂਲ ਕੀਤਾ ਕਿ ਉਹ ਪਾਪੀ ਹੈ?

• ਕਹਾਣੀ ਵਿਚ ਕਿਨ੍ਹਾਂ ਨੇ ਆਪਣੇ ਆਪ ਨੂੰ ਪਾਪੀ ਕਬੂਲ ਨਹੀਂ ਕੀਤਾ ਹੈ?

• ਕਹਾਣੀ ਵਿਚ ਸਾਰੇ ਲੋਕਾਂ ਵਿਚੋਂ ਕਿਸ ਨੇ ਮੁਕਤੀ ਪ੍ਰਾਪਤ ਕੀਤੀ?

• ਤੁਸੀਂ ਉਸ ਵਿਚ ਕੀ ਫਰਕ ਵੇਖਦੇ ਹੋ ਜਿਸ ਨੇ ਮੁਕਤੀ ਪ੍ਰਾਪਤ ਨਹੀਂ ਕੀਤੀ ਹੈ?

17. ਆ ਨਿ-ਕਹਾਣੀ ਵਿਚ, ਯਿਸੂ ਜ਼ੱਕੀ ਨੂੰ ਸਿੱਧ ਹੀ ਕਹਿੰਦੇ ਹਨ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਤਦ ਯਿਸੂ ਨੇ ਆਪਣੀ ਵਾਣੀ ਨੂੰ ਜਾਰੀ ਰੱਖਦੇ ਹੋਏ ਕਿਹਾ, ''ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤਰ ਹੈ|" ਇਸ ਤੋਂ ਅਸੀਂ ਵੇਖਦੇ ਹਾਂ ਕਿ ਜ਼ੱਕੀ ਦੇ ਇਲਾਵਾ ਵੀ ਲੋਕ ਉਥੇ ਸਨ| ਇਹ ਵੀ ਕਿ ਯਿਸੂ ਨੇ ਕੀ ਕਿਹਾ ਉਸ ਦੇ

ਰਾਹੀਂ, ਅਸੀਂ ਵੇਖਦੇ ਹਾਂ ਕਿ ਉਹ ਇਹ ਬਦਲਾਓ ਕਰ ਰਿਹਾ ਹੈ ਕਿ ਉਹ ਕਿਸ ਨਾਲ ਬੋਲ ਰਿਹਾ ਹੈ ਅਤੇ ਯਿਸੂ ਉਸ ਜ਼ੱਕੀ ਦਾ ਇਨ੍ਹਾਂ ਲੋਕਾਂ ਤੋਂ ਬਚਾਓ ਕਰ ਰਿਹਾ ਹੈ!
ਠ. ਆ ਨਿ ਪ੍ਰ-
• ਇਸ ਕਹਾਣੀ ਵਿਚ ਜਦ ਜ਼ੱਕੀ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਅੰਗੀਕਾਰ ਕਰਦਾ ਹੈ, ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿ ਬਸ ਦੋ ਵਿਅਕਤੀ ਹੀ ਗੱਲਬਾਤ ਕਰ ਰਹੇ ਹੋਣ| ਪਰ, ਜਦ ਯਿਸੂ ਕਹਿੰਦਾ ਹੈ, ''ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤਰ ਹੈ," ਕੀ ਤੁਹਾਨੂੰ ਉਥੇ ਹੋਰ ਵੀ ਲੋਕ ਹੋਣ ਦਾ ਸੰਕੇਤ ਮਿਲਦਾ ਹੈ?
• ਉਥੇ ਕੌਣ ਹੈ?
• ਜਦ ਯਿਸੂ ਉਥੇ ਦੂਜੇ ਲੋਕਾਂ ਨਾਲ ਗੱਲ ਕਰਦੇ ਹਨ ਤਾਂ ਤੁਸੀਂ ਉਸ ਵਿਸ਼ੇ ਵਿਚ ਕੀ ਵੇਖਦੇ ਹੋ?
• ਤੁਸੀਂ ਕੀ ਸੋਚਦੇ ਹੋ ਕਿ ਯਿਸੂ ਇਹ ਜਤਨ ਕਰ ਰਹੇ ਸਨ ਕਿ ਲੋਕ ਆਪਣੇ ਬਾਰੇ ਅਤੇ ਜ਼ੱਕੀ ਬਾਰੇ ਵੇਖਣ?

18. ਆ ਨਿ-ਯਿਸੂ ਦਾ ਕਥਨ ਕਿ ਉਸ ਦੇ ਆਉਣ ਦਾ ਮਕਸਦ ਕੀ ਹੈ, ''ਜਿਹੜੇ ਗੁਆਚੇ ਗਏ ਹਨ ਉਨ੍ਹਾਂ ਨੂੰ ਭਾਲਣਾ ਅਤੇ ਬਚਾਉਣਾ," ਇਹ ਕਥਨ ਦਾ ਸਾਰ ਹੈ ਕਿ ਇਹ ਜ਼ੱਕੀ ਦਾ ਇਕ ਆਦਰ ਹੈ ਅਤੇ ਭੀੜ ਦੀ ਅਲੋਚਨਾ ਵਾਂਗ ਸੁਣਾਈ ਦੇ ਰਿਹਾ ਹੈ|
ਡ. ਆ ਨਿ ਪ੍ਰ-
• ਯਿਸੂ ਇਹ ਕਹਿੰਦੇ ਹੋਏ ਅਤੇ ਆਪਣੇ ਆਉਣ ਦੇ ਉਦੇਸ਼ ਦੱਸਦੇ ਹੋਏ ਕਹਾਣੀ ਦਾ ਅੰਤ ਕਰਦੇ ਹਨ,''ਜਿਹੜੇ ਗੁਆਚੇ ਗਏ ਹਨ ਉਨ੍ਹਾਂ ਨੂੰ ਭਾਲਣਾ ਅਤੇ ਬਚਾਉਣਾ|" ਯਿਸੂ ਦੇ ਸਾਰ ਕਥਨ ਵਿਚ ਤੁਸੀਂ ਕੀ ਵੇਖਦੇ ਹੋ?
• ਕੀ ਤੁਸੀਂ ਸੋਚਦੇ ਹੋ ਕਿ ਯਿਸੂ ਜਤਨ ਕੀਤਾ ਕਿ ਲੋਕ ਆਪਣੇ ਜੀਵਨ ਦੀਆਂ ਗੱਲਾਂ ਵੇਖਣ?
• ਆਪਣੇ ਵਿਚਾਰ ਪ੍ਰਗਟ ਕਰੋ?

ਇਹ ਆਤਮਿਕ ਪ੍ਰਯੋਗ ਅਸੀਂ ਵੇਖਦੇ ਹਾਂ:

ਸਾਡਾ ਅਗਲਾ ਕਦਮ ਆਤਮਿਕ ਪ੍ਰਯੋਗ ਤਿਆਰ ਕਰਨਾ ਹੈ| **ਹਰੇਕ ਪ੍ਰਯੋਗ ਨੂੰ ਕਿਸੇ ਖਾਸ ਨਿਰੀਖਣ ਉੱਤੇ ਅਧਾਰਿਤ ਹੋਣਾ ਹੈ** ਇਹ ਕਿਸ ਤਰ੍ਹਾਂ ਵੇਖਣਾ ਹੈ ਇਸ ਦੀ ਮਦਦ ਲਈ ਅਸੀਂ ਇਕ ਵਾਰੀ ਫਿਰ ਸਾਡੇ ਨਿਰੀਖਣਾਂ ਦੀ ਸੂਚੀ ਦੇ ਰਹੇ ਹਾਂ| ਹਰੇਕ ਨਿਰੀਖਣ ਤੋਂ ਬਾਦ ਉਸ ਦੇ ਸਬੰਧਤ ਇਸ ਦਾ ਆਤਮਿਕ ਪ੍ਰਯੋਗ ਦਿੱਤਾ ਗਿਆ ਹੈ|

ਪੱਕੇ ਤੌਰ 'ਤੇ, ਜਿਸ ਤਰ੍ਹਾਂ ਅਸੀਂ ਨਿਰੀਖਣ ਲਈ ਪ੍ਰਸ਼ਨਾਂ ਵਿਚ ਅਗੁਵਾਈ ਕੀਤੀ, ਅਸੀਂ ਤੁਹਾਨੂੰ

ਆਤਮਿਕ ਪ੍ਰਯੋਗਾਂ ਲਈ ਪ੍ਰਸ਼ਨ ਤਿਆਰ ਕਰਨ ਸਿੱਖਣ ਵਿਚ ਮਦਦ ਕਰਾਂਗੇ| ਇਸ ਹਿੱਸੇ ਵਿਚ ਤੁਸੀਂ ਹਰੇਕ ਆਤਮਿਕ ਨਿਰੀਖਣ ਤੋਂ ਬਾਦ ਇਸ ਦੇ ਸਬੰਧਤ ਆਤਮਿਕ ਪ੍ਰਯੋਗ ਨੂੰ ਵੇਖੋਗੇ ਅਤੇ ਤਦ ਉਸ ਪ੍ਰਸ਼ਨ ਨੂੰ ਜੋ ਤੁਹਾਡੀ ਪ੍ਰਯੋਗ ਵੱਲ ਮਾਰਗ ਦਰਸ਼ਨ ਕਰੇਗਾ| ਅਸੀਂ ਇਸ ਦੁਹਾਰਾਈ ਨੂੰ ਇਸ ਲਈ ਜੋੜਿਆ ਹੈ ਤਾਂ ਜੋ ਤੁਸੀਂ ਸਮੀਖਿਆ ਕਰ ਸਕੋ ਕਿ ਕਿਸ ਤਰ੍ਹਾਂ ਪ੍ਰਸ਼ਨ ਸਰੋਤਿਆਂ ਨੂੰ ਨਿਰੀਖਣ ਵੱਲ ਲੈ ਜਾਂਦੇ ਹਨ, ਨਿਰੀਖਣ ਪ੍ਰਯੋਗਾਂ ਵੱਲ ਲੈ ਜਾਂਦੇ ਹਨ ਅਤੇ ਫਿਰ ਇਹ ਪ੍ਰਸ਼ਨ ਸਰੋਤਿਆਂ ਨੂੰ ਲਾਗੂ ਕਰਨ ਵੱਲ ਲੈ ਜਾਂਦੇ ਹਨ| ਅਸੀਂ ਜਾਣਦੇ ਹਾਂ ਕਿ ਦੂਜਿਆਂ ਨੂੰ ਖੋਜ ਵੱਲ ਲਿਜਾਣ ਲਈ ਪ੍ਰਸ਼ਨਾਂ ਨੂੰ ਤਿਆਰ ਕਰਨਾ STS ਦਾ ਬਹੁਤ ਚੁਨੌਤੀਪੂਰਨ ਹਿੱਸਾ ਹੈ|

ਹੇਠਾਂ ਇਕ ਆਤਮਿਕ ਪ੍ਰਯੋਗਾਂ ਦੀ ਸੂਚੀ ਦਿੱਤੀ ਗਈ ਹੈ| ਹਰੇਕ ਉੱਪਰ ਦਿੱਤੀ ਗਈ ਆਤਮਿਕ ਨਿਰੀਖਣਾਂ ਦੇ ਆਧਾਰ ਉੱਤੇ ਹਨ| ਕਿਉਂਕਿ ਇਸ ਪ੍ਰਕ੍ਰਿਆ ਨੂੰ ਕਰਨਾ ਅਸਾਨ ਹੈ, ਆਤਮਿਕ ਨਿਰੀਖਣ ਫਿਰ ਤੋਂ ''ਆ ਨਿ" ਦੇ ਰੂਪ ਵਿਚ ਜੋੜੇ ਗਏ ਹਨ ਅਤੇ ''ਆ ਨਿ" ਦੇ ਤੁਰੰਤ ਬਾਦ ਆਤਮਿਕ ਪ੍ਰਯੋਗਾਂ ਦੀ ਸੂਚੀ ''ਆ ਪ੍ਰ" ਦੇ ਰੂਪ ਵਿਚ ਦਿੱਤੀ ਹੈ:

1. ਆ ਨਿ-ਲੋਕ ਜਿਹੜੇ ਵਿਖਦੇ ਸਨ ਕਿ ਯਿਸੂ ਵਿਚ ਉਨ੍ਹਾਂ ਦੀ ਦਿਲਚਸਪੀ ਹੈ ਉਹ ਜ਼ੱਕੀ ਨੂੰ ਯਿਸੂ ਦੇ ਕੋਲ ਆਉਣ ਵਿਚ ਰੁਕਾਵਟ ਬਣ ਰਹੇ ਸੀ|

ਉ. ਆ ਪ੍ਰ-ਅਸੀਂ ਜਿਹੜੇ ਯਿਸੂ ਦੇ ਮਗਰ ਚੱਲਣ ਦਾ ਦਾਹਵਾ ਕਰਦੇ ਹਾਂ, ਕਦੀ ਕਦੀ ਯਿਸੂ ਉੱਤੇ ਇੰਨਾ ਧਿਆਨ ਕਰਦੇ ਹਾਂ (ਧਾਰਮਿਕ ਬਣ ਜਾਂਦੇ ਹਾਂ) ਕਿ ਅਸੀਂ ਆਪਣੀ ਲਾਪਰਵਾਹੀ ਨਾਲ ਲੋਕਾਂ ਨੂੰ ਦੂਰ ਕਰ ਦਿੰਦੇ ਹਾਂ ਜਿਹੜੇ ਯਿਸੂ ਨੂੰ ਭਾਲ ਰਹੇ ਹਨ|

2. ਆ ਨਿ-ਇਹ ਮਨੁੱਖ ਜ਼ੱਕੀ ਕੱਦ ਦਾ ਮੱਧਰਾ ਸੀ, ਪਰ ਅਧਿਕਾਰ ਵਿਚ ਉੱਚਾ ਸੀ ਅਤੇ ਧਨਵਾਨ ਸੀ ਅਤੇ ਮਹਿਸੂਲ ਲੈਣ ਵਾਲਿਆਂ ਦਾ ਮੁੱਖੀ ਸੀ| ਪਰ ਉਹ ਯਿਸੂ ਨੂੰ ਵੇਖਣ ਦਾ ਇੰਨਾ ਚਾਹਵਾਨ ਸੀ ਕਿ ਜਦ ਅਸਾਨੀ ਨਾਲ ਨਾਲ ਕੀਤੀ ਕੋਸ਼ਿਸ਼ ਕਾਮਯਾਬ ਨਾ ਹੋਈ ਤਾਂ ਉਸ ਨੇ ਜਾਣ ਬੁੱਝ ਕੇ ਇਕ ਤਰੀਕਾ ਅਪਨਾਈਆ ਜੋ ਬੜਾ ਹਟ ਕੇ ਸੀ|

ਅ. ਆ ਪ੍ਰ-ਜਦ ਅਸੀਂ ਯਿਸੂ ਨੂੰ ਭਾਲਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਘੁਮੰਡ ਨੂੰ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ ਅਤੇ ਉਹ ਕਰਨਾ ਚਾਹੀਦਾ ਹੈ ਜੋ ਉਸ ਨੂੰ ਭਾਲਣ ਅਤੇ ਉਸ ਦੀ ਪੈਰਵੀ ਕਰਨ ਵਿਚ ਜ਼ਰੂਰੀ ਹੈ|

3. ਆ ਨਿ-ਸੰਭਾਵਨਾ ਸੀ ਕਿ ਲੋਕ ਇਸ ਖਾਸ ਵਿਅਕਤੀ ਦੇ ਇਸ ਤਰ੍ਹਾਂ ਖੁਲ੍ਹੇ ਆਮ ਗਲੀ ਵਿਚ ਭੱਜਣਾ ਅਤੇ ਦਰਖ਼ਤ ਉੱਤੇ ਚੜ੍ਹਨਾ ਬੇਵਕੂਫੀ ਦਾ ਕੰਮ ਲੱਗਿਆ ਹੋਵੇ ਪਰ ਇਹ ਸਭ ਜ਼ੱਕੀ ਨੂੰ ਉਹ ਜੋ ਕਰ ਰਿਹਾ ਸੀ ਰੋਕ ਨਾ ਸਕੇ|

ਇ. ਆ ਪ੍ਰ-ਸਾਡੇ ਨਾਲ ਅਜਿਹਾ ਕਦੀ ਨਾ ਹੋਵੇ ਕਿ ਘੁਮੰਡ ਜਾਂ ਲੋਕਾਂ ਦਾ ਡਰ ਸਾਡੇ ਬਾਰੇ ਕਹੇ ਕਿ ਅਸੀਂ ਯਿਸੂ ਨੂੰ ਜਾਣਨ ਤੋਂ ਦੂਰ ਰਹਿਏ| ਐਥੋਂ ਤਕ ਕਿ ਜੇਕਰ ਸਾਡਾ ਲੋਕਾਂ ਰਾਹੀਂ ਵੇਖਿਆ ਜਾਣਾ ਵੀ ਹੈ ਤਾਂ ਭਾਵੇਂ ਉਹ ਮੂਰਖਤਾ ਜਿਹੀ ਲੱਗੇ, ਸਾਨੂੰ ਉਹ ਕਰਨਾ ਹੀ ਚਾਹੀਦਾ ਹੈ|

4. ਆ ਨਿ-ਕਹਾਣੀ ਦੇ ਅਰੰਭ ਵਿਚ ਹੀ ਇਹ ਤਾਂ ਸਪੱਸ਼ਟ ਹੈ ਕਿ ਜ਼ੱਕੀ ਯਿਸੂ ਨੂੰ ਭਾਲ ਰਿਹਾ ਹੈ| ਪਰ ਕਹਾਣੀ ਵਿਚ ਅੱਗੇ ਚੱਲ ਕੇ ਕਹਾਣੀ ਬਣ ਜਾਂਦੀ ਹੈ ਕਿ ਯਿਸੂ ਜ਼ੱਕੀ ਨੂੰ ਭਾਲ ਰਿਹਾ ਹੈ!

ਸ. ਆ ਪ੍ਰ-ਅਸੀਂ ਕਹਾਣੀ ਵਿਚ ਵੇਖਿਆ ਕਿ ਜ਼ੱਕੀ ਨੇ ਯਿਸੂ ਨੂੰ ਭਾਲਿਆ, ਪਰ ਯਿਸੂ ਨੇ ਵੀ ਜ਼ੱਕੀ ਨੂੰ ਭਾਲਿਆ| ਦੋਹੇਂ ਹੀ ਸਹੀ ਹਨ| ਸਾਡੇ ਲਈ, ਅਸੀਂ ਪਰਮੇਸ਼ਰ ਦੀ ਭਾਲ ਜ਼ਰੂਰ ਕਰੀਏ, ਪਰ ਉਸੇ ਹੀ ਸਮੇ ਸਾਨੂੰ ਇਹ ਵੀ ਜਾਣਨਾ ਹੈ ਕਿ ਉਹ ਸਾਨੂੰ ਭਾਲਦਾ ਹੈ!

5. ਆ ਨਿ-ਅਸੀਂ ਵੇਖਿਆ ਕਿ ਯਿਸੂ ਗਲੀ ਵਿਚ ਲੋਕਾਂ ਦੇ ਵਿਚਕਾਰ ਅਤੇ ਭੀੜ ਉਸ ਦੇ ਚਾਰੇ ਪਾਸੇ ਦੱਬੀ ਜਾ ਰਹੀ ਹੈ| ਚਾਹੇ ਸਾਰੇ ਲੋਕ ਯਿਸੂ ਉੱਤੇ ਡਿੱਗ ਰਹੇ ਸਨ, ਉਹ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਉਸ ਵਿਅਕਤੀ ਵੱਲ ਧਿਆਨ ਦੇਣ ਦੀ ਚੋਣ ਕਰਦਾ ਹੈ ਜਿਹੜਾ ਕਿ ਉਸ ਦੇ ਨੇੜੇ ਵੀ ਨਹੀਂ ਸੀ ਅਤੇ ਇਹ ਮਨੁੱਖ ਤਾਂ ਦਰਖ਼ਤ ਉੱਤੇ ਚੜ੍ਹਿਆ ਬੈਠਾ ਹੈ!

ਹ.ਆ ਪ੍ਰ-ਉਸ ਦਿਨ ਬਹੁਤ ਸਾਰੇ ਲੋਕਾਂ ਨੇ ਪਰਮੇਸ਼ਰ ਕਿਰਪਾ ਨੂੰ ਲੈਣਾ ਚਾਹਿਆ| ਉਨ੍ਹਾਂ ਨੇ ਯਿਸੂ ਵਿਚ ਦਿਲਚਸਪੀ ਵਿਖਾਈ, ਪਰ ਯਿਸੂ ਨੇ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਅਤੇ ਸਿਰਫ ਇਕੋ ਹੀ ਵਿਅਕਤੀ ਨੂੰ ਚੁਣਿਆਂ| ਸੰਸਾਰ ਵਿਚ ਬਹੁਤ ਸਾਰੇ ਲੋਕ ਹਨ ਜੋ ਇਸ ਤਰ੍ਹਾਂ ਪ੍ਰਗਟ ਕਰਦੇ ਹਨ ਕਿ ਉਹ ਪਰਮੇਸ਼ਰ ਨੂੰ ਚਾਹੁੰਦੇ ਹਨ, ਪਰ ਉਨ੍ਹਾਂ ਵਿਚੋਂ ਜ਼ਿਆਦਾਤਰ ਖਰੇ ਨਹੀਂ ਹੁੰਦੇ ਹਨ| ਯਿਸੂ ਨੇ ਉਸ ਨੂੰ ਬੁਲਾਇਆ ਜੋ ਖਰਾ ਸੀ| ਪਰਮੇਸ਼ਰ ਸਾਡੇ ਦਿਲਾਂ ਨੂੰ ਜਾਣਦਾ ਹੈ ਅਤੇ ਉਹ ਜਾਣਦਾ ਹੈ ਕਿ ਕੀ ਅਸੀਂ ਉਸ ਨੂੰ ਸਚਿਆਈ ਨਾਲ ਭਾਲ ਰਹੇ ਹੈ ਜਾਂ ਨਹੀਂ|

6. ਆ ਨਿ-ਯਿਸੂ ਉਸ ਨੂੰ ਉਸ ਦਾ ਨਾਮ ਜ਼ੱਕੀ ਲੈ ਕੇ ਪੁਕਾਰਦਾ ਹੈ, ਜੋ ਕਿ ਉਸ ਮਨੁੱਖ ਵਿਚ ਉਸ ਦੀ ਨਿੱਜੀ ਦਿਲਚਸਪੀ ਵਿਖਾਈ ਦਿੰਦੀ ਹੈ|

ਕ. ਆ ਪ੍ਰ-ਇਥੇ ਅਸੀਂ ਇਕ ਨਿੱਜੀ ਪਰਮੇਸ਼ਰ ਨੂੰ ਵੇਖਦੇ ਹਾਂ, ਜੋ ਸਾਨੂੰ ਜਾਣਦਾ ਹੈ ਕਿ ਅਸੀਂ ਕਿਥੇ ਹਾਂ ਅਤੇ ਸਾਡਾ ਨਾਮ ਵੀ ਜਾਣਦਾ ਹੈ| ਜੇਕਰ ਅਸੀਂ ਇਹ ਸਮਝ ਜਾਂਦੇ ਹਾਂ ਕਿ ਪਰਮੇਸ਼ਰ ਉਨ੍ਹਾਂ ਲਈ ਦਇਆਵਾਨ ਹੈ ਜਿਹੜੇ ਉਸ ਨੂੰ ਭਾਲਦੇ ਹਨ, ਅਸੀਂ ਚਾਹੁੰਦੇ ਹਾਂ ਕਿ ਉਹ ਸਾਨੂੰ ਸਾਡੇ ਨਾਮ ਨਾਲ ਜਾਣੇ. . .ਇਹੀ ਸਾਡੇ ਲਈ ਤਸੱਲੀ ਦੀ ਗੱਲ ਹੈ| ਜ਼ੱਕੀ ਯਿਸੂ ਨੂੰ ਵੇਖਣਾ ਚਾਹੁੰਦਾ ਸੀ, ਇਸ ਲਈ ਜਦ ਯਿਸੂ ਨੂੰ ਉਸ ਦਾ ਨਾਮ ਲੈ ਕੇ ਉਸ ਨੂੰ ਬੁਲਾਇਆ, ਜ਼ੱਕੀ ਜਾਣ ਗਿਆ ਕਿ ਉਹ ਕੌਣ ਹੈ ਜਿਹੜਾ ਉਸ ਨੂੰ ਬੁਲਾ ਰਿਹਾ ਹੈ|

7. ਆ ਨਿ-ਯਿਸੂ ਨੇ ਆਪ ਜ਼ੱਕੀ ਦੇ ਘਰ ਵਿਚ ਆਉਣ ਲਈ ਕਿਹਾ, ਇਸ ਤਰ੍ਹਾਂ ਹੋਣਾ ਹਰ ਸਮਾਜ ਜਾਂ ਸੱਭਿਅਤਾ ਵਿਚ ਇਕ ਤਰ੍ਹਾਂ ਦੀ ਗੁਸਤਾਖ਼ੀ ਹੀ ਹੈ| ਇਹ ਯਿਸੂ ਦੇ ਗਿਆਨ ਅਤੇ ਨਿਸ਼ਚੈ ਨੂੰ ਦਰਸ਼ਾਉਂਦਾ ਹੈ ਕਿ ਕੀ ਹੋਣਾ ''ਚਾਹੀਦਾ" ਹੈ|

ਖ. ਆ ਪ੍ਰ-ਇਹ ਅਨੋਖਾ ਅਤੇ ਉਤਸ਼ਾਹ ਦੇਣ ਵਾਲਾ ਹੈ ਕਿ ਯਿਸੂ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦੇ ਹਨ ਜਿਹੜੇ ਉਸ ਨੂੰ ਭਾਲਦੇ ਹਨ|

8.ਆ ਨਿ-ਜਦ ਕੋਈ ਵਿਅਕਤੀ ਉਤਾਂਹ ਵੇਖਦਾ ਹੈ, ਖਾਸਕਰ ਇਕ ਆਗੂ ਜਿਸ ਦੀ ਬਹੁਤ ਸਾਰੇ ਲੋਕ ਪੈਰਵੀ ਕਰਦੇ ਹਨ, ਤਦ ਲੋਕ ਵੀ ਉਹੀ ਵੇਖਣਗੇ ਜੋ ਆਗੂ ਵੇਖ ਰਿਹਾ ਹੈ| ਇਸ ਲਈ ਜ਼ੱਕੀ ਨਾ ਸਿਰਫ ਯਿਸੂ ਨੇ ਹੀ ਵੇਖਿਆ, ਪਰ ਸਭ ਲੋਕਾਂ ਨੇ ਵੇਖਿਆ! ਜਦ ਜ਼ੱਕੀ ਨੂੰ ਉਥੇ ''ਵੇਖਿਆ ਗਿਆ" ਤਾਂ ਜ਼ੱਕੀ ਨੇ ਕੋਈ ਡਰ ਜਾਂ ਘਬਰਾਹਟ ਪ੍ਰਗਟ ਨਹੀਂ ਕੀਤੀ| ਸੱਚ ਤਾਂ ਇਹ ਹੈ ਕਿ ਆਪਣੀ ਖੁਸ਼ੀ ਪ੍ਰਗਟ ਕਰਦਾ ਹੈ|

ਗ. ਆ ਪ੍ਰ-ਜਦ ਅਸੀਂ ਅਵਿਸ਼ਵਾਸੀਆਂ ਅਤੇ ਪਰਮੇਸ਼ਰ ਦੇ ਅਵਿਸ਼ਵਾਸਯੋਗ ਪੈਰੋਕਾਰਾਂ ਰਾਹੀਂ

ਵੇਖੇ ਜਾਂਦੇ ਹਾਂ ਭਾਵੇਂ ਅਸੀਂ ਪਰਮੇਸ਼ਰ ਨੂੰ ਭਾਲਣ ਦੀ ਇੱਛਾ ਲਈ ਮੂਰਖ ਬਣੀਏ ਜਾਂ ਮੂੜ ਬਣੀਏ, ਚਾਹੇ ਕੁਝ ਵੀ ਹੋਵੇ ਉਨ੍ਹਾਂ ਦਾ ਸਾਡੇ ਉੱਤੇ ਅਸਰ ਨਹੀਂ ਪੈਣਾ ਚਾਹੀਦਾ ਹੈ| ਜਦ ਅਸੀਂ ਜਾਣਦੇ ਹਾਂ ਕਿ ਪਰਮੇਸ਼ਰ ਦੀ ਸਾਡੇ ਵਿਚ ਨਿੱਜੀ ਤੌਰ 'ਤੇ ਦਿਲਚਸਪੀ ਹੈ, ਸਾਨੂੰ ਖੁਸ਼ੀ ਨਾਲ ਪ੍ਰਤੀਉੱਤਰ ਦੇਣਾ ਚਾਹੀਦਾ ਹੈ|

9. ਆ ਨਿ-ਜ਼ੱਕੀ ਨੇ ਯਿਸੂ ਦੀ ਬੁਲਾਹਟ ਦਾ ਉੱਤਰ ਦੇਣ ਵਿਚ ਕੋਈ ਆਨਾ ਕਾਨੀ ਨਹੀਂ ਕੀਤੀ| ਪਰ ਉਹ ਝੱਟਪਟ ਕਰਦਾ ਹੈ|

ਘ. ਆ ਪ੍ਰ-ਜੇਕਰ ਅਸੀਂ ਕਿਸੇ ਵੀ ਸਮੇ ਇਹ ਜਾਣਦੇ ਹਾਂ ਕਿ ਪਰਮੇਸ਼ਰ ਸਾਨੂੰ ਆਪਣੇ ਕੰਮ ਲਈ ਬੁਲਾ ਰਿਹਾ ਹੈ, ਅਸੀਂ ਉਸ ਦਾ ਉੱਤਰ ਜ਼ਰੂਰ ਦੇਈਏ ਅਤੇ ਉੱਤਰ ਉਸ ਦੇ ਨਿਰਦੇਸ਼ ਅਨੁਸਾਰ ਦੇਈਏ| ਦੇਰੀ ਨਾਲ ਆਗਿਆ ਪਾਲਨ ਕਰਨਾ ਅਣਆਗਿਆਕਾਰੀ ਹੀ ਗਿਣੀ ਜਾਵੇਗੀ|

10. ਆ ਨਿ-ਭੀੜ ਜ਼ੱਕੀ ਦੇ ਵਿਰੁੱਧ ਬੋਲਦੀ ਹੈ, ਆਪਸ ਵਿਚ ਯਿਸੂ ਦੇ ਬਾਰੇ ਬੁੜ ਬੁੜ ਕਰਨ ਲੱਗੇ ਕਿ ''ਉਹ ਕਿਸ ਤਰ੍ਹਾਂ ਅਜਿਹੇ ਮਨੁੱਖ ਦੇ ਘਰ ਚਲਿਆ ਗਿਆ ਹੈ, ਉਹ ਤਾਂ ਪਾਪੀ ਹੈ|" ''ਨਾਲ ਚਲਿਆ. . . ਗਿਆ" ਇਹ ਸੰਕੇਤ ਕਰਦਾ ਹੈ ਕਿ ਯਿਸੂ ਉਸ ਦੇ ਨਾਲ ਜਾ ਰਿਹਾ ਸੀ ਜਾਂ ਜਾ ਚੁੱਕਿਆ ਸੀ| ਉਸੇ ਘੜੀ ਜਦ ਜ਼ੱਕੀ ਅਤੇ ਯਿਸੂ ਨੇ ਜਾਣਿਆਂ ਕਿ ਭੀੜ ਯਿਸੂ ਦੇ ਜ਼ੱਕੀ ਦੇ ਘਰ ਕਾਰਨ ਲੋਕ ਅਲੋਚਨਾ ਕਰ ਕਰ ਰਹੇ ਹਨ ਇਹ ਸਪੱਸ਼ਟ ਨਹੀਂ ਹੈ| ਪਰ ਕੁਝ ਸਮੇ ਬਾਦ ਕਹਾਣੀ ਵਿਚ, ਜ਼ੱਕੀ ਦੇ ਸਾਹਮਣੇ ਯਿਸੂ ਨੂੰ ਜਦ ਭੀੜ ਨੂੰ ਕਿਹਾ, ਅਸੀਂ ਵੇਖਦੇ ਹਾਂ ਕਿ ਯਿਸੂ ਅਤੇ ਜ਼ੱਕੀ ਦੋਹਾਂ ਨੇ ਭੀੜ ਦੀ ਅਲੋਚਨਾ ਨੂੰ ਜਾਣਿਆਂ| ਪਰ ਜ਼ੱਕੀ ਆਪਣੇ ਉੱਤੇ ਭੀੜ ਦੀ ਅਲੋਚਨਾ ਦਾ ਅਸਰ ਨਾ ਹੋਣ ਦਿੱਤਾ ਅਤੇ ਫਿਰ ਵੀ ਯਿਸੂ ਨੂੰ ਆਪਣੇ ਘਰ ਲੈ ਗਿਆ|

ਙ. ਆ ਪ੍ਰ-ਅਸੀਂ ਅਰੰਭ ਚੰਗੀ ਤਰ੍ਹਾਂ ਕਰ ਸਕਦੇ ਹਾਂ, ਪਰ ਸਮਾ ਆਉਣ 'ਤੇ, ਜੇਕਰ ਅਸੀਂ ਸਾਡੇ ਆਲੇ ਦੁਆਲੇ ਤੋਂ ਅਲੋਚਨਾ ਸੁਣਦੇ ਹਾਂ, ਐਥੋਂ ਤਕ ਕਿ ਧਾਰਮਿਕ ਭੀੜ ਤੋਂ ਵੀ, ਸਾਨੂੰ ਉਸੇ ਵਿਚ ਹੀ ਬਣੇ ਰਹਿਣਾ ਹੈ|

11. ਆ ਨਿ-ਭੀੜ ਦੀ ਅਲੋਚਨਾ ਕਹਿ ਰਹੀ ਸੀ ਕਿ ਯਿਸੂ, ''ਕਿ ਯਿਸੂ ਉਸ ਦੇ ਘਰ ਚਲਿਆ ਗਿਆ ਜੋ ਪਾਪ ਇਕ ਪਾਪੀ ਹੈ," ਮੈਂ ਵੇਖਦਾ ਹਾਂ ਕਿ ਭੀੜ ਆਪਣੇ ਆਪ ਨੂੰ ਪਾਪੀ ਨਹੀਂ ਸਮਝਦੀ ਸੀ|

ਚ. ਆ ਪ੍ਰ-ਉਨ੍ਹਾਂ ਦੇ ਆਪਣੇ ਮੂੰਹ ਵਿਚੋਂ, ਘੁਮੰਡੀ ਲੋਕ ਆਪਸ ਵਿਚ ਦੋਸ਼ ਲਾਉਂਦੇ ਹਨ| ਆਓ ਅਸੀਂ ਉਨ੍ਹਾਂ ਘੁਮੰਡੀ ਲੋਕਾਂ ਵਾਂਗ ਨਾ ਬਣੀਏ, ਜੋ ਇਹ ਨਹੀਂ ਕਬੂ ਕਰਦੇ ਕਿ ਉਹ ਪਾਪੀ ਹਨ|

12. ਆ ਨਿ-ਭੀੜ ਇਸ ਤਰ੍ਹਾਂ ਦਾ ਵਿਹਾਰ ਕਰ ਰਹੀ ਸੀ ਜਿਵੇਂ ਕਿ ਉਹ ਯਿਸੂ ਦੇ ''ਪੈਰੋਕਾਰ" ਹੋਣ| ਉਹ ਯਿਸੂ ਦੇ ਨਾਲ ਨਾਲ ਚੱਲ ਰਹੇ ਸਨ, ਉਸ ਉੱਤੇ ਡਿਗਦੇ ਪਏ ਸਨ| ਹਾਲਾਂ ਕਿ ਉਨ੍ਹਾਂ ਦੀ ਅਲੋਚਨਾ ਇਹ ਅਰਥ ਕੱਢਦੀ ਹੈ ਕਿ ਉਨ੍ਹਾਂ ਚਿੰਤਾ ਹੈ ਕਿ ਯਿਸੂ ਕੀ ਖਾਂਦਾ ਹੈ, ਇਸ ਤਰ੍ਹਾਂ ਲਗਦਾ ਹੈ ਕਿ ਉਹ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਘਰ ਵਿਚ ਜਾਣਾ ਸਹੀ ਸੀ ਚੋਣ ਸੀ| ਅਸਲ 'ਚ ਭੀੜ ਯਿਸੂ ਦੇ ਜਾਣ ਦੀ ਅਸਹਿਮਤੀ ਕਰਨ ਨਾਲ ਉਸ ਦਾ ਨਿਰਾਦਰ ਕਰ ਰਹੀ ਸੀ ਜੋ ਘਰ ਯਿਸੂ ਨੇ ਜਾਣ ਲਈ ਚੁਣਿਆਂ ਸੀ|

ਛ. ਆ ਪ੍ਰ-ਉਹ ਸਾਰੇ ਜਿਹੜੇ ਯਿਸੂ ਦੇ ਪੈਰੋਕਾਰ ਹੋਣ ਦਾ ਦਾਹਵਾ ਕਰਦੇ ਹਨ ਹਕੀਕਤ ਵਿਚ

ਉਸ ਨੂੰ ਨਹੀਂ ਜਾਣਦੇ ਹਨ, ਨਾ ਹੀ ਉਸ ਦੀ ਸਹੀ ਅਰਥਾਂ ਵਿਚ ਉਸ ਦਾ ਜਾਂ ਉਸ ਦੇ ਫੈਸਲਿਆਂ ਆਦਰ ਕਰਦੇ ਹਨ| ਸਾਰੇ ਭਗਤ ਲੋਕ ਪਰਮੇਸ਼ਰ ਦੇ ਵਚਨ ਦਾ ਆਦਰ ਨਹੀਂ ਕਰਦੇ|

13. ਆ ਨਿ-ਇਸ ਦੋਸ਼ ਲਾਉਣ ਵਾਲੀ ਭੀੜ ਦੇ ਆਪਣੇ ਵਿਸ਼ਵਾਸ ਸਨ, ਪਰ ਇੰਜ ਲਗਦਾ ਹੈ ਕਿ ਉਹ ਯਿਸੂ ਦੇ ਸਾਹਮਣੇ ਪ੍ਰਸ਼ਨ ਕਰਨ ਘਬਰਾਉਂਦੇ ਸਨ| ਪਰ ਇਸ ਦੇ ਬਜਾਏ ਉਹ ਆਪਸ ਵਿਚ ਹੀ ਬੁੜਬੁੜ ਕਰ ਰਹੇ ਸਨ|

ਜ. ਆ ਪ੍ਰ-ਭੀੜ ਦੇ ਕੰਮ ਅੱਜ ਕਲ ਦੇ ਲੋਕਾਂ ਦੇ ਵਾਂਗ ਹੀ ਹਨ ਜਿਹੇੜੇ ਸੋਚਦੇ ਹਨ ਕਿ ਜੋ ਅਸੀਂ ਕੰਨਾਂ ਕੰਨਾਂ ਵਿਚ ਕਹਿੰਦੇ ਹਾਂ ਉਹ ਪਰਮੇਸ਼ਰ ਨਹੀਂ ਸੁਣਦਾ ਹੈ ਜਾਂ ਜੋ ਉਹ ਅਨੇਰੇ ਵਿਚ ਜਾਂ ਛੁਪੀਆਂ ਥਾਵਾਂ ਵਿਚ ਕਰਦੇ ਹਨ ਉਹ ਨਹੀਂ ਵੇਖਦਾ ਹੈ|

14. ਆ ਨਿ-ਜ਼ੱਕੀ ਇਕ ਧਨੀ ਮਨੁੱਖ, ਆਪਣੇ ਹਿਰਦੇ ਨੂੰ ਖੋਲ੍ਹਦਾ ਹੈ ਜਦ ਉਹ ਗਰੀਬਾਂ ਅਤੇ ਕੰਗਾਲਾਂ ਨੂੰ ਆਪਣੀ ਜਾਇਦਾਦ ਦਾ ਅੱਧਾ ਹਿੱਸਾ ਦੇ ਦੀ ਗੱਲ ਕਰਦਾ ਹੈ|

ਝ. ਆ ਪ੍ਰ-ਪਰਮੇਸ਼ਰ ਦੇ ਨਾਲ ਸੱਚੀ ਮੁਲਾਕਤ ਕਿਸੇ ਦੇ ਵਿਚਾਰਾ ਅਤੇ ਕਦਰਾਂ ਵਿਚ ਬਦਲਾਓ ਲਿਆਉਂਦੀ ਹੈ|

15. ਆ ਨਿ-ਇਸ ਦੇ ਨਾਲ ਹੀ ਨਾਲ ਜ਼ੱਕੀ ਘੋਸ਼ਣਾ ਕਰਦਾ ਹੈ ਕਿ ਜੇਕਰ ਉਸ ਨੇ ਕਿਸੇ ਤੋਂ ਕੁਝ ਵੀ ਝੂਠ ਬੋਲ ਕੇ ਲਿਆ ਹੈ, ਉਹ ਉਸ ਵਿਅਕਤੀ ਨੂੰ ਚੌਗੁਣਾ ਵਾਪਿਸ ਕਰਨਾ ਚਾਹੁੰਦਾ ਹੈ ਜੋ ਉਸ ਨੇ ਉਸ ਤੋਂ ਲਿਆ ਹੈ ਹੈ ਜ਼ੱਕੀ ਇਹ ਨਹੀਂ ਕਹਿੰਦਾ ਹੈ ਕਿ ਜੇਕਰ ਉਹ ਵਿਵਸਥਾ ਦੇ ਰਾਹੀਂ ਸਿੱਧ ਜਾਵੇ ਤਾਂ ਉਹ ਚੋਰੀ ਦਾ ਜਾਂ ਲੁੱਟ ਦਾ ਮਾਲ ਚੌਗੁਣਾ ਮੋੜੇਗਾ| ਪਰ ਜ਼ੱਕੀ ਇਹ ਆਪਣੇ ਹਿਰਦੇ ਦੀ ਇੱਛਾ ਨਾਲ ਇਹ ਕਰਦਾ ਹੈ| ਕੁਝ ਸਲਾਹ ਦਿੰਦੇ ਹਨ ਕਿ ਜ਼ੱਕੀ ਤਾਂ ਪਹਿਲਾਂ ਹੀ ਗਰੀਬਾਂ ਨੂੰ ਧਨ ਦਿੰਦਾ ਆ ਰਿਹਾ ਸੀ, ਪਰ ਭੀੜ ਦਾ ਵਿਚਾਰ ਇਸ ਦਾ ਉਲਟ ਦਰਸ਼ਾਉਂਦਾ ਹੈ| ਜੇਕਰ ਉਹ ਮਹਿਸੂਲ ਲੈਣ ਵਾਲਾ ਸੀ ਉਸ ਨੇ ਅੱਧਾ ਮਾਲ ਗਰੀਬਾਂ ਨੂੰ ਦੇ ਦਿੱਤਾ, ਹੋ ਸਕਦਾ ਹੈ ਕਿ ਉਹ ਇਹ ਕੰਮ ਛੁਪ ਕੇ ਕਰ ਰਿਹਾ ਹੋਵੇ| ਪਰ ਉਹ ਪਹਿਲਾਂ ਹੀ ਚੌਗੁਣਾ ਦੇ ਚੁੱਕਿਆ ਹੈ ਜਿਨ੍ਹਾਂ ਨਾਲ ਉਸ ਨੇ ਧੋਖਾ ਕੀਤਾ ਸੀ, ਜ਼ੱਕੀ ਭੀੜ ਦੀਆਂ ਨਜ਼ਰਾਂ ਇਕ ਧਰਮੀ ਪੁਰਖ ਸੀ| ਅਸੀਂ ਜੋ ਵੀ ਕਹਾਣੀ ਵਿਚੋਂ ਜਾਣ ਸਕਦੇ ਹਾਂ ਇਹੀ ਹੈ, ਕਹਾਣੀ ਦੇ ਕਿਸੇ ਹਿੱਸੇ ਵਿਚ ਜਾ ਕੇ, ਜ਼ੱਕੀ ਇਹ ਕਬੂਲ ਕਰਦਾ ਹੈ ਕਿ ਉਹ ਪਾਪੀ ਸੀ ਅਤੇ ਹੁਣ ਉਹ ਸਭ ਕੁਝ ਦਰੁਸਤ ਕਰਨਾ ਚਾਹੁੰਦਾ ਹੈ| ਯਿਸੂ ਨੇ ਕਿਹਾ ਕਿ ਬਦਲਾਓ ਉਸ ਸਮੇ ਆਇਆ| ਅਸੀਂ ਵੀ ਵੇਖਦੇ ਹਾਂ ਕਿ ਜ਼ੱਕੀ ਇਕ ਅਨੋਖੀ ਖੁਲ੍ਹ ਦਿਲੀ ਨੂੰ ਵਿਖਾਉਂਦਾ ਹੈ|

ਞ. ਆ ਪ੍ਰ-ਜ਼ੱਕੀ ਇਹ ਧਨੀ ਮਨੁੱਖ ਸੀ, ਮੁੱਖ ਮਹਿਸੂਲੀਆ ਸੀ ਉਸ ਦਾ ਲਾਲਚੀ ਮਨ ਬਦਲ ਗਿਆ ਅਤੇ ਉਹ ਇਮਾਨਦਾਰ ਅਤੇ ਖੁਲ੍ਹੇ ਦਿਲ ਨਾਲ ਦੇਣ ਵਾਲਾ ਬਣ ਗਿਆ| ਇਹ ਮੁੱਖ ਮਹਿਸੂਲੀਆ ਆਪਣੇ ਆਪ ਨੂੰ ਇੰਨਾ ਦੀਨ ਕਰਦਾ ਹੈ ਕਿ ਉਹ ਇਹ ਆਖਦੇ ਹੋਏ ਕਬੂਲ ਕਰਦਾ ਹੈ, ਜਿਨ੍ਹਾਂ ਦੇ ਵਿਰੁੱਧ ਉਸ ਨੇ ਜਬਰਦਸਤੀ ਲਿਆ ਹੈ, ਉਹ ਉਨ੍ਹਾਂ ਨੂੰ ਚੌਗੁਣਾ ਵਾਪਿਸ ਮੋੜੇਗਾ ਜਿਹੜਾ ਪੈਸਾ ਉਸ ਨੇ ਤੋਂ ਲੁੱਟਿਆ ਸੀ| ਜਦ ਅਸੀਂ ਯਿਸੂ ਦੇ ਵਿਸ਼ਵਾਸ ਵਿਚ ਆਉਂਦੇ ਹਾਂ ਅਤੇ ਆਪਣੇ ਪਾਪ ਕਬੂਲ ਕਰਦੇ ਹਾਂ ਤਾਂ ਸਾਨੂੰ ਆਪਣੀ ਵਿਖਾਉਣੀ ਚਾਹੀਦੀ ਹੈ ਅਤੇ ਆਪਣੀ ਮਰਜੀ ਨਾਲ ਵਾਪਿਸ ਜਾ ਕੇ ਪਿਛਲੀਆਂ ਗਲਤੀਆਂ ਨੂੰ ਸਚਿਆਈ ਨਾਲ ਸੁਧਾਰਨਾ ਹੈ|

16. ਆ ਨਿ-ਪਹਿਲੀ ਨਜ਼ਰ ਵਿਚ ਇਹ ਸੋਚਿਆ ਜਾ ਸਕਦਾ ਸੀ ਕਿ ਹੋ ਸਕਦਾ ਹੈ ਕਿ ਜ਼ੱਕੀ ਯਿਸੂ ਰਾਹੀਂ ਕਬੂਲ ਕੀਤਾ ਜਾਵੇ ਇਸ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਿਹਾ, ਇਕ ਤਰ੍ਹਾਂ ਨਾਲ ਪਰਮੇਸ਼ਰ ਨੂੰ ਖਰੀਦ ਰਿਹਾ ਹੈ| ਪਰ ਅਸੀਂ ਜਾਣਦੇ ਹਾਂ ਕਿ ਜ਼ੱਕੀ ਉਸ ਦਿਨ ਯਿਸੂ ਦੇ ਵਿਸ਼ਵਾਸ ਵਿਚ ਆਉਂਦਾ ਹੈ ਕਿਉਂਕਿ ਯਿਸੂ ਨੇ ਉਸ ਨੂੰ ਕਿਹਾ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਕਹਾਣੀ ਵਿਚ ਸਿਰਫ ਜ਼ੱਕੀ ਹੀ ਉਹ ਮਨੁੱਖ ਸੀ ਜੋ ਕਬੂਲ ਕਰ ਰਿਹਾ ਸੀ ਕਿ ਉਹ ਪਾਪੀ ਹੈ ਅਤੇ ਕਹਾਣੀ ਵਿਚ ਸਿਰਫ ਉਹ ਹੀ ਸੀ ਜਿਸ ਨੇ ਮੁਕਤੀ ਪ੍ਰਾਪਤ ਕੀਤੀ|

ਟ. ਆ ਪ੍ਰ-ਮੁਕਤੀ ਉਹ ਨਹੀਂ ਪ੍ਰਾਪਤ ਕਰ ਸਕਦੇ ਜਿਹੜੇ ਆਪਣੇ ਆਪ ਨੂੰ ਪਾਪੀ ਕਬੂਲ ਨਹੀਂ ਕਰਦੇ ਹਨ|

17. ਆ ਨਿ-ਕਹਾਣੀ ਵਿਚ, ਯਿਸੂ ਜ਼ੱਕੀ ਨੂੰ ਸਿੱਧ ਹੀ ਕਹਿੰਦੇ ਹਨ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਤਦ ਯਿਸੂ ਨੇ ਆਪਣੀ ਵਾਣੀ ਨੂੰ ਜਾਰੀ ਰੱਖਦੇ ਹੋਏ ਕਿਹਾ, ''ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤਰ ਹੈ|" ਇਸ ਤੋਂ ਅਸੀਂ ਵੇਖਦੇ ਹਾਂ ਕਿ ਜ਼ੱਕੀ ਦੇ ਇਲਾਵਾ ਵੀ ਲੋਕ ਉਥੇ ਸਨ| ਇਹ ਵੀ ਕਿ ਯਿਸੂ ਨੇ ਕੀ ਕਿਹਾ ਉਸ ਦੇ ਰਾਹੀਂ, ਅਸੀਂ ਵੇਖਦੇ ਹਾਂ ਕਿ ਉਹ ਇਹ ਬਦਲਾਓ ਕਰ ਰਿਹਾ ਹੈ ਕਿ ਉਹ ਕਿਸ ਨਾਲ ਬੋਲ ਰਿਹਾ ਹੈ ਅਤੇ ਯਿਸੂ ਉਸ ਜ਼ੱਕੀ ਦਾ ਇਨ੍ਹਾਂ ਲੋਕਾਂ ਤੋਂ ਬਚਾਓ ਕਰ ਰਿਹਾ ਹੈ!

ਠ. ਆ ਪ੍ਰ-ਅਸੀਂ ਵੇਖ ਰਹੇ ਹਾਂ ਯਿਸੂ ਜ਼ੱਕੀ ਨਾਲ ਕੰਮ ਕਰ ਰਿਹਾ ਹੈ ਅਤੇ ਜ਼ੱਕੀ ਯਿਸੂ ਦੇ ਵਿਸ਼ਵਾਸ ਵਿਚ ਆ ਰਿਹਾ ਹੈ| ਪਰ ਇਸ ਸਮੇ ਦੇ ਦੌਰਾਨ ਸਾਰੀ ਭੀੜ ਇਹ ਸਭ ਹੁੰਦਾ ਵੇਖ ਰਹੀ ਸੀ| ਯਿਸੂ ਅਜੇ ਵੀ ਇਸ ਸਵੈਧਰਮੀ ਭੀੜ ਵਧ ਰਹੇ ਸੀ ਅਤੇ ਕੋਸ਼ਿਸ਼ ਕਰ ਰਹੇ ਸੀ ਕਿ ਉਹ ਵੀ ਆਪਣੇ ਆਪ ਨੂੰ ਲੋੜਵੰਦ ਮਹਿਸੂਸ ਕਰਨ ਅਤੇ ਆਪਣੇ ਮਨ ਖੋਲ੍ਹਣ ਤਾ ਕਿ ਉਹ ਇਹ ਵੇਖ ਸਕਣ ਕਿ ਜ਼ੱਕੀ ਪਰਮੇਸ਼ਰ ਦੀ ਦਇਆ ਦੇ ਯੋਗ ਹੈ|

18. ਆ ਨਿ-ਯਿਸੂ ਦਾ ਕਥਨ ਕਿ ਉਸ ਦੇ ਆਉਣ ਦਾ ਮਕਸਦ ਕੀ ਹੈ, ''ਜਿਹੜੇ ਗੁਆਚੇ ਗਏ ਹਨ ਉਨ੍ਹਾਂ ਨੂੰ ਭਾਲਣਾ ਅਤੇ ਬਚਾਉਂਦਾ," ਇਹ ਕਥਨ ਦਾ ਸਾਰ ਹੈ ਕਿ ਇਹ ਜ਼ੱਕੀ ਦਾ ਇਕ ਆਦਰ ਹੈ ਅਤੇ ਭੀੜ ਦੀ ਅਲੋਚਨਾ ਵਾਂਗ ਸੁਣਾਈ ਦੇ ਰਿਹਾ ਹੈ|

ਡ. ਆ ਪ੍ਰ-ਜੇਕਰ ਅਸੀਂ ਪਰਮੇਸ਼ਰ ਰਾਹੀਂ ਕਬੂਲ ਕੀਤਾ ਜਾਣਾ ਪਸੰਦ ਕਰਦੇ ਹਾਂ ਤਾਂ ਸਾਨੂੰ ਸਾਡੇ ਗੁਆਚੇਪਣ ਅਤੇ ਪਾਪੀ ਦਸ਼ਾ ਨੂੰ ਕਬੂਲ ਕਰਨਾ ਹੈ ਅਤੇ ਹੋਣ ਦੇਈਏ ਕਿ ਪਰਮੇਸ਼ਰ ਸਾਨੂੰ ਬਚਾਵੇ|

ਆਤਮਿਕ ਪ੍ਰਯੋਗਾਂ ਲਈ ਪ੍ਰਸ਼ਨ ਤਿਆਰ ਕਰਨਾ:

ਹੇਠਾਂ ਇਕ ਆਤਮਿਕ ਪ੍ਰਯੋਗਾਂ ਦੀ ਸੂਚੀ ਦਿੱਤੀ ਗਈ ਹੈ| ਹਰੇਕ ਉੱਪਰ ਦਿੱਤੀ ਗਈ ਆਤਮਿਕ ਨਿਰੀਖਣਾਂ ਦੇ ਆਧਾਰ ਉੱਤੇ ਹਨ| ਕਿਉਂਕਿ ਇਸ ਪ੍ਰਕ੍ਰਿਆ ਨੂੰ ਕਰਨਾ ਅਸਾਨ ਹੈ, ਆਤਮਿਕ ਨਿਰੀਖਣ ਫਿਰ ਤੋਂ ''ਆ ਨਿ" ਦੇ ਰੂਪ ਵਿਚ ਜੋੜੇ ਗਏ ਹਨ ਅਤੇ ''ਆ ਨਿ" ਦੇ ਤੁਰੰਤ ਬਾਦ ਆਤਮਿਕ ਪ੍ਰਯੋਗਾਂ ਦੀ ਸੂਚੀ ''ਆ ਪ੍ਰ" ਦੇ ਰੂਪ ਵਿਚ ਦਿੱਤੀ ਹੈ:

1. ਆ ਨਿ-ਲੋਕ ਜਿਹੜੇ ਵਿਖਦੇ ਸਨ ਕਿ ਯਿਸੂ ਵਿਚ ਉਨ੍ਹਾਂ ਦੀ ਦਿਲਚਸਪੀ ਹੈ ਉਹ

ਜ਼ੱਕੀ ਨੂੰ ਯਿਸੂ ਦੇ ਕੋਲ ਆਉਣ ਵਿਚ ਰੁਕਾਵਟ ਬਣ ਰਹੇ ਸੀ|
ਉ. ਆ ਪ੍ਰ-ਅਸੀਂ ਜਿਹੜੇ ਯਿਸੂ ਦੇ ਮਗਰ ਚੱਲਣ ਦਾ ਦਾਹਵਾ ਕਰਦੇ ਹਾਂ, ਕਦੀ ਕਦੀ ਯਿਸੂ ਉੱਤੇ ਇੰਨਾ ਧਿਆਨ ਕਰਦੇ ਹਾਂ (ਧਾਰਮਿਕ ਬਣ ਜਾਂਦੇ ਹਾਂ) ਕਿ ਅਸੀਂ ਆਪਣੀ ਲਾਪਰਵਾਹੀ ਨਾਲ ਲੋਕਾਂ ਨੂੰ ਦੂਰ ਕਰ ਦਿੰਦੇ ਹਾਂ ਜਿਹੜੇ ਯਿਸੂ ਨੂੰ ਭਾਲ ਰਹੇ ਹਨ|
2. ਆ ਨਿ-ਇਹ ਮਨੁੱਖ ਜ਼ੱਕੀ ਕੱਦ ਦਾ ਮੱਧਰਾ ਸੀ, ਪਰ ਅਧਿਕਾਰ ਵਿਚ ਉੱਚਾ ਸੀ ਅਤੇ ਧਨਵਾਨ ਸੀ ਅਤੇ ਮਹਿਸੂਲ ਲੈਣ ਵਾਲਿਆਂ ਦਾ ਮੁੱਖੀ ਸੀ| ਪਰ ਉਹ ਯਿਸੂ ਨੂੰ ਵੇਖਣ ਦਾ ਇੰਨਾ ਚਾਹਵਾਨ ਸੀ ਕਿ ਜਦ ਅਸਾਨੀ ਨਾਲ ਨਾਲ ਕੀਤੀ ਕੋਸ਼ਿਸ਼ ਕਾਮਯਾਬ ਨਾ ਹੋਈ ਤਾਂ ਉਸ ਨੇ ਜਾਣ ਬੁੱਝ ਕੇ ਇਕ ਤਰੀਕਾ ਅਪਨਾਈਆ ਜੋ ਬੜਾ ਹਟ ਕੇ ਸੀ|
ਅ. ਆ ਪ੍ਰ-ਜਦ ਅਸੀਂ ਯਿਸੂ ਨੂੰ ਭਾਲਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਘੁਮੰਡ ਨੂੰ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ ਅਤੇ ਉਹ ਕਰਨਾ ਚਾਹੀਦਾ ਹੈ ਜੋ ਉਸ ਨੂੰ ਭਾਲਣ ਅਤੇ ਉਸ ਦੀ ਪੈਰਵੀ ਕਰਨ ਵਿਚ ਜ਼ਰੂਰੀ ਹੈ|
3. ਆ ਨਿ-ਸੰਭਾਵਨਾ ਸੀ ਕਿ ਲੋਕ ਇਸ ਖਾਸ ਵਿਅਕਤੀ ਦੇ ਇਸ ਤਰ੍ਹਾਂ ਖੁਲ੍ਹੇ ਆਮ ਗਲੀ ਵਿਚ ਭੱਜਣਾ ਅਤੇ ਦਰਖ਼ਤ ਉੱਤੇ ਚੜ੍ਹਨਾ ਬੇਵਕੂਫੀ ਦਾ ਕੰਮ ਲੱਗਿਆ ਹੋਵੇ ਪਰ ਇਹ ਸਭ ਜ਼ੱਕੀ ਨੂੰ ਉਹ ਜੋ ਕਰ ਰਿਹਾ ਸੀ ਰੋਕ ਨਾ ਸਕੇ|
ਇ. ਆ ਪ੍ਰ-ਸਾਡੇ ਨਾਲ ਅਜਿਹਾ ਕਦੀ ਨਾ ਹੋਵੇ ਕਿ ਘੁਮੰਡ ਜਾਂ ਲੋਕਾਂ ਦਾ ਡਰ ਸਾਡੇ ਬਾਰੇ ਕਹੇ ਕਿ ਅਸੀਂ ਯਿਸੂ ਨੂੰ ਜਾਣਨ ਤੋਂ ਦੂਰ ਰਹਿਏ| ਐਥੋਂ ਤਕ ਕਿ ਜੇਕਰ ਸਾਡਾ ਲੋਕਾਂ ਰਾਹੀਂ ਵੇਖਿਆ ਜਾਣਾ ਵੀ ਹੈ ਤਾਂ ਭਾਵੇਂ ਉਹ ਮੂਰਖਤਾ ਜਿਹੀ ਲੱਗੇ, ਸਾਨੂੰ ਉਹ ਕਰਨਾ ਹੀ ਚਾਹੀਦਾ ਹੈ|
4. ਆ ਨਿ-ਕਹਾਣੀ ਦੇ ਅਰੰਭ ਵਿਚ ਹੀ ਇਹ ਤਾਂ ਸਪੱਸ਼ਟ ਹੈ ਕਿ ਜ਼ੱਕੀ ਯਿਸੂ ਨੂੰ ਭਾਲ ਰਿਹਾ ਹੈ| ਪਰ ਕਹਾਣੀ ਵਿਚ ਅੱਗੇ ਚੱਲ ਕੇ ਕਹਾਣੀ ਬਣ ਜਾਂਦੀ ਹੈ ਕਿ ਯਿਸੂ ਜ਼ੱਕੀ ਨੂੰ ਭਾਲ ਰਿਹਾ ਹੈ!
ਸ. ਆ ਪ੍ਰ-ਅਸੀਂ ਕਹਾਣੀ ਵਿਚ ਵੇਖਿਆ ਕਿ ਜ਼ੱਕੀ ਨੇ ਯਿਸੂ ਨੂੰ ਭਾਲਿਆ, ਪਰ ਯਿਸੂ ਨੇ ਵੀ ਜ਼ੱਕੀ ਨੂੰ ਭਾਲਿਆ| ਦੋਹੇਂ ਹੀ ਸਹੀ ਹਨ| ਸਾਡੇ ਲਈ, ਅਸੀਂ ਪਰਮੇਸ਼ਰ ਦੀ ਭਾਲ ਜ਼ਰੂਰ ਕਰੀਏ, ਪਰ ਉਸੇ ਹੀ ਸਮੇ ਸਾਨੂੰ ਇਹ ਵੀ ਜਾਣਨਾ ਹੈ ਕਿ ਉਹ ਸਾਨੂੰ ਭਾਲਦਾ ਹੈ!
5. ਆ ਨਿ-ਅਸੀਂ ਵੇਖਿਆ ਕਿ ਯਿਸੂ ਗਲੀ ਵਿਚ ਲੋਕਾਂ ਦੇ ਵਿਚਕਾਰ ਅਤੇ ਭੀੜ ਉਸ ਦੇ ਚਾਰੇ ਪਾਸੇ ਦੱਬੀ ਜਾ ਰਹੀ ਹੈ| ਚਾਹੇ ਸਾਰੇ ਲੋਕ ਯਿਸੂ ਉੱਤੇ ਡਿੱਗ ਰਹੇ ਸਨ, ਉਹ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਉਸ ਵਿਅਕਤੀ ਵੱਲ ਧਿਆਨ ਦੇਣ ਦੀ ਚੋਣ ਕਰਦਾ ਹੈ ਜਿਹੜਾ ਕਿ ਉਸ ਦੇ ਨੇੜੇ ਵੀ ਨਹੀਂ ਸੀ ਅਤੇ ਇਹ ਮਨੁੱਖ ਤਾਂ ਦਰਖ਼ਤ ਉੱਤੇ ਚੜ੍ਹਿਆ ਬੈਠਾ ਹੈ!
ਹ.ਆ ਪ੍ਰ-ਉਸ ਦਿਨ ਬਹੁਤ ਸਾਰੇ ਲੋਕਾਂ ਨੇ ਪਰਮੇਸ਼ਰ ਕਿਰਪਾ ਨੂੰ ਲੈਣਾ ਚਾਹਿਆ| ਉਨ੍ਹਾਂ ਨੇ ਯਿਸੂ ਵਿਚ ਦਿਲਚਸਪੀ ਵਿਖਾਈ, ਪਰ ਯਿਸੂ ਨੇ ਉਨ੍ਹਾਂ ਨੂੰ ਨਜ਼ਰ ਅੰਦਾਜ਼

ਕੀਤਾ ਅਤੇ ਸਿਰਫ ਇਕੋ ਹੀ ਵਿਅਕਤੀ ਨੂੰ ਚੁਣਿਆਂ| ਸੰਸਾਰ ਵਿਚ ਬਹੁਤ ਸਾਰੇ ਲੋਕ ਹਨ ਜੋ ਇਸ ਤਰ੍ਹਾਂ ਪ੍ਰਗਟ ਕਰਦੇ ਹਨ ਕਿ ਉਹ ਪਰਮੇਸ਼ਰ ਨੂੰ ਚਾਹੁੰਦੇ ਹਨ, ਪਰ ਉਨ੍ਹਾਂ ਵਿਚੋਂ ਜ਼ਿਆਦਾਤਰ ਖਰੇ ਨਹੀਂ ਹੁੰਦੇ ਹਨ| ਯਿਸੂ ਨੇ ਉਸ ਨੂੰ ਬੁਲਾਇਆ ਜੋ ਖਰਾ ਸੀ| ਪਰਮੇਸ਼ਰ ਸਾਡੇ ਦਿਲਾਂ ਨੂੰ ਜਾਣਦਾ ਹੈ ਅਤੇ ਉਹ ਜਾਣਦਾ ਹੈ ਕਿ ਕੀ ਅਸੀਂ ਉਸ ਨੂੰ ਸਚਿਆਈ ਨਾਲ ਭਾਲ ਰਹੇ ਹੈ ਜਾਂ ਨਹੀਂ|

6. ਆ ਨਿ-ਯਿਸੂ ਉਸ ਨੂੰ ਉਸ ਦਾ ਨਾਮ ਜ਼ੱਕੀ ਲੈ ਕੇ ਪੁਕਾਰਦਾ ਹੈ, ਜੋ ਕਿ ਉਸ ਮਨੁੱਖ ਵਿਚ ਉਸ ਦੀ ਨਿੱਜੀ ਦਿਲਚਸਪੀ ਵਿਖਾਈ ਦਿੰਦੀ ਹੈ|

ਕ. ਆ ਪ੍ਰ-ਇਥੇ ਅਸੀਂ ਇਕ ਨਿੱਜੀ ਪਰਮੇਸ਼ਰ ਨੂੰ ਵੇਖਦੇ ਹਾਂ, ਜੋ ਸਾਨੂੰ ਜਾਣਦਾ ਹੈ ਕਿ ਅਸੀਂ ਕਿਥੇ ਹਾਂ ਅਤੇ ਸਾਡਾ ਨਾਮ ਵੀ ਜਾਣਦਾ ਹੈ| ਜੇਕਰ ਅਸੀਂ ਇਹ ਸਮਝ ਜਾਂਦੇ ਹਾਂ ਕਿ ਪਰਮੇਸ਼ਰ ਉਨ੍ਹਾਂ ਲਈ ਦਇਆਵਾਨ ਹੈ ਜਿਹੜੇ ਉਸ ਨੂੰ ਭਾਲਦੇ ਹਨ, ਅਸੀਂ ਚਾਹੁੰਦੇ ਹਾਂ ਕਿ ਉਹ ਸਾਨੂੰ ਸਾਡੇ ਨਾਮ ਨਾਲ ਜਾਣੇ. . .ਇਹੀ ਸਾਡੇ ਲਈ ਤਸੱਲੀ ਦੀ ਗੱਲ ਹੈ| ਜ਼ੱਕੀ ਯਿਸੂ ਨੂੰ ਵੇਖਣਾ ਚਾਹੁੰਦਾ ਸੀ, ਇਸ ਲਈ ਜਦ ਯਿਸੂ ਨੂੰ ਉਸ ਦਾ ਨਾਮ ਲੈ ਕੇ ਉਸ ਨੂੰ ਬੁਲਾਇਆ, ਜ਼ੱਕੀ ਜਾਣ ਗਿਆ ਕਿ ਉਹ ਕੌਣ ਹੈ ਜਿਹੜਾ ਉਸ ਨੂੰ ਬੁਲਾ ਰਿਹਾ ਹੈ|

7. ਆ ਨਿ-ਯਿਸੂ ਨੇ ਆਪ ਜ਼ੱਕੀ ਦੇ ਘਰ ਵਿਚ ਆਉਣ ਲਈ ਕਿਹਾ, ਇਸ ਤਰ੍ਹਾਂ ਹੋਣਾ ਹਰ ਸਮਾਜ ਜਾਂ ਸੱਭਿਅਤਾ ਵਿਚ ਇਕ ਤਰ੍ਹਾਂ ਦੀ ਗੁਸਤਾਖ਼ੀ ਹੀ ਹੈ| ਇਹ ਯਿਸੂ ਦੇ ਗਿਆਨ ਅਤੇ ਨਿਸ਼ਚੈ ਨੂੰ ਦਰਸ਼ਾਉਂਦਾ ਹੈ ਕਿ ਕੀ ਹੋਣਾ ''ਚਾਹੀਦਾ" ਹੈ|

ਖ. ਆ ਪ੍ਰ-ਇਹ ਅਨੇਖਾ ਅਤੇ ਉਤਸ਼ਾਹ ਦੇਣ ਵਾਲਾ ਹੈ ਕਿ ਯਿਸੂ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦੇ ਹਨ ਜਿਹੜੇ ਉਸ ਨੂੰ ਭਾਲਦੇ ਹਨ|

8.ਆ ਨਿ-ਜਦ ਕੋਈ ਵਿਅਕਤੀ ਉਤਾਂਹ ਵੇਖਦਾ ਹੈ, ਖਾਸਕਰ ਇਕ ਆਗੂ ਜਿਸ ਦੀ ਬਹੁਤ ਸਾਰੇ ਲੋਕ ਪੈਰਵੀ ਕਰਦੇ ਹਨ, ਤਦ ਲੋਕ ਵੀ ਉਹੀ ਵੇਖਣਗੇ ਜੋ ਆਗੂ ਵੇਖ ਰਿਹਾ ਹੈ| ਇਸ ਲਈ ਜ਼ੱਕੀ ਨਾ ਸਿਰਫ ਯਿਸੂ ਨੇ ਹੀ ਵੇਖਿਆ, ਪਰ ਸਭ ਲੋਕਾਂ ਨੇ ਵੇਖਿਆ! ਜਦ ਜ਼ੱਕੀ ਨੂੰ ਉਥੇ ''ਵੇਖਿਆ ਗਿਆ" ਤਾਂ ਜ਼ੱਕੀ ਨੇ ਕੋਈ ਡਰ ਜਾਂ ਘਬਰਾਹਟ ਪ੍ਰਗਟ ਨਹੀਂ ਕੀਤੀ| ਸੱਚ ਤਾਂ ਇਹ ਹੈ ਕਿ ਆਪਣੀ ਖੁਸ਼ੀ ਪ੍ਰਗਟ ਕਰਦਾ ਹੈ|

ਗ. ਆ ਪ੍ਰ-ਜਦ ਅਸੀਂ ਅਵਿਸ਼ਵਾਸੀਆਂ ਅਤੇ ਪਰਮੇਸ਼ਰ ਦੇ ਅਵਿਸ਼ਵਾਸਯੋਗ ਪੈਰੋਕਾਰਾਂ ਰਾਹੀਂ ਵੇਖੇ ਜਾਂਦੇ ਹਾਂ ਭਾਵੇਂ ਅਸੀਂ ਪਰਮੇਸ਼ਰ ਨੂੰ ਭਾਲਣ ਦੀ ਇੱਛਾ ਲਈ ਮੂਰਖ ਬਣੀਏ ਜਾਂ ਮੂੜ ਬਣੀਏ, ਚਾਹੇ ਕੁਝ ਵੀ ਹੋਵੇ ਉਨ੍ਹਾਂ ਦਾ ਸਾਡੇ ਉੱਤੇ ਅਸਰ ਨਹੀਂ ਪੈਣਾ ਚਾਹੀਦਾ ਹੈ| ਜਦ ਅਸੀਂ ਜਾਣਦੇ ਹਾਂ ਕਿ ਪਰਮੇਸ਼ਰ ਦੀ ਸਾਡੇ ਵਿਚ ਨਿੱਜੀ ਤੌਰ 'ਤੇ ਦਿਲਚਸਪੀ ਹੈ, ਸਾਨੂੰ ਖੁਸ਼ੀ ਨਾਲ ਪ੍ਰਤੀਉੱਤਰ ਦੇਣਾ ਚਾਹੀਦਾ ਹੈ|

9. ਆ ਨਿ-ਜ਼ੱਕੀ ਨੇ ਯਿਸੂ ਦੀ ਬੁਲਾਹਟ ਦਾ ਉੱਤਰ ਦੇਣ ਵਿਚ ਕੋਈ ਆਨਾ ਕਾਨੀ ਨਹੀਂ ਕੀਤੀ| ਪਰ ਉਹ ਝੱਟਪਟ ਕਰਦਾ ਹੈ|

ਘ. ਆ ਪ੍ਰ-ਜੇਕਰ ਅਸੀਂ ਕਿਸੇ ਵੀ ਸਮੇ ਇਹ ਜਾਣਦੇ ਹਾਂ ਕਿ ਪਰਮੇਸ਼ਰ ਸਾਨੂੰ ਆਪਣੇ

ਕੰਮ ਲਈ ਬੁਲਾ ਰਿਹਾ ਹੈ, ਅਸੀਂ ਉਸ ਦਾ ਉੱਤਰ ਜ਼ਰੂਰ ਦੇਈਏ ਅਤੇ ਉੱਤਰ ਉਸ ਦੇ ਨਿਰਦੇਸ਼ ਅਨੁਸਾਰ ਦੇਈਏ| ਦੇਰੀ ਨਾਲ ਆਗਿਆ ਪਾਲਨ ਕਰਨਾ ਅਣਆਗਿਆਕਾਰੀ ਹੀ ਗਿਣੀ ਜਾਵੇਗੀ|

10. ਆ ਨਿ-ਭੀੜ ਜ਼ੱਕੀ ਦੇ ਵਿਰੁੱਧ ਬੋਲਦੀ ਹੈ, ਆਪਸ ਵਿਚ ਯਿਸੂ ਦੇ ਬਾਰੇ ਬੁੜ ਬੁੜ ਕਰਨ ਲੱਗੇ ਕਿ ''ਉਹ ਕਿਸ ਤਰ੍ਹਾਂ ਅਜਿਹੇ ਮਨੁੱਖ ਦੇ ਘਰ ਚਲਿਆ ਗਿਆ ਹੈ, ਉਹ ਤਾਂ ਪਾਪੀ ਹੈ|" ''ਨਾਲ ਚਲਿਆ. . . ਗਿਆ" ਇਹ ਸੰਕੇਤ ਕਰਦਾ ਹੈ ਕਿ ਯਿਸੂ ਉਸ ਦੇ ਨਾਲ ਜਾ ਰਿਹਾ ਸੀ ਜਾਂ ਜਾ ਚੁੱਕਿਆ ਸੀ| ਉਸੇ ਘੜੀ ਜਦ ਜ਼ੱਕੀ ਅਤੇ ਯਿਸੂ ਨੇ ਜਾਣਿਆਂ ਕਿ ਭੀੜ ਯਿਸੂ ਦੇ ਜ਼ੱਕੀ ਦੇ ਘਰ ਕਾਰਨ ਲੋਕ ਅਲੋਚਨਾ ਕਰ ਕਰ ਰਹੇ ਹਨ ਇਹ ਸਪੱਸ਼ਟ ਨਹੀਂ ਹੈ| ਪਰ ਕੁਝ ਸਮੇ ਬਾਦ ਕਹਾਣੀ ਵਿਚ, ਜ਼ੱਕੀ ਦੇ ਸਾਹਮਣੇ ਯਿਸੂ ਨੂੰ ਜਦ ਭੀੜ ਨੂੰ ਕਿਹਾ, ਅਸੀਂ ਵੇਖਦੇ ਹਾਂ ਕਿ ਯਿਸੂ ਅਤੇ ਜ਼ੱਕੀ ਦੋਹਾਂ ਨੇ ਭੀੜ ਦੀ ਅਲੋਚਨਾ ਨੂੰ ਜਾਣਿਆਂ| ਪਰ ਜ਼ੱਕੀ ਆਪਣੇ ਉੱਤੇ ਭੀੜ ਦੀ ਅਲੋਚਨਾ ਦਾ ਅਸਰ ਨਾ ਹੋਣ ਦਿੱਤਾ ਅਤੇ ਫਿਰ ਵੀ ਯਿਸੂ ਨੂੰ ਆਪਣੇ ਘਰ ਲੈ ਗਿਆ|

ਛ. ਆ ਪ੍ਰ-ਅਸੀਂ ਅਰੰਭ ਚੰਗੀ ਤਰ੍ਹਾਂ ਕਰ ਸਕਦੇ ਹਾਂ, ਪਰ ਸਮਾ ਆਉਣ 'ਤੇ, ਜੇਕਰ ਅਸੀਂ ਸਾਡੇ ਆਲੇ ਦੁਆਲੇ ਤੋਂ ਅਲੋਚਨਾ ਸੁਣਦੇ ਹਾਂ, ਐਥੋਂ ਤਕ ਕਿ ਧਾਰਮਿਕ ਭੀੜ ਤੋਂ ਵੀ, ਸਾਨੂੰ ਉਸੇ ਵਿਚ ਹੀ ਬਣੇ ਰਹਿਣਾ ਹੈ|

11. ਆ ਨਿ-ਭੀੜ ਦੀ ਅਲੋਚਨਾ ਕਹਿ ਰਹੀ ਸੀ ਕਿ ਯਿਸੂ, ''ਕਿ ਯਿਸੂ ਉਸ ਦੇ ਘਰ ਚਲਿਆ ਗਿਆ ਜੋ ਪਾਪ ਇਕ ਪਾਪੀ ਹੈ," ਮੈਂ ਵੇਖਦਾ ਹਾਂ ਕਿ ਭੀੜ ਆਪਣੇ ਆਪ ਨੂੰ ਪਾਪੀ ਨਹੀਂ ਸਮਝ੍ਹਦੀ ਸੀ|

ਚ. ਆ ਪ੍ਰ-ਉਨ੍ਹਾਂ ਦੇ ਆਪਣੇ ਮੂੰਹ ਵਿਚੋਂ, ਘੁਮੰਡੀ ਲੋਕ ਆਪਸ ਵਿਚ ਦੋਸ਼ ਲਾਉਂਦੇ ਹਨ| ਆਓ ਅਸੀਂ ਉਨ੍ਹਾਂ ਘੁਮੰਡੀ ਲੋਕਾਂ ਵਾਂਗ ਨਾ ਬਣੀਏ, ਜੋ ਇਹ ਨਹੀਂ ਕਬੂ ਕਰਦੇ ਕਿ ਉਹ ਪਾਪੀ ਹਨ|

12. ਆ ਨਿ-ਭੀੜ ਇਸ ਤਰ੍ਹਾਂ ਦਾ ਵਿਹਾਰ ਕਰ ਰਹੀ ਸੀ ਜਿਵੇਂ ਕਿ ਉਹ ਯਿਸੂ ਦੇ ''ਪੈਰੋਕਾਰ" ਹੋਣ| ਉਹ ਯਿਸੂ ਦੇ ਨਾਲ ਨਾਲ ਚੱਲ ਰਹੇ ਸਨ, ਉਸ ਉੱਤੇ ਡਿਗਦੇ ਪਏ ਸਨ| ਹਾਲਾਂ ਕਿ ਉਨ੍ਹਾਂ ਦੀ ਅਲੋਚਨਾ ਇਹ ਅਰਥ ਕੱਢਦੀ ਹੈ ਕਿ ਉਨ੍ਹਾਂ ਚਿੰਤਾ ਹੈ ਕਿ ਯਿਸੂ ਕੀ ਖਾਂਦਾ ਹੈ, ਇਸ ਤਰ੍ਹਾਂ ਲਗਦਾ ਹੈ ਕਿ ਉਹ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਘਰ ਵਿਚ ਜਾਣਾ ਸਹੀ ਸੀ ਚੋਣ ਸੀ| ਅਸਲ 'ਚ ਭੀੜ ਯਿਸੂ ਦੇ ਜਾਣ ਦੀ ਅਸਹਿਮਤੀ ਕਰਨ ਨਾਲ ਉਸ ਦਾ ਨਿਰਾਦਰ ਕਰ ਰਹੀ ਸੀ ਜੋ ਘਰ ਯਿਸੂ ਨੇ ਜਾਣ ਲਈ ਚੁਣਿਆਂ ਸੀ|

ਛ. ਆ ਪ੍ਰ-ਉਹ ਸਾਰੇ ਜਿਹੜੇ ਯਿਸੂ ਦੇ ਪੈਰੋਕਾਰ ਹੋਣ ਦਾ ਦਾਹਵਾ ਕਰਦੇ ਹਨ ਹਕੀਕਤ ਵਿਚ ਉਸ ਨੂੰ ਨਹੀਂ ਜਾਣਦੇ ਹਨ, ਨਾ ਹੀ ਉਸ ਦੀ ਸਹੀ ਅਰਥਾਂ ਵਿਚ ਉਸ ਦਾ ਜਾਂ ਉਸ ਦੇ ਫੈਸਲਿਆਂ ਆਦਰ ਕਰਦੇ ਹਨ| ਸਾਰੇ ਭਗਤ ਲੋਕ ਪਰਮੇਸ਼ਰ ਦੇ ਵਚਨ ਦਾ ਆਦਰ ਨਹੀਂ ਕਰਦੇ|

13. ਆ ਨਿ-ਇਸ ਦੋਸ਼ ਲਾਉਣ ਵਾਲੀ ਭੀੜ ਦੇ ਆਪਣੇ ਵਿਸ਼ਵਾਸ ਸਨ, ਪਰ ਇੰਜ ਲਗਦਾ ਹੈ ਕਿ ਉਹ ਯਿਸੂ ਦੇ ਸਾਹਮਣੇ ਪ੍ਰਸ਼ਨ ਕਰਨ ਘਬਰਾਉਂਦੇ ਸਨ| ਪਰ ਇਸ ਦੇ ਬਜਾਏ ਉਹ ਆਪਸ ਵਿਚ ਹੀ ਬੁੜਬੁੜ ਕਰ ਰਹੇ ਸਨ|
ਜ. ਆ ਪ੍ਰ-ਭੀੜ ਦੇ ਕੰਮ ਅੱਜ ਕਲ ਦੇ ਲੋਕਾਂ ਦੇ ਵਾਂਗ ਹੀ ਹਨ ਜਿਹੇੜੇ ਸੋਚਦੇ ਹਨ ਕਿ ਜੋ ਅਸੀਂ ਕੰਨਾਂ ਕੰਨਾਂ ਵਿਚ ਕਹਿੰਦੇ ਹਾਂ ਉਹ ਪਰਮੇਸ਼ਰ ਨਹੀਂ ਸੁਣਦਾ ਹੈ ਜਾਂ ਜੋ ਉਹ ਅਨੇਰੇ ਵਿਚ ਜਾਂ ਛੁਪੀਆਂ ਥਾਵਾਂ ਵਿਚ ਕਰਦੇ ਹਨ ਉਹ ਨਹੀਂ ਵੇਖਦਾ ਹੈ|
14. ਆ ਨਿ-ਜ਼ੱਕੀ ਇਕ ਧਨੀ ਮਨੁੱਖ, ਆਪਣੇ ਹਿਰਦੇ ਨੂੰ ਖੋਲ੍ਹਦਾ ਹੈ ਜਦ ਉਹ ਗਰੀਬਾਂ ਅਤੇ ਕੰਗਾਲਾਂ ਨੂੰ ਆਪਣੀ ਜਾਇਦਾਦ ਦਾ ਅੱਧਾ ਹਿੱਸਾ ਦੇ ਦੀ ਗੱਲ ਕਰਦਾ ਹੈ|
ਝ. ਆ ਪ੍ਰ-ਪਰਮੇਸ਼ਰ ਦੇ ਨਾਲ ਸੱਚੀ ਮੁਲਾਕਤ ਕਿਸੇ ਦੇ ਵਿਚਾਰਾ ਅਤੇ ਕਦਰਾਂ ਵਿਚ ਬਦਲਾਓ ਲਿਆਉਂਦੀ ਹੈ|
15. ਆ ਨਿ-ਇਸ ਦੇ ਨਾਲ ਹੀ ਨਾਲ ਜ਼ੱਕੀ ਘੋਸ਼ਣਾ ਕਰਦਾ ਹੈ ਕਿ ਜੇਕਰ ਉਸ ਨੇ ਕਿਸੇ ਤੋਂ ਕੁਝ ਵੀ ਝੂਠ ਬੋਲ ਕੇ ਲਿਆ ਹੈ, ਉਹ ਉਸ ਵਿਅਕਤੀ ਨੂੰ ਚੌਗੁਣਾ ਵਾਪਿਸ ਕਰਨਾ ਚਾਹੁੰਦਾ ਹੈ ਜੋ ਉਸ ਨੇ ਉਸ ਤੋਂ ਲਿਆ ਹੈ ਹੈ ਜ਼ੱਕੀ ਇਹ ਨਹੀਂ ਕਹਿੰਦਾ ਹੈ ਕਿ ਜੇਕਰ ਉਹ ਵਿਵਸਥਾ ਦੇ ਰਾਹੀਂ ਸਿੱਧ ਜਾਵੇ ਤਾਂ ਉਹ ਚੋਰੀ ਦਾ ਜਾਂ ਲੁੱਟ ਦਾ ਮਾਲ ਚੌਗੁਣਾ ਮੋੜੇਗਾ| ਪਰ ਜ਼ੱਕੀ ਇਹ ਆਪਣੇ ਹਿਰਦੇ ਦੀ ਇੱਛਾ ਨਾਲ ਇਹ ਕਰਦਾ ਹੈ| ਕੁਝ ਸਲਾਹ ਦਿੰਦੇ ਹਨ ਕਿ ਜ਼ੱਕੀ ਤਾਂ ਪਹਿਲਾਂ ਹੀ ਗਰੀਬਾਂ ਨੂੰ ਧਨ ਦਿੰਦਾ ਆ ਰਿਹਾ ਸੀ, ਪਰ ਭੀੜ ਦਾ ਵਿਚਾਰ ਇਸ ਦਾ ਉਲਟ ਦਰਸ਼ਾਉਂਦਾ ਹੈ| ਜੇਕਰ ਉਹ ਮਹਿਸੂਲ ਲੈਣ ਵਾਲਾ ਸੀ ਉਸ ਨੇ ਅੱਧਾ ਮਾਲ ਗਰੀਬਾਂ ਨੂੰ ਦੇ ਦਿੱਤਾ, ਹੋ ਸਕਦਾ ਹੈ ਕਿ ਉਹ ਇਹ ਕੰਮ ਛੁਪ ਕੇ ਕਰ ਰਿਹਾ ਹੋਵੇ| ਪਰ ਉਹ ਪਹਿਲਾਂ ਹੀ ਚੌਗੁਣਾ ਦੇ ਚੁੱਕਿਆ ਹੈ ਜਿਨ੍ਹਾਂ ਨਾਲ ਉਸ ਨੇ ਧੋਖਾ ਕੀਤਾ ਸੀ, ਜ਼ੱਕੀ ਭੀੜ ਦੀਆਂ ਨਜ਼ਰਾਂ ਇਕ ਧਰਮੀ ਪੁਰਖ ਸੀ| ਅਸੀਂ ਜੋ ਵੀ ਕਹਾਣੀ ਵਿਚੋਂ ਜਾਣ ਸਕਦੇ ਹਾਂ ਇਹੀ ਹੈ, ਕਹਾਣੀ ਦੇ ਕਿਸੇ ਹਿੱਸੇ ਵਿਚ ਜਾ ਕੇ, ਜ਼ੱਕੀ ਇਹ ਕਬੂਲ ਕਰਦਾ ਹੈ ਕਿ ਉਹ ਪਾਪੀ ਸੀ ਅਤੇ ਹੁਣ ਉਹ ਸਭ ਕੁਝ ਦਰੁਸਤ ਕਰਨਾ ਚਾਹੁੰਦਾ ਹੈ| ਯਿਸੂ ਨੇ ਕਿਹਾ ਕਿ ਬਦਲਾਓ ਉਸ ਸਮੇ ਆਇਆ| ਅਸੀਂ ਵੀ ਵੇਖਦੇ ਹਾਂ ਕਿ ਜ਼ੱਕੀ ਇਕ ਅਨੋਖੀ ਖੁਲ੍ਹ ਦਿਲੀ ਨੂੰ ਵਿਖਾਉਂਦਾ ਹੈ|
ਞ. ਆ ਪ੍ਰ-ਜ਼ੱਕੀ ਇਹ ਧਨੀ ਮਨੁੱਖ ਸੀ, ਮੁੱਖ ਮਹਿਸੂਲੀਆ ਸੀ ਉਸ ਦਾ ਲਾਲਚੀ ਮਨ ਬਦਲ ਗਿਆ ਅਤੇ ਉਹ ਇਮਾਨਦਾਰ ਅਤੇ ਖੁਲ੍ਹੇ ਦਿਲ ਨਾਲ ਦੇਣ ਵਾਲਾ ਬਣ ਗਿਆ| ਇਹ ਮੁੱਖ ਮਹਿਸੂਲੀਆ ਆਪਣੇ ਆਪ ਨੂੰ ਇੰਨਾ ਦੀਨ ਕਰਦਾ ਹੈ ਕਿ ਉਹ ਇਹ ਆਖਦੇ ਹੋਏ ਕਬੂਲ ਕਰਦਾ ਹੈ, ਜਿਨ੍ਹਾਂ ਦੇ ਵਿਰੁੱਧ ਉਸ ਨੇ ਜਬਰਦਸਤੀ ਲਿਆ ਹੈ, ਉਹ ਉਨ੍ਹਾਂ ਨੂੰ ਚੌਗੁਣਾ ਵਾਪਿਸ ਮੋੜੇਗਾ ਜਿਹੜਾ ਪੈਸਾ ਉਸ ਨੇ ਤੋਂ ਲੁੱਟਿਆ ਸੀ| ਜਦ ਅਸੀਂ ਯਿਸੂ ਦੇ ਵਿਸ਼ਵਾਸ ਵਿਚ ਆਉਂਦੇ ਹਾਂ ਅਤੇ ਆਪਣੇ ਪਾਪ ਕਬੂਲ ਕਰਦੇ ਹਾਂ ਤਾਂ ਸਾਨੂੰ ਆਪਣੀ ਵਿਖਾਉਣੀ ਚਾਹੀਦੀ ਹੈ ਅਤੇ ਆਪਣੀ ਮਰਜੀ ਨਾਲ ਵਾਪਿਸ ਜਾ ਕੇ ਪਿਛਲੀਆਂ ਗਲਤੀਆਂ ਨੂੰ ਸਚਿਆਈ ਨਾਲ ਸੁਧਾਰਨਾ ਹੈ|

16. ਆ ਨਿ-ਪਹਿਲੀ ਨਜ਼ਰ ਵਿਚ ਇਹ ਸੋਚਿਆ ਜਾ ਸਕਦਾ ਸੀ ਕਿ ਹੋ ਸਕਦਾ ਹੈ ਕਿ ਜ਼ੱਕੀ ਯਿਸੂ ਰਾਹੀਂ ਕਬੂਲ ਕੀਤਾ ਜਾਵੇ ਇਸ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਿਹਾ, ਇਕ ਤਰ੍ਹਾਂ ਨਾਲ ਪਰਮੇਸ਼ਰ ਨੂੰ ਖਰੀਦ ਰਿਹਾ ਹੈ| ਪਰ ਅਸੀਂ ਜਾਣਦੇ ਹਾਂ ਕਿ ਜ਼ੱਕੀ ਉਸ ਦਿਨ ਯਿਸੂ ਦੇ ਵਿਸ਼ਵਾਸ ਵਿਚ ਆਉਂਦਾ ਹੈ ਕਿਉਂਕਿ ਯਿਸੂ ਨੇ ਉਸ ਨੂੰ ਕਿਹਾ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਕਹਾਣੀ ਵਿਚ ਸਿਰਫ ਜ਼ੱਕੀ ਹੀ ਉਹ ਮਨੁੱਖ ਸੀ ਜੋ ਕਬੂਲ ਕਰ ਰਿਹਾ ਸੀ ਕਿ ਉਹ ਪਾਪੀ ਹੈ ਅਤੇ ਕਹਾਣੀ ਵਿਚ ਸਿਰਫ ਉਹ ਹੀ ਸੀ ਜਿਸ ਨੇ ਮੁਕਤੀ ਪ੍ਰਾਪਤ ਕੀਤੀ|

ਟ. ਆ ਪ੍ਰ-ਮੁਕਤੀ ਉਹ ਨਹੀਂ ਪ੍ਰਾਪਤ ਕਰ ਸਕਦੇ ਜਿਹੜੇ ਆਪਣੇ ਆਪ ਨੂੰ ਪਾਪੀ ਕਬੂਲ ਨਹੀਂ ਕਰਦੇ ਹਨ|

17. ਆ ਨਿ-ਕਹਾਣੀ ਵਿਚ, ਯਿਸੂ ਜ਼ੱਕੀ ਨੂੰ ਸਿੱਧ ਹੀ ਕਹਿੰਦੇ ਹਨ, ''ਅੱਜ ਹੀ ਇਸ ਘਰ ਵਿਚ ਮੁਕਤੀ ਆਈ ਹੈ|" ਤਦ ਯਿਸੂ ਨੇ ਆਪਣੀ ਵਾਣੀ ਨੂੰ ਜਾਰੀ ਰੱਖਦੇ ਹੋਏ ਕਿਹਾ, ''ਇਸ ਲਈ ਜੋ ਇਹ ਵੀ ਅਬਰਾਹਾਮ ਦਾ ਪੁੱਤਰ ਹੈ|" ਇਸ ਤੋਂ ਅਸੀਂ ਵੇਖਦੇ ਹਾਂ ਕਿ ਜ਼ੱਕੀ ਦੇ ਇਲਾਵਾ ਵੀ ਲੋਕ ਉਥੇ ਸਨ| ਇਹ ਵੀ ਕਿ ਯਿਸੂ ਨੇ ਕੀ ਕਿਹਾ ਉਸ ਦੇ ਰਾਹੀਂ, ਅਸੀਂ ਵੇਖਦੇ ਹਾਂ ਕਿ ਉਹ ਇਹ ਬਦਲਾਓ ਕਰ ਰਿਹਾ ਹੈ ਕਿ ਉਹ ਕਿਸ ਨਾਲ ਬੋਲ ਰਿਹਾ ਹੈ ਅਤੇ ਯਿਸੂ ਉਸ ਜ਼ੱਕੀ ਦਾ ਇਨ੍ਹਾਂ ਲੋਕਾਂ ਤੋਂ ਬਚਾਓ ਕਰ ਰਿਹਾ ਹੈ!

ਠ. ਆ ਪ੍ਰ-ਅਸੀਂ ਵੇਖ ਰਹੇ ਹਾਂ ਯਿਸੂ ਜ਼ੱਕੀ ਨਾਲ ਕੰਮ ਕਰ ਰਿਹਾ ਹੈ ਅਤੇ ਜ਼ੱਕੀ ਯਿਸੂ ਦੇ ਵਿਸ਼ਵਾਸ ਵਿਚ ਆ ਰਿਹਾ ਹੈ| ਪਰ ਇਸ ਸਮੇ ਦੇ ਦੌਰਾਨ ਸਾਰੀ ਭੀੜ ਇਹ ਸਭ ਹੁੰਦਾ ਵੇਖ ਰਹੀ ਸੀ| ਯਿਸੂ ਅਜੇ ਵੀ ਇਸ ਸਵੈਧਰਮੀ ਭੀੜ ਵਧ ਰਹੇ ਸੀ ਅਤੇ ਕੋਸ਼ਿਸ਼ ਕਰ ਰਹੇ ਸੀ ਕਿ ਉਹ ਵੀ ਆਪਣੇ ਆਪ ਨੂੰ ਲੋੜਵੰਦ ਮਹਿਸੂਸ ਕਰਨ ਅਤੇ ਆਪਣੇ ਮਨ ਖੋਲ੍ਹਣ ਤਾ ਕਿ ਉਹ ਇਹ ਵੇਖ ਸਕਣ ਕਿ ਜ਼ੱਕੀ ਪਰਮੇਸ਼ਰ ਦੀ ਦਇਆ ਦੇ ਯੋਗ ਹੈ|

18. ਆ ਨਿ-ਯਿਸੂ ਦਾ ਕਥਨ ਕਿ ਉਸ ਦੇ ਆਉਣ ਦਾ ਮਕਸਦ ਕੀ ਹੈ, ''ਜਿਹੜੇ ਗੁਆਚੇ ਗਏ ਹਨ ਉਨ੍ਹਾਂ ਨੂੰ ਭਾਲਣਾ ਅਤੇ ਬਚਾਉਂਦਾ," ਇਹ ਕਥਨ ਦਾ ਸਾਰ ਹੈ ਕਿ ਇਹ ਜ਼ੱਕੀ ਦਾ ਇਕ ਆਦਰ ਹੈ ਅਤੇ ਭੀੜ ਦੀ ਅਲੋਚਨਾ ਵਾਂਗ ਸੁਣਾਈ ਦੇ ਰਿਹਾ ਹੈ|

ਡ. ਆ ਪ੍ਰ-ਜੇਕਰ ਅਸੀਂ ਪਰਮੇਸ਼ਰ ਰਾਹੀਂ ਕਬੂਲ ਕੀਤਾ ਜਾਣਾ ਪਸੰਦ ਕਰਦੇ ਹਾਂ ਤਾਂ ਸਾਨੂੰ ਸਾਡੇ ਗੁਆਚੇਪਣ ਅਤੇ ਪਾਪੀ ਦਸ਼ਾ ਨੂੰ ਕਬੂਲ ਕਰਨਾ ਹੈ ਅਤੇ ਹੋਣ ਦੇਈਏ ਕਿ ਪਰਮੇਸ਼ਰ ਸਾਨੂੰ ਬਚਾਵੇ|

ਪੂਰਕ ਭਾਗ ਈ: ਵਿਅਕਤੀਗਤ ਪ੍ਰਭਾਵਸ਼ਾਲੀ ਰਿਪੋਰਟ - ਤਿਆਰ ਕਰਨਾ ਅਤੇ ਵਧਣਾ

''ਮੈਂ ਇਕ ਅਨਪੜ੍ਹ ਵਿਅਕਤੀ ਹਾਂ, ਪਰ ਮੈਂ ਪਿਛਲੇ ਪੰਜ ਸਾਲਾਂ ਤੋਂ ਪਾਸਟਰ ਅਤੇ ਪ੍ਰਚਾਰਕ ਦੇ ਰੂਪ ਵਿਚ ਪਰਮੇਸ਼ਰ ਦੀ ਸੇਵਾ ਕਰ ਰਿਹਾ ਹਾਂ| ਮੈਂ 1993 ਵਿਚ ਪ੍ਰਭੂ ਕੋਲ ਆਇਆ ਅਤੇ ਮੈਂ ਕਿਸੇ ਵੀ ਬਾਈਬਲ ਕਾਲੇਜ ਵਿਚ ਜਾ ਕੇ ਬਾਈਬਲ ਗਿਆਨ ਪ੍ਰਾਪਤ ਕਰਕੇ ਪਰਮੇਸ਼ਰ ਦੇ ਸੇਵਾ ਕੰਮ ਨੂੰ ਕਰਨਾ ਚਾਹੁੰਦਾ ਸੀ, ਪਰ ਸਿਖਿਅਕ ਬਾਈਬਲ ਕਾਲੇਜ ਨੇ ਮੈਨੂੰ ਬਾਈਬਲ ਟ੍ਰੇਨਿੰਗ ਕਰਨ ਲਈ ਸਵੀਕਾਰ ਨਾ ਕੀਤਾ ਕਿਉਂਕਿ ਮੈਂ ਪੜ੍ਹਿਆ ਲਿਖਿਆ ਨਹੀਂ ਸੀ ਅਤੇ ਮੈਂ ਪੁਲਪਿਟ ਤੋਂ ਦਿੱਤੇ ਜਾਣ ਵਾਲੇ ਪਰਮੇਸ਼ਰ ਦੇ ਸੰਦੇਸ਼ ਨੂੰ ਸਮਝ ਨਹੀਂ ਸਕਦਾ ਸੀ ਕਿਉਂਕਿ ਪੜ੍ਹਿਆਂ ਲਿਖਿਆਂ ਦੀ ਸ਼ੈਲੀ ਵਿਚ ਸੀ|
''ਮੈਂ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਦੋਸਤਾਂ ਨੂੰ ਸੁਸਮਾਚਾਰ ਸੁਣਾਉਣ ਲਈ ਸੰਘਰਸ਼ ਕਰ ਰਿਹਾ ਸੀ; ਇਹ ਹਾਲਾਤ ਵਿਚ ਪਰਮੇਸ਼ਰ TGSP ਨੂੰ ਮੇਰੇ ਜੀਵਨ ਅਤੇ ਸੇਵਾ ਵਿਚ ਲਿਆਇਆ ਮੈਂ ਉਸ ਲਈ ਪਰਮੇਸ਼ਰ ਦਾ ਧੰਨਵਾਦ ਕਰਦਾ ਹਾਂ| STS ਦੇ ਤਰੀਕੇ ਨਾਲ ਮੈਂ 155 ਕਹਾਣੀਆਂ ਸਿੱਖੀਆਂ ਹਨ ਅਤੇ ਹੁਣ ਮੈਂ ਇਹ ਕਹਿੰਦੇ ਹੋਏ ਖੁਸ਼ ਹਾਂ ਕਿ ਮੈਂ ਪੜ੍ਹਿਆਂ ਅਤੇ ਅਨਪੜ੍ਹਾਂ ਦੋਹਾਂ ਨੂੰ ਸੁਸਮਾਚਾਰ ਸੁਣਾ ਸਕਦਾ ਹਾਂ|"

ਵਾਈ. ਬਾਬੂ - ਪ੍ਰਚਾਰਕ /ਪਾਸਟਰ MMBC - ਕਰਨਾਟਕ, ਇੰਡੀਆ “

''ਕਿਸੇ ਅਜਿਹੇ ਸਮੂਹ ਦੀ ਕਲਪਨਾ ਕਰੋ ਜੋ ਕਿਸੇ ਵੀ ਸੰਸਕਰੀਤੀ ਤੋਂ ਹੋਵੇ, ਸਾਰੇ ਉਮਰ ਦੇ ਲੋਕ ਹੋਣ, ਵਿਸ਼ਵਾਸੀ ਅਤੇ ਗੈਰ ਵਿਸ਼ਵਾਸੀ, ਸਰਗਰਮ ਲੋਕ, ਖੋਜੀ ਲੋਕ ਅਤੇ ਪਰਮੇਸ਼ਰ ਦੇ ਵਚਨ ਵਿਚੋਂ ਮਿਲਣ ਵਾਲੇ ਖਜਾਨਿਆਂ ਦੀ ਭਾਲ ਕਰਨ ਵਾਲੇ ਹੋਣ| ਹੁਣ ਤੁਹਾਨੂੰ ਇਕ ਤਸਵੀਰ ਮਿਲ ਗਈ ਹੈ ਕਿ ਸਿਰਫ ਇਕ ਕਹਾਣੀ ਦੇ ਅਧਿਐਨ ਸਮੂਹ ਵਿਚ ਅਕਸਰ ਕੀ ਹੁੰਦਾ ਹੈ|
''ਅਸੀਂ STS ਨੂੰ ਮਿਸ਼ਨ ਫੀਲਡ, ਬਾਈਬਲ ਅਧਿਐਨ ਅਤੇ ਸਾਡੇ ਬੱਚਿਆਂ ਦੀ ਅਤੇ ਜਵਾਨਾਂ ਦੀ ਸੇਵਾ ਵਿਚ ਲਾਗੂ ਕੀਤਾ ਹੈ| STS ਦੀ ਵਿਚਾਰਧਾਰਾ ਨੇ ਮੇਰੇ ਸੰਦੇਸ਼ਾਂ ਉੱਤੇ ਆਪਣਾ ਅਸਰ ਵਿਖਾਇਆ ਹੈ|"

ਪਾਸਟਰ ਕ੍ਰਿਸ ਜੋਹਨਸਨ - ਕਲਵਰੀ ਚੈਪਲ, ਯੂ ਏਸ ਏ

''ਸਾਡੇ ਸਮੇ ਅਤੇ ਸਾਡੀ ਪੀੜ੍ਹੀ ਵਿਚ ਯਿਸੂ ਮਸੀਹ ਦੇ ਮਹਾਨ ਆਦੇਸ਼ ਨੂੰ ਪੂਰਾ ਕਰਨ ਲਈ ਸਿਰਫ ਇਕ ਕਹਾਣੀ ਵਿਸ਼ਵ ਪੱਧਰ ਉੱਤੇ ਕਲੀਸੀਆ ਨੂੰ ਪਰਮੇਸ਼ਰ ਵੱਲੋਂ ਦਿੱਤੀ ਹੋਈ ਤਕਨੀਕ ਹੈ| ਬੇਸ਼ਕ ਅਸੀਂ ਕਈ ਸਦੀਆਂ ਤੋਂ ਪਰਮੇਸ਼ਰ ਦੇ ਵਚਨ ਨੂੰ ਖੋਲ੍ਹਣ (ਵਿਆਖਿਆਤਮਕ ਪ੍ਰਚਾਰ)

ਦੇ ਇਕੋ ਹੀ ਤਰੀਕੇ ਵਿਚ ਰਹੇ ਹਾਂ, ਅਸੀਂ ਇਸ ਦੀ ਕੁਝ ਕਮੀਆਂ ਨੂੰ ਵੀ ਵੇਖਿਆ ਹੈ|
''STS ਦੇ ਰਾਹੀਂ ਇਸ ਤਰੀਕੇ ਨੂੰ ਸਿੱਖਣ ਤੋਂ ਬਾਦ, ਮੈਂ ਇਹ ਕਹਿੰਦਾ ਹਾਂ ਕਿ ਇਹ ਚੇਲੇ ਬਣਾਉਣ ਦਾ ਇਕ ਵਧੀਆ ਤਰੀਕਾ ਹੈ| STS ਨੇ ਮੇਰੇ ਦ੍ਰਿਸ਼ਟੀਕੋਣ ਨੂੰ ਹੀ ਬਦਲ ਦਿੱਤਾ ਹੈ ਅਤੇ ਪਵਿੱਤਰ ਸ਼ਾਸਤਰ ਲਈ ਚੰਗੇ ਤਰੀਕੇ ਨਾਲ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ| ਬੇਸ਼ਕ ਮੈਂ ਦੱਖਣੀ ਸੂਡਾਨ ਦੇ ਮੇਰੇ ਦੇਸ਼ ਵਿਚ ਦੀ ਮਹੱਤਤਾ ਨੂੰ ਵੇਖਦਾ ਹਾਂ ਜਿਥੇ ਅਨਪੜ੍ਹਤਾ ਦੀ ਦਰ ਬਹੁਤ ਹੀ ਉੱਚੀ ਹੈ, ਪਰ ਮੈਂ ਇਸ ਦੇ ਸਿੱਖਣ ਦੇ ਅਸਰ ਨੂੰ ਮੇਰੇ ਜਿਹੇ ਪੜੇ ਲਿਖੇ ਲੋਕਾਂ ਉੱਤੇ ਵੀ ਵੇਖਦਾ ਹਾਂ|
''ਵਿਸ਼ਵ ਪੱਧਰ ਦੇ ਸਾਰੇ ਮਸੀਹੀ ਆਗੂਆਂ ਅੱਗੇ ਮੈਂ ਇਸ ਸਰੋਤ ਦਾ ਸਮਰਥਨ ਕਰਦਾ ਹਾਂ| ਮੈਂ ਪ੍ਰਾਰਥਨਾ ਕਰਦਾ ਹਾਂ ਕਿ TGSP ਸਿਖਲਾਈ ਦੇ ਆਪਣੇ ਜਤਨ ਨੂੰ ਦੁਗਣਾ ਕਰੇ| ਇਹ ਹਸਤਪੁਸਤਿਕਾ ਤੁਹਾਡੇ ਅਰੰਭ ਕਰਨਾ ਇਕ ਸਹੀ ਬਿੰਦੂ ਹੈ ਕਿ ਜਿਵੇਂ ਤੁਸੀਂ ਪ੍ਰਮਾਣਤ ਸਿੱਖਿਅਕਾਂ ਦੇ ਰਾਹੀ ਸਿੱਖਣਾ ਚਾਹੁੰਦੇ ਹੋ|"

ਰੇਵ. ਡੈਨੀਅਲ ਚਗਾਈ ਗਾਕ - ਐਂਗਲੀਕਨ ਚਰਚ ਆਫ ਸੂਡਾਨ

''ਮੈਂ ਇਕ ਵਿਦਵਾਨ ਅਤੇ ਮਿਸ਼ਨ ਦਾ ਧਰਮ ਸ਼ਾਤਰੀ ਹਾਂ ਜਿਸ ਨੇ ਫੁੱਲਰ ਥਿਓਲੋਜਿਕਲ ਸੈਮਨਰੀ ਤੋਂ ਪੀ ਐਚ ਡੀ ਡਿਗ੍ਰੀ ਪ੍ਰਾਪਤ ਕੀਤੀ ਹੋਈ ਹੈ ਅਤੇ ਕਈ ਸਾਲਾਂ ਤੋਂ ਪੜ੍ਹੇ ਲਿਖੇ ਲੋਕਾਂ ਵਿਚ ਕੰਮ ਕੀਤਾ ਹੈ| ਪਰ ਮੈਂ ਇਸ ਤੋਂ ਚੰਗੀ ਤਰ੍ਹਾਂ ਜਾਗਰੁਕ ਸੀ ਕਿ ਪੱਛਮੀ ਸਿੱਖਿਆ ਦੇ ਨਵੇਂ ਤਰੀਕੇ ਨੇ ਮੈਨੂੰ ਸਿਖਾਉਣ ਦੇ ਰਚਨਾਤਮਕ ਤਰੀਕੇ ਤੋਂ ਰੋਕੇ ਰਿੱਖਿਆ|
''ਸਿਰਫ ਇਕ ਕਹਾਣੀ ਤਰੀਕੇ ਦੇ ਉਤਸ਼ਾਹ ਦੇ ਰਾਹੀਂ ਜੋ ਕਿ ਡੋਰੋਥੀ ਰਾਹੀਂ ਸਥਾਪਿਤ ਕੀਤਾ ਗਿਆ ਹੈ ਅਤੇ ਉਹ ਵਿਕਾਸਸ਼ੀਲ ਲਹਿਰ ਨੂੰ ਚਲਾ ਰਹੀ ਹੈ, ਮੈਂ ਇਕ ਵਾਰ ਫਿਰ ਇਸ ਹਕੀਕਤ ਤੋਂ ਜਾਗਰਿਤ ਹੋਇਆ ਕਿ ਪ੍ਰਭੂ ਯਿਸੂ ਮਸੀਹ ਨੇ ਹਮੇਸ਼ਾ ਹੀ ਕਹਾਣੀਆਂ ਦਾ ਇਸਤੇਮਾਲ ਕਰਦੇ ਹੋਏ ਸਿਖਾਇਆ, ਜਦਕਿ ਉਹ ਸਮਾ ਤੋਰਾਹ ਗਿਆਨੀਆਂ ਦੇ ਸਿੱਖਣਾ ਉਚੇਚਾ ਸਮਾ ਸੀ| STS ਕਹਾਣੀ ਦੱਸਣ ਦੇ ਅਭਿਆਸਕਾਰੀ ਹੋਣ ਨਾਲ, ਮੇਰੀ ਯਹੂਦੀ ਲੋਕਾਂ ਵਿਚ ਸੇਵਾ ਦਾ ਰੂਪ ਹੀ ਬਦਲ ਗਿਆ|
''ਮੈਨੂੰ ਸੱਚ ਵਿਚ ਇਕ ਬਦਲਾਓ ਕਰਨ ਦੀ, ਦੋਬਾਰਾ ਸਿੱਖਣ ਦੀ ਅਤੇ ਦਿਮਾਗੀ ਤੌਰ 'ਤੇ ਕਸਰਤ ਕਰਨ ਦੀ ਲੋੜ ਸੀ ਅਤੇ ਜੀਵਨ ਵਿਚ ਪਵਿੱਤਰ ਸ਼ਾਸਤਰ ਲਿਆਉਣ ਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਦੇਣ ਦੀ ਲੋੜ ਸੀ|
'' STS ਕਹਾਣੀ ਦੱਸਣ ਦੀ ਕਮੀ ਨੂੰ ਪੱਛਮੀ ਪੂਰਵ ਆਧੁਨਿਕ ਸੰਸਾਰ ਅਤੇ ਇਸ ਦੇ ਨਾਲ ਹੀ ਨਾਲ ਗੈਰ ਪਛਮੀ ਦੇਸਾਂ ਦੇ ਮੌਖਕ ਸਿੱਖਣ ਵਾਲੇ ਲੋਕਾਂ ਵਿਚ ਕਲੀਸੀਆ ਨੂੰ ਵਧਾਉਣ ਲਈ ਪ੍ਰੇਰਿਤ ਕਰ ਰਹੀ ਹੈ| ਹਰੇਕ ਮਹਾਰਥੀ ਸਿੱਖਿਅਕ ਕਹਾਣੀ ਦੀ ਸਮਰੱਥ ਅਤੇ ਬਾਈਬਲ

ਸੁਣਾਉਣ ਦੇ ਰਾਹੀਂ ਆਪਣੀ ਪਰਮ ਤਰੱਕੀ ਦੀ ਬੁਲਾਹਟ ਨੂੰ ਵੇਖੇਗਾ| ਮੈਂ STS ਦੇ ਇਸ ਟੀਚੇ ਨੂੰ ਪੂਰਾ ਕਰਨ ਲਈ ਸਮਰਥਨ ਕਰਦਾ ਹਾਂ|"

ਬਿਲ ਬਜੋਰਕਰ, ਪੀ ਐਚ ਡੀ -ਪ੍ਰੋਫੈਸਰ ਆਫ ਜੁਡਿਉ- ਕ੍ਰਿਸ਼ਚਿਅਨ ਸਟਡੀਜ ਵਿਲਿਯਮ ਕੇਰੀ ਇੰਟਰਨੇਸ਼ਨਲ ਯੂਨੀਵਰਸਿਟੀ, ਯੂ ਐਸ ਏ

''ਮਸੀਹੀ ਸੰਸਾਰ ਜਦਕਿ ਸਮਾਜਿਕ ਨਿਆਂ ਮੌਕਿਆਂ ਵੱਲ ਦੌੜ ਰਿਹਾ ਹੈ, ਸੰਸਾਰ ਫਿਰ ਵੀ ਧਾਰਮਿਕਤਾ ਦਾ ਭੁੱਖਾ ਅਤੇ ਪਿਆਸਾ ਹੈ| ਇਹ ਭੁੱਖ ਅਤੇ ਪਿਆਸ ਸਿਰਫ ਪਰਮੇਸ਼ਰ ਦੇ ਵਚਨ ਨਾਲ ਹੀ ਮਿਟਾਈ ਜਾ ਸਕਦੀ ਹੈ|

''ਸਿਰਫ ਇਕ ਕਹਾਣੀ ਦੇ ਚੇਲੇਪੁਣੇ ਦਾ ਤਰੀਕਾ ਅਨੋਖਾ ਕੁਝ ਅਤੇ ਯਿਸੂ ਦੀ ਹੈਰਾਨੀ ਨੂੰ ਸਮਝਦਾਰੀ ਨਾਲ ਸਾਹਮਣੇ ਲਿਆਉਂਦਾ ਹੈ|

''ਅਸੀਂ ਸਾਡੇ ਲਈ ਭਗਤੀ ਦੇ ਮਾਰਗ ਦਰਸ਼ਨ ਲਈ STS ਦਾ ਇਸਤੇਮਾਲ ਕਰਦੇ ਹਾਂ| ਸਾਡੇ ਸਾਰੇ ਚਰਚ ਪਾਸਟਰਸ STS ਵਿਚ ਸਿੱਖੇ ਹੋਏ ਹਨ ਅਤੇ ਹੁਣ ਉਹ ਛੋਟੇ ਛੋਟੇ ਗਰੁੱਪਾਂ ਵਿਚ ਜਵਾਨਾਂ ਨੂੰ ਸਿਖਾਉਣ ਲਹੀ STS ਦਾ ਇਸਤੇਮਾਲ ਕਰਦੇ ਹਨ| ਸਾਡੇ ਮਿਸ਼ਨ ਪਾਸਟਰਸ ਅਤੇ ਕਮੇਟੀ ਹੁਣ ਸਮਰਪਿਤ ਹੈ ਅਤੇ STS ਦੇ ਅਤੇ ਅਫਰੀਕਾ ਵਿਚ ਮੌਖਕ ਬਾਈਬਲ ਸਕੂਲ ਦੇ ਵਿਕਾਸ ਲਈ ਅਸੀਂ ਪੈਸਾ ਭੇਜ ਰਹੇ ਹਾਂ|

''ਪਰੇਰਨਾਤਮਕ ਬਾਈਬਲ ਅਧਿਐਨ, ਪ੍ਰਚਾਰ ਅਤੇ ਚੇਲੇ ਬਣਾਉਣ ਲਈ ਮੌਕੇ ਲਗਾਤਾਰ ਚੱਲ ਰਹੇ ਹਨ| ਅਸੀਂ ਥੋੜੇ ਹੀ ਸਮੇ ਪਹਿਲਾਂ ਅਮਰੀਕਾ ਦੇ ਅੰਦਰੂਨੀ ਸ਼ਹਿਰਾਂ ਵਿਚ ਬੁਲਾਇਆ ਗਿਆ ਜਿਥੇ ਨਿਰਾਸਾ ਵਿਆਪਤ ਹੈ ਕਿਉਂਕਿ ਇਸਦਾ ਕਾਰਨ ਝੂਠੇ ਮੁਕਤੀਦਾਤਾ ਅਤੇ ਸੁਸਮਾਚਾਰ ਹਨ ਜਿਸ ਨੂੰ ਭਲਿਆਈ ਰਾਜ ਅਤੇ ਹੋਰ ਮਨੁੱਖ ਗਲਤ ਸਿੱਖਿਆਵਾਂ ਨੂੰ ਸਿਥਰ ਰੱਖਦੇ ਹਨ| ਸਿਰਫ ਸੱਚਾ ਸੁਸਮਾਚਾਰ ਹੀ ਇਸ ਦੀ ਆਸ ਹੈ| ਕਿਉਂਕਿ ਅਸੀਂ ਸਾਡੇ ਪ੍ਰਭੂ ਦੇ ਤਰੀਕੇ ਨੂੰ ਸਮਝਦਾਰੀ ਨਾਲ ਇਸਤੇਮਾਲ ਕਰ ਸਕਦੇ ਹਾਂ, STS ਦੇ ਨਾਲ ਹੁਣ ਸਾਨੂੰ ਸੰਪੁਸ਼ਟੀ ਹੈ, ਸਾਡਾ ਵਿਸ਼ਵਾਸ ਹੈ ਕਿ ਪ੍ਰਭੂ ਇਸ ਨੂੰ ਇਸ ਟੁੱਟੀ ਹੋਏ ਸਮਾਜ ਵਿਚ ਇਸਤੇਮਾਲ ਕਰੇਗਾ|"

ਮਾਰਕ ਸੈਂਡਸ - ਪ੍ਰੈਸੀਡੈਂਟ ਚਰਚ ਬਿਲਡਰ ਫਾਉਂਡੇਸ਼ਨ, ਗਲੋਬਲ

ਇਹ ਪਹਿਲੀਆਂ ਤਿੰਨ ਗਵਾਹੀਆਂ TGSP ਦੇ ਰਾਹੀਂ ਸਿਖਾਏ ਗਏ ਸਟਾਫ ਦੇ ਤੋਂ ਆਈਆਂ ਹਨ| ਜਿਨ੍ਹਾਂ ਨੂੰ ਉਨ੍ਹਾਂ ਨੇ ਸਿਖਾਇਆ ਹੈ ਉਨ੍ਹਾਂ ਨੇ ਹੋਰਾਂ ਨੂੰ ਅੱਗੇ ਸਿਖਾਇਆ - ਜੇ ਦੂਜੇ ਲੋਕਾਂ ਨੂੰ ਸਿਖਾਉਂਦੇ ਹਨ| ਕੀ ਇਹ ਪਰਮੇਸ਼ਰ ਦਾ ਤਰੀਕਾ ਨਹੀਂ ਹੈ?

ਇੰਬੂ ਵਿਚ ਇਕ ਬਿਸ਼ਪ ਖੜ੍ਹਾ ਹੋਇਆ ਅਤੇ ਉਸ ਨੇ ਮੈਨੂੰ ਕਿਹਾ, ''ਕਲੀਸੀਆ ਮੁਸ਼ਕਿਲ ਵਿਚ ਹੈ, ਕਿਉਂਕਿ ਸਾਨੂੰ ਅਜਿਹੇ ਫਾਦਰਾਂ ਦੀ ਘਾਟ ਹੈ ਜੋ ਬਾਈਬਲ ਅਧਾਰਿਤ ਹੋਣ...ਕਿਰਪਾ ਕਰਕੇ ਉਨ੍ਹਾਂ ਨੂੰ ਦੱਸੋ ਜਿਨ੍ਹਾਂ ਨੇ ਤੁਹਾਨੂੰ ਤਿਆਰ ਕੀਤਾ ਹੈ, 'ਬਿਸ਼ਪਾਂ ਲਈ ਫਾਦਰ ਹੋਣ ਲਈ ਬਰਾਮੁਏਲ ਨੂੰ ਸਮਰੱਥੀ ਕਰਨ ਲਈ ਧੰਨਵਾਦ| '"

ਬਰਾਮੁਏਲ ਮੁਸੀਆ - ਸੀ ਈ ਓ ਸਟ੍ਰੇਟ ਪਾਥ ਰਿਸੋਰਸਸ, ਕੀਨੀਆ

STS ਦੇ ਤਰੀਕੇ ਨੇ ਸਾਨੂੰ ਵੱਧੋ ਵੱਧ ਆਤਮਿਕ ਆਗੂ ਤਿਆਰ ਕਰਨ ਲਈ ਮਦਦ ਕੀਤੀ ਹੈ ਅਤੇ ਆਤਮਿਕ ਆਗੂਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਕਲੀਸੀਆ ਵਿਚ ਰੱਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਮਿਸ਼ਲ ਫੀਲਡ ਵਿਚ ਭੇਜਿਆ ਜਾ ਰਿਹਾ ਹੈ| ਪਰਮੇਸ਼ਰ ਦਾ ਵਚਨ ਪੜ੍ਹੇ ਲਿਖੇ ਅਤੇ ਅਨਪੜ੍ਹ, ਜਵਾਨਾਂ ਅਤੇ ਬੁਢਿਆਂ ਦੋਹਾਂ ਲਈ ਹੈ| ਸਾਡੇ ਤ੍ਰਿਏਕ ਪਰਮੇਸ਼ਰ ਦੀ ਸੰਗਤ ਲਈ ਇਹ ਸੰਪੂਰਨ ਆਤਮਿਕ ਭੋਜਨ ਹੈ|

ਡਾ. ਮਾਰਕ ਮੁਨਿਅੱਪਾ - ਆਲ ਇੰਡੀਆ ਕਾਉਂਸਲ/ *TGSP* –ਇੰਡੀਆ

ਮੈਂ ਤੁਹਾਡਾ ਸਭ ਦਾ ਧੰਨਵਾਦ ਪ੍ਰਗਟ ਕਰਨ ਲਈ ਕਿਹੜੇ ਸ਼ਬਦਾਂ ਦਾ ਇਸਤੇਮਾਲ ਕਰਾਂ? ਮੈਂ ਪਰਮੇਸ਼ਰ ਦਾ ਅਤੇ ਸਿਰਫ ਇਕ ਕਹਾਣੀ ਦੇ ਇਹ ਤਰੀਕੇ ਦਾ ਧੰਨਵਾਦੀ ਹਾਂ| ਮੇਰੇ 20 ਸਾਲ ਦੇ ਸੇਵਾ ਦੇ ਕੰਮ ਵਿਚ, ਉਨ੍ਹਾਂ ਸਭ ਤੋਂ ਇਹ ਬਹੁਤ ਹੀ ਉਪਯੋਗੀ ਹੈ ਜਿਹੜੇ ਤਰੀਕੇ ਮੈਂ ਅੱਜ ਤਕ ਕਰਦਾ ਆਇਆ ਹਾਂ| STS ਨੇ ਯਕੀਨੀ ਤੌਰ 'ਤੇ ਪਰਮੇਸ਼ਰ ਦੇ ਵਚਨ ਵਿਚ ਹੋਰ ਗਹਿਰਾਈ ਵਿਚ ਜਾਣ ਲਈ ਮਦਦ ਕੀਤੀ ਹੈ ਪਰ ਇਸ ਵਿਚ ਮੇਰੇ ਆਪਣੇ ਸੰਗਠਨਾਤਮਕ ਜੀਵਨ ਵਿਚ ਬਹੁਤ ਸਾਰੇ ਪ੍ਰਯੋਗ ਵੀ ਹਨ| ਇਸ ਵਿਚ ਸਿੱਖੇ ਗਏ ਪਾਠ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਧਿਆਨ ਕਰਦੇ ਹਨ ਅਤੇ ਇਸ ਨੇ ਮੇਰੀ ਟੀਮ ਵਿਚ ਸਾਡੇ ਕੰਮ ਦੇ ਪ੍ਰਭਾਵ ਨੂੰ ਵੇਖਣ ਲਈ ਦੂਰ ਪਾਰਦਰਸ਼ਕਤਾ ਬਣਾਈ ਹੈ|

ਰਮੇਸ਼ ਸਪਕੋਟਾ-ਸੀ ਈ ਓ ਕਿੰਗਡਮ ਇਨਵੇਸਟਮੈਂਟਸ ਨੇਪਾਲ,
ਓਰਗੇਨਾਈਜੇਸ਼ਨ ਅਗੰਸਟ ਹਿਯੁਮਨ ਟ੍ਰੈਫਕਿੰਗ

ਸਭ ਤੋਂ ਪਹਿਲਾਂ ਮੈਂ ਸਾਰੀ ਮਹਿਮਾ ਅਤੇ ਦਿਲੋਂ ਧੰਨਵਾਦ ਸਾਡੇ ਮੁਕਤੀ ਦਾਤਾ ਪ੍ਰਭੂ ਯਿਸੂ ਮਸੀਹ ਦਾ ਅਤੇ ਮੇਰੇ ਪ੍ਰਾਰਥਨਾ ਸਾਥੀ ਮੇਰੇ ਵੱਡੇ ਭਰਾ ਰਮੇਸ਼ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ|

ਜਦ ਮੈਂ ਉਸ ਨੂੰ ਮਿਲਿਆਂ ਤਦ ਮੈਂ ਮਸੀਹ ਵਿਚ ਨਵਾਂ ਹੀ ਸੀ ਅਤੇ ਮੈਂ ਸੇਵਾ ਵਿਚ ਅਜੇ ਛੋਟੇ ਬੱਚੇ ਵਾਂਗ ਹੀ ਸੀ| ਮੈਂ ਇਕ ਆਤਮਿਕ ਮਾਂ ਦੀ ਲੋੜ ਦੀ ਜੋ ਮੇਰੀ ਸੰਭਾਲ ਕਰਦੀ| ਰਮੇਸ਼ ਨੇ ਮੈਨੂੰ **STS** ਦੀ ਸਿਖਲਾਈ ਦਿੱਤੀ| ਇਹ ਇਸ ਦਾ ਅਰੰਭ ਸੀ| ਉਸ ਸਮੇ ਮਸੀਹ ਵਿਚ ਅਸੀਂ ਥੋੜੇ ਹੀ ਲੋਕ ਸੀ ਅਤੇ ਸਾਡੀ ਇਕ ਸੰਗਤੀ ਸੀ ਜੋ ਕਿ ਕਮਜੋਰ ਹੀ ਸੀ| ਉਸ ਨੇ ਮੇਰੀ ਕਲੀਸੀਆ ਵਿਚ **STS** ਨੂੰ ਜਾਰੀ ਰੱਖਿਆ|

ਹੁਣ ਥੋੜੇ ਹੀ ਸਮੇ ਵਿਚ ਦੀ ਸਿਖਲਾਈ ਦੇ ਰਾਹੀਂ ਪਰਮੇਸ਼ਰ ਨੇ 8 ਕਲੀਸੀਆਂ ਨੂੰ ਸਥਾਪਿਤ ਕਰਨ ਲਈ ਇਸਤੇਮਾਲ ਕੀਤਾ ਅਤੇ ਇਸ ਸਾਲ ਅਸੀਂ ਦੋ ਨਵੀਂ ਕਲੀਸੀਆਂ ਨੂੰ ਸਥਾਪਿਤ ਕਰਨਾ ਦੀ ਯੋਜਨਾ ਬਣਾਈ ਹੈ|

ਮੈਂ ਕਲੀਸੀਆ ਨੂੰ ਵਧਾਉਣ ਵਿਚ **STS** ਦਾ ਇਸਤੇਮਾਲ ਕੀਤਾ ਕਿਉਂਕਿ ਇਸ ਦੇ ਕਾਰਨੇਂ ਮੈਨੂੰ ਦੀ ਸਿਖਲਾਈ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ ਨਾ ਸਿਰਫ ਮੈਨੂੰ ਪੀ ਬਲਕਿ ਮੇਰੀ ਧੀ ਨੂੰ ਵੀ ਜਿਹੜੀ ਕਿ ਕਲੀਸੀਆ ਦੀ ਆਗੂ ਹੈ ਨੂੰ ਮੌਕਾ ਮਿਲਿਆ ਹੁਣ ਉਹ ਮੈਥੋਂ ਵੀ ਵਧਕੇ **STS** ਦੇ ਤਰੀਕੇ ਦਾ ਇਸਤੇਮਾਲ ਕਰਦੀ ਹੈ|

ਭਾਈ ਰਮੇਸ਼ ਤੁਹਾਡਾ ਧੰਨਵਾਦ, ਮੈਂ ਤਾਂ ਤਿਤਲੀ ਦਾ ਹਿੱਸਾ ਹੀ ਸੀ ਅਤੇ ਹੁਣ ਤੁਸੀਂ ਮੈਨੂੰ ਪੂਰੀ ਤਿਤਲੀ ਬਣਨ ਲਈ ਤਿਆਰ ਕਰ ਰਹੇ ਹੋ!

ਮੈਂ ਪ੍ਰਭੂ ਦੇ ਸੇਵਕਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪ੍ਰਭੂ ਦੀ ਮਹਿਮਾ ਲਈ ਵਿਚ ਮਿਹਨਤ ਕੀਤੀ ਅਤੇ ਮੈਨੂੰ ਅਤੇ ਮੇਰੀ ਸੇਵਾ ਵਿਚ ਬਰਕਤ ਦਿੱਤੀ|

ਪਾਸਟਰ ਕਰੀਸ਼ਨਾ ਪੀ. ਘਿਮਿਰੇ - ਸਹਾਇਕ ਜਨਰਲ ਸੈਕਟਰੀ,
ਨੇਸ਼ਨਲ ਚਰਚਜ ਫੈਲੋਸ਼ਿਪ ਆਫ ਨੇਪਾਲ

ਪੂਰਕ ਭਾਗ ਸ: ਇਕ ਆਗੂ ਦੀ ਖੋਜ

ਬੰਦ ਦੇਸ਼ ਵਿਚ ਅਣਪਹੁੰਚੇ ਲੋਕਾਂ ਵਿਚਕਾਰ ਮਿਸ਼ਨਰੀ

ਜਦ ਮੈਂ ਪਹਿਲੀ ਵਾਰ ਮੌਖਕ ਸਿੱਖਿਆ ਦੇ ਬਾਰੇ ਸੁਣਿਆ, ਮੈਨੂੰ ਇਸ ਵਿਚ ਕੋਈ ਵੀ ਦਿਲਚਸਪੀ ਨਹੀਂ ਸੀ| ਮੇਰਾ ਇਹ ਤਰਕ ਸੀ ਕਿ ਬੱਚਿਆਂ ਦੀਆਂ ਕਹਾਣੀ ਸੁਣਾਉਣ ਦੇ ਨਾਲ ਅਸੀਂ ਪਵਿੱਤਰ ਸ਼ਾਸਤਰ ਵਿਚ ਮਜਬੂਤ ਕਲੀਸੀਆ ਨਹੀਂ ਬਣਾ ਸਕਦੇ| ਪਰ ਜਦ ਮੈਂ ਅਮਰੀਕਾ ਵਿਚ ਇਕ ਮਿਸ਼ਨਰੀ ਕਾਨਫ੍ਰੈਂਸ ਵਿਚ ਸੀ, ਮੈਂ ਉਸ ਦੰਪੱਤੀ ਨੂੰ ਮਿਲਿਆ ਜੋ ਦੁਨੀਆਂ ਭਰ ਵਿਚ ਮੌਖਕ ਬਾਈਬਲ ਹੁੱਨਰ ਨੂੰ ਸਿਖਾਉਂਦੇ ਹਨ| ਮੈਂ ਉਨ੍ਹਾਂ ਉੱਤੇ ਕੁਝ ਸਵਾਲਾਂ ਨਾਲ ਤਿੱਖੀ ਗੱਲ ਬਾਤ ਕੀਤੀ, ਅਤੇ ਉਨ੍ਹਾਂ ਨਾਲ ਯਾਤਰਾ ਕੀਤੀ ਤਾਂ ਕਿ ਮੈਂ ਉਨ੍ਹਾਂ ਨਾਲ ਵੀਡੀਓ ਸਿਖਲਾਈ ਸੈਸ਼ਨ ਵਿਚ ਹਿੱਸਾ ਲਵਾਂ ਜੋ ਉਹ ਹਫਤੇ ਦੇ ਅੰਤ ਵਿਚ ਕਰ ਰਹੇ ਸੀ|

ਮੇਰਾ ਇਹ ਪੱਕਾ ਸਮਰਪਨ ਹੈ ਕਿ ਕਲੀਸੀਆ ਇਸ ਦੇ ਨਾਲ ਹੀ ਨਾਲ ਵਿਅਕਤੀਗਤ ਵਿਸ਼ਵਾਸੀ, ਪਰਮੇਸ਼ਰ ਦੇ ਵਚਨ ਵਿਚ ਦ੍ਰਿੜ ਹੋਣ| ਕੋਈ ਐਵੇਂ ਹੀ ਪਵਿੱਤਰ ਸ਼ਾਸਤਰ ਦੀ ਸਚਿਆਈਆਂ ਤੋਂ ਜਾਣੂੰ ਨਹੀਂ ਹੋ ਸਕਦਾ ਹੈ; ਉਸ ਨੂੰ ਵਿਵੇਚਨਾਤਮਕ ਤੌਰ 'ਤੇ ਪਰਮੇਸ਼ਰ ਦੇ ਵਚਨ ਵਿਆਖਿਆ ਕਰਨੀ ਹੈ ਅਤੇ ਸਚਿਆਈ ਦੇ ਵਚਨ ਦਾ ਸਹੀ ਸਹੀ ਵਖਿਆਣ ਕਰਨ ਵਾਲਾ ਹੋਵੇ| ਇਸ ਤੋਂ ਜੋ ਵੀ ਘੱਟ ਹੈ ਉਹ ਵਿਸ਼ਵਾਸੀਆਂ ਲਈ ਮਤਭੇਦ ਅਤੇ ਸਮੱਸਿਆਵਾਂ ਖੜ੍ਹੀ ਕਰੇਗਾ|

ਮੇਰਾ ਵਿਵੇਚਨਾਤਮਕ ਅਧਿਐਨ ਲਈ ਸਮਰਪਨ ਅਤੇ ਵਿਆਖਿਆ ਕਰਨ ਦੀ ਜਿੰਮੇਦਾਰੀ ਨੇ ਕਈ ਸਾਲਾਂ ਵਿਚ ਤਰੱਕੀ ਕੀਤੀ ਹੈ| ਮੌਖਕ ਬਾਈਬਲ ਦੀ ਸਿੱਖਿਆ ਦਾ ਵਿਚਾਰ ਘੱਟ ਨਹੀਂ ਹੋਇਆ ਸੀ, ਇਹ ਵਧਿਆ ਹੀ ਸੀ|

ਮੈਂ ਮੌਖਕ ਤੌਰ 'ਤੇ ਵਿਆਖਿਆਤਮਕ ਬਾਈਬਲ ਅਧਿਐਨ ਕਰਨ ਦੀ ਸੰਭਾਵਨਾ ਉੱਤੇ ਅਟਕ ਗਿਆ ਸੀ| ਕੀ ਇਹ ਹੋਣਾ ਸੰਭਵ ਹੈ? ਅਤੇ ਇਹ ਕਿਉਂ ਜ਼ਰੂਰੀ ਹੋਵੇਗਾ?

ਪਹਿਲੀ ਗੱਲ ਇਹ ਜ਼ਰੂਰੀ ਕਿਉਂ ਹੈ? ਉਹ ਸਭ ਜੋ ਮੌਖਕ ਹੁੱਨਰ ਨੂੰ ਸਿਖਾਉਂਦੇ ਹਨ ਉਹ ਆਪਣੀ ਸੀ ਡੀ ਅਤੇ ਗਵਾਹੀਆਂ ਦੇ ਵੀਡੀਓ ਵੀ ਵਿਖਾਉਂਦੇ ਹਨ ਕਿ ਉਨ੍ਹਾਂ ਨੇ ਮੈਥੋਂ ਵਧ ਕੇ ਚੰਗਾ ਕੰਮ ਕੀਤਾ ਹੈ ਜੋ ਮੈਂ ਮੌਖਕ ਬਾਈਬਲ ਸਿਖਾਉਣ ਦੇ ਲੋੜ ਉੱਤੇ ਵਿਆਖਿਆ ਸਕਦਾ ਸੀ|

ਇਕ ਖਾਸ ਮੋੜ ਮੇਰੀ ਜਿੰਦਗੀ ਵਿਚ ਆਇਆ, ਮੈ ਸੋਚਿਆ, 2004 ਦੇ ਲਾਉਸੇਨ ਕਮੇਟੀ ਵਰਲਡ ਇਵੇਂਜਲੀਜ਼ਮ ਸਭਾ ਦੀ ਰਿਪੋਰਟ, ਜਿਨ੍ਹਾਂ ਨੇ ਦੱਸਿਆ ਕਿ ਦੁਨੀਆਂ ਭਰ ਦੇ ਜ਼ਿਆਦਤਰ ਲੋਕ ਮੌਖਕ ਤਰੀਕੇ ਨਾਲ ਸਿੱਖਣ ਵਾਲੇ ਹਨ ਐਥੋਂ ਤਕ ਕਿ ਉੱਚੇ ''ਪੜ੍ਹੇ ਲਿਖੇ" ਸਮਾਜ ਵਿਚ ਵੀ ਜਿਸ ਤਰ੍ਹਾਂ ਕਿ ਯੂ ਕੇ ਜਾਂ ਅਮਰੀਕਾ| ਇਨ੍ਹਾਂ ਥਾਵਾਂ ਵਿਚ ਹੋਰ ਵੀ ਜ਼ਰੂਰੀ ਲੱਗਿਆ ਜਿਥੇ ਲੋਕ ਜ਼ਿਆਦਾ ਪੜ੍ਹੇ ਲਿਖੇ ਨਹੀਂ ਹਨ|

ਪਿਛਲੇ 17 ਸਾਲਾਂ ਤੋਂ ਸਾਡੀ ਟੀਮ ਫੀਲਡ ਵਿਚ ਕੰਮ ਕਰਦੀ ਆ ਰਹੀ ਹੈ| ਅਸੀਂ ਪ੍ਰਚਾਰ ਲਈ ਮੌਖਕ ਤਰੀਕਾ ਅਪਣਾਇਆ ਹੋਇਆ ਹੈ - ਅਸੀਂ ਲਿਖਿਤ ਸਾਹਿਤ ਬਿਲਕੁਲ ਇਸਤੇਮਾਲ ਨਹੀਂ ਕਰਦੇ, ਸਾਡੇ ਟੀਮ ਮੈਂਬਰਾਂ ਨੇ ਸਿੱਖਿਆ, ਯਾਦ ਕੀਤਾ ਅਤੇ ਮੌਖਕ ਸੁਸਮਾਚਾਰ ਪੇਸ਼ ਕੀਤਾ|

ਇਸ ਦੇ ਨਤੀਜੇ ਵਜੋਂ, ਅਸੀਂ ਅਨੇਖੇ ਨਤੀਵੇ ਵੇਖੇ ਹਨ; ਬਹੁਤ ਸਾਰੇ ਲੋਕਾਂ ਨੇ ਮਸੀਹ ਵਿਚ ਵਿਸ਼ਵਾਸ ਕੀਤਾ ਹੈ|

ਅਸੀਂ ਜਦ ਇਸ ਤਾ ਪਿੱਛਾ (ਫੋਲੋ ਅਪ) ਕੀਤਾ, ਅਸੀਂ ਫਿਰ ਸਾਖਰ (ਪੜ੍ਹੇ ਲਿਖੇ) ਤਰੀਕੇ ਵੱਲ ਚੱਲੇ| ਅਸੀਂ ਵਿਸ਼ਵਾਸੀਆਂ ਨੂੰ ਬਾਈਬਲ ਦਿੱਤੀ ਅਤੇ ਉਨ੍ਹਾਂ ਨੂੰ ਪੜ੍ਹਾਉਣ ਲਈ, ਸਿਖਾਉਣ ਲਈ ਮਿਲਦੇ ਰਹੇ ਅਤੇ ਇਹ ਸਿੱਖਿਆ ਕਿ ਕਿਸ ਤਰ੍ਹਾਂ ਪਵਿੱਤਰ ਸ਼ਾਸਤਰ ਦਾ ਵਿਵੇਚਨਾਤਮਕ ਅਧਿਐਨ ਕਰਨਾ ਹੈ| ਫੋਲੇ ਅਪ ਤਰੀਕੇ ਨਾਲ, ਅਸੀਂ ਤਾਂ ਆਪਣਾ ਸਿਰ ਫੜ੍ਹ ਲਿਆ| ਨਵੇਂ ਵਿਸ਼ਵਾਸੀ ਨਿਰਬਲ ਹੋ ਗਏ| ਉਹ ਵਿਸ਼ਵਾਸ ਵਿਚ ਨਹੀਂ ਵਧ ਰਹੇ ਸਨ, ਠੰਡੇ ਹੋ ਗਏ ਸਨ ਅਤੇ ਵਿਸ਼ਵਾਸ ਤੋਂ ਭਟਕ ਗਏ ਸਨ|

ਅਸੀਂ ਇਕ ਪਿੰਡ ਵਿਚ ਗਏ, ਲਗਭਗ 20 ਵਿਅਕਤੀਆਂ ਨੇ ਮਸੀਹ ਲਈ ਸੱਚਾ ਸਮਰਪਨ ਕੀਤਾ| ਅਸੀਂ ਬਾਈਬਲ ਪੜ੍ਹਨ ਉੱਤੇ ਜ਼ੋਰ ਦਿੱਤਾ, ਅਤੇ ਉਨ੍ਹਾਂ ਨੂੰ ਵਿਖਾਆਇਆ ਕਿ ਆਪਣੇ ਆਪ ਕਿਸ ਤਰ੍ਹਾਂ ਵਿਵੇਚਨਾਤਮਕ ਤੌਰ 'ਤੇ ਪੜ੍ਹਨਾ ਹੈ, ਇਸ ਦੇ ਨਾਲ ਹੀ ਨਾਲ ਆਪਣਾ ਵਿਅਕਤੀਗਤ ਸਮਾਂ ਉਨ੍ਹਾਂ ਨਾਲ ਬਿਤਾਇਆ ਅਤੇ ਆਪਣੇ ਜੀਵਨ ਦੇ ਵਿਚਾਰ ਸਾਂਝੇ ਕੀਤੇ|

ਅੱਜ, ਉਨ੍ਹਾਂ ਵਿਚੋਂ ਕੋਈ ਵੀ ਮਸੀਹ ਲਈ ਕੋਈ ਵੀ ਮਿਹਨਤ ਨਹੀਂ ਕਰਦਾ ਹੈ| ਕਈ ਲੋਕ ਚਾਹੁੰਦੇ ਵੀ ਹਨ, ਪਰ ਉਹ ਹਕੀਕਤ ਵਿਚ ਪਰਮੇਸ਼ਰ ਦੇ ਵਚਨ ਵਿਚ ਨਹੀਂ ਗਏ| ਵਚਨ ਉਨ੍ਹਾਂ ਦੇ ਵਿਚ ਵੱਸਿਆ ਨਹੀਂ| ਮੈਂ ਨਹੀਂ ਸੋਚਦਾ ਕਿ ਪੜ੍ਹਨਾ ਅਤੇ ਅਧਿਐਨ ਕਰਨਾ ਉਨ੍ਹਾਂ ਵਚਨ ਵਿਚ ਲੈ ਜਾਂਦਾ ਹੈ|

ਇਕ ਗੱਲ ਹੋਰ - ਉਨ੍ਹਾਂ ਨੇ **ਕਦੀ ਵਚਨ ਨਹੀਂ ਲਿਆ ਅਤੇ ਦੂਜਿਆਂ ਨੂੰ ਦੱਸਿਆ|** ਅਸੀਂ ਇਸ ਸੰਸਾਰ ਦੇ ਅਣਪਹੁੰਚੇ ਲੋਕਾਂ ਤਕ ਕਿਸ ਤਰ੍ਹਾਂ ਪਹੁੰਚ ਸਕਦੇ ਹਾਂ ਜੇਕਰ ਅਸੀਂ ਸੇਵਕ ਦੂਜਿਆਂ ਦੀ ਸੇਵਾ ਨਹੀਂ ਕਰਦੇ ਹਾਂ?

ਮੈਖਕ ਤੌਰ 'ਤੇ ਸਿਖਾਉਣਾ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਸ ਦੇ ਪਰਮੁੱਖ ਫਾਇਦੇ ਹਨ| ਪਹਿਲਾ, ਬਹੁਤ ਸਾਰੇ ਲੋਕ ਇਸ ਤਰੀਕੇ ਨਾਲ ਬਾਈਬਲ ਦੀਆਂ ਸਚਿਆਈਆਂ ਨੂੰ ਆਪਣੇ ਅੰਦਰ ਲੈਂਦੇ ਹਨ ਇਸ ਦੇ ਬਜਾਏ ਕਿ ਉਹ ਇਸ ਨੂੰ ਪੜ੍ਹਨ ਦਾ ਜਤਨ ਕਰਨ| ਦੂਜਾ, ਲੋਕ ਦੂਜਿਆਂ ਨਾਲ ਉਹ ਸਿੱਖੀਆਂ ਹੋਈਆਂ ਸਚਿਆਈਆਂ ਨੂੰ ਸਾਂਝਾ ਕਰਦੇ ਹਨ ਇਹ ''ਫਲਦਾਈ ਸੇਵਾ" ਨੂੰ ਵਧਾਉਣ ਦਾ ਵਧੀਆ ਤਰੀਕਾ ਹੈ|

ਸੰਸਾਰ ਦੇ ਬੰਦ ਇਲਾਕਿਆਂ ਲਈ ਇਕ ਹੋਰ ਫਾਇਦਾ ਹੈ ਲੋਕ ਜਿਹੜੇ ਅਧਿਕਾਰੀਆਂ ਨਾਲ ਖਤਰਾ ਮੁੱਲ ਲੈਣਾ ਨਹੀਂ ਚਾਹੁੰਦੇ| ਉਹ ਅੱਗੇ ਜਾ ਸਕਦੇ ਹਨ, ਪਰ ਫਿਰ ਵੀ, ਸਾਰੀ ਸੀ ਡੀ ਅਤੇ ਵੀਡਿਓ ਇਸ ਤਰੀਕੇ ਦੀ ਸੁਭਾਵਿਕ ਰਣਨੀਤੀ ਨੂੰ ਮਿਲਕੇ ਦਰਸ਼ਾਉਂਦੇ ਹਨ|

ਦੂਜਾ ਸਵਾਲ ਮੇਰੇ ਲਈ ਬਹੁਤ ਮਹੱਤਵਪੂਰਨ ਹੈ, ''ਕੀ ਮੈਖਕ ਤੌਰ ਦੇ ਤਰੀਕੇ ਨਾਲ ਵਿਵੇਚਨਾਤਮਕ ਅਤੇ ਵਿਆਖਿਆਤਮਕ ਤੌਰ 'ਤੇ ਵਚਨ ਸਿਖਾਉਣਾ ਸੰਭਵ ਹੈ?"

ਬਹੁਤ ਸਾਰੀਆਂ ਸੰਸਥਾਂ ਵਿਚ ਕਈ ਤਰ੍ਹਾਂ ਦੇ ਭਾਗ ਹਨ ਜਿਹੜੇ ਮੈਖਕ ਬਾਈਬਲ ਸਿਖਾਉਂਦੇ ਅਤੇ ਉਸ ਦਾ ਸਮਰਥਨ ਕਰਦੇ ਹਨ| ਇਨ੍ਹਾਂ ਵਿਚੋਂ ਜ਼ਿਆਦਾਤਰ ਇੰਟਰਨੇਸ਼ਨਲ ਓਰਲਟੀ ਨੇਟਵਰਕ (ਆਈ ਓ ਐਨ) ਦੇ ਮੈਂਬਰ ਹਨ| ਅਤੇ ਕੁਝ ਹੀ ਸੰਸਥਾ ਵਾ ਹਨ ਜੋ ਕਿ ਮੈਖਕ

ਬਾਈਬਲ ਸਿੱਖਿਆ ਦੇਣ ਵਿਚ ਖਾਸਤੌਰ 'ਤੇ ਤਿਆਰ ਕੀਤੇ ਗਏ ਹਨ| ਮੈਂ ਉਨ੍ਹਾਂ ਕਈਆਂ ਨੂੰ ਵੇਖਦਾ ਹਾਂ, ਉਨ੍ਹਾਂ ਦੀ ਲਿਖਿਤ ਸਮਗਰੀ ਵੇਖੀ ਹੈ, ਉਨ੍ਹਾਂ ਦੇ ਵੀਡਿਓ ਵੇਖੇ ਹਨ|

ਮੈਂ ਉਨ੍ਹਾਂ ਵਿਚੋ ਇਕ ਦੇ ਦਫਤਰ ਵਿਚ ਗਿਆ ਅਤੇ ਉਨ੍ਹਾਂ ਤੋਂ ਪੁੱਛਿਆ, ''ਮੈਂਖਕ ਤੌਰ 'ਤੇ ਬਾਈਬਲ ਸਿਖਾਉਣ ਵਿਚ ਕਿਹੜੀ ਸੰਸਥਾ ਠੀਕ ਹੈ? ਅਤੇ ਉਨ੍ਹਾਂ ਨੇ ਇਕ ਸੰਸਥਾ ''STS" ਜਾਂ ਸਿਰਫ ਇਕ ਕਹਾਣੀ ਦਾ ਨਾਮ ਲਿਆ| ਮੈਂ ਉਨ੍ਹਾਂ ਦੀ ਸਾਈਟ ਉੱਤੇ ਗਿਆ, ਉਨ੍ਹਾਂ ਦੀ ਲਿਖਿਤ ਸਮਗਰੀ ਨੂੰ ਵੇਖਿਆ, ਅਤੇ ਮੈਂ ਵੇਖ ਸਕਿਆ ਕਿ ਹਕੀਕਤ ਵਿਚ ਕੀ ਫਰਕ ਹੈ|

ਉਨ੍ਹਾਂ ਦੇ ਬਾਰੇ ਜਿਹੜੀ ਗੱਲ ਮੈਨੂੰ ਜ਼ਿਆਦਾ ਚੰਗੀ ਲੱਗੀ ਕਿ ਉਹ ਹਕੀਕਤ ਵਿਚ ਮੈਂਖਕ ਤੌਰ 'ਤੇ ਵਿਵੇਚਨਾਤਮਕ ਢੰਗ ਨਾਲ ਸਿਖਾਉਂਦੇ ਹਨ| ਉਹ ਵਿਆਖਿਆਤਮਕ ਦੇ ਬਹੁਤ ਕਰੀਬ ਹੈ, ਮੈਂਖਕ, ਬਾਈਬਲ ਅਧਿਐਨ ਪ੍ਰਾਪਤ ਕਰ ਸਕਦੇ ਹੋ| ਮੈਂ ਜਾਣ ਗਿਆ ਕਿ ਜਿਸ ਦੀ ਮੈਨੂੰ ਤਲਾਸ਼ ਸੀ ਉਹ ਮੈਨੂੰ ਮਿਲ ਗਿਆ ਹੈ| ਸਕਾਈਪ ਦੇ ਰਾਹੀਂ ਮੈਂ ਉਨ੍ਹਾਂ ਨਾਲ ਵਾਰਤਾਲਾਪ ਕਰਨ ਲੱਗਾ|

ਨਵੰਬਰ ਮਹੀਨੇ ਦੇ ਅਰੰਭ ਵਿਚ ਸਾਡੇ ਕੋਲ ਸਿਰਫ ਇਕ ਕਹਾਣੀ ਵੱਲੋ ਦੋ ਸਿੱਖਿਅਕ ਆਏ, ਉਨ੍ਹਾਂ ਨੇ 5 ਦਿਨਾਂ ਦਾ ਇਕ ਸਿਖਲਾਈ ਸੈਸ਼ਨ ਚਲਾਇਆ| ਪਹਿਲੇ ਦੋ ਦਿਨ ਸਿੱਖਿਅਕਾਂ(ਉਹ ਵਿਅਕਤੀ ਜਿਹੜੇ ਅਸੀਂ ਸਾਡੀ ਟੀਮ ਵਿਚੋਂ ਚੁਣੇ ਸਨ) ਲਈ ਸਨ ਅਤੇ ਉਸ ਤੋਂ ਬਾਦ ਦੇ ਤਿੰਨ ਦਿਨ ਜਿਹੜੇ ਸਿੱਖੇ ਹੋਏ ਸਨ, ਸਾਡੇ ਬਾਕੀ ਦੇ ਮੈਂਬਰਾਂ ਨੂੰ ਛTਛ ਦੇ ਸਿੱਖਿਅਕਾਂ ਦੀ ਮਦਦ ਨਾਲ ਸਿਖਾਇਆ| ਇਸ ਨੇ ਸਾਡੇ ਮਿਸ਼ਨ ਵਿਚ ਇਕ ਅਨੋਖੀ ਰਫਤਾਰ ਪ੍ਰਦਾਨ ਕੀਤੀ ਅਤੇ ਹੁਣ ਅਸੀਂ ਇਸ ਤਰੀਕੇ ਨੂੰ ਸਾਡੇ ਮਿਸ਼ਨ ਵਿਚ ਅਰੰਭ ਕਰ ਦਿੱਤਾ ਹੈ|

ਇਸ ਨੂੰ ਅਸੀਂ ਉਸੇ ਹੀ ਘੜੀ ਇਸਤੇਮਾਲ ਕਰਨਾ ਅਰੰਭ ਕਰ ਦਿੱਤਾ, ਅਤੇ ਮੈਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਹ ਕਿਸ ਤਰ੍ਹਾਂ ਚੱਲ ਰਿਹਾ ਹੈ| ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਲਿਖਿਤ ਪਰਮੇਸ਼ਰ ਦੇ ਵਚਨ ਦਾ ਵਿਵੇਚਨਾਤਮਕ, ਵਿਆਖਿਆਤਮਕ ਅਧਿਐਨ ਕਰਨਾ ਬੰਦ ਕਰ ਦਿੱਤਾ ਹੈ| ਹਾਂ ਜੀ, ਇਹ ਅਜੇ ਵੀ ਮਹੱਤਵਪੂਰਨ ਹੈ|

ਪਰ ਅਸੀਂ ਮੈਂਖਕ ਤੌਰ 'ਤੇ ਇਹ ਕੁਝ ਕਰ ਰਹੇ ਹਾਂ 1) ਇਹ ਲਿਖਿਤ ਵਚਨ ਦੇ ਅਧਿਐਨ ਵਿਚ ਫਿੱਟ ਬੈਠਦਾ ਹੈ, ਇਹ ਉਸ ਦਾ ਸਥਾਨ ਨਹੀਂ ਲੈਂਦਾ ਹੈ, 2) ਬਹੁਤ ਸਾਰੇ ਲੋਕਾਂ ਤਕ ਪਹੁੰਚਦਾ ਹੈ ਜਿਹੜੇ ਪੜ੍ਹ ਲਿਖ ਨਹੀਂ ਸਕਦੇ ਹਨ, 3) ਇਹ ਅਜਿਹਾ ਹੈ ਆਮ ਤੋਂ ਆਮ ਵਿਅਕਤੀ ਵੀ ਕਰ ਸਕਦਾ ਹੈ (ਅਸੀਂ ਸਮਾਜ ਨੂੰ ਪਰੇਰਿਤ ਕਰ ਰਹੇ ਹਾਂ), 4) ਦੂਜਿਆਂ ਨਾਲ ਬੜੇ ਸੌਖੇ ਢੰਗ ਨਾਲ ਦੱਸ ਸਕਦੇ ਹਾਂ ਜਿਨ੍ਹਾਂ ਵਿਚ ਅਸੀਂ ਸਿੱਧੇ ਤੌਰ 'ਤੇ ਸੇਵਾ ਕਰਦੇ ਹਾਂ ਯਾਨਿ ਇਸ ਨੂੰ ਫੈਲਾਉਂਦੇ ਹਾਂ, 5) ਇਹ ਮਨਾਹੀ ਵਾਲੇ ਦੇਸ਼ਾਂ ਵਿਚ ਬਹੁਤ ਸੁਰੱਖਿਅਤ ਤਰੀਕਾ ਹੈ, 6) **ਇਹ ਕਿਸੇ ਵੀ ਤਰ੍ਹਾਂ ਕਿਸੇ ਪੈਸੇ ਜਾਂ ਸਾਧਨ ਉੱਤੇ ਨਿਰਭਰ ਨਹੀਂ ਹੈ!** ਇਹ ਸਭ ਥਾਂ ਉੱਤੇ ਸੇਵਾ ਕਰਨ ਲਈ ਮਿਸ਼ਨ ਦੀ ਸਭ ਤੋਂ ਵਧੀਆ ਰਣਨੀਤੀ ਹੈ|

ਮੈਂ ਫਿਰ ਆਖਦਾ ਹਾਂ, ਮੈਂ ਕਈ ਵੱਖ ਵੱਖ ਸੰਸਥਾਵਾਂ ਨੂੰ ਇਸ ਵਿਸ਼ੇ ਉੱਤੇ ਵੇਖਦਾ ਹਾਂ, ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਸਹੀ ਤਰੀਕੇ ਨਾਲ ਮੈਂਖਕ ਤੌਰ 'ਤੇ ਬਾਈਬਲ ਨੂੰ ਨਹੀਂ ਦੱਸ ਰਹੇ ਹਨ| ਸਿਰਫ ਇਕ ਕਹਾਣੀ ਸਹੀ ਤਰੀਕੇ ਨਾਲ ਬਾਈਬਲ ਨੂੰ ਸਹੀ ਸਹੀ ਦੱਸਣ ਉੱਤੇ ਜੋਰ ਦਿੰਦੀ ਹੈ ਅਰਥਾਤ ਪਵਿੱਤਰ ਸ਼ਾਸਤਰ ਵਿਚੋਂ ਕੋਈ ਇਕ ਹਿੱਸਾ ਲੈਣਾ ਅਤੇ ਉਸ ਨੂੰ ਇਸ ਤਰ੍ਹਾਂ ਦੱਸਣਾ ਹੈ

ਕਿ ਤੁਸੀਂ ਸੱਚ ਵਿਚ ਹੀ ਵਚਨ ਦੱਸ ਰਹੇ ਹੋ, ਮੈਖਕ ਤੌਰ 'ਤੇ ਵਚਨ, ਉਸੇ ਤਰ੍ਹਾਂ ਜਿਸ ਤਰ੍ਹਾਂ ਅਸੀਂ ਲਿਖਿਆ ਹੋਇਆ ਵਚਨ ਪੜ੍ਹਦੇ ਹਾਂ|

ਲਿਖਿਆ ਹੋਇਆ ਪਰਮੇਸ਼ਰ ਦਾ ਵਚਨ ਇਕ ਨੇਮ ਹੈ, ਇਹ ਸਰੋਤ ਹੈ| ਅਸੀਂ ਇਸ ਨੂੰ ਸਿਖਾਈਏ ਅਤੇ ਇਸ ਦੀ ਕਿਸ ਤਰ੍ਹਾਂ ਸਹੀ ਵਿਆਖਿਆ ਕਰੀਏ| ਪਰ ਸਾਨੂੰ ਲਿਖੇ ਵਚਨ ਤੋਂ ਮੈਖਕ ਵਚਨ ਮਿਲਦਾ ਹੈ| ਜਦ ਅਸੀਂ ਮੈਖਕ ਰੂਪ ਵਿਚ ਬਾਈਬਲ ਸਿਖਾਉਂਦੇ ਹਾਂ, ਸਾਡੇ ਕੋਲ ਖੁਲ੍ਹੀ ਹੋਈ ਬਾਈਬਲ ਹੁੰਦੀ ਹੈ ਇਹ ਵਿਖਾਉਣ ਲਈ ਕਿ ਇਹ ਇਸੇ ਬਾਈਬਲ ਵਿਚੋਂ ਹੀ ਹੈ, ਲਿਖਿਆ ਹੋਇਆ ਵਚਨ, ਅਸੀਂ ਲੋਕਾਂ ਨੂੰ ਦੱਸਦੇ ਹਾਂ ਕਿ ਪਵਿੱਤਰ ਸ਼ਾਸਤਰ ਇਸ ਦਾ ਸਰੋਤ ਹੈ|

ਅਰੰਭਕ ਕਲੀਸੀਆ ਵਿਚ, ਮਨੁੱਖ ਪਵਿੱਤਰ ਸ਼ਾਸਤਰ ਵਿਚੋਂ ਪੜ੍ਹਦੇ ਸਨ ਅਤੇ ਲੋਕ ਸੁਣਦੇ ਸਨ| ਜਦ ਪੌਲੁਸ ਨੇ ਆਪਣੀ ਪਤ੍ਰੀ ਭੇਜੀ, ਉਸ ਨੇ ਕਿਹਾ ਕਿ ਇਸ ਨੂੰ ਉੱਚੀ ਆਵਾਜ ਵਿਚ ਬੋਲ ਕੇ ਪੜ੍ਹਨਾ ਹੈ| ਇਕ ਸੀ ਡੀ ਜੋ ਮੈਂ ਲਈ ਮੈਂ ਉਸ ਵਿਚੋਂ ਇਕ ਸਵਾਲ ਉੱਤੇ ਅਟਕ ਗਿਆ: ''ਪਹਿਲੀ ਸਦੀ ਦੇ ਲੋਕਾਂ ਵਿਚੋਂ ਕਿੰਨੇ ਪ੍ਰਤੀਸ਼ਤ ਲੋਕ ਪੜ੍ਹ ਲਿਖ ਸਕਦੇ ਸੀ; ਜਦ ਇਕੇ ਹੀ ਸਮੇ 3000 ਦੀ ਗਿਣਤੀ ਵਿਚ ਲੋਕ ਇਕੋ ਹੀ ਦਿਨ ਕਲੀਸੀਆ ਵਿਚ ਜੋੜੇ ਗਏ ਸਨ? ਉੱਤਰ ਜੋ ਮੈਨੂੰ ਦੱਸਿਆ ਗਿਆ ਉਸ ਸੀ 5 ਪ੍ਰਤੀਸ਼ਤ|

ਬਾਈਬਲ ਅਧਾਰਿਤ ਸਚਿਆਈ ਦੇ ਕਾਰਨ ਹੀ ਮੈਂ ਸਿਰਫ ਇਕ ਕਹਾਣੀ ਨੂੰ ਪਸੰਦ ਕਰਦਾ ਹਾਂ| ਪਰ ਦੂਜੇ ਵੀ ਹਨ ਜੋ ਲੋਕਾਂ ਨੂੰ ਸਿਖਾਉਂਦੇ ਹਨ ਕਿ ਕਿਸ ਤਰ੍ਹਾਂ ਪਰੇਰਨਾਦਾਯਕ ਸਿੱਖੀਏ| ਕੋਈ ਕਹਾਣੀ ਦੇਣ ਤੋਂ ਬਾਦ, ਉਨ੍ਹਾਂ ਨੂੰ ਲੋਕਾਂ ਨੂੰ ਕਿਹਾ ਕਿ ਪਰੇਰਨਾ ਵਾਲੇ ਸਵਾਲ ਪੁੱਛਣ ਉਸ ਵਿਚੋਂ ਜੋ ਉਨ੍ਹਾਂ ਨੇ ਹੁਣੇ ਹੁਣੇ ਹੀ ਸੁਣਿਆ ਹੈ| ਉਨ੍ਹਾਂ ਨੇ ਲੋਕਾਂ ਨੂੰ ਬੋਲ ਕੇ ਨਿਰੀਖਣ ਦੱਸੇ, ਉਨ੍ਹਾਂ ਨੇ ਆਪਣੀ ਸਹੀ ਵਿਆਖਿਆ ਦੀ ਮਦਦ ਲਈ ਸਵਾਲ ਪੁੱਛੇ, ਅਤੇ ਉਨ੍ਹਾਂ ਨੇ ਇਹ ਵੇਖਣਾ ਆਰੰਭ ਕੀਤਾ ਕਿ ਉਹ ਇਨ੍ਹਾਂ ਨੂੰ ਆਪਣੇ ਜੀਵਨਾਂ ਵਿਚ ਕਿਸ ਤਰ੍ਹਾਂ ਲਾਗੂ ਕਰ ਸਕਦੇ ਹਨ|

ਇਹ ਹਕੀਕਤ ਵਿਚ ਹੀ ਇਕ ਅਨੋਖਾ ਸਾਧਨ ਹੈ, ਚੰਗੀ ਤਰ੍ਹਾਂ ਵਿਕਸਿਤ ਕੀਤਾ ਹੋਇਆ ਅਤੇ ਚੰਗੀ ਤਰ੍ਹਾਂ ਸਿਖਾਇਆ ਹੋਇਆ|

ਗਾਡ'ਸ ਸਟੋਰੀ : ਸਰੀਸ਼ਟੀ ਤੋਂ ਅਨੰਤਕਾਲ ਤਕ

ਅਸੀਂ ਸਿਰਫ ਇਕ ਕਹਾਣੀ ਦਾ ਵਿਕਾਸ ਕੀਤਾ STS's ਗਾਡ'ਸ ਸਟੋਰੀ ਦੇ ਸੰਸਾਰ ਦੇ ਪੱਧਰ ਉੱਤੇ ਪ੍ਰਭਾਵਸ਼ਾਲੀ ਨਤੀਜੇ ਹੋਏ| ਬਾਈਲਬ ਦੀ ਇਸ 80 ਮਿਨਟ ਦੀ ਫਿਲਮ ਵਿਚ ਪੁਰਾਣੇ ਨੇਮ ਅਤੇ ਨਵੇਂ ਦੀ ਪਰਮੁੱਖ ਕਹਾਣੀਆਂ ਹਨ ਅਤੇ ਇਹ ਔਡੀਓ ਅਤੇ ਵੀਡੀਓ ਦੋਹਾਂ ਵਿਚ ਉਪਲਬਧ ਹੈ| 2011 ਤੋਂ ਗਾਡ'ਸ ਸਟੋਰੀ ਸੰਸਾਰ ਦੀਆਂ 300 ਭਾਸ਼ਾਵਾਂ ਤੋਂ ਵੀ ਵੱਧ ਭਾਸ਼ਾਵਾਂ ਵਿਚ ਨਿਰਮਾਣ ਕੀਤਾ ਗਿਆ ਹੈ|

ਸੋਲਰ ਪਾਵਰ ਔਡੀਓ ਪਲੇਅਰ ਦਾ ਗਾਡ'ਸ ਸਟੋਰੀ ਲਈ ਬਹੁਤ ਵਧੀਆ ਇਸਤੇਮਾਲ |

ਸੂਡਾਨ ਦਾ ਇਕ ਜਵਾਨ ਬੱਚਾ ਆਪਣੇ ਸਹਿਪਾਠੀ ਨਾਲ ਗੁੱਸੇ ਸੀ| ਉਹ ਸਕੂਲ ਵਿਚ ਇਕ ਚਾਕੂ ਇਸ ਇਰਾਦੇ ਨਾਲ ਲਿਆਇਆ ਕਿ ਆਪਣੇ ਸਹਿਪਾਠੀ ਦਾ ਕਤਲ ਕਰੇ| ਕਲਾਸ ਟੀਚਰ ਨੂੰ ਇਕ ਸੋਲਰ ਪਾਵਰ ਪਲੇਅਰ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਗਾਡ'ਸ ਸਟੋਰੀ ਦੇ ਨਾਲ ਮਿਲੀਆ| ਉਸ ਮੰਦਭਾਗੇ ਦਿਨ, ਟੀਚਰ ਨੇ ਕੈਨ ਅਤੇ ਹਾਬਿਲ ਦੀ ਕਹਾਣੀ ਕਲਾਸ ਵਿਚ ਸੁਣਾਈ|

ਜਦ ਇਹ ਕ੍ਰੋਧੀ ਲੜਕੇ ਨੇ ਬਾਈਬਲ ਦੀ ਉਹ ਕਹਾਣੀ ਸੁਣੀ, ਕੁਝ ਹੋਇਆ| ਉਸ ਨੇ ਉਹ ਚਾਕੂ ਬਾਹਰ ਕੱਢਿਆ ਅਤੇ ਆਪਣੀ ਟੀਚਰ ਨੂੰ ਦੇ ਦਿੱਤਾ, ਅਤੇ ਆਪਣੇ ਮਨਸੂਬੇ ਦਾ ਅੰਗੀਕਾਰ ਕੀਤਾ! ਪਰਮੇਸ਼ਰ ਨੇ ਉਸ ਦੇ ਹਿਰਦੇ ਨੂੰ ਛੂਹਿਆ| ਉਸ ਦਿਨ, ਉਸ ਲੜਕੇ ਨੇ ਆਪਣੇ ਸਾਰੇ ਪਾਪਾਂ ਦੀ ਪਰਮੇਸ਼ਰ ਤੋਂ ਮਾਫੀ ਮੰਗੀ ਅਤੇ ਯਿਸੂ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕੀਤਾ| ਪਰਮੇਸ਼ਰ ਦਾ ਵਚਨ ਗੱਲਬਾਤ ਕਰਦਾ ਹੈ| ਜਿਹੜੇ ਸਿਰਫ ਇਕ ਕਹਾਣੀ ਦਾ ਇਸਤੇਮਾਲ ਕਰਦੇ ਹਨ ਅਸੀਂ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਆਪਣੇ ਖੇਤਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਵਿਚ ਗਾਡ'ਸ ਸਟੋਰੀ ਦਾ ਇਸਤੇਮਾਲ ਕਰਨ|

ਲੋਕ ਗਾਡ'ਸ ਸਟੋਰੀ ਦਾ ਸੋਲਰ ਪਲੇਅਰ, ਸੀ ਡੀ ਅਤੇ ਐਮ ਪੀ3 ਉੱਤੇ ਇਸਤੇਮਾਲ ਕਰਦੇ ਹਨ| ਵੀਡੀਓ ਸੰਸਕਰਣ ਸੈਂਕੜੇ ਮੂਲ ਅਦਾਕਾਰੀ ਵਿਵਸਥਾ ਨਾਲ ਬਾਈਬਲ ਦੀਆਂ ਕਹਾਣੀਆ ਨੂੰ ਜੀਵੰਤ ਪੇਸ਼ ਕੀਤਾ ਹੈ| ਕਈ ਲੱਖਾਂ ਜਿਨ੍ਹਾਂ ਨੇ ਇਸ ਗਾਡ'ਸ ਸਟੋਰੀ ਨੂੰ ਆਪਣੇ ਘਰ ਵਿਚ ਅਤੇ ਟੀ ਵੀ ਉੱਤੇ ਵੇਖਿਆ ਹੈ, ਉਨ੍ਹਾਂ ਨੇ ਵਿਸ਼ਵਾਸ ਨਾਲ ਯਿਸੂ ਦੇ ਚੇਲੇ ਬਣਨ ਵਿਚ ਪ੍ਰਤੀਉੱਤਰ ਦਿੱਤਾ ਹੈ| ਹਜ਼ਾਰਾਂ ਦੀ ਗਿਣਤੀ ਵਿਚ ਸੇਵਾਵਾਂ ਅਤੇ ਫਿਰਕਿਆਂ ਨੇ ਗਾਡ'ਸ ਸਟੋਰੀ ਨੂੰ ਇਸਤੇਮਾਲ ਕਰਦੇ ਹਨ|

ਇਹ ਕਹਾਣੀ ਵਾਚਕ ਗਾਡ'ਸ ਸਟੋਰੀ ਨੂੰ ਇਸ ਤਰ੍ਹਾਂ ਤਿਆਰ ਕਰਦਾ ਹੈ ਕਿ ਸਰੋਤੇ ਉਸ ਬਾਈਬਲ ਕਹਾਣੀ ਨੂੰ ਦੂਜਿਆਂ ਨੂੰ ਵੀ ਦਸੱਦੇ ਹਨ| ਬਹੁਤ ਮਹੱਤਵਪੂਰਨ ਤੌਰ 'ਤੇ ਮੌਖਕ ਸੰਸਕਰੀਤੀਆਂ ਵਿਚ ਜਿਨ੍ਹਾਂ ਨੇ ਵਿਸ਼ਵਾਸ ਵਿਚ ਪ੍ਰਤੀਉੱਤਰ ਦਿੱਤਾ ਜਦ ਉਨ੍ਹਾਂ ਨੇ ''ਸਾਰੀ ਕਹਾਣੀ ਨੂੰ ਸੁਣਿਆਂ "| ਇਸ ਦਾ ਅਰੰਭ ਸਰਿਸ਼ਟੀ ਦੇ ਸਾਜਣ ਨਾਲ, ਮਨੁੱਖ ਦੇ ਪਾਪ ਵਿਚ ਡਿੱਗਣ ਨਾਲ ਅਤੇ ਪਰਮੇਸ਼ਰ ਵੱਲੇ ਇਕ ਮੁਕਤੀਦਾਤਾ ਦੀ ਪ੍ਰੱਤਿਗਿਆ ਦੇ ਨਾਲ ਹੋਇਆ, ਸੁਸਮਾਚਾਰ ਦੇ ਸਮਝਣ ਦੀ ਸਹੀ ਬੁਨਿਆਦ ਨੂੰ ਰੱਖਿਆ ਗਿਆ ਹੈ| ਅਸੀਂ ਗਾਡ'ਸ ਸਟੋਰੀ ਦੀ ਤਾਕਤ ਨੂੰ

ਪ੍ਰਚਾਰ ਅਤੇ ਸ਼ਿਸ਼ਤਾ ਦੋਹਾਂ ਵਿਚ ਵੇਖਦੇ ਹਾਂ|
ਗਾਡ'ਸ ਸਟੋਰੀ ਨੂੰ ਸੋਲਰ ਪਲੇਅਰ ਇਸਤੇਮਾਲ ਕਰਦੇ ਹੋਏ ਗਾਡ'ਸ ਸਟੋਰੀ ਦੇ ਫਿਲਿਪ ਚਾਰਟ ਅਰਥਾਤ ਜਿਨ੍ਹਾਂ ਵਿਚ ਵੀਡੀਓ ਤੋਂ 150 ਚਿੱਤਰਾਂ ਦੇ ਪੈਨਲ ਹੁੰਦੇ ਹਨ, ਪੇਂਡੂ ਪ੍ਰਚਾਰਕ ਚਲਦੇ ਫਿਰਦੇ ਸਿਨੇਮਾ ਹਾਲ ਬਣ ਗਏ ਹਨ| ਦਿੱਤੇ ਗਏ ਸਾਧਨ ਜਿਵੇਂ ਕਿ ਵਿਚਾਰ ਵਟਾਂਦਰੇ ਦਾ ਮਾਰਗ ਦਰਸ਼ਨ, ਪੁਸਤਕ ਦੇ ਰੂਪ ਵਿਚ ਲਿਖਿਤ ਸਮਗਰੀ ਅਤੇ ਰੇਡੀਓ ਲਿਖਿਤ ਸਮਗਰੀ ਗਾਡ'ਸ ਸਟੋਰੀ ਨੂੰ ਸਰਗਰਮੀ ਨਾਲ ਇਸਤੇਮਾਲ ਕਰਨ ਲਈ ਪ੍ਰਦਾਨ ਕੀਤੇ ਗਏ ਹਨ|

ਸੰਪਰਕ ਸੂਚੀ

Africa: EAfrica@Gods-Story.org

Ethiopia: Ethiopia@SimplyTheStory.org

West Africa “French & English”:
STSWestAfrica@SimplyTheStory.org

West Africa “French”:
GSWestAfrica@SimplyTheStory.org

Europe: BT@SimplyTheStory.org

India: IndiaDirector@Gods-Story.org

Nepal: Nepal@SimplyTheStory.org

South East Asia: Thailand@SimplyTheStory.org

“Spanish”: LatinAmerica@SimplyTheStory.org

Oceania: Oceania@SimplyTheStory.org

Philippines: eb@SimplyTheStory.org

USA: info@SimplyTheStory.org

ਸਿਰਫ ਇਕ ਕਹਾਣੀ ਲਈ ਸੰਸਾਰ ਤੋਂ ਵੱਖ ਵੱਖ ਆਗੂਆਂ ਦੇ ਪ੍ਰਤੀਉੱਤਰ

'' ਉੱਤਰ ਪੱਛਮ ਭਾਰਤ ਦੇ ਮੌਖਿਕ ਸਮਾਜ ਵਿਚ ਪਹੁੰਚਣ ਦੇ ਸਵਾਲ ਲਈ ਸਿਰਫ ਇਕ ਕਹਾਣੀ ਅੱਜ ਸਮੇਂ ਦੀ ਲੋੜ ਦਾ ਜਵਾਬ ਹੈ| ਬਾਈਬਲ ਦੀਆਂ ਕਹਾਣੀਆਂ ਸਿੱਖਣਾ, ਉਨ੍ਹਾਂ ਦੀ ਗਹਿਰਾਈ ਤਕ ਉੱਤਰਨਾ, ਅਤੇ ਉਨ੍ਹਾਂ ਨੂੰ ਫਿਰ ਆਪਣੇ ਦਿਲ ਦੀ ਜੇਬ ਵਿਚ ਰੱਖਣਾ ਬਹੁਤ ਹੀ ਅਨੋਖਾ ਤਰੀਕਾ ਹੈ|

ਡਾਕਟਰ. ਪਰਕਾਸ਼ ਪਥੀ - ਪਾਸਟਰ ਅਤੇ ਮਿਸ਼ਨ ਡਾਇਰੈਕਟਰ-ਉੱਤਰ ਭਾਰਤ

ਜਦ ਮੈਂ ਕਈ ਸਾਲ ਪਹਿਲਾਂ STS ਦੀ ਵਰਕਸ਼ਾਪ ਵਿਚ ਹਿੱਸਾ ਲਿਆ ਤਾਂ ਮੈਂ ਹੈਰਾਨ ਹੀ ਰਹਿ ਗਿਆ ਕਿ ਸਧਾਰਨ ਜਿਹੀ ਵਿਖਾਈ ਦੇਣ ਵਾਲੀ ਬਾਈਬਲ ਕਹਾਣੀ ਰਾਹੀਂ ਐਡੇ ਵੱਡੇ ਖਜਾਨੇ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ! ਇਸ ਹਸਤਪੁਸਤਕ ਦਾ ਅਨੁਵਾਦ ਕਰਨ ਦੇ ਰਾਹੀਂ ਹੋਰ ਵੀ ਸਚਿਆਈ ਮੇਰੇ ਸਾਹਮਣੇ ਆਈ| ਉੱਤਰ ਭਾਰਤ ਵਿਚ STS ਦਾ ਹੋਰ ਵੀ ਵਿਕਾਸ ਹੋਵੇ ਮੇਰੀ ਇਹੀ ਕਾਮਨਾ ਹੈ|

ਅਨਿਲ ਧਾਲੀਵਾਲ, ਅਨੁਵਾਦਕ - ਚੰਡੀਗੜ੍ਹ ਉੱਤਰ ਭਾਰਤ

'' ਦੂਜਿਆਂ ਨੂੰ ਤਿਆਰ ਕਰਨ ਦਾ ਕੀ ਅਰਥ ਅਤੇ ਵਿਅਕਤੀਗਤ ਤੌਰ 'ਤੇ ਸਮਰਥਨ ਦੇਣ ਲਈ ਫਿਰ ਤੋਂ ਭਾਲਣ ਵਿਚ ਉਹ ਜਿਹੜੇ ਪਰਮੇਸ਼ਰ ਦੇ ਵਚਨ ਨੂੰ ਸਿਖਾਉਣ ਵਿਚ ਲੱਗੇ ਹਨ STS 21ਵੀਂ ਸਦੀ ਵਿਚ ਇਕ ਮਾਰਗਦਰਸ਼ਕ ਹੈ| ਪ੍ਰਭਾਵਕਾਰੀ ਨਤੀਜਿਆਂ ਲਈ ਇਹ ਆਪਣੇ ਆਪ ਵਿਚ ਅਨੋਖੀ ਹੈ|"

ਸੈਮੂਏਲ ਚਿਆਗ - ਕਾਰਜਕਾਰੀ ਡਾਇਰੈਕਟਰ, ਇੰਟਰਨੈਸ਼ਨਲ ਓਰਲਟੀ ਨੈਟਵਰਕ

STS ਨੇ ਮੇਰੇ ਦ੍ਰਿਸ਼ਟੀਕੋਣ ਨੂੰ ਹੀ ਬਦਲ ਦਿੱਤਾ ਹੈ ਅਤੇ ਪਵਿੱਤਰ ਸ਼ਾਸਤਰ ਲਈ ਚੰਗੇ ਤਰੀਕੇ ਨਾਲ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ|

ਰੇਵ. ਡੈਨੀਅਲ ਚਗਾਈ ਗਾਕ - ਐਂਗਲੀਕਨ ਚਰਚ ਆਫ ਸੂਡਾਨ

''ਅਸੀਂ STS ਨੂੰ ਮਿਸ਼ਨ ਫੀਲਡ, ਬਾਈਬਲ ਅਧਿਐਨ ਅਤੇ ਸਾਡੇ ਬੱਚਿਆਂ ਦੀ ਅਤੇ ਜਵਾਨਾਂ ਦੀ ਸੇਵਾ ਵਿਚ ਲਾਗੂ ਕੀਤਾ ਹੈ| STS ਦੀ ਵਿਚਾਰਧਾਰਾ ਨੇ ਮੇਰੇ ਸੰਦੇਸ਼ਾਂ ਉੱਤੇ ਆਪਣਾ ਅਸਰ ਵਿਖਾਇਆ ਹੈ|"

ਪਾਸਟਰ ਕ੍ਰਿਸ ਜੋਹਨਸਨ - ਕਲਵਰੀ ਚੈਪਲ, ਯੂ ਏਸ ਏ

''ਵਿਸ਼ਵ ਪੱਧਰ ਉੱਤੇ, STS ਸਿਖਲਾਈ ਆਮ ਲੋਕਾਂ ਨੂੰ ਸਿਖਾ ਰਹੀ ਹੈ ਅਤੇ ਸੇਵਕਾਂ ਨੂੰ ਸਮਝਣ ਲਈ ਅਤੇ ਪਰਮੇਸ਼ਰ ਦਾ ਵਚਨ ਦੱਸਣ ਲਈ ਤਿਆਰ ਕਰ ਰਹੀ ਹੈ| ਇਸ ਦੇ ਮੌਖਕ ਅਧਾਰ ਵਿਚ ਅਤੇ ਪਵਿੱਤਰ ਸ਼ਾਸਤਰ ਵਿਚ ਇਸ ਦੀ ਬੁਨਿਆਦ, STS ਹਰੇਕ ਵਿਸ਼ਵਾਸ ਲਈ ਪ੍ਰਭਾਕਾਰੀ ਗਵਾਹੀ ਲਈ ਇਕ ਜ਼ਰਿਆ ਦਿੰਦੀ ਹੈ|"

ਜੈਫਰੇ ਨੈਲਸਨ - ਓ ਸੀ ਇੰਟਰਨੈਸ਼ਨਲ/SEPAL, ਗੁਆਟੇਮਾਲਾ- ਸੈਂਟਰਲ ਅਮਰੀਕਾ

''ਮੈਂ ਸਰਬਸਮਰੱਥੀ ਪਰਮੇਸ਼ਰ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਸਾਨੂੰ STS ਦਾ ਇਹ ਇਕ ਅਨੋਖਾ ਤਰੀਕਾ ਦਿੱਤਾ ਹੈ, ਅਣਪਹੁੰਚੇ ਲੋਕਾਂ ਤਕ ਪਹੁੰਚਣ ਲਈ ਇਕ ਬਹੁਤ ਹੀ ਪ੍ਰਭਾਵਕਾਰੀ ਤਰੀਕਾ ਹੈ|"

ਆਮੋਸ ਸ਼ਾਹ - ਸੀਨੀਅਰ ਪਾਸਟਰ ECC ਟੀਮ 5- ਸੈਂਟਰਲ ਇੰਡੀਆ

''ਇਹ ਹਸਤਪੁਸਕ ਬਹੁਤ ਹੀ ਅਨੋਖਾ ਸਾਧਨ ਹੈ! ਮੌਖਕ ਰਣਨੀਤੀ ਨੂੰ ਲਾਗੂ ਕਰਨ ਅਤੇ ਸਮਝਣ ਦੀ ਜ਼ਰੂਰਤ ਲਈ ਇਹ ਸਭ ਕੁਝ ਤੁਹਾਡੇ ਹੱਥ ਵਿਚ ਹੈ|"

ਟੈਡ ਓਲਸਨ - ਡਾਇਰੈਕਟਰ ਆਫ ਗਲੋਬਲ ਡਾਨ ਨੈਟਵਰਕ- ਏਸ਼ੀਆ

''ਮੇਰੇ ਦੇਸ਼ ਵਿਚ ਮੇਰੇ 24 ਸਾਲ ਦੀ ਚੇਲੇ ਬਣਾਉਣ ਦੀ ਸੇਵਾ ਵਿਚ, ਮੈਂ ਹੁਣੇ ਹੀ ਮਹਿਸੂਸ ਕੀਤਾ ਕਿ ਮੈਂ ਅੱਜ ਤਕ ਇਕ ਵੀ ਅਜਿਹਾ ਚੇਲਾ ਤਿਆਰ ਨਹੀਂ ਕੀਤਾ ਜੋ ਪੜ੍ਹਨਾ ਲਿਖਨਾ ਨਾ ਜਾਣਦਾ ਹੋਵੇ| STS ਦੀ ਇਸ ਪੁਸਤਕ ਨੇ ਮੇਰੀ ਮਦਦ ਕੀਤੀ ਇਸ ਨਾਲ ਇਕ ਮਹੱਤਵਪੂਰਨ ਕੰਮ ਦਾ ਅਰੰਭ ਕਰਾਂ| ਮੈਂ ਇਸ ਦੇ ਹਰੇਕ ਪੰਨੇ ਦਾ ਸਮਰਥਨ ਕਰਦਾ ਹਾਂ ਖਾਸਕਰ ਮੇਰੇ ਗਿਆਨੀ ਸਾਥੀਆਂ ਨੂੰ|"

ਰੇਵ. ਲੁਵਾਓ ਜੇਰੂਸਾਲੇਮ- ਨਿਉ ਲਾਈਫ ਪੈਂਟੀਕੋਸਟਲ ਚਰਚ ਇੰਟਰਨੈਸ਼ਨਲ, ਡੀ. ਆਰ. ਕੋਂਗੋ- ਅਫਰੀਕਾ

''ਸਭ ਤੋਂ ਖਾਸ ਗੱਲ ਇਹ ਹੈ ਕਿ STS ਇਕ ਬਾਈਬਲ ਅਧਾਰਿਤ ਤਰੀਕਾ ਹੈ ਅਤੇ ਇਹ ਯਿਸੂ ਮਸੀਹ ਅਤੇ ਸਾਰੀ ਬਾਈਬਲ ਰਾਹੀਂ ਇਸਤੇਮਾਲ ਕੀਤੇ ਜਾਣ ਵਾਲੇ ਤਰੀਕੇ ਦੀ ਪੈਰਵੀ ਕਰਦਾ ਹੈ|"

ਡਾਕਟਰ. ਬੇਰਿਨ ਗਿਲਫਿਲਾਨ- ਇੰਟਰਨੈਸ਼ਨਲ ਸਕੂਲ ਆਫ ਮਿਨੀਸਟਰੀ (ISOM)

''ਮੈਂ ਇਕ ਅਨਪੜ੍ਹ ਵਿਅਕਤੀ ਹਾਂ....ਪਰ ਸਿਖਿਅਕ ਬਾਈਬਲ ਕਾਲੇਜ ਨੇ ਮੈਨੂੰ ਬਾਈਬਲ ਟ੍ਰੇਨਿੰਗ ਕਰਨ ਲਈ ਸਵੀਕਾਰ ਨਾ ਕੀਤਾ ਕਿਉਂਕਿ ਮੈਂ ਪੜ੍ਹਿਆ ਲਿਖਿਆ ਨਹੀਂ ਸੀ ਅਤੇ ਮੈਂ ਪੁਲਪਿਟ ਤੋਂ ਦਿੱਤੇ ਜਾਣ ਵਾਲੇ ਪਰਮੇਸ਼ਰ ਦੇ ਸੰਦੇਸ਼ ਨੂੰ ਸਮਝ ਨਹੀਂ ਸਕਦਾ ਸੀ ਕਿਉਂਕਿ ਪੜ੍ਹਿਆਂ ਲਿਖਿਆਂ ਦੀ ਸ਼ੈਲੀ ਵਿਚ ਸੀ... STS ਦੇ ਤਰੀਕੇ ਨਾਲ ਮੈਂ 155 ਕਹਾਣੀਆਂ ਸਿੱਖੀਆਂ ਹਨ ਅਤੇ ਹੁਣ ਮੈਂ ਇਹ ਕਹਿੰਦੇ ਹੋਏ ਖੁਸ਼ ਹਾਂ ਕਿ ਮੈਂ ਪੜ੍ਹਿਆਂ ਅਤੇ ਅਨਪੜ੍ਹਾਂ ਦੋਹਾਂ ਨੂੰ ਸੁਸਮਾਚਾਰ ਸੁਣਾ ਸਕਦਾ ਹਾਂ|"

ਵਾਈ. ਬਾਬੂ - ਪ੍ਰਚਾਰਕ /ਪਾਸਟਰ MMBC - ਕਰਨਾਟਕ, ਇੰਡੀਆ “

ਗਾਡ'ਸ ਸਟੋਰੀ ਦੇ ਔਡੀਓ ਅਤੇ ਵੀਡੀਓ ਪ੍ਰਭਾਵ: ਸਰੀਸ਼ਟੀ ਤੋਂ ਅਨੰਤਕਾਲ ਤਕ ਨੇ ਸਾਨੂੰ *ਸਿਰਫ ਇੱਕ ਕਹਾਣੀ* ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕੀਤਾ| 300 ਤੋਂ ਵੀ ਵੱਧ ਭਾਸ਼ਾਵਾਂ ਵਿਚ ਗਾਡ'ਸ ਨੇ ਵਚਨ ਦਿੱਤਾ ਹੈ| ਇਸ ਦੀ ਸਫਲਤਾ ਪ੍ਰਚਾਰ ਅਤੇ ਚੇਲੇ ਬਣਾਉਣ ਵਿਚ ਬਾਈਬਲ ਕਹਾਣੀਆਂ ਦੇ ਇਸਤੇਮਾਲ ਦੀ ਮਹੱਤਵਪੂਰਨਤਾ ਵਿਚ ਦਰਸ਼ਾਈ ਗਈ ਹੈ|

ਵਿਸ਼ਵ ਪੱਧਰ ਉੱਤੇ ਜਾਈ ਜਾਣ ਵਾਲੀ '' STS " ਦੇ ਵਿਕਾਸ ਲਈ ਡੋਰਥੀ ਏ ਮਿੱਲਰ TGSP ਦੀ ਕਾਰਜਕਾਰੀ ਡਾਇਰੈਕਟਰ ਨੇ ਵਿਚਾਰ ਵਟਾਂਦਰੇ ਦੀ ਸ਼ੈਲੀ ਵਿਚ ਲੰਮੇ ਸਮੇ ਦੇ ਅਨੁਭਵ ਵਿਚ ਇਨ੍ਹਾਂ ਸਿੱਖਿਆਵਾਂ ਨੂੰ ਤਿਆਰ ਕੀਤਾ| STS ਉਦੇਸ਼ਪੂਰਨ ਆਤਮਾ ਰਾਹੀਂ ਚਲਾਏ ਜਾਣ ਵਾਲੇ ਵਿਚਾਰ ਵਟਾਂਦਰੇ ਨਾਲ ਬਾਈਬਲ ਦੀ ਸਚਿਆਈ ਨੂੰ ਜੋੜਦਾ ਹੈ| STS ਦੀ ਆਗੂਪੁਣੇ ਦੀ ਸਿਖਲਾਈ ਵਿਸ਼ਵਾਸੀਆਂ ਨੂੰ ਯੋਗ ਬਣਾਉਂਦੀ ਹੈ, ਚਾਹੇ ਉਨ੍ਹਾਂ ਦੀ ਸਿੱਖਿਆ ਦਾ ਪੱਧਰ ਕੋਈ ਵੀ ਹੋਵੇ, ਜਿਸ ਦਾ ਨਤੀਜਾ ਸਥਾਨਕ ਸੇਵਾ ਅਤੇ ਉਸ ਦਾ ਪ੍ਰਤੀਉੱਤਰ ਹੈ| ਲੋਕਲ ਆਗੂਆਂ ਦੀ ਅਤੇ STS ਦੀ ਵਰਕਸ਼ਾਪ ਅਤੇ ਮੌਖਕ ਬਾਈਬਲ ਦੀ ਵਿਵਸਥਾ ਕੀਤੀ ਜਾਂਦੀ ਹੈ|